ਗ਼ੈਰ-ਸਿੱਖਾਂ ਦੇ ਅਨੁਮਾਨ :

ਸਿੱਖੀ ਸਹਾਨ



ਡਾ. ਸਰੂਪ ਸਿੰਘ ਅਲੱਗ

ਨਵ ਵਰਸ਼ ਐਡੀਸ਼ਨ

14ਵਾਂ
ਵਿਕਸਤ
ਡੀਲਕਸ
ਐਡੀਸ਼ਨ
ਜਨਵਰੀ, 2002

SPONSORS

Sardarni Amarjit Kaur Toor
Sardar Jaswinder Singh Toor
Biba Gagandeep Kaur Toor
Kaka Amandeep Singh Toor
Hendon, London, U.K.

ਭੇਟਾ: ਮੁਫ਼ਤ, ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ ਜੀ

ੴ ਸਤਿਗੁਰ ਪ੍ਰਸਾਦਿ

ਸਰਬੱਤ ਦਾ ਭਲਾ

Welfare Unto All

ਪੁਸਤਕ ਦਾ ਨਾਂ	:	ਗ਼ੈਰ ਸਿੱਖਾਂ ਦੇ ਅਨੁਮਾਨ : **ਸਿੱਖੀ ਮਹਾਨ**
ਲੇਖਕ	:	ਡਾ. ਸਰੂਪ ਸਿੰਘ ਅਲੱਗ
©	:	ਲੇਖਕ, ਡਾ. ਸਰੂਪ ਸਿੰਘ ਅਲੱਗ
ਐਡੀਸ਼ਨ	:	14ਵਾਂ
ਵਰਸ਼	:	ਜਨਵਰੀ 2002
ਸੰਖਿਆ	:	1000 ਡੀਲਕਸ ਕਾਪੀ
ਸਪਾਂਸਰਜ਼	:	**ਸਰਦਾਰਨੀ ਅਤੇ ਸਰਦਾਰ ਜਸਵਿੰਦਰ ਸਿੰਘ ਜੀ ਤੂਰ ਸਹਿਤ ਪਰਿਵਾਰ** ਹੈਂਡਨ, ਲੰਡਨ ਯੂ.ਕੇ.
ਪ੍ਰਕਾਸ਼ਕ	:	ਡਾ. ਸਰੂਪ ਸਿੰਘ ਅਲੱਗ ਚੇਅਰਮੈਨ ਅਲੱਗ ਸ਼ਬਦ ਯੱਗ ਟਰੱਸਟ 593, ਅਰਬਨ ਐਸਟੇਟ-2 ਫੋਕਲ ਪੁਆਇੰਟ, ਲੁਧਿਆਣਾ-141010 (ਪੰਜਾਬ) ਭਾਰਤ ਫੋਨ: 0161-671947 ਫੋਨ/ਫੈਕਸ: 0161-673416 E-mail- **alag@glide.net.in**
ਵਿਤਰਣ ਵਿਧੀ	:	ਮੁਫ਼ਤ, ਸਪਾਂਸਰਾਂ ਦੇ ਧੰਨਵਾਦ ਸਹਿਤ
ਟਾਈਟਲ ਡੀਜ਼ਾਇਨ	:	ਸਵੀ ਆਰਟ ਕੇਵ, ਲੁਧਿਆਣਾ
ਕੰਪੋਜ਼ਿੰਗ	:	ਕੇ.ਕੇ. ਗ੍ਰਾਫਿਕਸ, ਫਿਲੌਰ
ਫੋਟੋਜ਼	:	ਸੰਧੂ ਸਟੂਡਿਓ, ਲੁਧਿਆਣਾ
ਪ੍ਰਿੰਟਰ	:	ਸਵਾਮੀ ਪ੍ਰਿੰਟਰਜ਼, ਲੁਧਿਆਣਾ
ਪਰੂਫ਼ ਰੀਡਿੰਗ	:	ਪ੍ਰੋ. ਰਮਿੰਦਰਦੀਪ ਸਿੰਘ ਅਲੱਗ
ਸਮੁੱਚੀ ਨਿਗਰਾਨੀ	:	ਸੁਖਿੰਦਰਪਾਲ ਸਿੰਘ ਅਲੱਗ
ਪੁਸਤਕ ਦੀ ਹੋਰ ਭਾਸ਼ਾਵਾਂ ਵਿੱਚ ਉਪਲੱਬਧਤਾ	:	(1) ਅੰਗਰੇਜ਼ੀ (2) ਹਿੰਦੀ

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

- Printed in India -

ਤਤਕਰਾ

ਨੰ:	ਚੈਪਟਰ ਦਾ ਨਾਂ	ਪੰਨਾ
	ਪ੍ਰਾਰੰਭਕ ਸ਼ਬਦ	i-xii
1.	ਗ਼ੈਰ-ਸਿੱਖਾਂ ਦੇ ਅਨੁਮਾਨ-ਸਿੱਖੀ ਮਹਾਨ	1-24
2.	ਸ਼ੁਭ ਕਰਮਨ ਤੇ ਕਬਹੂੰ ਨ ਟਰੋਂ: ਗੁਰੂ ਗੋਬਿੰਦ ਸਿੰਘ ਸਾਹਿਬ	25-46
3.	ਗੁਰੂ ਦੁਲਾਰਿਆਂ ਦੇ ਕਰਤਵਾਂ ਦੀ ਜੈ ਜੈ ਕਾਰ	47-72
4.	ਦਿਆ ਦੀਆਂ ਮੂਰਤੀਆਂ : ਸਿੰਘਾਂ ਦੇ ਇਖਲਾਕੀ ਵਸਫਾਂ ਦੇ ਦਰਸ਼ਨ ਦੀਦਾਰੇ	73-79
5.	ਝੂਲਤੇ ਨਿਸ਼ਾਨ ਰਹੇ: ਸਿੱਖ ਧਰਮ ਦੀ ਸ਼ਾਨ ਤੇ ਬਲੇ ਬਲੇ	80-89
6.	ਇੰਗਲੈਂਡ ਵਿੱਚ ਸਿੱਖ ਧਰਮ ਦੀ ਜੈ ਜੈ ਕਾਰ ਤੀ ਘੜੀ	90-104
7.	ਬਰਤਾਨਵੀ ਪਾਰਲੀਮੈਂਟ ਵਿਚ ਸਿੱਖੀ ਗੂੰਜਾਂ	105-108
8.	ਬਿਦੇਸ਼ੀ ਵਿਦਵਾਨ ਦੀਆਂ ਨਜ਼ਰਾਂ ਵਿੱਚ ਸਿੱਖੀ ਦੀ ਮਹਾਨਤਾ	109-121
9.	ਇੰਗਲੈਂਡ ਦੇ ਸ਼ਹਰਿ ਵਿਨ ਚੈਸਟਰ ਦਾ ਪਾਦਰੀ ਤੇ ਸਿੱਖ	122-125
10.	ਗੁਰੂ ਤੇ ਗੁਰਬਾਣੀ ਦੇ ਹੋਰ ਗ਼ੈਰ-ਸਿੱਖ ਪ੍ਰੇਮੀ	126-128
11.	ਲੋਕ ਗੀਤਾਂ ਤੇ ਬੋਲੀਆਂ ਦੇ ਰੂਪ ਵਿੱਚ ਸਿੱਖੀ ਦੀ ਚੜ੍ਹਤ	129-131
12.	ਬਿਦੇਸ਼ਾਂ ਵਿਚ ਵਸਦੇ ਸਿੱਖਾਂ ਦਾ ਅਕਸ	132-142
13.	ਦੂਜਿਆਂ ਦੇ ਦ੍ਰਿਸ਼ਟੀਕੋਨ ਅਨੁਸਾਰ ਸਿੱਖ ਪ੍ਰਸ਼ਾਸਕ ਦਾ ਸਰੂਪ	143-147
14.	ਆਪਣੀ ਧਰਤੀ ਮਾਂ ਨਾਲ ਮੋਹ ਸਿੱਖਾਂ ਦਾ ਦੇਸ਼ ਪ੍ਰੇਮ ਉਮਾਹ	148-149
15.	ਸਿੱਖੀ ਦਾ ਸ਼ਾਨਦਾਰ ਪਿਛੋਕੜ ਤੇ ਧੁੰਦਲਾ ਭਵਿੱਖ	150-154
16.	ਮਾਨਵਤਾ ਦੇ ਸਚੇ ਹਮਦਰਦ-ਸਿੱਖ ਲੋਕ	155-160
17.	ਸਿੱਖ ਦੀ ਅਰਦਾਸ	161-162
18.	ਗੁਰਬਾਣੀ ਅਥਵਾ ਗੁਰੂ ਗ੍ਰੰਥ ਸਾਹਿਬ ਦੀ ਮਨੁੱਖ ਜਾਤੀ ਲਈ ਮਹੱਤਤਾ	163-179
19.	ਸੰਖੇਪ ਝਲਕ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ	180-187
20.	ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਹੋਰ ਰੋਚਕ ਜਾਣਕਾਰੀ	188-190
21.	ਸ਼ਬਦ ਨਖੇੜ : ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੇ ਸ਼ਬਦਾਂ ਦਾ ਨਖੇੜ	191-192
22.	ਰਾਗ ਨਾਦ: ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਰਾਗਾਂ ਦੇ ਨਾਂ ਤੇ ਵੇਰਵਾ	193-195
23.	ਡਿਠੇ ਸਭੇ ਥਾਵ: ਸਿਫਤੀ ਦਾ ਘਰ-ਸ੍ਰੀ ਅੰਮ੍ਰਿਤਸਰ	196-207
24.	ਦਰਬਾਰ ਸਾਹਿਬ ਦੀ ਲਾਗ ਬੁਕ ਵਿਚ ਇੰਦਰਾਜ ਤੇ ਹੋਰ ਰੀਖਨ	208-224
25.	1980 ਦੀ ਘਟਨਾ ਪਿਛਲੇ ਅਉਗੁਣ ਬਖਸਿ ਲਏ ਪੁਨ ਆਗੈ ਮਾਰਗਿ ਪਾਵੈ	225-228
26.	ਸਿੱਖੀ ਸਰੂਪ ਤੇ ਗੁਰ-ਜੋਤਾਂ	229-248
27.	ਪੁਸਤਕ ਰਿਵਿਊ	249-253
	ਗਿਆਨ ਅਤੇ ਨਿਮਰਤਾ ਦਾ ਸੁਮੇਲ ਸਰੂਪ ਸਿੰਘ ਅਲੱਗ	254
	ਇਕ ਸੰਸਥਾ ਇਕ ਸੰਕਲਪ ਸਰੂਪ ਸਿੰਘ ਅਲੱਗ	255-256.

ਮਿਸਾਲੀ ਪਰਿਵਾਰ

ਮਾਨਯੋਗ ਸਵਰਗੀ ਸ. ਕਿਹਰ ਸਿੰਘ ਜੀ ਤੂਰ ਨੇ ਸਤਿਕਾਰਯੋਗ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਬੜੇ ਲੰਮੇ ਸਮੇਂ ਤਕ ਸੰਗਤ ਮਾਣੀ ਹੈ ਜਿਸ ਸਦਕਾ ਉਨ੍ਹਾਂ ਦੀ ਜ਼ਿੰਦਗੀ ਵਿੱਚ ਗੁਰਸਿੱਖੀ ਦੇ ਪੱਖੋਂ ਬਹੁਤ ਬਦਲਾਅ ਆਇਆ ਅਤੇ ਉਨ੍ਹਾਂ ਉੱਤੇ ਗੁਰਸਿੱਖੀ ਅਸੂਲਾਂ ਦੀ ਗੂੜ੍ਹੀ ਰੰਗਤ ਚੜ੍ਹੀ ਜਿਸ ਨਾਲ ਉਨ੍ਹਾਂ ਦਾ ਜੀਵਨ ਸਹਿਜਤਾ ਤੇ ਸੁਹਜਤਾ ਨਾਲ ਭਰ ਗਿਆ। ਅੱਗੋਂ ਬੱਚਿਆਂ ਤੇ ਵੀ ਬਖਸ਼ਸ਼ ਹੁੰਦੀ ਗਈ ਜਿਸ ਦੇ ਫਲਸਰੂਪ ਉਨ੍ਹਾਂ ਦੇ ਬੇਟੇ ਸ. ਗਿਆਨ ਸਿੰਘ ਜੀ ਤੂਰ ਨੇ ਵੀ ਪੂਰਨ ਗੁਰਸਿੱਖੀ ਵਾਲੇ ਜੀਵਨ ਨੂੰ ਆਪਣੀ ਜ਼ਿੰਦਗੀ ਦਾ ਅਧਾਰ ਬਣਾ ਲਿਆ। ਪਰਿਵਾਰ ਤੇ ਕਈ ਉਤਰਾਅ ਚੜ੍ਹਾਅ ਆਏ ਪਰ ਗੁਰਸਿੱਖੀ ਜਜ਼ਬੇ ਨੇ ਉਨ੍ਹਾਂ ਨੂੰ ਬਹੁਤ ਸਹਾਰਾ ਦਿੱਤਾ ਤੇ ਪਥ ਪ੍ਰਦਰਸ਼ਨ ਕੀਤਾ। ਤੀਜੀ ਪੀੜ੍ਹੀ ਵਿੱਚ ਵੀ ਸ. ਗਿਆਨ ਸਿੰਘ ਜੀ ਦੇ ਬੱਚੇ ਆਪਣੇ ਪਿਤਾ ਅਤੇ ਦਾਦਾ ਜੀ ਦੇ ਰੰਗ ਵਿੱਚ ਰੰਗੇ ਹੋਏ ਹਨ। ਕਿਤਨੀ ਖੁਸ਼ੀ ਦੀ ਗੱਲ ਹੈ ਕਿ ਅੱਗੋਂ ਸ. ਗਿਆਨ ਸਿੰਘ ਜੀ ਦੇ ਪੋਤੇ ਪੋਤੀਆਂ ਚਾਹੇ ਉਹ ਬੰਬਈ ਵਿੱਚ ਰਹਿ ਰਹੇ ਹਨ ਜਾਂ ਲੰਡਨ ਵਿੱਚ, ਗੁਰਸਿੱਖੀ ਸ਼ਾਨ ਨਾਲ ਪਰੀਪੂਰਨ ਹਨ। ਸਤਿਗੁਰਾਂ ਦੀ ਕਿਰਪਾ ਸਦਕਾ ਖਾਨਦਾਨ ਵਿੱਚ ਗੁਰਸਿੱਖੀ ਦੀ ਸਾਖ ਹਰੀ ਹੈ ਤੇ ਪ੍ਰਫੁੱਲਤ ਵੀ। ਇਸ ਪਿੱਛੇ ਅਕਾਲਪੁਰਖ ਦੀ ਬਖਸ਼ਸ਼ ਅਤੇ ਗੁਰਸਿੱਖੀ ਪ੍ਰਤੀ ਪਰਿਵਾਰਕ ਨਿਸ਼ਠਾ ਦੋਨੋਂ ਕੰਮ ਕਰ ਰਹੀਆਂ ਹਨ। ਇਸ ਪਰਿਵਾਰ ਦੇ ਚਾਰ ਪੀੜ੍ਹੀਆਂ ਦੇ ਗੁਰਸਿੱਖੀ ਉਤਸ਼ਾਹ ਨੂੰ ਦੇਖਦਿਆਂ ਹੋਇਆਂ ਅਤੇ ਪ੍ਰੇਰਨਾ ਲੈਂਦਿਆਂ ਹੋਇਆਂ ਸਾਨੂੰ ਵੀ ਆਪਣੇ ਆਪਣੇ ਘਰਾਂ ਅਤੇ ਖਾਨਦਾਨਾਂ ਵਿੱਚ ਗੁਰਸਿੱਖੀ ਦੀ ਅਜਿਹੀ ਹੀ ਸੰਭਾਲ ਕਰਨੀ ਚਾਹੀਦੀ ਹੈ।

ਅਸੀਂ ਉਕਤ ਸਾਰੀ ਗੱਲ ਕੋਈ ਤੂਰ ਪਰਿਵਾਰ ਦੀ ਵਡਿਆਈ ਕਰਨ ਲਈ ਨਹੀਂ ਲਿਖੀ ਕਿਉਂਕਿ ਉਹ ਕਿਸੇ ਵੀ ਅਜਿਹੀ ਵਡਿਆਈ ਨੂੰ ਪਸੰਦ ਨਹੀਂ ਕਰਦੇ। ਉਨ੍ਹਾਂ ਦੀ ਤਾਂ ਇਹ ਇੱਛਾ ਹੈ ਕਿ ਕਿਸੇ ਪੁਸਤਕ ਵਿੱਚ ਉਨ੍ਹਾਂ ਦਾ ਨਾਂ ਤਕ ਵੀ ਨਾ ਲਿਖਿਆ ਜਾਵੇ। ਉਨ੍ਹਾਂ ਦੀ ਨਿਮਰਤਾ ਤੇ ਹਲੀਮੀ ਉਨ੍ਹਾਂ ਦਾ ਅਸਾਸਾ ਹਨ। ਪਰ ਫਿਰ ਵੀ ਉਨ੍ਹਾਂ ਦੀ ਮਰਜ਼ੀ ਤੋਂ ਉਲਟ ਚਲਦੇ ਹੋਏ ਅਸੀਂ ਇਸ ਗੱਲ ਦਾ ਜ਼ਿਕਰ ਇਸ ਲਈ ਕਰ ਰਹੇ ਹਾਂ ਕਿਉਂਕਿ ਅੱਜ ਕੱਲ੍ਹ ਹਰ ਘਰ ਵਿੱਚ ਸਿੱਖੀ ਨੂੰ ਢਾਹ ਲਗ ਰਹੀ ਹੈ। ਨਵੀਂ ਪੀੜ੍ਹੀ ਕਿਸੇ ਨਾ ਕਿਸੇ ਬਹਾਨੇ ਨਾਲ ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਰਹੀ ਹੈ। ਕਈ ਖਾਨਦਾਨਾਂ ਵਿੱਚ ਕਿਸੇ ਬਜ਼ੁਰਗ ਨੂੰ ਛੱਡ ਕੇ ਹੋਰ ਕੋਈ ਕੇਸਾਧਾਰੀ ਰਿਹਾ ਹੀ ਨਹੀਂ। ਗੁਰਸਿੱਖੀ ਸ਼ਾਨ ਨਾਲ ਜੀਣ ਵਾਲੇ ਪਰਿਵਾਰ ਵੀ ਅੱਜ ਇਸ ਚਿੰਤਾਜਨਕ ਸਥਿਤੀ ਵਿੱਚ ਪਹੁੰਚਣ ਲਗ ਗਏ ਹਨ ਤੇ ਪਰਿਵਾਰਾਂ ਦੇ ਬਜ਼ੁਰਗ ਇਸ ਗੱਲ ਦਾ ਭਰਪੂਰ ਪਛਤਾਵਾ ਕਰਦੇ ਹਨ ਕਿ ਪਤਾ ਨਹੀਂ ਕੀ ਮਾੜੀ ਹਵਾ ਵਗੀ ਹੈ ਜਿਹੜੀ ਉਨ੍ਹਾਂ ਦੇ ਘਰਾਂ ਵਿੱਚੋਂ ਸਿੱਖੀ ਸਰੂਪ ਨੂੰ ਉਡਾ ਕੇ ਲੈ ਗਈ ਹੈ। 18ਵੀਂ ਸਦੀ ਵਿੱਚ ਗੁਰਸਿੱਖਾਂ ਨੇ ਆਪਣੇ ਸੀਸ ਤਾਂ ਕਟਵਾ ਦਿੱਤੇ ਪਰ ਸਿੱਖੀ ਮਾਣ ਨੂੰ ਆਂਚ ਨਹੀਂ ਆਉਣ ਦਿੱਤੀ। ਉਸ ਮਹਾਨ ਸਿੱਖੀ ਨੂੰ ਅੱਜ 21ਵੀਂ ਸਦੀ ਦੇ ਨੌਜਵਾਨ ਜੇ ਫੈਸ਼ਨ ਜਾਂ ਕਿਸੇ ਗ਼ਲਤ ਫਹਿਮੀ ਵਿੱਚ ਆ ਕੇ ਤਿਲਾਂਜਲੀ ਦੇ ਰਹੇ ਹਨ ਤਾਂ ਇਹ ਪਰਿਵਾਰਕ ਦੁਖ ਨਹੀਂ, ਕੌਮੀ ਮਾਤਮ ਹੈ। ਅਜਿਹੇ ਪਰਿਵਾਰਾਂ ਲਈ ਤੂਰ ਪਰਿਵਾਰ ਅੱਜ ਵੀ ਇਕ ਸਿੱਖਿਆਦਾਇਕ ਮਿਸਾਲ ਦਾ ਕੰਮ ਕਰ ਸਕਦਾ ਹੈ। ਸਾਨੂੰ ਪੂਰੇ ਤੇ ਉਚੇਚੇ ਤਰੱਦਦ ਕਰਕੇ ਗੁਰਸਿੱਖੀ ਦੇ ਇਸ ਦੁਰਲਭ ਬੂਟੇ ਨੂੰ ਘੱਟੋ ਘੱਟ ਆਪਣੇ ਘਰਾਂ ਵਿੱਚ ਤਾਂ ਵਧਣ ਫੁਲਣ ਦੇਣ ਦੇ ਉਪਰਾਲੇ ਜੁਟਾਣੇ ਚਾਹੀਦੇ ਹਨ। ਇਸ

ਮੰਤਵ ਦੀ ਪ੍ਰਾਪਤੀ ਲਈ ਸਾਨੂੰ ਆਪਣੇ ਛੋਟੀ ਉਮਰ ਦੇ ਬੱਚਿਆਂ ਨੂੰ ਹੀ ਗੁਰਸਿੱਖੀ ਦੀ ਚੇਟਕ ਲਗਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਰੌਚਕ ਢੰਗ ਨਾਲ ਗੁਰ ਇਤਿਹਾਸ ਅਤੇ ਸਿੱਖ ਰਹੁ-ਰੀਤੀ ਦੀ ਥੋੜ੍ਹੀ ਥੋੜ੍ਹੀ ਜਾਣਕਾਰੀ ਹਰ ਰੋਜ਼ ਦੇਣੀ ਚਾਹੀਦੀ ਹੈ ਜਿਸ ਨਾਲ ਉਨ੍ਹਾਂ ਦੀ ਆਪਣੇ ਗੌਰਵਮਈ ਵਿਰਸੇ ਬਾਰੇ ਵਾਕਫ਼ੀ ਵਿੱਚ ਵਾਧਾ ਹੁੰਦਾ ਜਾਏ ਤੇ ਉਨ੍ਹਾਂ ਦੀਆਂ ਧਰਮ ਪੱਖੋਂ ਨੀਂਹਾਂ ਮਜ਼ਬੂਤ ਹੁੰਦੀਆਂ ਜਾਣ। ਇਸ ਗੱਲ ਵਿੱਚ ਵੀ ਕੋਈ ਦੋ ਰਾਏ ਨਹੀਂ ਹਨ ਕਿ ਕਿਸੇ ਬੱਚੇ ਨੂੰ ਚੰਗਾ ਤੇ ਸੁਹਿਰਦ ਇਨਸਾਨ ਬਣਾਉਣ ਲਈ ਧਰਮ ਬਹੁਤ ਸ਼ਕਤੀਸ਼ਾਲੀ ਭੂਮਿਕਾ ਨਿਭਾਅ ਸਕਦਾ ਹੈ। ਜੇ ਧਰਮ ਬੱਚੇ ਵਿੱਚ ਸਦਾਚਾਰਕਤਾ, ਦਿਆਲਤਾ, ਮਿਲਵਰਤਣ, ਸ਼ਾਂਤਚਿਤਤਾ, ਸਬਰ ਤੇ ਸੰਤੋਖੀ ਭਾਵਨਾ ਸੰਚਤ ਕਰਕੇ, ਅਮਨ ਪਸੰਦ ਤੇ ਹੱਕ ਇਨਸਾਫ਼ ਦਾ ਧਾਰਨੀ ਮਨੁੱਖ ਬਣਾ ਦੇਵੇ ਤਾਂ ਇਹ ਸਮੁੱਚੀ ਮਨੁੱਖਤਾ ਦੀ ਸੇਵਾ ਗਿਣੀ ਜਾ ਸਕਦੀ ਹੈ। ਇਸ ਤਰ੍ਹਾਂ ਸੰਸਾਰ ਵਿੱਚ ਵਧ ਰਹੀ ਬੇਲੋੜੀ ਨਫ਼ਰਤ, ਬਖੀਲੀ, ਭਟਕਣ ਤੇ ਤਨਾਓ ਘਟ ਸਕਦੇ ਹਨ। ਜੇਕਰ ਸਾਡੇ ਬੱਚਿਆਂ ਵਿੱਚ ਅਜਿਹੇ ਵਧੀਆ ਗੁਣ ਥੋੜ੍ਹੇ ਜਹੇ ਪਰ ਨਿਰੰਤਰ ਉਦਮਾਂ ਨਾਲ ਸੰਚਤ ਹੋ ਜਾਣ ਤਾਂ ਇਹ ਆਪਣੇ ਆਪ ਵਿੱਚ ਇਕ ਸ਼ਾਨਦਾਰ ਉਪਲੱਬਧੀ ਹੈ।

ਇਹ ਪੁਸਤਕ ਗੁਰਸਿੱਖੀ ਸ਼ਾਨ ਨਾਲ ਭਰਪੂਰ ਹੈ ਜਿਸਨੂੰ ਲਿਖਣ ਵਿੱਚ ਬਹੁਤ ਮਿਹਨਤ ਕਰਨੀ ਪਈ ਹੈ ਪਰ ਇਸਨੂੰ ਪੜ੍ਹਨ ਨਾਲ ਅਵੱਸ਼ ਹੀ ਮਨ ਵਿੱਚ ਇਕ ਵਲਵਲਾ ਪੈਦਾ ਹੁੰਦਾ ਹੈ ਕਿ ਸਿੱਖ ਹੋਣ ਦਾ ਮਾਣ ਕੁਝ ਨਵੇਕਲੇ ਪ੍ਰਕਾਰ ਦਾ ਹੈ। ਤੁਸੀਂ ਇਸ ਪੁਸਤਕ ਨੂੰ ਪੜ੍ਹੋ ਤੇ ਜੇਕਰ ਇਸ ਵਿੱਚੋਂ ਤੁਹਾਨੂੰ ਕੁਝ ਅਜਿਹਾ ਮਿਲਦਾ ਹੈ ਜਿਸਨੂੰ ਅੱਗੇ ਤੁਸੀਂ ਆਪਣੇ ਬੱਚਿਆਂ ਨਾਲ ਸ਼ਿਅਰ ਕਰਨ ਦਾ ਕੁਝ ਫਾਇਦਾ ਸਮਝਦੇ ਹੋ ਤਾਂ ਸਾਨੂੰ ਮਹਿਸੂਸ ਹੋਵੇਗਾ ਕਿ ਇਸ ਪੁਸਤਕ ਨੂੰ ਲਿਖਣ ਵਿੱਚ 20 ਸਾਲ ਦੀ ਲੱਗੀ ਮਿਹਨਤ ਸਕਾਰਥੀ ਹੋਈ ਹੈ ਅਤੇ ਤੁਰ ਖਾਨਦਾਨ ਨੇ ਇਸਨੂੰ ਸਪਾਂਸਰ ਕਰਕੇ ਇਕ ਭਲੇ ਦਾ ਕੰਮ ਕੀਤਾ ਹੈ। ਇਤਨਾ ਜ਼ਰੂਰ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਹੋਰ ਧਰਮ ਵਿੱਚ ਉਸ ਧਰਮ ਦੇ ਸਿੱਕੇਬੰਦ ਪ੍ਰਮਾਣਾਂ ਨੂੰ ਦੂਜੇ ਧਰਮਾਂ ਦੇ ਲੋਕਾਂ ਵਲੋਂ ਬਿਆਨੇ ਜਾਣ ਦੀ ਗੱਲ ਨੂੰ ਦਰਸਾਉਂਦੀ ਅਜਿਹੀ ਪੁਸਤਕ ਹਾਲੇ ਹੋਂਦ ਵਿੱਚ ਨਹੀਂ ਆਈ। ਇਸ ਲਈ ਇਹ ਨਵੇਕਲੀ ਕਿਸਮ ਦੀ ਪੁਸਤਕ ਹੈ ਜੋ ਹਰ ਲਿਹਾਜ਼ ਨਾਲ ਜ਼ਰੂਰੀ ਹੈ, ਉਪਯੋਗੀ ਹੈ ਤੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਬਹੁਤ ਹੀ ਮਹੱਤਵਪੂਰਣ ਹੈ।

ਅਸੀਂ ਸੁਹਿਰਦ ਸਪਾਂਸਰਾਂ ਵਲੋਂ ਅਤੇ ਆਪਣੇ ਵਲੋਂ ਸਭ ਨੂੰ ਨਵ ਵਰਸ਼ ਦੀਆਂ ਮੁਬਾਰਕਾਂ ਤੇ ਸ਼ੁਭ ਕਾਮਨਾਵਾਂ ਦੇਣ ਵਿੱਚ ਪ੍ਰਸੰਨਤਾ ਅਨੁਭਵ ਕਦਰੇ ਹਾਂ।

ਧੰਨਵਾਦ

ਐਚ.ਐਸ. ਢਿਲੋਂ
ਮੁੱਖ ਸਲਾਹਕਾਰ
ਅਲੱਗ ਸ਼ਬਦ ਯੱਗ ਟਰੱਸਟ
ਬਰੈਂਪਟਨ-ਅਨਟਾਰੀਓ
ਕੈਨੇਡਾ

ਇੰਜ. ਕਰਤਾਰ ਸਿੰਘ
ਪ੍ਰਮੁੱਖ ਸੰਚਾਲਕ
ਅਲੱਗ ਸ਼ਬਦ ਯੱਗ ਟਰੱਸਟ
ਯੋਰਪ ਜ਼ੋਨ
3-ਸੈਵਾਈਲ ਕਲੋਜ਼
ਈਸਟਲੇ, ਯੂ.ਕੇ.
ਫੋਨ: 023-80-616131

ਡਾ. ਸਰੂਪ ਸਿੰਘ ਅਲੱਗ
ਚੇਅਰਮੈਨ
ਅਲੱਗ ਸ਼ਬਦ ਯੱਗ ਟਰੱਸਟ, (ਰਜਿ.)
593, ਅਰਬਨ ਐਸਟੇਟ-2
ਫੋਕਲ ਪੁਆਇੰਟ,
ਲੁਧਿਆਣਾ 141010
ਫੋਨ: 0161-671947 ਤੇ
ਫੋਨ/ਫੈਕਸ 673416
e-mail: alag@glide.net.in

1

ਗ਼ੈਰ-ਸਿੱਖਾਂ ਦੇ ਅਨੁਮਾਨ :

ਸਿੱਖੀ ਮਹਾਨ

ਗੁਰਸਿੱਖੀ ਵਿਸ਼ਵ ਦੇ ਮਹਾਨ ਤੇ ਸ਼ਕਤੀਸ਼ਾਲੀ ਧਰਮਾਂ ਵਿਚੋਂ ਇਕ ਹੈ ਜਿਸ ਨੂੰ ਹੋਂਦ ਵਿਚ ਆਇਆਂ ਕੇਵਲ ਪੰਜ ਸਦੀਆਂ ਹੀ ਬੀਤੀਆਂ ਹਨ। ਇਸ ਧਰਮ ਦੇ ਸਿਧਾਂਤਾਂ, ਰਹੁ-ਰੀਤੀਆਂ, ਰਸਮਾਂ-ਰਿਵਾਜਾਂ, ਰਹਿਤਾਂ-ਕੁਰਹਿਤਾਂ, ਚਜ-ਅਚਾਰਾਂ ਨੇ ਸਿੱਖਾਂ ਦੇ ਨਾਲ ਨਾਲ ਬਹੁਤ ਸਾਰੇ ਗ਼ੈਰ-ਸਿੱਖ ਸੱਜਣਾਂ ਨੂੰ ਪ੍ਰਭਾਵਤ ਹੀ ਨਹੀਂ ਕੀਤਾ ਸਗੋਂ ਕੀਲਿਆ ਵੀ ਹੈ ਤੇ ਕਈ ਉਚ ਪਾਏ ਦੇ ਅਜਿਹੇ ਗ਼ੈਰ-ਸਿੱਖ ਵਿਦਵਾਨਾਂ, ਇਤਿਹਾਸਕਾਰਾਂ, ਸਕਾਲਰਾਂ, ਸਿਆਸਤਦਾਨਾਂ ਤੇ ਉਘੇ ਪਤਵੰਤਿਆਂ ਨੇ ਇਸ ਬਾਰੇ ਆਪਣੇ ਵੱਖ ਵੱਖ ਅਨੁਭਵ ਵਿਅਕਤ ਵੀ ਕੀਤੇ ਹਨ ਜੋ ਬਹੁਤ ਹੀ ਕੀਮਤੀ ਹਨ, ਪਰ ਕਈ ਕਾਰਨਾਂ ਕਰ ਕੇ ਅਸੀਂ ਇਨ੍ਹਾਂ ਨੂੰ ਗੌਲਿਆ ਹੀ ਨਹੀਂ ਅਤੇ ਨਾ ਹੀ ਉਨ੍ਹਾਂ ਦੀ ਮਹੱਤਤਾ ਵਲ ਧਿਆਨ ਦੇ ਕੇ ਉਨ੍ਹਾਂ ਨੂੰ ਸਿੱਖ ਸੰਗਤਾਂ ਤੇ ਸਮੁਚੀ ਮਾਨਵਤਾ ਦੇ ਸਾਹਮਣੇ ਹੀ ਲਿਆਂਦਾ ਹੈ। ਜੇਕਰ ਇਸ ਸਿਲਸਲੇ ਵਿਚ ਕੋਈ ਯੋਗ ਕਾਰਵਾਈ ਕੀਤੀ ਗਈ ਹੁੰਦੀ ਤਾਂ ਸਿੱਖੀ ਦਾ ਸ਼ਾਨਦਾਰ ਬਿੰਬ ਅੱਜ ਸਾਰੇ ਸੰਸਾਰ ਵਿਚ ਉਜਾਗਰ ਹੋਕੇ ਚਮਕਦਾ ਹੁੰਦਾ। ਇਹ ਵੱਡੇ ਮਾਣ ਤੇ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੀਆਂ ਗ਼ੈਰ-ਸਿੱਖ ਹਸਤੀਆਂ ਨੇ ਸਿੱਖੀ ਦੀ ਦਿਲ ਖੋਹਲ ਕੇ ਤਾਰੀਫ਼ ਕੀਤੀ ਹੈ ਜਿਸ ਨੂੰ ਵਿਸ਼ੇਸ਼ ਤਰੱਦਦਾਂ ਨਾਲ ਇਕੱਤਰ ਕਰ ਕੇ ਅਗਲੇ ਪੰਨਿਆਂ ਵਿਚ ਸੰਜੋ ਦਿੱਤਾ ਗਿਆ ਹੈ ਤਾਂ ਜੋ ਹਰ ਪ੍ਰਕਾਰ ਦੇ ਪਾਠਕ ਇਸ ਜਾਣਕਾਰੀ ਤੋਂ ਲਾਭ ਪ੍ਰਾਪਤ ਕਰ ਸਕਣ। ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਕਿ ਜੇਕਰ ਕੋਈ ਸਿੱਖ ਗੁਰਸਿਖੀ ਦੀ ਤਾਰੀਫ਼ ਕਰੇ ਤਾਂ ਉਹ ਸ਼ਰਧਾ ਵਸ ਹੋ ਕੇ ਲੋੜ ਨਾਲੋਂ ਵਧ ਤਾਰੀਫ਼ ਕਰੇਗਾ ਪਰ ਜੇਕਰ ਦੂਜੇ ਧਰਮਾਂ ਦੇ ਲੋਕੀ ਇਸਦੀ ਸ਼ਲਾਘਾ ਵਿਚ ਕੁਝ ਬੋਲਣ ਲਿਖਣਗੇ ਤਾਂ ਅਵਸ਼ ਹੀ ਉਨ੍ਹਾਂ ਦੀ ਗੱਲ ਤੇ ਵਜ਼ਨ ਦੇਣਾ ਬਣੇਗਾ ਕਿਉਂਕਿ ਉਨ੍ਹਾਂ ਦੇ ਬਚਨਾਂ ਵਿਚ ਸੰਕੋਚ ਵੀ ਹੋਵੇਗਾ ਤੇ ਸੰਜਮ ਵੀ। ਦਰਅਸਲ ਅਣਮਤੀਆਂ ਦੇ ਕਥਨਾਂ ਨਾਲ ਆਪਣੇ ਧਰਮ ਦੀ ਜੋ ਤਸਵੀਰ ਉਘੜਦੀ ਹੈ ਉਹ ਅਸਲੀਅਤ ਦੇ ਬਹੁਤ ਨੇੜੇ ਹੁੰਦੀ ਹੈ। ਆਓ ਦੇਖੀਏ ਹੋਰ ਧਰਮਾਂ ਦੇ ਵਿਦਵਾਨ ਪੁਰਸ਼ ਸਿੱਖ ਧਰਮ ਦਾ ਅਧਿਐਨ ਕਰਨ ਮਗਰੋਂ ਇਸ ਬਾਰੇ ਆਪਣੀ ਕਿਹੋ ਜਹੀ ਰਾਏ ਪ੍ਰਗਟ ਕਰਦੇ ਹਨ। ਜਿਉਂ ਜਿਉਂ ਪੁਸਤਕ ਦੇ ਪੰਨੇ ਅੱਗੇ ਚਲਦੇ ਜਾਣਗੇ, ਸਿੱਖ ਪਾਠਕ ਦਾ ਜਾਂ ਉਸ ਪਾਠਕ ਦਾ ਜੋ ਮਾਨਵਤਾ ਨੂੰ ਪਿਆਰ ਕਰਦਾ ਹੈ, ਸੀਸ ਸਿੱਖੀ ਦੀ ਸ਼ਾਨ ਵਿਚ ਝੁਕਦਾ ਜਾਏਗਾ ਤੇ ਝੁਕਦਾ ਹੀ ਚਲਾ ਜਾਏਗਾ। ਪ੍ਰਤੱਖ ਨੂੰ ਪਰਮਾਣ ਕੀ, ਖੁਦ ਪੜ੍ਹੋ ਤੇ ਗੁਰਸਿੱਖੀ ਬਾਰੇ ਆਪਣੀ ਸੁਤੰਤਰ ਰਾਏ ਬਣਾਓ।

ਗੁਰੂ ਨਾਨਕ ਤੇਰੀ ਜੈ ਹੋਵੇ, ਬਾਬਾ ਨਾਨਕ ਤੇਰੀ ਜੈ ਹੋਵੇ !

ਸ੍ਰੀ ਮੁਰਾਰੀ ਬਾਪੂ

ਵਿਸ਼ਵ ਪ੍ਰਸਿਧੀ ਪ੍ਰਾਪਤ ਕਥਾਕਾਰ ਮੁਰਾਰੀ ਬਾਪੂ ਜਦ 16 ਮਈ 1994 ਤੋਂ 24 ਮਈ 1994 ਤਕ ਲੁਧਿਆਣਾ ਵਿਖੇ ਰਮਾਇਣ ਦੀ ਕਥਾ ਕਰਨ ਲਈ ਆਏ ਤਾਂ

ਲੱਖਾਂ ਦੀ ਗਿਣਤੀ ਵਿਚ ਲੋਕਾਂ ਨੇ ਉਨ੍ਹਾਂ ਦੇ ਪਰਵਚਨ ਸੁਣਕੇ ਆਪਣੇ ਮਨਾਂ ਨੂੰ ਸਦਾਚਾਰਕਤਾ ਨਾਲ ਭਰਨ ਦੇ ਯਤਨ ਕੀਤੇ। ਮੁਰਾਰੀ ਬਾਪੂ ਨੇ ਆਪਣੇ ਵਿਖਿਆਨਾਂ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਉਲੇਖ ਕਰਦਿਆਂ ਕਿਹਾ ਕਿ ਪਤਾ ਨਹੀਂ ਕੀ ਗੱਲ ਹੈ ਕਿ ਮੈਂ ਬਚਪਨ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਜੀਵਨ ਤੋਂ ਬਹੁਤ ਪ੍ਰੇਰਤ ਹੋਇਆ ਹਾਂ। ਜਦ ਜਦ ਵੀ ਗੁਰੂ ਨਾਨਕ ਸਾਹਿਬ ਦਾ ਪਵਿੱਤਰ ਨਾਂ ਤੇ ਉਨ੍ਹਾਂ ਦੀ ਅੰਮ੍ਰਿਤਮਈ ਬਾਣੀ ਮੇਰੇ ਮਨ ਵਿਚ ਆਉਂਦੀ ਹੈ, ਉਨ੍ਹਾਂ ਦੇ ਅਦੁਤੀ ਸਤਿਕਾਰ ਵਿਚ ਮੇਰੇ ਨੇਤਰ ਨਮ ਹੋ ਜਾਂਦੇ ਹਨ। ਬਾਪੂ ਅਨੁਸਾਰ ਗੁਰੂ ਨਾਨਕ ਕਲਜੁਗ ਦੇ ਮਹਾਨ ਅਵਤਾਰ ਹਨ ਜਿਨ੍ਹਾਂ ਨੇ ਸਾਨੂੰ ਬੜੇ ਸਰਲ ਤੇ ਸਪੱਸ਼ਟ ਸ਼ਬਦਾਂ ਵਿਚ ਵਾਹਿਗੁਰੂ ਦੀ ਸ਼ਰਧਾ ਵਿਚ ਨਿਸ਼ਕਾਮ ਭਾਵਨਾ ਨਾਲ ਆਪਣੇ ਆਪ ਨੂੰ ਸਮਰਪਤ ਕਰ ਦੇਣ ਦੀ ਬੇਹਤਰੀਨ ਜੁਗਤ ਦਸੀ ਹੈ। **"ਜੋ ਤੁਧੁ ਭਾਵੈ ਸਾਈ ਭਲੀ ਕਾਰ, ਤੂ ਸਦਾ ਸਲਾਮਤਿ ਨਿਰੰਕਾਰ"** ਦਾ ਫਰਮਾਨ ਦੇ ਕੇ ਉਨ੍ਹਾਂ ਨੇ ਸਾਨੂੰ ਆਪਣੀ ਤੁਛ ਬੁਧੀ ਤੇ ਹੋਛੇ ਵਿਵੇਕ ਤੋਂ ਨਜਾਤ ਦਵਾਉਂਦੇ ਹੋਇਆਂ ਇਸ ਭਵ ਸਾਗਰ ਤੋਂ ਸਾਡੇ ਪਾਰ ਉਤਾਰੇ ਦਾ ਮਾਰਗ ਬੜਾ ਮੌਕਲਾ ਕਰ ਦਿੱਤਾ ਹੈ। **"ਗੁਰਾ ਇਕ ਦੇਹਿ ਬੁਝਾਈ, ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ"** ਦੀ ਸੋਝੀ ਕਰਾ ਕੇ ਗੁਰੂ ਜੀ ਨੇ ਸਾਰੀ ਮਾਨਵਤਾ ਨੂੰ ਦੇਸ਼ਾਂ, ਸੰਸਕ੍ਰਿਤੀਆਂ, ਸਮਾਜਾਂ ਦੇ ਹਦ ਬੰਨ੍ਹੇ ਤੋੜ ਕੇ ਆਪਣੀਆਂ ਬਾਹਵਾਂ ਵਿਚ ਲੈ ਲਿਆ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇ ਦਰਬਾਰ ਵਿਚ ਸਭ ਮਨੁੱਖ ਇਕ ਸਮਾਨ, ਭਰਾ ਭਰਾ ਹੋ ਕੇ ਇਕ ਅਕਾਲਪੁਰਖ ਦੀ ਸੰਤਾਨ ਹੋ ਗਏ। ਇਹ ਗੁਰੂ ਸਾਹਿਬ ਦੀ ਅਦੁੱਤੀ ਸੋਚ ਦਾ ਕਮਾਲ ਹੈ।

ਮੁਰਾਰੀ ਬਾਪੂ ਨੇ ਹੋਰ ਕਿਹਾ ਕਿ ਗੁਰੂ ਨਾਨਕ ਦੇ ਦਵਾਰੇ ਤੇ ਤਿੰਨ ਗੱਲਾਂ ਤੇ ਜ਼ੋਰ ਹੈ (1) ਆਪਣਾ ਸਮਾਧਾਨ ਕਰੋ, ਜਿਸ ਦੇ ਅਰਥ ਹਨ, ਦੇਖੋ ਤੁਸੀਂ ਕਿਥੇ ਖੜੇ ਹੋ ਤੇ ਤੁਹਾਡੀ ਵਾਸਤਵ ਵਿਚ ਮੰਜ਼ਲ ਕੀ ਹੈ? ਮੰਜ਼ਲ ਨੂੰ ਹਮੇਸ਼ਾ ਸਾਹਮਣੇ ਰਖਦੇ ਹੋਏ ਇਸ ਦੁਨੀਆ ਦਾ ਕਾਰ ਵਿਹਾਰ ਕਰੋ ਫਿਰ ਮਾਰਗ ਤੋਂ ਭਟਕਣ ਦੀ ਗੁੰਜਾਇਸ਼ ਨਹੀਂ ਰਹਿੰਦੀ। (2) ਸਤਰਕ ਰਹੋ, ਹੁਸ਼ਿਆਰ ਰਹੋ, ਤਿਆਰ ਬਰ ਤਿਆਰ ਰਹੋ। ਤੁਹਾਡੀ ਆਤਮਾ, ਮਨ, ਬੁਧੀ ਹਮੇਸ਼ਾ ਨੇਕੀ, ਸਿਮਰਨ ਤੇ ਸੇਵਾ ਵਲ ਅੱਗੇ ਵਧਦੀ ਰਹੇ। ਇਹੀ ਜ਼ਿੰਦਗੀ ਦਾ ਲਕਸ਼ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹੋਰ ਜੋ ਕੁਝ ਵੀ ਕਰੋਗੇ ਉਹ ਗੁਰੂ ਨਾਨਕ ਦੇ ਉਚੇ ਸੁਚੇ ਉਪਦੇਸ਼ਾਂ ਦੇ ਮੁਨਾਫੀ (ਉਲਟ) ਹੋਵੇਗਾ ਤੇ ਉਸ ਹਾਲਤ ਵਿਚ ਦੁਬਾਰਾ ਭਟਕਣ ਵਿਚ ਪੈ ਜਾਓਗੇ। ਮੁਰਾਰੀ ਬਾਪੂ ਅਨੁਸਾਰ ਗੁਰੂ ਨਾਨਕ ਸਾਰੀ ਮਨੁੱਖਤਾ ਨੂੰ ਭਟਕਣ ਵਿਚੋਂ ਕੱਢਣ ਦਾ ਉਪਰਾਲਾ ਕਰਦੇ ਹਨ, ਸੰਦੇਸ਼ ਦੇਂਦੇ ਹਨ, ਮਾਰਗ ਦਸਦੇ ਹਨ ਤੇ ਆਪ ਉਂਗਲ ਫੜ ਕੇ ਚਲਾਉਣ ਦੀ ਜੁਗਤ ਦੀ ਬਖਸ਼ਸ਼ ਵੀ ਕਰਦੇ ਹਨ। ਅਜਿਹੇ ਅਹਿਸਾਸਾਂ ਨਾਲ ਗੁਰੂ ਨਾਨਕ ਦੀ ਨੇੜਤਾ ਕਰੋ। (3) ਗੁਰੂ ਨਾਨਕ ਦੇ ਘਰ ਸੁਖ ਨਿਧਾਨ ਦੀ ਵਰਸ਼ਾ ਹੋ ਰਹੀ ਹੈ। ਉਹ ਸਾਨੂੰ ਆਤਮਿਕ ਅਨੰਦ ਪਰਦਾਨ ਕਰਵਾਣ ਲਈ ਅਗਵਾਈ ਕਰਦੇ ਹਨ। ਗੁਰੂ ਨਾਨਕ ਦਾ ਹਰ ਗੁਰਦਵਾਰਾ ਇਹ ਤਿੰਨੇ ਗੱਲਾਂ ਸਾਨੂੰ ਅਮਲੀ ਤੌਰ ਤੇ ਹਰ ਵਕਤ ਕੰਠ ਕਰਵਾਂਦਾ ਰਹਿੰਦਾ ਹੈ। ਇਨ੍ਹਾਂ ਤੋਂ ਲਾਭ ਗ੍ਰਹਿਣ ਕਰਨਾ ਮਨੁੱਖ ਜਾਤੀ ਦੇ ਫਾਇਦੇ ਦੀ ਗੱਲ ਹੈ।

ਬਾਪੂ ਮੁਰਾਰੀ ਹੋਰ ਕਹਿੰਦਾ ਹੈ ਕਿ ਮੈਂ ਦੁਨੀਆ ਵਿਚ ਜਿਥੇ ਕਿਥੇ ਵੀ ਗਿਆ ਹਾਂ ਮੈਨੂੰ ਉਥੇ ਗੁਰੂ ਨਾਨਕ ਦੇਵ ਜੀ ਦੇ ਗੁਰਦਵਾਰੇ ਦੇ ਦੀਦਾਰ ਜ਼ਰੂਰ ਹੋਏ ਹਨ ਇਥੇ ਤਕ ਕਿ ਅਫਰੀਕਾ ਦੇ ਜੰਗਲਾਂ ਵਿਚ ਵੀ ਮੈਨੂੰ ਗੁਰੂ ਨਾਨਕ ਦੇ ਗੁਰਦਵਾਰੇ ਦੇ ਦਰਸ਼ਨ ਹੋਏ ਹਨ। ਉਸ ਸਮੇਂ ਮੇਰੀਆਂ ਅਖਾਂ ਉਨ੍ਹਾਂ ਦੀ ਮਿੱਠੀ ਯਾਦ ਵਿਚ ਖੁਦ-ਬ-ਖੁਦ ਅਸ਼ਕ ਵਹਾਉਣ ਲਗ ਪਈਆਂ। ਉਥੇ ਝੁਲ ਰਹੇ ਕੇਸਰੀ ਨਿਸ਼ਾਨ ਨੇ ਮੈਨੂੰ ਮੋਹ ਲਿਆ। ਇਤਨੇ ਮਹਾਨ ਹਨ ਮੇਰੇ ਗੁਰੂ ਨਾਨਕ ਜਿਨ੍ਹਾਂ ਸੰਗਤ ਤੇ ਪੰਗਤ ਇੱਕਠੀ ਕਰਕੇ ਸਾਰੇ ਭਾਰਤ ਵਾਸੀਆਂ ਨੂੰ ਹੀ ਨਹੀਂ ਸਗੋਂ ਸਮੁਚੇ ਸੰਸਾਰ ਨੂੰ ਪਿਆਰ, ਸੇਵਾ ਤੇ ਸਿਮਰਨ ਦੇ ਝੰਡੇ ਥਲੇ ਇੱਕ ਕਰ ਦਿੱਤਾ ਹੈ। ਅਸੀਂ ਉਨ੍ਹਾਂ ਦੇ ਮਾਨਵ ਕਲਿਆਣਕਾਰੀ ਉਪਕਾਰਾਂ ਕਾਰਨ ਸਦਾ ਉਨ੍ਹਾਂ ਦੇ ਰਿਣੀ ਰਹਾਂਗੇ।

ਆਪਣੇ ਸੂਝਵਾਨ ਵਿਖਿਆਨ ਵਿਚ ਗੁਰੂ ਨਾਨਕ ਸਾਹਿਬ ਦੇ ਨਾਲ ਨਾਲ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਗੁਰੂ ਤੇਗ਼ ਬਹਾਦਰ ਸਾਹਿਬ ਦੇ ਬਲੀਦਾਨ ਦੀ ਚਰਚਾ ਕਰਦਿਆਂ ਹੋਇਆਂ ਸਤਿਗੁਰੂ ਨੂੰ ਖਰਾਜੇ ਅਕੀਦਤ ਪੇਸ਼ ਕਰਦਿਆਂ ਮੁਰਾਰੀ ਬਾਪੂ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਵਰਗੀ ਕਿਰਿਆ ਕਿਸ ਨੇ ਕਰਨੀ ਹੈ? ਆਪਣਾ ਬਲੀਦਾਨ ਦੇ ਕੇ ਸਾਰੇ ਭਾਰਤ ਵਾਸੀਆਂ ਦਾ ਸਿਰ ਉਨ੍ਹਾਂ ਨੇ ਗੌਰਵ ਨਾਲ ਉੱਚਾ ਕਰ ਦਿੱਤਾ ਹੈ। ਗੁਰੂ ਜੀ ਦੀ ਕਿਰਪਾ ਸਦਕਾ ਉਨ੍ਹਾਂ ਧਾਰਮਿਕ ਸ਼ਕਤੀਆਂ ਨੂੰ ਬਲ ਮਿਲਿਆ ਹੈ ਜੋ ਜ਼ੁਲਮ ਦੇ ਅੱਗੇ ਅੜ ਕੇ ਖੇਰੂੰ ਖੇਰੂੰ ਤਾਂ ਹੋ ਸਕਦੀਆਂ ਹਨ ਪਰ ਈਨ ਮੰਨ ਕੇ ਜੀਣਾਂ ਸਵੀਕਾਰ ਨਹੀਂ ਕਰ ਸਕਦੀਆਂ। ਮਹਾਨ ਗੁਰੂ, ਗੁਰੂ ਤੇਗ਼ ਬਹਾਦਰ ਨੇ ਇਹ ਸਭ ਕੁਝ ਆਪਣੇ ਪਰਾਣ ਦ੍ਰਿੜ੍ਹਤਾ ਨਾਲ ਨਿਛਾਵਰ ਕਰ ਕੇ ਸਥਾਪਤ ਕੀਤਾ ਹੈ। ਉਨ੍ਹਾਂ ਆਪਣੀ ਇਸ ਇਲਾਹੀ ਸ਼ਹਾਦਤ ਨਾਲ ਭਾਰਤ ਦੀ ਇੱਜ਼ਤ, ਅਣਖ ਤੇ ਸੰਸਕ੍ਰਿਤੀ ਨੂੰ ਬਚਾ ਲਿਆ ਹੈ। ਉਨ੍ਹਾਂ ਦੇ ਸਪੁੱਤਰ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਮਾਲ ਕਰ ਵਖਾਇਆ। ਇਸ ਵਿੱਚ ਕੋਈ ਅਤਕਥਨੀ ਨਹੀਂ ਕਿ ਉਨ੍ਹਾਂ ਵਰਗਾ ਮਹਾਨ ਸਰਬੰਸਦਾਨੀ ਇਸ ਸੰਸਾਰ ਨੇ ਦੋਬਾਰਾ ਪੈਦਾ ਨਹੀਂ ਕੀਤਾ। ਮੁਰਾਰੀ ਜੀ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਦੇਸ਼ਾਂ, ਆਦੇਸ਼ਾਂ, ਉਪਦੇਸ਼ਾਂ ਤੇ ਅਮਲਾਂ ਸਦਕਾ ਭਾਰਤੀ ਸੰਸਕ੍ਰਿਤੀ ਤੇ ਹੋ ਰਹੇ ਹਮਲਿਆਂ ਨੂੰ ਠਲ੍ਹ ਹੀ ਨਹੀਂ ਪਾਈ ਬਲਕਿ ਜਰਵਾਣਿਆਂ ਦੀ ਸ਼ਕਤੀ ਨੂੰ ਨਿਰਜਿੰਦ ਕਰ ਕੇ ਭਾਰਤ ਮਾਤਾ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਿਚ ਬੇਮਿਸਾਲ ਯੋਗਦਾਨ ਪਾਇਆ ਹੈ। **ਗੁਰੂ ਗੋਬਿੰਦ ਸਿੰਘ ਵਰਗਾ ਬਲੀਦਾਨੀ, ਤਿਆਗੀ, ਸੂਰਮਾ ਤੇ ਮਾਨਵ ਮਿੱਤਰ ਕਿਸੇ ਹੋਰ ਸਮਾਜ ਵਿਚ ਨਹੀਂ ਲਭ ਸਕਦਾ। ਇਹ ਮਹਾਨ ਜੋਤ ਕੇਵਲ ਤੇ ਕੇਵਲ ਭਾਰਤ ਦੇ ਵਿਹੜੇ ਵਿਚ ਹੀ ਜਗੀ ਹੈ। ਇਸ ਤੇ ਜਿਤਨਾ ਵੀ ਗੌਰਵ ਕੀਤਾ ਜਾਵੇ, ਉਚਤ ਹੈ।**

ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਦਾ ਵੀ ਬਾਪੂ ਨੇ ਆਪਣੇ ਪਰਵਚਨਾਂ ਵਿਚ ਬੜਾ ਸ਼ਰਧਾ ਮਈ ਤੇ ਉਘੜਵਾਂ ਜ਼ਿਕਰ ਕਰਦਿਆਂ ਕਿਹਾ ਕਿ ਇਹ ਗ੍ਰੰਥ ਭਾਰਤ ਦੀ ਅਜ਼ਮਤ (ਗੌਰਵ) ਹੈ, ਆਤਮਿਕ ਸ਼ਾਂਤੀ ਪ੍ਰਦਾਨ ਕਰਨ ਲਈ ਇਹ ਨਿਰੰਤਰ ਚਸ਼ਮਾ ਹੈ। ਹਰ ਧਰਮ, ਹਰ ਅਕੀਦੇ ਨਾਲ ਸਬੰਧਤ ਸੰਤ ਆਤਮਾਵਾਂ ਦੇ ਮਧੁਰ ਬਚਨਾਂ ਨਾਲ ਇਹ ਸ਼ਿੰਗਾਰਿਆ ਹੋਇਆ ਹੈ ਤੇ ਹਰ ਪਰਕਾਰ ਦੇ ਪ੍ਰਾਣੀ ਨੂੰ ਉਸ ਦੀ ਲੋੜਾ ਤੇ ਤਾਂਘ ਅਨੁਸਾਰ ਇਸ ਵਿਚੋਂ ਰਹਿਨੁਮਾਈ ਤੇ ਅਗਵਾਈ ਮਿਲ ਸਕਦੀ ਹੈ। ਮਾਨਵ ਸੇਵਾ ਲਈ

ਇਸ ਵਿਚ ਬੇਪਨਾਹ ਸੰਦੇਸ਼ ਹਨ ਅਤੇ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਇਸ ਵਿਚ ਵਿਭਿੰਨ ਢੰਗਾਂ ਨਾਲ ਮੂਰਤੀਮਾਨ ਕੀਤਾ ਗਿਆ ਹੈ। ਮੁਰਾਰੀ ਬਾਪੂ ਨੇ ਕ੍ਰਿਪਾ ਨਿਧਾਨ ਕਿਰਪਾਨ ਅਤੇ ਗੁਣ ਪ੍ਰਧਾਨ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਬੜੇ ਜਜ਼ਬਾਤੀ ਬਚਨ ਕਹਿੰਦੇ ਹੋਏ ਫਰਮਾਇਆ **ਕਿ ਗੁਰੂ ਨਾਨਕ ਤੇ ਬਾਕੀ ਗੁਰੂ ਜਨਾਂ ਨੇ ਭਾਰਤ ਵਾਸੀਆਂ ਨੂੰ ਸ਼ਸਤਰ ਤੇ ਸ਼ਾਸਤਰ ਦੋਹਾਂ ਦਾ ਵਰਦਾਨ ਦਿੱਤਾ ਹੈ। ਨਿਰੇ ਸ਼ਸਤਰ ਜ਼ਾਲਮ ਤੇ ਹੱਤਿਆਰੇ ਪੈਦਾ ਕਰਦੇ ਹਨ ਅਤੇ ਨਿਰੇ ਸ਼ਾਸਤਰ ਕੋਮਲ ਇਨਸਾਨ ਸਿਰਜਦੇ ਹਨ ਜੋ ਲੋੜ ਪੈਣ ਤੇ ਸ਼ਸਤਰ ਨਹੀਂ ਚੁਕ ਸਕਦੇ। ਸ਼ਸਤਰ ਤੇ ਸ਼ਾਸਤਰ ਭਾਵ ਸ਼ਕਤੀ ਤੇ ਭਗਤੀ ਦਾ ਸੁਮੇਲ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਘਰ ਵਿਚ ਮਿਲਦਾ ਹੈ। ਇਹ ਜੀਵਨ ਵਿਧੀ ਉਪਯੋਗੀ ਹੈ, ਜ਼ਰੂਰੀ ਹੈ, ਲਾਹੇਵੰਦੀ ਹੈ।**

ਮੁਰਾਰੀ ਬਾਪੂ ਦੀਆਂ ਕਈ ਟੇਪਾਂ ਵਿਚ ਉਨ੍ਹਾਂ ਦੇ ਉਕਤ ਦਰਸ਼ਾਏ ਵਿਚਾਰ ਬੜੀਆਂ ਸੁੱਘੜ ਤੇ ਰੌਚਕ ਉਦਾਹਰਨਾਂ, ਉਪਮਾਵਾਂ ਤੇ ਸਾਖੀਆਂ ਨਾਲ ਜੜ੍ਹਤ ਤੇ ਸੁਸੱਜਤ ਹੋਏ ਮਿਲਦੇ ਹਨ ਜੋ ਹਰ ਕਿਸੇ ਨੂੰ ਇਹ ਕਹਿਣ ਲਈ ਪ੍ਰੇਰਤ ਕਰਦੇ ਹਨ "ਗੁਰੂ ਨਾਨਕ ਤੇਰੀ ਜੈ ਹੋਵੇ, ਬਾਬਾ ਨਾਨਕ ਤੇਰੀ ਜੈ ਹੋਵੇ।"

ਸਰ ਮੁਹੰਮਦ ਇਕਬਾਲ

ਪੂਰਬ ਦੇ ਪ੍ਰਸਿੱਧ ਸ਼ਾਇਰ ਮੌਲਾਨਾ ਇਕਬਾਲ ਦੇ ਦਿਲ ਵਿਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਭਰਪੂਰ ਸ਼ਰਧਾ ਤੇ ਸਤਿਕਾਰ ਸੀ ਅਤੇ ਗੁਰੂ ਸਾਹਿਬ ਦੇ ਸਰਬਪੱਖੀ ਮਾਨਵੀ, ਅਧਿਆਤਮਿਕ ਤੇ ਸਮਾਜਿਕ ਫਲਸਫੇ ਨੂੰ ਵਾਚਣ ਉਪਰੰਤ ਗੁਰੂ ਸਾਹਿਬ ਦੇ ਸਨਮਾਨ ਵਿਚ ਉਹ ਆਪ ਮੁਹਾਰੇ ਕਹਿ ਉਠਿਆ :

ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੈ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਗੁਰੂ ਨਾਨਕ ਦੇਵ ਜੀ ਬਾਰੇ ਇਕਬਾਲ ਇਕ ਹੋਰ ਥਾਂ ਇਵੇਂ ਲਿਖਦਾ ਹੈ: ਪ੍ਰਮਾਤਮਾ ਨੇ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਭਾਰਤ ਨੂੰ ਇਕ ਹੋਰ ਵਰਦਾਨ ਦਿੱਤਾ ਹੈ, ਜਿਨ੍ਹਾਂ ਵਿਚ ਇਕ ਪੈਗ਼ੰਬਰ ਦੇ ਸਾਰੇ ਗੁਣ ਸਨ ਤੇ ਉਹ ਇਕ ਮੁਕੰਮਲ ਤੇ ਕਾਮਲ ਮਹਾਂਪੁਰਸ਼ ਸਨ। ਗੁਰੂ ਸਾਹਿਬ ਦਾ ਇਸ ਸੰਸਾਰ ਵਿਚ ਆਗਮਨ ਕਿਸੇ ਵੀ ਲਿਹਾਜ਼ ਨਾਲ ਪੈਗ਼ੰਬਰ ਅਬਰਾਹਿਮ ਨਾਲੋਂ ਘੱਟ ਮਹੱਤਤਾ ਵਾਲਾ ਨਹੀਂ ਜੋ ਅੱਜ ਤੋਂ 5 ਹਜ਼ਾਰ ਸਾਲ ਪਹਿਲੇ ਸੰਸਾਰ ਤੇ ਪਧਾਰੇ ਸਨ (ਹਵਾਲਾ ਕੇ. ਟੀ. ਲਲਵਾਨੀ ਦੀ ਪੁਸਤਕ 'ਗੁਰੂ ਨਾਨਕ' ਅੰਤਲਾ ਪੰਨਾ)। ਗੁਰੂ ਜੀ ਸਬੰਧੀ ਲਿਖੀ ਇਕ ਇਤਿਹਾਸਕ ਨਜ਼ਮ ਵਿਚ ਇਕਬਾਲ ਨੇ ਗੁਰੂ ਨਾਨਕ ਸਾਹਿਬ ਪ੍ਰਤੀ ਆਪਣਾ ਸਤਿਕਾਰ ਭੇਂਟ ਕਰਦਿਆਂ ਆਖਰੀ ਸ਼ਿਅਰ ਨੂੰ ਇਵੇਂ ਕਲਮਬੰਦ ਕੀਤਾ:

ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦ-ਏ-ਕਾਮਲ ਨੇ ਜਗਾਇਆ ਖ਼ਾਬ ਸੇ।

(ਪੁਸਤਕ ਬਾਂਗਿ ਦਰਾ ਵਿਚੋਂ)

ਇਕਬਾਲ ਨੇ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੇ ਕਾਰਨਾਮੇ

ਪੜ੍ਹ ਕੇ ਦੋ ਗੱਲਾਂ ਬੜੇ ਸਪੱਸ਼ਟ ਰੂਪ ਵਿਚ ਕਹੀਆਂ ਹਨ : ਪਹਿਲੀ ਗੱਲ ਜੋ ਉਸ ਨੇ ਕਹੀ ਹੈ ਉਹ ਇਹ ਹੈ ਕਿ ਅਗਿਆਨਤਾ ਵਿਚੋਂ ਸਭ ਨੂੰ ਜਗਾਉਣ ਵਾਲੇ ਗੁਰੂ ਨਾਨਕ ਹਨ। ਦੂਜੀ ਗੱਲ ਕਹਿਣ ਲਗਿਆਂ ਉਸ ਨੇ ਖ਼ਾਲਸੇ ਨੂੰ ਮੁਗ਼ਲ ਰਾਜ ਦੇ ਪੱਤਣ ਦਾ ਕਾਰਣ ਬਣਾਇਆ ਹੈ। ਉਸ ਨੇ ਸਪੱਸ਼ਟ ਲਿਖਿਆ ਹੈ ਕਿ "ਭਗਤੀ ਤੇ ਸ਼ਕਤੀ, ਇਖਲਾਕ ਤੇ ਵਰਿਆਮਤਾ ਅਜਿਹੀਆਂ ਵਿਲੱਖਣ ਸ਼ਕਤੀਆਂ ਹਨ ਜੋ ਗੁਰੂ ਸਾਹਿਬਾਨ ਨੇ ਖ਼ਾਲਸੇ ਵਿਚ ਭਰੀਆਂ। ਜਦੋਂ ਖ਼ਾਲਸੇ ਨੇ ਇਹ ਧਾਰਨ ਕਰ ਲਈਆਂ ਤਦ ਮੁਗ਼ਲ ਰਾਜ ਜਾਂਦਾ ਰਿਹਾ"। ਇਕਬਾਲ ਵਰਗੇ ਦਾਨਸ਼ਵਰ (ਚਿੰਤਕ) ਦਾ ਮੁਗ਼ਲ ਰਾਜ ਦੇ ਖਾਤਮੇ ਦਾ ਉਕਤ ਕਾਰਨ ਮਿਥਣਾ, ਸਿੱਖ ਸਦਾਚਾਰ ਤੇ ਸੂਰਮਗਤੀ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਨਾ ਹੈ, ਜਿਸ ਤੇ ਯੋਗ ਮਾਣ ਕੀਤਾ ਜਾ ਸਕਦਾ ਹੈ।

'ਇਸਲਾਮ ਦੇ ਐਨਸਾਈਕਲੋਪੀਡੀਆ' ਲਈ ਸਿੱਖਾਂ ਬਾਰੇ ਐਂਟਰੀ ਲਿਖਣ ਲਗਿਆਂ ਇਕਬਾਲ ਗੁਰੂ ਨਾਨਕ ਸਾਹਿਬ ਦੀ ਤਾਰੀਫ ਕਰਦਿਆਂ ਹੋਇਆਂ ਇਹ ਲਿਖਦਾ ਹੈ ਕਿ ਉਨ੍ਹਾਂ ਨੇ ਦੂਰਿਓਂ ਨੇੜਿਓਂ ਲੋਕਾਂ ਨੂੰ ਆਪਣੇ ਵੱਲ ਇਵੇਂ ਖਿੱਚਿਆ ਕਿ ਉਹ ਲੋਕੀ ਉਨ੍ਹਾਂ ਦੇ ਹੀ ਪ੍ਰੇਮੀ ਬਣ ਗਏ ਤੇ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ, ਭਾਵ ਇਹ ਕਿ ਉਹ ਬਹੁਤ ਵੱਡੀ ਚੁੰਬਕੀ ਕਸ਼ਸ਼ ਦੇ ਸਵਾਮੀ ਸਨ।

ਇਕਬਾਲ ਦਾ ਇਕ ਅਜ਼ੀਜ਼ ਦੋਸਤ ਸੱਯਦ ਹਬੀਬ ਸ਼ਾਹ ਪਹਿਲੇ 'ਨਕਾਸ਼' ਤੇ ਫਿਰ ਲਾਹੌਰ ਤੋਂ ਛਪਣ ਵਾਲੀ ਅਖਬਾਰ 'ਸਿਆਸਤ' ਦਾ ਐਡੀਟਰ ਸੀ। ਅੰਗਰੇਜ਼ਾਂ ਦੇ ਖਿਲਾਫ਼ ਅਖ਼ਬਾਰ ਵਿਚ ਕੁਝ ਛਾਪਣ ਕਾਰਨ ਅੰਗਰੇਜ਼ਾਂ ਨੇ ਉਸ ਨੂੰ ਉਸ ਦੇ ਆਪਣੇ ਹੀ ਪਿੰਡ ਜਲਾਲਪੁਰ ਜੱਟਾਂ ਜ਼ਿਲ੍ਹਾ ਗੁਜਰਾਤ ਵਿਚ ਨਜ਼ਰਬੰਦ ਕਰ ਦਿੱਤਾ ਤੇ ਹੁਕਮ ਕੀਤਾ ਕਿ ਉਹ ਘਰੋਂ ਬਾਹਰ ਨਹੀਂ ਨਿਕਲ ਸਕਦਾ ਤੇ ਨਾ ਹੀ ਕਿਸੇ ਅਖ਼ਬਾਰ ਨਾਲ ਪੱਤਰ ਵਿਹਾਰ ਕਰ ਸਕਦਾ ਹੈ। ਇਹ ਅਪਰੈਲ 1919 ਦੀ ਗੱਲ ਹੈ। ਹਬੀਬ ਪਾਸ ਘਰ ਬੈਠਣ ਤੋਂ ਇਲਾਵਾ ਕੋਈ ਚਾਰਾ ਨਾ ਰਿਹਾ। ਉਸ ਨੇ ਇਸ ਵਿਹਲੇ ਸਮੇਂ ਨੂੰ ਵੱਖ ਵੱਖ ਧਰਮਾਂ ਦਾ ਅਧਿਐਨ ਕਰਨ ਤੇ ਲਗਾਇਆ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਬਹੁਤ ਪ੍ਰਭਾਵਤ ਹੋਇਆ। ਉਸਨੇ ਮਨ ਬਣਾਇਆ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਦਾ ਉਰਦੂ ਵਿਚ ਅਨੁਵਾਦ ਕਰ ਕੇ ਲੋਕਾਂ ਨੂੰ ਦਸ ਸਕੇ ਕਿ ਗੁਰੂ ਸਾਹਿਬ ਕਿਤਨੀ ਉਚੀ ਅਧਿਆਤਮਿਕ ਸ਼ਖਸੀਅਤ ਦੇ ਮਾਲਕ ਹਨ ਤੇ ਜਪੁਜੀ ਸਾਹਿਬ ਕਿਤਨੀ ਉੱਚ ਪਾਏ ਦੀ ਅਧਿਆਤਮਿਕ ਬਾਣੀ ਹੈ। ਜਦ ਇਕਬਾਲ ਨੂੰ ਹਬੀਬ ਦੇ ਇਸ ਪ੍ਰੋਗਰਾਮ ਦਾ ਪਤਾ ਲਗਾ ਤਾਂ ਉਸ ਨੇ ਹਬੀਬ ਨੂੰ ਇੱਕ ਟੈਲੀਗਰਾਮ ਭੇਜੀ ਜਿਸ ਵਿੱਚ ਇਹ ਕਿਹਾ, **'ਹਬੀਬ, ਗੁਰੂ ਨਾਨਕ ਸਾਹਿਬ ਦੇ ਜਪੁਜੀ ਦਾ ਉਰਦੂ ਵਿਚ ਅਨੁਵਾਦ ਕਰਨ ਲਗਿਆਂ ਅੱਲ੍ਹਾ ਤੋਂ ਇਹ ਸ਼ਕਤੀ ਮੰਗੀਂ ਕਿ ਤੂੰ ਇਸ ਬਾਣੀ ਨਾਲ ਇਨਸਾਫ ਕਰ ਸਕੇਂ। ਤੂੰ ਜਪੁਜੀ ਸਾਹਿਬ ਨਾਲ ਕਿਸੇ ਹਾਲਤ ਵਿਚ ਵੀ ਪਖਪਾਤੀ ਨਾ ਹੋਵੀਂ ਕਿਉਂਕਿ ਜਿਸ ਮਹਾਨ ਰਚਣਹਾਰੇ ਗੁਰੂ ਨਾਨਕ ਦੇਵ ਨੇ ਇਹ ਬਾਣੀ ਰਚੀ ਹੈ, ਉਸ ਨੇ ਵਡੇ ਤੋਂ ਵਡੇ ਮੁਸਲਮਾਨ ਨਾਲੋਂ ਵੀ ਵੱਧ ਇਸਲਾਮ ਦੀ ਸੇਵਾ ਕੀਤੀ ਹੈ।'**

ਉਂਜ ਜੇ ਇਕਬਾਲ ਹਬੀਬ ਨੂੰ ਇਹ ਹਦਾਇਤ ਨਾ ਵੀ ਕਰਦਾ ਤਦ ਵੀ ਉਸ ਤੋਂ ਇਹ ਆਸ ਰਖੀ ਜਾ ਸਕਦੀ ਸੀ ਕਿ ਉਹ ਹੱਕ ਇਨਸਾਫ਼ ਦਾ ਦਾਮਨ ਜ਼ਰੂਰ ਪਕੜੀ ਰਖਦਾ ਕਿਉਂਕਿ ਮੁਸਲਮਾਨਾਂ ਵਿਚ ਸੱਯਦ ਹੋਣਾ ਬਹੁਤ ਇਜ਼ਤ ਮਾਣ ਵਾਲੀ ਗੱਲ

ਸਮਝੀ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਸੱਯਦ, ਹਜ਼ਰਤ ਮੁਹੰਮਦ ਸਾਹਿਬ ਦੀ ਸਪੁਤਰੀ ਬੀਬੀ ਫ਼ਾਤਮਾ ਦੀ ਔਲਾਦ ਵਿਚੋਂ ਆਏ ਸਮਝੇ ਜਾਂਦੇ ਹਨ ਇਸ ਲਈ ਹੱਕ ਇਨਸਾਫ ਦੀ ਕਾਇਮੀ ਦਾਇਮੀ ਤੇ ਬਰਕਰਾਰੀ ਲਈ ਬੜੇ ਜਫਰ ਜਾਲੇ ਹਨ। ਹਜ਼ਰਤ ਸਾਹਿਬ ਦੇ ਇਤਨੇ ਨੇੜੇ ਦੇ ਸਬੰਧ ਰਖਣ ਵਾਲੇ ਹੋਣ ਕਾਰਨ ਮੁਗ਼ਲ ਬਾਦਸ਼ਾਹਾਂ ਦੇ ਰਾਜ ਕਾਲ ਵਿਚ ਇਨ੍ਹਾਂ ਸੱਯਦਾਂ ਨੂੰ ਹੀ ਸ਼ਾਹੀ ਹਾਥੀ ਦਾ ਮਹਾਵਤ ਨਿਯੁਕਤ ਕੀਤਾ ਜਾਂਦਾ ਸੀ ਅਤੇ ਕੇਵਲ ਸਯਦ ਹੀ ਇਕ ਅਜਿਹਾ ਇਨਸਾਨ ਹੋ ਸਕਦਾ ਸੀ ਜੋ ਬਾਦਸ਼ਾਹ ਵੱਲ ਪਿਠ ਕਰ ਕੇ ਹਾਥੀ ਤੇ ਬੈਠ ਕੇ ਉਸ ਨੂੰ ਹੱਕਣ ਦੀ ਮਜਾਲ ਰਖਦਾ ਸੀ। ਪਰ ਇਤਨੀ ਮਾਣ ਜਨਕ ਪ੍ਰਿਸ਼ਟ ਭੂਮੀ ਦੇ ਧਾਰਨੀ ਹੋਣ ਦੇ ਬਾਵਜੂਦ ਵੀ ਜੇ ਇਕਬਾਲ, ਸੱਯਦ ਹਬੀਬ ਨੂੰ ਇਹ ਤਾੜਨਾ ਕਰਦਾ ਹੈ ਕਿ ਉਹ ਇਸ ਅਨੁਵਾਦ ਦੌਰਾਨ ਗੁਰੂ ਨਾਨਕ ਸਾਹਿਬ ਵੱਲ ਪੱਖਪਾਤੀ ਨਜ਼ਰੀਆ ਨਾ ਰਖੇ ਤਾਂ ਇਸ ਤੋਂ ਇਹ ਗੱਲ ਵਿਸ਼ੇਸ਼ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਇਕਬਾਲ ਗੁਰੂ ਨਾਨਕ ਸਾਹਿਬ ਨੂੰ ਆਪਣੇ ਦਿਲ ਵਿਚ ਬਹੁਤ ਮਹਾਨ ਸਥਾਨ ਦੇਂਦਾ ਸੀ। ਇਸ ਦਾ ਕਾਰਨ ਸਪੱਸ਼ਟ ਰੂਪ ਵਿਚ ਇਹੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੇਵਲ ਹਿੰਦੂਆਂ ਸਿੱਖਾਂ ਨੂੰ ਹੀ ਚੰਗਾ ਇਨਸਾਨ ਬਣਨ ਦੇ ਉਪਦੇਸ਼ ਨਹੀਂ ਦਿੱਤੇ ਸਗੋਂ ਮੁਸਲਮਾਨਾਂ ਨੂੰ ਵੀ ਲੋੜ ਪੈਣ ਤੇ ਥਾਂ ਪਰ ਥਾਂ ਨਸੀਅਤਾਂ ਤੇ ਹਦਾਇਤਾਂ ਕੀਤੀਆਂ ਹਨ। ਉਨ੍ਹਾਂ ਨੇ ਬਾਬਰ ਵਰਗੇ ਜਰਵਾਣੇ ਹਮਲਾਵਰ ਨੂੰ ਇਥੇ ਤਕ ਕਹਿਣ ਵਿਚ ਸੰਕੋਚ ਨਹੀਂ ਕੀਤਾ ਕਿ ਉਹ ਤਾਂ ਪਾਪ ਦੀ ਜੰਞ ਕਾਬਲ ਤੋਂ ਚੜਾਅ ਕੇ ਹਿੰਦੁਸਤਾਨ ਨੂੰ ਲੁੱਟਣ ਆਇਆ ਹੈ ਤੇ ਇਨਸਾਨੀਅਤ ਇਸ ਨੇ ਛਿਕੇ ਤੇ ਟੰਗ ਦਿੱਤੀ ਹੈ। ਮੁਸਲਮਾਨ ਹੋਣ ਬਾਰੇ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਮੁਸਲਮਾਨ ਕਹਾਵਣਾ ਬੜਾ ਔਖਾ ਹੈ ਕਿਉਂਕਿ ਸੱਚਾ ਮੁਸਲਮਾਨ ਉਹ ਹੈ "ਜੋ ਪ੍ਰਭੂ ਦੇ ਭਗਤਾਂ ਦੇ ਧਰਮ ਨੂੰ ਮਿਠੜਾ ਕਰਕੇ ਜਾਣੇ ਅਤੇ ਆਪਣੇ ਧਨ ਦੌਲਤ ਦੇ ਘੁਮੰਡ ਹੰਕਾਰ ਨੂੰ ਰੇਤੀ ਨਾਲ ਖੁਰਚ ਕੇ ਮਿਟਾ ਦੇਵੇ। ਮੌਤ ਤੇ ਜ਼ਿੰਦਗੀ ਦੇ ਵਹਿਮਾਂ ਭਰੇ ਚਕਰਾਂ ਤੋਂ ਬੇਨਿਆਜ਼ ਹੋ ਜਾਵੇ ਤੇ ਉਨ੍ਹਾਂ ਨੂੰ ਦੂਰ ਕਰ ਦੇਵੇ। ਉਹ ਵਾਹਿਗੁਰੂ ਦੇ ਭਾਣੇ ਨੂੰ ਸਚੇ ਦਿਲੋਂ ਪਰਵਾਨ ਕਰੇ ਤੇ ਉਸ ਦੀ ਉਪਾਸ਼ਨਾ ਕਰੇ ਅਤੇ ਸਮੂਹ ਪ੍ਰਾਣ-ਧਾਰੀਆਂ ਉਤੇ ਮਿਹਰਬਾਨ ਹੋਵੇ, ਹਮਦਰਦ ਹੋਵੇ। ਗੁਰੂ ਗ੍ਰੰਥ ਸਾਹਿਬ ਦੇ ਪੰਨਾ *141 ਤੇ ਗੁਰੂ ਨਾਨਕ ਦੇਵ ਜੀ ਦਾ ਇਸ ਪ੍ਰਥਾਏ ਸ਼ਬਦ ਰੂਪ ਵਿੱਚ ਫਰਮਾਨ, ਸਵੈ-ਸਪਸ਼ੱਟ ਹੈ ਜਿਸ ਦੇ ਬੋਲ ਇਵੇਂ ਹਨ :-

ਮੁਸਲਮਾਣੁ ਕਹਾਵਣੁ ਮੁਸਕਲੁ
ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ (ਪਹਿਲਾ) **ਅਉਲਿ** (ਫਕੀਰ) **ਦੀਨੁ ਕਰਿ ਮਿਠਾ**
ਮਸਕਲ ਮਾਨਾ ਮਾਲੁ ਮੁਸਾਵੈ (ਲੁਟਾ ਦੇਵੇ)॥
ਹੋਇ ਮੁਸਲਿਮੁ ਦੀਨ ਮੁਹਾਣੈ (ਆਗੂ)
ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪ ਗਵਾਵੈ॥

*ਪੁਸਤਕ ਵਿੱਚ ਗੁਰਬਾਣੀ ਦੀ ਪੰਗਤੀ ਦੇ ਅੱਗੇ ਬਰੈਕਟਾਂ ਵਿੱਚ ਜੋ ਪੰਨਾ ਦਿੱਤਾ ਗਿਆ ਹੈ ਉਸ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਹੈ।

ਤਉ ਨਾਨਕ ਸਰਬ ਜੀਆ ਮਿਹਰੰਮਤਿ (ਦਇਆ ਕਰੇ)
ਹੋਇ ਤ ਮੁਸਲਮਾਣੁ ਕਹਾਵੈ॥

ਗੁਰੂ ਸਾਹਿਬ ਨੇ ਇਕ ਸਹੀ ਮੁਸਲਮਾਨ ਦਾ ਕਿਤਨਾ ਸੁਹਣਾ ਤੇ ਸੱਚਾ ਖਾਕਾ ਖਿਚਿਆ ਹੈ। ਇਥੇ ਹੀ ਬਸ ਨਹੀਂ, ਭਾਈ ਗੁਰਦਾਸ ਜੀ ਨੇ ਆਪਣੀ ਲਿਖੀ ਇਕ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੀ ਮੱਕੇ ਦੇ ਹਾਜੀਆਂ ਨਾਲ ਮੱਕੇ ਵਿਖੇ ਹੋਈ ਗੱਲਬਾਤ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਮੱਕੇ ਵਿਖੇ ਕਾਜ਼ੀ, ਮੁੱਲਾਂ,ਹਾਜੀ ਇੱਕਠੇ ਹੋ ਕੇ ਗੁਰੂ ਸਾਹਿਬ ਤੋਂ ਪੁਛਦੇ ਹਨ ਕਿ ਇਹ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਹਿੰਦੂ ਵੱਡੇ ਹਨ ਜਾਂ ਮੁਸਲਮਾਨ। ਉੱਤਰ ਵਿਚ ਉਨ੍ਹਾਂ ਫਰਮਾਇਆ ਕਿ ਚੰਗੇ ਅਮਲਾਂ ਤੋਂ ਬਿਨਾਂ ਦੋਨੋਂ ਰੋਣਗੇ।

ਪੁਛਣ ਖੋਹਲ ਕਿਤਾਬ ਨੂੰ ਵੱਡਾ ਹਿੰਦੂ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ॥

ਬੇਈਂ ਨਦੀ ਵਿਚ ਤਿੰਨ ਦਿਨ ਅਲੋਪ ਰਹਿਣ ਮਗਰੋਂ ਜਦ ਗੁਰੂ ਨਾਨਕ ਦੇਵ ਜੀ ਦੋਬਾਰਾ ਪ੍ਰਗਟ ਹੋਏ ਤਾਂ ਉਨ੍ਹਾਂ ਨੇ ਸਪਸ਼ੱਟ ਕਿਹਾ ਕਿ ਨਾ ਉਹ ਹਿੰਦੂ ਹਨ ਨਾ ਮਸੁਲਮਾਨ ਕਿਉਂਕਿ ਇਹ ਦੋਵੇਂ ਆਪਣੇ ਮੁੱਖ ਲਕਸ਼ ਤੋਂ ਟੁਟੇ ਹੋਏ ਹਨ। ਲੋੜ ਚੰਗਾ ਇਨਸਾਨ ਬਣਨ ਦੀ ਹੈ। ਗੁਰੂ ਸਾਹਿਬ ਦੇ ਇਸ ਵਿਸ਼ਾਲ ਮਨੁਖਤਾਵਾਦੀ ਦਰਿਸ਼ਟੀਕੋਨ ਨੂੰ ਦੇਖਦਿਆਂ ਹੋਇਆਂ ਹੀ ਸਾਧੂ ਟੀ. ਐਲ. ਵਸਵਾਨੀ ਨੇ ਉਨ੍ਹਾਂ ਨੂੰ **"ਜਨ ਸਮੂਹ ਦੇ ਪੈਗ਼ੰਬਰ"** ਕਿਹਾ ਹੈ। ਉਨ੍ਹਾਂ ਦੀ ਸਰਬ ਵਿਸ਼ਾਲ ਫਿਲਾਸਫੀ ਕਾਰਨ ਹੀ ਇਕਬਾਲ ਦੇ ਦਿਲ ਵਿਚ ਉਨ੍ਹਾਂ ਬਾਰੇ ਅਥਾਹ ਪਿਆਰ ਤੇ ਸਤਿਕਾਰ ਹੈ ।ਸ਼ਾਇਦ ਇਹੀ ਕਾਰਨ ਹੋਵੇਗਾ ਜਿਸ ਨੇ ਇਤਿਹਾਸਕਾਰ ਰਾਬਰਟ ਰਸਟ ਨੂੰ ਇਹ ਲਿਖਣ ਲਈ ਮਜਬੂਰ ਕੀਤਾ ਹੋਵੇ ਕਿ ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਇਹ ਗੱਲ ਕੇਵਲ ਤੇ ਕੇਵਲ ਗੁਰੂ ਨਾਨਕ ਦੇਵ ਜੀ ਦੇ ਹੀ ਹਿਸੇ ਆਈ ਹੈ ਕਿ ਉਨ੍ਹਾਂ ਦੇ ਅਕਾਲ ਚਲਾਣੇ ਮਗਰੋਂ ਉਨ੍ਹਾਂ ਦੇ ਅੰਤਮ ਸੰਸਕਾਰ ਦੀਆਂ ਰਸਮਾਂ ਦੋ ਧਰਮਾਂ (ਹਿੰਦੂ ਤੇ ਮੁਸਲਮਾਨ) ਦੇ ਰੂਪ ਵਿਚ ਅਦਾ ਕੀਤੀਆਂ ਗਈਆਂ ਹਨ। ਇਹ ਹੈ ਗੁਰੂ ਨਾਨਕ ਸਾਹਿਬ ਦੀ ਸਰਬਪੱਖੀ ਮਹਾਨਤਾ ਦੀ ਸੰਖੇਪ ਜਹੀ ਝਲਕ।

ਇਕਬਾਲ ਵਾਂਗ ਹੋਰ ਵੀ ਜਿਨ੍ਹਾਂ ਗੈਰ-ਸਿੱਖ ਵਿਦਵਾਨਾਂ, ਖੋਜਕਾਰਾਂ, ਇਤਿਹਾਸਕਾਰਾਂ ਨੇ ਗੁਰੂ ਨਾਨਕ ਦੇਵ ਜੀ ਗੁਰੂ ਗੋਬਿੰਦ ਸਿੰਘ ਸਾਹਿਬ, ਗੁਰੂ ਗ੍ਰੰਥ ਸਾਹਿਬ, ਗੁਰਸਿੱਖੀ ਅਤੇ ਦਰਬਾਰ ਸਾਹਿਬ (ਗੋਲਡਨ ਟੈਂਪਲ) ਬਾਰੇ ਆਪਣੀਆਂ ਲਿਖਤਾਂ ਜਾਂ ਬੋਲਾਂ ਦੁਆਰਾ ਆਪਣੇ ਜੋ ਵੀ ਵਿਚਾਰ ਪ੍ਰਗਟਾਏ ਹਨ, ਉਨ੍ਹਾਂ ਦਾ ਸੰਖੇਪ ਵਰਨਣ ਨਿਮਨ ਦਰਜ ਕੀਤਾ ਜਾਂਦਾ ਹੈ ਤਾਂ ਜੋ ਸਿੱਖੀ ਦੀ ਮਹਾਨਤਾ ਦਾ ਸਰੂਪ ਉਜਾਗਰ ਹੋ ਕੇ ਸਭ ਦੇ ਸਾਹਮਣੇ ਉਘੜ ਸਕੇ। ਕਿਉਂਕਿ ਗੈਰ-ਸਿੱਖ ਵਿਦਵਾਨਾਂ ਨੇ ਇਸ ਬਾਰੇ ਜੋ ਕੁਝ ਕਿਹਾ ਜਾਂ ਲਿਖਿਆ ਹੈ ਉਸ ਵਿਚ ਉਹ ਰਸਮੀ ਸ਼ਰਧਾ ਨਹੀਂ ਹੈ ਜੋ ਇਕ ਉਸ ਸ਼ਰਧਾਲੂ ਵਿਚ ਹੋਣੀ ਸੁਭਾਵਕ ਹੈ ਜੋ ਖ਼ੁਦ ਸਿੱਖ ਧਰਮ ਦਾ ਪੈਰੋਕਾਰ ਹੈ, ਇਸ ਲਈ ਗ਼ੈਰ-ਸਿੱਖ ਸਜਣਾਂ ਦਾ ਸਿੱਖ ਧਰਮ ਬਾਰੇ ਅਨੁਮਾਨ ਹਰ ਕਿਸੇ ਨੂੰ ਅਸਲੀਅਤ ਤੇ ਅਧਾਰਤ ਅਤੇ ਮੰਨਣਯੋਗ ਲਗੇਗਾ ਕਿਉਂਕਿ ਇਹ ਸੰਕੋਚਵਾਂ ਤੇ ਵਧੇਰੇ ਨਿਰਪੱਖ ਹੋਣਾ ਸੁਭਾਵਕ ਹੈ।

ਅਚਾਰੀਆ ਵਿਨੋਭਾ ਭਾਵੇ

ਪ੍ਰਸਿੱਧ ਰਾਗੀ ਸਵਰਗਵਾਸੀ ਭਾਈ ਧਰਮ ਸਿੰਘ ਜ਼ਖਮੀ ਇਕ ਵਾਰੀ ਭੂਮੀ ਦਾਨ ਲਹਿਰ ਦੇ ਮੋਢੀ ਅਚਾਰੀਆ ਵਿਨੋਭਾ ਭਾਵੇ ਨੂੰ ਮਿਲਣ ਲਈ ਗਏ। ਜਦ ਅਚਾਰੀਆ ਜੀ ਨੂੰ ਇਹ ਪਤਾ ਲੱਗਾ ਕਿ ਭਾਈ ਸਾਹਿਬ ਗੁਰਬਾਣੀ ਦੇ ਸੁਲਝੇ ਹੋਏ ਗਾਇਕ ਹਨ ਤਾਂ ਉਹ ਬਿਹਬਲ ਜਹੇ ਹੋ ਗਏ ਤੇ ਉਨ੍ਹਾਂ ਨੇ ਯਕਦਮ ਭਾਈ ਸਾਹਿਬ ਅੱਗੇ ਫਰਮਾਇਸ਼ ਕਰ ਦਿੱਤੀ ਕਿ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਰਚੀ ਆਰਤੀ **"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ"** ਗਾ ਕੇ ਸੁਣਾ ਕੇ ਕਿਰਤਾਰਥ ਕੀਤਾ ਜਾਵੇ। ਭਾਈ ਸਾਹਿਬ ਨੇ ਜਦ ਆਰਤੀ ਵਾਲਾ ਉਕਤ ਸ਼ਬਦ ਗਾਇਆ ਤਾਂ ਅਚਾਰੀਆ ਜੀ ਅਨੰਦ ਦੀ ਅਵਸਥਾ ਵਿਚ ਪਹੁੰਚ ਗਏ। ਉਹ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਇਕ ਇੱਕ ਅੱਖਰ ਤੇ ਸ਼ਬਦ ਨੂੰ ਸੁਣ ਸੁਣ ਕੇ ਇਹ ਕਹਿ ਰਹੇ ਸਨ ਕਿ ਵਾਹਿਗੁਰੂ ਦੀ ਉਪਮਾ ਵਿਚ ਇਸ ਤੋਂ ਘਟ ਆਰਤੀ ਕਰਨੀ ਸੋਭਦੀ ਹੀ ਨਹੀਂ। ਇਹ ਗੁਰੂ ਨਾਨਕ ਦੇਵ ਜੀ ਦੀ ਮਹਾਨ ਵਿਸ਼ਾਲਤਾ ਹੈ ਜਿਨ੍ਹਾਂ ਸਾਰੇ ਹੀ ਗਗਨ ਮੰਡਲ ਨੂੰ ਥਾਲ ਸਮਝਿਆ ਹੈ, ਚੰਨ ਤਾਰੇ ਤੇ ਸੂਰਜ ਉਸ ਵਿਚ ਦੀਵੇ ਰਖੇ ਹਨ ਤੇ ਸਾਰੀ ਬਨਸਪਤੀ ਦੀ ਖੁਸ਼ਬੂ ਨੂੰ ਅਕਾਲਪੁਰਖ ਦੀ ਆਰਤੀ ਲਈ ਅਗਰਬਤੀ ਵਜੋਂ ਸਮਝਿਆ ਹੈ । ਕਿਉਂਕਿ ਇਸ ਆਰਤੀ ਵਿਚ ਸਾਰਾ ਸੰਸਾਰ ਸ਼ਾਮਲ ਹੋ ਜਾਂਦਾ ਹੈ ਇਸ ਲਈ ਇਹ ਆਰਤੀ ਕਿਸੇ ਇਕ ਫਿਰਕੇ ਦੀ ਨਹੀਂ, ਸਾਰੀ ਮਖ਼ਲੂਕਾਤ, ਸਾਰੀ ਮਾਨਵਤਾ ਦੀ ਹੈ। ਧੰਨ ਹਨ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਦਾ ਨਜ਼ਰੀਆ ਇਤਨਾ ਵਿਸ਼ਾਲ ਹੈ। ਇਸ ਮਹਾਨ ਗੁਰੂ ਨੂੰ ਪ੍ਰਣਾਮ।

ਤੂੰ ਸਾਗਰੋ ਰਤਨਾਗਰੋ
ਹਉ ਸਾਰ ਨ ਜਾਣਾ ਤੇਰੀ ਰਾਮ ॥ (ਮ-5, ਪੰਨਾ-779)

ਸ੍ਰੀ ਰਾਬਿੰਦਰ ਨਾਥ ਟੈਗੋਰ

ਨੋਬਿਲ ਇਨਾਮ ਜੇਤੂ ਸ੍ਰੀ ਰਾਬਿੰਦਰ ਨਾਥ ਟੈਗੋਰ, ਜਿਨ੍ਹਾਂ ਦਾ ਲਿਖਿਆ ਗੀਤ 'ਜਨ ਗਨ ਮਨ.....' ਭਾਰਤ ਦਾ ਕੌਮੀ ਤਰਾਨਾ ਬਣਿਆ ਹੈ, ਪਾਸੋਂ ਕਹਿੰਦੇ ਹਨ ਜਦ ਇਹ ਪੁਛਿਆ ਗਿਆ ਕਿ ਜੇਕਰ ਤੁਹਾਨੂੰ ਕੋਈ ਇਹ ਪੁਛੇ ਕਿ ਵਿਸ਼ਵ ਭਰ ਲਈ ਜੇ ਇਕ ਅੰਤਰ ਰਾਸ਼ਟਰੀ ਕੌਮੀ ਗੀਤ ਚਾਹੀਦਾ ਹੋਵੇ, ਜਿਸ ਵਿਚ ਸਮੁਚੇ ਸੰਸਾਰ ਦੇ ਪਸਾਰੇ ਦੀ ਤਰਜਮਾਨੀ ਹੋ ਸਕੇ ਤਾਂ ਅਜਿਹਾ ਵਿਸ਼ਵ ਕੌਮਾਂਤਰੀ ਗੀਤ ਕਿਹੋ ਜਿਹਾ ਹੋ ਸਕਦਾ ਹੈ? ਤਾਂ ਇਸ ਦੇ ਉੱਤਰ ਵਿਚ ਵੀ ਟੈਗੋਰ ਦੀ ਨਜ਼ਰ **'ਗਗਨ ਮੈ ਥਾਲੁ ਰਵਿ ਚੰਦੁ'** ਵਾਲੇ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਇਸੇ ਸ਼ਬਦ ਵਲ ਹੀ ਗਈ ਜਿਸ ਵਿਚ ਉਨ੍ਹਾਂ ਦੇ ਕਥਨ ਅਨੁਸਾਰ ਗੁਰੂ ਜੀ ਨੇ ਅਕਾਲਪੁਰਖ ਦੀ ਸਰਬ ਵਿਆਪੀ ਤੇ ਸਰਬ-ਸ਼ਕਤੀਮਾਨ ਹਸਤੀ ਦੀ ਬਹੁਤ ਹੀ ਵਿਸ਼ਾਲ ਤੇ ਪ੍ਰਸੰਸਾਜਨਕ ਢੰਗ ਨਾਲ ਅਰਾਧਨਾ ਕੀਤੀ ਹੈ। ਇਸ ਆਰਤੀ ਵਾਲੇ ਸ਼ਬਦ ਨੂੰ ਉਹ ਵਿਸ਼ਵ ਸਾਹਿਤ ਦਾ ਸਭ ਤੋਂ ਸੁਹਣਾ ਸਿਰਜਿਆ ਕਾਵਿਕ ਟੁਕੜਾ ਮੰਨਦੇ ਹੋਏ ਬਲਿਹਾਰੇ ਜਾਂਦੇ ਕਹਿੰਦੇ ਸਨ ਕਿ ਗੁਰੂ ਨਾਨਕ ਸਾਹਿਬ ਦੀ ਕਿਆ ਕਮਾਲ ਹੈ ਜਿਨ੍ਹਾਂ ਨੇ ਇਸ ਨਿੱਕੇ ਜਿਹੇ ਇਲਾਹੀ ਗੀਤ ਵਿਚ ਹੀ ਸਾਰੀ ਕਾਇਨਾਤ ਨੂੰ ਅਕਾਲਪੁਰਖ ਦੀ ਹੈਰਾਨ

ਕਰ ਦੇਣ ਵਾਲੀ ਸ਼ਾਨ ਨਾਲ ਇਕ ਸੁਰ ਹੋ ਕੇ ਨਚਦੇ ਟਪਦੇ ਤੇ ਖੇਡਦੇ ਪੇਸ਼ ਕਰ ਦਿੱਤਾ ਹੈ (ਹਵਾਲਾ ਲਲਵਾਨੀ ਦੀ ਪੁਸਤਕ 'ਗੁਰੂ ਨਾਨਕ', ਪੰਨਾ-17)। ਜੇ ਸ੍ਰੀ ਟੈਗੋਰ ਦੀਆਂ ਨਜ਼ਰਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਸਾਰੀ ਲੋਕਾਈ ਦੀ ਤਰਜਮਾਨੀ ਕਰਨ ਦੀ ਮਹੱਤਤਾ ਰਖਦਾ ਹੈ ਤਾਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਜਵਲਤ ਸ਼ਬਦ ਜੋਤ ਸਹਿਜੇ ਹੀ ਮਨੁੱਖ ਮਾਤਰ ਨੂੰ ਉਹ ਸਭ ਕੁਝ ਪ੍ਰਦਾਨ ਕਰ ਸਕਦੀ ਹੈ ਜਿਸ ਦੀ ਪ੍ਰਾਪਤੀ ਲਈ ਉਸ ਦੀ ਆਤਮਾ ਵਿਆਕੁਲ ਹੈ।

ਜਿਥੋਂ ਤਕ ਟੈਗੋਰ ਦਾ ਸਬੰਧ ਹੈ ਉਹ ਸਿੱਖ ਧਰਮ ਤੇ ਇਸ ਦੇ ਸ਼ਾਨਦਾਰ ਅਮਲੀ ਫਲਸਫੇ ਤੋਂ ਜ਼ਿੰਦਗੀ ਭਰ ਬਹੁਤ ਮੁਤਾਸਰ ਰਹੇ ਹਨ। ਉਹ ਜਦ ਵੀ ਪੰਜਾਬ ਆਉਂਦੇ ਵਿਸ਼ੇਸ਼ ਰਾਗੀ ਜਥਿਆਂ ਤੋਂ ਗੁਰਬਾਣੀ ਕੀਰਤਨ ਸਰਵਣ ਕਰਕੇ ਆਪਣੀ ਆਤਮਾ ਨੂੰ ਤ੍ਰਿਪਤ ਕਰਦੇ । ਸਿੱਖ ਧਰਮ ਤੇ ਸਿੱਖ ਗੁਰੂਆਂ ਦੀ ਕਰਮ ਭੂਮੀ ਪੰਜਾਬ ਪ੍ਰਤੀ ਡੂੰਘੇ ਸਨੇਹ ਸਦਕਾ ਹੀ ਉਨ੍ਹਾਂ ਦੀਆਂ ਲਿਖਤਾਂ ਵਿਚ ਗੁਰੂ ਸਾਹਿਬਾਨ ਅਤੇ ਪੰਜਾਬ ਬਾਰੇ ਭਰਪੂਰ ਛੋਹਾਂ ਮਿਲਦੀਆਂ ਹਨ। ਕੌਮੀ ਤਰਾਨੇ ਵਿਚ ਵੀ ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬ ਦਾ ਹੀ ਜ਼ਿਕਰ ਕਰਕੇ ਇਸ ਪ੍ਰਤੀ ਆਪਣੇ ਸਨੇਹ ਦਾ ਪ੍ਰਗਟਾਵਾ ਕੀਤਾ ਹੈ। 1919 ਦੇ ਜਲ੍ਹਿਆਂ ਵਾਲੇ ਬਾਗ਼ ਦੇ ਘਿਨੌਣੇ ਸਾਕੇ ਦੀ ਖਬਰ ਜਦ ਸ੍ਰੀ ਟੈਗੋਰ ਪਾਸ ਪਹੁੰਚੀ ਤਾਂ ਉਹ ਪੰਜਾਬੀਆਂ (ਜਿਨ੍ਹਾਂ ਵਿਚ ਬਹੁਤੇ ਸਿੱਖ ਸਨ) 'ਤੇ ਹੋਏ ਇਸ ਅਤਿਆਚਾਰ ਉਤੇ ਤੜਪ ਉਠੇ ਅਤੇ ਇਕ ਬਹੁਤ ਹੀ ਜਜ਼ਬਾਤੀ ਪਰ ਪੁਰਦਲੀਲ ਪੱਤਰ ਦੁਆਰਾ ਅੰਗਰੇਜ਼ ਸਰਕਾਰ ਨੂੰ ਆਪਣਾ ਨਾਈਟ-ਹੁਡ ਦਾ ਮਿਲਿਆ ਖਿਤਾਬ ਵਾਪਸ ਕਰਦਿਆਂ ਇਹ ਲਿਖਿਆ ਕਿ ਇਹ ਖਿਤਾਬ ਮੇਰੇ ਲਈ ਬਾਇਸ ਸ਼ਰਮ ਹੈ ਕਿਉਂਕਿ ਇਹ ਉਸ ਅੰਗਰੇਜ਼ ਸਰਕਾਰ ਦਾ ਦਿੱਤਾ ਹੋਇਆ ਹੈ ਜਿਸ ਨੇ ਮੇਰੇ ਨਿਹੱਥੇ ਪੰਜਾਬੀ ਵੀਰਾਂ ਦਾ ਕਤਲੇਆਮ ਕਰਕੇ ਆਪਣੇ ਹਥ ਖ਼ੂਨ ਨਾਲ ਰੰਗੇ ਹਨ।

ਇਸ ਸਾਕੇ ਨੇ ਉਨ੍ਹਾਂ ਦੇ ਦਿਲ ਵਿਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਪ੍ਰਤੀ ਵਧੇਰੀ ਸ਼ਰਧਾ ਭਾਵਨਾ ਉਜਾਗਰ ਕੀਤੀ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੇ ਕਈ ਕਵਿਤਾਵਾਂ ਸਿੱਖ ਸੂਰਮਿਆਂ ਦੀ ਸ਼ਾਨ ਵਿਚ ਤੇ ਸਿੱਖ ਗੁਰੂ ਸਾਹਿਬਾਨ ਦੇ ਸਤਿਕਾਰ ਵਿਚ ਲਿਖੀਆਂ ਜਿਨ੍ਹਾਂ ਨੇ ਆਪਣੀ ਅਪਾਰ ਦ੍ਰਿਸ਼ਟੀ ਤੇ ਉਦਮਾਂ ਸਦਕਾ ਮੁਰਦਾ ਹੋਏ ਭਾਰਤੀਆਂ ਦੀ ਅਣਖ ਨੂੰ ਜਗਾ ਕੇ ਇਕ ਲਾਮਿਸਾਲੀ ਕੌਮ ਦੇ ਰੂਪ ਵਿਚ ਉਸ ਨੂੰ ਭਾਰਤ ਦੇ ਨਕਸ਼ੇ ਤੇ ਰੂਪਮਾਨ ਕਰ ਦਿੱਤਾ ਸੀ। ਆਪਣੀ 'ਬੰਦਾਦਿਰ' ਨਾਮੀ ਕਵਿਤਾ ਵਿਚ ਟੈਗੋਰ ਸਾਹਿਬ ਨੇ ਬੰਦਾ ਸਿੰਘ ਬਹਾਦਰ ਦੇ ਦਲੇਰਾਨਾ ਕਾਰਨਾਮਿਆਂ ਦਾ ਡਾਢਾ ਸੁਹਣਾ ਚਿਤਰਣ ਕੀਤਾ। ਉਸ ਦੇ ਬੰਦੀ ਬਣਾਏ ਜਾਣ ਤੇ ਉਸ ਨਾਲ ਕੈਦ ਕੀਤੇ ਗਏ 700 ਹੋਰ ਸਿੱਖ ਸੂਰਮਿਆਂ ਨੂੰ 100, 100 ਦੇ ਹਿਸਾਬ ਨਾਲ ਰੋਜ਼ ਕਤਲ ਕੀਤੇ ਜਾਣ ਦੀ ਦਾਸਤਾਨ ਅੰਕਤ ਕਰਦਿਆਂ ਸਿੱਖਾਂ ਦੀ ਬੇਪਨਾਹ ਦਲੇਰੀ ਤੇ ਧਾਰਮਿਕ ਉਚਤਾ ਦਾ ਭਰਪੂਰ ਵਰਨਣ ਕੀਤਾ। ਸ੍ਰੀ ਟੈਗੋਰ ਦੀ ਇਸ ਨਜ਼ਮ ਅਨੁਸਾਰ ਜਦ ਬੰਦਾ ਸਿੰਘ ਬਹਾਦਰ ਨੂੰ ਮੁਗ਼ਲਾਂ ਦੇ ਜਬਰ ਥਲੇ ਆਪਣੇ ਸਤ ਸਾਲਾ ਬੱਚੇ ਅਜੈਪਾਲ ਸਿੰਘ ਨੂੰ ਆਪ ਕਤਲ ਕਰਨਾ ਪਿਆ ਤਾਂ ਉਹ ਆਪਣੇ ਗੁਰੂ ਦੇ ਦਸੇ ਉਪਦੇਸ਼ਾਂ ਤੇ ਚਲਦਿਆਂ ਹੋਇਆਂ ਅਡੋਲ ਚਿਤ ਰਿਹਾ ਤੇ ਬੱਚੇ ਨੂੰ ਕਤਲ ਕਰਨ ਸਮੇਂ ਉਸ ਨੇ **'ਆਪਿ ਹਰ ਇਕ ਰੰਗ ਹੈ ਆਪੇ ਬਹੁ ਰੰਗੀ, ਜੋ ਤਿਸ ਭਾਵੈ ਨਾਨਕਾ ਸਾਈ ਗਲ ਚੰਗੀ'** (ਪੰਨਾ -726) ਦੇ ਉਪਦੇਸ਼ਾਂ

ਤੇ ਚਲਦਿਆਂ ਹੋਇਆਂ ਇਹੀ ਸ਼ਬਦ ਉਚਾਰੇ 'ਜੈ ਗੁਰੂ ਜੀ ਦੀ'। ਇਹ ਗੁਰੂ ਦੇ ਸਿੱਖ ਵਲੋਂ ਕੀਤੀ ਕੁਰਬਾਨੀ ਦੀ ਕਿਆ ਉਤਮ ਮਿਸਾਲ ਹੈ। ਟੈਗੋਰ ਦੀ ਇਹ ਕਵਿਤਾ ਨਮੂਨੇ ਵਜੋਂ ਪੁਸਤਕ ਦੇ ਅੰਤ ਤੇ ਅੰਕਤ ਕੀਤੀ ਗਈ ਹੈ। ਸ਼ਹਾਦਤ ਤੇ ਦਲੇਰੀ ਦੀ ਲਾਮਿਸਾਲ ਮਿਸਾਲ ਹੋਣ ਕਾਰਨ ਬੰਦਾ ਸਿੰਘ ਦੀ ਬਹਾਦਰੀ ਨਾਲ ਸਬੰਧਤ ਇਹ ਕਵਿਤਾ ਬੰਗਾਲ ਪ੍ਰਾਂਤ ਦੇ ਹਰ ਵਿਦਿਆਰਥੀ ਨੂੰ ਸਕੂਲ ਵਿਚ ਜ਼ਬਾਨੀ ਯਾਦ ਕਰਵਾਈ ਜਾਂਦੀ ਹੈ। ਕੀ ਇਹ ਸਿੱਖੀ ਦੀ ਸ਼ਾਨ ਨਹੀਂ?

ਆਪਣੀ ਦੂਜੀ ਅਜਿਹੀ ਕਵਿਤਾ ਟੈਗੋਰ ਨੇ ਭਾਈ ਤਾਰੂ ਸਿੰਘ ਸ਼ਹੀਦ ਬਾਰੇ ਲਿਖੀ ਤੇ ਬੜੇ ਹੀ ਭਾਵਪੂਰਵਕ ਢੰਗ ਨਾਲ ਉਨ੍ਹਾਂ ਦੀ ਉਚੀ ਅਧਿਆਤਮਿਕ ਅਵਸਥਾ ਨੂੰ ਮੂਰਤੀਮਾਨ ਕਰਦਿਆਂ ਕਿਹਾ ਕਿ ਗੁਰੂ ਦੇ ਮਾਰਗ ਤੇ ਚਲਦਿਆਂ ਹੋਇਆਂ ਇਸ ਸ਼ਹੀਦ ਨੇ ਆਪਣੇ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ ਪਰ ਆਪਣੀ ਖੋਪਰੀ ਹਸ ਹਸ ਕੇ ਉਤਰਵਾ ਦਿੱਤੀ। ਕੇਸਾਂ ਦਾ ਬਲੀਦਾਨ ਦਿੱਤਾ ਪਰ ਖੋਪਰੀ ਸਮੇਤ ਦਿੱਤਾ।

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ (ਮ-2, ਪੰਨਾ-83)

23 ਸਾਲ ਦੇ ਭਰ ਜਵਾਨ ਤੇ ਸੁਨੱਖੇ ਸਿੱਖ ਭਾਈ ਤਾਰੂ ਸਿੰਘ ਦੀ ਸ਼ਖਸੀਅਤ ਵਿਚਲੇ ਅਧਿਆਤਮਿਕ ਜਲਓ ਨੂੰ ਉਸ ਦੇ ਚਿਹਰੇ ਤੇ ਗਦ ਗਦ ਕਰਦਾ ਵੇਖ ਕੇ ਲਾਹੌਰ ਦੇ ਗਵਰਨਰ ਨਵਾਬ ਜ਼ਕਰੀਆ ਖਾਨ ਨੇ 1726 ਈ. ਨੂੰ ਇਕ ਡੂੰਘੀ ਜਹੀ ਆਹ ਭਰ ਕੇ ਕਿਹਾ "ਯਾ ਅਲਾਹ ਇਸ ਤਾਰੂ ਸਿੰਘ ਦੇ ਚਿਹਰੇ ਤੇ ਕਿਆ ਨੂਰ ਹੈ! ਹਾਏ ਜੇ ਕਰ ਇਹ ਮੁਸਲਮਾਨ ਹੁੰਦਾ ਤਾਂ ਕਿਤਨਾ ਚੰਗਾ ਹੁੰਦਾ (ਪੰਨਾ 170/171- The Sikh way of life by Ranbir Singh)। ਭਾਈ ਤਾਰੂ ਸਿੰਘ ਸ਼ਹੀਦ ਦੇ ਇਸ ਮਿਸਾਲੀ ਪਵਿੱਤਰ ਕਾਰਨਾਮੇ ਨੂੰ ਸਿੱਖ ਹਰ ਰੋਜ਼ ਅਰਦਾਸ ਵਿਚ ਫ਼ਖਰ ਨਾਲ ਯਾਦ ਕਰਦੇ ਹਨ।

ਆਪਣੀਆਂ ਦੋ ਹੋਰ ਨਜ਼ਮਾਂ 'ਗੁਰੂ ਗੋਬਿੰਦੇ' ਤੇ 'ਸ਼ੇਸ਼ ਸ਼ਿਖਾ' (ਆਖਰੀ ਸਿਖਿਆ) ਵਿਚ ਟੈਗੋਰ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਾਨਵਤਾ ਪ੍ਰਤੀ ਕੀਤੇ ਅਹਿਸਾਨਾਂ, ਕੁਰਬਾਨੀਆਂ, ਤਿਆਗਾਂ ਦਾ ਦਿਲ ਖਿਚਵਾਂ ਵਰਨਣ ਕਰਕੇ ਉਨ੍ਹਾਂ ਨੂੰ ਮਾਨਵਤਾ ਦਾ ਅਨਮੋਲ ਰਹਿਬਰ ਗਰਦਾਨਿਆ ਹੈ। ਟੈਗੋਰ ਅਨੁਸਾਰ ਗੁਰੂ ਸਾਹਿਬ ਵਲੋਂ ਖ਼ਾਲਸਾ ਸਾਜਣ ਤੋਂ ਪਹਿਲਾਂ ਤਪ, ਸਿਮਰਨ ਦੇ ਨਾਲ ਨਾਲ ਡੂੰਘੀਆਂ ਸੋਚਾਂ ਕੀਤੀਆਂ ਗਈਆਂ। ਇਹ ਵਰਨਣ ਇਸ ਗੱਲ ਦਾ ਲਖਾਇਕ ਹੈ ਕਿ ਖ਼ਾਲਸੇ ਦੀ ਸਿਰਜਣਾ ਬਹੁਤ ਉਚੇ ਸੁਚੇ ਆਦਰਸ਼ਾਂ ਨੂੰ ਸਾਹਮਣੇ ਰਖ ਕੇ ਹੀ ਗੁਰੂ ਸਾਹਿਬ ਨੇ ਕੀਤੀ ਅਤੇ ਇਸ ਖ਼ਾਲਸੇ ਨੇ ਗੁਰ ਆਸ਼ੇ ਅਨੁਸਾਰ ਪੂਰਾ ਉਤਰ ਕੇ ਆਪਣੀ ਕੌਮ ਤੇ ਦੇਸ਼ ਦੀ ਆਭਾ ਨੂੰ ਚਮਕਾਇਆ। 'ਸ਼ੇਸ਼ ਸ਼ਿਖਾ' ਵਿਚ ਟੈਗੋਰ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਦਾ ਚਿਤਰਣ ਕਰਕੇ ਉਨ੍ਹਾਂ ਨੂੰ ਆਪਣਾ ਸਤਿਕਾਰ ਅਰਪਿਤ ਕੀਤਾ ਹੈ। ਟੈਗੋਰ ਅਨੁਸਾਰ ਉਹ ਅਕਾਲ ਰੂਪ ਸਨ ਅਤੇ ਅਕਾਲਪੁਰਖ ਦੇ ਮਿਸ਼ਨ ਨੂੰ ਉਜਾਗਰ ਕਰ ਕੇ ਆਪਣਾ ਸਭ ਕੁਝ ਦੇਸ਼ ਕੌਮ ਤੇ ਮਾਨਵਤਾ ਤੋਂ ਕੁਰਬਾਨ ਕਰ ਕੇ ਇਲਾਹੀ ਜੋਤ ਵਿਚ ਸਮਾ ਗਏ।

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥ (ਮ-5,ਪੰਨਾ-278)

ਸ੍ਰੀ ਟੈਗੋਰ ਦੀਆਂ ਉਕਤ ਨਜ਼ਮਾਂ ਪੜ੍ਹਨ ਤੋਂ ਪਰਤੀਤ ਹੁੰਦਾ ਹੈ ਕਿ ਉਹ ਗੁਰਸਿਖੀ ਰੰਗ ਵਿਚ ਰੰਗੇ ਹੋਏ ਸਨ। ਸਿੱਖ ਇਤਿਹਾਸ ਦੇ ਹਰ ਪੰਨੇ ਤੇ ਸਜੀਆਂ ਅਣਗਿਣਤ ਸ਼ਹੀਦੀਆਂ ਉਨ੍ਹਾਂ ਨੂੰ ਹਮੇਸ਼ਾਂ ਉਤਸ਼ਾਹਤ ਕਰਦੀਆਂ ਰਹੀਆਂ ਤੇ ਗੁਰਬਾਣੀ ਦਾ ਇਲਾਹੀ ਸੰਦੇਸ਼ ਉਨ੍ਹਾਂ ਦੀ ਆਤਮਾ ਨੂੰ ਨਿਰਮਲ ਕਰਨ ਵਿਚ ਬਹੁਤ ਸਹਾਈ ਸਿੱਧ ਹੁੰਦਾ ਰਿਹਾ। ਕੀ ਇਹ ਸਾਡੇ ਲਈ ਮਾਣ ਦੀ ਗੱਲ ਨਹੀਂ ਕਿ ਉਨ੍ਹਾਂ ਵਲੋਂ ਪੂਜਾ ਸਮੇਂ ਗਾਏ ਜਾਂਦੇ ਭਜਨਾਂ ਵਿੱਚ ਪੰਜ ਸ਼ਬਦ ਗੁਰਬਾਣੀ ਦੇ ਵੀ ਸਨ। (ਹਵਾਲਾ Influence of Sikhism in Bengal-Guru Nanak, His life, Time and Teachings, By Gurmukh Nihal Singh) ਇਥੇ ਹੀ ਬੱਸ ਨਹੀਂ ਡਾ. ਲਲਵਾਨੀ ਆਪਣੀ ਪੁਸਤਕ 'ਗੁਰੂ ਨਾਨਕ' ਦੇ ਪੰਨਾ 17 ਤੇ ਇਹ ਵੀ ਲਿਖਦਾ ਹੈ ਕਿ ਟੈਗੋਰ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਕਈ ਸ਼ਬਦ ਬੰਗਾਲੀ ਵਿਚ ਅਨੁਵਾਦ ਕੀਤੇ ਜਿਨ੍ਹਾਂ ਨੂੰ ਉਹ 'ਬਰਹਮ ਸੰਗੀਤ' ਕਹਿੰਦੇ ਸਨ ਅਤੇ ਉਨ੍ਹਾਂ ਨੇ ਉਨ੍ਹਾਂ ਸ਼ਬਦਾਂ ਨੂੰ ਆਪਣੀ ਪੁਸਤਕ 'ਗੀਤਾਬਤਾਂ' ਵਿਚ ਸ਼ਾਮਲ ਕਰ ਲਿਆ। ਇਸੇ ਲੇਖਕ ਅਨੁਸਾਰ ਟੈਗੋਰ ਦੇ ਦਿਲ ਵਿਚ ਜੋ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਸ਼ਿੱਖਾਂ ਦੀ ਤਸਵੀਰ ਉਘੜਦੀ ਹੈ ਉਹ ਇਸ ਪ੍ਰਕਾਰ ਹੈ: ਗੁਰੂ ਨਾਨਕ ਸਾਹਿਬ ਦੀ ਪਵਿਤਰ ਵਿਚਾਰ-ਧਾਰਾ ਨੇ ਮਹਾਨ ਸਿੱਖ ਕੌਮ ਨੂੰ ਜਨਮ ਦਿੱਤਾ। ਗੁਰੂ ਸਾਹਿਬ ਦਿਆਂ ਧਾਰਮਿਕ ਉਪਦੇਸ਼ਾਂ ਸਦਕਾ, ਸਿੱਖਾਂ ਦੇ ਹਿਰਦਿਆਂ ਦੀ ਸ਼ਕਤੀ ਵਧੀ, ਉਨ੍ਹਾਂ ਦੇ ਸਿਰ ਉਚੇ ਹੋਏ, ਉਨ੍ਹਾਂ ਦੇ ਅਚਾਰ ਵਿਚ ਅਤੇ ਚਿਹਰਿਆਂ ਉੱਤੇ ਵੱਡੇ ਪੰਨ ਦੇ ਚਿੰਨ੍ਹ ਦਿਸਣ ਲੱਗ ਪਏ। ਸਿੱਖਾਂ ਦੇ ਪਵਿਤਰ ਅਤੇ ਖੂਬਸੂਰਤ ਚਿਹਰਿਆਂ ਨੇ, ਉਨ੍ਹਾਂ ਦੀ ਭਰਵੀਂ ਸ਼ਕਤੀ ਅਤੇ ਅਦਭੁਤ ਦਲੇਰੀ ਨੇ ਸਾਨੂੰ ਹੈਰਾਨ ਕਰ ਦਿੱਤਾ।

ਮੌਲਵੀ ਅਬਦੁਲ ਕਰੀਮ

ਮੌਲਵੀ ਅਬਦੁਲ ਕਰੀਮ ਦੇ ਨਿਮਨ ਸ਼ਬਦ ਭਾਵੇਂ ਬਹੁਤ ਸੰਖੇਪ ਹਨ ਪਰ ਫਿਰ ਵੀ ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਨੂੰ ਬਹੁਤ ਉਘਾੜਦੇ ਹਨ। ਉਹ ਕਹਿੰਦਾ ਹੈ: "ਗੁਰੂ ਨਾਨਕ ਦੇ ਮਤ ਵਿਚ ਕਿਸੇ ਬਾਰੇ ਜ਼ਰਾ ਵੀ ਪੱਖਪਾਤ ਨਹੀਂ ਸੀ ਇਸ ਲਈ ਦੁਨੀਆ ਉਨ੍ਹਾਂ ਦਾ ਸਤਿਕਾਰ ਕਰਦੀ ਗਈ, ਸਿਰ ਝੁਕਾਂਦੀ ਗਈ ਤੇ ਉਨ੍ਹਾਂ ਦੀ ਸ਼ਰਧਾਲੂ ਹੁੰਦੀ ਗਈ।"

ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ। (ਮ-5, ਪੰਨਾ-671)

ਅਮਰੀਕਨ ਸਾਬਕਾ ਰਾਸ਼ਟਰਪਤੀ, ਬਿਲ ਕਲਿੰਟਨ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਬਿਲ ਕਲਿੰਟਨ ਅਤੇ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਹਿਲੇਰੀ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਵਿਚ ਨਿਮਨ ਸ਼ਬਦਾਂ ਦਾ ਪ੍ਰਯੋਗ ਕੀਤਾ : ਹੁਣ ਜਦ ਅਸੀਂ ਸਾਰੀਆਂ ਨਸਲਾਂ, ਕੌਮਾਂ, ਮਤਾਂ, ਸਿਧਾਂਤਾਂ ਅਤੇ ਸਭਿਆਚਾਰਕ ਪਛੋਕੜਾਂ ਵੱਲ ਝਾਤੀ ਮਾਰਦੇ ਹਾਂ ਤਾਂ ਸਾਨੂੰ ਇਹ ਵਿਸ਼ੇਸ਼ ਤੌਰ ਤੇ ਸਮੇਂ ਦੇ ਐਨ ਅਨਕੂਲ ਲੱਗਦਾ ਹੈ ਕਿ ਅਸੀਂ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਪਛਾਣੀਏ ਤੇ ਮਾਨਤਾ ਦੇਈਏ। ਉਨ੍ਹਾਂ ਦਾ ਇਹ ਸੰਦੇਸ਼ ਕਿ ਹਰ ਕੋਈ ਪ੍ਰਮਾਤਮਾ ਦੀਆਂ

ਨਜ਼ਰਾਂ ਵਿੱਚ ਬਰਾਬਰ ਹੈ ਅਤੇ ਇਹ ਕਿ ਪ੍ਰਮਾਤਮਾ ਦੀ ਬਖਸ਼ਿਸ਼ ਹਰ ਕਿਸੇ ਤੇ ਹੋ ਸਕਦੀ ਹੈ, ਅੱਜ ਵੀ ਉਤਨਾ ਹੀ ਅਸਰਦਾਰ ਹੈ ਜਿਤਨਾ ਕਿ ਇਹ ਗੁਰੂ ਸਾਹਿਬ ਦੇ ਆਪਣੇ ਜੀਵਨ ਕਾਲ ਵਿੱਚ ਪੰਦਰਵੀਂ ਸਦੀ ਦੇ ਅਖੀਰ ਵਿੱਚ ਸੀ। ਹਰ ਪਰਿਸ਼ਟ ਭੂਮੀ ਦੇ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰ ਕੇ ਅਤੇ ਉਨ੍ਹਾਂ ਨੂੰ ਮਾਨਵਤਾ ਦੀ ਨਿਸ਼ਕਾਮ ਸੇਵਾ ਕਰਨ ਦੀ ਪ੍ਰੇਰਨਾ ਬਖ਼ਸ਼ ਕੇ ਗੁਰੂ ਨਾਨਕ ਦੇਵ ਨੇ ਆਪਣੇ ਸ਼ਰਧਾਲੂਆਂ ਨੂੰ ਉਤਸ਼ਾਹਤ ਕੀਤਾ ਕਿ ਉਹ ਦਿਆ ਪੂਰਣ ਅਤੇ ਇਨਸਾਫ ਪਸੰਦੀ ਵਾਲੇ ਜੀਵਨ ਦਾ ਨਿਰਮਾਣ ਕਰਨ। (ਹਵਾਲਾ ਟ੍ਰਿਬਿਊਨ 15-11-97 ਅਤੇ ਸਿੱਖ ਰਿਵਿਊ ਜਨਵਰੀ 1998 ਪੰਨਾ 84)। ਕੁਝ ਇਸ ਪ੍ਰਕਾਰ ਦੇ ਹੀ ਵਿਚਾਰ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਸ੍ਰੀ ਬੁਸ਼ ਨੇ ਵੀ ਗੁਰੂ ਨਾਨਕ ਸਾਹਿਬ ਦੇ 532ਵੇਂ ਪ੍ਰਕਾਸ਼ ਉਤਸਵ ਤੇ ਪ੍ਰਗਟਾ ਕੇ ਉਨ੍ਹਾਂ ਬਾਰੇ ਆਪਣਾ ਸਤਿਕਾਰ ਵਿਅਕਤ ਕੀਤਾ ਹੈ।

ਭਾਰਤ ਦੇ ਪ੍ਰਥਮ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ

ਡਾ. ਰਾਜਿੰਦਰ ਪ੍ਰਸਾਦ ਇਕ ਉਚ ਕੋਟੀ ਦੇ ਸਿਆਸਤਦਾਨ ਹੋਣ ਦੇ ਨਾਲ ਨਾਲ ਭਾਰਤੀ ਸੰਸਕ੍ਰਿਤੀ, ਸੱਭਿਆਚਾਰ ਤੇ ਧਰਮਾਂ ਦੇ ਵੀ ਮਹਾਨ ਗਿਆਤਾ ਸਨ। ਸਿੱਖ ਧਰਮ ਦਾ ਅਧਿਐਨ ਕਰਨ ਤੇ ਉਹ ਬੜੇ ਨਿੱਝਕ ਹੋ ਕੇ ਕਹਿੰਦੇ ਹਨ ਕਿ "ਸਿੱਖ ਗੁਰੂ ਸਾਹਿਬਾਨ ਵੱਡੇ ਦੇਸ਼ ਭਗਤ ਤੇ ਸੁਧਾਰਕ ਸਨ ਅਤੇ ਕਿਸੇ ਪ੍ਰਤੀ ਵੀ ਮੰਦ ਭਾਵਨਾ ਨਹੀਂ ਸਨ ਰਖਦੇ। ਉਹ ਸੱਚ ਨੂੰ ਪ੍ਰਵਾਨ ਚੜ੍ਹਾਉਣ ਵਿਚ ਵਿਸ਼ਵਾਸ ਰਖਦੇ ਸਨ ਭਾਵੇਂ ਉਹ ਕਿਸੀ ਵੀ ਸਰੋਤ ਤੋਂ ਕਿਉਂ ਨਾ ਉਪਜਿਆ ਹੋਵੇ। ਉਹ ਸੱਚ ਉਤੇ ਅਮਲ ਕਰਨ ਦੀ ਬਿਰਤੀ ਵਾਲੇ ਸਨ ਨਾ ਕਿ ਸੱਚ ਤੇ ਚਲਣ ਲਈ ਉਪਦੇਸ਼ ਦੇਣ ਦੇ ਸੁਭਾਅ ਵਾਲੇ। ਗੁਰੂ ਗ੍ਰੰਥ ਸਾਹਿਬ ਸੱਚ-ਮੁਚ ਉਨ੍ਹਾਂ ਦੇ ਵਿਸ਼ਵ-ਵਿਆਪੀ ਅਤੇ ਤਰਕਸ਼ੀਲ ਦ੍ਰਿਸ਼ਟੀਕੋਣ ਦਾ ਅਤੇ ਪੂਰੀ ਤੀਬਰਤਾ ਨਾਲ ਅਧਿਆਤਮਿਕ ਸੱਚ ਦੀ ਤਲਾਸ਼ ਦਾ ਮਹਾਨ ਭੰਡਾਰ ਹੈ ਜਿਸ ਵਿਚ ਵੱਖ ਵੱਖ ਧਰਮਾਂ ਨਾਲ ਸਬੰਧ ਰੱਖਣ ਵਾਲੇ ਵੱਖ ਵੱਖ ਸਮਾਜਿਕ ਅਕੀਦਿਆਂ ਦੇ ਧਾਰਨੀ, ਵੱਖ ਵੱਖ ਆਰਥਕ ਪੱਧਰਾਂ ਤੇ ਜੀਵਨ ਨਿਰਬਾਹ ਕਰਨ ਵਾਲੇ ਮਹਾਂ ਪੁਰਸ਼ਾਂ ਦੀਆਂ ਰਹੱਸਮਈ ਰਚਨਾਵਾਂ ਹਨ ਜਿਹੜੇ ਭਾਰਤ ਦੇ ਵੱਖ ਵੱਖ ਇਲਾਕਿਆਂ ਦੇ ਵਸਨੀਕ ਹੋਣ ਕਾਰਨ ਵੱਖ ਵੱਖ ਭਾਸ਼ਾਵਾਂ ਦੇ ਬੋਲਣ ਵਾਲੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅਮਲੀ ਜ਼ਿੰਦਗੀ ਜੀਣ ਤੇ ਜ਼ੋਰ ਦਿੱਤਾ ਗਿਆ ਹੈ ਨਾ ਕਿ ਦੁਨੀਆ ਨੂੰ ਤਲਾਂਜਲੀ ਦੇ ਕੇ ਇਸ ਤੋਂ ਕਨਾਰਾਕਸ਼ੀ ਕਰਨ ਦਾ।" (ਆਦਿ ਗ੍ਰੰਥ ਦਾ ਸਮਾਲੋਚਨਾਤਮਿਕ ਅਧਿਐਨ ਵਿਚੋਂ)

ਵਿਚਿ ਦੁਨੀਆ ਸੇਵ ਕਮਾਈਐ
ਤਾ ਦਰਗਹ ਬੈਸਣੁ ਪਾਈਐ॥ (ਮ-1, ਪੰਨਾ-26)

ਇਹ ਵੀ ਗੌਰਵ ਵਾਲੀ ਗੱਲ ਹੈ ਕਿ ਡਾਕਟਰ ਸਾਹਿਬ ਆਪਣੇ ਆਪ ਨੂੰ ਨਾਨਕ ਪੰਥੀ ਅਖਵਾ ਕੇ ਖੁਸ਼ ਹੁੰਦੇ ਸਨ।

ਡਾ. ਰਾਧਾ ਕ੍ਰਿਸ਼ਨਨ— ਭਾਰਤ ਦੇ ਦੂਜੇ ਰਾਸ਼ਟਰਪਤੀ

ਡਾ. ਰਾਧਾ ਕ੍ਰਿਸ਼ਨਨ ਇੱਕ ਉੱਘੇ ਸੋਚਵਾਨ, ਦਾਰਸ਼ਨਕ ਅਤੇ ਸਿਆਸਤਦਾਨ

ਸਨ। ਉਹ ਭਾਰਤ ਦੇ ਦੂਜੇ ਰਾਸ਼ਟਰਪਤੀ ਸਨ ਅਤੇ ਆਪਣੇ ਦਿਲ ਤੇ ਦਿਮਾਗ਼ ਦੇ ਬਹੁਪਰਕਾਰੀ ਗੁਣਾਂ ਕਾਰਨ ਸਭ ਦੇ ਸਤਿਕਾਰ ਦੇ ਪਾਤਰ ਸਨ। ਉਨ੍ਹਾਂ ਨੇ ਸਿੱਖ ਧਰਮ ਦਾ ਗਹਿਰਾ ਅਧਿਐਨ ਕੀਤਾ ਅਤੇ ਯੂਨਿਸਕੋ ਦੀਆਂ ਪਰਕਾਸ਼ਨਾਵਾਂ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਨੂੰ ਕਈ ਨੁਕਤਿਆਂ ਤੇ ਖੂਬ ਸਲਾਹਿਆ। ਗੁਰੂ ਨਾਨਕ ਸਾਹਿਬ ਬਾਰੇ ਡਾ. ਸਾਹਿਬ ਲਿਖਦੇ ਹਨ: ਗੁਰੂ ਨਾਨਕ ਦੇਵ ਮਾਨਵਤਾ ਦੇ ਮਸ਼ਾਲ ਬਰਦਾਰ (torch bearer) ਹਨ ਅਤੇ ਅਕਾਲਪੁਰਖ ਵਾਹਿਗੁਰੂ ਦੇ ਸੰਦੇਸ਼ ਵਾਹਕ ਹਨ। ਜਦ ਮਨੁੱਖਤਾ ਆਪਣੀ ਵਿਫਲਤਾ ਬਾਰੇ ਸੁਚੇਤ ਹੋ ਚੁੱਕੀ ਸੀ, ਉਸ ਸਮੇਂ ਗੁਰੂ ਨਾਨਕ ਦੇਵ ਜੀ ਧਰਮ ਤੇ ਮਾਨਵਤਾ ਦੀ ਭਾਵਨਾ ਨੂੰ ਦੁਬਾਰਾ ਸੁਰਜੀਤ ਕਰਨ ਲਈ ਪ੍ਰਗਟ ਹੋਏ (ਹਵਾਲਾ ਪੁਸਤਕ 'Guru Nanak' by Dr. Lalvani ਪੰਨਾ-19)

ਡਾ. ਰਾਧਾ ਕ੍ਰਿਸ਼ਨਨ ਗੁਰੂ ਗੋਬਿੰਦ ਸਿੰਘ ਜੀ ਦੀ ਗੁਣਵਾਨ ਸ਼ਖਸ਼ੀਅਤ ਦਾ ਬਖਾਨ ਵੀ ਬੜੇ ਨਰਾਲੇ ਢੰਗ ਨਾਲ ਕਰਦੇ ਹਨ। ਜਦੋਂ ਡਾ. ਸਾਹਿਬ ਰੂਸ ਦੇ ਮਹਾਨ ਨੇਤਾ ਸਟਾਲਨ ਨੂੰ ਮਿਲੇ ਤਾਂ ਸਟਾਲਨ ਨੇ ਡਾ. ਸਾਹਿਬ ਤੋਂ ਪੁੱਛ ਲਿਆ ਕਿ ਤੁਸੀਂ ਭਾਰਤ ਵਿੱਚ ਅਮੀਰਾਂ ਤੇ ਗਰੀਬਾਂ ਵਿਚ ਪਈ ਭਾਰੀ ਖਾਈ ਨੂੰ ਕਿਵੇਂ ਪੂਰੋਗੇ? ਤਾਂ ਇਸ ਦੇ ਉੱਤਰ ਵਿਚ ਡਾ. ਰਾਧਾ ਕ੍ਰਿਸ਼ਨਨ ਨੇ ਬੜੇ ਬੇਬਾਕ ਤੇ ਪੁਰਅਸਰ ਲਹਿਜੇ ਵਿਚ ਉੱਤਰ ਦਿੱਤਾ, "ਉਂਵੇ ਹੀ ਜਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪਏ ਵੱਡੇ ਪਾੜੇ ਨੂੰ ਅਤੇ ਜ਼ਾਤ-ਪਾਤ ਦੇ ਫਰਕ ਨੂੰ ਮੇਟਿਆ ਸੀ।" ਉਸ ਸਮੇਂ ਡਾਕਟਰ ਹੋਰਾਂ ਦੇ ਮਨ ਵਿਚ ਜ਼ਰੂਰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਅਕਾਲ ਉਸਤਤ ਦਾ ਉਹ ਪ੍ਰਸੰਗ ਸਾਹਮਣੇ ਹੋਵੇਗਾ ਜਿਸ ਵਿਚ ਗੁਰੂ ਸਾਹਿਬ ਨੇ ਹਿੰਦੂਆਂ ਦੇ ਮੰਦਰ ਅਤੇ ਮੁਸਲਮਾਨਾਂ ਦੀ ਮਸਜਿਦ ਨੂੰ ਇਕ ਸਮਾਨ ਹੀ ਦੱਸਿਆ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਸਤਿਕਾਰ ਤੇ ਸ਼ਰਧਾਂਜਲੀ ਅਰਪਤ ਕਰਦਿਆਂ ਡਾ. ਰਾਧਾ ਕ੍ਰਿਸ਼ਨਨ ਕਹਿੰਦੇ ਹਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਸਮੇਂ ਤੇ ਕਾਲ ਦੇ ਸਮੂਹ ਪੈਗ਼ੰਬਰਾਂ ਤੇ ਅਵਤਾਰਾਂ ਦੀ ਜੀਂਦੀ ਜਾਗਦੀ ਅਵਾਜ਼ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅਸੀਂ ਬਹੁ-ਪਰਕਾਰੀ ਰਹਸਮਈ ਜਜ਼ਬਾਤਾਂ, ਪ੍ਰਮਾਤਮਾ ਦੀ ਪ੍ਰਾਪਤੀ ਦੇ ਨਿੱਜੀ ਝਲਕਾਰਿਆਂ ਅਤੇ ਪ੍ਰਭੂ ਪਿਆਰ ਵਿਚ ਭਿੱਜੀਆਂ ਅਨੰਦ ਮਈ ਬਾਣੀਆਂ ਦੇ ਵਿਸਮਾਦੀ ਹੁਲਾਰੇ ਮਾਣਦੇ ਹਾਂ। ਸਾਗਰਾਂ ਅਤੇ ਪਰਬਤਾਂ ਦੀਆਂ ਸੀਮਾਵਾਂ ਇਲਾਹੀ ਸੱਚ ਦੇ ਇਕ ਸਦੇ ਤੇ ਹੀ ਤਹਿਸ ਨਹਿਸ ਹੋ ਜਾਂਦੀਆਂ ਹਨ। ਇਹ ਸਦਾ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਰਧਾਮਈ ਉਮਾਹ ਤੇ ਤਾਜ਼ਾ ਤਰੀਨ ਜਜ਼ਬਾਤਾਂ ਦੇ ਰੂਪ ਵਿੱਚ ਹਰ ਸਮੇਂ ਉਮਡਦਾ ਰਹਿੰਦਾ ਹੈ।

ਸਿੱਖ ਕੌਮ ਦੀ ਸੂਰਮਗਤੀ ਬਾਰੇ ਡਾ. ਰਾਧਾ ਕ੍ਰਿਸ਼ਨਨ ਦੀਆਂ ਕੁਝ ਟਿੱਪਣੀਆਂ ਇਵੇਂ ਹਨ: ਭਾਰਤ ਦੀ ਅਜ਼ਾਦੀ, ਸਿੱਖ ਗੁਰੂ ਸਾਹਿਬਾਨ ਅਤੇ ਖ਼ਾਲਸੇ ਦੀਆਂ ਦਿਲ ਕੰਬਾਊ ਸ਼ਹੀਦੀਆਂ ਅਤੇ ਦਲੇਰਾਨਾ ਕਾਰਨਾਮਿਆਂ ਦੀ ਪੱਕੀ ਪੀਂਡੀ ਤਰਕਸ਼ੀਲ ਸਨੱਦ ਹੈ, ਤਾਜ ਹੈ ਅਤੇ ਇਵੇਂ ਸਮਝ ਲਵੋ ਕਿ ਸਿਖਰ ਹੈ। (ਹਵਾਲਾ ਮਾਸਕ ਸਿੱਖ ਰੀਵੀਊ ਕਲਕੱਤਾ-ਅਗਸਤ 1986)

ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਜ਼ਾਕਰ ਹੁਸੈਨ

"ਗੁਰੂ ਨਾਨਕ ਦੇਵ ਜੀ ਨੇ ਆਪਣੇ ਜ਼ਮਾਨੇ ਦੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਸਦਕਾ ਉਨ੍ਹਾਂ ਗੱਲਾਂ ਦੀ ਸੋਝੀ ਕਰਾਈ ਜਿਹੜੀਆਂ ਇਨਸਾਨੀ ਦਿਮਾਗ਼ ਨੂੰ ਰੌਸ਼ਨ ਤੇ ਹਿਰਦਿਆਂ ਨੂੰ ਸਾਫ ਸ਼ੁਧ ਕਰਦੀਆਂ ਹਨ ਅਤੇ ਇਨਸਾਨ ਨੂੰ ਖ਼ੁਦਾ ਦਾ ਬੰਦਾ ਬਣਾ ਕੇ ਇਨਸਾਨੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਂਦੀਆਂ ਹਨ। ਇਸ ਦਾ ਨਿਚੋੜ ਇਹ ਹੀ ਨਿਕਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਹਸਤੀ ਦੁਨੀਆ ਨੂੰ ਰਾਹਿ-ਰਾਸਤ (ਸਚਾ ਮਾਰਗ) ਦਿਖਾਣ ਵਾਲੀ ਅਨਮੋਲ ਹਸਤੀ ਹੈ।" ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਉਂਦਿਆਂ ਉਨ੍ਹਾਂ ਹੋਰ ਇਹ ਵੀ ਕਿਹਾ "ਜਦ ਤੱਕ ਮਨੁੱਖ ਵਿਚ ਜ਼ੁਲਮ ਪ੍ਰਤੀ ਘਿਰਣਾ ਤੇ ਨਫਰਤ ਜੀਵਤ ਹੈ; ਜਦ ਤੱਕ ਉਸ ਦੀ ਜ਼ਮੀਰ ਕਿਸੇ ਵੀ ਪ੍ਰਕਾਰ ਦੇ ਨਜਾਇਜ਼ ਦਬਾਅ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪਣੀ ਅਵਾਜ਼ ਨੂੰ ਮੂਕ ਨਹੀਂ ਹੋਣ ਦੇਂਦੀ; ਜਦ ਤੱਕ ਸਮਾਜਿਕ ਨਾਬਰਾਬਰੀਆਂ ਅਤੇ ਅਸਮਾਨਤਾਵਾਂ, ਧਾਰਮਿਕ ਕੱਟੜਤਾਵਾਂ, ਫੋਕਟ ਰਸਮਾਂ ਰਵਾਜਾਂ ਤੇ ਵਹਿਮਾਂ ਭਰਮਾਂ ਤੋਂ ਉਤੇ ਉਠਣ ਦੀ ਤਾਂਘ ਮਨੁੱਖ ਵਿਚ ਸਰਗਰਮ ਤੇ ਪਰਬਲ ਰਹਿੰਦੀ ਹੈ, ਤਦ ਤਕ ਇਹ ਸੰਸਾਰ ਅਸਾਨੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸੁਪਰੀਮ ਉਤਰਾਧਿਕਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਨਾਂ ਨਹੀਂ ਭੁਲ ਸਕਦਾ।"

ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵਦੇ॥ (ਬਲਵੰਡਿ, ਪੰਨਾ-966)

ਡਾ. ਕੇ. ਆਰ. ਨਰਾਇਨਣ ਮੌਜੂਦਾ ਰਾਸ਼ਟਰਪਤੀ ਭਾਰਤ

"ਗੁਰੂ ਨਾਨਕ ਸਾਹਿਬ ਦਾ ਜੀਵਨ ਕਵਿਤਾ, ਸੁੰਦਰਤਾ ਅਤੇ ਸੰਗੀਤ ਨਾਲ ਲਿਬਰੇਜ਼ (ਭਰਿਆ ਹੋਇਆ) ਹੈ। ਮਹਾਨ ਗੁਰੂ ਖੁਦ ਵੀ ਕਵੀ ਸਨ। ਉਨ੍ਹਾਂ ਵਲੋਂ ਰਚੀਆਂ ਗਈਆਂ ਬਾਣੀਆਂ ਸਰਲ, ਖੂਬਸੂਰਤ ਅਤੇ ਉਸਾਰੂ ਹਨ। ਮੈਂ ਸਮਝਦਾ ਹਾਂ ਉਨ੍ਹਾਂ ਨੇ ਨਾ ਕੇਵਲ ਸਿੱਖਾਂ ਨੂੰ ਹੀ ਉਤਸ਼ਾਹਤ ਕੀਤਾ ਹੈ ਸਗੋਂ ਸਮੁੱਚੇ ਰੂਪ ਵਿੱਚ ਭਾਰਤ ਵਰਸ਼ ਦੇ ਸਾਰੇ ਲੋਕਾਂ ਨੂੰ ਭਰਪੂਰ ਉਤਸ਼ਾਹ ਬਖਸ਼ਿਆ ਹੈ। ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਤੇ ਸਥਾਪਤ ਕੀਤਾ ਗਿਆ ਸਿੱਖ ਧਰਮ, ਇਕ ਅਜਿਹਾ ਧਰਮ ਹੈ, ਜਿਸ ਨੇ ਮਨੁੱਖ ਮਾਤਰ ਵਿਚੋਂ ਅਸ਼ੁਧਤਾਵਾਂ ਨੂੰ ਕੱਢ ਕੇ ਇਸ ਨੂੰ ਸਾਫ ਸੁਥਰਾ ਬਣਾਉਣ ਲਈ ਅਤੇ ਮਨੁੱਖੀ ਭਾਈਚਾਰੇ ਵਿਚ ਬਰਾਬਰੀ ਤੇ ਭਰਾਤਰੀ ਭਾਵ ਦੇ ਸੰਕਲਪਾਂ ਨੂੰ ਵਿਕਸਤ ਕਰਨ ਲਈ ਬਹੁਤ ਸਖਤ ਘਾਲਣਾ ਘਾਲੀ ਹੈ।

ਨੋਬਿਲ ਇਨਾਮ ਜੇਤੂ ਤਿਬਤੀ ਨੇਤਾ, ਦਲਾਈ ਲਾਮਾ

ਤਿਬਤੀ ਧਾਰਮਿਕ ਨੇਤਾ ਤੇ ਸ਼ਾਂਤੀ ਦੇਂ ਨੋਬਿਲ ਇਨਾਮ ਜੇਤੂ ਸ੍ਰੀ ਦਲਾਈ ਲਾਮਾ ਦੇ ਕਥਨਾਂ ਅਨੁਸਾਰ **"ਸੰਸਾਰ ਦੇ ਮਹਾਨ ਧਾਰਮਿਕ ਅਗੂਆਂ ਦੇ ਗਗਨ ਮੰਡਲ ਵਿਚ ਗੁਰੂ ਨਾਨਕ ਦੇਵ ਜੀ ਆਪਣੀ ਅਦੁੱਤੀ ਜੀਵਨ ਜਾਚ ਸਦਕਾ ਸਭ ਤੋਂ ਵਧ ਚਮਕਣ ਵਾਲੇ ਸਿਤਾਰਿਆਂ ਵਿਚੋਂ ਇਕ ਹਨ।"** ਇਹ ਹੀ ਨਹੀਂ ਕਿ ਸਿਰਫ ਦਲਾਈ ਲਾਮਾ ਹੀ ਗੁਰੂ ਨਾਨਕ ਦੇਵ ਜੀ ਨੂੰ ਸਤਿਕਾਰ ਕਰਦੇ ਹਨ ਸਗੋਂ ਬਹੁਤੇ ਤਿਬਤ

ਨਿਵਾਸੀ ਬੋਧੀ ਤਾਂ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਰਖਿਅਕ, ਆਪਣਾ ਪਾਲਕ, ਆਪਣਾ ਇਸ਼ਟ ਮੰਨ ਕੇ ਉਨ੍ਹਾਂ ਦਾ ਅਭੀਨੰਦਨ ਕਰਦੇ ਹਨ ਅਤੇ ਉਨ੍ਹਾਂ ਨੂੰ ਨਾਨਕ ਲਾਮਾ ਕਹਿ ਕੇ ਉਨ੍ਹਾਂ ਪ੍ਰਤੀ ਆਪਣੀ ਅਣਗਿਣਤ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਆਮ ਤਿਬਤੀ ਤਾਂ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਪਰਮਾਸੰਭਾਵਾ ਦਾ ਪੁਨਰ ਅਵਤਾਰ ਵੀ ਸਮਝਦੇ ਹਨ। ਉਹ ਹਰ ਕਿਸੇ ਨੂੰ ਮਾਣ ਨਾਲ ਦਸਦੇ ਹਨ ਕਿ ਨਾਨਕ ਲਾਮਾ ਹਮੇਸ਼ਾ ਉਨ੍ਹਾਂ ਨੂੰ ਉਨ੍ਹਾਂ ਦੀ ਕਸ਼ਟ ਦੀ ਘੜੀ ਵਿਚ ਬਹੁੜੇ ਹਨ। ਉਨ੍ਹਾਂ ਦੀ ਪਾਣੀ ਦੀ ਸਮਸਿਆ ਦਾ ਹਲ ਕਰਨ ਲਈ ਗੁਰੂ ਜੀ ਨੇ ਆਪਣੀ ਮਾਲਾ ਨੂੰ ਜੰਮੀ ਹੋਈ ਝੀਲ ਤੇ ਬਖੇਰ ਦਿੱਤਾ ਜਿਸ ਦੇ ਫਲ ਸਰੂਪ ਪਲਾਂ ਛਿਣਾਂ ਵਿਚ ਬਰਫ ਵਿਚ ਜੰਮੀ ਝੀਲ ਪਿਘਲ ਕੇ ਨਿਰਮਲ ਜਲ ਦਾ ਸਰੋਵਰ ਬਣ ਗਈ ਜੋ ਅੱਜ ਤਕ ਦੋਬਾਰਾ ਨਹੀਂ ਜੰਮੀ। ਤਿਬਤੀ ਲੋਕ ਗੁਰੂ ਸਾਹਿਬ ਦੇ ਇਸ ਪਰਉਪਕਾਰ ਕਾਰਨ ਉਨ੍ਹਾਂ ਨੂੰ ਸਤਿਕਾਰਦੇ ਹਨ ਅਤੇ ਗਊ ਦੇ ਦੁੱਧ ਤੋਂ ਤਿਆਰ ਕੀਤੇ ਦੇਸੀ ਘਿਓ ਦੀ ਜੋਤੀ ਜਗਾ ਕੇ ਗੁਰੂ ਨਾਨਕ ਦੀ ਆਰਤੀ ਉਤਾਰਦੇ ਹਨ।

ਗੁਰੂ ਨਾਨਕ ਸਾਹਿਬ ਪ੍ਰਤੀ ਤਿਬਤੀਆਂ ਦੇ ਸਨਮਾਨ ਦੀ ਗੱਲ ਨੂੰ ਹੋਰ ਅੱਗੇ ਤੋਰਦਿਆਂ ਲਿਖਿਆ ਜਾਂਦਾ ਹੈ ਕਿ ਤਿਬਤੀਆਂ ਦੇ ਦਿਲਾਂ ਵਿਚ ਗੁਰੂ ਸਾਹਿਬ ਦੀਆਂ ਹੋਰ ਵੀ ਕਈ ਬਰਕਤਾਂ, ਬਖਸ਼ਸ਼ਾਂ ਤੇ ਅਨਾਇਤਾਂ ਸਾਂਭੀਆਂ ਪਈਆਂ ਹਨ ਜਿਨ੍ਹਾਂ ਨੂੰ ਉਹ ਜ਼ਿੰਦਗੀ ਦਾ ਬੇਤਰੀਨ ਅਸਾਸਾ (ਖ਼ਜ਼ਾਨਾ) ਸਮਝ ਕੇ ਸੰਤੁਸ਼ਟ ਭਾਵਨਾ ਨਾਲ ਗੁਰੂ ਦੇ ਸਤਿਕਾਰ ਤੇ ਸ਼ਰਧਾ ਵਿਚ ਜੁੜ ਕੇ ਜੀਵਨ ਬਤੀਤ ਕਰਦੇ ਆ ਰਹੇ ਹਨ। ਲੇਹ ਤੋਂ 25 ਕਿਲੋਮੀਟਰ ਦੀ ਦੂਰੀ ਤੇ ਲੇਹ- ਕਾਰਗਿਲ ਮਾਰਗ ਤੇ ਸਮੁੰਦਰ ਦੀ ਸਤਹ ਤੋਂ 12 ਹਜ਼ਾਰ ਫੁਟ ਦੀ ਉਚਾਈ ਤੇ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਵਿਚ ਇੱਕ ਗੁਰਦਵਾਰਾ ਉਸਰਿਆ ਹੋਇਆ ਹੈ ਜਿਸ ਨੂੰ ਪਥਰ ਸਾਹਿਬ ਗੁਰਦਵਾਰਾ ਕਿਹਾ ਜਾਂਦਾ ਹੈ। ਇਸ ਗੁਰਦਵਾਰੇ ਦਾ ਸੰਖੇਪ ਇਤਿਹਾਸ ਇਵੇਂ ਹੈ ਜੋ 13.3.94 ਦੀ ਟ੍ਰਿਬਿਊਨ ਵਿਚ ਗੁਰਦਵਾਰਾ ਸਾਹਿਬ ਦੀ ਫੋਟੋ ਸਹਿਤ ਛਪਿਆ ਹੈ।

ਹੁਣੇ ਹੁਣੇ ਬੀਤੀ 20ਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਆਖਰੀ ਸਾਲਾਂ ਵਿਚ ਲੇਹ-ਨੀਮਾ ਸੜਕ ਦੇ ਨਿਰਮਾਣ ਸਮੇਂ ਉਸ ਮਾਰਗ ਦੇ ਵਿਚਕਾਰ ਇਕ ਬਹੁਤ ਵੱਡਾ ਪੱਥਰ ਪਿਆ ਹੋਇਆ ਸੀ ਜਿਥੇ ਨਵੀਂ ਸੜਕ ਬਣਨੀ ਸੀ। ਬੁਲਡਊਜ਼ਰ ਚਾਲਕ ਨੇ ਉਸ ਪੱਥਰ ਨੂੰ ਧੱਕ ਕੇ ਪਰੇ ਸੁੱਟਣਾ ਚਾਹਿਆ ਪਰ ਕੁਝ ਨਾ ਬਣਿਆ। ਜਦ ਉਸ ਹੋਰ ਕੋਸ਼ਿਸ਼ ਕੀਤੀ ਤਾਂ ਬੁਲਡਊਜ਼ਰ ਦਾ ਬਲੇਡ ਟੁਟ ਗਿਆ ਜਿਸ ਕਰਕੇ ਉਸ ਦਿਨ ਕੰਮ ਬੰਦ ਹੋ ਗਿਆ। ਰਾਤ ਨੂੰ ਡਰਾਈਵਰ ਨੂੰ ਸੁਪਨਾ ਆਇਆ ਕਿ ਉਹ ਉਸ ਪੱਥਰ ਨੂੰ ਉਥੋਂ ਨਾ ਹਿਲਾਵੇ। ਡਰਾਈਵਰ ਨੇ ਇਸ ਸੁਪਨੇ ਦਾ ਜ਼ਿਕਰ ਆਪਣੇ ਫ਼ੌਜੀ ਅਫਸਰ ਨਾਲ ਕੀਤਾ। ਉਸ ਨੇ ਡਰਾਈਵਰ ਦੀ ਗੱਲ ਨੂੰ ਕੋਈ ਬਹੁਤੀ ਮਹੱਤਤਾ ਨਾ ਦਿੱਤੀ ਤੇ ਹੁਕਮ ਕਰ ਦਿੱਤਾ ਕਿ ਜੇਕਰ ਇਹ ਭਾਰੀ ਪੱਥਰ ਬੁਲਡਊਜ਼ਰ ਨਾਲ ਪਰੇ ਨਹੀਂ ਕੀਤਾ ਜਾ ਸਕਦਾ ਤਾਂ ਇਸ ਨੂੰ ਡੈਨਾਮਾਈਟ ਨਾਲ ਉਡਾ ਦਿੱਤਾ ਜਾਵੇ। ਇਹ ਕੰਮ ਅਗਲੇ ਦਿਨ ਲਈ ਤੈਅ ਹੋਇਆ। ਰਾਤ ਨੂੰ ਉਸ ਅਫਸਰ ਨੂੰ ਵੀ ਇਹੀ ਸੁਪਨਾ ਆਇਆ ਕਿ ਇਸ ਪੱਥਰ ਨਾਲ ਕੋਈ ਛੇੜ ਛਾੜ ਨਾ ਕੀਤੀ ਜਾਵੇ। ਅਫਸਰ ਨੇ ਆਪਣੇ ਸੁਪਨੇ ਨੂੰ ਵੀ ਅਣਗੌਲਿਆਂ ਕਰ ਕੇ ਸਵੇਰੇ ਕਾਰਵਾਈ ਪ੍ਰਾਰੰਭ ਕਰਨੀ ਚਾਹੀ। ਉਸ ਦਿਨ

ਕੁਦਰਤੀ ਐਤਵਾਰ ਦਾ ਦਿਨ ਸੀ। ਉਸ ਅਫਸਰ ਨੇ ਕੀ ਵੇਖਿਆ ਕਿ ਸਵੇਰੇ ਸਵੇਰੇ ਬਹੁਤ ਸਾਰੇ ਤਿਬਤੀ ਉਸ ਪੱਥਰ ਪਾਸ ਪਹੁੰਚੇ ਤੇ ਹਰ ਇਕ ਨੇ ਉਸ ਅੱਗੇ ਆਪਣਾ ਸਤਿਕਾਰ ਤੇ ਆਭਾਰ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ। ਅਫਸਰ ਨੇ ਇਸ ਦਾ ਕਾਰਨ ਪੁੱਛਿਆ ਜਿਸਦੇ ਉੱਤਰ ਵਿਚ ਉਨ੍ਹਾਂ ਦੱਸਿਆ ਕਿ ਇਹ ਪੱਥਰ ਨਹੀਂ, ਸਾਡੇ ਪੂਜਨੀਕ ਲਾਮਾ ਗੁਰੂ ਨਾਨਕ ਦੇਵ ਦਾ ਮੌਮ ਦਾ ਬੁਤ ਹੈ ਜਿਸ ਵਿਚ ਉਨ੍ਹਾਂ ਦੇ ਸਿਰ, ਮੋਢਿਆਂ ਤੇ ਪਿਠ ਦੀ ਛਾਪ ਲਗੀ ਹੋਈ ਹੈ। ਫ਼ੌਜੀ ਅਫਸਰ ਨੇ ਬੋਧੀ ਤਿਬਤੀਆਂ ਪਾਸੋਂ ਇਸ ਬਾਰੇ ਹੋਰ ਜਾਣਕਾਰੀ ਲੈਣੀ ਚਾਹੀ ਤਾਂ ਉਨ੍ਹਾਂ ਦੱਸਿਆ ਕਿ 1515-1518 ਈ. ਦੌਰਾਨ ਗੁਰੂ ਨਾਨਕ ਪਾਤਸ਼ਾਹ ਸਿਕਮ, ਨਿਪਾਲ, ਤਿਬਤ ਤੋਂ ਹੁੰਦੇ ਵਾਪਸ ਸ੍ਰੀ ਨਗਰ ਰਾਹੀਂ ਪੰਜਾਬ ਪਰਤ ਰਹੇ ਸਨ ਕਿ ਇਸ ਥਾਂ ਤੇ ਉਨ੍ਹਾਂ ਵਿਸ਼ਰਾਮ ਕੀਤਾ। ਰਾਤ ਨੂੰ ਇਕ ਬਿਰਧ ਔਰਤ ਉਨ੍ਹਾਂ ਪਾਸ ਆਈ ਤੇ ਰੋ ਰੋ ਕੇ ਕਹਿਣ ਲਗੀ ਕਿ ਇਸ ਇਲਾਕੇ ਵਿਚ ਇਕ ਬੜਾ ਖਤਰਨਾਕ ਰਾਕਸ਼ ਹੈ ਜਿਸ ਨੂੰ ਖੁਸ਼ ਰਖਣ ਲਈ ਬਲੀ ਦਿੱਤੀ ਜਾਂਦੀ ਹੈ ਤੇ ਕਲ ਉਸ ਦੇ ਲੜਕੇ ਦੀ ਵਾਰੀ ਹੈ। ਗੁਰੂ ਸਾਹਿਬ ਨੇ ਉਸ ਨੂੰ ਧੀਰਜ ਬਨਾਇਆ ਤੇ ਫਰਮਾਇਆ ਕਿ ਸਭ ਕੁਝ ਵਾਹਿਗੁਰੂ ਦੀ ਕਿਰਪਾ ਸਦਕਾ ਠੀਕ ਹੋ ਜਾਵੇਗਾ, ਤੂੰ ਆਪਣੇ ਲੜਕੇ ਨੂੰ ਬਲੀ ਲਈ ਰਾਕਸ਼ ਪਾਸ ਨਾ ਭੇਜੀਂ। ਔਰਤ ਨੇ ਇਵੇਂ ਹੀ ਕੀਤਾ। ਰਾਕਸ਼ ਗੁੱਸੇ ਵਿਚ ਆ ਗਿਆ, ਉਸ ਨੇ ਗੁਰੂ ਨਾਨਕ ਦੇਵ ਜੀ ਉਤੇ ਬਹੁਤ ਭਾਰੀ ਚੱਟਾਨ ਰੂਪੀ ਪੱਥਰ ਵਗਾਹ ਕੇ ਮਾਰਿਆ ਜਿਹੜਾ ਉਸ ਸਮੇਂ ਭਗਤੀ ਕਰ ਰਹੇ ਨਾਨਕ ਲਾਮਾ ਦੀ ਪਿਠ ਤੇ ਲਗਾ ਤੇ ਉਥੇ ਹੀ ਰੁਕ ਗਿਆ। ਗੁਰੂ ਨਾਨਕ ਸਾਹਿਬ ਦੇ ਪਵਿੱਤਰ ਸਰੀਰ ਦੀ ਛੋਹ ਪ੍ਰਾਪਤ ਕਰਕੇ ਉਹ ਪੱਥਰ ਮੌਮ ਦਾ ਬਣ ਗਿਆ ਤੇ ਗੁਰੂ ਸਾਹਿਬ ਦੇ ਸਾਰੇ ਸਰੀਰ ਦੇ ਪਿਛਲੇ ਪਾਸੇ ਦਾ ਚਿਤਰ ਉਸ ਵਿਚ ਇੰਨ ਬਿੰਨ ਛਪ ਗਿਆ। ਰਾਕਸ਼ ਨੂੰ ਇਹ ਕੌਤਕ ਵੇਖ ਕੇ ਬੜੀ ਸ਼ਰਮ ਆਈ ਤੇ ਉਹ ਵੀ ਵਲੀ ਕੰਧਾਰੀ ਦੀ ਤਰ੍ਹਾਂ ਉਨ੍ਹਾਂ ਦੇ ਚਰਨਾਂ ਤੇ ਆ ਡਿਗਾ ਤੇ ਭੁੱਲਾਂ ਬਖਸ਼ਵਾ ਕੇ ਨਿਹਾਲ ਨਿਹਾਲ ਹੋ ਗਿਆ। ਫ਼ੌਜੀ ਅਫਸਰ ਤੇ ਉਸ ਦੇ ਸਾਥੀਆਂ ਨੇ ਪੱਥਰ ਨੂੰ ਧਿਆਨ ਨਾਲ ਦੇਖਿਆ ਤਾਂ ਉਨ੍ਹਾਂ ਨੂੰ ਪੱਥਰ ਵਿਚ ਗੁਰੂ ਸਾਹਿਬ ਦਾ ਸਰੀਰ ਛਪਿਆ ਮਹਿਸੂਸ ਹੋਇਆ। ਉਨ੍ਹਾਂ ਵੀ ਸਤਿਕਾਰ ਵਿਚ ਸੀਸ ਨਿਵਾਇਆ ਤੇ ਅਕਾਲਪੁਰਖ ਦਾ ਸ਼ੁਕਰ ਕੀਤਾ ਕਿ ਉਸ ਪੱਥਰ ਨੂੰ ਤੋੜਨ ਦੇ ਪਾਪਾਂ ਤੋਂ ਉਹ ਬਚ ਕੇ ਗੁਰੂ ਦੀਆਂ ਮਿਹਰਾਂ ਦੇ ਪਾਤਰ ਬਣੇ ਹਨ। ਇਸ ਜਗਾਹ ਨੂੰ ਸਹੀ ਸਤਿਕਾਰ ਬਖਸ਼ਣ ਲਈ ਉਥੇ ਗੁਰਦਵਾਰਾ ਸਾਹਿਬ ਦਾ ਨਿਰਮਾਣ ਕੀਤਾ ਗਿਆ ਜੋ ਐਨ ਕੁਦਰਤ ਦੀ ਗੋਦ ਵਿਚ ਹੈ ਅਤੇ ਤਿਬਤੀ ਬੌਧੀ ਤੇ ਹੋਰ ਯਾਤਰੂ ਉਥੇ ਆਪਣੇ ਸੀਸ ਨਿਵਾ ਕੇ ਗੁਰੂ ਦੀ ਨਦਰ ਤੇ ਬਖਸ਼ਸ਼ ਦੇ ਪਾਤਰ ਬਣਦੇ ਹਨ। ਐਚ. ਕਿਸ਼ੀ ਸਿੰਘ ਨੇ ਇਸ ਗੁਰਦਵਾਰਾ ਸਾਹਿਬ ਅਤੇ ਉਸ ਪਥਰ ਸਾਹਿਬ, ਜਿਸ ਦਾ ਉਤੇ ਜ਼ਿਕਰ ਕੀਤਾ ਗਿਆ ਹੈ, ਦੇ ਖੂਬਸੂਰਤ ਚਿਤਰ ਵੀ ਆਪਣੇ ਆਰਟੀਕਲ ਨਾਲ ਅਖਬਾਰ ਵਿਚ ਛਪਵਾਏ ਹਨ। ਹੈ ਨਾ ਗੁਰੂ ਨਾਨਕ ਦੀ ਹਸਤੀ ਅਪਰਮ ਅਪਾਰ?

ਉਕਤ ਗੱਲ ਕਾਰਗਿਲ ਦੇ ਇਲਾਕੇ ਦੀ ਚਲ ਰਹੀ ਹੈ ਜਿਥੇ ਕੁਝ ਸਮਾਂ ਪਹਿਲਾਂ ਪਾਕਿਸਤਾਨ ਦੀ ਧੱਕੇਸ਼ਾਹੀ ਵਿਰੁਧ ਭਾਰਤੀ ਫ਼ੌਜੀ ਆਪਣੀ ਜੀ ਜਾਨ ਲਗਾ ਕੇ ਦੁਸ਼ਮਣ ਦੇ ਦੰਦ ਖਟੇ ਕਰਨ ਵਿਚ ਲਗੇ ਹੋਏ ਸਨ। ਸਿੱਖ ਸੂਰਬੀਰਾਂ ਨੇ ਕਾਰਗਿਲ ਇਲਾਕੇ ਦੀ ਸਭ ਤੋਂ ਉਚੀ ਚੋਟੀ ਟਾਈਗਰ ਹਿਲ ਨੂੰ ਜਿਸ ਦਲੇਰੀ ਤੇ

ਬਹਾਦਰੀ ਨਾਲ ਦੁਸ਼ਮਣ ਤੋਂ ਅਜ਼ਾਦ ਕਰਵਾਇਆ ਅਤੇ ਕਾਰਜ ਦੀ ਸਫ਼ਲਤਾ ਲਈ ਹਸ ਹਸ ਕੇ ਤੇ ਵਧ ਚੜ੍ਹ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ, ਉਸ ਨਾਲ ਇਕ ਵਾਰੀ ਫਿਰ ਸਮੂਹ ਭਾਰਤ ਵਾਸੀ ਵੀਰਾਂ ਦਾ ਆਪਣੇ ਬਹਾਦਰ ਸਿੱਖ ਵੀਰਾਂ ਪ੍ਰਤੀ ਬੇਪਨਾਹ ਸਤਿਕਾਰ ਉਮਡ ਪਿਆ ਹੈ। ਕਾਰਗਿਲ ਕਸਬੇ ਵਿਚ ਕੇਵਲ ਪੰਜ ਸਿੱਖ ਪਰਵਾਰ ਰਹਿੰਦੇ ਹਨ। ਉਥੇ ਲੋਕਲ ਗੁਰਦੁਆਰੇ ਦੇ ਨਾਲ ਨਾਲ ਗੁਰੂ ਨਾਨਕ ਸਾਹਿਬ ਦੀ ਉਸ ਸ਼ਹਿਰ ਦੀ ਕੀਤੀ ਯਾਤਰਾ ਦੀ ਯਾਦ ਵਿਚ ਇਕ ਇਤਿਹਾਸਕ ਗੁਰਦੁਆਰਾ ਵੀ ਸ਼ਹਿਰ ਦੀਆਂ ਸਾਰੀਆਂ ਸੰਗਤਾਂ ਨੇ ਉਸਾਰਿਆ ਹੋਇਆ ਹੈ। ਇਸ ਧੁੰਏ ਧਾਰ ਜੰਗ ਦੌਰਾਨ ਪ੍ਰਸ਼ਾਸਨ ਅਤੇ ਫੌਜ ਨੇ ਚਾਹਿਆ ਕਿ ਕਸਬਾ ਨਿਵਾਸੀ ਇਸ ਨੂੰ ਖਾਲੀ ਕਰਕੇ ਕੁਝ ਦੇਰ ਲਈ ਸੁਰਖਿਅਤ ਥਾਂ ਤੇ ਚਲੇ ਜਾਣ ਪਰ ਪੰਜ ਸਿੱਖ ਪਰਵਾਰਾਂ ਨੇ ਇਹ ਕਹਿ ਕੇ ਜਾਣ ਤੋਂ ਨਾ ਕਰ ਦਿੱਤੀ ਕਿ ਉਹ ਇਥੇ ਗੁਰੂ ਨਾਨਕ ਸਾਹਿਬ ਦੀ ਸ਼ਰਨ ਵਿਚ ਬਹੁਤ ਸੁਰੱਖਿਅਤ ਹਨ ਤੇ ਸ਼ਹਿਰ ਛੱਡ ਕੇ ਨਹੀਂ ਜਾਣਗੇ ਭਾਵੇਂ ਉਨ੍ਹਾਂ ਦੀ ਮੌਤ ਹੀ ਕਿਉਂ ਨਾ ਹੋ ਜਾਵੇ। ਉਨ੍ਹਾਂ ਦੇ ਇਸ ਦਲੇਰੀ ਭਰੇ ਫੈਸਲੇ ਨਾਲ ਸਭ ਨੂੰ ਬਲ ਮਿਲਿਆ ਅਤੇ ਇਹ ਪ੍ਰਵਾਰ ਉਥੇ ਰਹਿ ਕੇ ਹਰ ਕਿਸੇ ਲਈ ਸਹਾਈ ਸਿਧ ਹੋਏ ਜਿਸ ਨਾਲ ਇਲਾਕੇ ਵਿਚ ਵਸਦੇ ਹੋਰ ਭਾਰਤੀ ਵੀਰਾਂ ਦਾ ਵੀ ਹੌਸਲਾ ਵਧਿਆ ਅਤੇ ਸਾਰੇ ਦੁਸ਼ਮਣ ਨੂੰ ਨੀਚਾ ਦਿਖਾਣ ਲਈ ਤਤਪਰ ਹੋ ਗਏ। ਗੁਰੂ ਨਾਨਕ ਸਾਹਿਬ ਦੀ ਸ਼ਰਨ ਵਿਚ ਰਹਿਣ ਨਾਲ ਉਨ੍ਹਾਂ ਦਾ ਵਾਲ ਵੀ ਵਿੰਗਾ ਨਾ ਹੋਇਆ ਪਰ ਦੁਸ਼ਮਣ ਦੀ ਮਾਂਗਵੀ ਕਮਰ ਵੀ ਟੁਟ ਗਈ। (ਕਿਉਂਕਿ ਉਹ ਪਹਾੜੇ ਦੇ ਟਟੂਆਂ ਦੀ ਸ਼ਹਿ ਨਾਲ ਜੰਗ ਲੜ ਰਿਹਾ ਹੈ।) (ਹਵਾਲਾ ਟਰਿਬਿਊਨ 15.7.1999)

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ॥ (ਕਲਸਹਾਰ, ਪੰਨਾ-1389)

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਜੇਕਰ ਆਪਣੇ ਦੇਸ਼ ਵਾਸੀ ਗੁਰੂ ਜੀ ਨੂੰ ਗੁਰੂ ਨਾਨਕ ਦੇਵ ਕਹਿ ਕੇ ਸਤਿਕਾਰਦੇ ਸਨ ਤਾਂ ਤਿਬਤੀ ਉਨ੍ਹਾਂ ਨੂੰ ਆਪਣਾ 'ਲਾਮਾ' ਸਮਝ ਕੇ ਆਦਰ ਮਾਣ ਦੇਂਦੇ ਸਨ। ਹੋਰ ਦੇਸ਼ਾਂ ਵਿੱਚ ਵਸਦੇ ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਨੂੰ ਆਪਣਾ ਸੰਤ ਮੰਨਦੇ ਸਨ ਅਤੇ ਉਨ੍ਹਾਂ ਦਾ ਨਾਂ ਉਨ੍ਹਾਂ ਨੇ ਆਪਣੇ ਸਥਾਨਕ ਸੰਤਾਂ ਜਾਂ ਪੈਗ਼ੰਬਰਾਂ ਵਾਲਾ ਰਖ ਲਿਆ ਸੀ ਤਾਂ ਕਿ ਗੁਰੂ ਸਾਹਿਬ ਨਾਲ ਉਨ੍ਹਾਂ ਦਾ ਨੇੜੇ ਦਾ ਅਤੇ ਅਟੁੱਟ ਨਾਤਾ ਬਣਿਆ ਰਹੇ। ਇਸ ਪਿਆਰ ਭਾਵਨਾ ਤਹਿਤ ਸ੍ਰੀਲੰਕਾ ਵਿਚ ਗੁਰੂ ਸਾਹਿਬ 'ਨਾਨਕ ਬੁਧਾ' ਦੇ ਨਾਂ ਨਾਲ ਜਾਣੇ ਜਾਂਦੇ ਸਨ। ਅਰਬ ਦੇਸ਼ਾਂ ਦੇ ਆਪਣੇ ਸ਼ਰਧਾਲੂਆਂ ਲਈ ਉਹ 'ਨਾਨਕ ਪੀਰ', 'ਪੀਰ ਬਾਬਾ ਨਾਨਕ' ਜਾਂ 'ਬਾਲ ਗੁੰਦਾਰੀ' ਵਜੋਂ ਜਾਣੇ ਤੇ ਸਤਿਕਾਰੇ ਜਾਂਦੇ ਸਨ। ਹੋਰ ਦੇਖੋ ਰੂਸ ਤੇ ਅਫ਼ਗਾਨਿਸਤਾਨ ਵਰਗੇ ਵਿਸ਼ਾਲ ਦੇਸ਼ਾਂ ਵਿਚ ਉਨ੍ਹਾਂ ਨੂੰ "ਵਲੀ ਹਿੰਦ ਬਾਬਾ ਨਾਨਕ" ਦੇ ਨਾਂ ਨਾਲ ਇਜ਼ਤ ਬਖਸ਼ੀ ਜਾਂਦੀ ਸੀ। ਚੀਨ, ਮੰਗੋਲੀਆ ਅਤੇ ਵੇਟਨਾਮ ਦੇ ਕੁਝ ਹਿਸਿਆਂ ਵਿਚ ਉਹ 'ਭੂਸਾ ਨਾਨਕ' ਦੇ ਨਾਂ ਨਾਲ ਮਸ਼ਹੂਰ ਸਨ। ਹਿਮਾਲੀਆ ਦੇ ਦੂਰ ਦਰਾਜ਼ ਇਲਾਕਿਆਂ ਵਿਚ ਅਤੇ ਭੂਟਾਨ, ਨਿਪਾਲ ਤੇ ਸਿਕਮ ਦੇ ਕੁਝ ਭਾਗਾਂ ਵਿਚ ਉਨ੍ਹਾਂ ਨੂੰ ਸਤਿਕਾਰ ਨਾਲ "ਰਿਮਪੂਚੀ" ਜਾਂ "ਰਿਮਪੋਜੀ" ਦੇ ਪਿਆਰ ਭਿਜੇ ਤੇ ਸਤਿਕਾਰ ਵਿਚ ਗੁੰਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਸੀ।

ਏਸ਼ੀਆ ਮਹਾਂਦੀਪ ਦੇ ਵੱਖ ਵੱਖ ਹਿਸਿਆਂ ਵਿਚ ਗੁਰੂ ਨਾਨਕ ਸਾਹਿਬ ਦੇ ਇਹ ਭਿੰਨ ਭਿੰਨ ਨਾਂ, ਉਨ੍ਹਾਂ ਨੂੰ ਸਮੁਚੀ ਮਨੁੱਖ ਜਾਤੀ ਦਾ ਸਰਬ ਵਿਆਪੀ ਗੁਰੂ ਹੋਣ ਦੀ ਮਾਨਤਾ ਪਰਦਾਨ ਕਰਦੇ ਹਨ। ਕਿਸੇ ਵੀ ਹੋਰ ਅਵਤਾਰ ਜਾਂ ਪੈਗ਼ੰਬਰ ਨੇ ਆਪਣੇ ਜੀਵਨ ਕਾਲ ਦੌਰਾਨ ਇਤਨੀ ਸਰਬ ਵਿਆਪੀ ਮਾਨਤਾ, ਸਤਿਕਾਰ ਤੇ ਇਜ਼ਤ ਮਾਣ ਨਹੀਂ ਖਟਿਆ ਜਿਤਨਾ ਗੁਰੂ ਨਾਨਕ ਸਾਹਿਬ ਦੇ ਹਿੱਸੇ ਆਇਆ ਹੈ।

ਜੈਨ ਮੁਨੀ ਸ੍ਰੀ ਸੁਸ਼ੀਲ ਕੁਮਾਰ

ਜੈਨ ਧਰਮ ਦੀ ਨਾਮਵਰ ਸ਼ਖਸੀਅਤ ਸ੍ਰੀ ਸੁਸ਼ੀਲ ਕੁਮਾਰ ਨੇ ਸਿੱਖ ਧਰਮ ਨੂੰ ਗੌਹ ਨਾਲ ਵਾਚਣ ਉਪਰੰਤ ਕਿਹਾ: "ਗੁਰੂ ਨਾਨਕ ਦੇਵ ਜੀ ਅਕਾਲਪੁਰਖ ਵਲੋਂ ਇਸ ਸੰਸਾਰ ਉੱਤੇ ਇੱਕ ਸ਼ਾਂਤੀ ਦੂਤ ਵਜੋਂ ਭੇਜੇ ਗਏ ਅਤੇ ਉਨ੍ਹਾਂ ਨੇ ਜਗਤ ਜਲੰਦੇ ਨੂੰ ਆਪਣੇ ਅਨੂਠੇ ਬੋਲਾਂ, ਸ਼ਬਦਾਂ ਤੇ ਬਾਣੀ ਨਾਲ ਸ਼ਾਂਤ ਕਰਨ ਵਿਚ ਕਾਮਯਾਬੀ ਪ੍ਰਾਪਤ ਕੀਤੀ।"

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਸਲੋਕ ਮ-3, ਪੰਨਾ-853)

ਡਾ. ਕੇ.ਟੀ. ਲਲਵਾਨੀ

ਜਰਮਨੀ ਦੇ ਸ਼ਹਿਰ ਬੋਨ ਵਿਚ ਪੜ੍ਹਿਆ ਉਘਾ ਲੇਖਕ ਤੇ ਅਲੋਚਕ, ਡਾ. ਕੇ.ਟੀ. ਲਲਵਾਨੀ ਆਪਣੀ ਪੁਸਤਕ 'Guru Nanak' ਦੇ ਦੂਜੇ ਐਡੀਸ਼ਨ ਜੋ 1995 ਵਿਚ ਇੰਗਲੈਂਡ ਤੋਂ ਛਪਿਆ ਹੈ, ਵਿਚ ਗੁਰੂ ਨਾਨਕ ਦੇਵ ਜੀ ਬਾਰੇ ਇਵੇਂ ਲਿਖਦਾ ਹੈ: ਗੁਰੂ ਨਾਨਕ ਸਾਹਿਬ ਦਾ ਆਪਣਾ ਕੋਈ ਗੁਰੂ, ਸਿੱਖਿਆ ਦਾਤਾ ਜਾਂ ਮੁਰਸ਼ਦ ਨਹੀਂ ਸੀ ਜਿਸ ਨੇ ਉਨ੍ਹਾਂ ਨੂੰ ਦੁਨਿਆਵੀ ਤੇ ਅਧਿਆਤਮਿਕ ਜ਼ਾਬਤਾ ਸਿਖਾਇਆ ਹੋਵੇ। ਉਨ੍ਹਾਂ ਦੇ ਦਾਰਸ਼ਨਕ ਵਿਚਾਰ ਇਲਾਹਮੀ (ਅੰਤਰ-ਦਰਸ਼ੀ) ਸਨ ਅਤੇ ਉਨ੍ਹਾਂ ਦੇ ਆਤਮਿਕ ਅਨੁਭਵ ਸਵੈ-ਪ੍ਰਾਪਤ ਸਨ। ਉਹ ਅਸੀਮ ਨਿਸ਼ਚੇ ਅਤੇ ਭਰਪੂਰ ਦਿਆ ਵਾਲੇ ਇਨਸਾਨ ਸਨ। ਮਨੁੱਖਤਾ ਨਾਲ ਸਬੰਧਤ ਕੋਈ ਵੀ ਗੱਲ ਉਨ੍ਹਾਂ ਦੇ ਸੁਭਾਅ ਲਈ ਓਪਰੀ ਨਹੀਂ ਸੀ। ਹਰ ਪਰਕਾਰ ਦੇ ਇਨਸਾਨ ਉਨ੍ਹਾਂ ਲਈ ਇਕ ਸਮਾਨ ਸਨ। ਉਨ੍ਹਾਂ ਦਾ ਦਰਿਸ਼ਟੀਕੋਨ ਵਿਸ਼ਵ ਵਿਆਪੀ ਸੀ। ਉਨ੍ਹਾਂ ਦਾ ਸੰਦੇਸ਼ ਨਾ ਕੇਵਲ ਹਿੰਦੂਆਂ ਤੇ ਮੁਸਲਮਾਨਾਂ ਲਈ ਸੀ ਅਤੇ ਨਾ ਹੀ ਕੇਵਲ ਭਾਰਤੀਆਂ ਲਈ ਹੀ ਸੀ ਸਗੋਂ ਉਹ ਤਾਂ ਸਾਰੀ ਇਨਸਾਨੀ ਨਸਲ ਲਈ ਸੀ। (ਪੁਸਤਕ ਦਾ ਪੰਨਾ-2)

ਗੁਰੂ ਸਾਹਿਬ ਦਾ ਆਤਮਿਕ ਵਿਗਿਆਨ ਅਜੋਕੀ ਜ਼ਿੰਦਗੀ ਦੀਆਂ ਸਾਰੀਆਂ ਹਾਲਤਾਂ ਵਿਚ ਵਿਚਰ ਰਹੀ ਸਾਰੀ ਮਨੁੱਖਾ ਜਾਤੀ ਲਈ ਬਹੁਤ ਢੁਕਵਾਂ ਹੈ ਅਤੇ ਨਿਮਰਤਾ, ਸ਼ਰਧਾ, ਸਚਾਈ, ਨੇਕ ਨੀਤੀ, ਮਨ ਦੀ ਸ਼ੁਧਤਾ, ਨੇਕ ਕਿਰਤ ਕਮਾਈ, ਵੰਡ ਛਕਣ ਦੀ ਭਾਵਨਾ ਅਤੇ ਆਪਸੀ ਬਰਾਬਰੀ ਉਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਅਤੇ ਨਾਲ ਹੀ ਜ਼ਾਤ ਪਾਤ, ਫੋਕਟ ਰਸਮਾਂ ਰਵਾਜਾਂ, ਵਹਿਮਾਂ ਭਰਮਾਂ ਅਤੇ ਲਿੰਗ ਵਿਖਰੇਵਿਆਂ ਦਾ ਡਟ ਕੇ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬ ਅਨੁਸਾਰ, ਤਪ ਸਾਧਨਾ, ਘਰ ਬਾਹਰ ਤਿਆਗ ਕੇ ਜੰਗਲਾਂ ਵਿਚ ਚਲਾ ਜਾਣਾ, ਰਸਮੀ ਬਲੀਆਂ ਚੜ੍ਹਾਉਣਾ, ਬਿਲਕੁਲ ਫਜ਼ੂਲ, ਮੰਤਵਹੀਣ ਤੇ ਬੇਲੋੜੀਆਂ ਕਿਰਿਆਵਾਂ ਹਨ (ਪੰਨਾ-1)।

ਗੁਰੂ ਨਾਨਕ ਸਾਹਿਬ ਦੀ ਕਾਵਿਕ ਬਾਣੀ ਦੇ ਪ੍ਰਮੁਖ ਵਿਸ਼ੇ ਸਚ, ਇਕਸੁਰਤਾ ਅਤੇ ਬੁਧੀਮਾਨਤਾ ਹਨ ਜਿਨ੍ਹਾਂ ਤੇ ਰਬੀ ਸ਼ਕਤੀ ਦੀ ਪਾਹ ਚੜ੍ਹੀ ਹੋਈ ਹੈ। ਇਹ ਬਾਣੀ ਰਬੀ ਹੁਲਾਰੇ ਦਾ ਕਰਿਸ਼ਮਾ ਹੈ। ਜੋ ਕੋਈ ਵੀ ਉਨ੍ਹਾਂ ਦੀ ਸ਼ਰਧਾਮਈ ਬਾਣੀ ਪੜ੍ਹਦਾ ਹੈ, ਉਹ ਬਿਨਾ ਸ਼ਕ ਉਸ ਭਾਵਨਾ ਦੁਆਰਾ ਅੰਦਰਲੀਆਂ ਡੂੰਘਾਈਆਂ ਤਕ ਜੁੰਬਸ਼ ਵਿਚ ਆ ਜਾਂਦਾ ਹੈ, ਜਿਹੜੀ ਪਾਠਕ ਨੂੰ ਇਸ ਚੁੰਧਿਆ ਦੇਣ ਵਾਲੀ ਅਤੇ ਹਰ ਥਾਂ ਪਸਰੀ ਹੋਈ ਅਸਲੀਅਤ (ਭਾਵ ਪ੍ਰਮਾਤਮਾ) ਦੇ ਆਹਮਣੇ ਸਾਹਮਣੇ ਲਿਆ ਖੜਾ ਕਰਦੀ ਹੈ।

ਗੁਰੂ ਨਾਨਕ ਸਾਹਿਬ ਦੀਆਂ ਪ੍ਰੇਮ, ਨਿਰਮਤਾ ਅਤੇ ਸਚਾਈ ਭਰੀਆਂ ਜੀਵਨ ਜੀਣ ਦੀਆਂ ਸਿੱਖਿਆਵਾਂ ਸਾਰੀ ਮਨੁੱਖੀ ਨਸਲ ਨੂੰ ਧੀਰਜ ਪ੍ਰਦਾਨ ਕਰਦੀਆਂ ਹਨ ਜਿਸ ਤੋਂ ਦੁਨਿਆਵੀ ਦੁਖਾਂ ਤਕਲੀਫਾਂ ਨੂੰ ਝਲਣ ਲਈ ਆਤਮਿਕ ਬਲ ਪ੍ਰਾਪਤ ਹੁੰਦਾ ਹੈ ਤਾ ਕਿ ਜ਼ਿੰਦਗੀ ਤੋਂ ਨੱਸਿਆ ਨਾ ਜਾਵੇ ਸਗੋਂ ਪ੍ਰੇਮ, ਸ਼ਾਂਤ-ਚਿਤਤਾ ਅਤੇ ਸ਼ਰਧਾ ਭਾਵਨਾ ਨਾਲ ਇਸ ਨੂੰ ਪ੍ਰਵਾਨ ਚੜ੍ਹਾਇਆ ਜਾਵੇ। **ਗੁਰੂ ਨਾਨਕ ਨੇ ਅਜਿਹੇ ਧਰਮ ਦਾ ਪਰਚਾਰ ਕੀਤਾ ਜਿਸ ਵਿਚ ਮਨੁੱਖ ਜੀਵਤ ਰਹਿ ਸਕਦਾ ਹੈ, ਅਜਿਹਾ ਧਰਮ ਜਿਹੜਾ ਮਨੁੱਖੀ ਜ਼ਿੰਦਗੀ ਨੂੰ ਰੁਸ਼ਨਾਸ ਕਰਦਾ ਹੈ, ਉਹ ਧਰਮ ਜੋ ਪਿਆਰ ਤੇ ਅਧਾਰਤ ਹੈ ਅਤੇ ਸੇਵਾ ਤੇ ਬਲੀਦਾਨ ਜਿਸ ਦੇ ਸੰਗੀ ਸਾਥੀ ਹਨ। ਅਸਲੀਅਤ ਤਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਦਾ ਜੀਵਨ ਅਨੁਭਵ ਸਾਰੀਆਂ ਕੌਮਾਂ, ਸਾਰੀਆਂ ਨਸਲਾਂ ਅਤੇ ਸਾਰਿਆਂ ਯੁਗਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।** (ਪੰਨਾ-18)

ਇਹੀ ਵਿਦਵਾਨ ਲਲਵਾਨੀ ਗੁਰੂ ਗ੍ਰੰਥ ਸਾਹਿਬ ਬਾਰੇ ਨਿਮਨ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ:

1. ਗੁਰੂ ਗ੍ਰੰਥ ਸਾਹਿਬ ਸਚਾਈ ਤੇ ਸੰਗੀਤ ਵਿਚ ਇਕਸੁਰਤਾ ਦਰਸਾਂਦੇ ਹਨ।

2. ਗੁਰੂ ਗ੍ਰੰਥ ਸਾਹਿਬ ਸਾਰੇ ਸੰਸਾਰ ਵਿਚ ਨਿਰਵਿਵਾਦ ਹਨ। 16ਵੀਂ ਸਦੀ ਦੌਰਾਨ ਸਿਰਜਨਾ ਵਿਚ ਆਉਣ ਵਾਲੇ ਗੁਰੂ ਗ੍ਰੰਥ ਸਾਹਿਬ, ਵਿਸ਼ਵ ਦੀਆਂ ਸਾਰੀਆਂ ਧਾਰਮਿਕ ਲਿਖਤਾਂ ਵਿਚੋਂ ਅਤੀ ਆਧੁਨਿਕ ਹਨ। (ਪੰਨਾ-17)

ਡਾ. ਹੀਰਾ ਲਾਲ ਚੋਪੜਾ

ਉੱਘਾ ਲੇਖਕ ਤੇ ਦਾਰਸ਼ਨਕ ਸ੍ਰੀ ਹੀਰਾ ਲਾਲ ਚੋਪੜਾ ਆਪਣੀ ਕਿਰਤ 'Guru Nanak--The Apostle of Unity' ਵਿਚ ਕਹਿੰਦਾ ਹੈ: ਗੁਰੂ ਨਾਨਕ ਦੇਵ ਦੁਨੀਆ ਤੇ ਇਹ ਪ੍ਰਭਾਵ ਪਾਉਣ ਵਿਚ ਸਫਲ ਹੋ ਗਏ ਕਿ ਉਹ ਆਪਣੇ ਸਾਰੇ ਝਗੜਿਆਂ ਦੇ ਸਦੀਵੀ ਹਲਾਂ ਲਈ ਉਨ੍ਹਾਂ ਦੇ ਸਿਧਾਂਤਾਂ ਤੇ ਅਮਲ ਕਰੇ। ਮੁਹਸਨ ਫਾਨੀ ਜੋ ਖੁਦ ਉਸ ਤਬਕੇ ਨਾਲ ਸਬੰਧ ਰਖਦਾ ਹੈ ਜਿਸ ਨੇ ਗੁਰੂ ਨਾਨਕ ਦੇਵ ਦੇ ਉਤਰਾਧਕਾਰੀਆਂ ਤੇ ਚੇਲਿਆਂ ਨਾਲ ਜੰਗਾਂ ਤਕ ਵੀ ਕੀਤੀਆਂ ਹਨ, ਗੁਰੂ ਸਾਹਿਬ ਨੂੰ 'ਕਰਮ ਯੋਗੀ' ਕਹਿ ਕੇ ਵਡਿਆਉਂਦਾ ਹੈ। ਗੁਰੂ ਨਾਨਕ ਸਾਹਿਬ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਧਾਰਮਿਕ ਇਕਸੁਰਤਾ ਲਿਆਉਣ ਵਾਲਾ ਪਰਚਾਰਕ ਮੰਨ ਕੇ ਸਤਿਕਾਰਿਆ ਜਾਂਦਾ ਹੈ। ਗੁਰੂ ਸਾਹਿਬ ਦੇ ਪਰਵਚਨ ਸਭ ਦੀ ਸਾਂਝੀ ਸੰਪਤੀ ਹਨ। ਉਨ੍ਹਾਂ ਨੇ ਵਖਰੇਵਿਆਂ ਨੂੰ ਖ਼ਤਮ ਕਰਵਾਇਆ, ਝਗੜਿਆਂ ਨੂੰ ਖ਼ਤਮ ਕਰਵਾਇਆ ਅਤੇ ਸਾਰੀਆਂ ਧਿਰਾਂ ਨੂੰ ਪਿਆਰ ਦੇ ਰੰਗ ਵਿਚ ਰੰਗਿਆ, ਅਨੇਕਤਾਵਾਂ ਨੂੰ ਏਕਤਾ ਵਿਚ ਬਦਲਿਆ, ਅਤੇ ਮਨੁੱਖ ਨੂੰ

ਅਸਲ ਰੂਪ ਵਿਚ ਮਨੁੱਖ ਬਣਾਇਆ ਜਿਹੜਾ ਆਪਣੇ ਰਚਨਹਾਰੇ ਪਰਮਾਤਮਾ ਦਾ ਖੈਰ ਖਾਹ ਹੋ ਨਿਬੜਿਆ। (ਸਿਖ ਰਿਵਿਊ ਫਰਵਰੀ 1997)।

ਸ੍ਰੀਮਤੀ ਪੀ.ਐਮ. ਵਾਈਲਮ

ਮੌਜੂਦਾ ਸਮੇਂ ਦੀ ਅੰਗਰੇਜ਼ ਲੇਖਕਾ ਸ੍ਰੀਮਤੀ ਵਾਈਲਮ ਆਪਣੀ ਪੁਸਤਕ 'An introduction to Sikh belief' ਵਿਚ ਗੁਰੂ ਨਾਨਕ ਦੇਵ ਜੀ ਬਾਰੇ ਲਿਖਦੀ ਹੈ:

1. ਗੁਰੂ ਨਾਨਕ ਦੇਵ ਨੇ ਕੇਵਲ ਇਕ ਸਾਧਾਰਨ ਜਹੀ ਆਸਤਾ ਅਤੇ ਇਕੋ ਸਰਲ ਜਿਹਾ ਧਾਰਮਿਕ ਅਮਲ ਦੱਸਿਆ ਹੈ ਜਿਸ ਨੂੰ ਜੇਕਰ ਕੋਈ ਸ਼ਰਧਾਲੂ ਆਪਣੇ ਹਿਰਦੇ ਵਿਚ ਵਸਾ ਲਵੇ ਤਾਂ ਉਹ ਆਪਣੇ ਆਪ ਨੂੰ ਸਾਰੀਆਂ ਬੁਰਾਈਆਂ ਤੇ ਲਾਲਚੀ ਖਾਹਿਸ਼ਾਂ ਤੋਂ ਬਚਾ ਸਕਦਾ ਹੈ। ਇਹ 'ਆਸਤਾ' ਤਾਂ ਹੈ ਇਕੋ ਇਕ ਪ੍ਰਮਾਤਮਾ ਵਿਚ ਵਿਸ਼ਵਾਸ ਅਤੇ 'ਅਮਲ' ਹੈ ਉਸ ਸਿਰਜਨਹਾਰ ਪ੍ਰਮਾਤਮਾ ਦਾ ਲਗਾਤਾਰ ਨਾਮ ਜਪਣਾ।

2. ਗੁਰੂ ਨਾਨਕ ਦੇ ਸੰਦੇਸ਼ ਅਨੁਸਾਰ ਪ੍ਰਮਾਤਮਾ ਸਭ ਦਾ ਪਿਤਾ ਹੈ ਅਤੇ ਸਾਰੇ ਮਨੁੱਖ ਆਪਸ ਵਿਚ ਭਰਾ ਭਰਾ ਹਨ ਇਸ ਲਈ ਸਿੱਖ ਧਰਮ ਵਿਚ ਜ਼ਾਤ ਪਾਤ, ਨਸਲ, ਕੌਮ, ਰੰਗ, ਬਰਾਦਰੀ ਜਾਂ ਮਰਦ ਔਰਤ ਹੋਣ ਦੇ ਤਥ ਨੂੰ ਕੋਈ ਵਜ਼ਨ ਦਿੱਤੇ ਬਗ਼ੈਰ ਸਭ ਦਾ ਸਵਾਗਤ ਹੈ। ਚੰਗੇ ਵਰਗ ਜਾਂ ਉੱਚੀ ਜ਼ਾਤ ਵਿਚ ਪੈਦਾ ਹੋਏ ਹੋਣ ਕਾਰਨ ਕਿਸੇ ਨੂੰ ਇਸ ਧਰਮ ਵਿਚ ਤਰਜੀਹ ਨਹੀਂ ਦਿੱਤੀ ਜਾਂਦੀ (ਪੰਨਾ-9)

3. ਗੁਰੂ ਨਾਨਕ ਦੇ ਧਰਮ ਵਿਚ ਸਿਰਫ਼ ਕਥਨੀ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ, ਕਰਨੀ ਤੇ ਸਭ ਕੁਝ ਨਿਰਭਰ ਕਰਦਾ ਹੈ। ਇਸ ਲਈ ਸਿੱਖ ਨੂੰ ਤਾਕੀਦ ਹੈ ਕਿ ਉਹ ਜ਼ਿੰਦਗੀ ਤੋਂ ਸਨਿਆਸ ਨਾ ਲਵੇ, ਸਾਧੂਆਂ, ਫ਼ਕੀਰਾਂ ਵਾਲਾ ਜੀਵਨ ਧਾਰਨ ਨਾ ਕਰੇ ਜਾਂ ਘਰ ਬਾਹਰ ਛਡ ਕੇ ਗ੍ਰਸਤੀ ਜੀਵਨ ਤੋਂ ਦੂਰ ਤਪਸਿਆ ਵਿਚ ਨਾ ਜੁਟੇ ਕਿਉਂਕਿ ਗੁਰੂ ਨਾਨਕ ਸਾਹਿਬ ਨੇ ਫਰਮਾਇਆ ਹੈ ਕਿ ਮਨੁੱਖ ਪ੍ਰਮਾਤਮਾ ਦੀ ਪ੍ਰਾਪਤੀ ਦੁਨੀਆ ਵਿਚ ਕਰਮਸ਼ੀਲ ਹੋ ਕੇ ਅਤੇ ਆਪਣੀਆਂ ਨਿਤ ਦੀਆਂ ਦੁਨਿਆਵੀ ਡਿਊਟੀਆਂ ਨਿਭਾਅ ਕੇ ਵੀ ਕਰ ਸਕਦਾ ਹੈ। (ਪੰਨਾ-10)

ਸ੍ਰੀ ਸੂਰਜ ਭਾਨ ਸਾਬਕਾ ਉਪ ਕੁਲਪਤੀ ਪੰਜਾਬ ਯੂਨੀਵਰਸਿਟੀ

.....ਭਾਰਤ ਅਤੇ ਇਸ ਤੋਂ ਵਧਕੇ ਪੰਜਾਬ ਬਜਾ ਤੌਰ ਤੇ ਇਸ ਗੱਲ ਤੇ ਮਾਣ ਕਰ ਸਕਦਾ ਹੈ ਕਿ ਪ੍ਰਮਾਤਮਾ ਰੂਪੀ ਮਨੁੱਖ ਗੁਰੂ ਨਾਨਕ, ਇਸੇ ਧਰਤੀ ਤੇ ਪੈਦਾ ਹੋਇਆ। ਪਰ ਇਸ ਮਹਾਨ ਮਾਸਟਰ ਨੇ ਆਪਣੇ ਮਿਸ਼ਨ ਨੂੰ ਇਸ ਦੇਸ਼ ਤਕ ਹੀ ਸੀਮਤ ਨਹੀਂ ਰਹਿਣ ਦਿੱਤਾ ਸਗੋਂ ਦੂਰ ਦਰਾਜ਼ ਇਲਾਕਿਆਂ ਤੇ ਦੇਸ਼ਾਂ ਦਾ ਭਰਮਣ ਕੀਤਾ ਤਾਂ ਕਿ ਸਮੁਚੀ ਮਨੁੱਖਤਾ ਨੂੰ ਰੁਸ਼ਨਾਸ ਕੀਤਾ ਜਾ ਸਕੇ ਅਤੇ ਉਸ ਨੂੰ ਪਰਸਪਰ ਪਿਆਰ, ਸਮਾਜਕ ਇਨਸਾਫ਼, ਧਾਰਮਿਕ ਸਹਿਨਸ਼ੀਲਤਾ ਅਤੇ ਭਰਾਤਰੀ ਭਾਵ ਦਾ ਵਡਮੁਲਾ ਸੰਦੇਸ਼ ਦਿੱਤਾ ਜਾ ਸਕੇ। **ਗੁਰੂ ਨਾਨਕ ਸਾਹਿਬ ਲਈ ਕੋਈ ਦੇਸ਼, ਬਦੇਸ਼ ਭਾਵ ਬਿਗਾਨਾ ਦੇਸ਼ ਨਹੀਂ ਸੀ ਅਤੇ ਕੋਈ ਵੀ ਮਨੁੱਖ ਉਪਰਾ ਤੇ ਪਰਵਾਸੀ ਨਹੀਂ ਸੀ।** (ਹਵਾਲਾ Guru Nanak in the eyes of Non-Sikhs, Page-III)

ਗੁਰੂ ਨਾਨਕ ਦੇਵ ਮੌਲਵੀ ਗ਼ਲਾਮ ਅਲੀ ਦੀਆਂ ਨਜ਼ਰਾਂ ਵਿਚ

ਮੌਲਵੀ ਗ਼ਲਾਮ ਅਲੀ ਔਰੰਗਜ਼ੇਬ ਦੇ ਪੋਤਰੇ ਬਾਦਸ਼ਾਹ ਫਰੁਖਸੀਅਰ ਦਾ ਦਰਬਾਰੀ ਮੁਨਸ਼ੀ ਸੀ। ਗੁਰੂ ਨਾਨਕ ਸਾਹਿਬ ਬਾਰੇ ਉਹ ਆਪਣੀ ਤਵਾਰੀਖ ਮੁਹਬਤ ਆਜ਼ਮ ਵਿਚ ਇਵੇਂ ਲਿਖਦਾ ਹੈ: ਗੁਰੂ ਨਾਨਕ ਸਾਹਿਬ ਬਾਬਰ ਸ਼ਾਹ ਦੇ ਵਕਤ ਬੜੇ ਮੁਹਤਬਿਰ (ਇਜ਼ਤਦਾਰ) ਪੁਰ ਤਾਸੀਰ (ਪ੍ਰਭਾਵੀ) ਕਲਾਮ ਵਾਲੇ ਐਸੇ ਮਹਾਂਪੁਰਸ਼ ਹੋਏ ਜਿਨ੍ਹਾਂ ਦੇ ਉਪਦੇਸ਼ ਨਾਲ ਪਥਰ-ਦਿਲ ਵੀ ਮੋਮ ਹੋ ਜਾਂਦੇ ਸਨ। ਉਨ੍ਹਾਂ ਦੇ ਪਾਕ ਪਵਿਤਰ ਕਲਾਮ ਨੇ ਇਕ ਆਲਮ (ਦੁਨੀਆਂ) ਪਵਿੱਤਰ ਕਰ ਦਿੱਤਾ ਸੀ। **ਸਯੱਦ ਪੀਰ ਹੁਸੈਨ ਜੋ ਉਸ ਸਮੇਂ ਇਸਲਾਮ ਧਰਮ ਦਾ ਚਰਾਗ਼ ਮੰਨਿਆ ਜਾਂਦਾ ਸੀ, ਉਹ ਆਪ ਗੁਰੂ ਨਾਨਕ ਸਾਹਿਬ ਦੀ ਬਹੁਤ ਤਾਰੀਫ਼ ਕਰਦਾ ਹੁੰਦਾ ਸੀ। ਜੋ ਕੁਝ ਇਲਮ, ਹੁਨਰ ਤੇ ਹੋਰ ਚੰਗੇ ਚੰਗੇ ਤਰੀਕੇ ਹਨ, ਜਿਨ੍ਹਾਂ ਨੂੰ ਕਮਾਉਣ ਨਾਲ ਪੈ.ਗ਼ੰਬਰੀ ਦਰਜੇ ਨੂੰ ਪਹੁੰਚ ਸਕੀਦਾ ਹੈ, ਉਹ ਅਲੌਕਿਕ ਦੈਵੀ ਗੁਣ ਸਵਾਏ ਗੁਰੂ ਨਾਨਕ ਦੇਵ ਦੇ ਰੱਬ ਨੇ ਹੋਰ ਕਿਸੇ ਨੂੰ ਨਹੀਂ ਦਿੱਤੇ।**

ਮੌਲਵੀ ਗ਼ਲਾਮ ਅਲੀ ਗੁਰੂ ਸਾਹਿਬ ਬਾਰੇ ਹੋਰ ਲਿਖਦਾ ਹੈ ਕਿ ਗੁਰੂ ਨਾਨਕ ਜੀ ਨਿਹਾਇਤ ਸੁੰਦਰ, ਮਿਠ ਬੋਲੇ, ਮੋਹਣੀ ਸੂਰਤ ਅਤੇ ਹਸੂੰ ਹਸੂੰ ਕਰਨ ਵਾਲੇ ਸਨ। ਜੋ ਕੋਈ ਵੀ ਉਨ੍ਹਾਂ ਨੂੰ ਦੇਖਦਾ ਤੇ ਬਚਨ ਸੁਣਦਾ ਉਹ ਹੀ ਮੁਰੀਦ ਬਣ ਜਾਂਦਾ। ਸਿੱਖਾਂ ਦਾ ਫਿਰਕਾ ਹਿੰਦੂ ਮੁਸਲਮਾਨ ਦੋਹਾਂ ਤੋਂ ਨਿਆਰਾ ਹੈ, ਦੋਹਾਂ ਦੀਨਾਂ ਵਿਚ ਜੋ ਚੰਗੇ ਚੰਗੇ ਤਰਕ ਤੇ ਵਸਫ ਹਨ ਸੋ ਸਭ ਇਨ੍ਹਾਂ ਨੇ ਚੁਣ ਕੇ ਰਖ ਲਏ ਹਨ। ਇਸ ਤਰ੍ਹਾਂ ਗੁਰੂ ਨਾਨਕ ਨੇ ਦੋਹਾਂ ਦੀਨਾਂ (ਧਰਮਾਂ) ਨੂੰ ਇਕ ਕਰਨੇ ਦਾ ਤਰੀਕਾ ਕੱਢਿਆ ਹੈ, ਜਿਸ ਨੂੰ ਦੋਵੇਂ ਧਰਮ ਚੰਗਾ ਸਮਝਦੇ ਹਨ। **ਪੂਰਾ ਭਰੋਸਾ ਹੈ ਕਿ ਕਦੇ ਦੋਹਾਂ ਦੀਨਾਂ ਤੋਂ ਦਵੈਤ ਦੂਰ ਹੋ ਕੇ ਇਕ ਸਿੱਖ ਮਜ਼ਹਬ ਹੀ ਹੋ ਜਾਏਗਾ ਕਿਉਂਕਿ ਨਿਮਾਜ਼, ਰੋਜ਼ਾ, ਸੁਨਤ, ਕਾਬਾ, ਬੁਤ ਪ੍ਰਸਤੀ, ਛੂਹਾ ਛਾਹੀ, ਜਨਊ ਪਾਣਾ, ਕਿਸੇ ਜ਼ਾਤ ਦੀ ਵਡਿਆਈ, ਛੁਟਾਈ ਆਦਿ ਇਨ੍ਹਾਂ ਵਿਚ ਨਹੀ। ਇਸੇ ਵਾਸਤੇ ਇਹ ਫਿਰਕਾ ਸਭ ਨੂੰ ਪਸੰਦ ਹੈ।** (ਹਵਾਲਾ ਤਵਾਰੀਖ ਗੁਰੂ ਖਾਲਸਾ ਭਾਗ ਦੂਜਾ, ਪੰਨਾ-96)

ਸਾਧੂ ਟੀ.ਐਲ. ਵਸਵਾਨੀ

ਵਿਸ਼ਵ ਪ੍ਰਸਿੱਧ ਵਿਦਵਾਨ ਸਾਧੂ ਟੀ.ਐਲ. ਵਸਵਾਨੀ ਆਪਣੇ ਵਿਸ਼ਾਲ ਅਨੁਭਵ ਦੇ ਅਧਾਰ ਤੇ ਆਪਣੀ ਪੁਸਤਕ 'The Gospels of Sri Guru Nanak Dev' 2nd edition 1912 ਵਿਚ ਗੁਰੂ ਨਾਨਕ ਸਾਹਿਬ ਬਾਰੇ ਆਪਣੇ ਵਿਚਾਰ ਇਵੇਂ ਕਲਮ ਬੰਦ ਕਰਦਾ ਹੈ : ਮੈਨੂੰ ਅਕਸਰ ਪੁੱਛਿਆ ਜਾਂਦਾ ਹੈ ਕਿ ਭਵਿੱਖ ਵਾਲੇ ਭਾਰਤ ਦਾ ਧਰਮ ਕਿਹੜਾ ਹੋਵੇਗਾ? ਕੀ ਉਹ ਹਿੰਦੂ ਧਰਮ ਹੋਵੇਗਾ, ਇਸਲਾਮ ਹੋਵੇਗਾ, ਈਸਾ ਦਾ ਧਰਮ ਹੋਵੇਗਾ ਜਾਂ ਕੋਈ ਹੋਰ ਹੋਵੇਗਾ? ਤਾਂ ਇਸ ਦੇ ਉੱਤਰ ਵਿਚ ਮੈਂ ਹਮੇਸ਼ਾ ਇਹ ਹੀ ਕਹਿੰਦਾ ਹਾਂ ਕਿ ਜੋ ਮੈਂ ਜਾਣਦਾ ਤੇ ਅਨੁਭਵ ਕਰਦਾ ਹਾਂ ਉਸ ਅਨੁਸਾਰ ਭਾਰਤ ਵਰਸ਼ ਦਾ ਭਵਿਖੀ ਧਰਮ, ਸੇਵਾ ਕਰਨ ਵਾਲਾ ਤੇ ਬਲੀਦਾਨ ਦੇਣ ਵਾਲਾ ਧਰਮ ਹੀ ਹੋਵੇਗਾ। ਹਾਂ, ਗੁਰੂ ਨਾਨਕ ਸਾਹਿਬ ਦੀਆਂ ਪਰਾਰਥਨਾਵਾਂ ਵਿਚੋਂ ਇਕ ਪ੍ਰਾਰਥਨਾ ਇਹ ਵੀ ਹੈ ਕਿ, "ਪ੍ਰਮਾਤਮਾ ਮੈਂ ਤੇਰੇ ਸਚੇ ਸੁਚੇ ਨਾਮ ਤੋਂ ਕੁਰਬਾਨ ਜਾਂਦਾ ਹਾਂ।" ਪੂਰਬ ਦੇ ਸਿਆਣੇ ਤੇ ਸੁਜਾਨ ਸਪੁੱਤਰੋ, ਗੁਰੂ ਨਾਨਕ ਦੇਵ ਦੀ ਇਹ ਪ੍ਰਾਰਥਨਾ ਹਮੇਸ਼ਾ ਤੁਹਾਡੇ ਹੋਠਾਂ ਤੇ ਹੋਣੀ ਚਾਹੀਦੀ ਹੈ। (ਪੰਨਾ 10)

ਇਸੇ ਪੁਸਤਕ ਦੇ ਪੰਨਾ 12 ਤੇ ਉਹ ਹੋਰ ਕਹਿੰਦਾ ਹੈ : "ਇਹ ਚੰਗੀ ਤਰ੍ਹਾਂ ਜਾਣ ਲਵੋ ਕਿ ਕੋਈ ਸਭਿਆਚਾਰ ਧਰਮ ਤੋਂ ਬਿਨਾਂ ਟਿਕ ਨਹੀਂ ਸਕਦਾ। ਇਹ ਵੀ ਚੇਤੇ ਰਖ ਲਵੋ ਕਿ ਜਿਸ ਦਿਨ ਭਾਰਤ ਨੇ ਅਣਦਿਸਦੇ ਪ੍ਰਭੂ ਨੂੰ ਭੁਲਾ ਦਿੱਤਾ, ਉਹ ਦਿਨ ਕੌਮ ਦੀ ਚਿਤਾ ਜਲਣ ਦਾ ਦਿਨ ਹੋਵੇਗਾ। ਭਾਰਤ ਨੂੰ ਬਚਾਉਣ ਲਈ ਨਾ ਤਾਂ ਕੋਈ ਖੁਸ਼ੀ, ਤਬਦੀਲੀ ਜਾਂ ਉਤਸ਼ਾਹ ਕੰਮ ਆਵੇਗਾ, ਨਾ ਹੀ ਰਾਜਨੀਤੀ ਦਾ ਜੋਸ਼ ਜਾਂ ਨਫਰਤ ਦਾ ਕੋਈ ਸਲਾਹ ਮਸ਼ਵਰਾ ਹੀ ਸਹਾਈ ਸਿੱਧ ਹੋਵੇਗਾ। ਜੋ ਚੀਜ਼ ਕੰਮ ਆਵੇਗੀ ਉਹ ਪ੍ਰਮਾਤਮਾ ਦਾ ਪਿਆਰ ਤੇ ਮਾਨਵਤਾ ਨਾਲ ਸਨੇਹ ਦੀ ਭਾਵਨਾ ਹੋਵੇਗੀ ਅਤੇ ਮੇਰੀਆਂ ਥੱਕੀਆਂ ਮਾਂਦੀਆਂ ਆਸਾਂ-ਉਮੀਦਾਂ ਉਸ ਖੁਸ਼-ਰਹਿਣੇ ਦਿਨ ਨੂੰ ਦੇਖਣ ਦੀ ਤਾਂਘ ਵਿਚ ਹਨ, ਜਦ ਭਗਤੀ ਵਾਲਾ ਧਰਮ, ਦੁਨੀਆ ਦੇ ਲੋਕਾਂ ਦਾ ਪਥ ਪਰਦਰਸ਼ਕ ਬਣੇਗਾ ਅਤੇ ਗੁਰੂ ਨਾਨਕ ਸਾਹਿਬ ਦੇ ਪਵਿਤਰ ਆਦੇਸ਼ ਸਾਡੇ ਦਿਲਾਂ ਦੇ ਸਿੰਘਾਸਨਾਂ ਤੇ ਫਿਰ ਬਿਰਾਜਮਾਨ ਹੋਣਗੇ,"

ਡਾ. ਡੀ. ਕੇ. ਤਿਰਪਾਠੀ

ਡਾ. ਡੀ. ਕੇ. ਤਿਰਪਾਠੀ ਅੰਗਰੇਜ਼ੀ ਵਿਚ ਲਿਖੀ ਆਪਣੀ ਪੁਸਤਕ 'ਟੀਚਿੰਗਜ਼ ਆਫ ਗੁਰੂ ਨਾਨਕ ਦੇਵ' ਵਿਚ ਗੁਰੂ ਸਾਹਿਬ ਦੇ ਮਿਸ਼ਨ ਦੀ ਮਹਾਨਤਾ ਦੱਸਦਾ ਹੈ ਤੇ ਉਨ੍ਹਾਂ ਦੀ ਰਚਨਾ ਜਪੁਜੀ ਸਾਹਿਬ ਬਾਰੇ ਲਿਖਦਾ ਹੈ "ਜੇਕਰ ਜਪੁਜੀ ਸਾਹਿਬ ਦਾ ਪਾਠ ਬਾਰ ਬਾਰ ਕੀਤਾ ਜਾਵੇ ਤੇ ਇਸ ਦੇ ਅਰਥ ਸਪੱਸ਼ਟ ਤੌਰ ਤੇ ਸਮਝ ਨਾ ਵੀ ਆਉਂਦੇ ਹੋਣ ਤਦ ਵੀ ਇਹ ਪਾਠ ਅਧਿਆਤਮਿਕ ਸ਼ਕਤੀ ਦਾ ਅਸਰ ਕਰਦਾ ਹੈ।"

ਉਕਤ ਦੀ ਰੌਸ਼ਨੀ ਵਿਚ ਕੀ ਅਸੀਂ ਕਦੀ ਗੰਭੀਰਤਾ ਨਾਲ ਸੋਚਿਆ ਹੈ ਕਿ ਕਿਤਨਾ ਮਹਾਨ ਹੈ ਜਪੁਜੀ ਸਾਹਿਬ ਦਾ ਸਰੂਪ?

ਜਪਿ ਜਪਿ ਅੰਮ੍ਰਿਤ ਨਾਮੁ ਅਘਾਏ॥
ਸੰਤ ਪ੍ਰਸਾਦਿ ਸਗਲ ਫਲ ਪਾਏ॥ (ਮ-5, ਪੰਨਾ-865)

ਸ੍ਰੀ ਪਰਸ ਰਾਮ ਚਤੁਰਵੇਦੀ

"... ਸਿੱਖ ਧਰਮ ਅਰੰਭ ਤੋਂ ਹੀ ਸਿਰਫ ਖ਼ਿਆਲਾਂ ਵਿਚ ਵਿਚਰਨ ਵਾਲੀ ਫਿਲਾਸਫੀ ਦਾ ਮਤ ਨਾ ਹੋ ਕੇ ਸਰਬ ਸਾਧਾਰਨ ਵਾਸਤੇ ਪਰਸਤੁਤ ਕੀਤਾ ਗਿਆ ਅਮਲੀ ਗਿਆਨ ਖਜ਼ਾਨਾ ਹੈ। ਇਹ ਇਕ ਸ਼ੁਧ ਵਿਹਾਰਕ ਧਰਮ ਹੈ ਜਿਸਦੀ ਕਮਾਈ ਸਮਾਜ ਵਿਚ ਰਹਿ ਕੇ ਹੀ ਕੀਤੀ ਜਾ ਸਕਦੀ ਹੈ। ਇਸੇ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਸੰਸਾਰਕ ਲੋਕਾਂ ਵਿਚ ਰਹਿ ਕੇ ਤੇ ਰਚ ਮਿਚ ਕੇ ਆਪਣੇ ਜੀਵਨ ਉਪਦੇਸ਼ ਦਿੱਤੇ ਅਤੇ ਨਾਲ ਹੀ ਆਪਣੇ ਨਿਜੀ ਜੀਵਨ ਦਾ ਆਦਰਸ਼ ਵੀ ਸਭ ਦੇ ਸਾਹਮਣੇ ਪੇਸ਼ ਕੀਤਾ। ਸਿੱਖ ਧਰਮ ਨੇ ਸਭ ਤੋਂ ਵਧ ਗਿਆਨ ਤੇ ਧਿਆਨ ਚਰਿੱਤਰ ਦੇ ਨਿਰਮਾਣ ਬਾਰੇ ਦਿੱਤਾ ਜਿਸ ਸਦਕਾ ਵਿਅਕਤੀ ਸਮਾਜ ਅੰਦਰ ਆਪਣੇ ਕਰਤਵਾਂ ਦਾ ਪਾਲਣ ਸਮੁਚੀ ਗੁਰੂ ਸਿਖਿਆ ਅਨੁਸਾਰ ਕਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਜ਼ਾਤ ਪਾਤ ਦਾ ਬੰਧਨ ਤੋੜਨ ਦਾ ਉਦੇਸ਼ ਵੀ ਇਹੀ ਸੀ ਕਿ ਵਿਅਕਤੀ ਦਾ ਪੂਰਨ ਵਿਕਾਸ ਹੋ ਸਕੇ। ਸਿੱਖ ਧਰਮ ਅਨੁਸਾਰ ਆਦਰਸ਼ਕ ਵਿਅਕਤੀ ਉਹੀ ਹੋ ਸਕਦਾ ਹੈ ਜਿਸ ਵਿਚ ਬ੍ਰਾਹਮਣਾਂ ਦੀ ਅਧਿਆਤਮਿਕਤਾ, ਖੱਤਰੀਆਂ ਦੀ ਆਤਮ ਰੱਖਿਆ ਦੀ ਭਾਵਨਾ, ਵੈਸ਼ਿਆਂ ਦੀ

ਵਿਵਹਾਰਕ ਕੁਸ਼ਲਤਾ ਅਤੇ ਸ਼ੂਦਰਾਂ ਦੀ ਲੋਕ-ਸੇਵਾ ਇਕੋ ਸਾਥ ਮੌਜੂਦ ਹੋਵੇ ਤਾਂ ਜੋ ਆਤਮ ਚਿੰਤਨ ਤੋਂ ਲੈ ਕੇ ਕਠਿਨ ਤੋਂ ਕਠਿਨ ਸੰਸਾਰਕ ਉਲਝਣਾਂ ਤਕ ਉਹ ਇਕ ਸਮਾਨ ਤੇ ਨਿਰਦਵੰਦ ਹੋ ਕੇ ਸਹਿਜ ਅਵਸਥਾ ਵਿਚ ਰਹਿ ਸਕੇ।''

ਸਵਾਮੀ ਆਨੰਦ ਅਚਾਰੀਆ

ਸਵਾਮੀ, ਗੁਰੂ ਨਾਨਕ ਸਾਹਿਬ ਦੇ ਸਤਿਕਾਰ ਵਿਚ ਲਿਖਦਾ ਹੈ ਕਿ ਉਹ ਸਚਮੁਚ ਭਾਰਤ ਦੇ ਮਹਾਨ ਧਾਰਮਿਕ ਸਪੂਤਾਂ ਵਿਚੋਂ ਸ਼ਹਿਜ਼ਾਦੇ ਦਾ ਸਥਾਨ ਰਖਦੇ ਹਨ। ਉਨ੍ਹਾਂ ਦੇ ਪਵਿਤਰ ਸਰੀਰ ਦਾ ਇਕ ਇਕ ਕਣ ਅੰਦਰੋਂ ਬਾਹਰੋਂ ਪੁਨੀਤ ਤੇ ਪਾਕੀਜ਼ਾ ਹੈ। ਮਨੁੱਖੀ ਹੋਂਦ ਵਿਚ ਜੋ ਕੁਝ ਵੀ ਉੱਤਮ ਹੈ ਉਹ ਸਭ ਕੁਝ ਗੁਰੂ ਨਾਨਕ ਸਾਹਿਬ ਦੀ ਹਸਤੀ ਵਿਚ ਪੂਰੀ ਤਰ੍ਹਾਂ ਸਮੋਇਆ ਹੋਇਆ ਹੈ। ਹਵਾਲਾ (Snow birds- page 182)

ਸਵਾਮੀ ਵਿਵੇਕਾਨੰਦ

ਗੁਰੂ ਨਾਨਕ ਦੇਵ ਜੀ ਪ੍ਰਤੀ ਸਵਾਮੀ ਵਿਵੇਕਾਨੰਦ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਹਿੰਦੇ ਹਨ: "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਰਤ ਦੀ ਪਵਿੱਤਰ ਧਰਤੀ ਤੇ ਆਗਮਨ ਹੋਇਆ, ਜਿਥੇ ਉਨ੍ਹਾਂ ਨੇ ਸਾਰੇ ਵਿਸ਼ਵ ਲਈ ਪਿਆਰ ਤੇ ਸਨੇਹ ਦਾ ਅਦਭੁਤ ਪੈਗ਼ਾਮ ਦਿੱਤਾ ਤੇ ਉਸ ਨੂੰ ਪਰਚਾਰਿਆ। ਉਨ੍ਹਾਂ ਦੀਆਂ ਬਾਹਵਾਂ ਸਾਰੇ ਜਗਤ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਗਲੇ ਲਗਾਉਣ ਹਿਤ ਫੈਲ ਗਈਆਂ। ਉਨ੍ਹਾਂ ਦੇ ਦਿਲ ਵਿਚ ਹਿੰਦੂ ਮੁਸਲਮਾਨ ਲਈ ਕੋਈ ਫਰਕ ਨਹੀਂ ਸੀ। ਉਹ ਸਭ ਦੇ ਸਾਂਝੇ ਸਨ। ਉਹ ਤਾਂ ਇਨਸਾਨੀ ਨਸਲ ਦੇ ਗੁਰੂ ਸਨ।" (ਹਵਾਲਾ ਪੁਸਤਕ 'The Complete works of Swami Vivekananada' Vol III Page 366)।

ਡੇਵਡ ਬੀ. ਹਾਰਨੈਡ

ਹਾਰੰਨੈਡ ਆਪਣੀ ਪੁਸਤਕ 'Guru Nanak and secularization' ਵਿਚ ਗੁਰੂ ਨਾਨਕ ਦੇਵ ਜੀ ਬਾਰੇ ਲਿਖਦਾ ਹੈ ਕਿ ਉਸ ਸਮੇਂ ਜਦ ਪੁਰਾਣੀਆਂ ਧਾਰਮਿਕ ਮਾਨਤਾਵਾਂ, ਰਸਮੋ ਰਿਵਾਜ ਤੇ ਸੰਸਥਾਵਾਂ ਦੇ ਸਤੰਭ ਗਿਰ ਰਹੇ ਸਨ ਤਾਂ ਅਜਿਹੀ ਸਥਿਤੀ ਵਿਚ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਕਿ ਵਾਸਤਵ ਵਿਚ ਕੇਵਲ ਪ੍ਰਮਾਤਮਾ ਦਾ ਪਵਿੱਤਰ ਨਾਂ ਹੀ ਅਜਿਹੀ ਸ਼ਕਤੀ ਹੈ ਜੋ ਸਭ ਨੂੰ ਸਹਾਰਾ ਦੇਵੇਗੀ, ਲੋਕਾਂ ਲਈ ਬਹੁਤ ਹੀ ਤਸੱਲੀ ਬਖਸ਼ ਸਨ। ਪੰਜ ਸੌ ਸਾਲ ਬੀਤ ਜਾਣ ਤੇ ਵੀ ਗੁਰੂ ਨਾਨਕ ਜੀ ਦਾ ਜੀਵਨ ਤੇ ਸਿੱਖਿਆਵਾਂ ਇਵੇਂ ਲਗਦੀਆਂ ਹਨ ਜਿਵੇਂ ਅੱਜ ਦੇ ਜ਼ਮਾਨੇ ਦੀਆਂ ਹੋਣ। (ਹਵਾਲਾ Spokesman Magazine's Silver Jubilee Number 1976, page 30/31)

ਹੁਣ ਇਸ ਚੈਪਟਰ ਦੇ ਅੰਤ ਵਿੱਚ ਗੁਰੂ ਨਾਨਕ ਸਾਹਿਬ ਪ੍ਰਤੀ ਕੁਝ ਉੱਘੇ ਲੇਖਕਾਂ ਤੇ ਇਤਾਹਸਕਾਰਾਂ ਦੇ ਬਿਲਕੁਲ ਸੰਖੇਪ ਵਿਚ ਕੁਝ ਹਵਾਲੇ ਹੇਠਾਂ ਦਿੱਤੇ ਜਾਂਦੇ ਹਨ ਜੋ ਸੰਖੇਪ ਹੋਣ ਦੇ ਬਾਵਜੂਦ ਵੀ ਕਈ ਲਿਹਾਜ਼ ਨਾਲ ਬਹੁਤ ਵਿਸਤਰਤ ਹਨ।

*1. ਮਰਾਠੀ ਕਵੀ ਮਾਹੀ ਪਾਤੀਸ 1733 ਈ:

ਗੁਰੂ ਨਾਨਕ ਨੇ ਸਭ ਲਈ ਰਾਹ ਖੋਹਲੇ।

*2. ਗੁਲਾਮ ਹੁਸੈਨ ਖਾਨ 1785 ਈ:

ਗੁਰੂ ਨਾਨਕ ਅਤੀ ਸਲਾਹੁਣ ਯੋਗ ਸ਼ਖਸੀਅਤ ਹਨ।

*3. ਜੇ.ਮੈਲਕਮ 1812 ਈ:

ਗੁਰੂ ਨਾਨਕ ਨੇ ਸਖ਼ਤ ਤੇ ਕੁਰੱਖਤ ਤਤਾਂ ਨੂੰ ਆਪਸ ਵਿਚ ਜੋੜਿਆ

*4. ਪਾਦਰੀ ਡਬਲੀਊ ਵਾਰਡ 1817 ਈ:

ਨੇਕੀ ਗੁਰੂ ਨਾਨਕ ਦਾ ਸਭ ਤੋਂ ਉਤਮ ਗਹਿਣਾ ਹੈ।

*5. ਡਬਲੀਊ.ਐਲ.ਐਮ. ਗਰੀਗਰ 1846 ਈ:

ਗੁਰੂ ਨਾਨਕ ਇਖਲਾਕੀ ਹੌਸਲੇ ਵਾਲੇ ਸਨ।

*6. ਜੇ.ਡੀ. ਕਨਿੰਘਮ 1849 ਈ:

ਗੁਰੂ ਨਾਨਕ, ਪਹਿਲੇ ਸੁਧਾਰਕਾਂ ਦੀਆਂ ਮਹਾਨਤਾਵਾਂ ਦੇ ਸੰਗ੍ਰਹਿ ਸਨ।

*7. ਆਰ. ਨੀਦਮ ਕਸਟ 1863 ਈ:

ਗੁਰੂ ਨਾਨਕ ਸਚਮੁਚ ਵੱਡੇ ਮਹਾਨ ਸਨ।

*8. ਅਰਨੈਸਟ ਟਰੰਪ 1877 ਈ:

ਗੁਰੂ ਨਾਨਕ ਨਾ ਚੁਪ ਰਹਿ ਸਕਣ ਵਾਲੀ ਆਤਮਾ ਸਨ।

*9. ਐਫ. ਪਿਨਕਾਟ 1885 ਈ:

ਗੁਰੂ ਨਾਨਕ ਵਿਚੋਲਗੀ ਵਾਲੀ ਪੋਜ਼ੀਸ਼ਨ ਵਿਚ ਸਨ, ਭਾਵ ਪ੍ਰਮਾਤਮਾ ਨਾਨਕ ਵਿਚ ਬੋਲਦਾ ਸੀ (India office MS 1728 fol 36-41)

*10. ਮੁਹੰਮਦ ਲਤੀਫ 1891 ਈ:

ਵੱਡੀ ਕਾਮਯਾਬੀ ਸਨ ਗੁਰੂ ਨਾਨਕ।

*11. ਮੁਹੰਮਦ ਇਕਬਾਲ 1934 ਈ:

ਦੂਰੋਂ ਨੇੜਿਓਂ ਉਪਾਸ਼ਕ ਗੁਰੂ ਨਾਨਕ ਵਲ ਖਿਚੇ ਆਉਂਦੇ ਸਨ।

*(ਹਵਾਲਾ Guru Nanak in the eyes of Non-Sikhs by S.S. Bal)

12. ਅਚਾਰੀਆ ਰਜਨੀਸ਼, ਓਸ਼ੋ 1988 ਈ:

ਇਧਰੋਂ ਲੰਘ ਰਿਹਾ ਸਾਂ ਸੋਚਿਆ ਕਿ (ਗੁਰੂ ਨਾਨਕ ਸਾਹਿਬ ਨੂੰ) ਸਲਾਮ ਕਰਦਾ ਚਲਾਂ (ਹਵਾਲਾ ਪੁਸਤਕ ੧ਓ ਸਤਿਨਾਮ)

ਕੁਝ ਚੀਦਾ ਚੀਦਾ ਗ਼ੈਰ-ਸਿੱਖ ਸਨੇਹੀ ਸਜਣਾਂ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਉਪਮਾ ਵਿਚ ਉਚਰੇ ਬਚਨਾਂ ਤੋਂ ਗੁਰੂ ਸਾਹਿਬ ਦੀ ਜੋ ਅਜ਼ਮਤ ਤੇ ਸ਼ਾਨ ਉਘੜ ਕੇ ਸਾਹਮਣੇ ਆਉਂਦੀ ਹੈ, ਨਿਰਸੰਦੇਹ ਉਸ ਦਾ ਸਾਨੀ ਕੋਈ ਨਹੀਂ।

ਅਗਲੇ ਕੁਝ ਪੰਨਿਆਂ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਮਾਨਵਤਾ ਤੇ ਦੇਸ਼ ਕੌਮ ਪ੍ਰਤੀ ਘਾਲੀਆਂ ਘਾਲਣਾਵਾਂ ਦਾ ਸੰਖੇਪ ਜਿਹਾ ਵਰਨਣ, ਬਿਗਾਨੇ ਬਚਨਾਂ ਦੇ ਰੂਪ ਵਿਚ ਕੀਤਾ ਜਾਂਦਾ ਹੈ।

2

ਸ਼ੁਭ ਕਰਮਨ ਤੇ ਕਬਹੂੰ ਨ ਟਰੌਂ

ਗੁਰੂ ਗੋਬਿੰਦ ਸਿੰਘ ਸਾਹਿਬ

ਗੁਰੂ ਗੋਬਿੰਦ ਸਿੰਘ ਵਿਸ਼ਵ ਇਤਿਹਾਸ ਵਿਚ ਮਨੁੱਖ ਜਾਤੀ ਦੇ ਮਹਾਨ ਆਗੂ ਦੇ ਰੂਪ ਵਿਚ ਸਤਿਕਾਰੇ ਜਾਂਦੇ ਹਨਾਂ ਉਹ ਤਾਂ ਸਗੋਂ ਖੁਦ ਪ੍ਰਮਾਤਮਾ ਦੇ ਭੇਜੇ ਦਰਵੇਸ਼ ਸਨ ਜਾਂ ਆਪ ਪ੍ਰਭੂ ਦਾ ਹੀ ਰੂਪ ਸਨ। ਉਹ ਕਮਾਲ ਦਰਜੇ ਦੇ ਯੋਧੇ ਅਤੇ ਯੁੱਧ ਨੀਤੀਵਾਨ ਸਨ; ਬੇ-ਖੌਫ਼ ਕਰਾਂਤੀਕਾਰੀ ਸਨ, ਸ਼ਕਤੀਸ਼ਾਲੀ ਕਵੀ ਤੇ ਕਵੀਆਂ ਦੇ ਸਰਪ੍ਰਸਤ ਸਨ; ਗਰੀਬ ਗੁਰਬਿਆਂ ਤੇ ਲਿਤਾੜੇ ਪਿਛਾੜੇ ਲੋਕਾਂ ਦੇ ਚੈਂਪੀਅਨ ਸਨ; ਧਾਰਮਿਕ ਕਦਰਾਂ ਕੀਮਤਾਂ ਦੇ ਸਿਰ ਤੋੜ ਰਖਿਅਕ ਸਨ ਅਤੇ ਦੁਖਤ ਤੇ ਸਤਾਈ ਜਾ ਰਹੀ ਮਨੁੱਖ ਜਾਤੀ ਲਈ ਸਰਬੰਸ ਵਾਰ ਦੇਣ ਵਾਲੇ ਬਲੀਦਾਨੀ ਸਨ। ਅਸਲੀਅਤ ਤਾਂ ਇਹ ਹੈ ਕਿ ਉਨ੍ਹਾਂ ਦੀ ਬਹੁ-ਪਰਕਾਰੀ ਤੇ ਅਜ਼ੀਮ ਨੂਰਾਨੀ ਸ਼ਖਸੀਅਤ ਦਾ ਸ਼ਬਦਾਂ ਨਾਲ ਖਾਕਾ ਖਿੱਚਣਾ ਇਕ ਬਚਪਨੇ ਵਾਲੇ ਪਰਯਤਨ ਤੋਂ ਵੱਧ ਹੈਸੀਅਤ ਨਹੀਂ ਰੱਖਦਾ ਕਿਉਂਕਿ 42 ਸਾਲ ਦੀ ਨਿੱਕੀ ਜਿਹੀ ਸੰਸਾਰੀ ਆਯੂ ਵਿੱਚ ਉਨ੍ਹਾਂ ਨੇ ਜ਼ਿੰਦਗੀ ਦੇ ਹਰ ਖੇਤਰ ਵਿਚ ਉਹ ਲਾਜਵਾਬ ਕਰਿਸ਼ਮੇ ਕਰ ਵਿਖਾਏ ਹਨ ਜਿਨ੍ਹਾਂ ਦਾ ਲੇਖਾ ਜੋਖਾ ਕਰਨ ਲੱਗਿਆਂ ਵੱਡੇ ਤੋਂ ਵੱਡਾ ਵਿਦਵਾਨ ਵੀ ਚੱਕਰਤ ਹੋ ਕੇ ਰਹਿ ਜਾਂਦਾ ਹੈ। ਫਿਰ ਵੀ ਵਿਸ਼ਵ ਭਰ ਦੇ ਉੱਘੇ ਉੱਘੇ ਇਤਿਹਾਸਕਾਰਾਂ ਤੇ ਹੋਰ ਨਾਮਵਰ ਸ਼ਖਸੀਅਤਾਂ ਨੇ ਉਨ੍ਹਾਂ ਦੀ ਅਲੌਕਿਕ ਸ਼ਖਸੀਅਤ ਦੇ ਕੁਝ ਵੱਖ ਵੱਖ ਪਹਿਲੂਆਂ ਨੂੰ ਉਭਾਰਨ ਦੇ ਯਤਨ ਕੀਤੇ ਹਨ। ਉਨ੍ਹਾਂ ਵਿਚੋਂ ਕੁਝ ਵੰਨਗੀ ਮਾਂਤਰ ਤੁਕਾਂ ਅਸੀਂ ਪਾਠਕਾਂ ਦੀ ਨਜ਼ਰ ਕਰਨ ਦਾ ਯਤਨ ਕਰਦੇ ਹਾਂ।

ਸ੍ਰੀ ਟੀ. ਐਲ. ਵਾਸਵਾਨੀ

ਇਤਿਹਾਸਕਾਰ ਤੇ ਲੇਖਕ ਸ੍ਰੀ ਵਾਸਵਾਨੀ ਆਪਣੀ ਪੁਸਤਕ The Sikh Sancturay ਵਿਚ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਦਾ ਹੈ : **"ਗੁਰੂ ਸਾਹਿਬ ਦੀ ਸ਼ਖਸੀਅਤ ਸਤਰੰਗੀ ਪੀਂਘ ਸਮਾਨ ਹੈ। ਉਨ੍ਹਾਂ ਵਿਚ ਇਕੋ ਵੇਲੇ ਗੁਰੂ ਨਾਨਕ ਦੇਵ ਜੀ ਦੀ ਮਿਠਤ ਨੀਵੀਂ (Honeyed Humility); ਈਸਾ ਜੀ ਵਰਗੀ ਤਰਸਭਰੀ ਤਕਣੀ (Lamb-like virtue); ਬੁਧ ਜੀ ਵਰਗਾ ਆਤਮ ਗਿਆਨ (Spiritual wisdom); ਹਜ਼ਰਤ ਮੁਹੰਮਦ ਸਾਹਿਬ ਵਾਲਾ ਡੁਲ੍ਹ ਡੁਲ੍ਹ ਪੈਂਦਾ ਜੋਸ਼ (Bubbling energy); ਕ੍ਰਿਸ਼ਨ ਜੀ ਵਾਲਾ ਸੂਰਜ ਵਤ ਭਖਦਾ ਜਲੌਅ (Sun-kissed glory); ਰਾਮ ਚੰਦਰ ਜੀ ਵਾਂਗਰਾਂ ਮਰਿਆਦਾ ਪਰਸ਼ੋਤਮਤਾ (Abiding discipline) ਅਤੇ ਸ਼ਾਹਾਂ ਵਾਲੀ ਸ਼ਾਨ (Royal glamour) ਦੇਖੀ ਜਾ ਸਕਦੀ ਸੀ।"**

ਪਾਰਬ੍ਰਹਮ ਗੁਰ ਨਾਹੀ ਭੇਦ॥ (ਮ-5, ਪੰਨਾ-1142)

ਇਕ ਹੋਰ ਥਾਂ ਸ੍ਰੀ ਵਾਸਵਾਨੀ ਆਪਣੀ ਪੁਸਤਕ 'ਦੀ ਸਿੱਖ ਸੈਂਕਚੂਅਰੀ' ਵਿਚ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਕਮਾਲ ਦੇ ਸ਼ਬਦ ਲਿਖਦਾ ਹੈ। ਉਹ ਕਹਿੰਦਾ ਹੈ:

The Sikh Granth is a wonderful scripture. I regard it a world scripture. Guru Arjan brought together in one book the hymns of Hindu saints and Muslim faquirs. Guru Granth is thus the scripture of synthesis. ਭਾਵ ਇਹ ਕਿ ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ਕਮਾਲ ਦਾ ਬਾਣੀ ਗ੍ਰੰਥ ਹੈ। ਮੈਂ ਤਾਂ ਇਸ ਨੂੰ ਸਾਰੀ ਦੁਨੀਆ ਦਾ ਧਾਰਮਿਕ ਗ੍ਰੰਥ ਸਮਝਦਾ ਹਾਂ। ਗੁਰੂ ਅਰਜਨ ਦੇਵ ਜੀ ਨੇ ਇੱਕੋ ਗ੍ਰੰਥ ਵਿਚ ਹਿੰਦੂ ਸੰਤਾਂ ਤੇ ਮੁਸਲਮਾਨ ਫਕੀਰਾਂ ਦੀ ਬਾਣੀ ਨੂੰ ਇਕੱਤਰ ਕਰ ਦਿੱਤਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਸਮਨਵੈ (ਸੁਮੇਲ) ਵਾਲਾ ਗ੍ਰੰਥ ਹੈ"

ਗੁਰ ਜੈਸਾ ਨਾਹੀ ਕੋ ਦੇਵ ॥ (ਮ-5, ਪੰਨਾ-1142)

ਸਵਾਮੀ ਮਹੇਸ਼ਵਰਾ ਨੰਦ ਮਹਾਂ ਮੰਡਲੇਸ਼ਵਰ

ਸਵਾਮੀ ਮਹੇਸ਼ਵਰਾ ਨੰਦ, ਸਵਾਮੀ ਰਾਮ ਤੀਰਥ ਦੇ ਸਮਕਾਲੀ ਵਿਦਵਾਨ ਸਨ ਜਿਨ੍ਹਾਂ ਦਾ ਜਨਮ ਕਨਖਲ ਦੇ ਸੁਰਤ ਗਿਰਿਕਾ ਬੰਗਾਲ ਪ੍ਰਾਂਤ ਵਿਚ ਹੋਇਆ। ਉਹ ਬੰਗਲਾ ਦੇ ਨਾਲ ਨਾਲ ਸੰਸਕ੍ਰਿਤ ਦੇ ਮਹਾਂ ਵਿਦਵਾਨ ਸਨ ਅਤੇ ਭਾਰਤ ਵਿਚ ਪਰਚਲਤ ਜ਼ਾਤਾਂ ਪਾਤਾਂ ਤੇ ਵਰਣਾਂ ਦੀ ਬਹੁਤ ਗੰਭੀਰ ਖੋਜ ਕਰਕੇ ਉਨ੍ਹਾਂ ਨੇ ਸੰਸਕ੍ਰਿਤ ਵਿੱਚ ਇਕ ਪੁਸਤਕ ਲਿਖੀ ਜਿਸ ਦਾ ਨਾਂ ਸੀ "ਚਾਤੁਰ ਵਰਣਨਯ ਭਾਰਤ ਸਮੀਕਸ਼ਾ"। ਇਸ ਵਿਚ ਉਨ੍ਹਾਂ ਨੇ ਜ਼ਾਤ ਪਾਤ ਦੇ ਰਿਵਾਜ ਦਾ ਵਿਰੋਧ ਕੀਤਾ ਤੇ ਭਾਰਤ ਦੀ ਮੰਦਹਾਲੀ ਦਾ ਕਾਰਨ ਹੀ ਵਰਣ ਵੰਡ ਦੱਸਿਆ। ਪੁਸਤਕ ਵਿਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅੰਮ੍ਰਿਤ ਪਾਨ ਕਰਵਾ ਕੇ ਜ਼ਾਤ ਪਾਤ ਦੇ ਕਲੰਕ ਨੂੰ ਖਤਮ ਕਰਨ ਦੀ ਵਿਵਸਥਾ ਤੇ ਖੁਸ਼ੀ ਪ੍ਰਗਟਾਂਦਿਆਂ ਹੋਇਆਂ ਲਿਖਿਆ ਹੈ ਕਿ "**ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਮਾਲ ਕਰ ਦਿੱਤੀ, ਚਾਰੇ ਵਰਣਾਂ ਦੇ ਵਿਅਕਤੀਆਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਦਿੱਤਾ..... ਤੇ 'ਖ਼ਾਲਸਾ' ਨਾਮ ਵਾਲੇ ਅਤਿ ਨਵੀਨ ਉਦਾਰ ਖਾਲਸਾ ਪੰਥ ਦਾ ਨਿਰਮਾਣ ਕੀਤਾ:**

ਗੁਰੂ ਘਰ ਜਨਮ ਤੁਮਾਰੇ ਹੋਏ ॥

ਪਿਛਲੇ ਜਾਤਿ ਵਰਣ ਸਭ ਖੋਇ ॥.....

ਉਨ੍ਹਾਂ ਨੇ ਆਪਣੇ ਇਕ ਇਕ ਸਿੱਖ ਵਿਚ ਆਪਣੇ ਯਥਾਰਥ ਉਪਦੇਸ਼ ਰਾਹੀਂ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਇਨ੍ਹਾਂ ਚਾਰਾਂ ਦੇ ਗਿਆਨ, ਬਲ, ਆਰਥਕ ਸਫਲਤਾ, ਅਤੇ ਨਿਸ਼ਕਾਮ ਸੇਵਾ ਆਦਿ ਦੇ ਸਦ ਗੁਣਾਂ ਨੂੰ ਸਥਾਪਨ ਕਰ ਦਿੱਤਾ।

ਸਿੱਖ ਗੁਰੂ ਸਾਹਿਬਾਨ ਆਮ ਕਰ ਕੇ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਸ਼ੇਸ਼ ਕਰ ਕੇ ਅਜਿਹੀਆਂ ਪ੍ਰਥਮ ਪਵਿੱਤਰ ਜੋਤਾਂ ਹਨ ਜਿਨ੍ਹਾਂ ਨੇ ਭਾਰਤ ਦੀ ਭੂਮੀ ਤੇ ਸਾਨੂੰ ਸੈਕੂਲਰ ਰੂਪ ਵਿਚ ਲੋਕਤੰਤਰੀ ਢੰਗ ਨਾਲ ਜੀਵਨ ਬਤੀਤ ਕਰਨ ਦਾ ਕੇਵਲ ਸੰਦੇਸ਼ ਹੀ ਨਹੀਂ ਦਿੱਤਾ ਸਗੋਂ ਉਸ ਤੇ ਖੁਦ ਅਮਲ ਕਰ ਕੇ ਵੀ ਦਿਖਾਇਆ।"

ਸਰ ਗੋਕਲ ਚੰਦ ਨਾਰੰਗ

ਭਾਰਤ ਦੇ ਇਸ ਪ੍ਰਸਿਧ ਇਤਿਹਾਸਕਾਰ ਨੇ ਸਿੱਖ ਇਤਿਹਾਸ ਬਹੁਤ ਨਿਰਪੱਖ ਹੋ ਕੇ ਲਿਖਿਆ ਹੈ। ਸਿੱਖ ਗੁਰੂ ਸਾਹਿਬਾਨ ਦੀਆਂ ਮਾਨਵਤਾ ਪ੍ਰਤੀ ਕੀਤੀਆਂ

ਗਈਆਂ ਕਰਮ ਫਰਮਾਈਆਂ (ਮਿਹਰਬਾਨੀਆਂ) ਬਾਰੇ ਸਰ ਗੋਕਲ ਚੰਦ ਨਾਰੰਗ ਲਿਖਦਾ ਹੈ: (1) ... ਕਥਨੀ ਤੇ ਕਰਨੀ ਦੇ ਸੂਰੇ ਦਸ ਗੁਰੂ ਸਾਹਿਬਾਨ ਨੇ ਭਾਰਤ ਦੀ ਮੁਰਦਾ ਕੌਮ ਵਿਚ ਨਵੀਂ ਰੂਹ ਫੂਕ ਦਿੱਤੀ। ਸਿੱਖੀ ਦੇ ਅਸੂਲਾਂ ਅਤੇ ਗੁਰੂਆਂ ਦੇ ਉਪਦੇਸ਼ਾਂ ਉਤੇ ਅਮਲੀ ਅਗਵਾਈ ਨੇ ਭਾਰਤੀ ਕੌਮ ਰੂਪੀ ਕੱਚੇ ਲੋਹੇ ਨੂੰ ਫੌਲਾਦ ਵਿਚ ਬਦਲ ਦਿੱਤਾ ਤੇ ਬੇਹੱਦ ਸ਼ਕਤੀਸ਼ਾਲੀ ਬਣਾ ਦਿੱਤਾ।

(2) ..\. ਜਿਸ ਬੂਟੇ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫਲ ਦਿੱਤਾ ਉਸਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਤੇ ਬਾਕੀ ਗੁਰੂ ਸਾਹਿਬਾਨ ਨੇ ਉਸ ਨੂੰ ਆਪਣੀ ਉਦਮਸ਼ੀਲਤਾ ਨਾਲ ਸਿੰਜਿਆ ਸੀ।

(3) ਸਿੱਖ ਗੁਰੂ ਆਮ ਕਰਕੇ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਸ਼ੇਸ਼ ਕਰਕੇ ਲੋਕਤੰਤਰ ਦਾ ਸੰਦੇਸ਼ ਦੇਣ ਵਾਲੇ ਤੇ ਜਮਹੂਰੀਅਤ ਕਾਇਮ ਕਰਨ ਵਾਲੇ ਪਹਿਲੇ ਭਾਰਤੀ ਮਹਾਂਪੁਰਸ਼ ਹੋਏ ਹਨ। ਉਨ੍ਹਾਂ ਨੇ ਪੰਜਾਂ ਵਿੱਚ ਪਰਮੇਸ਼ਵਰ ਹੋਣ ਦਾ ਸੰਕਲਪ ਪੈਦਾ ਕੀਤਾ।

(4) ਗੁਰੂ ਗ੍ਰੰਥ ਸਾਹਿਬ ਨੇ ਹਿੰਦੂਆਂ ਨੂੰ ਆਤਮਿਕ ਭੁੱਖਮਰੀ ਤੋਂ ਬਚਾ ਲਿਆ ਅਤੇ ਉਨ੍ਹਾਂ ਨੂੰ ਦੂਜੇ ਧਰਮਾਂ ਵਿਚ ਪਰਵਰਤਤ ਹੋਣ (ਬਦਲਣ) ਤੋਂ ਵਰਜਿਆ, ਜਿਨ੍ਹਾਂ ਵਿਚ ਇਕ ਵਾਰੀ ਸ਼ਾਮਲ ਹੋ ਜਾਣ ਮਗਰੋਂ ਪਰਤਣਾ ਅਸੰਭਵ ਸੀ। (ਹਵਾਲਾ ਪੁਸਤਕ ਗੁਰੂ ਨਾਨਕ ਲਿੱਖਤ ਡਾ. ਲਲਵਾਨੀ, ਆਖਰੀ ਪੰਨਾ)

ਮੇਰਾ ਪਿਆਰਾ ਪ੍ਰਤੀਮੁ ਸਤਿਗੁਰੁ ਰਖਵਾਲਾ॥
ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ॥ (ਪੰਨਾ-94)

ਇੰਦੂ ਭੂਸ਼ਨ ਬੈਨਰਜੀ

ਉੱਘੇ ਬੰਗਾਲੀ ਇਤਿਹਾਸਕਾਰ ਸ੍ਰੀ ਇੰਦੂ ਭੂਸ਼ਨ ਬੈਨਰਜੀ ਨੇ ਆਪਣੀ ਪੁਸਤਕ Evolution of Khalsa Vol II, Page 159 ਤੇ ਸਰ ਗੋਕਲ ਚੰਦ ਨਾਰੰਗ ਦੇ ਨੰਬਰ 1 ਪਹਿਰੇ ਵਿਚ ਦਿੱਤੇ ਵਿਚਾਰਾਂ ਦੀ ਆਪਣੇ ਢੰਗ ਨਾਲ ਹੋਰ ਸਪਸ਼ੱਟਤਾ ਕਰਦਿਆਂ ਲਿਖਿਆ ਹੈ ਕਿ "ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਕ ਨਵੇਂ ਮਨੁੱਖ ਦੀ ਘਾੜਤ ਘੜੀ ਅਤੇ ਇਵੇਂ ਭਾਰਤ ਦੇ ਇਤਿਹਾਸਕ ਪਿੜ ਵਿੱਚ ਇਕ ਨਵੀਂ ਚੜ੍ਹਦੀਕਲਾ ਵਾਲੀ ਸ਼ਕਤੀ ਨੂੰ ਪਰਵੇਸ਼ ਬਖਸ਼ਿਆ। ਇਸ ਸ਼ਕਤੀ ਨੇ ਜੋ ਪਰਬੀਨਤਾ ਦਿਖਾਈ ਉਸ ਦਾ ਵਰਨਣ ਤਾਂ ਇਤਿਹਾਸ ਦੇ ਹਰ ਪੰਨੇ ਤੇ ਮੌਜੂਦ ਹੈ, ਪਰ ਜਿਸ ਗੱਲ ਦਾ ਬਹੁਤਾ ਪਤਾ ਨਹੀਂ ਮਿਲਦਾ, ਉਹ ਇਹ ਹੈ ਕਿ ਉਹ ਕਿਹੜੇ ਕਿਹੜੇ ਬਿਖੜੇ ਤੇ ਮਾੜੇ ਹਾਲਾਤ ਸਨ, ਜਿਨ੍ਹਾਂ ਦੇ ਹੁੰਦਿਆਂ ਗੁਰੂ ਸਾਹਿਬ ਨੇ ਦੱਬੇ ਕੁਚਲੇ ਅਤੇ ਢਹਿੰਦੀ ਕਲਾ ਵਿਚ ਫਸੇ ਨਿਤਾਣੇ ਲੋਕਾਂ ਨੂੰ ਸ਼ਕਤੀ ਪਰਦਾਨ ਕਰ ਕੇ ਖੜਾ ਕਰ ਦਿੱਤਾ।"

ਜੇਕਰ ਅਸੀਂ ਗੁਰੂ ਸਾਹਿਬ ਦੀ ਰਚਨਾ 'ਸਰਬਲੋਹ' ਵੱਲ ਝਾਤੀ ਮਾਰੀਏ ਤਾਂ ਸਾਨੂੰ ਪ੍ਰਤੱਖ ਦਿਸਦਾ ਹੈ ਕਿ ਗੁਰੂ ਸਾਹਿਬ ਨੇ ਜ਼ਾਤ-ਪਾਤ ਤੇ ਵਰਗ ਰਹਿਤ ਜੋ ਖ਼ਾਲਸਾ ਸਾਜਿਆ ਹੈ ਉਹ ਇਨ੍ਹਾਂ ਲਿਤਾੜੇ ਵਰਗਾਂ ਵਿਚੋਂ ਹੀ ਸਿਰਜਿਆ ਹੈ। ਗੁਰੂ ਸਾਹਿਬ ਬੜੇ ਫਖਰ ਨਾਲ ਫਰਮਾਉਂਦੇ ਹਨ ਕਿ ਮੈਂ ਇਨ੍ਹਾਂ ਕਥਤ ਨਿਮਾਣੇ ਵਿਅਕਤੀਆਂ ਵਿਚੋਂ ਹੀ ਵਿਦਵਾਨ ਪੰਡਿਤ ਪੈਦਾ ਕਰਨੇ ਹਨ; ਇਨ੍ਹਾਂ ਵਿਚੋਂ ਹੀ ਦਲੇਰ ਵਕਤਾ ਖੜੇ ਕਰਨੇ ਹਨ; ਇਨ੍ਹਾਂ ਵਿਚੋਂ ਹੀ ਹਾਕਮ ਪੈਦਾ ਕਰਨੇ ਹਨ, ਸਰਦਾਰ

ਪੈਦਾ ਕਰਨੇ ਹਨ, ਜਿਹੜੇ ਰਾਜ ਭਾਗ ਚਲਾਉਣ ਦੇ ਸਮਰਥ ਹੋਣਗੇ। ਮੈਂ ਤਾਂ ਨਿਮਾਣੀਆਂ ਚਿੜੀਆਂ ਤੋਂ ਬਾਜ਼ ਤੁੜਾਣੇ ਹਨ, ਸਵਾ ਸਵਾ ਲੱਖ ਨਾਲ ਇਕ ਇਕ ਸਿੰਘ ਲੜਾਣਾ ਹੈ, ਤਦ ਹੀ ਮੈਂ ਆਪਣੇ ਆਪ ਨੂੰ ਗੋਬਿੰਦ ਸਿੰਘ ਕਹਾਵਾਂਗਾ। ਕਮਾਲ ਦੀ ਗੱਲ ਨਹੀਂ ਕਿ ਗੁਰੂ ਸਾਹਿਬ ਨੇ ਇਹ ਸਾਰਾ ਕੁਝ ਕਰ ਵਿਖਾਇਆ?

ਜੇ.ਡੀ. ਕਨਿੰਘਮ

ਕਨਿੰਘਮ 'ਹਿਸਟਰੀ ਆਫ ਸਿਖਜ਼' ਐਡੀਸ਼ਨ 1848 ਦੇ ਪੰਨਾ-71 ਤੇ ਲਿਖਦਾ ਹੈ: 'ਇਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੁਯਾਈਆਂ ਨੂੰ ਅਜਿਹੇ ਸੂਰਮਿਆਂ ਵਿਚ ਬਦਲ ਦਿੱਤਾ ਜਿਹੜੇ ਸ਼ੇਰ ਦੀ ਗ਼ਾਰ ਵਿਚ ਜਾ ਕੇ ਉਸ ਨੂੰ ਲਲਕਾਰਨ ਦੀ ਸ਼ਕਤੀ ਤੇ ਹਿੰਮਤ ਰਖਦੇ ਸਨ ਅਤੇ ਔਰੰਗਜ਼ੇਬ ਨੂੰ ਉਸ ਦੇ ਦਰਬਾਰ ਵਿਚ ਲਲਕਾਰ ਸਕਣ ਦੀ ਜੁਰਅਤ ਰਖਦੇ ਸਨ। ਨੀਵੇਂ ਤੋਂ ਨੀਵਾਂ ਵੀ ਉੱਚੇ ਤੋਂ ਉੱਚੇ ਦੇ ਬਰਾਬਰ ਹੋ ਗਿਆ। ਸਾਰੇ ਇੱਕ ਹੋ ਗਏ, ਚਾਰੇ ਜ਼ਾਤਾਂ ਇਕੋ ਸੰਗਤ ਪੰਗਤ ਵਿਚ ਇਕੋ ਬਰਤਨ ਵਿਚ, ਇਕੱਠੀਆਂ ਹੋ ਕੇ ਇਕ ਰੂਪ ਬਣ ਖਾਣਾ ਖਾਣ ਲਗ ਪਈਆਂ"। (Thus Gobind turned his disciples into 'heroes' who could dare the lion in his own den and challenge the dreadful Aurangzeb in his own court. The lowest of the lowly became equal with the highest of the high caste. All became one, and the four races began to eat together in one plate, one vessel.)

ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥

(ਮ-5,ਪੰਨਾ-611)

ਸਵਾਮੀ ਵਿਵੇਕਾਨੰਦ

ਸਵਾਮੀ ਵਿਵੇਕਾਨੰਦ, ਜਿਨ੍ਹਾਂ ਨੂੰ ਵੇਦਾਂਤ ਦੀ ਅਥਾਰਟੀ ਮੰਨਿਆ ਜਾਂਦਾ ਹੈ, ਦੇ ਦਿਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਹਸਤੀ ਦਾ ਬਹੁਤ ਸਤਿਕਾਰ ਸੀ। ਉਹ ਥਾਂ ਪਰ ਥਾਂ ਆਪਣੇ ਭਾਸ਼ਨਾਂ ਤੇ ਲਿਖਤਾਂ ਵਿਚ ਸਿੱਖੀ ਦੇ ਬੇਨਜ਼ੀਰ ਅਸੂਲਾਂ ਅਤੇ ਗੁਰੂ ਸਾਹਿਬ ਦੀ ਜ਼ਿੰਦਗੀ ਦੇ ਅਦਭੁਤ ਕਾਰਨਾਮਿਆਂ ਦਾ ਵਰਨਣ ਬੜੇ ਫ਼ਖ਼ਰੀਆ ਅੰਦਾਜ਼ ਵਿਚ ਕਰਦੇ ਨਹੀਂ ਸਨ ਥਕਦੇ। ਜਦ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ ਸੰਚਾਰ ਵਿਧੀ ਦਾ ਮਨੋਵਿਗਿਆਨਕ ਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਤਾਂ ਉਨ੍ਹਾਂ ਨੇ ਖੁਦ ਅੰਮ੍ਰਿਤ ਸੰਚਾਰ ਦੀ ਰਸਮ ਨੂੰ ਵੇਖਿਆ ਜਿਸ ਦੁਆਰਾ ਚਿੜੀਆਂ ਤੋਂ ਬਾਜ਼ ਤੁੜਾਨ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ, ਇਕ ਇਕ ਸਿੱਖ ਸਵਾ ਸਵਾ ਲੱਖ ਨਾਲ ਲੋਹਾ ਲੈਣ ਦਾ ਹੌਸਲਾ ਗ੍ਰਹਿਣ ਕਰ ਲੈਂਦਾ ਹੈ ਤੇ ਜਿਸ ਅੰਮ੍ਰਿਤ ਦੇ ਛਕਣ ਦੁਆਰਾ ਮਨੁੱਖ ਮਾਤਰ ਵਿਚ ਉੱਚ ਨੀਚ ਦੀਆਂ ਹੱਦਾਂ ਖ਼ਤਮ ਹੋ ਜਾਂਦੀਆਂ ਹਨ। ਪ੍ਰਸਿੱਧ ਕਵੀ ਕਰਤਾਰ ਸਿੰਘ ਬਲਗਣ ਨੇ ਅੰਮ੍ਰਿਤ ਦੀ ਸ਼ਕਤੀ ਦੀ ਕਿਆ ਵਧੀਆ ਤਸਵੀਰ ਖਿਚੀ ਹੈ। ਉਹ ਲਿਖਦਾ ਹੈ ਕਿ **ਅੰਮ੍ਰਿਤ ਦੀ ਇਕ ਬੂੰਦ ਰਸਨਾਂ ਨਾਲ ਲਾਉਣ ਨਾਲ ਕਮਜ਼ੋਰ ਤੇ ਨਿਤਾਣੇ ਜੀਵ ਵਿਚ ਵੀ ਬੇਪਨਾਹ ਹੌਸਲਾ ਤੇ ਜੁਸਾ ਆ ਜਾਂਦਾ ਹੈ।** ਬਲੱਗਣ ਦੀ ਕਵਿਤਾ ਦਾ ਇਕ ਬੰਦ ਇਵੇਂ ਹੈ:

ਜਿਸ ਦੀਆਂ ਚਿੜੀਆਂ ਵੀ ਬਾਜ਼ਾਂ ਤੋਂ ਹੋਣ ਭਾਰੀ,
ਉਸ ਦੇ ਸਿੰਘਾਂ ਦੀ ਕਿੰਨੀ ਕੁ ਸ਼ਾਨ ਹੋਸੀ,
ਸਵਾ ਲੱਖ ਨਾਲ ਇਕ ਲੜਾਣ ਵਾਲਾ
ਕਲਗੀਧਰ ਖੁਦ ਕਿਡਾ ਬਲਵਾਨ ਹੋਸੀ?

ਅੰਮ੍ਰਿਤ ਸੰਚਾਰ ਦੀ ਅਲੌਕਿਕ ਰਸਮ ਨੂੰ ਵੇਖ ਕੇ ਸਵਾਮੀ ਵਿਵੇਕਾਨੰਦ ਇਤਨੇ ਮੁਤਾਸਰ (ਪ੍ਰਭਾਵਤ) ਹੋਏ ਕਿ ਇਸ ਤੋਂ ਮਗਰੋਂ ਚਾਹੇ ਤਾਂ ਉਨ੍ਹਾਂ ਨੇ ਕੋਈ ਭਾਸ਼ਨ ਹੀ ਦਿੱਤਾ ਜਾਂ ਆਪਣੇ ਕਿਸੇ ਸ਼ਿਸ਼, ਬੰਦੂ, ਮਿੱਤਰ, ਗੁਰ ਭਾਈ ਨੂੰ ਪੱਤਰ ਹੀ ਲਿਖਿਆ, ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਿਰਜੇ ਜੈਕਾਰੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਨੂੰ ਜ਼ਰੂਰ ਪ੍ਰਮੁਖ ਥਾਂ ਦਿੱਤੀ। (ਹਵਾਲੇ ਲਈ ਸਵਾਮੀ "ਵਿਵੇਕਾਨੰਦ ਦੇ ਪੱਤਰ" ਨਾਮੀ ਪੁਸਤਕ ਦੇ ਪੱਤਰ ਨੰ. 207 ਨੂੰ ਵੇਖਿਆ ਜਾ ਸਕਦਾ ਹੈ ਜੋ ਉਸ ਪੁਸਤਕ ਦੇ 1970 ਐਡੀਸ਼ਨ ਪੰਨਾ 425-26 ਤੇ ਅੰਕਤ ਹੈ ਅਤੇ ਸਿਸਟਰ ਨਵੇਦਤਾ ਨੂੰ ਸੰਬੋਧਤ ਹੈ ਜਿਹੜੀ ਸਵਾਮੀ ਜੀ ਦਾ ਪ੍ਰਭਾਵ ਗਰਹਿਣ ਕਰਦੀ ਹੋਈ ਆਪਣੀ ਪੁਸਤਕ 'The web of Indian Life' ਦਾ ਮੁੱਖ ਬੰਦ ਲਿਖਣ ਲੱਗਿਆਂ "ਵਾਹਿਗੁਰੂ ਜੀ ਦੀ ਫਤਿਹ ਨੂੰ ਧਿਆਂਦੀ ਹੈ)। ਸਵਾਮੀ ਆਪਣੇ ਵਿਚਾਰਾਂ ਨੂੰ ਵਾਹਿਗੁਰੂ, ਵਾਹਿਗੁਰੂ ਸ਼ਬਦ ਨਾਲ ਗੁੰਦ ਕੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਘਟਨਾਵਾਂ ਨਾਲ ਜੋੜ ਕੇ ਅਜਿਹਾ ਵਿਖਿਆਨ ਕਰਦੇ ਸਨ ਜਿਸ ਨੂੰ ਸੁਣਕੇ ਨਿਰਾਸ਼ਾਜਨਕ ਇਨਸਾਨ ਵਿਚ ਵੀ ਆਸ਼ਾ ਦੀ ਕਿਰਨ ਪੈਦਾ ਹੋ ਜਾਂਦੀ ਸੀ। ਦੇਸ਼ ਤੇ ਮਾਨਵਤਾ ਲਈ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੀਤੀਆਂ ਲਾਸਾਨੀ ਕੁਰਬਾਨੀਆਂ ਵਿਵੇਕਾਨੰਦ ਦੇ ਦਿਲ ਦਿਮਾਗ ਤੇ ਛਾਈਆਂ ਰਹਿੰਦੀਆਂ।

ਸਭ ਵੱਲੋਂ ਸਿੱਖ, ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਧਰਮ ਬਾਰੇ ਇਤਨਾ ਵਧੀਆ ਲਿਖੇ ਜਾਣ ਦੇ ਬਾਵਜੂਦ ਵੀ ਸਾਡੇ ਧਰਮ ਦੀ ਗੱਲ ਅੱਗੇ ਨਹੀਂ ਚਲੀ ਤਾਂ ਇਸ ਦਾ ਕੀ ਕਾਰਨ ਹੈ? ਸਪੱਸ਼ਟ ਕਾਰਨ ਇਹੀ ਹੈ ਕਿ ਅਸੀਂ ਆਪਣੇ ਧਰਮ ਦੀ ਗੱਲ ਖੁਦ ਹੀ ਕਿਸੇ ਨੂੰ ਦੱਸਣ ਦੀ ਕੋਸਿਸ਼ ਨਹੀਂ ਕੀਤੀ। ਧਰਮ ਪ੍ਰਚਾਰ ਵਿਚ ਅਸੀਂ ਇਤਨੇ ਸੁਸਤ ਹਾਂ ਕਿ ਅਸੀਂ ਆਪਣੇ ਬੱਚਿਆਂ ਤਕ ਨੂੰ ਆਪਣੇ ਧਾਰਮਿਕ ਵਿਰਸੇ ਦੀ ਸੋਝੀ ਕਰਵਾਣ ਦਾ ਕਦੇ ਕੋਈ ਠੋਸ ਪ੍ਰਯਤਨ ਨਹੀਂ ਕੀਤਾ ਜਿਸ ਕਰਕੇ ਉਹ ਸਾਡੇ ਘਰਾਂ ਵਿੱਚ ਰਹਿੰਦੇ ਹੋਏ ਵੀ ਹਰ ਪਲ ਸਾਥੋਂ ਦੂਰ ਹੁੰਦੇ ਜਾ ਰਹੇ ਹਨ ਤੇ ਧਰਮ ਤੋਂ ਬੇਮੁਖ ਵੀ। ਅਜਿਹੀ ਸਥਿਤੀ ਨੂੰ ਖਤਮ ਕਰਨ ਲਈ ਠੋਸ ਰੂਪ ਵਿਚ ਧਰਮ ਪਰਚਾਰ ਕਰਨ ਦੀ ਇਸ ਸਮੇਂ ਸਭ ਤੋਂ ਵਧ ਲੋੜ ਹੈ।

ਦੌਲਤ ਰਾਏ ਆਰੀਆ ਦੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਵਿਚਾਰ

ਸ੍ਰੀ ਦੌਲਤ ਰਾਏ ਆਰੀਆ ਡੇਰਾ ਗਾਜ਼ੀ ਖਾਨ ਦੇ ਆਰੀਆ ਸਮਾਜੀ ਹਿੰਦੂ ਸਨ। ਉਨ੍ਹਾਂ ਨੇ ਹਿੰਦੂ ਕੌਮ ਦੀ ਪਿਛਲੇ ਕਈ ਸੌ ਸਾਲਾਂ ਦੀ ਮੰਦਹਾਲੀ ਦਾ ਕਾਰਨ ਲਭਣ ਖਾਤਰ ਬਹੁਤ ਡੂੰਘੀ ਸਟੱਡੀ ਕੀਤੀ। ਸਿੱਖ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਵੀ ਭਰਵਾਂ ਅਧਿਐਨ ਕੀਤਾ ਅਤੇ ਇਸ ਨਤੀਜੇ ਤੇ ਪਹੁੰਚੇ ਕਿ ਭਾਰਤ ਵਾਸੀਆਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਮਾਨਵਤਾ ਅਤੇ, ਦੇਸ਼ ਕੌਮ ਪ੍ਰਤੀ ਕੀਤੀਆਂ

ਬਹੁਮੁਲੀਆਂ ਸੇਵਾਵਾਂ ਦੀ ਯੋਗ ਕਦਰ ਨਹੀਂ ਪਾਈ। ਇਸ ਗੱਲ ਨੂੰ ਸਾਹਮਣੇ ਰਖਦੇ ਹੋਏ ਉਨ੍ਹਾਂ ਨੇ 'ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ' ਨਾਮੀ ਪੁਸਤਕ ਲਿਖ ਕੇ 25 ਜਨਵਰੀ 1901 ਨੂੰ ਉਰਦੂ ਵਿਚ ਛਪਵਾਈ ਜਿਸ ਦਾ ਪੰਜਾਬੀ ਅਨੁਵਾਦ ਪਹਿਲੀ ਵਾਰ 1979 ਵਿਚ ਛਪ ਕੇ ਸਾਹਮਣੇ ਆਇਆ। ਜਿਸ ਸਿਦਕਦਿਲੀ, ਸ਼ਰਧਾ ਤੇ ਜਜ਼ਬੇ ਨਾਲ ਇਸ ਗ਼ੈਰ-ਸਿੱਖ ਸਜਣ ਵਲੋਂ ਗੁਰੂ ਗੋਬਿੰਦ ਸਿੰਘ ਸਾਹਿਬ ਬਾਰੇ ਇਹ ਕਿਤਾਬ ਲਿਖੀ ਗਈ ਹੈ ਉਸ ਦੀ ਸ਼ਲਾਘਾ ਸ਼ਬਦਾਂ ਵਿਚ ਕਰਨੀ ਅਤਿਅੰਤ ਕਠਨ ਹੈ। ਪਾਠਕਾਂ ਦੀ ਰੋਚਕਤਾ ਤੇ ਜਾਣਕਾਰੀ ਲਈ ਇਸ ਵਿੱਚੋਂ ਕੁਝ ਟੂਕਾਂ ਹੇਠਾਂ ਦਰਜ ਹਨ।

ਭਾਰਤ ਵਿਚ ਹਿੰਦੂਆਂ ਦੀ ਮੰਦਹਾਲੀ ਦੀ ਹਾਲਤ ਦਰਸਾਉਣ ਤੋਂ ਪੁਸਤਕ ਸ਼ੁਰੂ ਹੁੰਦੀ ਹੈ। ਅੱਗੇ ਚਲ ਕੇ ਇਸ ਦੇ ਪੰਨਾ 135 ਤੇ ਇਵੇਂ ਦਰਜ ਹੈ : "ਹਿੰਦੂ ਤਾਂ ਉਸ ਸਮੇਂ ਬੁਝੇ ਹੋਏ ਦੀਵੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਖਣੇ ਤੇ ਬੁਝੇ ਹੋਏ ਦੀਵੇ ਨੂੰ, ਜਿਸ ਵਿਚ ਉਕਾ ਹੀ ਤੇਲ ਕੋਈ ਨਹੀਂ ਸੀ, ਰੌਸ਼ਨ ਕਰਨਾ ਲੋਚਿਆ ਤਾਂ ਜੋ ਦੀਵੇ ਦੇ ਪ੍ਰਕਾਸ਼ ਨਾਲ ਸਾਰੇ ਹੀ ਸੰਸਾਰ ਵਿਚ ਉਜਾਲਾ ਤੇ ਰੌਸ਼ਨੀ ਹੋ ਸਕੇ। ਪਰ ਅਜਿਹੇ ਦੀਵੇ ਲਈ ਕਿਸੇ ਖਾਸ ਪ੍ਰਕਾਰ ਦੇ ਤੇਲ ਵਟੀ ਦੀ ਲੋੜ ਸੀ। ਗੁਰੂ ਜੀ ਨੇ ਇਸ ਦੀਵੇ ਵਿਚ ਕੌਮੀ ਪਿਆਰ ਦੀ ਵਟੀ ਰਖੀ ਤੇ ਆਪਣੇ ਜਿਗਰ ਦਾ ਖ਼ੂਨ ਪਾ ਕੇ ਕਸ਼ਤਰੀਪੁਣੇ ਦੀ ਅਗਨੀ ਨਾਲ ਇਸ ਨੂੰ ਬਾਲਿਆ ਅਤੇ ਅਜਿਹਾ ਦੀਪਕ ਜਲਾਇਆ ਕਿ ਮੁਰਦਾ ਕੌਮ ਜੀਵਨ ਰੰਗ ਮੰਚ ਵਿਚ ਮੁੜ ਸੁਰਜੀਤ ਹੋ ਉਠੀ। ਕਮਾਲ ਦੀ ਗੱਲ ਇਹ ਹੈ ਕਿ ਇਸ ਦੀਪਕ ਨੂੰ ਜਗਾਣ ਦਾ ਮਾਣ ਗੁਰੂ ਜੀ ਨੇ ਆਪਣੇ ਨਾਂ ਨਾਲ ਕਦੇ ਨਹੀਂ ਜੋੜਿਆ। (ਪੰਨਾ-135)

... ਉਹ (ਹਿੰਦੂ) ਆਪਸ ਵਿਚ ਖਹਿਬੜਦੇ ਤੇ ਇਕ ਦੂਜੇ ਦੇ ਨੁਕਸਾਨ ਵਿਚ ਰੁਝੇ ਹੋਏ ਸਨ। ਇਤਫਾਕ ਤੇ ਪਿਆਰ ਤੋਂ ਕੋਹਾਂ ਦੂਰ ਸਨ। ਬਲ-ਹੀਣ, ਗ਼ੈਰਤ-ਹੀਣ, ਬੁਧ-ਹੀਣ, ਹਿੰਮਤ-ਹੀਣ, ਪਿਆਰ-ਹੀਣ ਤੇ ਇਤਫਾਕ-ਹੀਣ ਸਨ....(ਪੰਨਾ-75)

. . . ਉਹ ਛੋਟੇ ਛੋਟੇ ਫਿਰਕਿਆਂ ਤੇ ਉਨ੍ਹਾਂ ਤੋਂ ਅੱਗੇ ਟੋਲਿਆਂ ਵਿਚ ਵੰਡੇ ਗਏ ਜਿਸ ਨਾਲ ਉਨ੍ਹਾਂ ਦਾ ਕੌਮੀ ਬਲ ਉਕਾ ਹੀ ਬਰਬਾਦ ਹੋ ਗਿਆ ਤੇ ਏਕਤਾ ਦੀ ਲੜੀ ਵੀ ਅਜਿਹੀ ਬਿਖਰੀ ਕਿ ਉਨ੍ਹਾਂ ਦੀ ਹਸਤੀ ਹੀ ਟਿਮਟਮਾਉਂਦੇ ਦੀਵੇ ਦੀ ਲਾਟ ਦਾ ਰੂਪ ਧਾਰਨ ਕਰ ਗਈ। . . .

. . . ਔਰੰਗਜ਼ੇਬ ਦੀ ਜਾਬਰ ਜ਼ਾਲਮ ਤਲਵਾਰ ਦੇ ਤੂਫਾਨ ਨਾਲ ਸੰਭਵ ਸੀ ਕਿ ਅਜਿਹਾ ਟਿਮਟਮਾਉਂਦਾ ਦੀਵਾ ਸਦਾ ਲਈ ਬੁਝ ਜਾਂਦਾ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਹੱਥ ਉਸ ਤੇ ਰਖ ਕੇ ਉਸ ਨੂੰ ਗੁਲ ਹੋਣ (ਬੁਝਣ) ਤੋਂ ਸਦਾ ਲਈ ਬਚਾ ਲਿਆ। (ਪੰਨਾ-87-88)

. . . ਹਿੰਦੂ ਕੌਮ ਖਿਲਰੀ ਪੁਲਰੀ ਹੋਈ ਦਮ ਤੋੜ ਰਹੀ ਸੀ। ਐਨ ਸੰਭਵ ਸੀ ਤੇ ਕਰੀਬ ਹੀ ਸੀ ਕਿ ਉਸ ਦੇ ਜੀਵਨ ਦੀ ਰਹਿੰਦੀ ਖੁੰਹਦੀ ਜੋਤ ਵੀ ਬੁਝ ਜਾਂਦੀ ਤੇ ਇਸ ਦੇ ਪ੍ਰਾਣ ਪੰਖੇਰੂ ਸਦਾ ਲਈ ਉਡਾਰੀ ਮਾਰ ਜਾਂਦੇ। ਹਿੰਦੂ ਧਰਮ ਤਾਂ ਹੁਣ ਮੁਥਾਜ ਤੇ ਨਿਰਬਲ ਸੀ ਤੇ ਬੇਸਹਾਰਾ ਸੀ ਤੇ ਉਸ ਉਪਰ ਅਕਹਿ ਮੁਸੀਬਤਾਂ ਦੇ ਪਹਾੜ ਟੁਟੇ ਹੋਏ ਸਨ। ਉਸ

ਦੀ ਜੀਵਨ ਨਈਆ (ਬੇੜੀ) ਤੂਫਾਨ ਵਿਚ ਐਸੀ ਘਿਰੀ ਹੋਈ ਸੀ ਕਿ ਕਿਨਾਰੇ ਤੇ ਲਗਣ ਦੀ ਕੋਈ ਆਸ ਬਾਕੀ ਨਹੀਂ ਸੀ। ਉਸ ਦਾ ਕੋਈ ਖਵਈਆ (ਮਲਾਹ) ਹੀ ਨਹੀਂ ਸੀ ਤੇ ਨਾ ਹੀ ਉਸਨੂੰ ਕੋਈ ਬਚਾ ਕੇ ਕਿਨਾਰੇ ਤੇ ਲਿਜਾਣ ਵਾਲਾ ਹੀ ਸੀ। ਹਰ ਪਾਸੇ ਲਹਿਰਾਂ ਦੇ ਥਪੇੜੇ ਤੇ ਭੰਵਰ ਦੇ ਚਕਰ ਸਨ। ਪਰ ਐਸੀ ਨਿਰਾਸ਼ਤਾ ਵਿਚ ਅਚਨਚੇਤ ਇਕ ਮੂਰਤ ਪ੍ਰਗਟ ਹੋਈ ਜਿਸ ਨੇ ਜ਼ੋਰ ਨਾਲ ਲਤਾੜੇ ਜਾ ਰਹੇ ਹਿੰਦੂ ਧਰਮ ਵਲ ਪੁਕਾਰ ਕੇ ਕਿਹਾ:

ਬੁਲਬਲੇ ਨੇ ਆਖਿਆ ਜੀਵਨ ਨਦੀ ਵਗਦੀ ਰਹੇ,
ਮੈਂ ਚਾਹੇ ਨਾ ਰਹਾਂ ਪਰ ਦੁਨੀਆ ਇਹ ਸਾਰੀ ਵਸਦੀ ਰਹੇ।

. . . ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੂਫਾਨ ਵਿਚੋਂ ਕਢਿਆ ਹੀ ਨਹੀਂ ਸਗੋਂ ਕੰਢੇ ਤੇ ਆ ਖੜਾ ਕੀਤਾ । ਹਿੰਦੂ ਧਰਮ ਦੇ ਸੁਕ ਚੁਕੇ ਤੇ ਕੁਮਲਾ ਗਏ ਬਾਗ਼ ਲਈ ਇਹ ਹਸਤੀ ਰਹਿਮਤ ਦੀ ਵਰਖਾ ਅਤੇ ਉਜੜ ਰਹੇ ਚਮਨ ਦੀ ਮਾਲੀ ਬਣ ਕੇ ਦਰਦ ਵੰਡਾਣ ਵਾਲੀ ਸੀ। ਪਰ ਉਹ ਹੈ ਕੌਣ ਸੀ? ਹਾਂ ਉਹ ਸਨ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ। ਜਿਸ ਬੂਟੇ ਨੂੰ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਗੁਰੂ ਅਰਜਨ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖੂਨ ਦਾ ਪਾਣੀ ਦੇ ਕੇ ਹਡੀਆਂ ਦੀ ਖਾਦ ਪਾ ਕੇ ਵੱਡਾ ਕੀਤਾ ਸੀ ਤੇ ਜਿਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ, ਰਤ ਪਾ ਕੇ ਪਾਲਿਆ ਪੋਸਿਆ, ਉਸੇ ਦੀ ਸੇਵਾ ਕਰਦਿਆਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਮਾਤਾ, ਚਾਰ ਪੁਤਰਾਂ, ਪੰਜ ਪਿਆਰਿਆਂ ਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫਲ ਲਗ ਪਏ। ਉਹ ਫਲ ਕੀ ਸੀ? ਉਹ ਸੀ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ ਭਗਤੀ ਤੇ ਪ੍ਰਭੂ ਪਿਆਰ ਦਾ ਫਲ। ਇਹ ਐਸਾ ਫਲ ਸੀ ਜਿਸ ਦਾ ਫੁਲ ਅਕਾਲਪੁਰਖ ਦੀ ਪੂਜਾ ਸੀ, ਜਿਸ ਦੇ ਗੁਦੇ ਵਿਚ ਕੌਮੀ ਪਿਆਰ ਸੀ ਤੇ ਜਿਸ ਦਾ ਛਿਲਕਾ ਸੀ ਦੇਸ਼ ਪਿਆਰ, ਜਿਸ ਦੀ ਗਿਟਕ ਸੀ ਭਗਤੀ ਭਾਵ ਤੇ ਜਿਸ ਦਾ ਮਿਠਾ ਰਸ ਸੀ ਕੌਮੀਅਤ. .

. . . ਹਿੰਦੂ ਇਕ ਪਾਸੇ ਬ੍ਰਾਹਮਣਾਂ ਦੇ ਦਿਮਾਗ਼ੀ ਤੌਰ ਤੇ ਗ਼ੁਲਾਮ ਸਨ ਤੇ ਦੂਜੇ ਪਾਸੇ ਇਸਲਾਮ ਦੇ ਜਿਸਮਾਨੀ ਤੌਰ ਤੇ ਗ਼ੁਲਾਮ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਜਨਤਾ ਨੂੰ ਦੋਹਾਂ ਗ਼ੁਲਾਮੀਆਂ ਤੋਂ ਸੁਤੰਤਰ ਕਰਨ ਦਾ ਉਦੇਸ਼ ਆਪਣੇ ਸਾਹਮਣੇ ਰਖਿਆ ਤੇ ਪੂਰਾ ਕੀਤਾ। (ਪੰਨਾ-95/96)

ਆਗੀਆ, ਕੌਮ ਦੀ ਮੰਦਹਾਲੀ ਦਾ ਜ਼ਿਕਰ ਪੁਸਤਕ ਵਿਚ ਥਾਂ ਥਾਂ ਤੇ ਨਵੀਆਂ ਨਵੀਆਂ ਉਦਹਾਰਨਾਂ ਦੇ ਕੇ ਕਰਦੇ ਹਨ। ਲਿਖਦੇ ਹਨ : . . . ਹਿੰਦੂਆਂ ਦੀ ਕਿਸ਼ਤੀ ਇਸਲਾਮੀ ਤੂਫ਼ਾਨ ਵਿਚ ਘਿਰੀ ਹੋਈ ਡਗਮਗਾ ਰਹੀ ਸੀ ਤੇ ਟਕਰਾ ਕੇ ਚਿਕਨਾਚੂਰ ਹੋਣ ਵਾਲੀ ਹੀ ਸੀ ਕਿ ਉਦੋਂ ਗੁਰੂ ਗੋਬਿੰਦ ਸਿੰਘ ਜੀ ਮੈਦਾਨ ਵਿਚ ਨਿਤਰੇ। ਨਾ ਨਿਤਰਦੇ ਤੇ ਫੌਜੀ ਜਥੇਬੰਦੀ ਬਣਾ ਕੇ ਟਾਕਰੇ ਤੇ ਖੜੀ ਨਾ ਕਰਦੇ ਤੇ ਲੋਹੇ ਦਾ ਜਵਾਬ ਲੋਹੇ ਨਾਲ ਨਾ ਦੇਂਦੇ ਤਾਂ ਸਿੱਟਾ ਇਹ ਹੁੰਦਾ ਕਿ ਸ਼ਾਂਤ ਸੁਭਾਓ ਤੇ ਸਹਿਨਸ਼ੀਲਤਾ ਦੇ ਦੇਵਤੇ ਅਤੇ ਜੀਵ ਹਤਿਆ ਤੋਂ ਕੰਬਣ ਵਾਲੇ ਅਹਿੰਸਾ ਪਰਮਾ-ਧਰਮਾ ਦੇ ਪੁਜਾਰੀ, ਅੱਜ ਵੇਖਣੇ ਨਸੀਬ ਨਾ ਹੁੰਦੇ। (ਪੰਨਾ-256)

ਦੌਲਤ ਰਾਏ ਆਰੀਆ ਨੇ ਭਾਰਤ ਦੀ ਤਰਸਯੋਗ ਸਥਿਤੀ ਦਾ ਬਹੁਤ ਦਰਦ ਭਰਿਆ ਖਾਕਾ ਖਿਚ ਕੇ ਗੁਰੂ ਗੋਬਿੰਦ ਸਾਹਿਬ ਦੇ ਆਗਮਨ ਨਾਲ ਇਸ ਵਿਚ ਹੋਏ ਪਰਵਰਤਨਾਂ ਦਾ ਡਾਢਾ ਸੁਹਣਾ ਚਿਤਰਣ ਕੀਤਾ ਹੈ। ਉਹ ਥਾਂ ਪਰ ਥਾਂ ਗੁਰੂ ਸਾਹਿਬ ਦੇ "**ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ**" ਦੇ ਮਿਸ਼ਨ ਤੋਂ ਵਾਰਨੇ ਜਾਂਦੇ ਹਨ। ਅਗਲੀਆਂ ਕੁਝ ਸਤਰਾਂ ਵਿਚ ਇਸ ਬਾਰੇ ਉਨ੍ਹਾਂ ਦੇ ਵਿਚਾਰ ਦੇਖੋ: ... ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿਚ ਦੇਸ਼ ਭਗਤੀ ਦੀ ਅਗਨੀ ਪ੍ਰਚੰਡ ਸੀ ਜਦ ਕਿ ਉਨ੍ਹਾਂ ਤੋਂ ਪਹਿਲਾਂ ਆਉਣ ਵਾਲੇ ਸਾਰੇ ਹੀ ਸੁਧਾਰਕ ਤੇ ਪੀਰ ਪੈਗ਼ੰਬਰ ਇਸ ਤੋਂ ਸੁੰਞੇ ਸਨ।

. . . ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਦੀ ਸਿਰਜਣਾ ਕਰਨ ਵਿਚ ਆਪਣਾ ਪ੍ਰੇਮ ਸੰਦੇਸ਼ ਤੇ ਆਪਣਾ ਇਸ਼ਕ ਪੂਰਾ ਕੀਤਾ। ਗੁਰੂ ਜੀ ਨੇ ਖ਼ਾਲਸਾ ਧਰਮ ਦੇ ਸੁਨਹਿਰੀ ਅਸੂਲਾਂ ਨੂੰ ਸੰਸਾਰ ਦੇ ਇਤਿਹਾਸ ਵਿਚ ਤੇ ਸਮੇਂ ਦੇ ਪੰਨਿਆਂ ਉੱਪਰ ਬੜੇ ਸੁੰਦਰ ਅੱਖਰਾਂ ਵਿਚ ਲਿਖਿਆ। ਇਸ ਲਿਖਤ ਤੇ ਗੁਰੂ ਜੀ ਨੇ ਆਪਣੇ ਦਸਖਤ ਕਰਣੇ ਸੀ ਅਤੇ ਸ਼ਹਾਦਤ (ਗਵਾਹੀ) ਰਾਹੀਂ ਤਸਦੀਕ ਕਰਨ ਦਾ ਕੰਮ ਵੀ ਬਾਕੀ ਸੀ। ਗੁਰੂ ਜੀ ਨੇ ਆਪਣੇ ਖ਼ੂਨ ਨਾਲ ਇਸ ਪ੍ਰੇਮ ਸੰਦੇਸ਼ ਉਪਰ ਦਸਖ਼ਤ ਕੀਤੇ ਤੇ ਆਪਣੇ ਚਾਰ ਪੁੱਤਰਾਂ ਦੀ ਸ਼ਹਾਦਤ ਨਾਲ ਇਸ ਨੂੰ ਤਸਦੀਕ ਕਰਾਇਆ। (ਪੰਨਾ-162)

. . . ਖ਼ਾਲਸਾ ਧਰਮ ਉਨ੍ਹਾਂ ਦੀ ਉਹ ਕਰਾਮਾਤ ਹੈ ਜਿਸ ਰਾਹੀਂ ਐਸੇ ਕਰਿਸ਼ਮੇ ਪ੍ਰਗਟ ਹੋਏ ਕਿ ਉਨ੍ਹਾਂ ਨੂੰ ਵੇਖ ਕੇ ਸਾਰੇ ਸੰਸਾਰ ਦੀਆਂ ਅੱਖਾਂ ਹੀ ਚੁੰਧਿਆ ਗਈਆਂ। ਗੁਰੂ ਜੀ ਨੇ ਨਾਮਰਦਾਂ ਨੂੰ ਮਰਦ ਬਣਾਇਆ, ਲੂੰਬੜੀਆਂ ਨੂੰ ਸ਼ੇਰ ਬਣਾਇਆ ਤੇ ਰਸਾਤਲ ਵਲ ਜਾਂਦੀ ਹਿੰਦੂ ਕੌਮ ਦੀ ਕਾਇਆ ਹੀ ਪਲਟ ਦਿੱਤੀ। ਖ਼ਾਲਸਾ ਗੁਰੂ ਜੀ ਦੀ ਜੀਂਦੀ ਜਾਗਦੀ ਕਰਾਮਾਤ ਦੇ ਰੂਪ ਵਿਚ ਹਰ ਵਕਤ ਸਾਹਮਣੇ ਮੌਜੂਦ ਹੈ ਤੇ ਇਸ ਦੇ ਹੁੰਦਿਆਂ ਹੋਰ ਕਿਸੇ ਕਰਾਮਾਤ ਦੇ ਲਭਣ ਤੇ ਵੇਖਣ ਦੀ ਲੋੜ ਨਹੀਂ। (ਪੰਨਾ-25)

. . . ਤੇ ਖ਼ਾਲਸਾ ਉਹ ਹੈ ਜੋ ਕਿਸੇ ਦੀ ਚੁਗ਼ਲੀ ਨਿੰਦਾ ਨਹੀਂ ਕਰਦਾ, ਜੋ ਹੱਕ ਇਨਸਾਫ ਲਈ ਯੁੱਧ ਕਰਦਾ ਹੈ ਤੇ ਵੀਰਤਾ ਦੇ ਕਾਰਜ ਕਰਦਾ ਹੈ, ਜੋ ਆਪਣੇ ਵਲਵਲਿਆਂ ਤੇ ਕਾਬੂ ਰਖਦਾ ਹੈ, ਜੋ ਰਸਮਾਂ ਤੋਂ ਉਤੇ ਤੇ ਬਰੀ ਹੈ, ਜੋ ਵਹਿਮਾਂ ਭਰਮਾਂ ਤੋਂ ਦੂਰ ਰਹਿੰਦਾ ਹੈ ਤੇ ਗੁਰੂ ਦੇ ਬਚਨਾਂ ਤੇ ਵਿਸ਼ਵਾਸ ਕਰਦਾ ਹੈ। ਜੋ ਕਦੇ ਭੈ ਨਹੀਂ ਮੰਨਦਾ ਭਾਵੇਂ ਕਾਮਯਾਬ ਨਾ ਵੀ ਹੋਵੇ। ਜੋ ਕਿਸੇ ਨੂੰ ਸਤਾਂਦਾ ਨਹੀਂ, ਜੋ ਸਭ ਲੁਕਾਈ ਨੂੰ ਪ੍ਰਮਾਤਮਾ ਦੀ ਸਾਜੀ ਹੋਈ ਤੇ ਬਣਾਈ ਸਮਝਦਾ ਹੈ। (ਪੰਨਾ-252)

ਆਰੀਆ, ਗੁਰੂ ਸਾਹਿਬ ਦੇ ਮਿਸ਼ਨ ਦਾ ਬਿਆਨ ਕਰਨ ਮਗਰੋਂ ਉਨ੍ਹਾਂ ਵਲੋਂ ਮਿਸ਼ਨ ਦੀ ਪੂਰਤੀ ਲਈ ਕੀਤੇ ਉਪਰਾਲਿਆਂ ਦਾ ਦਿਲ ਖਿਚਵਾਂ ਜ਼ਿਕਰ ਕਰਦੇ ਹਨ। ਆਪਣੇ ਸਿੰਘਾਂ ਵਿਚ ਅੰਮ੍ਰਿਤ ਦੀ ਦਾਤ ਬਖਸ਼ ਕੇ ਜੋ ਇਲਾਹੀ ਸ਼ਕਤੀ ਗੁਰੂ ਜੀ ਨੇ ਉਨ੍ਹਾਂ ਵਿਚ ਭਰੀ ਉਸ ਦੇ ਜੰਗਾਂ ਯੁੱਧਾਂ ਵਿਚ ਕਦਮ ਕਦਮ ਤੇ ਗੌਰਵਮਈ ਦਰਸ਼ਨ ਹੁੰਦੇ ਹਨ। ਚਮਕੌਰ ਦੀ ਗੜ੍ਹੀ ਦੇ ਯੁਧ ਦਾ ਵਰਨਣ ਦੇਖੋ, ਜਿਥੇ ਗੁਰੂ ਜੀ ਪਾਸ ਕੇਵਲ 40 ਸਿੰਘ ਸਨ ਤੇ ਮੁਗ਼ਲ ਫ਼ੌਜ ਵਿੱਚ 10 ਲੱਖ ਲੈਸ ਫੌਜੀ ਸਨ।

. . . ਗੁਰੂ ਜੀ ਕੋਲ ਕੇਵਲ ਚਾਲੀ ਜਾਨਾਂ ਹੀ ਬਾਕੀ ਸਨ ਫਿਰ ਵੀ ਉਨ੍ਹਾਂ ਚਾਲ੍ਹੀਆਂ ਨਾਲ ਹੀ ਆਪਣੇ ਕਥਨ ਅਨੁਸਾਰ, "**ਸਵਾ ਲਾਖ ਸੇ ਏਕ ਲੜਾਊਂ, ਚਿੜੀਆਂ ਤੋਂ ਮੈਂ ਬਾਜ ਤੜਾਊਂ**" ਉਨ੍ਹਾਂ ਨੇ ਸਾਰਾ ਦਿਨ ਸ਼ਾਹੀ ਫੌਜ ਦਾ ਡਟਵਾਂ ਟਾਕਰਾ

ਕੀਤਾ। ਕੀ ਇਹ ਆਖਣਾ ਸਚ ਨਹੀਂ ਕਿ **ਐਸਾ ਮਹਾਨ ਪੁਰਸ਼ ਬੀਰ ਯੋਧਾ (ਸੰਤ-ਸਿਪਾਹੀ) ਜ਼ਮਾਨੇ ਦੀ ਅੱਖ ਨੇ ਅੱਜ ਤਕ ਨਹੀਂ ਵੇਖਿਆ ਤੇ ਨਾ ਹੀ ਅਜੇ ਤਕ ਜ਼ਮਾਨੇ ਨੇ ਪੈਦਾ ਹੀ ਕੀਤਾ ਹੈ? ਸਾਰੀਆਂ ਹੀ ਕੌਮਾਂ ਆਪਣੇ ਸ਼ਹੀਦਾਂ ਦਾ ਜਿਤਨਾ ਵੀ ਸਨਮਾਨ ਕਰਨ ਤੇ ਉਨ੍ਹਾਂ ਤੇ ਫਖਰ ਕਰਨ,** ਯੋਗ ਹੈ, ਪਰ ਜੋ ਫਖ਼ਰ ਹਿੰਦੂ ਜਾਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਤੇ ਹੈ ਉਸਦਾ ਮੁਕਾਬਲਾ ਸਾਰੇ ਭਾਰਤ ਵਿਚ ਤੇ ਇਸ ਵਿਸ਼ਾਲ ਜਹਾਨ ਵਿਚ ਕੋਈ ਕੌਮ ਨਹੀਂ ਕਰ ਸਕਦੀ ਤੇ ਅਜਿਹੀ ਮਿਸਾਲ ਕੋਈ ਹੋਰ ਕੌਮ ਪੇਸ਼ ਵੀ ਨਹੀਂ ਕਰ ਸਕਦੀ। (ਪੰਨਾ-87)

ਸ਼ੁਭ ਕਰਮਨ ਤੋਂ ਨਾ ਟਲਦਿਆਂ ਹੋਇਆਂ ਗੁਰੂ ਸਾਹਿਬ ਨੇ ਆਪਣੇ ਦੋਨੋਂ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਆਪ ਭੇਜ ਕੇ ਸ਼ਹੀਦ ਕਰਵਾਏ ਤੇ ਆਪਣੇ ਬਚਨਾਂ ਨੂੰ ਸਾਕਾਰਥਾ ਬਖਸ਼ੀ। ਬਚਨ ਸਾਨੂੰ ਸਾਰਿਆਂ ਨੂੰ ਚੰਗੀ ਤਰ੍ਹਾਂ ਯਾਦ ਹਨ ਤੇ ਹਰ ਵਕਤ ਸਾਡੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ :

ਜਬ ਆਵ ਕੀ ਅਉਧ ਨਿਧਾਨ ਬਨੈ
ਅਤਿ ਹੀ ਰਣ ਮੈਂ ਤਬ ਜੂਝ ਮਰੌਂ॥

ਇਹੀ ਵਰ ਉਹ ਅਕਾਲਪੁਰਖ ਤੋਂ ਮੰਗਦੇ ਹਨ। ਕਿਆ ਕਮਾਲ ਦਾ ਤਿਆਗ ਹੈ, ਨਿਸ਼ਚਾ ਹੈ, ਲੋਚਾ ਹੈ ਤੇ ਕਰਮਸ਼ੀਲਤਾ ਹੈ।

ਚਮਕੌਰ ਦੀ ਗੜ੍ਹੀ ਦਾ ਪੁਰਜੋਸ਼ ਵਰਨਣ ਪੜ੍ਹਨ ਤੋਂ ਬਾਅਦ ਆਉ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸੰਬੰਧਤ ਸਰਹੰਦ ਦੇ ਸਾਕੇ ਦਾ ਹਾਲ ਚਾਲ ਆਰੀਆ ਦੌਲਤ ਰਾਏ ਦੀ ਜ਼ਬਾਨੀ ਜਾਣੀਏ :

. . . ਦੀਵਾਰ ਛਾਤੀ ਉਪਰ ਅਪੜ ਗਈ ਤੇ ਸਾਹ ਘੁਟਣ ਲਗਾ। ਅਜਿਹੇ ਕਸ਼ਟ ਸਮੇਂ ਫਿਰ ਦੀਨ ਕਬੂਲਣ ਤੇ ਦੁਨੀਆ ਦੀ ਚੋਣ ਪੇਸ਼ ਕੀਤੀ ਜਾਂਦੀ ਹੈ ਅਤੇ ਇਨਕਾਰ ਤੇ ਮੌਤ ਦਾ ਨੰਕਸ਼ਾ ਦਖਾਇਆ ਜਾਂਦਾ ਹੈ। ਪਰ ਉਨ੍ਹਾਂ (ਛੋਟੇ ਸਾਹਿਬਜ਼ਾਦਿਆਂ) ਵਲੋਂ ਉੱਤਰ ਮਿਲਦਾ ਹੈ ਕਿ ਸਾਨੂੰ ਦੀਵਾਰ ਤੋਂ ਪਾਰ ਸਵਰਗ ਦਿਖਾਈ ਦੇਂਦਾ ਹੈ ਤੇ ਇਸ ਦੁਖ ਦੀ ਸਾਨੂੰ ਰੰਚਕ ਮਾਤਰ ਵੀ ਪ੍ਰਵਾਹ ਨਹੀਂ। ਸਾਨੂੰ ਖ਼ਾਲਸਾ ਧਰਮ ਜ਼ਿੰਦਗੀ ਤੋਂ ਜ਼ਿਆਦਾ ਪਿਆਰਾ ਹੈ ਅਤੇ ਅਸੀਂ ਅਕਾਲਪੁਰਖ ਦੀ ਆਗਿਆ ਦਾ ਪਾਲਣ ਕਰਾਂਗੇ।

. . . ਆਖਿਰ ਦੀਵਾਰ ਸਿਰ ਤਕ ਪੁਜ ਗਈ ਤੇ ਮਾਸੂਮ ਬੱਚੇ ਹਮੇਸ਼ਾਂ ਲਈ ਸੌਂ ਗਏ ਤੇ ਆਪਣੀ ਮਾਤ ਭੂਮੀ ਭਾਰਤ ਦੀ ਗੋਦ ਪਰ ਆਪਣਾ ਨਾਂ ਸਦਾ ਲਈ ਕਾਇਮ ਕਰ ਗਏ ਅਤੇ ਖ਼ਾਲਸਾ ਧਰਮ ਨੂੰ ਉਜਾਗਰ ਕਰ ਗਏ। ਉਹ ਮਾਸੂਮ ਬੱਚੇ ਦੁਨੀਆ ਤੇ ਇਹ ਤੱਥ ਰੌਸ਼ਨ ਕਰ ਗਏ ਕਿ ਉਹ ਕੌਮ ਸਦਾ ਜ਼ਿੰਦਾ ਰਹਿੰਦੀ ਹੈ ਜਿਸ ਵਿਚ ਅਜਿਹੇ ਵੀਰ ਬੱਚੇ ਪੈਦਾ ਹੁੰਦੇ ਹਨ। ਉਹ ਧਰਤੀ ਪਾਕ ਪਵਿੱਤਰ ਹੈ ਜਿਸ ਦੀ ਗੋਦ ਵਿਚ ਅਜਿਹੇ ਪੁਨੀਤ ਪਲਦੇ ਹਨ। ਕਿਥੇ ਨੇ ਉਹ ਮਰਦੂਦ ਮਰਦ ਜੋ ਚੰਦ ਟਕਿਆਂ ਦੀ ਖਾਤਰ ਆਪਣੇ ਧਰਮ ਨੂੰ ਤਲਾਂਜਲੀ ਦੇਂਦੇ ਤੇ ਆਪਣੀ ਇਜ਼ਤ ਛਿੱਕੇ ਤੇ ਟੰਗਦੇ ਹਨ? ਕਿੱਥੇ ਨੇ ਉਹ ਡੀਂਗ ਮਾਰਨ ਵਾਲੇ ਜੋ ਇਕ ਇਸਤਰੀ ਖਾਤਰ ਧਰਮ ਤਿਆਗਦੇ ਹਨ? ਕੋਈ ਮੁਹੰਮਦੀ ਜਮਾਤ ਵਿਚ ਸ਼ਾਮਲ ਹੁੰਦਾ ਹੈ ਤੇ ਕੋਈ ਈਸਾ ਦੇ ਟੋਲੇ ਦੀ ਰੌਣਕ ਵਿਚ ਵਾਧਾ ਕਰਦਾ ਫਿਰਦਾ ਹੈ।

...ਐ ਮੇਰੇ ਵਤਨ ਵਾਸੀਓ ਇਹ ਦੋ ਬੱਚੇ ਹੀ ਹਨ ਜਿਨ੍ਹਾਂ ਆਪਣੇ ਪਿਤਾ ਦੇ ਪ੍ਰੇਮ ਸੰਦੇਸ਼ ਅਤੇ ਅਜ਼ਾਦੀ ਦੇ ਦਸਤਾਵੇਜ਼ ਉਪਰ ਆਪਣੇ ਲਹੂ ਨਾਲ ਗਵਾਹੀ ਪਾਈ ਹੈ ਤੇ ਆਪਣੇ ਸਚੇ ਤੇ ਆਗਿਆਕਾਰੀ ਸਪੂਤ ਹੋਣ ਦਾ ਸਬੂਤ ਦਿੱਤਾ ਹੈ। (ਪੰਨਾ-195)

ਇਨ੍ਹਾਂ ਮਾਸੂਮ ਬੱਚਿਆਂ ਦੀ ਕੁਰਬਾਨੀ ਨੂੰ ਆਰੀਆ ਦੌਲਤ ਰਾਏ ਕੌਮ ਦਾ ਬੇਨਜ਼ੀਰ ਸਰਮਾਇਆ ਸਮਝਦੇ ਹਨ ਜਿਸ ਤੇ ਜਿਤਨਾ ਮਾਣ ਕੀਤਾ ਜਾਵੇ ਥੋੜ੍ਹਾ ਹੈ। ਹੱਕ, ਇਨਸਾਫ ਤੇ ਮਜ਼ਲੂਮ ਦੀ ਰੱਖਿਆ ਲਈ ਕੀਤੀ ਕੁਰਬਾਨੀ ਸੱਚੀ ਤੇ ਸੁੱਚੀ ਕੁਰਬਾਨੀ ਹੈ ਤੇ ਅਜਿਹਾ ਸ਼ਹੀਦ ਉਨ੍ਹਾਂ ਦੀਆਂ ਨਜ਼ਰਾਂ ਵਿਚ ਅਕਾਲਪੁਰਖ ਦੀ ਦਰਗਾਹ ਵਿਚ ਵੀ ਸ਼ੋਭਾ ਪਾਉਂਦਾ ਹੈ। ਇਸ ਵਿਸ਼ੇ ਤੇ ਆਰੀਆ ਦੇ ਵਿਚਾਰ ਉਨ੍ਹਾਂ ਦੀ ਜ਼ਬਾਨੀ ਇਵੇਂ ਹਨ: ਮਹਾਨ ਹਨ ਉਹ ਪੁਰਸ਼ ਜੋ ਆਪਣੇ ਜੀਵਨ ਨੂੰ ਦੇਸ਼ ਵਾਸੀਆਂ ਦੀ ਭਲਾਈ ਤੇ ਸ਼ਾਨ ਦੇ ਲੇਖੇ ਲਾ ਜਾਂਦੇ ਹਨ। ਜਿਸ ਦੇਸ਼ ਤੇ ਕੌਮ ਵਿਚ ਅਜਿਹੇ ਪਵਿੱਤਰ ਵਿਚਾਰਾਂ ਤੇ ਅਮਲ ਹੋਇਆ, ਉਹ ਦੇਸ਼ ਹੀ ਤਰੱਕੀ ਦੀਆਂ ਸਿਖਰਾਂ ਤੇ ਪਹੁੰਚਿਆ ਅਤੇ ਉਸ ਦੇਸ਼ ਤੇ ਕੌਮ ਨੇ ਸਨਮਾਨ ਤੇ ਸਤਿਕਾਰ ਪ੍ਰਾਪਤ ਕੀਤਾ। ਕਾਮਯਾਬੀ ਨੇ ਸਦਾ ਉਸ ਦੇ ਹਰ ਮੈਦਾਨ ਤੇ ਕਦਮ ਚੁੰਮੇ। ਕੁਰਬਾਨੀ ਬਿਨਾਂ ਇਸ ਸੰਸਾਰ ਵਿਚ ਕਦੇ ਕਿਸੇ ਕੌਮ ਜਾਂ ਦੇਸ਼ ਨੇ ਨਾ ਤਰੱਕੀ ਕੀਤੀ ਹੈ ਤੇ ਨਾ ਹੀ ਕੋਈ ਕੰਮ ਸਿਰੇ ਚਾੜ੍ਹਿਆ ਹੈ। ਕੌਮੀ ਕਾਰਜਾਂ ਵਿਚ ਕੁਰਬਾਨੀ ਦੀ ਸਦਾ ਹੀ ਹਰ ਵਕਤ, ਹਰ ਕਾਲ, ਹਰ ਜ਼ਬਾਨ ਤੇ ਹਰ ਮੁਲਕ ਵਿਚ ਜ਼ਰੂਰਤ ਰਹੀ ਹੈ ਤੇ ਰਹੇਗੀ। ਇਸ ਤੋਂ ਬਿਨਾਂ ਕੋਈ ਵੀ ਕੌਮ ਵੱਡੀ ਨਹੀਂ ਅਖਵਾ ਸਕਦੀ ਤੇ ਵੱਡੀ ਨਹੀਂ ਬਣ ਸਕਦੀ। ਕੁਰਬਾਨੀ ਤਰੱਕੀ ਦੀ ਜਾਨ ਹੈ, ਬਲੀਦਾਨ ਬੁਲੰਦੀ ਦਾ ਨਿਰਵਾਨ ਹੈ। ਕੌਮੀ ਇਜ਼ਤ ਦਾ ਵਸੀਲਾ ਹੈ ਕੁਰਬਾਨੀ। **ਵਾਸਤਵ ਵਿਚ ਸਚ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਹ ਦਰਸਾਉਣ ਲਈ ਹੀ ਆਏ ਸਨ ਕਿ ਕੁਰਬਾਨੀ ਤੇ ਕਸ਼ਟਾਂ ਦੇ ਖਮੀਰ ਨਾਲ ਸੁਖ ਤੇ ਸ਼ਾਂਤੀ ਦਾ ਸਰੀਰ ਤਿਆਰ ਹੁੰਦਾ ਹੈ।** (ਪੰਨਾ-205/215)

. . ਜਦ ਚਾਰੇ ਸਪੁੱਤਰ ਦੇਸ਼ ਦੀ ਸ਼ਾਨ ਖਾਤਰ ਜਾਮੇ ਸ਼ਹਾਦਤ ਪੀ ਗਏ ਤਾਂ ਬੜੇ ਫਖਰੀਆ ਅੰਦਾਜ਼ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਸੀ :-

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ॥

ਹੈ ਦੁਨੀਆ ਦੇ ਕਿਸੇ ਇਤਿਹਾਸ ਵਿਚ ਅਜਿਹੀ ਲਾਸਾਨੀ ਕੁਰਬਾਨੀ ਦੀ ਕੋਈ ਹੋਰ ਮਿਸਾਲ ਜੋ ਇਸ ਅਦੁਤੀ ਕੁਰਬਾਨੀ ਤੇ ਕੁਰਬਾਨੀ ਦੇ ਜਜ਼ਬੇ ਦੀ ਬਰਾਬਰੀ ਕਰ ਸਕੇ? ਨਹੀਂ, ਨਹੀਂ, ਬਿਲਕੁਲ ਨਹੀਂ।

ਸੇਵਾ ਦੇਸ਼ ਦੀ ਜਿੰਦੜੀਏ ਬਹੁਤ ਔਖੀ
ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਨੇ।

ਜਿਨ੍ਹਾਂ ਦੇਸ਼ ਪ੍ਰੇਮ ਵਿਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝਾਲੀਆਂ ਨੇ।

ਮੁਸੀਬਤਾਂ ਝਾਲਣਾ ਕੋਈ ਸੌਖਾ ਕੰਮ ਨਹੀਂ। ਦੁੱਧ ਪੀਣ ਵਾਲੇ ਮਜਨੂੰ ਤਾਂ ਇਸ ਬਿਖੜੇ ਰਾਹ ਤੇ ਚਲਣ ਦੀ ਮਜਾਲ ਵੀ ਨਹੀਂ ਕਰ ਸਕਦੇ। ਹਾਂ ਉਹ ਦੇਸ਼ ਪਿਆਰ ਦੇ ਝੂਠੇ ਢੋਂਗ ਦੁਆਰਾ ਹਰ ਪਰਕਾਰ ਦੇ ਸਕੈਂਡਲ ਕਰਕੇ ਦੇਸ਼ ਦੀ ਤਾਕਤ ਨਾਲ ਖਿਲਵਾੜ ਕਰਕੇ

ਆਪਣੀਆਂ ਨਿਜੀ ਤਜੌਰੀਆਂ ਭਰਨ ਦੇ ਹਰ ਵਕਤ ਹੀਲੇ ਵਸੀਲੇ ਲੱਭਦੇ ਰਹਿੰਦੇ ਹਨ ਅਤੇ ਆਪਣੀ ਸਰਕਾਰੀ ਉਚ ਪਦਵੀ ਦੀ ਇਸ ਕੌਝੇ ਮਨੋਰਥ ਦੀ ਪੂਰਤੀ ਲਈ ਕੁਵਰਤੋਂ ਕਰਨ ਵਿਚ ਬੇਸ਼ਰਮੀ ਦੀ ਹਦ ਤਕ ਜਾਣ ਵਿਚ ਵੀ ਸੰਕੋਚ ਨਹੀਂ ਕਰਦੇ। ਇਹ ਦੰਭੀ ਤੇ ਸਵਾਰਥੀ ਲੋਕ, ਦੇਸ਼ ਦੇ ਪਵਿੱਤਰ ਸ਼ਹੀਦਾਂ ਦੀ ਮਾਰ ਦੇ ਪਾਤਰ ਬਣਨੇ ਚਾਹੀਦੇ ਹਨ ਤੇ ਹਰ ਕਿਸੇ ਦੀ ਫਿਟਕਾਰ ਦੇ ਵੀ।

. . ਖ਼ਾਲਸੇ ਦੇ ਸ਼ਹਿਨਸ਼ਾਹ ਤੇ ਸਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਰਸੀਏ ਦਾ ਕੇਵਲ ਸਿਰਲੇਖ ਹੀ ਖ਼ੂਨ ਨਾਲ ਨਹੀਂ ਲਿਖਿਆ ਗਿਆ ਉਸ ਦਾ ਹਰ ਨੁਕਤਾ, ਹਰ ਹਰਫ ਤੇ ਹਰ ਸਤਰ (ਪੰਗਤੀ) ਖ਼ੂਨ ਨਾਲ ਹੀ ਲਿਖੀ ਗਈ ਹੈ ਅਤੇ ਲਿਖੀ ਵੀ ਗਈ ਹੈ ਅਜਿਹੇ ਖ਼ੂਨ ਨਾਲ ਕਿ ਉਹ ਕਦੇ ਵੀ ਸੁਕੇਗਾ ਨਹੀਂ ਤੇ ਜ਼ਮਾਨੇ ਦੇ ਅੰਤ ਤਕ ਤਾਜ਼ਾ ਰਹੇਗਾ। (ਪੰਨਾ-218)

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ,
ਵਤਨ ਪੈ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਇਹ ਕੁਰਬਾਨੀ ਜਾਂ ਸ਼ਹਾਦਤ ਦਾ ਜਾਮ ਉਹ ਨਹੀਂ ਪੀ ਸਕਦੇ ਜਿਨ੍ਹਾਂ ਨੂੰ ਦੌਲਤ ਤੇ ਸੁਖ ਆਰਾਮ ਦੀ ਲਾਲਸਾ ਹੋਵੇ। ਇਸ ਜਾਮ ਦੀ ਪ੍ਰਾਪਤੀ ਲਈ ਤਾਂ ਹਰ ਸਮੇਂ ਸਿਰ ਤਲੀ ਤੇ ਰੱਖਣਾ ਪੈਂਦਾ ਹੈ। ਹਰ ਪ੍ਰਕਾਰ ਦਾ ਤਿਆਗ ਇਸ ਦੀ ਪਹਿਲੀ ਸ਼ਰਤ ਹੈ। ਇਨ੍ਹਾਂ ਭਾਵਾਂ ਤੋਂ ਬਿਨਾਂ ਆਰੀਆ, ਸ਼ਹਾਦਤ ਦੇ ਮਾਰਗ ਦੀ ਗੱਲ ਹੀ ਨਹੀਂ ਸੋਚਦੇ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਇਹ ਤਿਆਗ ਉਚ ਕੋਟੀ ਦਾ ਹੈ। ਇਸ ਪਰਥਾਏ ਆਰੀਆ ਦੇ ਕਥਨ ਇਵੇਂ ਹਨ :

. . . ਸਭ ਤੋਂ ਵੱਡਾ ਤਿਆਗੀ ਪੁਰਸ਼ ਉਹ ਹੁੰਦਾ ਹੈ ਜੋ ਦੂਜਿਆਂ ਦੀ ਭਲਾਈ ਲਈ ਆਪਣੇ ਪ੍ਰਾਣ ਤਿਆਗਦਾ ਹੈ ਤੇ ਗੁਰੂ ਜੀ ਨੇ ਦੂਜਿਆਂ ਦੇ ਲਾਭ ਲਈ ਨਾ ਕੇਵਲ ਆਪਣੇ ਪ੍ਰਾਣ ਹੀ ਤਿਆਗੇ ਸਗੋਂ ਉਨ੍ਹਾਂ ਸਭ ਕੁਝ ਜੋ ਕੁਝ ਵੀ ਉਨ੍ਹਾਂ ਦਾ ਇਸ ਸੰਸਾਰ ਵਿਚ ਸੀ ਤੇ ਕਿਸੇ ਕੋਲ ਹੋ ਸਕਦਾ ਹੈ, ਉਹ ਦੇਸ਼ ਭਗਤੀ ਤੇ ਲਾ ਦਿੱਤਾ। ਜੋ ਪਾਈ ਪੈਸਾ ਉਨ੍ਹਾਂ ਪਾਸ ਆਇਆ ਉਹ ਸਾਰਾ ਕੌਮ ਦੇ ਅਰਪਨ ਕੀਤਾ। ਆਪ ਜੀ ਨੇ ਸਾਰੀ ਸੰਤਾਨ ਕੌਮ ਤੋਂ ਘੋਲ ਘੁਮਾਈ। ਆਪਣੇ ਪੰਜ ਪਿਆਰੇ ਕੌਮ ਤੋਂ ਵਾਰੇ, ਆਪਣੀ ਤਾਕਤ ਤੇ ਬਾਹੂਬਲ ਨੂੰ ਕੌਮ ਦੇ ਲੇਖੇ ਲਾਇਆ। ਆਪਣੀ ਦਿਮਾਗੀ ਸ਼ਕਤੀ ਕੌਮ ਲਈ ਵਕਫ ਕੀਤੀ (ਲਗਾਈ)। ਉਸਾਰੂ ਸਾਹਿਤ ਰਚਿਆ ਤੇ ਕੌਮ ਵਿਚ ਨਵਾਂ ਜੀਵਨ ਤੇ ਸਾਹਸ ਪੈਦਾ ਕੀਤਾ। ਆਪਣੇ ਸੁਖ ਚੈਨ ਨੂੰ ਕੌਮ ਤੋਂ ਘੋਲ ਘੁਮਾਇਆ। ਆਪਣੇ ਸਰੀਰ ਤੇ ਜਿਸਮ ਦੇ ਲਹੂ ਨੂੰ ਕੌਮ ਤੋਂ ਨਿਛਾਵਰ ਕੀਤਾ। ਕਿਹੜੀ ਚੀਜ਼ ਸੀ ਜੋ ਕੌਮ ਦੇ ਅਰਪਨ ਨਹੀਂ ਕੀਤੀ? ਕਿਹੜੀ ਚੀਜ਼ ਸੀ ਜੋ ਕੌਮ ਤੋਂ ਛੁਪਾ ਕੇ ਰਖੀ? ਇਸ ਵਾਸਤੇ ਹੀ ਭਾਰਤ ਵਿਚ ਸਭ ਤੋਂ ਵੱਡੇ ਤਿਆਗੀ ਗੁਰੂ ਗੋਬਿੰਦ ਸਿੰਘ ਜੀ ਹੀ ਸਨ ਕਿਉਂਕਿ ਉਨ੍ਹਾਂ ਦਾ ਤਿਆਗ ਨਿਰੋਲ ਕੌਮ ਤੇ ਦੇਸ਼ ਲਈ ਸੀ। ਉਹ ਮਨੁੱਖਤਾ ਦੇ ਸੱਚੇ ਪ੍ਰੇਮੀ ਤੇ ਆਸ਼ਕ ਸਨ।

ਗੁਰੂ ਸਾਹਿਬ ਦੇ ਇਸ ਲਾਸਾਨੀ ਤਿਆਗ ਤੇ ਕੁਰਬਾਨੀ ਦੇ ਜਜ਼ਬੇ ਨੇ ਭਾਰਤ ਵਾਸੀਆਂ ਵਿਚ ਧਰਮ ਯੁਧ ਦਾ ਚਾਅ ਚਾੜ੍ਹ ਦਿੱਤਾ। ਉਸ ਦੇ ਸੂਰਬੀਰ ਯੋਧੇ, ਮੌਤ ਨਾਲ ਮਖੌਲਾਂ ਕਰਨ ਲਗ ਪਏ। ਇਤਿਹਾਸਕਾਰ ਖ਼ਾਲਸੇ ਦੀ ਸਿਰਜਨਾ ਅਤੇ ਨੇਕੀ ਦੀ ਜਿਤ ਲਈ ਇਸ ਦੇ ਜੂਝਣ ਦੀ ਰੁਚੀ ਨੂੰ ਇਕ ਕਰਾਮਾਤ ਸਮਝਣ ਲੱਗੇ। ਆਰੀਆ ਵੀ ਇਸ

ਨੂੰ ਇਕ ਅਦੁਤੀ ਕਰਾਮਾਤ ਦਾ ਪ੍ਰਗਟਾਵਾ ਦਸਦਿਆਂ ਕਹਿੰਦੇ ਹਨ :-

. . . ਗੁਰੂ ਜੀ ਪਾਸ ਜੇ ਕੋਈ ਵੱਡੀ ਕਰਾਮਾਤ ਸੀ ਤਾਂ ਉਹ ਉਨ੍ਹਾਂ ਦੀ ਜਾਦੂ ਬਿਆਨੀ ਸੀ, ਜਿਸ ਨਾਲ ਉਨ੍ਹਾਂ ਮੁਰਦਾ ਕੌਮ ਵਿਚ ਜੀਵਨ ਜੋਤਿ ਜਗਾਈ, ਜਿਸ ਨੇ ਐਸੇ ਕ੍ਰਿਸ਼ਮੇ ਕਰ ਵਿਖਾਏ ਜੋ ਬਿਆਨ ਤੋਂ ਬਾਹਰ ਹਨ। ਮੁਰਦਾ ਹੋ ਚੁੱਕੀ ਹਿੰਦੂ ਜਾਤੀ ਦੀਆਂ ਰਗਾਂ ਰੇਸ਼ਿਆਂ ਵਿਚ ਸਦੀਆਂ ਦਾ ਜੰਮਿਆ ਖ਼ੂਨ ਪਿਘਲ ਪਿਆ ਤੇ ਬਹਾਦਰੀ ਤੇ ਵੀਰਤਾ ਉਨ੍ਹਾਂ ਅੰਦਰੋਂ ਆਪ ਮੁਹਾਰੇ ਜਵਾਲਾ ਰੂਪ ਹੋ ਕੇ ਲਾਵੇ ਵਾਂਗ ਫੁਟ ਨਿਕਲੀ।

ਆਪਣੇ ਮਿਸ਼ਨ ਨੂੰ ਕਾਮਯਾਬ ਕਰਨ ਮਗਰੋਂ ਆਖਰ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਆਇਆ ਜਿਸ ਨੂੰ ਆਰੀਆ ਨੇ ਬੜੇ ਅਫਸੋਸਨਾਕ ਤੇ ਦਰਦ ਭਰੇ ਸ਼ਬਦਾਂ ਵਿਚ ਇਵੇਂ ਕਲਮਬੰਦ ਕੀਤਾ :

. . . ਮੁਸੀਬਤ ਵਿਚ ਫਸੀ ਹਿੰਦੂ ਜਾਤੀ ਲਈ ਸਾਜਿਆ ਤੇ ਭੇਜਿਆ ਹੋਇਆ ਵਿਅਕਤੀ ਜਿਸ ਦੀ ਰੌਸ਼ਨੀ ਵਿਚ ਹਿੰਦੂ ਜਾਤੀ ਨੇ ਦੁਬਾਰਾ ਵੇਖਣਾ ਸ਼ੁਰੂ ਕੀਤਾ, ਜਿਸ ਦੀ ਗਰਮਾਇਸ਼ ਨਾਲ ਉਸ ਦੇ ਉਜੜੇ ਬਾਗਾਂ ਦੇ ਸੁੱਕੇ, ਮੁਰਝਾਏ ਤੇ ਕੁਮਲਾਏ ਬੂਟਿਆਂ ਵਿਚ ਫਿਰ ਹਰਿਆਵਲ ਤੇ ਰੌਣਕ ਆਈ, ਉਹ ਕਾਲ ਦੇ ਹਨੇਰੇ ਵਿਚ ਸਦਾ ਲਈ ਛੁਪ ਗਿਆ। ਉਹ ਕੌਮ ਲਈ ਆਸ਼ਾਵਾਂ ਦੀ ਕਿਰਨ, ਦੇਸ਼ ਤੇ ਪ੍ਰੇਮ ਦੀ ਕੜਕਦੀ ਬਿਜਲੀ, ਭਾਰਤ ਭੂਮੀ ਤੇ ਦੇਸ਼ ਭਗਤੀ ਦੇ ਕਤਰਿਆਂ ਨਾਲ ਭਰਪੂਰ ਬਦਲ ਜਿਨ੍ਹਾਂ ਨਾਲ ਹਿੰਦੂ ਜਾਤੀ ਦੇ ਸੜਦੇ ਹਿਰਦੇ ਤੇ ਸਰੀਰ ਨੂੰ ਠੰਡਕ ਮਿਲਦੀ ਸੀ, ਉਸ ਨੂੰ ਕਾਲ ਦੀ ਹਨੇਰੀ ਭਾਰਤ ਦੇ ਅਕਾਸ਼ ਤੋਂ ਉਡਾ ਕੇ ਲੈ ਗਈ। ਉਹ ਦਰਿਆ ਜਿਸ ਦੇ ਨਿਰਮਲ ਜਲ ਦੀਆਂ ਲਹਿਰਾਂ ਨਾਲ ਭਾਰਤ ਵਰਸ਼ ਦੇ ਉਜੜੇ ਹੋਏ ਖੇਤ, ਰੁਖ ਤੇ ਬੂਟੇ ਮੁੜ ਹਰੇ ਭਰੇ ਹੋਣਾ ਸਦਾ ਲੋਚਦੇ ਸਨ, ਤੇਜ਼ ਹੜ ਬਣ ਕੇ ਵਹਿ ਗਿਆ। ਉਹ ਮਹਾਨ ਆਤਮਾ ਜੋ ਮੁਰਦਾ ਹੋ ਚੁਕੀ ਹਿੰਦੂ ਜਾਤੀ ਨੂੰ ਸੁਰਜੀਤ ਕਰਨ ਆਈ ਸੀ, ਸੰਸਾਰ ਤੋਂ ਅਲੋਪ ਹੋ ਗਈ। ਉਹ ਪ੍ਰੇਮ ਨਾਲ ਮਘਦਾ ਦਿਲ ਜੋ ਹਿੰਦੂ ਜਾਤੀ ਲਈ ਜਿਗਰ ਦਾ ਲਹੂ ਸੀ ਤੇ ਉਸ ਦੀ ਭਲਾਈ ਤੇ ਉਨਤੀ ਲਈ ਤੜਪਦਾ ਸੀ, ਸਦਾ ਲਈ ਠੰਡਾ ਹੋ ਗਿਆ। ਦੇਸ਼ ਦਾ ਸੱਚਾ ਪ੍ਰੇਮੀ ਤੇ ਹਿੰਦ ਵਾਸੀਆਂ ਦਾ ਸੱਚਾ ਮਿੱਤਰ ਤੇ ਦਰਦੀ ਅਤੇ ਗ਼ਮਾਂ ਦਾ ਭਾਈਵਾਲ, ਸ਼ੁਭ ਚਿੰਤਕ ਸੱਚਾ ਰਹਿਬਰ ਤੇ ਜਰਨੈਲ ਆਖਰ ਸਦਾ ਸਦਾ ਲਈ ਅਲਵਿਦਾ ਕਹਿ ਕੇ ਚਲਾ ਗਿਆ ਪਰ ਆਪਣੀਆਂ ਹਡੀਆਂ ਦੀ ਖਾਦ ਤੇ ਆਪਣੇ ਖ਼ੂਨ ਦੇ ਪਾਣੀ ਨਾਲ ਕੌਮੀ ਬੂਟੇ ਨੂੰ ਲਾ ਗਿਆ ਜੋ ਨਾ ਕੇਵਲ ਫੁਟਿਆ, ਸਗੋਂ ਵਧਿਆ, ਫੁਲਿਆ ਤੇ ਭਰਵੇਂ ਫਲ ਵੀ ਲਿਆਇਆ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ (ਕਬੀਰ, ਪੰਨਾ-1365)

. . ਉਹ (ਗੁਰੂ ਗੋਬਿੰਦ ਸਿੰਘ) ਬਾਮੁਰਾਦ ਗਏ ਤੇ ਕਾਮਯਾਬ ਗਏ। ਉਹ ਸਭ ਕੁਝ ਕਰ ਗੁਜ਼ਰੇ ਜਿਸ ਦਾ ਵੀ ਉਨ੍ਹਾਂ ਸੰਕਲਪ ਧਾਰਿਆ। ਖਾਲਸਾ ਜੀ ਕੀ ਤੁਸੀਂ ਗੁਰੂ ਜੀ ਦੀ ਕਾਮਯਾਬੀ ਦੀ ਜੀਉਂਦੀ ਜਾਗਦੀ ਗਵਾਹੀ ਨਹੀਂ ਹੋ?' (ਪੰਨਾ-227-228)

ਉਕਤ ਸਾਰੀ ਲਿਖਤ ਤੋਂ ਕਿਸੇ ਨੂੰ ਇਹ ਭਰਮ ਨਾ ਹੋ ਜਾਏ ਕਿ ਗੁਰੂ ਸਾਹਿਬ ਹਿੰਦੂਆਂ ਦੇ ਹੱਕ ਵਿਚ ਸਨ ਪਰ ਮੁਸਲਮਾਨਾਂ ਦੇ ਖਿਲਾਫ ਸਨ ਇਸ ਲਈ ਇਸ ਬਾਰੇ ਵੀ ਆਰੀਆ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਵਿਚਾਰ ਕਲਮਬੰਦ ਕੀਤੇ ਹਨ:-

. . .ਉਹ ਇਸਲਾਮ ਦੇ ਦੁਸ਼ਮਣ ਨਹੀਂ ਸਨ ਤੇ ਨਾ ਹੀ ਉਨ੍ਹਾਂ ਨੂੰ ਅਜਿਹੀ ਦੁਸ਼ਮਣੀ

ਤੋਂ ਕੋਈ ਵਿਸ਼ੇਸ਼ ਲਾਭ ਹੋ ਸਕਦਾ ਸੀ। ਪਰ ਉਹ ਉਨ੍ਹਾਂ ਮੁਸਲਮਾਨ ਜਰਵਾਣਿਆਂ ਦੇ ਵਿਰੋਧੀ ਜ਼ਰੂਰ ਸਨ ਜੋ ਮਜ਼ਹਬ ਦੀ ਆੜ ਵਿਚ ਜਬਰ ਤੇ ਜ਼ੁਲਮ ਕਰ ਰਹੇ ਸਨ, ਜਿਹੜੇ ਖ਼ੁਦ ਇਸਲਾਮ ਦੇ ਨਾਂ ਨੂੰ ਕਲੰਕਤ ਕਰ ਰਹੇ ਸਨ ਤੇ ਨਾਮ ਧਰੀਕ ਮੁਸਲਮਾਨ ਹੀ ਸਨ ਪਰ ਅਸਲੀਅਤ ਵਿਚ ਜ਼ਾਲਮ, ਧਾੜਵੀ ਤੇ ਵਹਿਸ਼ੀ ਸਨ। ਉਹ ਇਸਲਾਮ ਦੇ ਪਰਚਾਰ ਦੇ ਬਹਾਨੇ ਹਰ ਤਰ੍ਹਾਂ ਦੇ ਕਤਲ ਕਰਦੇ ਤੇ ਹਰ ਧਰਮ ਦੀ ਤੌਹੀਨ (ਨਿਰਾਦਰੀ) ਕਰਦੇ ਸਨ ਤੇ ਕਿਸੇ ਵਿਅਕਤੀ ਨੂੰ ਵੀ ਮਾਰਨਾ ਅਤੇ ਲੁਟਣਾ ਪਵਿੱਤਰ ਕੰਮ ਸਮਝਦੇ ਸਨ। ਸਮੁੱਚੇ ਤੌਰ ਤੇ ਇਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਸਾਰੀ ਮਨੁੱਖ ਜਾਤੀ ਨੂੰ ਇਕੋ ਹੀ ਸਮਝਦੇ ਸਨ;

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ॥
ਮਾਨਸ ਕੀ ਜਾਤ ਸਭੈ ਇਕੈ ਪਹਿਚਾਨਬੋ॥

ਅੰਤ ਸਾਰੀ ਵਾਰਤਾ ਨੂੰ ਸੰਪੰਨ ਕਰਦੇ ਹੋਏ ਆਰੀਆ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹਸਤੀ ਨੂੰ ਖਰਾਜਿ-ਅਕੀਦਤ (ਸ਼ਰਧਾ ਦੇ ਪੁਸ਼ਪ) ਪੇਸ਼ ਕਰਦੇ ਕਹਿੰਦੇ ਹਨ :

. . . **ਜੇ ਅੱਖਾਂ ਉਤੇ ਤੁਅੱਸਬ, (ਫਿਰਕਾਪ੍ਰਸਤੀ) ਦੀ ਪੱਟੀ ਨਾ ਬੱਝੀ ਹੋਵੇ ਤੇ ਦਿਲ ਪਖਪਾਤ ਤੋਂ ਪਾਕ ਸਾਫ ਹੋਵੇ ਤਦ ਗੁਰੂ ਗੋਬਿੰਦ ਸਿੰਘ ਜੀ ਸਾਰੇ ਮਜ਼ਬ੍ਹਾਂ ਦੇ ਪੈ.ਗੰਬਰਾਂ ਅਤੇ ਸਾਰੇ ਧਰਮਾਂ ਦੇ ਬਾਨੀਆਂ ਦੇ ਸਿਰਤਾਜ ਤੇ ਮੋਹਰੀ ਹਨ ।"** (ਪੰਨਾ-114)

ਆਰੀਆ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਉਤੇ ਇਹ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਇਸਲਾਮ ਦੇ ਦੁਸ਼ਮਣ ਨਹੀਂ ਸਨ ਸਗੋਂ ਜ਼ੁਲਮ ਦੇ ਵਿਰੁਧ ਸਨ ਉਹ ਜ਼ੁਲਮ ਭਾਵੇਂ ਕੋਈ ਮੁਸਲਮਾਨ ਕਰੇ, ਹਿੰਦੂ ਕਰੇ, ਮਸੰਦ ਕਰੇ ਜਾਂ ਉਨ੍ਹਾਂ ਦਾ ਕੋਈ ਆਪਣਾ ਸਿੱਖ ਕਰੇ। **"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"** ਦਾ ਉਪਦੇਸ਼ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਸਾਹਿਬ ਇਸਲਾਮ ਦੇ ਦੁਸ਼ਮਣ ਕਿਵੇਂ ਹੋ ਸਕਦੇ ਸਨ ਸਗੋਂ ਉਨ੍ਹਾਂ ਦੀ ਸੰਗਤ ਵਿਚ ਬੇਸ਼ੁਮਾਰ ਮੁਸਲਮਾਨ ਫਕੀਰ, ਯੋਧੇ, ਜਰਨੈਲ ਤੇ ਖੁਦਾਪਰਸਤ ਸ਼ਹਿਰੀ ਸਨ ਜੋ ਉਨ੍ਹਾਂ ਦੇ ਮਿਸ਼ਨ ਦੀ ਪੂਰਤੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦੇਣਾ ਫ਼ਖਰ ਵਾਲੀ ਗੱਲ ਸਮਝਦੇ ਸਨ। ਸਮਝਦੇ ਹੀ ਨਹੀਂ ਸਗੋਂ ਉਨ੍ਹਾਂ ਨੂੰ ਅਜਿਹਾ ਕਰਨ ਵਿਚ ਮਾਣ ਮਹਿਸੂਸ ਹੁੰਦਾ ਸੀ। ਅਜਿਹੇ ਲੰਬੇ ਤੇ ਫਖ਼ਰ ਯੋਗ ਇਤਿਹਾਸ ਵਿਚੋਂ ਕਣ ਮਾਤਰ ਕੁਝ ਤਥ ਇਥੇ ਪਾਠਕਾਂ ਦੇ ਸਨਮੁਖ ਪੇਸ਼ ਕਰਨੇ ਬੇਲੋੜੇ ਨਹੀਂ ਜਾਪਦੇ।

ਪੀਰ ਭੀਖਮ ਸ਼ਾਹ ਦਰਵੇਸ਼

ਪੀਰ ਭੀਖਮ ਸ਼ਾਹ ਦਰਵੇਸ਼ ਮੀਰਾਂ ਜੀ ਇਕ ਪ੍ਰਸਿਧ ਮੁਸਲਮਾਨ ਸੂਫੀ ਦਰਵੇਸ਼ ਹੋਏ ਹਨ ਜਿਨ੍ਹਾਂ ਨੇ ਪਟਿਆਲੇ ਦੇ ਨੇੜੇ ਘੁੜਾਮ ਪਿੰਡ ਵਿਚ ਆਪਣੀ ਉਮਰ ਦਾ ਕਾਫੀ ਹਿਸਾ ਭਗਤੀ ਵਿਚ ਗੁਜ਼ਾਰਿਆ ਤੇ ਇਸੇ ਸਥਾਨ ਤੇ ਹੀ ਉਨ੍ਹਾਂ ਦਾ ਮਜ਼ਾਰ (ਸਮਾਧੀ) ਅੱਜ ਵੀ ਹਿੰਦੂ, ਸਿੱਖ, ਮੁਸਲਮਾਨ ਸ਼ਰਧਾਲੂਆਂ ਲਈ ਬੜੀ ਅਕੀਦਤ ਦਾ ਮੁਰਾਤਬਾ ਰੱਖਦਾ ਹੈ। ਇਨ੍ਹਾਂ ਦੀ ਗੁਰੂ ਗੋਬਿੰਦ ਸਿੰਘ ਪ੍ਰਤੀ ਅਕੀਦਤ ਤੇ ਸਤਿਕਾਰ ਨਿਮਨ ਦਰਜ ਘਟਨਾਂ ਤੋਂ ਪ੍ਰਤਖ ਰੂਪ ਵਿਚ ਪ੍ਰਗਟ ਹੁੰਦਾ ਹੈ।

ਇਕ ਵਾਰੀ ਪੀਰ ਭੀਖਮ ਸ਼ਾਹ ਦਰਵੇਸ਼ ਘੁੜਾਮ ਵਿਖੇ ਆਪਣੇ ਚੇਲਿਆਂ ਨਾਲ ਰਲ ਕੇ ਪਛਮ (ਕਾਬ੍ਹੇ) ਵਲ ਮੂੰਹ ਕਰਕੇ ਨਮਾਜ਼ ਅਦਾ ਕਰ ਰਹੇ ਸਨ ਪਰ ਗੁਰੂ ਗੋਬਿੰਦ

ਸਿੰਘ ਜੀ ਦੇ ਪੂਰਬ ਵਿਚ ਪਟਨਾ ਸਾਹਿਬ ਵਿਖੇ ਅਵਤਾਰ ਧਾਰਨ ਕਰ ਲੈਣ ਕਰਕੇ, ਪੀਰ ਜੀ ਨੇ ਆਪਣਾ ਮੂੰਹ ਪੱਛਮ ਤੋਂ ਭੰਵਾ ਕੇ ਪੂਰਬ (ਪਟਨਾ ਸਾਹਿਬ) ਵਲ ਕਰ ਲਿਆ। ਚੇਲਿਆਂ ਨੇ ਸਮਝਿਆ ਕਿ ਸ਼ਾਇਦ ਪੀਰ ਜੀ ਨੂੰ ਕੁਝ ਟਪਲਾ ਲਗ ਗਿਆ ਹੈ। ਉਨ੍ਹਾਂ ਨੇ ਪੀਰ ਜੀ ਨੂੰ ਆਪਣੀ ਦਿਸ਼ਾ ਠੀਕ ਕਰ ਲੈਣ ਲਈ ਬੇਨਤੀ ਕੀਤੀ ਪਰ ਪੀਰ ਜੀ ਨੇ ਉੱਤਰ ਦਿੱਤਾ ਕਿ ਜਿਸ ਜੋਤ ਨੂੰ ਉਹ ਪੱਛਮ ਵਲ ਵੇਖ ਕੇ ਨਮਾਜ਼ ਪੜ੍ਹਦੇ ਸਨ, ਉਹ ਹੁਣ ਪੂਰਬ ਵਲ਼ ਪਰਗਟ ਹੋ ਗਈ ਹੈ ਇਸ ਲਈ ਉਸ ਦੇ ਸਤਿਕਾਰ ਵਿਚ ਆ ਕੇ ਉਨ੍ਹਾਂ ਨੇ ਆਪਣਾ ਮੂੰਹ ਪੂਰਬ ਵਲ ਕਰ ਲਿਆ ਹੈ। ਇਹ ਪੀਰ ਜੀ ਦਾ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਅਧਿਆਤਮਿਕ ਹਸਤੀ ਵਜੋਂ ਸੰਸਾਰ ਆਗਮਨ ਤੇ ਅਪਣੀ ਦਿੱਭ ਦ੍ਰਿਸ਼ਟੀ ਤੇ ਅਧਾਰਤ ਐਲਾਨ ਸੀ ਜਿਸ ਦੀ ਪਰੋੜ੍ਹਤਾ ਲਈ ਉਨ੍ਹਾਂ ਨੂੰ ਆਪਣੇ ਚੇਲਿਆਂ ਨੂੰ ਪਟਨਾ ਸਾਹਿਬ ਲੈ ਕੇ ਜਾਣਾ ਪਿਆ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਵਾ ਕੇ ਉਨ੍ਹਾਂ ਦੇ ਸ਼ੰਕੇ ਨਵਿਰਤ ਕਰਵਾਣੇ ਪਏ।

22 ਦਿਨਾਂ ਦਾ ਸਫ਼ਰ ਤੈਅ ਕਰਕੇ ਪੀਰ ਭੀਖਮ ਸ਼ਾਹ ਦੀ ਅਗਵਾਈ ਹੇਠ ਉਨ੍ਹਾਂ ਦੇ ਚੇਲਿਆਂ ਦੀ ਜ਼ਗਿਆਸੂ ਟੋਲੀ ਪਟਨਾ ਸਾਹਿਬ ਪਹੁੰਚੀ ਜਿਥੇ ਮਾਸੂਮ ਗੋਬਿੰਦ ਜੀ ਨੇ ਮਾਤਾ ਗੁਜਰੀ ਦੀ ਕੁੱਖੋਂ ਜਨਮ ਲੈ ਕੇ ਕੁਝ ਦਿਨ ਪਹਿਲਾਂ ਹੀ ਆਪਣਾ ਸੰਸਾਰਕ ਸਫਰ ਅਰੰਭਿਆ ਸੀ। ਗੁਰੂ ਜੀ ਦੇ ਮਾਮਾ ਕਿਰਪਾਲ ਜੀ ਨੂੰ ਪੀਰ ਭੀਖਮ ਸ਼ਾਹ ਤੇ ਉਨ੍ਹਾਂ ਦੇ ਦਰਵੇਸ਼ ਯਾਤਰੂ ਸਾਥੀਆਂ ਨੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਨਵ ਜਨਮੇ ਬਾਲਕ ਦੇ ਦਰਸ਼ਨ ਕਰਾਏ ਜਾਣ ਅਤੇ ਉਹ ਪੂਰਨ ਆਸ ਰਖਦੇ ਹਨ ਕਿ ਉਨ੍ਹਾਂ ਦੇ ਕੁਝ ਸ਼ੰਕੇ ਉਹ ਮਾਸੂਮ ਬਾਲਕ ਜ਼ਰੂਰ ਨਵਿਰਤ ਕਰੇਗਾ। ਦਰਵੇਸ਼ਾਂ ਨੇ ਆਪਸ ਵਿਚ ਗੋਂਦ ਗੁੰਦ ਲਈ ਕਿ ਬਾਲਕ ਕਿਉਂਕਿ ਹਾਲੇ ਬੋਲ ਸਕਣ ਦੇ ਸਮਰਥ ਨਹੀਂ ਇਸ ਲਈ ਕੋਈ ਅਜਿਹਾ ਰਾਹ ਅਪਣਾਇਆ ਜਾਵੇ ਜਿਸ ਤੋਂ ਉਸ ਦੀ ਰੁਹਾਨੀ ਸ਼ਕਤੀ ਬਾਰੇ ਸਭ ਦੀ ਤਸੱਲੀ ਹੋ ਸਕੇ। ਫੈਸਲਾ ਹੋਇਆ ਕਿ ਭੀਖਮ ਸ਼ਾਹ ਜੀ ਦੋ ਵੱਖ ਵੱਖ ਇਕੋ ਜਿਹੀਆਂ ਕੁਜੀਆਂ ਦੋਵੇਂ ਹੱਥਾਂ ਤੇ ਰਖ ਕੇ ਨਨ੍ਹੇ ਗੋਬਿੰਦ ਜੀ ਦੇ ਅੱਗੇ ਕਰਨਗੇ। ਇਨ੍ਹਾਂ ਦੋਹਾਂ ਕੁੱਜੀਆਂ ਵਿਚੋਂ ਇਕ ਵਿਚ ਜਲ ਹੋਵੇਗਾ ਜੋ ਮੁਸਲਮਾਨ ਧਰਮ ਦੇ ਸਮਰਥਕਾਂ ਦੀ ਪ੍ਰਤੀਨਿਧਤਾ ਕਰੇਗਾ ਤੇ ਦੂਜੀ ਵਿਚ ਦੁੱਧ ਹੋਵੇਗਾ ਜੋ ਹਿੰਦੂ ਧਰਮ ਦੀ ਨੁਮਾਇੰਦਗੀ ਵਜੋਂ ਸਮਝਿਆ ਜਾਵੇਗਾ। ਜੇਕਰ ਗੋਬਿੰਦ ਸਿਰਫ ਮੁਸਲਮਾਨ ਧਰਮ ਦੇ ਰਹਿਬਰ ਹੋਏ ਤਦ ਉਹ ਪਾਣੀ ਵਾਲੀ ਕੁਜੀ ਤੇ ਹਥ ਲਾਵਣਗੇ ਪਰ ਜੇਕਰ ਉਹ ਹਿੰਦੂ ਧਰਮ ਦੇ ਆਗੂ ਹੋਏ ਤਾਂ ਨਿਸ਼ਚੇ ਹੀ ਦੂਜੀ ਦੁੱਧ ਵਾਲੀ ਕੁਜੀ ਤੇ ਹੱਥ ਧਰਨਗੇ ਅਤੇ ਜੇ ਉਨ੍ਹਾਂ ਵਿਚ ਕੋਈ ਰੁਹਾਨੀ ਸ਼ਕਤੀ ਨਾ ਹੋਈ ਤਾਂ ਉਹ ਕਿਸੇ ਵੀ ਕੁਜੀ ਤੇ ਹੱਥ ਨਹੀਂ ਰਖਣਗੇ ਪਰ ਜੇਕਰ ਉਹ ਰੱਬ ਵਲੋਂ ਭੇਜੀ ਹੋਈ ਇਕ ਵਿਸ਼ਿਸ਼ਟ ਜੋਤ ਹੋਏ ਜਿਸ ਲਈ ਹਿੰਦੂ ਵੀ ਉਹੋ ਜਿਹੇ ਹਨ ਜਿਹੋ ਜਿਹੇ ਮੁਸਲਮਾਨ ਹਨ, ਜਿਸ ਲਈ ਨਾ ਕੋਈ ਉੱਚਾ ਹੈ ਤੇ ਨਾ ਕੋਈ ਨੀਵਾਂ, ਤਦ ਉਹ ਇੱਕੋ ਸਮੇਂ ਦੋਵੇਂ ਕੁਜੀਆਂ ਤੇ ਆਪਣੇ ਦੋਨੋਂ ਹੱਥ ਰਖ ਦੇਵਣਗੇ। ਇਸ ਮਿਥੇ ਹੋਏ ਸੰਕਲਪ ਨਾਲ ਸੱਯਦ ਭੀਖਮ ਸ਼ਾਹ ਨੇ ਦੋਵੇਂ ਕੁਜੀਆਂ ਬਾਲਕ ਗੋਬਿੰਦ ਜੀ ਅੱਗੇ ਰਖੀਆਂ। ਉਹ ਸਭ ਨੂੰ ਆਪਣੇ ਆਸ ਪਾਸ ਦੇਖ ਕੇ ਮੁਸਕਰਾ ਪਏ ਤੇ ਬਹੁਤ ਸੁਹਣੀ ਮੁਸਕਾਨ ਨਾਲ ਉਨ੍ਹਾਂ ਨੇ ਇਕੋ ਪਲ ਦੋਵੇਂ ਕੁਜੀਆਂ ਤੇ ਹੱਥ ਰਖ ਕੇ ਸਭ ਦੀ ਤਸੱਲੀ ਕਰਾ ਦਿੱਤੀ ਕਿ ਉਹ ਇਕ ਰੱਬੀ ਸ਼ਕਤੀ ਹਨ ਅਤੇ ਸਾਰੀ ਮਨੁੱਖਤਾ ਦੇ ਰਹਿਬਰ ਹਨ। ਇਸ ਤਰ੍ਹਾਂ ਸਯੱਦ ਭੀਖਮ ਸ਼ਾਹ ਦੀ ਭਵਿੱਖ ਬਾਣੀ ਨੂੰ ਸਾਰੇ ਚੇਲਿਆਂ ਨੇ ਮੰਨਿਆਂ ਤੇ ਉਹ ਗੁਰੂ ਜੀ ਦੇ

ਦਰਸ਼ਨ ਕਰਨ ਉਪਰੰਤ ਖੁਸ਼ੀ ਖੁਸ਼ੀ ਘੁੜਾਮ ਪਰਤੇ। ਫਿਰ ਕੀ ਸੀ, ਉਹ ਸਾਰੇ ਗੁਰੂ ਗੋਬਿੰਦ ਸਿੰਘ ਦੇ ਉਪਾਸ਼ਕ ਹੋ ਗਏ, ਉਨ੍ਹਾਂ ਨੂੰ ਆਪਣਾ ਮੁਰਸ਼ਦ ਸਮਝਦੇ ਤੇ ਆਪਣੀ ਲਿਵ ਉਨ੍ਹਾਂ ਵਲ ਜੋੜੀ ਰਖਦੇ।

ਹਰਿ ਮਨਿ ਤਨਿ ਵਸਿਆ ਸੋਈ ਜੈਜੈਕਾਰੁ ਕਰੇ ਸਭੁ ਕੋਈ॥ (ਪੰਨਾ-629)

ਭਾਵੇਂ ਸੂਫੀ ਮੁਸਲਮਾਨ, ਇਸਲਾਮ ਧਰਮ ਦੇ ਧਾਰਨੀ ਸਨ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਆਤਮਿਕ ਤੇ ਅਧਿਆਤਮਿਕ ਤਸਕੀਨ (ਸ਼ਾਂਤੀ) ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹਸਤੀ ਤੋਂ ਹੀ ਪ੍ਰਾਪਤ ਹੋਈ। ਇਸ ਤੋਂ ਵੀ ਗੁਰੂ ਸਾਹਿਬ ਦੀ ਮਹਾਨ ਅਤੇ ਸਰਬਵਿਆਪੀ ਅਧਿਆਤਮਿਕ ਅਜ਼ਮਤ (ਵੱਡੇਪੰਨ) ਦੇ ਦਰਸ਼ਨ ਹੁੰਦੇ ਹਨ।

ਪੀਰ ਬੁਧੂ ਸ਼ਾਹ ਜੀ ਸਡੌਰੇ ਵਾਲੇ

ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਉਪਾਸ਼ਕਾਂ ਵਿਚ ਮਜ਼ਬਾਂ ਤੇ ਮਿਲਤਾਂ ਦੇ ਘੇਰੇ ਤੋਂ ਬੇਨਿਆਜ਼ ਹੋ ਕੇ ਹਰ ਉਹ ਵਿਅਕਤੀ ਸ਼ਾਮਲ ਹੋ ਜਾਂਦਾ ਸੀ ਜਿਹੜਾ ਹੱਕ ਇਨਸਾਫ ਦਾ ਅਲੰਬਰਦਾਰ ਸੀ, ਜਿਸ ਨੂੰ ਜ਼ਾਤ ਪਾਤ ਤੇ ਉਚ ਨੀਚ ਦੀਆਂ ਵੰਡੀਆਂ ਭਰੀਆਂ ਦੀਵਾਰਾਂ ਤੋਂ ਨਫਰਤ ਸੀ ਅਤੇ ਜਿਹੜਾ ਧਰਮ ਤੇ ਮਾਨਵਤਾ ਦੀ ਬੇਲਾਗ ਸੇਵਾ ਦਾ ਚਾਹਵਾਨ ਸੀ। ਗੁਰੂ ਸਾਹਿਬ ਦੇ ਅਜਿਹੇ ਭਗਤਾਂ ਵਿਚ ਪੀਰ ਭੀਖਮ ਸ਼ਾਹ ਦੀ ਉਨ੍ਹਾਂ ਪ੍ਰਤੀ ਸ਼ਰਧਾ ਦੇ ਉਕਤ ਲਿਖਤ ਸੰਖੇਪ ਜਹੇ ਦਰਸ਼ਨਾਂ ਤੋਂ ਮਗਰੋਂ ਉਨ੍ਹਾਂ ਦੇ ਇਕ ਹੋਰ ਅਜਿਹੇ ਉਪਾਸ਼ਕ ਦੀ ਗੁਰੂ ਸਾਹਿਬ ਪ੍ਰਤੀ ਸਿਦਕਦਿਲੀ ਦਾ ਥੋੜ੍ਹਾ ਜਿਹਾ ਵਰਨਣ ਕਰਨਾ ਉਚਿਤ ਸਮਝਿਆ ਜਾਂਦਾ ਹੈ ਜਿਸ ਨੇ ਗੁਰੂ ਸਾਹਿਬ ਦੀ ਹਸਤੀ ਵਿਚ ਆਪਣਾ ਸਭ ਕੁਝ ਕੁਰਬਾਨ ਕਰ ਦੇਣਾ ਇਕ ਪਵਿੱਤਰ ਫਰਜ਼ ਸਮਝਿਆ। ਇਸ ਪ੍ਰੇਮੀ ਦਾ ਨਾਂ ਬਦਰੂਦੀਨ ਸੀ ਪਰ ਗੁਰੂ ਸਾਹਿਬ ਵਲੋਂ ਉਸ ਨੂੰ ਪਿਆਰ ਨਾਲ ਬੁਧੂ ਸ਼ਾਹ ਕਹਿਣ ਨਾਲ ਉਸ ਦਾ ਨਾਂ ਬੁਧੂ ਸ਼ਾਹ ਹੀ ਪ੍ਰਚਲਤ ਹੋ ਗਿਆ। ਪੀਰ ਬੁਧੂ ਸ਼ਾਹ ਨੇ ਗੁਰੂ ਸਾਹਿਬ ਦੇ ਮਹਾਨ ਅਸੂਲਾਂ ਦੀ ਪੂਰਤੀ ਲਈ ਆਪਣੇ ਆਪ ਨੂੰ, ਆਪਣੇ ਤਿੰਨ ਪੁਤਰਾਂ ਅਸ਼ਰਫ, ਸੱਯਦ ਮੁਹੰਮਦ ਸ਼ਾਹ ਅਤੇ ਮੁਹੰਮਦ ਬਖਸ਼ ਨੂੰ, ਇਕ ਭਰਾ ਭੂਰੇ ਸ਼ਾਹ ਤੇ ਸੈਂਕੜੇ ਸਾਕ ਸਬੰਧੀਆਂ ਨੂੰ ਨਿਛਾਵਰ ਕਰਨ ਵਿਚ ਖੁਸ਼ੀ ਅਨੁਭਵ ਕੀਤੀ। ਪੀਰ ਬੁੱਧੂ ਸ਼ਾਹ ਅਤੇ ਉਨ੍ਹਾਂ ਦੇ ਤੀਜੇ ਪੁੱਤਰ ਮੁੰਹਮਦ ਬਖਸ਼ ਤੋਂ ਇਲਾਵਾ ਉਨ੍ਹਾਂ ਦੇ ਬਾਕੀ ਸਾਰੇ ਸਨੇਹੀ ਪਹਾੜੀ ਰਾਜਿਆਂ ਵਿਰੁੱਧ ਲੜਦੇ ਹੋਏ ਭੰਗਾਣੀ ਦੇ ਯੁਧ ਵਿਚ ਸ਼ਹੀਦ ਹੋਏ। ਪੀਰ ਬੁਧੂ ਜੀ ਨਾਲ ਸੰਬੰਧਿਤ ਘਟਨਾ ਇਵੇਂ ਹੈ :-

ਅਮਰੀਕਾ ਨਿਵਾਸੀ ਡਾ. ਨੈਨਸੀ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਸਾਹਿਬ ਚਮਕੌਰ ਦੀ ਜੰਗ ਮਗਰੋਂ ਪੀਰ ਬੁੱਧੂ ਪਾਸ ਸਡੌਰੇ ਵਿਖੇ ਠਹਿਰੇ ਸਨ ਕਿ ਮੁਗ਼ਲ ਫੌਜਾਂ ਨੂੰ ਇਸ ਗੱਲ ਦੀ ਸੂਹ ਮਿਲ ਗਈ। ਸਡੌਰੇ ਦੇ ਗਵਰਨਰ ਮੁੰਹਮਦ ਨੇ ਪੀਰ ਦੇ ਘਰ ਦਾ ਘੇਰਾ ਘੱਤਿਆ। ਆਖਿਰ ਪੀਰ ਨੂੰ ਮੰਨਣਾ ਪਿਆ ਕਿ ਗੁਰੂ ਜੀ ਉਨ੍ਹਾਂ ਦੇ ਘਰ ਵਿਚ ਹੀ ਹਨ। ਉਸਮਾਨ ਖਾਨ ਨੇ ਹੁਕਮ ਕੀਤਾ ਕਿ ਗੁਰੂ ਸਾਹਿਬ ਨੂੰ ਜ਼ਿੰਦਾ ਜਾਂ ਮੁਰਦਾ ਉਸਦੇ ਹਵਾਲੇ ਕੀਤਾ ਜਾਵੇ। ਪੀਰ ਨੇ ਗਵਰਨਰ ਨੂੰ ਕਿਹਾ ਕਿ ਗੁਰੂ ਜੀ ਉਸ ਦੇ ਮਹਿਮਾਨ ਹਨ ਇਸ ਲਈ ਉਹ ਉਨ੍ਹਾਂ ਨੂੰ ਉਸ ਦੇ ਹਵਾਲੇ ਕਰਨਾ ਠੀਕ ਨਹੀਂ ਸਮਝਦਾ ਪਰ ਉਸ ਨੇ ਗਵਰਨਰ ਨੂੰ ਵਿਸ਼ਵਾਸ ਦਿੱਤਾ ਕਿ ਉਹ ਗੁਰੂ ਜੀ ਨੂੰ ਆਪ ਕਤਲ ਕਰਕੇ ਉਨ੍ਹਾਂ

ਦਾ ਖੂਨ ਉਸਦੇ ਹਵਾਲੇ ਕਰ ਦੇਵੇਗਾ ਇਸ ਲਈ ਉਨ੍ਹਾਂ ਦੇ ਬੋਲਾਂ ਤੇ ਇਤਬਾਰ ਕੀਤਾ ਜਾਵੇ। ਉਸਮਾਨ ਖਾਨ ਪੀਰ ਹੋਰਾਂ ਦੀ ਇਸ ਗੱਲ ਤੇ ਸਹਿਮਤ ਹੋ ਗਿਆ। ਪੀਰ ਬੁਧੂ ਸ਼ਾਹ ਨੇ ਗੁਰੂ ਸਾਹਿਬ ਤੋਂ ਬੇਖਬਰ ਆਪਣੇ ਇਕ ਅਜ਼ੀਜ਼ ਪੁਤਰ ਮੁਹਮੰਦ ਬਖਸ਼ ਦਾ ਕਤਲ ਕਰਕੇ ਖੂਨ ਦੀ ਬਾਲਟੀ ਭਰੀ ਤੇ ਇਹ ਕਹਿ ਕੇ ਗਵਰਨਰ ਨੂੰ ਦੇ ਦਿੱਤੀ ਕਿ ਉਹ ਖੂਨ ਗੁਰੂ ਸਾਹਿਬ ਦਾ ਹੈ। ਗਵਰਨਰ ਉਸਮਾਨ ਖਾਨ ਇਤਬਾਰ ਕਰਕੇ ਖੂਨ ਦੀ ਬਾਲਟੀ ਲੈ ਕੇ ਖੁਸ਼ੀ ਖੁਸ਼ੀ ਚਲਾ ਗਿਆ ਪਰ ਜਦ ਖੂਨ ਟੈੱਸਟ ਕਰਵਾਇਆ ਗਿਆ ਤਾਂ ਸਾਬਤ ਹੋਇਆ ਕਿ ਉਹ ਖੂਨ ਕਈ ਕਾਰਨਾਂ ਕਰਕੇ ਗੁਰੂ ਗੋਬਿੰਦ ਸਿੰਘ ਦਾ ਨਹੀਂ ਹੋ ਸਕਦਾ। ਇਸ ਲਈ ਮੁਗ਼ਲਈ ਸਰਕਾਰ ਕਰੋਧ ਵਿਚ ਆ ਗਈ ਤੇ ਉਸ ਨੇ ਪੀਰ ਜੀ ਦਾ ਤੇ ਉਨ੍ਹਾਂ ਦੇ ਸਡੌਰੇ ਪਿੰਡ ਦਾ ਬਹੁਤ ਨੁਕਸਾਨ ਕੀਤਾ।

ਉਸਮਾਨ ਖਾਨ ਨੇ ਪੀਰ ਬੁੱਧੂ ਸ਼ਾਹ ਦੇ 21 ਮਾਰਚ 1704 ਈ: ਨੂੰ ਟੋਟੇ ਟੋਟੇ ਕਰਵਾ ਦਿਤੇ ਜੋ ਉਨ੍ਹਾਂ ਨੇ ਹਸਦੇ ਹਸਦੇ ਕਰਵਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਨੂੰ ਸਤਿਕਾਰਿਆ ਤੇ ਮਾਨਵ ਇਤਿਹਾਸ ਵਿਚ ਇਕ ਅਦੁੱਤੀ ਅਧਿਆਏ ਜੋੜਿਆ। ਇਸ ਉਕਤ ਘਟਨਾ ਤੋਂ ਪਹਿਲੇ ਵੀ ਪੀਰ ਜੀ ਨੇ ਗੁਰੂ ਸਾਹਿਬ ਦੀ ਸਲਾਮਤੀ ਲਈ ਕਮਾਲ ਕਰ ਦਿੱਤੀ ਸੀ। ਗੁਰੂ ਸਾਹਿਬ ਪੀਰ ਪਾਸ ਠਹਿਰੇ ਹੋਏ ਸਨ ਕਿ ਫੌਜੀ ਤਲਾਸ਼ੀ ਲੈਣ ਪੀਰ ਦੇ ਘਰ ਆ ਗਏ। ਪੀਰ ਦੇ ਘਰ ਦੀ ਤਲਾਸ਼ੀ ਲੈਂਦੇ ਲੈਂਦੇ ਫੌਜੀ ਜਦ ਹਵੇਲੀ ਦੇ ਉਸ ਪਾਸੇ ਵਲ ਵਧਣ ਲਗੇ ਜਿਧਰ ਗੁਰੂ ਜੀ ਸੁੱਤੇ ਹੋਏ ਸਨ ਤਾਂ ਪੀਰ ਨੇ ਫੌਜੀਆਂ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕਿ ਉਧਰ ਉਨ੍ਹਾਂ ਦੀ ਧੀ ਤੇ ਜਵਾਈ ਸੁੱਤੇ ਹੋਏ ਹਨ। ਸਿਸ਼ਟਾਚਾਰ ਦੇ ਨਾਤੇ ਚੰਗਾ ਨਹੀਂ ਲਗਦਾ ਕਿ ਉਨ੍ਹਾਂ ਨੂੰ ਜਗਾ ਕੇ ਕਮਰੇ ਦੀ ਤਲਾਸ਼ੀ ਕਰਵਾਈ ਜਾਏ। ਪੀਰ ਦੀ ਇਤਨੀ ਗੱਲ ਸੁਣ ਕੇ ਫੌਜੀਆਂ ਦੀ ਤਸੱਲੀ ਹੋ ਗਈ ਤੇ ਉਹ ਵਾਪਸ ਚਲੇ ਗਏ।

ਕੁਝ ਸਜਣ ਇਹ ਘਟਨਾ ਕੋਟਲਾ ਨਿਹੰਗ ਦੇ ਵਾਸੀ ਨਿਹੰਗ ਖਾਂ ਪਠਾਣ ਦੇ ਘਰ ਵਾਪਰੀ ਦਸਦੇ ਹਨ। ਜੇ ਇਹ ਗੱਲ ਹੀ ਸੱਚੀ ਹੋਵੇ ਤਦ ਵੀ ਕਿਤਨੀ ਕਮਾਲ ਦੀ ਗੱਲ ਹੈ ਕਿ ਉਹ ਮੁਸਲਮਾਨ ਪਠਾਣ ਗੁਰੂ ਜੀ ਦੀ ਸੁਰੱਖਿਆ ਲਈ ਕਿਸ ਹਦ ਤਕ ਆਪਣਾ ਸਤਿਕਾਰ ਪ੍ਰਗਟਾਂਦਾ ਹੈ। ਕਿਸੇ ਉਪਾਸ਼ਕ ਦਾ ਆਪਣੇ ਇਸ਼ਟ ਪ੍ਰਤੀ ਅਜਿਹਾ ਸਤਿਕਾਰ ਹੋਣਾ ਇਕ ਮਿਸਾਲੀ ਗੱਲ ਹੈ ਅਤੇ ਉਹ ਵੀ ਉਸ ਹਾਲਤ ਵਿਚ ਜਦ ਦੁਨੀਆ ਦੀਆਂ ਨਜ਼ਰਾਂ ਵਿਚ ਦੋਹਾਂ ਦਾ ਧਰਮ ਵੱਖ ਵੱਖ ਹੋਵੇ। ਇਹ **"ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ"** ਵਾਲੀ ਗੱਲ ਨਹੀਂ ਤਾ ਹੋਰ ਕੀ ਹੈ?

ਪੀਰ ਜੀ ਦੇ ਅਥਾਹ ਪ੍ਰੇਮ ਨੂੰ ਦੇਖਦਿਆਂ ਹੋਇਆ ਗੁਰੂ ਜੀ ਨੇ ਇਕ ਵਾਰੀ ਪਾਉਂਟਾ ਸਾਹਿਬ ਵਿਖੇ ਭਰੇ ਦੀਵਾਨ ਵਿਚ ਪੀਰ ਜੀ ਦੀਆਂ ਬੇਲਾਗ਼ ਸੇਵਾਵਾਂ ਦੀ ਕਦਰਦਾਨੀ ਵਿਚ ਉਨ੍ਹਾਂ ਨੂੰ ਸਨਮਾਨਦਿਆਂ ਹੋਇਆਂ ਕਿਹਾ ਕਿ ਪੀਰ ਜੀ! ਜੋ ਚਾਹੋ ਮੰਗੋ, ਤਾਂ ਪੀਰ ਜੀ ਨੇ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਹੀ ਮੰਗ ਕੀਤੀ। ਗੁਰੂ ਸਾਹਿਬ ਨੇ ਫਿਰ ਕੁਝ ਮੰਗਣ ਲਈ ਕਿਹਾ ਤਾਂ ਪੀਰ ਸਾਹਿਬ ਨੇ ਬੜੀ ਆਜਜ਼ੀ ਨਾਲ ਬੇਨਤੀ ਕੀਤੀ ਕਿ ਜੇ ਕਿਰਪਾ ਨਿਧਾਨ ਜੀ ਤਰੁਠੇ ਹੀ ਹੋ ਤਾਂ ਆਪਣੇ ਕੰਘੇ ਵਿਚੋਂ ਨਿਕਲੇ ਕੇਸ ਹੀ ਦੇ ਦਿਓ, ਮੇਰੇ ਲਈ ਇਹ ਦੋਹਾਂ ਜਹਾਨਾਂ ਦੀ ਦੌਲਤ ਨਾਲੋਂ ਵੀ ਵੱਡੀ ਦਾਤ ਹੋਵੇਗੀ। ਇਹ ਗੱਲ ਸੁਣ ਕੇ ਗੁਰੂ ਜੀ ਨੇ ਆਪਣੇ ਅਨਿਨ ਭਗਤ ਬੁੱਧੂ ਸ਼ਾਹ ਨੂੰ ਗਲੇ ਨਾਲ ਲਗਾ

ਕੇ ਅਸੀਸਾਂ ਦਾ ਵਰਦਾਨ ਦਿੱਤਾ। ਨਿਸ਼ਾਨੀ ਤੇ ਪਿਆਰ ਵਜੋਂ ਆਪਣੀ ਇਕ ਦਸਤਾਰ, ਇਕ ਕੰਘਾ ਤੇ ਉਸ ਵਿਚ ਲਗੇ ਰੋਮ ਪੀਰ ਜੀ ਨੂੰ ਭੇਂਟ ਕੀਤੇ ਜਿਨ੍ਹਾਂ ਨੂੰ ਪ੍ਰਾਪਤ ਕਰਕੇ ਪੀਰ ਜੀ ਨਿਹਾਲੋ ਨਿਹਾਲ ਹੋ ਗਏ। ਭਾਈ ਵੀਰ ਸਿੰਘ ਦੀ ਲਿਖਤ ਕਲਗੀਧਰ ਚਮਤਕਾਰ ਜਿਲਦ 1, ਪੰਨਾ-140 ਅਨੁਸਾਰ ਪੀਰ ਜੀ ਨੇ ਇਨ੍ਹਾਂ ਸੁਗ਼ਾਤਾਂ ਨੂੰ ਜਾਨ ਨਾਲੋਂ ਵੀ ਵਧ ਸੰਭਾਲ ਕੇ ਰਖਿਆ ਪਰ ਜਦ ਉਸਮਾਨ ਖਾਨ ਨੇ ਪੀਰ ਹੋਰਾਂ ਦਾ ਸਭ ਕੁਝ ਤਬਾਹ ਕਰਨ ਦੇ ਆਦੇਸ਼ ਦਿੱਤੇ ਤਾਂ ਪੀਰ ਨੇ ਇਨ੍ਹਾਂ ਬਹੁਮੁਲੀਆਂ ਸੁਗ਼ਾਤਾਂ ਨੂੰ ਆਪਣੀ ਹਵੇਲੀ ਦੀ ਇਕ ਕੰਧ ਵਿਚ ਛੁਪਾ ਦਿੱਤਾ ਜਿਸ ਕਾਰਨ ਇਹ ਬਚ ਗਈਆਂ ਤੇ ਮਗਰੋਂ ਨਾਭੇ ਦੇ ਮਹਾਰਾਜਾ ਭਰਪੂਰ ਸਿੰਘ ਨੇ ਉਨੀਵੀਂ ਸਦੀ ਦੇ ਅੱਧ ਵਿਚ ਆਪਣੇ ਰਾਜ ਕਾਲ ਦੌਰਾਨ ਪੀਰ ਦੇ ਉਤਰਾਧਿਕਾਰੀਆਂ ਪਾਸੋਂ ਪ੍ਰਾਪਤ ਕਰਕੇ ਆਪਣੇ ਹੀਰਾ ਮਹਿਲ ਵਿਚ ਸੁਰੱਖਿਅਤ ਕਰ ਲਈਆਂ। ਇਸ ਸਾਰੀ ਵਿਥਿਆ ਦਾ ਨਚੋੜ ਇਹੀ ਨਿਕਲਦਾ ਹੈ ਕਿ ਇੱਕ ਗ਼ੈਰ-ਸਿੱਖ ਸਿਦਕਵਾਨ ਦੀ ਗੁਰੂ ਜੀ ਪ੍ਰਤੀ ਅਜਿਹੀ ਸ਼ਰਧਾ ਤੇ ਜਿਤਨਾ ਵੀ ਮਾਣ ਕੀਤਾ ਜਾਵੇ ਥੋੜ੍ਹਾ ਹੈ ਜਿਸ ਨੇ ਖੁਸ਼ੀ ਖੁਸ਼ੀ ਆਪਣੇ ਆਪ ਨੂੰ ਤੇ ਆਪਣੇ ਸਰਬੰਸ ਨੂੰ ਗੁਰੂ ਸਾਹਿਬ ਦੇ ਮਿਸ਼ਨ ਤੇ ਵਾਰ ਦਿੱਤਾ।

ਦਾਤਾਰੁ ਸਦਾ ਦਇਆਲੁ ਸੁਆਮੀ
ਕਾਇ ਮਨਹੁ ਵਿਸਾਰੀਐ॥ (ਮ-5, ਪੰਨਾ-461)

ਮੁਸਲਮਾਨ ਨਬੀ ਖਾਂ ਗ਼ਨੀ ਖਾਂ ਤੇ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਸਾਹਿਬ ਅਜਿਹੀ ਸਰਬ ਪ੍ਰੀਯ ਹਸਤੀ ਸਨ ਕਿ ਹਰ ਧਰਮ ਦੇ ਇਨਸਾਫ ਪਸੰਦ ਤੇ ਮਾਨਵਤਾ ਨੂੰ ਪਿਆਰ ਕਰਨ ਵਾਲੇ ਸਜਣ ਉਨ੍ਹਾਂ ਲਈ ਜਾਨ ਤਕ ਨਿਛਾਵਰ ਕਰ ਦੇਣ ਵਿਚ ਆਪਣੇ ਧੰਨ ਭਾਗ ਸਮਝਦੇ ਸਨ। ਪੀਰ ਬੁਧੂ ਸ਼ਾਹ ਵਾਂਗ ਹੀ ਦੋ ਮੁਸਲਮਾਨ ਭਰਾਵਾਂ ਨਬੀ ਖਾਂ ਤੇ ਗ਼ਨੀ ਖਾਂ ਨੇ ਮਾਛੀਵਾੜੇ ਤੋਂ ਗੁਰੂ ਸਾਹਿਬ ਨੂੰ ਸਹੀ ਸਲਾਮਤ ਮੁਗ਼ਲ ਫੌਜ ਤੋਂ ਬਚਾ ਕੇ ਕੱਢਣ ਲਈ ਉਨ੍ਹਾਂ ਨੂੰ ਉਚ ਦਾ ਪੀਰ ਬਣਾ ਕੇ ਸਤਿਕਾਰ ਨਾਲ ਪਾਲਕੀ ਵਿਚ ਬਿਠਾਇਆ ਤੇ ਖਤਰੇ ਤੋਂ ਪਾਰ ਕੀਤਾ। ਉਨ੍ਹਾਂ ਨੂੰ ਪਤਾ ਸੀ ਕਿ ਗੁਰੂ ਸਾਹਿਬ ਦਾ ਮਿਸ਼ਨ ਹੱਕ ਇਨਸਾਫ ਤੇ ਪਹਿਰਾ ਦੇਣ ਵਾਲਾ ਹੈ ਅਤੇ ਅਜਿਹੇ ਮਿਸ਼ਨ ਦੇ ਪਰਫੁਲਣ ਲਈ ਉਹ ਉਸ ਮਿਸ਼ਨ ਦੇ ਬਾਨੀ ਦੀ ਸੁਰਖਿਅਤਾ ਲਈ ਆਪਣਾ ਸਭ ਕੁਝ ਖਤਰੇ ਵਿਚ ਪਾ ਦੇਣਾ ਲਾਹੇਵੰਦੀ ਖੇਡ ਸਮਝਦੇ ਸਨ ਤੇ ਉਨ੍ਹਾਂ ਨੇ ਪੀਰ ਬੁਧੂ ਸ਼ਾਹ ਵਾਂਗਰਾਂ ਇਹ ਕਰ ਵੀ ਵਖਾਇਆ।

ਕੁਰਬਾਣੁ ਜਾਈ ਗੁਰ ਪੂਰੇ ਅਪਨੇ॥ (ਮ-5, ਪੰਨਾ-1340)

ਗੁਰੂ ਜੀ ਦਾ ਮੁਸਲਮਾਨ ਸੇਵਕ ਰਾਏ ਕਲ੍ਹਾ

ਮੁਸਲਮਾਨ ਦਰਵੇਸ਼ ਪੀਰ ਭੀਖਮ ਸ਼ਾਹ ਦੀ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਅਥਾਹ ਸ਼ਰਧਾ, ਪੀਰ ਬੁਧੂ ਜੀ ਦਾ ਉਨ੍ਹਾਂ ਸਬੰਧੀ ਅਗਾਧ ਨਿਸ਼ਚਾ, ਨਬੀ ਖਾਂ ਗ਼ਨੀ ਖਾਂ ਭਰਾਵਾਂ ਦਾ ਉਨ੍ਹਾਂ ਪਰਥਾਏ ਜਾਨ ਖਤਰੇ ਵਿੱਚ ਪਾਉਣ ਦਾ ਕਰਮ, ਇਹ ਸਭ ਕੁਝ ਜ਼ਾਹਿਰ ਕਰਦਾ ਹੈ ਕਿ ਗੁਰੂ ਸਾਹਿਬ ਹਰ ਕਿਸੇ ਦੇ ਮਿੱਤਰ ਸਨ, ਸਨੇਹੀ ਸਨ ਤੇ ਸਤਿਕਾਰ ਦੇ ਪਾਤਰ ਸਨ। ਇਨ੍ਹਾਂ ਉਕਤ ਨਾਵਾਂ ਨਾਲ ਜੇਕਰ ਰਾਏ ਕੋਟ ਦੇ ਮੁਸਲਮਾਨ ਨਵਾਬ ਰਾਏ ਕਲ੍ਹੇ ਦਾ ਜ਼ਿਕਰ ਨਾ ਕੀਤਾ ਜਾਵੇ ਤਾਂ ਉਸ ਸ਼ਰਧਾਲੂ

ਨਾਲ ਬੇਇਨਸਾਫੀ ਹੋਵੇਗੀ ਜਿਸ ਨੇ ਮੁਗ਼ਲ ਫੌਜ ਦੇ ਡਰ ਨੂੰ ਕਬੂਲ ਨਾ ਕਰਦਿਆਂ ਹੋਇਆਂ ਗੁਰੂ ਸਾਹਿਬ ਨੂੰ ਆਪਣੇ ਪਾਸ ਸਤਿਕਾਰ ਤੇ ਸਨਮਾਨ ਨਾਲ ਰੱਖਿਆ ਤੇ ਉਨ੍ਹਾਂ ਦੀ ਬਹੁਤ ਆਓ ਭਗਤ ਕੀਤੀ। ਆਪਣੇ ਇਕ ਨੌਕਰ ਨੂਰੇ ਮਾਹੀ ਨੂੰ ਸਰਹੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਬਾਰੇ ਖਬਰ ਮੰਗਵਾ ਕੇ ਗੁਰੂ ਸਾਹਿਬ ਨੂੰ ਦਿੱਤੀ ਅਤੇ ਹਰ ਪ੍ਰਕਾਰ ਦੀ ਸਹਾਇਤਾ ਕਰਕੇ ਗੁਰੂ ਸਾਹਿਬ ਨੂੰ ਮੁਨਾਸਬ ਸੁਖ ਅਰਾਮ ਦੇ ਕੇ ਆਪਣੇ ਧੰਨ ਭਾਗ ਸਮਝੇ।

ਗੁਰ ਸੇਵਾ ਤੇ ਸੁਖੁ ਪਾਈਐ ਹੋਰਥੈ ਸੁਖੁ ਨ ਭਾਲਿ (ਮ-4, ਪੰਨਾ-548)

ਗੁਰੂ ਜੀ ਵਿਚ ਬੇ-ਪਨਾਹ ਅਕੀਦਤ (ਸ਼ਰਧਾ) ਰਖਣ ਵਾਲੇ ਉਨ੍ਹਾਂ ਦੇ ਹੋਰ ਵੀ ਕਈ ਮੁਸਲਮਾਨ ਸ਼ਰਧਾਲੂ ਹਨ ਪਰ ਸੰਖੇਪਤਾ ਨੂੰ ਮੁਖ ਰਖ ਕੇ ਹਰ ਇਕ ਦਾ ਵਰਨਣ ਕਰਨਾ ਔਖਾ ਹੈ। ਪਰ ਗੁਰੂ ਸਾਹਿਬ ਬਾਰੇ ਦੋ ਤਿੰਨ ਮੁਸਲਮਾਨ ਲਿਖਾਰੀਆਂ ਤੇ ਸ਼ਾਇਰਾਂ ਦੇ ਉਡਾਰੂ ਜਿਹੇ ਹਵਾਲੇ ਦੇ ਕੇ ਹੀ ਅੱਗੇ ਤੁਰਾਂਗੇ।

ਇਤਿਹਾਸਕਾਰ ਮੁਹੰਮਦ ਲਤੀਫ ਦੀਆਂ ਨਜ਼ਰਾਂ ਵਿੱਚ ਦਸਮ ਪਿਤਾ

ਲਤੀਫ, ਗੁਰੂ ਸਾਹਿਬ ਬਾਰੇ ਲਿਖਦਾ ਹੈ "ਗੁਰੂ ਗੋਬਿੰਦ ਸਿੰਘ ਜੀ ਬਤੌਰ ਇਨਸਾਨ ਮਹਾਨ ਸਨ, ਬਤੌਰ ਜੰਗਜੂ ਮਹਾਨਤਮ ਸਨ ਅਤੇ ਬਤੌਰ ਦਾਰਸ਼ਨਕ ਅਜਿਹੇ ਰੂਹਾਨੀ ਰਹਿਬਰ ਸਨ ਜਿਨ੍ਹਾਂ ਦਾ ਸਾਨੀ ਕੋਈ ਨਹੀਂ ਸੀ। ਉਹ ਵਿਸ਼ਵ ਮੰਚ ਤੇ ਜ਼ਾਬਤਾ ਪਰਦਾਨ ਕਰਨ ਵਾਲੇ ਪਰਸ਼ਾਸਕ ਸਨ, ਮਸਨਦ (ਗੱਦੀ) ਤੇ ਸ਼ਸ਼ੋਭਤ ਹੋਏ ਸਚੇ ਪਾਤਸ਼ਾਹ ਸਨ, ਗੋਸ਼ਟੀਆਂ ਅਤੇ ਉਘੇ ਵਿਦਵਾਨਾਂ ਦੀ ਬੈਠਕ ਵਿੱਚ ਬੇਨਜ਼ੀਰ ਕਵੀ ਸਨ, ਰਣਭੂਮੀ ਵਿਚ ਮਹਾਂਬਲੀ ਯੋਧੇ ਸਨ ਅਤੇ ਖ਼ਾਲਸੇ ਦੀ ਸੰਗਤ ਵਿਚ ਫਕੀਰ ਤੇ ਦਰਵੇਸ਼ ਸਨ। ਇਨ੍ਹਾਂ ਦੀ ਕਿਰਪਾ ਸਦਕਾ ਹੀ ਆਪ ਹੁਦਰੇ ਤੇ ਬੇਲਗਾਮ ਲੋਕ ਇਕ ਜਥੇਬੰਦੀ ਵਿਚ ਪਰੋਏ ਗਏ ਅਤੇ ਲਤਾੜੇ ਤੇ ਪਛਾੜੇ ਲੋਕੀ ਵੱਡੇ ਯੋਧੇ ਤੇ ਨਾਮਵਰ ਸੂਰਮੇ ਬਣ ਕੇ ਉਭਰੇ"।

ਨਿਗਾਹਿ ਮਰਦੇ ਮੋਮਨ ਸੇ
ਬਦਲ ਜਾਤੀ ਹੈਂ ਤਕਦੀਰੇਂ।

ਸੂਫੀ ਕਵੀ ਕਿਬਰੀਆ ਖਾਂ ਤੇ ਗੁਰੂ ਗੋਬਿੰਦ ਸਿੰਘ ਜੀ

ਕਿਬਰੀਆ ਇਕ ਉੱਘਾ ਸ਼ਾਇਰ ਸੀ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਾਸਾਨੀ ਕੁਰਬਾਨੀ ਤੋਂ ਬਹੁਤ ਪ੍ਰਭਾਵਤ ਹੋਇਆ ਤੇ ਉਸ ਨੇ ਮਹਾਨ ਗੁਰੂ ਨੂੰ ਇਨ੍ਹਾਂ ਸ਼ਬਦਾਂ ਨਾਲ ਖਰਾਜ-ਆਕੀਦਤ ਪੇਸ਼ ਕੀਤੀ :

ਕਿਆ ਦਸਮੇਸ਼ ਪਿਤਾ ਤੇਰੀ ਬਾਤ ਕਰੂੰ ਜੋ ਤੂ ਨੇ ਪਰਉਪਕਾਰ ਕੀਏ,
ਇਕ ਖਾਲਸ ਖਾਲਸਾ ਪੰਥ ਸਜਾ, ਜ਼ਾਤੋਂ ਕੇ ਭੇਦ ਨਿਕਾਲ ਦੀਏ।
ਇਸ ਤੇਗ ਕੇ ਬੇਟੇ ਤੇਗ ਪਕੜ, ਦੁਖੀਓਂ ਕੇ ਕਾਟ ਜ਼ੰਜਾਲ ਦੀਏ,
ਉਸ ਮੁਲਕੋਂ-ਵਤਨ ਕੀ ਖਿਦਮਤ ਮੇਂ, ਕਈਂ ਬਾਪ ਦੀਆ, ਕਈਂ ਲਾਲ ਦੀਏ।

ਅਬੁਲ ਤੁਰਾਨੀ ਦੀ ਰਪੋਟ ਬਾਬਤ ਗੁਰੂ ਗੋਬਿੰਦ ਸਿੰਘ

ਅਬੁਲ ਤੁਰਾਨੀ ਨੂੰ ਔਰੰਗਜ਼ੇਬ ਨੇ ਆਪਣਾ ਬਹੁਤ ਵਿਸ਼ਵਾਸੀ ਮਿੱਤਰ ਜਾਣਦਿਆਂ ਹੋਇਆਂ ਉਸ ਨੂੰ ਇਕ ਬ੍ਰਾਹਮਣ ਦੇ ਭੇਸ ਵਿਚ ਗੁਰੂ ਗੋਬਿੰਦ ਸਿੰਘ ਜੀ

ਦੇ ਦਰਬਾਰ ਵਿਚ ਭੇਜਿਆ ਤਾਂ ਜੋ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਗਤੀਵਿਧੀਆਂ ਤੋਂ ਬਾਦਸ਼ਾਹ ਨੂੰ ਅਵਗਤ ਕਰਵਾਂਦਾ ਰਹੇ। ਤੁਰਾਨੀ ਖੂਫੀਆ ਰੂਪ ਵਿਚ ਮੁਗ਼ਲ ਦਰਬਾਰ ਨੂੰ ਗੁਰੂ ਦਰਬਾਰ ਦੀਆਂ ਰਪੋਟਾਂ ਭੇਜਦਾ ਰਿਹਾ। ਆਖਿਰ ਉਸ ਨੇ 1699 ਦੀ ਵਿਸਾਖੀ ਦੇ ਦੀਵਾਨ ਦੀ ਵੀ ਰਪੋਟ ਬਾਦਸ਼ਾਹ ਨੂੰ ਭੇਜੀ ਜਿਸ ਵਿਚ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਸਾਜਿਆ। ਉਹ ਆਪਣੀ ਲੰਮੀ ਰਪੋਟ ਵਿਚ ਇਕ ਥਾਂ ਇਵੇਂ ਲਿਖਦਾ ਹੈ : .... ਫਿਰ ਗੁਰੂ ਜੀ ਨੇ ਬੀਰ ਆਸਣ ਵਿਚ ਬੈਠ ਕੇ ਪੰਜਾਂ ਪਿਆਰਿਆਂ ਪਾਸੋਂ ਆਬਿ-ਹਯਾਤ (ਅੰਮ੍ਰਿਤ) ਲਿਆ ਤੇ ਉਨ੍ਹਾਂ ਦਾ ਨਾਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋ ਗਿਆ। ਉਸ ਦਿਨ ਹਜ਼ਾਰਾਂ ਪ੍ਰਾਣੀਆਂ ਨੇ ਆਬਿ-ਹਯਾਤ ਪੀਤਾ, ਮੈਂ ਵੀ ਕਿਸੇ ਮਿਕਾਨਾਤੀਸੀ ਖਿਚ ਅਧੀਨ ਗੁਰੂ ਜੀ ਦੇ ਚਰਨਾਂ ਤੇ ਜਾ ਡਿੱਗਾ ਤੇ ਆਬਿ-ਹਯਾਤ ਦੀ ਦਾਤ ਮੰਗੀ। ਉਨ੍ਹਾਂ ਨੇ ਮੈਨੂੰ ਪਿਆਰ ਨਾਲ ਥਾਪੜਾ ਦਿੱਤਾ ਤੇ ਆਬਿ-ਹਯਾਤ ਪਿਲਾ ਕੇ ਮੇਰਾ ਨਾਂ ਅਜਮੇਰ ਸਿੰਘ ਰਖ ਦਿੱਤਾ। ਇਸ ਤਰ੍ਹਾਂ ਮੇਰੇ ਜਨਮ ਜਨਮਾਂਤਰਾਂ ਦੇ ਪਾਪ ਕੱਟੇ ਗਏ। ਮੈਂ ਉਸ ਦਿਨ ਆਪਣੀ ਆਖਰੀ ਰਪੋਟ ਔਰੰਗਜ਼ੇਬ ਨੂੰ ਘੱਲ ਦਿੱਤੀ ਤੇ ਅੱਖੀਂ ਡਿੱਠੀ ਸਾਰੀ ਘਟਨਾ ਦਾ ਹਾਲ ਲਿਖ ਕੇ ਜ਼ੋਰਦਾਰ ਸ਼ਬਦਾਂ ਵਿਚ ਤਾੜਨਾ ਕੀਤੀ ਕਿ "ਐ ਬਾਦਸ਼ਾਹ ਖਬਰਦਾਰ! ਜੀਉਂਦੇ ਜਾਗਦੇ ਖੁਦਾ ਨਾਲ ਮੱਥਾ ਨਾ ਲਾ, ਜ਼ੁਲਮ ਨਾ ਕਰ। ਜੇ ਮੇਰੀ ਗੱਲ ਤੇ ਤੂੰ ਅਮਲ ਨਾ ਕੀਤਾ ਤਾਂ ਜਲਦੀ ਹੀ ਤੇਰਾ ਪਰਿਵਾਰ ਤੇ ਸਲਤਨਤ (ਰਾਜ ਭਾਗ) ਤਬਾਹ ਹੋ ਜਾਵੇਗੀ"। (ਧੰਨਵਾਦ-ਲਖਵਿੰਦਰ ਸਿੰਘ ਸੋਬਤੀ)

ਸਾਂਈ ਬੁਲ੍ਹੇ ਸ਼ਾਹ ਦਾ ਅਨੁਮਾਨ

ਮੁਗ਼ਲ ਸਰਕਾਰ ਦੇ ਅਤਿਆਚਾਰਾਂ, ਜ਼ੁਲਮਾਂ ਤੇ ਵਧੀਕੀਆਂ ਨੂੰ ਜਿਸ ਅਸਰਦਾਰ ਢੰਗ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਰੋਕਿਆ ਉਨ੍ਹਾਂ ਤੋਂ ਮੁਸਲਮਾਨ ਸੂਫੀ ਕਵੀ ਸਾਂਈ ਬੁਲ੍ਹੇ ਸ਼ਾਹ ਬਹੁਤ ਵਧ ਮੁਤਾਸਰ ਹੋਇਆ ਤੇ ਉਸ ਦੀਆਂ ਨਿਮਨ ਸਤਰਾਂ ਸਾਰਾ ਇਤਿਹਾਸ ਅੱਖਾਂ ਅਗੋਂ ਲੰਘਾ ਦੇਂਦੀਆਂ ਹਨ ਜਿਨ੍ਹਾਂ ਵਿਚ ਚਿੜੀਆਂ, ਬਾਜ਼ਾਂ ਉੱਤੇ ਹਾਵੀ ਹੋਈਆਂ ਦਿਸਦੀਆਂ ਹਨ :-

ਨਾ ਕਹੂੰ ਕਬ ਕੀ ਨਾ ਕਹੂੰ ਤਬ ਕੀ
ਬਾਤ ਕਹੂੰ ਮੈਂ ਅਬ ਕੀ,
ਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ,
ਤੋ ਸੁਨਤ ਹੋਤੀ ਸਭ ਕੀ।

ਪ੍ਰਸਿਧ ਸ਼ਾਇਰ ਅੱਲਾ ਯਾਰ ਖਾਂ (ਲੇਖਕ ਰੰਜੇ ਸ਼ਹੀਦਾਂ)

ਪਾਠਕ ਸਜਣੋ ਹੁਣ ਥੋੜ੍ਹੀ ਜਹੀ ਕਵਿਤਾ ਅਲਾ ਯਾਰ ਖਾਂ ਦੀ ਵੀ ਨਜ਼ਰਾਂ ਵਿਚੋਂ ਕੱਢ ਕੇ ਦੇਖੋ ਜੋ ਇਸ ਮੁਸਲਮਾਨ ਕਵੀ ਨੇ ਗੁਰੂ ਸਾਹਿਬ ਦੀ ਵਡਿਤਣ ਦਰਸਾਉਣ ਵਿਚ ਲਿਖੀ ਹੈ । ਇਸ ਤੋਂ ਭਲੀ ਭਾਂਤ ਅਨੁਮਾਨ ਲਗ ਜਾਏਗਾ ਕਿ ਇਹ ਮੁਸਲਮਾਨ ਕਵੀ ਗੁਰੂ ਸਾਹਿਬ ਦੇ ਰੰਗ ਵਿਚ ਕਿਤਨਾ ਰੰਗਿਆ ਹੋਇਆ ਹੈ। ਰੰਜੇ ਸ਼ਹੀਦਾਂ ਨਾਮੀ ਇਸ ਵਿਸ਼ਾਲ ਨਜ਼ਮ ਵਿਚ ਉਹ ਗੁਰੂ ਸਾਹਿਬ ਦੀ ਕਈ ਢੰਗਾਂ ਵਿਚ ਭਰਵੀਂ ਤਾਰੀਫ ਕੁਝ ਇਵੇਂ ਕਰਦਾ ਹੈ :

ਇਨਸਾਫ ਗਰ ਕਰੇ ਜੋ ਜ਼ਮਾਨਾ ਤੋਂ ਯਕੀਂ ਹੈ
ਕਹਿ ਦੇ ਗਾ ਕਿ ਗੋਬਿੰਦ ਕਾ ਤੋ ਸਾਨੀ ਹੀ ਨਹੀਂ ਹੈ
ਕਰਤਾਰ ਕੀ ਸੁਗੰਧ ਹੈ ਵਾ ਨਾਨਕ ਕੀ ਕਸਮ ਹੈ
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ, ਵਹੀ ਕਮ ਹੈ. . . .

ਹਰ ਚੰਦ ਮਿਰੇ ਹਾਥ ਮੇਂ ਪੁਰਜ਼ੋਰ ਕਲਮ ਹੈ
ਸਤਿਗੁਰ ਕੇ ਲਿਖੂੰ ਵਸਫ, ਕਹਾਂ ਤਾਬਿ-ਰਕਮ ਹੈ? (ਲਿਖਣ ਦੀ ਸਮਰਥਾ)
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ
ਸਾਹਿਲ ਕੋ ਯਾ ਮਝਧਾਰ ਕੋ ਯਾ ਲਹਿਰ ਕੋ ਦੇਖੇ

ਕਵੀ ਗੁਰੂ ਸਾਹਿਬ ਦੇ ਦੇਸ਼ ਕੌਮ ਤੋਂ ਸਭ ਕੁਝ ਕੁਰਬਾਨ ਕਰ ਦੇਣ ਦੇ ਕਰਮ ਨੂੰ ਆਪਣੇ ਸ਼ਬਦਾਂ ਵਿਚ ਇਵੇਂ ਵਿਅਕਤ ਕਰਦਾ ਹੈ :

ਪਹਿਲੇ ਪਿਤਾ ਕਟਵਾਇਆ, ਅਬ ਬੇਟੇ ਕਟਵਾਊਂਗਾ,
ਨਾਨਕ ਕਾ ਬਾਗ ਮੈਂ, ਖੂਨੇ ਜਿਗਰ ਸੇ ਖਿਲਾਊਂਗਾ।

ਗੁਰੂ ਸਾਹਿਬ ਦੇ ਮੁਸਲਮਾਨ ਉਪਾਸ਼ਕਾਂ ਦੇ ਉਪਰੋਕਤ ਸੰਖੇਪ ਜਿਹੇ ਵਰਨਣ ਤੋਂ ਮਗਰੋਂ ਹੁਣ ਉਨ੍ਹਾਂ ਦੇ ਕੁਝ ਹੋਰ ਤਬਕਿਆਂ ਦੇ ਗ਼ੈਰ-ਸਿੱਖ ਸ਼ਰਧਾਲੂਆਂ ਦਾ ਜ਼ਿਕਰ ਹੇਠਲੀਆਂ ਸਤਰਾਂ ਵਿਚ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦੀ ਸਰਬ ਵਿਆਪੀ ਪ੍ਰਸਿਧੀ ਤੇ ਮਾਨਤਾ ਦੇ ਬਹੁਪਰਕਾਰੀ ਦਰਸ਼ਨ ਹੋ ਸਕਣ।

ਸ੍ਰੀ ਰਣਬੀਰ ਸੰਪਾਦਕ ਮਿਲਾਪ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਜੀਵਨੀ, ਸ਼ਖਸੀਅਤ ਤੇ ਫਲਸਫੇ ਨੂੰ ਜਿਸ ਸ਼ਰਧਾਮਈ ਪਰ ਨਿਰਪੱਖ ਢੰਗ ਨਾਲ ਸਵਰਗਵਾਸੀ ਸ੍ਰੀ ਰਣਬੀਰ ਐਡੀਟਰ ਦਿੱਲੀ ਮਿਲਾਪ ਨੇ ਆਪਣੀ ਪੁਸਤਕ 'ਯੁਗ ਪੁਰਸ਼' ਵਿਚ ਪੇਸ਼ ਕੀਤਾ ਹੈ, ਉਸ ਤੋਂ ਬਖਸ਼ਸ਼ਾਂ ਵੰਡਣ ਵਾਲੇ ਮਹਾਨ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੇ ਮਾਨਵਤਾ ਪ੍ਰਤੀ ਬੇਮਿਸਾਲ ਅੰਮ੍ਰਿਤ ਸੰਦੇਸ਼ ਦੇ ਦਰਸ਼ਨ ਹੁੰਦੇ ਹਨ। ਗੁਰੂ ਸਾਹਿਬ ਦੇ ਵਿਚਾਰਾਂ ਦੀ ਹਰਮਨ ਪਿਆਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਮੂਲ ਰੂਪ ਵਿਚ ਉਰਦੂ ਵਿਚ ਲਿਖੀ 'ਯੁਗ ਪੁਰਸ਼' ਦਾ ਪੰਜਾਬੀ ਤੇ ਹਿੰਦੀ ਭਾਸ਼ਵਾਂ ਵਿਚ ਵੀ ਅਨੁਵਾਦ ਕਰਕੇ ਛਪਾਇਆ ਜਾ ਚੁਕਾ ਹੈ। ਪੁਸਤਕ ਵਿਚ ਦਿੱਤੀ ਗਈ ਜਾਣਕਾਰੀ ਦੇ ਆਧਾਰ ਤੇ ਇਸ ਦੇ ਹਿੰਦੀ ਸੰਸਕਰਣ ਦਾ ਉਦਘਾਟਨ ਕਰਨ ਲਗਿਆਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਪਾਸੋਂ ਇਹ ਇੱਛਾ ਪ੍ਰਗਟ ਕੀਤੀ ਗਈ ਕਿ ਇਹ ਪੁਸਤਕ ਹਰ ਭਾਸ਼ਾ ਵਿਚ ਪ੍ਰਕਾਸ਼ਤ ਹੋਣੀ ਚਾਹੀਦੀ ਹੈ ਤਾਂ ਜੋ ਦੁਨੀਆ ਨੂੰ ਪਤਾ ਲਗ ਸਕੇ ਕਿ ਮਹਾਨ ਗੁਰੂ ਸਾਹਿਬ ਸਰਬ ਮਨੁੱਖਤਾ ਦੇ ਸਮੁਚੇ ਕਲਿਆਣ ਲਈ ਕਿਤਨੇ ਸ਼ਕਤੀਸ਼ਾਲੀ ਰੂਪ ਵਿਚ ਪ੍ਰਯਤਨਸ਼ੀਲ ਰਹੇ ਅਤੇ ਭਾਰਤੀ ਮਾਨਵਤਾ ਵਿੱਚ ਮਾਨਸਕ ਉਥਾਨ ਦੀ ਭਾਵਨਾ ਪੈਦਾ ਕਰਨ ਹਿਤ ਉਹ ਆਪਣਾ ਸਰਬੰਸ ਵਾਰ ਗਏ। ਉਕਤ ਪੁਸਤਕ ਅਨਸਾਰ ਜੇ ਕਰ ਗੁਰੂ ਗੋਬਿੰਦ ਸਿੰਘ ਖ਼ਾਲਸਾ ਨਾ ਸਾਜਦੇ ਤਾਂ ਭਾਰਤ ਹਾਲੇ ਹਜ਼ਾਰ ਸਾਲ ਹੋਰ ਸੁਤੰਤਰ ਨਾ ਹੁੰਦਾ।

ਸ੍ਰੀ ਰਣਬੀਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਵੀ ਆਪਣੀ ਸ਼ਰਧਾ ਨਿਮਨ ਸ਼ਬਦਾਂ

ਵਿਚ ਪ੍ਰਗਟਾਈ ਹੈ : ਜਿਹੜਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ ਉਸ ਨੂੰ ਇਸ ਮਹਾਨ ਗ੍ਰੰਥ ਸਾਹਿਬ ਦੀ ਭਾਵਨਾ ਹਰ ਹਾਲਤ ਵਿਚ ਝੰਜੋੜਦੀ ਹੈ। ਕੋਈ ਮਨੁਖੀ ਜ਼ਬਾਨ ਐਸੀ ਨਹੀਂ ਜਿਹੜੀ ਇਸ ਦੇ ਅਧਿਐਨ ਕਰਨ ਤੋਂ ਮਗਰੋਂ ਸ਼ਰਧਾ ਵਿਚ ਕੁਝ ਨਾ ਬੋਲੇ। ਹਰ ਕਿਸੇ ਦਾ ਮਨ ਇਸ ਨੂੰ ਪੜ੍ਹ ਕੇ ਨਿਰਮਲ ਹੋ ਜਾਂਦਾ ਹੈ। ਇਹ ਮਹਾਨ ਗ੍ਰੰਥ **'ਬੁਝੇ ਹੋਏ ਮਨਾਂ'** ਵਿਚ ਜੀਵਨ ਦੀ ਚੰਗਾਰੀ (ਚੰਗਿਆੜੀ) ਪਰਚੰਡ ਕਰ ਦੇਂਦਾ ਹੈ ਅਤੇ **'ਟੁਟਿਆਂ ਹੋਇਆਂ'** ਨੂੰ ਜੋੜ ਕੇ ਸੰਪੂਰਨ ਕਰ ਦੇਂਦਾ ਹੈ।

ਵਾਹੁ ਵਾਹੁ ਵੇਪਰਵਾਹੁ ਹੈ
ਵਾਹੁ ਵਾਹੁ ਕਰੇ ਸੁ ਹੋਇ॥ (ਮ-3, ਪੰਨਾ-515)

ਕੇ. ਐਮ. ਪਾਨੀਕਰ

ਪ੍ਰਸਿੱਧ ਭਾਰਤੀ ਇਤਿਹਾਸਕਾਰ ਤੇ ਸਿਆਸਤਦਾਨ ਸ੍ਰੀ ਪਾਨੀਕਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਉਨ੍ਹਾਂ ਸੇਵਾਵਾਂ ਨੂੰ ਸੰਖੇਪ ਵਿਚ ਇਵੇਂ ਕਲਮ ਬੰਦ ਕਰਦਾ ਹੈ ਜੋ ਉਨ੍ਹਾਂ ਨੇ ਮਾਨਵਤਾ ਦੇ ਸਰਬਪਖੀ ਭਲੇ ਲਈ ਆਪਣਾ ਸਰਬੰਸ ਵਾਰ ਕੇ ਕੀਤੀਆਂ ਹਨ। ਉਹ ਲਿਖਦਾ ਹੈ, "ਪੰਜਾਬ ਮੁਸਲਮਾਨਾਂ ਦੇ ਪੰਜੇ ਥੱਲੇ ਲਗਾਤਾਰ ਤਕਰੀਬਨ 7 ਸਦੀਆਂ ਰਿਹਾ ਅਤੇ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਉਨ੍ਹਾਂ ਦੇ ਸਾਜੇ ਖ਼ਾਲਸੇ ਦੇ ਅਦਭੁਤ ਕਰਿਸ਼ਮਿਆਂ ਵਰਗੀਆਂ ਕੋਸ਼ਸ਼ਾਂ ਦੀ ਕਿਰਪਾ ਸਦਕਾ ਇਕ ਵਾਰੀ ਫਿਰ ਭਾਰਤ ਦਾ ਇਕ ਪ੍ਰਾਂਤ ਬਣ ਸਕਿਆ ਹੈ। ਅਜਿਹਾ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਕਤੀ, ਇਤਫਾਕ ਅਤੇ ਸਵੈ-ਹੌਸਲੇ ਵਾਲੇ ਕੌਮੀ ਸਿਧਾਂਤਾਂ ਤੇ ਅਮਲ ਕਰਨ ਸਦਕਾ ਹੀ ਸੰਭਵ ਹੋ ਸਕਿਆ ਹੈ ਜੋ ਉਨ੍ਹਾਂ ਨੇ ਹਿੰਦੂਆਂ ਵਿਚ ਆਮ ਕਰ ਕੇ ਅਤੇ ਸਿੱਖਾਂ ਵਿਚ ਵਿਸ਼ੇਸ਼ ਕਰਕੇ ਸਿੰਚੇ ਸਨ। ਗੁਰੂ ਸਾਹਿਬ ਦਾ ਸਭ ਤੋਂ ਵੱਡਾ ਕਰਿਸ਼ਮਾ ਇਹ ਹੈ ਕਿ ਉਨ੍ਹਾਂ ਨੇ ਦੇਹ ਧਾਰੀ ਗੁਰ ਪ੍ਰਣਾਲੀ ਨੂੰ ਸਮਾਪਤ ਕਰ ਕੇ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦੇ ਕੇ ਉਨ੍ਹਾਂ ਨੂੰ ਗੁਰ-ਗੱਦੀ ਸੌਂਪੀ ਜੋ ਬਿਨਾਂ ਕਿਸੇ ਭੇਦ ਭਾਵ ਦੇ ਸਮੁੱਚੀ ਮਨੁੱਖਾ ਜਾਤੀ ਦੇ ਗੁਰੂ ਬਣ ਗਏ। ਅਜਿਹਾ ਕਰ ਕੇ ਗੁਰੂ ਸਾਹਿਬ ਨੇ ਸਿੱਖਾਂ ਨੂੰ ਅੱਗੇ ਚਲ ਕੇ ਦੇਹ ਧਾਰੀ ਗੁਰੂਆਂ ਦੇ ਜਾਲ ਵਿਚ ਫਸਣ ਤੋਂ ਸਦਾ ਸਦਾ ਲਈ ਮੁਕਤ ਕਰ ਦਿੱਤਾ। (ਹਵਾਲਾ ਟ੍ਰਿਬਿਊਨ 8 ਦਸੰਬਰ 1947)

ਪੰਡਿਤ ਮੋਹਨ ਲਾਲ ਮਾਲਵੀਆ

ਸਿੱਖ ਇਤਿਹਾਸ ਤੇ ਸਿੱਖ ਧਰਮ ਦਾ ਅਧਿਐਨ ਕਰਨ ਉਪਰੰਤ ਭਾਰਤ ਦੇ ਪ੍ਰਸਿਧ ਨੇਤਾ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਬਾਨੀ ਪੰਡਿਤ ਮਦਨ ਮੋਹਨ ਮਾਲਵੀਆ ਨੇ 20ਵੀਂ ਸਦੀ ਦੇ ਤੀਜੇ ਦਹਾਕੇ ਵਿਚ ਮੁਲਤਾਨ ਵਿਖੇ ਭਾਰਤੀਆਂ ਦੀ ਇਕ ਵਿਸ਼ਾਲ ਸਭਾ ਨੂੰ ਸੰਬੋਧਤ ਕਰਦਿਆਂ ਇਵੇਂ ਕਿਹਾ ਸੀ: **"ਹਰ ਹਿੰਦੂ ਪਰਿਵਾਰ ਨੂੰ ਘਰ ਦਾ ਇਕ ਵਿਅਕਤੀ ਗੁਰੂ ਗੋਬਿੰਦ ਸਿੰਘ ਦਾ ਸਿੰਘ ਸਜਾਉਣਾ ਚਾਹੀਦਾ ਹੈ ਤਾਂ ਜੋ ਉਹ 'ਕੁਟੰਬ' ਦੀ ਰਖਿਆ ਕਰ ਸਕੇ"**। ਕੁਟੰਬ ਤੋਂ ਉਨ੍ਹਾਂ ਦਾ ਭਾਵ ਨਿਜੀ ਪਰਵਾਰ ਤੋਂ ਉਤੇ ਉਠ ਕੇ ਸਮੁੱਚਾ ਭਾਰਤੀ ਪਰਿਵਾਰ ਹੋਣਾ ਸੁਭਾਵਕ ਹੈ, ਕਿਉਂਕਿ ਉਹ ਕੌਮੀ ਪਧਰ ਦੇ ਨਾਮਵਰ ਨੇਤਾ ਸਨ ਜਿਨ੍ਹਾਂ ਲਈ ਸਮੁੱਚਾ ਭਾਰਤ ਇੱਕ ਕੁਟੰਬ ਜਾਂ ਪਰਵਾਰ ਨਿਆਈਂ ਸੀ।

ਬਾਪੂ ਆਸਾ ਰਾਮ

ਜਿਵੇਂ ਮੁਰਾਰੀ ਬਾਪੂ ਰਮਾਇਣ ਦਾ ਵਿਸ਼ਵ ਪ੍ਰਸਿੱਧ ਕਥਾਕਾਰ ਹੈ ਇਵੇਂ ਹੀ

ਬਾਪੂ ਆਸਾ ਰਾਮ ਗੀਤਾ ਦਾ ਨਾਮਵਰ ਵਕਤਾ ਹੈ। 22 ਜਨਵਰੀ ਤੋਂ 29 ਜਨਵਰੀ 1995 ਤੱਕ ਆਪਣੇ ਲੁਧਿਆਣਾ ਵਿਖੇ ਦਿੱਤੇ ਪਰਵਚਨਾਂ ਵਿੱਚ ਇਸ ਵਿਦਵਾਨ ਨੇ ਲੱਖਾਂ ਦੇ ਇਕੱਠ ਵਿੱਚ ਜੁੜੀਆਂ ਸੰਗਤਾਂ ਵਿੱਚ ਗੀਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਈ ਕਈ ਵਾਰੀ ਸਿੱਖ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਾਮਿਸਾਲ ਹਸਤੀ ਨੂੰ ਬੜੇ ਦ੍ਰਿਸ਼ਟਾਂਤਾਂ ਤੇ ਉਦਾਹਰਨਾਂ ਨਾਲ ਸਲਾਹਿਆ ਤੇ ਉਨ੍ਹਾਂ ਨੂੰ ਮਾਨਵਤਾ ਦੇ ਬੇਤਰੀਨ ਅਤੇ ਸੁਹਿਰਦ ਰਹਿਬਰ ਕਹਿ ਕੇ ਸਤਕਾਰਿਆ ਜਿਨ੍ਹਾਂ ਦੀ ਹਸਤੀ ਤੇ ਭਾਰਤ ਵਰਸ਼ ਤਾਕਿਆਮਤ (ਕਿਆਮਤ ਤਕ) ਮਾਣ ਕਰਦਾ ਰਹੇਗਾ ਤੇ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਪੁਸ਼ਪ ਅਰਪਤ ਕਰਦਾ ਰਹੇਗਾ।

ਬੀ.ਕੇ.ਐਨ.ਛਿੱਬਰ

ਪੰਜਾਬ ਦੇ ਸਾਬਕਾ ਰਾਜਪਾਲ ਸ੍ਰੀ ਛਿੱਬਰ ਗੁਰੂ ਗੋਬਿੰਦ ਸਿੰਘ ਜੀ ਨੂੰ 'ਵਿਸ਼ਵ ਪਿਆਰ' ਦੇ ਸਵਾਮੀ ਦੱਸਦਿਆਂ ਹੋਇਆਂ ਲਿਖਦੇ ਹਨ: ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਾਜਨਾ ਕਰਕੇ ਸਾਰੇ ਜਗਤ ਨੂੰ 'ਵਿਸ਼ਵ ਪਿਆਰ' ਦਾ ਉਪਦੇਸ਼ ਦਿੱਤਾ। ਉਹ ਆਪ ਸਨੇਹ ਤੇ ਸ਼ਾਂਤੀ ਦਾ ਮੁਜਸਮਾ ਸਨ। ਉਨ੍ਹਾਂ ਨੇ ਜਗਤ ਨੂੰ ਸਪੱਸ਼ਟ ਕੀਤਾ ਕਿ ਪਰਸਪਰ ਪਿਆਰ ਦੁਆਰਾ ਹੀ ਪ੍ਰਭੂ ਮਿਲਣ ਸੰਭਵ ਹੈ। ਗੁਰੂ ਗੋਬਿੰਦ ਸਿੰਘ ਸਾਰੀ ਮਨੁੱਖਤਾ ਨੂੰ ਇੱਕੋ ਜਿਹਾ ਪਿਆਰ ਕਰਦੇ ਸਨ। ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ। ਉਹ ਤਾਂ ਆਪਣੇ ਵੈਰੀਆਂ ਨਾਲ ਵੀ ਘਿਰਣਾ ਨਹੀਂ ਸਨ ਕਰਦੇ। (ਹਵਾਲਾ ਪੁਸਤਕ 'ਅਮਨ ਪੈਗੰਬਰ ਗੁਰੂ ਗੋਬਿੰਦ ਸਿੰਘ' ਪੰਨਾ 3 ਤੇ 4)

ਹਰੀ ਜੈ ਸਿੰਘ, ਸੰਪਾਦਕ ਅੰਗਰੇਜ਼ੀ ਟਰਿਬਿਊਨ

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਉਸ ਗੱਲ ਦਾ ਆਪ ਅਭਿਆਸ ਕੀਤਾ ਜਿਸ ਬਾਰੇ ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਉਪਦੇਸ਼ ਦਿੱਤਾ। ਉਨ੍ਹਾਂ ਦਾ ਜੀਵਨ ਉੱਚਤਮ ਕੋਟੀ ਦੀਆਂ ਕੁਰਬਾਨੀਆਂ ਨਾਲ ਭਰਪੂਰ ਹੈ। ਅੱਜ ਖਾਲਸਾ, ਠੀਕ ਹੀ ਆਪਣੀਆਂ ਸਮੂਹ ਪ੍ਰਾਪਤੀਆਂ ਲਈ ਉਨ੍ਹਾਂ ਦਾ ਰਿਣੀ ਹੈ। ਉਨ੍ਹਾਂ ਨੇ ਪ੍ਰੀਤ, ਭਾਈਚਾਰਾ, ਉਪਾਸ਼ਨਾ, ਧਰਮ, ਨਿਆਂ, ਸਭ ਧਰਮਾਂ ਲਈ ਸਤਿਕਾਰ ਅਤੇ ਨਿਰਭੈਤਾ ਦਾ ਖੇਤਰ ਬਹੁਤ ਹੀ ਵਿਸ਼ਾਲ ਕਰ ਦਿੱਤਾ। ਇਹ ਉਹ ਸ਼ੋ੍ਮਣੀ ਗੁਣ ਹਨ ਜੋ ਮਨੁੱਖ ਨੂੰ ਦੈਵੀ ਪੱਧਰ ਤੇ ਲੈ ਜਾਂਦੇ ਹਨ। ਗੁਰੂ ਗੋਬਿੰਦ ਸਿੰਘ, ਬੇਇਨਸਾਫੀ ਦੇ ਵਿਰੁੱਧ ਜੂਝਦੇ ਕਦੇ ਵੀ ਨਾ ਝੁਕੇ ਨਾ ਲਿਫੇ। ਉਨ੍ਹਾਂ ਨੇ ਜ਼ਾਤ ਪਾਤ ਅਤੇ ਧਾਰਮਿਕ ਵਹਿਮਾਂ ਭਰਮਾਂ ਦੀ ਸਮਾਪਤੀ ਲਈ ਭਰਪੂਰ ਯਤਨ ਕੀਤੇ ਅਤੇ ਸਮਾਜਕ ਸਮਾਨਤਾ ਅਤੇ ਇਨਸਾਫ ਤੇ ਜ਼ੋਰ ਦਿੱਤਾ। (ਹਵਾਲਾ 'ਅਮਨ ਪੈਗ਼ੰਬਰ' ਲੇਖਕ ਡਾ.ਕੇ.ਐਸ. ਰਾਜੂ, ਪੰਨਾ-1)

ਜਨਮ ਮਰਨ ਦੋਹੂੰ ਮੈ ਨਾਹੀ
ਜਨ ਪਰਉਪਕਾਰੀ ਆਇ

ਵੱਖ ਵੱਖ ਉੱਘੇ ਵਿਅਕਤੀਆਂ ਦੇ ਵਿਚਾਰਾਂ ਨੂੰ ਪ੍ਰਗਟਾਂਦੀਆਂ ਉਕਤ ਸਾਰੀਆਂ ਸੰਖੇਪ ਟੂਕਾਂ ਮਹਾਨ ਗੁਰੂ ਦੀ ਮਹਾਨ ਸ਼ਖਸੀਅਤ ਦੇ ਕਈ ਮਹੱਤਵਪੂਰਣ ਪਹਿਲੂਆਂ ਤੇ ਸ਼ਾਨਦਾਰ ਰੌਸ਼ਨੀ ਪਾਉਂਦੀਆਂ ਹੋਈਆਂ ਉਨ੍ਹਾਂ ਦੀ ਅਦੁੱਤੀ ਸ਼ਖਸੀਅਤ ਨੂੰ ਉਭਾਰਦੀਆਂ ਤੇ ਸਤਿਕਾਰਦੀਆਂ ਹਨ।

ਗੁਰੂ ਦੁਲਾਰਿਆਂ ਦੇ ਕਰਤਵਾਂ ਦੀ ਜੈ ਜੈ ਕਾਰ

ਗੁਰੂ ਨਾਨਕ ਦੇਵ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਸਿੱਖ ਨੂੰ 10 ਗੁਰੂ ਸਾਹਿਬਾਨ ਦੀ ਅਦੁਤੀ ਸਰਪਰਸਤੀ ਅਤੇ ਜਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਅਗਵਾਈ ਸਦਕਾ ਸ਼ਾਨਦਾਰ ਜੀਵਨ ਜਾਚ ਪ੍ਰਾਪਤ ਹੋਈ ਤੇ ਫਿਰ ਉਸ ਜੀਵਨ ਜਾਚ ਤੇ ਅਮਲ ਕਰ ਕੇ ਇਤਿਹਾਸ ਦੇ ਪੰਨਿਆਂ ਵਿਚ ਸ਼ਾਨਦਾਰ ਚਿਤਰਣ ਚਿਤਰੇ ਗਏ। ਗੁਰੂ ਸਾਹਿਬਾਨ ਵਲੋਂ ਸਾਜਿਆ ਖ਼ਾਲਸਾ ਕਿਤਨਾ ਮਹਾਨ ਹੈ, ਵਿਲੱਖਣ ਹੈ, ਸ਼ਕਤੀਸ਼ਾਲੀ ਹੈ, ਕੁਰਬਾਨੀ ਦਾ ਪੁਤਲਾ ਹੈ, ਦੂਜੇ ਦੇ ਹਿਤਾਂ ਦੀ ਰਾਖੀ ਲਈ ਆਪਣਾ ਸਭ ਕੁਝ ਵਾਰ ਦੇਣ ਲਈ ਤੱਤਪਰ ਰਹਿਣ ਵਾਲਾ ਹੈ, ਇਸ ਸੰਬੰਧੀ ਝਾਤੀ ਮਾਰਨ ਲਈ ਅਗਲੇ ਕੁਝ ਪੰਨੇ ਮਦਦਗਾਰ ਹੋਣਗੇ।

ਸ੍ਰੀ ਕੈਨਥ ਮਾਰਕਸ ਤੇ ਸਿੱਖ

ਇੰਗਲੈਂਡ ਵਿਚ ਸਿੱਖਾਂ ਨੂੰ ਲੋਹ ਟੋਪ ਪਾਏ ਬਿਨਾਂ ਦੋ ਪਹੀਆ ਗਡੀਆਂ ਚਲਾਉਣ ਦੀ ਛੋਟ ਦਵਾਣ ਲਈ ਉਨ੍ਹਾਂ ਦੇ ਕੇਸ ਨੂੰ ਬਰਤਾਨੀਆ ਦੀ ਪਾਰਲੀਮੈਂਟ ਵਿਚ ਪਲੀਡ ਕਰਦਿਆਂ ਇੰਗਲੈਂਡ ਦੇ ਵਾਤਾਵਰਨ ਰਾਜ ਮੰਤਰੀ ਸ੍ਰੀ ਕੈਨਥ ਮਾਰਕਸ ਨੇ 23 ਜੂਨ 1976 ਨੂੰ ਇੰਗਲੈਂਡ ਦੀ ਪਾਰਲੀਮੈਂਟ ਵਿਚ ਸਿੰਘਾਂ ਤੇ ਉਨ੍ਹਾਂ ਦੇ ਧਰਮ ਦੀ ਖਾਕਾਕਸ਼ੀ ਕਰਦਿਆਂ ਕਿਹਾ: **''ਸਿੱਖ ਆਪਣੇ ਗੁਰੂਆਂ ਵਲੋਂ ਦਸੇ ਮਾਰਗ ਤੇ ਚਲਦਿਆਂ ਹੋਇਆਂ ਵਿੱਸ਼ਵ ਭਰ ਵਿਚ ਵਫ਼ਾਦਾਰ, ਕਾਨੂੰਨ ਦੇ ਪਾਬੰਧ ਤੇ ਪਿਆਰ ਭਾਵਨਾ ਵਾਲੇ ਲੋਕੀ ਹਨ''।**

ਆਪਿ ਤਰਿਆ ਕੁਟੰਬ ਸਭਿ ਤਾਰੇ॥
ਸਭਾ ਸ੍ਰਿਸਟਿ ਛਡਾਵੈ॥ (ਮ-5, ਪੰਨਾ-960)

ਕਾਜ਼ੀ ਨੂਰ ਮੁਹੰਮਦ ਤੇ ਸਿੱਖ

ਆਪਣੀ ਤਾਰੀਫ ਆਪ ਕਰਨ ਨਾਲ ਗੱਲ ਨਹੀਂ ਬਣਦੀ ਪਰ ਜੇ ਬਿਗਾਨਾ ਤਾਰੀਫ ਕਰੇ ਤਾਂ ਉਹ ਸੱਚੀ ਹੀ ਸਮਝਣੀ ਚਾਹੀਦੀ ਹੈ ਕਿਉਂਕਿ ਉਸ ਵਿਚ ਲੋੜ ਨਾਲੋਂ ਵਧ ਸੰਕੋਚ ਹੁੰਦਾ ਹੈ। ਆਓ ਇਤਿਹਾਸ ਦੀ ਮਦਦ ਨਾਲ ਇਸ ਸੰਕੋਚਵੀਂ ਤਾਰੀਫ ਦੇ ਵੀ ਦਰਸ਼ਨ ਕਰੀਏ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਤੇ ਬਹੁਤ ਹਮਲੇ ਕੀਤੇ ਅਤੇ ਜਦ ਉਹ ਵਿਸ਼ੇਸ਼ ਤੌਰ ਤੇ ਸਿੱਖਾਂ ਦੇ ਖਾਤਮੇ ਲਈ ਚੜ੍ਹਾਈ ਕਰਕੇ ਆਇਆ ਤਾਂ ਉਸ ਸਮੇਂ ਫਾਰਸੀ-ਅਰਬੀ ਦਾ ਪ੍ਰਸਿਧ ਲੇਖਕ ਤੇ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਵੀ ਉਸ ਦੇ ਨਾਲ ਸੀ। ਇਹ ਕਾਜ਼ੀ ਜੋ ਵੇਖਦਾ ਗਿਆ, ਲਿਖਦਾ ਗਿਆ। ਫਿਰ ਉਸ ਨੇ ਜੋ ਕਿਤਾਬ ਲਿਖੀ ਉਸ ਵਿਚ ਸਿੱਖਾਂ ਬਾਰੇ ਬੇਸ਼ੁਮਾਰ ਨਫ਼ਰਤ ਭਰੇ ਅਤੇ ਘਿਰਣਾ ਵਾਲੇ ਸ਼ਬਦ ਵਰਤੇ।

ਜਿਤਨੀਆਂ ਵੀ ਗਾਲ੍ਹਾਂ ਕੋਈ ਬੰਦਾ ਕਿਸੇ ਨੂੰ ਕੱਢ ਸਕਦਾ ਹੈ, ਉਹ ਕਾਜ਼ੀ ਨੂਰ ਮੁਹੰਮਦ ਨੇ ਸਿੱਖਾਂ ਨੂੰ ਕੱਢੀਆਂ ਹਨ ਤੇ ਥਾਂ ਪਰ ਥਾਂ ਇਨ੍ਹਾਂ ਲਈ 'ਸਗ' ਭਾਵ 'ਕੁੱਤਾ' ਸ਼ਬਦ ਦੀ ਵਰਤੋਂ ਕਰਕੇ ਉਸ ਆਪਣੀ ਨਫ਼ਰਤ ਭਰੀ ਭੜਾਸ ਕੱਢੀ ਹੈ। ਪਰ ਉਹ ਸਿੱਖਾਂ ਪ੍ਰਤੀ ਬੇਹੱਦ ਨਫਰਤ ਰਖਣ ਦੇ ਬਾਵਜੂਦ ਆਪਣੇ ਮਨ ਵਿਚ ਇਨ੍ਹਾਂ ਦੀਆਂ ਸਿਫਤਾਂ ਨੂੰ ਵੀ ਥੋੜ੍ਹੀ ਥੋੜ੍ਹੀ ਥਾਂ ਦਿੰਦਾ ਗਿਆ ਤੇ ਜਿਸ ਵਕਤ ਇਨ੍ਹਾਂ ਦੀਆਂ ਸਿਫਤਾਂ ਦਾ ਬਸਤਾ ਭਾਰਾ ਹੋ ਗਿਆ ਤਾਂ ਉਸ ਨੇ ਆਪਣੀ ਕਿਤਾਬ ਵਿਚ ਇਕ ਪੂਰਾ ਚੈਪਟਰ ਇਨ੍ਹਾਂ ਕਥਿਤ 'ਸਗਾਂ' ਬਾਰੇ ਲਿਖ ਦਿੱਤਾ ਤੇ ਸਿੱਖਾਂ ਦੀਆਂ ਸਿਫਤਾਂ ਦੀ ਬਹੁਤਾਤ ਦੇ ਭਾਰ ਥੱਲੇ ਆ ਕੇ ਉਸ ਨੂੰ ਗਾਲ੍ਹਾਂ ਤਾਂ ਭੁਲ ਗਈਆਂ ਤੇ ਸਿੱਖਾਂ ਦਾ ਅਸਲੀ ਗੁਣਵਾਨ ਰੂਪ ਚਿਤਰ ਕੇ ਹੀ ਉਹ ਸ਼ਾਂਤ ਹੋਇਆ।

ਉਸਨੇ ਜੋ ਕੁਝ ਲਿਖਿਆ ਹੈ ਉਸ ਦਾ ਸਾਰੰਸ਼ ਇਹ ਹੈ ਕਿ ਸਿੱਖ ਅਸੂਲਾਂ ਤੇ ਕਾਇਮ ਰਹਿਣ ਖਾਤਰ ਆਈ ਮੌਤ ਨੂੰ ਕੁਝ ਨਹੀਂ ਸਮਝਦੇ, ਗੁਰੂ ਗੋਬਿੰਦ ਨੇ ਇਨ੍ਹਾਂ ਨੂੰ ਇਵੇਂ ਹੀ ਸਮਝਾਇਆ ਹੈ। ਖੰਡੇ ਦਾ ਅੰਮ੍ਰਿਤ ਛਕ ਕੇ ਇਹ ਅਮਰ ਹੋ ਜਾਂਦੇ ਹਨ। ਲੜਾਈ ਵਿਚ ਜਦ ਜੂਝਦੇ ਹਨ ਤਾਂ ਫਿਰ ਕਿਆਮਤ ਲਿਆ ਦਿੰਦੇ ਹਨ। ਨਿਸ਼ਾਨਚੀ ਇੰਨੇ ਪਕੇ ਹਨ ਕਿ ਇਨ੍ਹਾਂ ਦਾ ਇਸ ਖੇਤਰ ਵਿਚ ਕੋਈ ਸਾਨੀ ਨਹੀਂ ਦਿਸਦਾ। ਕਾਜ਼ੀ ਲਿਖਦਾ ਹੈ ਕਿ ਮੈਨੂੰ ਇਹ ਲਿਖਣ ਵਿਚ ਰਤੀ ਭਰ ਵੀ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਮੈਂ ਇਸ ਗੱਲ ਤੋਂ ਨਾਵਾਕਫ ਹਾਂ ਕਿ ਬੰਦੂਕ ਕਿਸ ਨੇ ਬਣਾਈ ਪਰ ਇਸ ਦੇ ਚਲਾਉਣ ਦਾ ਹੁਨਰ ਸਿਰਫ ਸਿੱਖਾਂ ਦੇ ਹੱਥ ਹੀ ਆਇਆ ਹੈ। ਸਾਹਮਣੇ ਵੇਖ ਕੇ ਗੋਲੀ ਚਲਾਉਣਾ ਅਤੇ ਫਿਰ ਸਹੀ ਨਿਸ਼ਾਨਾ ਫੁੰਡਣਾ ਭਾਵੇਂ ਵੱਡੀ ਗੱਲ ਹੈ ਪਰ ਇਸ ਗੱਲ ਨੂੰ ਇਸ ਲਈ ਮੈਂ ਬਹੁਤ ਮਹੱਤਤਾ ਨਹੀਂ ਦੇਂਦਾ ਕਿਉਂਕਿ ਮੈਂ ਸਿੱਖਾਂ ਵਿਚ ਇਸ ਤੋਂ ਕਿਤੇ ਵਧ ਨਿਸ਼ਾਨਚੀ ਵੇਖੇ ਹਨ ਜਿਹੜੇ ਹਵਾ ਦੀ ਰਫਤਾਰ ਵਿਚ ਦੌੜਦੇ ਘੋੜਿਆਂ ਤੇ ਸਵਾਰ ਹੁੰਦੇ ਹੋਏ ਆਪਣੀ ਬੰਦੂਕ ਨੂੰ ਆਪਣੀ ਪਿਠ ਵਲ ਕਰਕੇ ਪਿੱਛੇ ਆ ਰਹੇ ਦੁਸ਼ਮਣ ਦੇ ਮੂੰਹ ਵਿਚੋਂ ਨਿਕਲੀ ਅਵਾਜ਼ ਨੂੰ ਨਿਸ਼ਾਨਾ ਬਣਾ ਕੇ ਅਜਿਹਾ ਵਾਰ ਕਰਦੇ ਹਨ ਕਿ ਦੁਸ਼ਮਣ ਦੀ ਉਹ ਆਵਾਜ਼ ਆਖਰੀ ਅਵਾਜ਼ ਬਣ ਕੇ ਰਹਿ ਜਾਂਦੀ ਹੈ। ਇਸ ਲਈ ਇਨ੍ਹਾਂ ਨੂੰ "ਕੁੱਤਾ" ਕਹਿਣਾ ਠੀਕ ਨਹੀਂ ਸਗੋਂ ਇਹ ਤਾਂ ਰਣ ਭੂਮੀ ਦੇ ਸ਼ੇਰ ਹਨ। ਜੇਕਰ ਕਿਸੇ ਨੇ ਜੰਗ ਦੇ ਹੁਨਰ ਦੀ ਤਰਬੀਅਤ (ਟ੍ਰੇਨਿੰਗ) ਲੈਣੀ ਹੋਵੇ ਤਾਂ ਉਹ ਜੰਗ ਦੇ ਦਾਅ ਪੇਚ ਇਨ੍ਹਾਂ ਤੋਂ ਹੀ ਸਿੱਖ ਸਕਦਾ ਹੈ। ਭਾਵੇਂ ਰਣ ਵਿਚ ਜੂਝਣ ਲਈ ਇਹ ਸ਼ੇਰ ਹਨ ਫਿਰ ਵੀ ਅਮਨ ਅਮਾਨ ਵੇਲੇ ਇਹ ਦਇਆ ਦੀਆਂ ਮੂਰਤੀਆਂ ਬਣ ਜਾਂਦੇ ਹਨ ਅਤੇ ਸਖਾਵਤ ਵਿਚ ਹਾਤਮ ਤਾਈਆਂ ਨੂੰ ਪਿੱਛੇ ਸੁਟਦੇ ਹਨ। ਜੇ ਦੁਸ਼ਮਣ ਨੇ ਵੀ ਕਦੇ ਆਪਣੇ ਮਜ਼ਲੂਮ ਹੋਣ ਦੀ ਵਾਰਤਾ ਇਨ੍ਹਾਂ ਪਾਸ ਆ ਕੇ ਸੁਣਾਈ ਹੋਵੇ ਤਾਂ ਇਹ ਸਭ ਵੈਰ ਵਿਰੋਧ ਭੁਲ ਕੇ ਉਸ ਦੀ ਮਦਦ ਲਈ ਮੈਦਾਨੇ-ਜੰਗ ਵਿਚ ਜਾ ਖੰਡਾ ਖੜਕਾਉਂਦੇ ਹਨ। ਇਹ ਕਿਸੇ ਵੀ ਲੋੜਵੰਦ ਦੇ ਇਤਬਾਰੀ ਸਾਥੀ ਹਨ ਤੇ ਗਰੀਬਾਂ ਦੇ ਮਦਦਗਾਰ ਹਨ।

ਕਾਜ਼ੀ ਨੂਰ ਮੁਹੰਮਦ ਇਹ ਵੀ ਕਹਿੰਦਾ ਹੈ ਕਿ ਸਿੱਖਾਂ ਨੇ ਚੋਰੀ ਨਹੀਂ ਸਿਖੀ ਅਤੇ ਨਾ ਹੀ ਉਹ ਕਿਸੇ ਦੀ ਧੀ ਭੈਣ ਦੀ ਇਜ਼ਤ ਨੂੰ ਹੱਥ ਪਾਉਂਦੇ ਹਨ। ਅਜਿਹਾ ਕਰਨਾ ਇਨ੍ਹਾਂ ਨੂੰ ਧਰਮ ਵਲੋਂ ਵਿਵਰਜਤ ਹੈ ਅਤੇ ਹਰ ਸਿੱਖ ਇਸ ਰਹਿਤ ਵਿਚ ਪੂਰਾ ਸੂਰਾ ਹੈ। ਇਹ

ਇਖਲਾਕ ਦੇ ਇਤਨੇ ਉਚੇ ਹਨ ਕਿ ਲੁਟੇਰੇ ਤੇ ਕਾਮੀ ਪੁਰਸ਼ ਦੀ ਸੰਗਤ ਹੀ ਨਹੀਂ ਕਰਦੇ। ਸਚਾਈ ਇਨ੍ਹਾਂ ਦਾ ਧਰਮ ਹੈ ਤੇ ਇਸ ਨੂੰ ਇਹ ਕਦੀ ਵੀ ਹਥੋਂ ਨਹੀਂ ਜਾਣ ਦੇਂਦੇ। ਦੁਸ਼ਮਣ ਦੀਆਂ ਔਰਤਾਂ ਤੇ ਬਚਿਆਂ ਨੂੰ ਮਾਰਨਾ ਅਪਰਾਧ ਸਮਝਦੇ ਹਨ ਸਗੋਂ ਉਨ੍ਹਾਂ ਦੀ ਸੁਰਖਿਆ ਲਈ ਯਤਨਸ਼ੀਲ ਰਹਿੰਦੇ ਹਨ। 'Soldierly Traditions of the Sikhs' ਦਾ ਲੇਖਕ ਉੱਘਾ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਕਾਜ਼ੀ ਨੂਰ ਮੁਹੰਮਦ ਦੀ ਪੁਸਤਕ 'ਜੰਗ ਨਾਮੇ' ਦੇ ਹਵਾਲੇ ਵਿਚ ਸਿੱਖਾਂ ਦੀ ਬਹਾਦਰੀ ਦੀਆਂ ਕਈ ਹੋਰ ਅਨੋਖੀਆਂ ਦਾਸਤਾਨਾਂ ਦਸਦਿਆਂ ਆਪਣੀ ਉਕਤ ਪੁਸਤਕ ਵਿਚ ਲਿਖਦਾ ਹੈ ਕਿ "ਹਰ ਸਿੱਖ ਦਾ ਸਰੀਰ ਇਕ ਚਟਾਨ ਵਾਂਗ ਪ੍ਰਤੀਤ ਹੁੰਦਾ ਹੈ ਅਤੇ ਸੂਰਮਗਤੀ ਵਿਚ ਇਹ 50 ਆਦਮੀਆਂ ਨੂੰ ਮਾਤ ਪਾਉਂਦਾ ਹੈ। ਸਿੱਖ ਜੰਗ ਵਿਚ ਨਾਮਰਦ (ਡਰਪੋਕ) ਨੂੰ ਨਹੀਂ ਮਾਰਦੇ ਅਤੇ ਰਣ ਭੂਮੀ ਵਿਚੋਂ ਨਸ ਜਾਣ ਵਾਲੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਤੇ ਨਾ ਹੀ ਉਸ ਦੇ ਨਸਣ ਵਿਚ ਕੋਈ ਰੋੜਾ ਅਟਕਾਉਂਦੇ ਹਨ। ਇਹ ਕਿਸੇ ਔਰਤ ਤੋਂ ਉਸ ਦੇ ਗਹਿਣੇ ਜਾਂ ਸੋਨਾ ਆਦਿ ਨਹੀਂ ਖੋਹੰਦੇ ਭਾਵੇਂ ਉਹ ਮਹਾਰਾਣੀ ਹੋਵੇ ਜਾਂ ਦਾਸੀ। ਇਨ੍ਹਾਂ 'ਕੁਤਿਆਂ' ਵਿਚ ਵਿਭਚਾਰ ਦੀ ਆਦਤ ਬਿਲਕੁਲ ਹੀ ਨਹੀਂ ਤੇ ਔਰਤ ਦਾ ਸਤਿਕਾਰ ਕਰਦੇ ਹੋਏ ਉਸ ਨੂੰ 'ਬੁਜ਼ੀ' ਕਹਿ ਤੇ ਬੁਲਾਂਦੇ ਹਨ ਭਾਵੇਂ ਉਹ ਜਵਾਨ ਮੁਟਿਆਰ ਹੀ ਕਿਉਂ ਨਾ ਹੋਵੇ।"

ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ ॥ (ਮ-1, ਪੰਨਾ-62)

ਕਾਜ਼ੀ ਨੂਰ ਮੁਹੰਮਦ ਦੀਆਂ ਨਜ਼ਰਾਂ ਵਿਚ ਸਿੱਖਾਂ ਦੇ ਸਮੁਚੇ ਆਚਰਣ ਦੀ ਕਿਹੀ ਸ਼ਾਨਦਾਰ ਤਸਵੀਰ ਸਿਰਜੀ ਪਈ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਭਰਪੂਰ ਕਿਰਪਾ ਦਾ ਹੀ ਪ੍ਰਤਾਪ ਹੈ ਕਿ ਉਨ੍ਹਾਂ ਨੇ ਖਾਲਸੇ ਦੇ ਨਿਰਮਾਣ ਸਮੇਂ ਉਸ ਦੇ ਕਾਮ ਨੂੰ ਭਰਵੇਂ ਸੰਜਮ ਵਿਚ ਬੰਨਦਿਆਂ ਹੋਇਆਂ ਉਸ ਨੂੰ ਪਕੀ ਪੀਂਡੀ ਹਦਾਇਤ ਕੀਤੀ ਸੀ ਕਿ :-

ਨਿਜ ਨਾਰੀ ਕੇ ਸੰਗ ਪ੍ਰੇਮ ਤੁਮ ਨਿਤ ਬਡਿਯੋ॥
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨਾ ਜਯੀਓ॥

ਇਸ ਹਦਾਇਤ ਨਾਲ ਸਿੱਖ ਵਿਚ ਬਹੁਤ ਸੰਜਮੀ ਤੇ ਜ਼ਾਬਤੇ ਵਾਲਾ ਮਾਣਜਨਕ ਇਖਲਾਕ ਸਿਰਜਤ ਹੋਇਆ ਜਿਸ ਦਾ ਅਸਰ ਅੱਜ ਵੀ ਸਾਖਿਆਤ ਨਜ਼ਰ ਆਉਂਦਾ ਹੈ। ਜੇ ਕਰ ਏਡਜ਼ ਦੀ ਮਾਰੂ ਬਿਮਾਰੀ ਵਿਚ ਦਿਨ ਬਦਿਨ ਗਰਕ ਹੋ ਰਿਹਾ ਮਾਨਵੀ ਸਮਾਜ ਅੱਜ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਉਕਤ ਨਿਰਧਾਰਤ ਜ਼ਾਬਤੇ ਤੇ ਅਮਲ ਕਰਨਾ ਪ੍ਰਾਰੰਭ ਕਰ ਦੇਵੇ ਤਦ ਹੁਣ ਵੀ ਇਸ ਮੁਹਲਕ (ਮਾਰੂ) ਬੀਮਾਰੀ ਤੋਂ ਸੰਸਾਰ ਦੀ ਮੁਕਤੀ ਸੰਭਵ ਹੋ ਸਕਦੀ ਹੈ। ਇਸ ਉਪਦੇਸ਼ ਨੂੰ ਗ੍ਰਹਿਣ ਕਰ ਕੇ ਅਮਲ ਕਰਨ ਨਾਲ ਮਨੁੱਖਤਾ ਦਾ ਕਲਿਆਨ ਹੈ ਤੇ ਇਸੇ ਵਿਚ ਹੀ ਉਸਦਾ ਭਲਾ ਹੈ।

ਇਹ ਠੀਕ ਹੈ ਕਿ ਕਾਜ਼ੀ ਦੇ ਉਕਤ ਵਿਅਕਤ ਵਿਚਾਰ, ਸਿੱਖਾਂ ਦੇ ਸ਼ਾਨਦਾਰ ਕਿਰਦਾਰ ਦੀ ਮਨਮੋਹਣੀ ਤਸਵੀਰ ਉਘਾੜਦੇ ਹਨ ਪਰ ਪਾਠਕਾਂ ਦੀ ਦਿਲਚਸਪੀ ਲਈ ਕਾਜ਼ੀ ਦੀ ਮੂਲ ਲਿਖਤ ਦਾ ਪੰਜਾਬੀ ਵਿਚ ਅਨੁਵਾਦਤ ਕੁਝ ਸੰਖੇਪ ਜਿਹਾ ਭਾਗ ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਇਤਿਹਾਸਕ ਖੋਜ' ਵਿਚੋਂ ਇਥੇ ਦਿੱਤਾ ਜਾਂਦਾ ਹੈ।

ਧਰਮ ਯੁਧ ਸਮੇਂ 'ਸਗਾਂ' (ਕੁਤਿਆਂ) ਦੀ ਮਰਦਾਨਗੀ ਦੇ ਬਿਆਨ ਵਿਚ:

ਸਿੰਘਾਂ ਨੂੰ 'ਸਗ' ਨਾ ਕਹਿ ਕਿਉਂਕਿ ਉਹ ਸ਼ੇਰ ਹਨ। ਉਹ ਮਰਦਾਂ ਦੇ ਮਰਦਾਨ ਸ਼ੇਰਾਂ ਵਾਂਗ ਦਲੇਰ ਹਨ। ਭਲਾ ਕੋਈ ਰਣ ਦਾ ਸੂਰਮਾ ਜੋ ਲੜਾਈ 'ਚ ਸ਼ੀਂਹ ਵਾਂਗ ਬੁਕੇ ਉਹ ਕਦੇ ਸਗ ਹੋ ਸਕਦਾ ਹੈ? ਜੇਕਰ ਤੈਨੂੰ ਲੜਾਈ ਦਾ ਕਸਬ ਸਿੱਖਣ ਦਾ ਚਾਅ ਹੈ ਤਾਂ ਰਣ ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ, ਉਹ ਤੈਨੂੰ ਜੰਗ ਦੇ ਐਸੇ ਐਸੇ ਢੰਗ ਸਿਖਾਉਣਗੇ ਕਿ ਸਾਰੇ ਵਾਹ ਵਾਹ ਪਏ ਕਰਨਗੇ। ਏ ਤਲਵਾਰੀਏ ਜੇ ਕਰ ਤੈਨੂੰ ਜੰਗ ਦਾ ਹੁਨਰ ਸਿਖਣ ਦਾ ਚਾਅ ਹੈ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਸ ਤਰ੍ਹਾਂ ਲੜਾਈ ਵਿਚੋਂ ਆਪਣੇ ਆਪ ਨੂੰ ਸਾਫ ਬਚਾ ਕੇ ਲੈ ਜਾਣਾ ਚਾਹੀਦਾ ਹੈ। ਇਨ੍ਹਾਂ ਦਾ ਲਕਬ (ਖਤਾਬ) "ਸਿੰਘ" ਹੈ। ਇਹ ਨਿਆਓਂ ਦੀ ਗੱਲ ਨਹੀਂ ਕਿ ਇਨ੍ਹਾਂ ਨੂੰ ਸਗ (ਕੁੱਤਾ) ਕਿਹਾ ਜਾਵੇ। ਹਿੰਦ ਦੀ ਬੋਲੀ ਵਿਚ 'ਸਿੰਘ' ਸ਼ੇਰ ਨੂੰ ਕਹਿੰਦੇ ਹਨ ਅਤੇ ਲੜਾਈ ਦੇ ਸਮੇਂ ਤਾਂ ਇਹ ਸਚ ਮੁਚ ਹੀ ਸ਼ੇਰ ਹਨ ਤੇ ਮੌਜ ਮੇਲੇ ਦੇ ਸਮੇਂ ਹਾਤਮ ਨੂੰ ਵੀ ਪਿੱਛੇ ਸੁਟ ਜਾਂਦੇ ਹਨ।

ਜਦ ਇਹ ਹੱਥ ਵਿਚ ਤਲਵਾਰ ਫੜਦੇ ਹਨ ਤਾਂ ਸਿੰਘ ਤੀਕ ਮਾਰੋ ਮਾਰ ਕਰਦੇ ਚਲੇ ਜਾਂਦੇ ਹਨ । ਕੋਈ ਆਦਮੀ ਇਨ੍ਹਾਂ ਦੇ ਸਾਹਮਣੇ ਅੜ ਨਹੀਂ ਸਕਦਾ, ਭਾਵੇਂ ਉਹ ਕਿਡਾ ਹੀ ਜਰਵਾਣਾ ਕਿਉਂ ਨਾ ਹੋਵੇ। ਜਦ ਇਹ ਹੱਥ ਵਿਚ ਨੇਜਾਂ ਫੜਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਂਜ ਪਾ ਦੇਂਦੇ ਹਨ। ਜਦ ਉਹ ਨੇਜ਼ੇ ਦੀ ਅਣੀ ਉਤਾਂਹ ਨੂੰ ਚੁਕਦੇ ਹਨ ਤਾਂ ਅੱਗੇ ਭਾਵੇਂ ਕੋਹ ਕਾਫ (ਪਹਾੜ) ਹੋਵੇ ਇਹ ਉਸ ਨੂੰ ਵੀ ਲੀਰਾਂ ਲੀਰਾਂ ਕਰ ਦੇਂਦੇ ਹਨ। ਜਦ ਇਹ ਕਮਾਨ ਦਾ ਚਿਲਾ ਚਾੜ੍ਹਦੇ ਹਨ ਤੇ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰਖਦੇ ਹਨ ਤੇ ਫਿਰ ਚਿਲ੍ਹਾ ਖਿਚ ਕੇ ਕੰਨ ਤੀਕ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਥਰਥਰ ਕੰਬਣ ਲਗ ਜਾਂਦਾ ਹੈ। ਜਦ ਇਨ੍ਹਾਂ ਦਾ ਤਬਰ ਚਿਲਤ ਉਤੇ ਪੈਂਦਾ ਹੈ ਤਾਂ ਵੈਰੀ ਲਈ ਉਹ ਚਿਲਤ ਹੀ ਕਫਣ ਬਣ ਜਾਂਦਾ ਹੈ।

ਇਨ੍ਹਾਂ ਦਾ ਸਰੀਰ ਦੇਖੋ ਤਾਂ ਹਰ ਇਕ ਇਓਂ ਜਾਪਦਾ ਹੈ ਜੀਕੂੰ ਕਿਸੇ ਪਹਾੜੀ ਦਾ ਟਿਲਾ ਅਤੇ ਡੀਲ ਡੌਲ ਵਿਚ ਇਕ ਇਕ ਪੰਜਾਹ ਮਰਦਾਂ ਤੋਂ ਵਧੀਕ ਹੈ। ਕਹਿੰਦੇ ਹਨ ਕਿ ਬਹਿਰਾਮ ਗੌਰ ਸ਼ੇਰਾਂ ਦਾ ਸ਼ਿਕਾਰ ਕਰਦਾ ਸੀ ਤੇ ਉਨ੍ਹਾਂ ਦੀਆਂ ਚੀਕਾਂ ਕੱਢ ਦੇਂਦਾ ਸੀ ਪਰ ਜੇ ਕਰ ਬਹਿਰਾਮ ਗੌਰ ਇਨ੍ਹਾਂ ਦੇ ਸਾਹਮਣੇ ਆ ਜਾਵੇ ਤਾਂ ਉਹ ਵੀ ਇਨ੍ਹਾਂ ਅੱਗੇ ਸਿਰ ਨੀਵਾਂ ਕਰ ਦੇਵੇ।

ਲੜਾਈ ਦੇ ਸਮੇਂ ਜਦ ਇਹ ਬੰਦੂਕ ਫੜਦੇ ਹਨ ਤਾਂ ਸ਼ੇਰਾਂ ਵਾਂਗ ਬੁਕਦੇ ਹਨ, ਪੈਲਾਂ ਪਾਉਂਦੇ ਰਣ ਭੂਮੀ ਵਿਚ ਆਉਂਦੇ ਹਨ ਤੇ ਆਉਂਦੇ ਹੀ ਕਈਆਂ ਦੇ ਸੀਨੇ ਚੀਰ ਸੁਟਦੇ ਹਨ ਤੇ ਕਈਆਂ ਦਾ ਲਹੂ ਮਿੱਟੀ ਵਿਚ ਮਿਲਾਉਂਦੇ ਹਨ। ਇਹੋ ਸਮਝੋ ਕਿ ਇਹ ਬੰਦੂਕ ਕਿਸੇ ਪਿਛਲੇ ਸਮੇਂ ਵਿਚ ਇਨ੍ਹਾਂ ਨੇ ਹੀ ਬਣਾਈ ਹੋਵੇਗੀ ਲੁਕਮਾਨ ਨੇ ਨਹੀਂ ਬਣਾਈ ਹੋਣੀ। ਭਾਵੇਂ ਬੰਦੂਕਾਂ ਤਾਂ ਹਰ ਕਿਸੇ ਪਾਸ ਬਥੇਰੀਆਂ ਹਨ ਪਰ ਇਨ੍ਹਾਂ ਨਾਲੋਂ ਵਧ ਕੇ ਇਸ ਦਾ ਜਾਣਨ ਵਾਲਾ ਕੋਈ ਨਹੀਂ। ਇਹ ਸੱਜੇ, ਖੱਬੇ, ਲਗਾਤਾਰ ਗੋਲੀਆਂ ਦਾਗੀ ਜਾਂਦੇ ਹਨ। ਜੇਕਰ ਮੇਰੀ ਗੱਲ ਦਾ ਨਿਸ਼ਚਾ ਨਹੀਂ ਤਾਂ ਲੜਾਈ ਕਰਨ ਵਾਲਿਆਂ ਪਾਸੋਂ ਪੁਛ ਵੇਖੋ ਉਹ ਮੈਥੋਂ ਵੀ ਵਧ ਵਧ ਕੇ ਦਸਣਗੇ ਤੇ ਉਨ੍ਹਾਂ ਦੇ ਯੁਧ ਦੇ ਢੰਗ ਨੂੰ ਸਲਾਹੁਣਗੇ। ਮੇਰੀ ਗੱਲ ਦੇ ਗਵਾਹ ਉਹ 30000 ਸੂਰਮੇ ਵੀ ਹਨ ਜੋ ਲੜਾਈ ਵਿਚ ਇਨ੍ਹਾਂ ਨਾਲ ਲੜ ਚੁਕੇ ਹਨ।

ਜੇ ਕਰ ਇਹ ਨਸ ਉਠਣ ਤਾਂ ਇਸ ਨੂੰ ਇਨ੍ਹਾਂ ਦੀ ਭਾਂਜ ਨਾ ਸਮਝ ਕਿ ਇਹ ਵੀ ਇਨ੍ਹਾਂ ਦੀ ਲੜਾਈ ਦਾ ਇਕ ਢੰਗ ਹੈ। ਵੇਖੀ ਇਨ੍ਹਾਂ ਦੀ ਇਸ ਢਾਹੀ ਤੋਂ ਬਚੀਂ। ਇਹ ਢੰਗ ਇਸ ਲਈ ਕੀਤਾ ਜਾਂਦਾ ਹੈ ਕਿ ਵੈਰੀ ਤਕੜਾ ਹੋ ਕੇ ਇਨ੍ਹਾਂ ਦੇ ਮਗਰ ਪੈਂਦਾ ਹੈ ਤੇ ਆਪਣੇ ਲਸ਼ਕਰ ਤੋਂ ਅੱਡ ਹੋ ਕੇ ਸਹਾਇਤਾ ਤੋਂ ਦੂਰ ਚਲਿਆ ਜਾਂਦਾ ਹੈ ਤਦ ਇਹ ਪਿੱਛੇ ਮੁੜ ਪੈਂਦੇ ਹਨ ਤੇ ਫਿਰ ਪਾਣੀ ਵਿਚ ਵੀ ਅੱਗ ਲਾ ਦੇਂਦੇ ਹਨ। ਤੂੰ ਨਹੀਂ ਵੇਖਿਆ ਕਿ ਲੜਾਈ ਸਮੇਂ ਆਪਣੇ ਖਾਨ ਦੇ ਅੱਗੇ ਇਹ ਚਲਾਕੀ ਨਾਲ ਨਸ ਉਠੇ ਤੇ ਫਿਰ ਪਿੱਛੇ ਮੁੜ ਕੇ ਉਸ ਨੂੰ ਚਹੁੰ ਤਰਫੋਂ ਘੇਰ ਲਿਆ। ਤਦ ਉਹ ਸੂਰਮਾ ਘੋੜੇ ਤੋਂ ਉਤਰ ਕੇ ਪੈਦਲ ਹੋ ਗਿਆ ਤੇ ਤੀਰਾਂ ਤੇ ਗੋਲੀਆਂ ਨਾਲ ਲੜਾਈ ਕਰਨ ਲੱਗਾ ਅਤੇ ਆਪਣੀ ਬਹਾਦਰੀ ਨਾਲ ਉਨ੍ਹਾਂ ਦੇ ਵਿਚਕਾਰੋਂ ਬਚ ਕੇ ਨਿਕਲ ਹੀ ਆਇਆ।

ਐ ਸੂਰਮੇ ਤੂੰ ਆਪ ਹੀ ਨਿਆਓਂ ਕਰ ਕਿ ਇਨ੍ਹਾਂ ਦੀ ਲੜਾਈ ਕੈਸੀ ਹੈ ਤੇ ਫੌਜ ਕੈਸੀ ਹੈ। ਇਨ੍ਹਾਂ ਪਸ਼ੌਰ ਤੇ ਮੁਲਤਾਨ ਨੂੰ ਜਾ ਸੋਧਿਆ ਤੇ ਸ਼ਹਿਰ ਅੰਦਰ ਵੜ ਕੇ ਸ਼ਹਿਰ ਨੂੰ ਲੁਟ ਖਾਧਾ। ਇਹ ਉਥੋਂ ਬੜਾ ਮਾਲ ਲਿਆਏ ਹਨ। ਮੇਰਾ ਦਿਲ ਕਰਦਾ ਹੈ ਕਿ ਉਹ ਗਲਾਂ ਦਸਾਂ ਜੋ ਇਨ੍ਹਾਂ ਨੇ ਉਥੇ ਕੀਤੀਆਂ ਹਨ। ਕਰਤਾਰ ਨੇ ਜਦ ਦੀ ਇਹ ਸਰਿਸ਼ਟੀ ਸਾਜੀ ਹੈ ਤਦ ਤੋਂ ਲੈ ਕੇ ਅੱਜ ਤਕ ਕਿਸੇ ਨੇ ਮੁਲਤਾਨ ਦੀ ਬਾਬ ਐਸੀ ਨਹੀਂ ਕੀਤੀ ਸੀ ਪਰ ਰਬ ਦੀ ਮਰਜ਼ੀ ਹੀ ਐਸੀ ਸੀ। ਇਸ ਲਈ ਮੇਰੀ ਤੇਰੀ ਇਸ ਵਿਚ ਕੀ ਮਜਾਲ ਹੈ।

ਇਨ੍ਹਾਂ ਦੀ ਲੜਾਈ ਤੋਂ ਵਧ ਕੇ ਇਕ ਹੋਰ ਗੱਲ ਵੀ ਸੁਣ ਜਿਸ ਵਿਚ ਇਹ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਵਧੇ ਹੋਏ ਹਨ। ਇਹ ਨਾਮਰਦ (ਜੋ ਲੜਾਈ ਵਿਚ ਹਥਿਆਰ ਰਖ ਦੇਵੇ) ਨੂੰ ਕਦੇ ਨਹੀਂ ਮਾਰਦੇ, ਨਾ ਹੀ ਨਸੇ ਜਾਂਦੇ ਨੂੰ ਵਲਦੇ ਹਨ। ਨਾ ਹੀ ਕਿਸੇ ਤਰੀਮਤ ਦਾ ਗਹਿਣਾ ਜਾਂ ਰੁਪਿਆ ਲੁਟਦੇ ਹਨ ਭਾਵੇਂ ਉਹ ਸੁਆਣੀ ਹੋਵੇ ਤੇ ਭਾਵੇਂ ਉਹ ਗੋਲੀ ਬਾਂਦੀ ਹੋਵੇ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ। ਨਾ ਹੀ ਇਹ ਚੋਰੀ ਕਰਦੇ ਹਨ । ਤਰੀਮਤ ਭਾਵੇਂ ਜਵਾਨ ਹੋਵੇ ਭਾਵੇਂ ਬੁੱਢੀ, ਉਸ ਨੂੰ 'ਬੁੜੀ' ਹੀ ਆਖਦੇ ਹਨ । ਹਿੰਦੀ ਵਿਚ ਬੁੜੀ ਦੇ ਅਰਥ ਹਨ ਵੱਡੀ ਉਮਰ ਵਾਲੀ ਤਰੀਮਤ। ਇਹ ਨਾ ਚੋਰੀ ਕਰਦੇ ਹਨ ਤੇ ਨਾ ਹੀ ਚੋਰ ਜਾਂ ਸੰਨ੍ਹ ਮਾਰਨ ਵਾਲੇ ਨੂੰ ਮਿੱਤਰ ਬਣਾਉਂਦੇ ਹਨ।" (ਹਵਾਲਾ ਇਤਿਹਾਸਕ ਖੋਜ ਪੰਨਾ 499-501)

ਕਾਜ਼ੀ ਨੂਰ ਮੁਹੰਮਦ ਦੇ ਵਿਚਾਰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਸਿੰਘ, ਧਰਮ, ਦੇਸ਼ ਕੌਮ ਤੇ ਨੇਕ ਕਦਰਾਂ ਕੀਮਤਾਂ ਦੀ ਬਹਾਲੀ ਤੇ ਬਰਕਰਾਰੀ ਲਈ ਕਿਸ ਤਰ੍ਹਾਂ ਸੂਰਮਿਆਂ ਵਾਂਗ ਜੰਗਾਂ ਵਿਚ ਜੂਝਦੇ ਰਹੇ ਅਤੇ ਇਹ ਵੀ ਕਿ ਇਹ ਇਤਨੇ ਉਚ ਪਾਏ ਦੇ ਇਖਲਾਕੀ ਜੀਵਨ ਦੇ ਧਾਰਨੀ ਹਨ ਕਿ ਦੁਸ਼ਮਣ ਵੀ ਇਨ੍ਹਾਂ ਦੀ ਤਾਰੀਫ ਕੀਤੇ ਬਿਨਾਂ ਨਹੀਂ ਰਹਿ ਸਕਿਆ। ਇਹ ਠੀਕ ਹੈ ਕਿ ਕਾਜ਼ੀ ਨੇ ਸਿੱਖਾਂ ਦੇ ਉਚੇ ਸੁਚੇ ਜੀਵਨ ਦੇ ਕੁਝ ਪੱਖਾਂ ਦੀ ਰਜ ਕੇ ਤਾਰੀਫ ਕੀਤੀ ਹੈ ਜਿਨ੍ਹਾਂ ਦੇ ਉਸਨੂੰ ਦਰਸ਼ਨ ਹੋਏ ਹਨ ਪਰ ਸਿੱਖ ਦੀ ਜ਼ਿੰਦਗੀ ਵਿਚ ਇਖਲਾਕੀ ਉਚਤਾ ਤੋਂ ਇਲਾਵਾ ਅਧਿਆਤਮਿਕ ਉਚਤਾ ਵੀ ਕਮਾਲ ਦਰਜੇ ਦੀ ਹੈ, ਜਿਸ ਨੇ ਉਸ ਨੂੰ ਇਹ ਭਰਵੀਂ ਤੇ ਜ਼ਾਬਤਾ-ਬੱਧ ਜੀਵਨ-ਜਾਚ ਸਿਖਾਈ ਹੈ। ਇਸ ਜ਼ਾਬਤਾ-ਬਧ ਤੇ ਉਚ ਪਾਏ ਦੀ ਜੀਵਨ ਜਾਚ ਦੀ ਵੀ ਇਕ ਸੰਖੇਪ ਮਿਸਾਲ ਪੇਸ਼ ਹੈ।

ਸ਼ਾਂਤ ਚਿਤ ਰਹਿ ਕੇ ਕੁਰਬਾਨੀ ਦੇਣ ਦਾ ਹੁਨਰ

ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਗਵਰਨਰ ਪੰਜਾਬ ਨਾਲ ਲੱਗੇ ਵਿਸ਼ੇਸ਼ ਉਚ ਅਧਿਕਾਰੀ ਅੰਗਰੇਜ਼ ਵਿਲੀਅਮ ਵਾਰਬਰਟ ਦੀ ਡਿਊਟੀ ਗੁਰੂ ਕੇ ਬਾਗ ਦੇ ਮੋਰਚੇ ਸੰਬੰਧੀ ਗਵਰਨਰ ਨੂੰ ਖੁਫੀਆ ਰਿਪੋਰਟਾਂ ਭੇਜਣਾ ਸੀ। ਉਨ੍ਹਾਂ ਰਿਪੋਰਟਾਂ ਵਿੱਚ ਉਸਨੇ ਸਿੱਖਾਂ ਬਾਰੇ ਸਿਫਤਾਂ ਦੇ ਪੁਲ ਬੰਨਦਿਆਂ ਹੋਇਆਂ ਲਿਖਿਆ ਕਿ **'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ'** ਦੀ ਭਾਵਨਾ ਸਿੱਖ ਗੁਰੂ ਸਾਹਿਬਾਨ ਨੇ ਸਿੰਘਾਂ ਵਿਚ ਕੁਟ ਕੁਟ ਕੇ ਭਰੀ ਹੈ। ਵਾਰਬਰਟ ਵਲੋਂ ਆਪਣੀਆਂ ਰਿਪੋਰਟਾਂ ਵਿਚ ਸਿੱਖਾਂ ਦੀਆਂ ਨਿਤ ਨਵੀਆਂ ਤਾਰੀਫਾਂ ਲਿਖੇ ਜਾਣ ਨਾਲ ਗਵਰਨਰ ਪੰਜਾਬ ਨੂੰ ਪਰੇਸ਼ਾਨੀ ਹੋਈ ਤੇ ਉਸ ਨੇ ਉਸਨੂੰ ਲਾਹੌਰ ਤਲਬ ਕਰਕੇ ਸਿੱਖਾਂ ਦੇ ਹੱਕ ਵਿਚ ਤੇ ਸਿੱਖੀ ਪ੍ਰਤੀ ਬੜੀ ਚੰਗੀ ਅਕੀਦਤ ਵਾਲੀਆਂ ਰਿਪੋਰਟਾਂ ਭੇਜਣ ਲਈ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ। ਪਰ ਗੱਲ ਨੂੰ ਮੁਕਾਂਦਿਆਂ ਹੋਇਆਂ ਸਰ ਵਿਲੀਅਮ ਵਾਰਬਰਟ ਨੇ ਉਸ ਵੇਲੇ ਦੇ ਗਵਰਨਰ ਪੰਜਾਬ ਨੂੰ ਸਿੱਖੀ 'ਤੇ ਅਧਾਰਤ ਸਿੱਖ ਇਖਲਾਕ ਦੇ ਹਵਾਲੇ ਵਿੱਚ ਇਹ ਕਿਹਾ ਕਿ ਸਿੱਖ ਲੋਕੀ ਇਖਲਾਕ ਦੇ ਇਤਨੇ ਉਚੇ ਸੁੱਚੇ ਤੇ ਮਾਨਵਤਾ ਪ੍ਰਤੀ ਹਮਦਰਦੀ ਤੇ ਅਪਣਤ ਰਖਣ ਵਾਲੇ ਹਨ ਕਿ ਮੈਂ ਇਨ੍ਹਾਂ ਨਾਲ ਟੱਕਰ ਲੈਂਦਾ ਹੋਇਆ ਵੀ ਆਪਣੀ ਬੀਵੀ ਤੇ ਬੱਚੇ ਇਨ੍ਹਾਂ ਦੀ ਹਿਫਾਜ਼ਤ ਵਿਚ ਬੜੇ ਸੰਤੋਖ ਤੇ ਬੇਫਿਕਰੀ ਨਾਲ ਰਖ ਸਕਦਾ ਹਾਂ।

ਸਿੰਘਾਂ ਦੇ ਇਖ਼ਲਾਕ ਬਾਰੇ ਇਸੇ ਪ੍ਰਕਾਰ ਦੇ ਜਜ਼ਬਾਤ ਬਰਤਾਨਵੀ ਕਮਾਂਡਰ ਜਨਰਲ ਬਾਰਡਵੁਡ ਨੇ ਵੀ ਪ੍ਰਗਟਾਂਦਿਆਂ ਕਿਹਾ ਸੀ, "ਮੈਨੂੰ ਆਪਣੀ ਬੀਵੀ ਤੇ ਨੌਜਵਾਨ ਪੁੱਤਰੀ ਕਿਸੇ ਵੀ ਸਿੱਖ ਸਿਪਾਹੀ ਦੀ ਸੁਰੱਖਿਆ ਵਿਚ ਰੱਖਣ ਲੱਗਿਆਂ ਰਤੀ ਭਰ ਵੀ ਫਿਕਰ ਜਾਂ ਹਿਚਕਚਾਹਟ ਨਹੀਂ ਹੋਵੇਗੀ ਕਿਉਂਕਿ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਉਹ ਸਿੱਖ ਸਿਪਾਹੀ ਦੇ ਹੱਥ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਹਨ।(ਹਵਾਲਾ ਗੁਰਮਤਿ ਪ੍ਰਕਾਸ਼ ਅੰਮ੍ਰਿਤਸਰ ਫਰਵਰੀ 1997)। ਇਹ ਗੱਲ ਕਿਤਨੀ ਵੱਡੀ ਤੇ ਕਮਾਲ ਦੀ ਹੈ ਤੇ ਬਹੁਤ ਪੁਰਾਣੀ ਵੀ ਨਹੀਂ ਤੇ ਇਸੇ ਸਦੀ ਦੇ ਤੀਜੇ ਦਹਾਕੇ ਦੀ ਹੈ। ਇਹੋ ਜਹੀ ਕੋਈ ਹੋਰ ਮਿਸਾਲ ਮਿਲਣੀ ਬਹੁਤ ਔਖੀ ਗੱਲ ਹੈ।

ਉਧਰ ਸਿੰਘਾਂ ਨੇ ਪੂਰਨ ਸ਼ਾਂਤਮਈ ਢੰਗ ਨਾਲ ਇਸ ਮੋਰਚੇ ਨੂੰ ਚਲਾ ਕੇ ਤੇ ਬੇਪਨਾਹ ਅੱਤਿਆਚਾਰ ਖੁਸ਼ੀ ਖੁਸ਼ੀ ਝਲ ਕੇ ਦੇਸ਼ ਵਾਸੀਆਂ ਦਾ ਵੀ ਦਿਲ ਮੋਹ ਲਿਆ। ਸਿੰਘ ਬੀਬੀਆਂ ਸੜਕਾਂ ਦੇ ਕੰਢਿਆਂ ਤੇ ਖੜੀਆਂ ਆਪਣੇ ਨਿਰਦੋਸ਼ ਵੀਰਾਂ ਨੂੰ ਜ਼ਾਲਮਾਨਾਂ ਮਾਰਾਂ ਪੈਂਦੀਆਂ ਦੇਖ ਕੇ ਮੂੰਹ ਵਿਚੋਂ ਸਤਿਨਾਮੁ ਵਾਹਿਗੁਰੂ ਦਾ ਜਾਪ ਉਚਾਰਦੀਆਂ ਉਨ੍ਹਾਂ ਦਾ ਹੌਸਲਾ ਵਧਾਉਂਦੀਆਂ ਤੇ ਦੁਨੀਆਂ ਦੇਖ ਕੇ ਦੰਗ ਰਹਿ ਜਾਂਦੀ ਕਿ ਕਿਵੇਂ ਉਹ ਸੂਰਬੀਰ ਯੋਧੇ ਅਕਹਿ ਤੇ ਅਸਹਿ ਜ਼ੁਲਮ ਆਪਣੇ ਪਿੰਡਿਆਂ ਤੇ ਹੰਡਾਉਂਦੇ ਹੋਏ ਵੀਰ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ। ਇਸ ਮੋਰਚੇ ਦੀਆਂ ਦਿਲ ਕੰਬਾ ਦੇਣ ਵਾਲੀਆਂ ਖਬਰਾਂ ਅਖਬਾਰਾਂ ਵਿਚ ਛਪਦੀਆਂ। ਵੱਡੇ ਵੱਡੇ ਕੌਮੀ ਲੀਡਰ ਸਿੰਘਾਂ ਤੇ ਹਰ ਰੋਜ਼ ਹੁੰਦੇ ਜ਼ੁਲਮ ਆਪਣੀ ਅਖੀਂ ਦੇਖਣ ਆਉਂਦੇ ਤੇ ਉਨ੍ਹਾਂ ਦੇ ਦਿਲ ਹਿਲ ਜਾਂਦੇ ਪਰ ਸਿੰਘ ਸਦਾ ਵਾਂਗ ਸ਼ਾਂਤ ਚਿਤ ਰਹਿ ਕੇ ਮਾਰਾਂ ਖਾਂਦੇ ਤੇ ਸਿਰਫ ਗੁਰੂ ਦੇ ਗੁਣ ਗਾਉਂਦੇ ਜੇਹਲਾਂ ਵਿਚ ਚਲੇ ਜਾਂਦੇ।

ਸੀ. ਐਫ. ਐਂਡਰਿਊਜ਼ ਦੇ ਪ੍ਰੇਖਣ

ਅੰਗਰੇਜ਼ ਸਰਕਾਰ ਦੇ ਇਸ ਵਿਹਸ਼ੀਪੁਣੇ ਤੇ ਘਿਨੌਣੇ ਵਿਹਾਰ ਨੂੰ ਦੇਖਣ ਲਈ ਅੰਗਰੇਜ਼ ਪਾਦਰੀ ਸੀ. ਐਫ. ਐਂਡਰਿਊਜ਼ ਵੀ ਵਿਸ਼ੇਸ਼ ਤੌਰ ਤੇ 12 ਸਤੰਬਰ 1922 ਨੂੰ ਅੰਮ੍ਰਿਤਸਰ ਆਇਆ। ਉਸਨੇ ਬੇਕਸੂਰੇ ਸਿੰਘਾਂ ਨਾਲ ਜੋ ਅਮਾਨਵੀ ਅੱਤਿਆਚਾਰ ਹੁੰਦਾ ਵੇਖਿਆ, ਉਸ ਨੂੰ ਵੇਖ ਕੇ ਉਸ ਦੀ ਆਤਮਾ ਤੜਪ ਉਠੀ ਤੇ ਉਹ ਇਸ ਅਕਹਿ ਜ਼ੁਲਮ ਨੂੰ ਕਲਮ ਬੰਦ ਕੀਤੇ ਬਿਨਾਂ ਨਾ ਰਹਿ ਸਕਿਆ। ਉਹ ਲਿਖਦਾ ਹੈ : ਜਦੋਂ ਮੈਂ ਗੁਰਦੁਆਰੇ ਪੁੱਜਾ ਤਾਂ ਲੋਕਾਂ ਦੀ ਏਡੀ ਵੱਡੀ ਭੀੜ ਵਿਚ ਆਸ ਮੁਤਾਬਿਕ ਉਤੇਜਨਾ ਦੀ ਅਣਹੋਂਦ ਦੇਖ ਕੇ ਹੈਰਾਨ ਹੋਇਆ। ਐਸੀ ਕੋਈ ਨਿਸ਼ਾਨੀ ਨਹੀਂ ਸੀ ਦਿਸਦੀ ਜਿਸ ਤੋਂ ਪ੍ਰਗਟ ਹੋਵੇ ਕਿ ਮਾਰ-ਕੁਟਾਈ ਸ਼ੁਰੂ ਹੋ ਚੁੱਕੀ ਹੈ ਅਤੇ ਸਤਿਆਗ੍ਰਹੀ ਡਾਂਗਾਂ ਦੀ ਮਾਰ ਸਹਿ ਵੀ ਚੁੱਕੇ ਹਨ।

ਕੋਲੋਂ ਲੰਘਦੇ ਇਕ ਵਿਅਕਤੀ ਪਾਸੋਂ ਪੁੱਛਣ 'ਤੇ ਪਤਾ ਲੱਗਾ ਕਿ ਮਾਰ-ਕੁਟਾਈ ਚੱਲ ਰਹੀ ਹੈ। ਮੈਂ ਕਾਹਲੀ ਨਾਲ ਅੱਗੇ ਗਿਆ ਅਤੇ ਉਸ ਟਿਕਾਣੇ ਤੇ ਪਹੁੰਚਿਆ ਜਿਥੋਂ ਸਾਰਾ ਦ੍ਰਿਸ਼ ਆਪਣੀ ਅੱਖੀਂ ਵੇਖ ਸਕਾਂ। ਖੁੱਲ੍ਹੀ ਜਗ੍ਹਾ ਉੱਤੇ ਬੈਠੇ ਕਈ ਸੌ ਦਰਸ਼ਕਾਂ ਵੱਲੋਂ ਕੋਈ ਚੀਕ ਚਿਹਾੜਾ ਨਹੀਂ ਸੀ ਪਾਇਆ ਜਾ ਰਿਹਾ ਪਰ ਉਨ੍ਹਾਂ ਵਿਚ ਬਹੁਤਿਆਂ ਦੇ ਬੁੱਲ੍ਹਾਂ ਉੱਤੇ ਅਰਦਾਸ ਸੀ। ਇਹ ਸਪੱਸ਼ਟ ਸੀ ਕਿ ਪ੍ਰਮਾਤਮਾ ਦਾ ਨਾਉਂ ਜਪਣ ਅਤੇ ਦੁੱਖਾਂ ਤੋਂ ਛੁਟਕਾਰੇ ਲਈ ਅਰਦਾਸ ਵਿਚ ਜੁੜੇ ਉਨ੍ਹਾਂ ਲੋਕਾਂ ਦੀ ਖਾਮੋਸ਼ੀ, ਬੰਦਗੀ ਅਤੇ ਚਿਹਰਿਆਂ ਉੱਪਰਲੀ ਪੀੜਾ, ਮੈਨੂੰ 'ਕਰਾਸ' ਦੇ ਪਰਛਾਵੇਂ ਦੀ ਯਾਦ ਦੁਆ ਰਹੀ ਸੀ ਜੋ ਉਨ੍ਹਾਂ ਨਾਲ ਬੀਤ ਰਹੇ ਇਕ ਪ੍ਰਕਾਰ ਦੇ ਸੂਲੀ ਚੜ੍ਹਨ ਦੇ ਕਰਮ ਦੇ ਬਰਾਬਰ ਸੀ।

ਹੁਣ ਤੱਕ ਮੈਂ ਦਰਸ਼ਕਾਂ ਦੇ ਚਿਹਰਿਆਂ ਤੋਂ ਪੜ੍ਹੀ ਜਾਂਦੀ ਪੀੜਾ ਤੋਂ ਛੁਟ ਹੋਰ ਕਿਤੋਂ ਇਸ ਦੁੱਖ ਨੂੰ ਨਹੀਂ ਸੀ ਦੇਖਿਆ। ਪ੍ਰਤੂੰ ਇਕ ਟੇਢੀ ਕੰਧ ਤੋਂ ਅੱਗੇ ਜਾ ਕੇ ਮੈਂ ਬੇਸ਼ਰਮੀ ਭਰੇ ਇਖਲਾਕੀ ਮੁਕਾਬਲੇ ਦੇ ਸਨਮੁਖ ਹੋ ਗਿਆ। ਇਥੇ ਮੈਨੂੰ ਮੋਨ-ਪ੍ਰਾਰਥਨਾ ਵਿਚ ਜੁੜੇ ਬੁੱਲਾਂ ਉੱਤੇ ਤਣਾਓਗ੍ਰਸਤ ਸਿੰਘਾਂ ਦੀ ਝਲਕ ਪਈ। ਇਹ ਕਿਸੇ ਅੰਗਰੇਜ਼ ਦੇ ਨਾ-ਮੰਨਣ-ਯੋਗ ਇਕ ਅਜਿਹਾ ਦ੍ਰਿਸ਼ ਸੀ ਜਿਸ ਨੂੰ ਮੈਂ ਮੁੜ ਕਦੇ ਨਹੀਂ ਦੇਖਣਾ ਚਾਹਵਾਂਗਾ। ਚਾਰ ਅਕਾਲੀ ਸਿੱਖ ਲਗਭਗ ਇਕ ਦਰਜਨ ਪੁਲਿਸ-ਕਰਮੀਆਂ, ਜਿਨ੍ਹਾਂ ਵਿਚ ਦੋ ਅੰਗਰੇਜ਼ ਸਨ, ਦੇ ਸਾਹਮਣੇ ਖੜ੍ਹੇ ਸਨ। ਉਨ੍ਹਾਂ ਦੇ ਹੱਥ ਅਰਦਾਸ ਵਿਚ ਜੁੜੇ ਹੋਏ ਸਨ ਅਤੇ ਸਪੱਸ਼ਟ ਸੀ ਕਿ ਉਹ ਅਰਦਾਸ ਕਰ ਰਹੇ ਸਨ। ਉਨ੍ਹਾਂ ਵੱਲੋਂ ਰਤੀ ਭਰ ਵੀ ਭੜਕਾਹਟ ਨਾ ਵਿਖਾਏ ਜਾਣ ਦੇ ਬਾਵਜੂਦ ਇਕ ਅੰਗਰੇਜ਼ ਨੇ ਆਪਣੀ ਪਿੱਤਲ ਦੇ ਸੁੰਮਾਂ ਵਾਲੀ ਲਾਠੀ ਉਨ੍ਹਾਂ ਵੱਲ ਇਸ ਤਰ੍ਹਾਂ ਚਲਾਈ ਕਿ ਉਸ ਦਾ ਸੁੰਮਾਂ ਵਾਲਾ ਸਿਰਾ ਅਰਦਾਸ ਦੀ ਮੁਦਰਾ ਵਿਚ ਖੜ੍ਹੇ ਇਕ ਸਿੱਖ ਦੇ ਗਲ ਦੀ ਹੰਸਲੀ ਉੱਤੇ ਵੱਜਿਆ। ਜਿਵੇਂ ਮੈਂ ਇਹ ਡਾਂਗ ਵੱਜਦੀ ਵੇਖੀ, ਮੈਂ ਇਹ ਕਹਿ ਸਕਦਾ ਹਾਂ ਕਿ ਇਹ ਇਕ ਅਤਿਅੰਤ ਕਾਇਰਾਂ ਵਾਲਾ ਹਮਲਾ ਸੀ ਜਿਸ ਨੂੰ ਦੇਖ ਕੇ ਮੈਂ ਆਪਣੇ ਆਪ ਨੂੰ ਮੁਸ਼ਕਿਲ ਨਾਲ ਕਾਬੂ ਵਿਚ ਰੱਖ ਸਕਿਆ।

ਮੇਰੇ ਵੱਲੋਂ ਦੇਖਿਆ ਡਾਂਗ ਦਾ ਇਹ ਵਾਰ ਅਕਾਲੀ ਸਿੱਖ ਨੂੰ ਜ਼ਮੀਨ ਉੱਤੇ ਸੁੱਟਣ ਲਈ ਕਾਫੀ ਸੀ। ਉਹ ਘੁਮਾਟੜੀ ਖਾਣ ਪਿੱਛੋਂ ਇਕ ਵਾਰ ਫਿਰ ਹੌਲੀ ਹੌਲੀ ਉੱਠਿਆ

ਤਾਂ ਉਸ ਨੂੰ ਫਿਰ ਪਹਿਲਾਂ ਵਾਂਗ ਡਾਂਗ ਦਾ ਇਕ ਹੋਰ ਵਾਰ ਸਹਿਣਾ ਪਿਆ। ਚਾਰ ਅਕਾਲੀਆਂ ਵਿਚੋਂ ਵਾਰੀ ਵਾਰੀ ਜੋ ਅੱਗੇ ਵਧਦਾ, ਉਸ ਨੂੰ ਕਦੇ ਅੰਗਰੇਜ਼ ਅਫਸਰ ਪਾਸੋਂ ਅਤੇ ਕਦੇ ਉਸ ਦੇ ਅਧੀਨ ਪੁਲਿਸ ਵਾਲਿਆਂ ਵੱਲੋਂ ਚਲਾਈਆਂ ਡਾਂਗਾਂ ਦੇ ਵਾਰ ਸਹਿਣੇ ਪੈਂਦੇ। ਇਸ ਸਮੇਂ ਪੁਲਿਸ ਦੁਆਰਾ ਕੀਤੀ ਗਈ ਇਹ ਹਰਕਤ ਸਿਰੇ ਦੀ ਵਹਿਸ਼ੀਆਨਾ ਸੀ। ਮੈਂ ਆਪਣੀਆਂ ਅੱਖਾਂ ਨਾਲ ਇਕ ਪੁਲਸੀਏ ਨੂੰ ਆਪਣੇ ਸਾਹਮਣੇ ਖੜ੍ਹੇ ਨਿਆਸਰੇ ਸਿੱਖ ਦੇ ਢਿੱਡ ਵਿਚ ਠੁੱਡਾ ਮਾਰਦੇ ਵੇਖਿਆ। ਏਨੀ ਬੇਅਸੂਲੀ ਕ੍ਰਿਆ ਨੂੰ ਵੇਖ ਕੇ ਮੈਂ ਮੁਸ਼ਕਿਲ ਨਾਲ ਹੀ ਆਪਣੇ ਆਪ ਨੂੰ ਉੱਚੀ ਉੱਚੀ ਚਿਲੌਣੋਂ ਅਤੇ ਅੱਗੇ ਵਧਣ ਤੋਂ ਰੋਕ ਸਕਿਆ। ਮੈਨੂੰ ਇਸ ਤੋਂ ਵੀ ਵੱਧੇਰੇ ਘਿਨਾਉਣੀ ਕ੍ਰਿਆ ਉਦੋਂ ਵੇਖਣੀ ਪਈ ਜਦੋਂ ਇਕ ਪੁਲਸੀਆ ਧਰਤੀ ਉੱਤੇ ਮੂਧੇ ਮੂੰਹ ਡਿੱਗੇ ਪਏ ਅਕਾਲੀ ਦੇ ਉੱਪਰ ਚੜ੍ਹ ਕੇ ਉਸ ਦੇ ਮੋਢੇ ਅਤੇ ਧੌਣ ਦੇ ਵਿਚਕਾਰ ਬੂਟ ਰੱਖ ਕੇ ਪੂਰੇ ਭਾਰ ਨਾਲ ਉਸ ਨੂੰ ਲਿਤਾੜਨ ਲੱਗਾ। ਡਾਂਗ ਦੇ ਤੀਜੇ ਵਾਰ ਨੇ ਡਿੱਗੇ ਪਏ ਅਕਾਲੀ ਦੇ ਪਾਸ ਖੜ੍ਹੇ ਉਸ ਦੇ ਸਾਥੀ ਨੂੰ ਉਸ ਦੇ ਉੱਪਰ ਉਦੋਂ ਸੁੱਟ ਦਿੱਤਾ ਜਦੋਂ ਦੋ ਵਰਕਰ ਉਸ ਬੇਹੋਸ਼ ਦੇਹ ਨੂੰ ਐਂਬੂਲੈਂਸ ਵਿਚ ਲੈ ਜਾਣ ਲਈ ਚੁੱਕ ਰਹੇ ਸਨ।

ਇਸ ਸਾਰੇ ਦ੍ਰਿਸ਼ ਦੀ ਬਰਬਰਤਾ ਅਤੇ ਅਮਾਨਵੀਪੁਣਾ ਇਸ ਗੱਲੋਂ ਬਿਆਨ ਤੋਂ ਬਾਹਰ ਹੈ ਕਿ ਜਿਨ੍ਹਾਂ ਲੋਕਾਂ ਉੱਤੇ ਇਹ ਵਾਰ ਕੀਤੇ ਜਾ ਰਹੇ ਸਨ, ਉਹ ਪ੍ਰਮਾਤਮਾ ਅੱਗੇ ਅਰਦਾਸ ਕਰ ਰਹੇ ਸਨ ਅਤੇ ਉਨ੍ਹਾਂ ਨੇ ਬਚਨ ਅਤੇ ਕਰਮ ਕਰਕੇ ਧਾਮੋਸ਼ ਅਤੇ ਸ਼ਾਂਤੀਪੂਰਨ ਰਹਿਣ ਦਾ ਪ੍ਰਣ ਕੀਤਾ ਹੋਇਆ ਸੀ। ਗੋਲਡਨ ਟੈਂਪਲ ਤੋਂ ਚੱਲਣ ਸਮੇਂ ਗੁਰੂ ਕੇ ਬਾਗ਼ ਵਿਖੇ ਸ਼ਾਤਮਈ ਪਹੁੰਚਣ ਲਈ ਅਜਿਹਾ ਪ੍ਰਣ ਕਰਨ ਵਾਲੇ ਸਿੱਖਾਂ ਵਿਚ ਵਧੇਰੇ ਸੈਨਾ ਵਿਚੋਂ ਆਏ ਸਨ। ਉਨ੍ਹਾਂ ਨੂੰ ਇਹ ਬੇਇੱਜ਼ਤ ਅਤੇ ਜ਼ਲੀਲ ਕਰਨ ਵਾਲੇ ਵਾਰ ਸਹਿਣੇ ਪਏ, ਜਿਨ੍ਹਾਂ ਨੂੰ ਸਹਿਣ ਲਈ ਵਿਖਾਈ ਗਈ ਦ੍ਰਿੜਤਾ ਕਾਰਨ ਉਨ੍ਹਾਂ ਨੇ ਇਸ ਅੱਤਿਆਚਾਰ ਨੂੰ ਆਪਣੀ ਜਿੱਤ ਵਿਚ ਬਦਲ ਦਿੱਤਾ।

ਇਨ੍ਹਾਂ ਸ਼ਾਂਤ ਮਈ ਲੋਕਾਂ ਲਈ ਏਡੇ ਜ਼ੋਰ ਨਾਲ ਕੀਤਾ ਗਿਆ ਵਾਰ ਜਿਸ ਨਾਲ ਉਹ ਧਰਤੀ ਉੱਤੇ ਡਿੱਗ ਪੈਣ ਦੇ ਬਾਵਜੂਦ, ਉਹ ਵਿਰੋਧ ਵਿਚ ਉਂਗਲ ਤੱਕ ਨਹੀਂ ਸੀ ਉਠਾਉਂਦੇ ਜਾਂ ਉਨ੍ਹਾਂ ਵਲੋਂ ਇੱਕ ਸ਼ਬਦ ਤੱਕ ਨਾ ਬੋਲਣਾ, ਇਕ ਨਵਾਂ ਤਜਰਬਾ ਸੀ।

ਪ੍ਰਮਾਤਮਾ ਅੱਗੇ ਕੀਤੇ ਆਪਣੇ ਪ੍ਰਣ ਨੂੰ ਉਨ੍ਹਾਂ ਸਿੱਖਾਂ ਨੇ ਸ਼ਬਦ-ਬ-ਸ਼ਬਦ ਪੂਰਨ ਕੀਤਾ। ਪ੍ਰਮਾਤਮਾ ਪ੍ਰਤੀ ਸਮਰਪਣ ਦਾ ਇਕ ਸੱਚਾ ਅਮਲ, ਭਰੋਸੇ ਦੀ ਇਕ ਸੱਚੀ ਕ੍ਰਿਆ, ਇਹ ਉਨ੍ਹਾਂ ਲਈ ਸੱਚੀ ਸ਼ਹੀਦੀ ਸੀ। ਸਿੱਖ ਦਰਸ਼ਕ ਵੀ ਉਨ੍ਹਾਂ ਨਾਲ ਹੀ ਪ੍ਰਾਰਥਨਾ ਕਰ ਰਹੇ ਸਨ ਅਤੇ ਉਨ੍ਹਾਂ ਦੇ ਸੁੱਚੇ ਧਰਮ ਦੀ ਪ੍ਰੇਰਨਾ, ਜੋ ਮਾਸੂਮੀਅਤ ਵਿਚੋਂ ਨਿਕਲੀਆਂ ਦੁੱਖ ਤਕਲੀਫਾਂ ਨੂੰ ਖੁਸ਼ੀ ਨਾਲ ਜਰਨਾ ਸਿਖਾਉਂਦੀ ਸੀ, ਉਨ੍ਹਾਂ ਨੂੰ ਆਪਣੇ ਸਾਹਮਣੇ ਕੀਤੀ ਜਾ ਰਹੀ ਵਧੀਕੀ ਵਿਰੁੱਧ ਡਟਣ ਤੋਂ ਰੋਕਦੀ ਸੀ। ਇਹ ਚੁਪ ਚੁਪੀਤੇ ਮਾਰ ਖਾ ਰਹੇ ਸਿੰਘ ਬਹਾਦਰ ਤੇ ਸੂਰਬੀਰ ਹੋਣ ਦੇ ਬਾਵਜੂਦ ਅਹਿੰਸਾ ਦੀ ਸਥਿਤੀ ਵਿਚ ਵਿਚਰ ਕੇ ਹਰ ਇਕ ਦਾ ਮਨ ਜਿੱਤ ਰਹੇ ਸਨ।

ਅਕਾਲੀ ਸਿੰਘ ਸਤਿਆਗ੍ਰਹੀਆਂ ਦੇ ਮਨਾਂ ਵਿਚ ਮੁਸੀਬਤਾਂ ਜਰ ਸਕਣ ਦੀ

ਭਾਵਨਾ ਬਾਰੇ ਉੱਪਰ ਲਿਖੀਆਂ ਸਾਰੀਆਂ ਗੱਲਾਂ ਨਾਲੋਂ ਮਹੱਤਵਪੂਰਨ ਇਕ ਹੋਰ ਗੱਲ ਹੈ। ਮੈਂ ਬਹੁਤ ਘੱਟ ਹੀ ਕੋਈ ਅਕਾਲੀ ਸਿੱਖ ਜੋ ਤਸੀਹੇ ਸਹਿਣ ਲਈ ਪੇਸ਼ ਹੋਇਆ ਹੋਵੇ, ਨੂੰ ਆਪਣੇ ਉੱਤੇ ਕੀਤੇ ਵਾਰ ਸਮੇਂ ਬਚਾਓ ਲਈ ਕੋਈ ਯਤਨ ਕਰਦਾ ਵੇਖਿਆ। ਮਾਸਪੇਸ਼ੀਆਂ ਦੇ ਸੁੰਗੜਨ ਦੀ ਪ੍ਰਵਿਰਤੀ ਮੂਲਕ ਅਤੇ ਅਣਇੱਛਕ ਪ੍ਰਤੀਕ੍ਰਿਆ ਦੇ ਸਿਵਾਏ ਮੈਂ ਹੋਰ ਕੁਝ ਵੀ ਐਸਾ ਯਾਦ ਨਹੀਂ ਕਰ ਸਕਦਾ, ਜਿਸ ਨੂੰ ਵਾਰ ਸਹਿਣ ਤੋਂ ਜਾਣ ਬੁੱਝ ਕੇ ਕੰਨੀ ਕਤਰਾਉਣਾ ਆਖਿਆ ਜਾ ਸਕੇ। ਇਕ ਇਕ ਵਾਰ ਨੂੰ ਬਿਨਾਂ ਪ੍ਰਤੀਰੋਧ ਅਤੇ ਬਿਨਾਂ ਕਿਸੇ ਡਰ ਦੀ ਨਿਸ਼ਾਨੀ ਦੇ ਸਹਿਣ ਕੀਤਾ ਗਿਆ।' (ਹਵਾਲਾ ਸਪੋਕਸ ਮੈਨ ਦਾ ਸਿਲਵਰ ਜੁਬਲੀ ਅੰਕ ਅਤੇ 'ਗੁਰੂ ਕੇ ਬਾਗ਼ ਦਾ ਮੋਰਚਾ' ਡਾ. ਗੁਰਦੇਵ ਸਿੰਘ ਸਿੱਧੂ, ਅਜੀਤ 27/29.8.96)

ਐਂਡਰਿਊਜ਼ ਆਪਣੀ ਸਾਰੀ ਵਿਥਿਆ ਤੋਂ ਜੋ ਨਤੀਜਾ ਕੱਢਦਾ ਹੈ ਉਹ ਇਹ ਹੈ :, **"ਅਤਿਆਚਾਰ ਅਤੇ ਤਸੀਹੇ ਝੱਲ ਕੇ ਸਿਖੀ ਗਈ ਇਕ ਨਵੀਂ ਪ੍ਰਕਾਰ ਦੀ ਸੂਰਮਗਤੀ ਧਰਤੀ ਤੇ ਉਜਾਗਰ ਹੋਈ ਅਤੇ ਸੰਘਰਸ਼ ਵਿਚ ਨਵੀਨ ਪ੍ਰਕਾਰ ਦਾ ਮਾਣ ਜਨਕ ਸਦਾਚਾਰ ਸਿੱਖਾਂ ਨੇ ਦੁਨੀਆਂ ਨੂੰ ਸਿਖਾਇਆ।** (ਹਵਾਲਾ Spokesman ਵਿਸਾਖੀ ਅੰਕ 1971, ਪੰਨਾ 21)

ਪੰਡਿਤ ਮੋਤੀ ਲਾਲ ਨਹਿਰੂ

ਸਿੰਘਾਂ ਤੇ ਇਹ ਤਸ਼ੱਦਦ ਹੁੰਦੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਪਿਤਾ ਸ੍ਰੀ ਮੋਤੀ ਲਾਲ ਨਹਿਰੂ ਨੇ ਵੀ ਦੇਖੇ ਜਿਸ ਨੇ ਸਿੰਘਾਂ ਦੀ ਸ਼ਾਨ ਵਿਚ ਬੇਸਾਖਤਾ ਨਿਮਨ ਸ਼ਬਦ ਕਹਿ ਕੇ ਉਨ੍ਹਾਂ ਨੂੰ ਵਡਿਆਇਆ :

"ਬਹਾਦਰ ਅਕਾਲੀ ਸਿੰਘ ਜਿਵੇਂ ਸ਼ਾਂਤ ਚਿਤ ਰੂਪ ਵਿਚ ਅਥਾਹ ਅੱਤਿਆਚਾਰ ਝੱਲ ਰਹੇ ਹਨ ਉਹ ਵੇਖ ਕੇ ਮੈਂ ਬਹੁਤ ਪ੍ਰਭਾਵਤ ਹੋਇਆ ਹਾਂ ਤੇ ਮੇਰੇ ਦਿਲ ਵਿਚ ਇਨ੍ਹਾਂ ਸੂਰਬੀਰਾਂ ਬਾਰੇ ਬਹੁਤ ਪ੍ਰਸੰਸਾ ਤੇ ਸਤਿਕਾਰ ਪੈਦਾ ਹੋਇਆ ਹੈ। ਮੈਂ ਪੂਰੇ ਸਤਿਕਾਰ ਨਾਲ ਇਨ੍ਹਾਂ ਅੱਗੇ ਆਪਣਾ ਸਿਰ ਝੁਕਾਂਦਾ ਹਾਂ। ਦੁਨੀਆ ਦੇ ਕਿਸੇ ਹਿੱਸੇ ਵਿਚ ਵਸਦੇ ਵਧੀਆ ਤੋਂ ਵਧੀਆ ਮਨੁੱਖਾਂ ਨਾਲੋਂ ਵੀ ਇਹ ਕਿਤੇ ਵਧੀਆ ਇਨਸਾਨ ਹਨ।" (ਹਵਾਲਾ ਟ੍ਰਿਬਿਊਨ 7.4.1994)। 1920 ਤੋਂ 1925 ਤਕ ਲਗੇ ਸਿੰਘਾਂ ਦੇ ਤਿੰਨ ਮੋਰਚਿਆਂ ਵਿਚ 600 ਸਿੰਘ ਸ਼ਹੀਦ ਹੋਏ, ਇਕ ਸਾਲ ਤੋਂ ਅੱਠ ਸਾਲ ਦੀ ਕੈਦ 45000 ਨੂੰ ਹੋਈ ਤੇ 16 ਲੱਖ ਰੁ: ਉਨ੍ਹਾਂ ਜੁਰਮਾਨਾ ਭਰਿਆ। (ਗੁਰਦਵਾਰਾ ਗਜ਼ਟ ਅਪਰੈਲ 1984)

ਪੰਡਿਤ ਜਵਾਹਰ ਲਾਲ ਨਹਿਰੂ

ਜੈਤੋਂ ਦੇ ਮੋਰਚੇ ਨੂੰ ਵੇਖ ਕੇ ਪੰਡਿਤ ਮੋਤੀ ਲਾਲ ਨਹਿਰੂ ਦੇ ਪੁੱਤਰ ਪੰਡਿਤ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਬਾਰੇ ਨਿਮਨ ਸ਼ਬਦ ਕਹਿ ਕੇ ਇਨ੍ਹਾਂ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕੀਤਾ : "ਆਪਣੇ ਮਕਸਦ ਵਿਚ ਇਮਾਨਦਾਰੀ, ਇਤਫਾਕ, ਜ਼ਬਤ, ਸਬਰ, ਬਰਦਾਸ਼ਤ ਕਰਨ ਦਾ ਮਾਦਾ, ਨੇਕ ਨੀਅਤੀ ਅਤੇ ਨਿਸ਼ਕਾਮ ਸੇਵਾ ਦੀ ਭਾਵਨਾ ਸਿੱਖਾਂ ਦੇ ਅਜਿਹੇ ਗੁਣ ਹਨ ਜਿਨ੍ਹਾਂ ਕਰ ਕੇ ਇਹ ਸਭ ਨੂੰ ਮਾਤ ਪਾਉਂਦੇ ਹਨ। ਅਹਿੰਸਾ ਦੇ ਹਥਿਆਰ ਸਹਿਤ ਪੂਰ-ਅਮਨ ਢੰਗ ਨਾਲ ਸੰਘਰਸ਼ ਕਰ ਰਹੇ ਅਕਾਲੀ ਸਿੱਖਾਂ ਬਾਰੇ ਉਹ

ਆਪਣੀ ਸਵੈ-ਜੀਵਨੀ ਵਿਚ ਇਵੇਂ ਲਿਖਦਾ ਹੈ, "ਬਹਾਦਰ ਸਿੱਖਾਂ ਵਲੋਂ ਦਰਸਾਈ ਹੈਰਾਨ ਕਰ ਦੇਣ ਵਾਲੀ ਦਲੇਰੀ ਅਤੇ ਇਰਾਦੇ ਦੀ ਪਕਿਆਈ ਨੇ ਸਮੁੱਚੇ ਭਾਰਤ ਨੂੰ ਚੌਂਕਾ ਕੇ ਰੱਖ ਦਿੱਤਾ ਹੈ।" ਗੁਰੂ ਕੇ ਬਾਗ਼ ਮੋਰਚੇ ਸਮੇਂ ਸਿੱਖਾਂ ਵਿਰੁੱਧ ਬਰਤਾਨਵੀ ਸਰਕਾਰ ਵਲੋਂ ਧਾਰਨ ਕੀਤੇ ਗਏ ਕੌਝੇ ਰਵਈਏ ਬਾਰੇ ਆਪਣਾ ਵਿਰੋਧ ਪ੍ਰਗਟ ਕਰਦੇ ਹੋਏ ਉਹ ਸਿੱਖਾਂ ਦੀ ਤਾਰੀਫ ਵਿਚ ਨਿਮਨ ਕਲਾਸਕ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ, "ਮੈਂ ਅਕਾਲੀਆਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਜਜ਼ਬੇ ਤੋਂ ਸਦਕੇ ਜਾਂਦਾ ਹਾਂ.....।"

ਡਾ. ਰਾਜਿੰਦਰ ਪ੍ਰਸਾਦ ਨੇ ਵੀ ਇਸੇ ਐਜੀਟੇਸ਼ਨ ਬਾਰੇ ਆਪਣੇ ਦੋਸ਼ ਰਹਿਤ ਸਟਾਈਲ ਵਿੱਚ ਇਵੇਂ ਲਿਖਿਆ "- ਸਤਿਆਗ੍ਰਹਿ ਦੀ ਉਪਯੋਗਤਾ ਅਤੇ ਅਮਲ ਯੋਗਤਾ ਇਕ ਵਾਰੀ ਫਿਰ ਸਿੱਖਾਂ ਵਲੋਂ ਕਾਮਯਾਬੀ ਨਾਲ ਪ੍ਰਦਰਸ਼ਤ ਕੀਤੀ ਗਈ। ਸਿੱਖਾਂ ਦੀ ਲਗਨ ਤੇ ਇਰਾਦੇ ਦੀ ਪ੍ਰਪਕਤਾ ਨੂੰ ਸਲਾਮ" (ਹਵਾਲਾ ਸਪੋਕਸਮੈਨ ਸਿਲਵਰ ਜੁਬਲੀ ਅੰਕ ਨਵੰਬਰ 1976, ਪੰਨਾ 181)

ਮਹਾਤਮਾ ਗਾਂਧੀ

ਉਕਤ ਦੱਸੇ ਇਖਲਾਕ, ਜਜ਼ਬੇ ਤੇ ਸਿਦਕ-ਦਿਲੀ ਨਾਲ ਸ਼ਾਂਤ ਚਿਤ ਰਹਿ ਕੇ ਸਿੰਘਾਂ ਨੇ ਅੰਗਰੇਜ਼ ਸਰਕਾਰ ਨੂੰ ਜੈਤੋਂ ਦੇ ਮੋਰਚੇ ਅਤੇ ਦਰਬਾਰ ਸਾਹਿਬ ਦੀਆਂ ਚਾਬੀਆਂ ਦੇ ਮੋਰਚੇ ਵਿਚ ਵੀ ਨੀਵਾਂ ਦਿਖਾਇਆ। ਜਦ ਚਾਬੀਆਂ ਦਾ ਮੋਰਚਾ ਜਿੱਤਿਆ ਗਿਆ ਤਾਂ ਸਾਰੇ ਦੇਸ਼ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸਮੁਚੇ ਭਾਰਤ ਵਿਚ ਦੇਸ਼ ਦੀ ਅਜ਼ਾਦੀ ਲਈ ਜਦੋ-ਜਹਿਦ ਕਰਨ ਵਾਲੇ ਦੇਸ਼ ਭਗਤਾਂ ਦੇ ਹੌਸਲੇ ਬੁਲੰਦ ਹੋ ਗਏ। ਉਸ ਸਮੇਂ ਦੇ ਕਾਂਗਰਸ ਦੇ ਪ੍ਰਧਾਨ ਤੇ ਭਾਰਤ ਦੇ ਨੇਤਾ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ 7 ਜਨਵਰੀ 1922 ਨੂੰ ਵਧਾਈ ਦੀ ਤਾਰ ਭੇਜੀ ਜਿਸ ਵਿਚ ਇਹ ਕਿਹਾ ਗਿਆ ਕਿ **"ਸੂਰਬੀਰ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਦੀ ਪ੍ਰਥਮ ਲੜਾਈ ਜਿਤ ਲਈ ਹੈ ਤੇ ਭਾਰਤ ਦਾ ਮਾਣ ਵਧਾਇਆ ਹੈ, ਮੁਬਾਰਕਾਂ ।"**

ਬਾਬਾ ਖੜਕ ਸਿੰਘ ਜੋ ਸਿੰਘਾਂ ਦੀ ਅਗਵਾਈ ਕਰ ਰਹੇ ਸਨ ਇਸ ਹੌਸਲਾ ਅਫ਼ਜ਼ਾਈ ਤੋਂ ਬਹੁਤ ਪ੍ਰਭਾਵਤ ਹੋਏ ਤੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ। ਇਕ ਵਾਰੀ ਇਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਦੇਸ਼ ਕੌਮ ਦੀ ਆਨ ਸ਼ਾਨ ਵਧਾਉਣ ਹਿੱਤ ਉਨ੍ਹਾਂ ਇਹ ਬਚਨ ਕਹੇ : In the fight for India's freedom if you find a bullet in my back, do not count me as one amongst the Sikhs of the Gurus and so do not cremate my dead body according to the Sikh rites. A disciple of the great Gurus is an ideal Saint-Soldier and is supposed to fight in the vanguard and face the bullets in the chest and not in the back, and we the Sikhs shall never allow any foreigner to rule our motherland and we shall brook (ਸਹਿਣਾ) no injustice (The Sikhs. Kualampur Jan/Feb 1995 Page 13) ਭਾਵ ਇਹ ਕਿ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਜੇ ਕਰ ਤੁਸੀਂ ਗੋਲੀ ਮੇਰੀ ਪਿਠ ਵਿਚ ਲਗੀ ਪਾਓ

ਤਾਂ ਮੈਨੂੰ ਗੁਰਾਂ ਦਾ ਸਿੱਖ ਨਾ ਸਮਝਣਾ ਅਤੇ ਮੇਰੇ ਮੁਰਦਾ ਸਰੀਰ ਦਾ ਅੰਤਮ ਸੰਸਕਾਰ ਸਿੱਖ ਮਰਿਆਦਾ ਅਨੁਸਾਰ ਬਿਲਕੁਲ ਨਾ ਕਰਨਾ। ਮਹਾਨ ਗੁਰੂਆਂ ਦੇ ਸ਼ਰਧਾਲੂ ਲਈ ਇਹ ਜ਼ਰੂਰੀ ਹੈ ਕਿ ਉਹ ਇਕ ਅਦਰਸ਼ਕ ਸੰਤ-ਸਿਪਾਹੀ ਹੋਵੇ, ਜੋ ਮੈਦਾਨਿ-ਜੰਗ ਵਿਚ ਪਹਿਲੀ ਕਤਾਰ ਵਿਚ ਜੂਝੇ ਅਤੇ ਗੋਲੀ ਆਪਣੀ ਛਾਤੀ ਤੇ ਖਾ ਕੇ ਸ਼ਹੀਦ ਹੋਵੇ, ਪਿਠ ਵਿਚ ਖਾ ਕੇ ਨਾ ਮਰੇ। ਅਸੀਂ ਭਾਰਤ ਦੇ ਸਿੱਖ ਸਪੁਤਰ ਕਿਸੇ ਵਿਦੇਸ਼ੀ ਨੂੰ ਆਪਣੀ ਮਾਤਰ-ਭੂਮੀ ਤੇ ਰਾਜ ਨਹੀਂ ਕਰਨ ਦਿਆਂਗੇ ਤੇ ਨਾ ਹੀ ਕਿਸੇ ਪਰਕਾਰ ਦੀ ਬੇਇਨਸਾਫੀ ਝੱਲਾਂਗੇ।" ਹੈ ਨਾ ਸਿੱਖੀ ਜੀਵਨ ਦਾ ਗੌਰਵ ਮਈ ਬਿਰਤਾਂਤ। ਅਸ਼ਕੇ ਬਾਬਾ ਖੜਕ ਸਿੰਘ ਅਸ਼ਕੇ, ਬਲਿਹਾਰੇ।

ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥
ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ॥ (ਮ-5, ਪੰਨਾ-809)

ਇਸੇ ਵਿਸ਼ੇ ਤੇ ਇਕ ਹੋਰ ਘਟਨਾ ਦਾ ਸੰਖੇਪ ਜਿਹਾ ਜ਼ਿਕਰ ਕਰਨਾ ਅਣਉਚਿਤ ਨਹੀਂ ਹੋਵੇਗਾ। 1921 ਵਿਚ ਨਨਕਾਣਾ ਸਾਹਿਬ ਦੇ ਸਾਕੇ ਨੇ ਸਾਰੇ ਸੰਸਾਰ ਵਿਚ ਸ਼ਾਂਤਮਈ ਸਿੱਖਾਂ ਤੇ ਹੋਏ ਅਤਿਆਚਾਰਾਂ ਪ੍ਰਤੀ ਵੱਡੀ ਚਰਚਾ ਛੇੜ ਦਿੱਤੀ। ਵਾਹਿਗੁਰੂ, ਵਾਹਿਗੁਰੂ ਦਾ ਜਾਪ ਕਰਦੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਦਾਖਲ ਹੁੰਦਿਆਂ ਹੀ ਸਾਰੇ ਜਥੇ ਉਤੇ ਮਹੰਤ ਨਰੈਣ ਦਾਸ ਤੇ ਉਸ ਵਲੋਂ ਬੁਲਾਏ ਗੁੰਡਿਆਂ ਨੇ ਹਮਲਾ ਕਰ ਦਿੱਤਾ ਪਰ ਸਿੱਖ ਅਡੋਲ ਚਿੱਤ ਰਹਿ ਕੇ ਸ਼ਾਂਤੀ ਦਾ ਪ੍ਰਦਰਸ਼ਨ ਕਰਦੇ ਹੋਏ ਸਤਿਨਾਮ ਦਾ ਜਾਪ ਕਰਦੇ ਸ਼ਹੀਦ ਹੁੰਦੇ ਗਏ ਪਰ ਕਿਸੇ ਨੇ ਸੀ ਤਕ ਵੀ ਨਾ ਕੀਤੀ। ਕਈਆਂ ਨੂੰ ਭਾਈ ਲਛਮਣ ਸਿੰਘ ਜਥੇਦਾਰ ਦੇ ਨਾਲ ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ। ਕਈ ਅੰਗਰੇਜ਼ ਅਧਿਕਾਰੀ ਇਸ ਖੂਨੀ ਸਾਕੇ ਦਾ ਮੌਕੇ ਤੇ ਅਧਿਐਨ ਕਰਨ ਤੇ ਅਮਨ ਸ਼ਾਂਤੀ ਬਣਾਈ ਰਖਣ ਲਈ ਨਨਕਾਣਾ ਸਾਹਿਬ ਪਹੁੰਚੇ। ਉਨ੍ਹਾਂ ਵਿਚ ਇਕ ਉਹੀ ਖੁਦਾ ਪ੍ਰਸਤ ਇਨਸਾਨ ਐਂਡਰੀਊਜ਼ ਵੀ ਸੀ ਜਿਸਦਾ ਜ਼ਿਕਰ ਗੁਰੂ ਕੇ ਬਾਗ਼ ਮੋਰਚੇ ਵਿਚ ਕੀਤਾ ਗਿਆ ਹੈ। ਉਹ ਸਾਰਾ ਖੂਨੀ ਤੇ ਬਜਰ ਸਾਕਾ ਦੇਖਣ ਤੇ ਬਹੁਤ ਜਜ਼ਬਾਤੀ ਹੋ ਗਿਆ ਤੇ ਲਾਹੌਰ ਦੇ ਡੀ.ਸੀ. ਨੂੰ ਕਹਿਣ ਲਗਾ ਕਿ ਯਸੂ ਮਸੀਹ ਦੀ ਬੇਰਹਿਮੀ ਨਾਲ ਹੋਈ ਸ਼ਹਾਦਤ ਬਾਰੇ ਅਸੀਂ ਪੜ੍ਹਿਆ ਸੁਣਿਆ ਹੈ ਅਤੇ **ਇਸ ਕੁਕਰਮ ਕਾਰਨ ਸਾਰਾ ਇਸਾਈ ਜਗਤ ਹਾਲੇ ਤੱਕ ਹਤਿਆਰਿਆਂ ਨੂੰ ਫਿਟਕਾਰਾਂ ਪਾਉਂਦਾ ਚਲਾ ਆ ਰਿਹਾ ਹੈ ਪਰ ਅੱਜ ਮੈਂ ਸਿੱਖਾਂ ਦੇ ਰੂਪ ਵਿਚ ਸੈਂਕੜੇ ਯਸੂ ਮਸੀਹ ਸੜੀਂਦੇ, ਟੁਕੀਂਦੇ, ਭੁਨੀਂਦੇ ਤੇ ਬੇਰਹਿਮੀ ਨਾਲ ਖਤਮ ਹੁੰਦੇ ਵੇਖੇ ਹਨ। ਮੈਨੂੰ ਇਹ ਦੇਖ ਕੇ ਹੈਰਾਨੀ ਤੇ ਫਿਰ ਸੰਤੋਖ ਹੋ ਗਿਆ ਕਿ ਇਨ੍ਹਾਂ ਦੀ ਕੁਰਬਾਨੀ ਵਿਚ ਡਰ ਤੇ ਹਿੰਸਾ ਦੀ ਭਾਵਨਾ ਨਹੀਂ ਸੀ। ਉਹ ਗੁਰੂਆਂ ਵਲੋਂ ਦਰਸਾਏ ਮਾਰਗ ਅਨੁਸਾਰ ਹੀ ਹਸ ਹਸ ਕੇ ਜਾਨਾਂ ਵਾਰ ਗਏ ਸਨ।**

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕ ਮਾਗੈ॥ (ਮ5, ਪੰਨਾ-394)

ਨਨਕਾਣਾ ਸਾਹਿਬ ਦੇ ਇਸ ਖੂਨੀ ਸਾਕੇ ਵਿਚ ਸਿੱਖਾਂ ਨਾਲ ਹੋਏ ਬੇਰਹਿਮੀ ਭਰੇ ਵਿਹਾਰ ਨੂੰ ਦੇਖ ਕੇ ਇਕ ਵਾਰੀ ਫਿਰ ਦੇਸ਼ ਦੀ ਅਜ਼ਾਦੀ ਦੇ ਘੁਲਾਟੀਏ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਮੋਤੀ ਲਾਲ ਨਹਿਰੂ ਤੇ ਹੋਰ ਬੇਸ਼ੁਮਾਰ ਅਜਿਹੇ

ਮਤਵਾਲਿਆਂ ਨੇ ਸਿੰਘਾਂ ਦੀਆਂ ਕੁਰਬਾਨੀਆਂ ਦੀ ਦਾਦ ਦਿੱਤੀ ਅਤੇ ਮਹਾਤਮਾ ਗਾਂਧੀ ਨੇ ਸਿੱਖਾਂ ਦੇ ਅਤਿ ਉਚੇ ਜ਼ਾਬਤੇ ਤੇ ਤਸ਼ਦਦ ਜਰਨ ਦੀ ਅਮਲੀ ਸ਼ਕਤੀ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਨੂੰ ਬਹੁਤ ਸਲਾਹਿਆ ਅਤੇ ਇਹ ਵੀ ਕਿਹਾ ਕਿ ਸਿੱਖ ਭਾਰਤ ਰੂਪੀ ਗੁਰਦੁਆਰੇ ਨੂੰ ਅੰਗਰੇਜ਼ ਰੂਪੀ ਮਹੰਤ ਪਾਸੋਂ ਸੁਤੰਤਰ ਕਰਵਾਉਣ ਲਈ ਵੀ ਅੱਗੇ ਵਧਣ। ਮਹਾਤਮਾ ਗਾਂਧੀ ਦੀ ਬੇਨਤੀ ਨੂੰ ਪੂਰਾ ਕਰਨ ਲਈ ਸਿੰਘਾਂ ਨੇ ਜੰਗੇ-ਅਜ਼ਾਦੀ ਵਿਚ ਸ਼ਾਂਤਮਈ ਕੁਰਬਾਨੀਆਂ ਦੀ ਝੜੀ ਲਗਾ ਦਿੱਤੀ ਜਿਸ ਤੇ ਸਾਰਾ ਦੇਸ਼ ਮਾਣ ਕਰਦਾ ਹੈ।

ਸਿੱਖਾਂ ਵੱਲੋਂ ਅਪਣਾਈ ਗਈ ਅਹਿੰਸਾ ਦੀ ਨੀਤੀ ਨੇ ਮਹਾਤਮਾ ਗਾਂਧੀ ਨੂੰ ਡਾਢਾ ਖੁਸ਼ ਕੀਤਾ। ਉਹ ਸਿੱਖ ਦੀ ਬਹਾਦਰੀ ਅਤੇ ਉਨ੍ਹਾਂ ਵਲੋਂ ਪ੍ਰਗਟਾਈ ਅਹਿੰਸਕ ਸ਼ਕਤੀ ਨੂੰ ਆਪਣੇ ਦਿਲ ਵਿਚ ਬਹੁਤ ਮਾਣ ਵਾਲੀ ਥਾਂ ਦੇਣ ਲਗ ਪਏ। ਸਾਰੇ ਅਕਾਲੀ ਸੰਘਰਸ਼ਾਂ ਨੇ ਉਨ੍ਹਾਂ ਦੇ ਮਨ ਤੇ ਅਮਿਟ ਪ੍ਰਭਾਵ ਛੱਡਿਆ ਅਤੇ ਉਹ ਸਿੱਖਾਂ ਨੂੰ ਲਾਮਿਸਾਲ ਕੁਰਬਾਨੀਆਂ, ਅਮੁਕ ਚੜ੍ਹਦੀਕਲਾ ਵਾਲੀ ਭਾਵਨਾ ਦਾ ਸ਼ਾਨਦਾਰ ਨਮੂਨਾ ਸਮਝਣ ਲਗ ਪਏ। ਮਹਾਤਮਾ ਗਾਂਧੀ ਦੇ ਸਮੇਂ ਦਾ ਇਕ ਵਿਦਵਾਨ, ਮਹਾਤਮਾ ਗਾਂਧੀ ਦਾ ਸਿੱਖਾਂ ਪ੍ਰਤੀ ਬਣੇ ਪ੍ਰਭਾਵਾਂ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ, "ਮਹਾਤਮਾ ਗਾਂਧੀ ਸਿੱਖਾਂ ਵਲੋਂ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਵਖਾਈ ਗਈ ਸ਼ਾਂਤੀ ਭਰੀ ਦਲੇਰੀ ਤੋਂ ਬਹੁਤ ਮੁਤਾਸਰ ਹੋਏ ਜਿਸ ਵਿਚ ਮਹੰਤ ਨਰਾਇਣ ਦਾਸ ਦੇ ਸਿੱਖਾਂ ਤੇ ਢਾਏ ਜ਼ੁਲਮਾਂ ਨੇ ਜਨਰਲ ਡਾਇਰ ਦੇ 1919 ਦੀ ਵਿਸਾਖੀ ਵਾਲੇ ਦਿਨ ਕੀਤੇ ਜਲ੍ਹਿਆਂ ਵਾਲੇ ਬਾਗ਼ ਦੇ ਖੂਨੀ ਸਾਕੇ ਨੂੰ ਵੀ ਮਾਤ ਪਾ ਦਿੱਤੀ ਸੀ। ਮਹੰਤ ਨਰਾਇਣ ਦਾਸ ਨੇ ਬਹੁਤ ਹੀ ਬੇਰਹਿਮੀ ਨਾਲ ਸੈਂਕੜੇ ਸਿੱਖ ਸੇਵਾਦਾਰਾਂ ਨੂੰ ਉਨ੍ਹਾਂ ਦੇ ਜਥੇਦਾਰਾਂ ਸ. ਲਛਮਣ ਸਿੰਘ, ਦਲੀਪ ਸਿੰਘ ਨਾਲ ਸ਼ਹੀਦ ਕਰ ਦਿੱਤਾ। ਮਹਾਤਮਾ ਗਾਂਧੀ ਅਨੁਸਾਰ ਇਨ੍ਹਾਂ ਸੂਰਮਿਆਂ ਨੇ ਤਸ਼ੱਦਦ ਅੱਗੇ ਆਪਣੀ ਉਂਗਲ ਤਕ ਵੀ ਖੜੀ ਨਾ ਕੀਤੀ ਅਤੇ ਅਮਾਨਵੀ ਅਤਿਆਚਾਰ ਝਲਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਸਿੱਖ ਸ਼ਹੀਦਾਂ ਨੇ ਇਵੇਂ ਜੋ ਸੂਰਮਗਤੀ ਤੇ ਦਲੇਰੀ ਦਖਾਈ ਹੈ ਉਹ ਉਚ ਪਾਏ ਦੀ ਹੈ ਜਿਸ ਤੇ ਸਾਰਾ ਸ਼ਿੱਖ ਸੰਸਾਰ, ਭਾਰਤ ਮਾਤਾ ਅਤੇ ਸਮੁਚਾ ਵਿਸ਼ਵ ਬਜਾ ਗੌਰਵ ਕਰਦਾ ਹੈ (ਹਵਾਲਾ ਟਰਿਬਿਊਨ 16.7.1996)।

ਮਹਾਤਮਾ ਗਾਂਧੀ ਨੇ ਹੋਰ ਕਿਹਾ ਕਿ ਜੋ ਕੁਝ ਮੈਂ ਤਕਿਆ ਤੇ ਸੁਣਿਆ ਹੈ, ਉਸ ਅਨੁਸਾਰ ਨਨਕਾਣਾ ਸਾਹਿਬ ਦਾ ਇਹ ਖੂਨੀ ਸਾਕਾ ਡਾਇਰਇਜ਼ਮ ਭਾਵ ਡਾਇਰ ਦੇ ਅਤਿਆਚਾਰਾਂ ਦਾ ਦੂਜਾ ਐਡੀਸ਼ਨ ਹੈ। ਮੇਰੇ ਹਿਸਾਬ ਨਾਲ ਇਥੇ ਜਲ੍ਹਿਆਂ ਵਾਲੇ ਬਾਗ਼ ਨਾਲੋਂ ਵੀ ਵਧ ਜ਼ੁਲਮ ਪੂਰਾ ਮਨਸੂਬਾ ਘੜ ਕੇ ਢਾਏ ਗਏ ਹਨ ਜਿਹੜੇ ਜਲ੍ਹਿਆਂ ਵਾਲੇ ਬਾਗ਼ ਵਾਲੇ ਡਾਇਰ ਦੇ ਸ਼ੈਤਾਨੀ ਤੇ ਰਾਖਸ਼ੀ ਕਰਮਾਂ ਨਾਲੋਂ ਵੀ ਕਿਤੇ ਵਧ ਦਰਿੰਦਗੀ ਭਰੇ ਸਨ। (ਹਵਾਲਾ Collected works of Gandhi Vol XIX ਪੰਨਾ 399)

ਇਤਿਹਾਸ ਗਵਾਹ ਹੈ ਕਿ ਜਲ੍ਹਿਆਂ ਵਾਲੇ ਬਾਗ਼ ਵਿੱਚ ਵੀ ਸਿੱਖਾਂ ਦੀਆਂ ਸਭ ਤੋਂ ਵਧ ਸ਼ਹੀਦੀਆਂ ਹੋਈਆਂ। ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਦੇਸ਼ ਦੀ ਆਜ਼ਾਦੀ ਲਈ ਵੀ ਸਿੱਖਾਂ ਨੇ ਸ਼ਹੀਦੀਆਂ ਦੀ ਛਹਿਬਰ ਲਗਾ ਦਿਤੀ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਸਿੱਖ ਭਾਵੇਂ ਭਾਰਤ ਦੀ ਕੁਲ ਵਸੋਂ ਦਾ ਕੇਵਲ 02 ਪ੍ਰਤੀਸ਼ਤ ਭਾਗ ਹੀ ਹਨ, ਫਿਰ ਵੀ ਅਜ਼ਾਦੀ ਦੇ ਸੰਘਰਸ਼ ਵਿੱਚ ਇਨ੍ਹਾਂ ਦੇ ਬਲੀਦਾਨਾਂ ਦੀ ਪ੍ਰਤੀਸ਼ਤ 70 ਤੋਂ ਵੱਧ ਹੈ। ਇਥੋਂ

ਇਨ੍ਹਾਂ ਦੇ ਦੇਸ਼ ਨਾਲ ਮੋਹ ਦੇ ਜਜ਼ਬੇ ਦਾ ਪ੍ਰਤੱਖ ਤੇ ਲਾਮਿਸਾਲੀ ਪ੍ਰਮਾਣ ਮਿਲਦਾ ਹੈ।

ਗੁਰੂ ਕੇ ਬਾਗ, ਜੈਤੋਂ ਅਤੇ ਚਾਬੀਆਂ ਦੇ ਮੋਰਚੇ ਵਿਚ ਅਤੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਦੌਰਾਨ ਪੂਰ-ਅਮਨ ਰਹਿ ਕੇ ਸਰਕਾਰੀ ਤੇ ਮਹੰਤੀ ਤਸ਼ੱਦਦ, ਸਤਿਨਾਮੁ ਵਾਹਿਗੁਰੂ ਦੇ ਜਾਪ ਕਰਦਿਆਂ ਝੱਲ ਕੇ ਸਿੱਖਾਂ ਨੇ ਸਭ ਭਾਰਤ ਵਾਸੀਆਂ ਨੂੰ ਚਕਰਤ ਹੀ ਨਹੀਂ ਕਰ ਦਿੱਤਾ ਸਗੋਂ ਉਨ੍ਹਾਂ ਦੇ ਦਿਲ ਜਿੱਤ ਲਏ। ਸਿੰਘਾਂ ਦੇ ਇਨ੍ਹਾਂ ਕਾਰਨਾਮਿਆਂ ਸਦਕਾ ਇਹ ਗੱਲ ਪਰਪੱਕ ਹੋ ਗਈ ਕਿ ਅਜ਼ਾਦੀ ਦੀ ਜਿਸ ਲਹਿਰ ਵਿੱਚ ਸਿੱਖ ਸ਼ਾਮਲ ਹੋਣਗੇ ਉਹ ਅਵਸ਼ ਕਾਮਯਾਬ ਹੋਵੇਗੀ।

1929 ਵਿਚ ਕਾਂਗਰਸ ਪਾਰਟੀ ਨੇ ਅੰਗਰੇਜ਼ੀ ਸਰਕਾਰ ਵਿਰੁੱਧ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਇਕ ਸਿਆਸੀ ਕਾਨਫਰੰਸ ਰਖੀ ਜਿਸ ਵਿਚ ਕਾਂਗਰਸ ਦਾ ਝੰਡਾ ਵੀ ਝੁਲਾਇਆ ਜਾਣਾ ਸੀ। ਅੰਗਰੇਜ਼ ਸਰਕਾਰ ਨੇ ਆਪਣਾ ਵਕਾਰ ਕਾਇਮ ਰਖਣ ਲਈ ਹਰ ਮੁਮਕਿਨ ਯਤਨ ਕੀਤੇ ਕਿ ਇਹ ਕਾਨਫਰੰਸ ਕਿਸੇ ਹਾਲਤ ਵਿਚ ਸਫਲ ਨਾ ਹੋਵੇ ਤਾਂ ਜੋ ਕਾਂਗਰਸ ਦਾ ਵਕਾਰ ਗਿਰ ਜਾਵੇ। ਦੂਜੇ ਪਾਸੇ ਕਾਂਗਰਸ ਲਈ ਵੀ ਇਸ ਕਾਨਫਰੰਸ ਨੂੰ ਕਾਮਯਾਬ ਕਰਵਾਣਾ ਅਤਿਅੰਤ ਜ਼ਰੂਰੀ ਸੀ। ਕਾਨਫਰੰਸ ਨੂੰ ਕਾਮਯਾਬ ਕਰਨ ਲਈ ਸਿੱਖਾਂ ਤਕ ਰਸਾਈ ਕੀਤੀ ਗਈ ਕਿ ਉਹ ਇਸ ਕਾਨਫਰੰਸ ਦੀ ਅਗਵਾਈ ਕਰਨ। ਸਿੱਖਾਂ ਨੇ ਉੱਤਰ ਦਿੱਤਾ ਕਿ ਕਾਂਗਰਸ ਦੇ ਝੰਡੇ ਵਿਚ ਜਿਸ ਕੌਮ ਦਾ ਰੰਗ ਸਭ ਤੋਂ ਉਤੇ ਹੈ ਉਹ ਹੀ ਅਗਵਾਈ ਕਰੇ। ਹਰਾ ਰੰਗ ਸਭ ਤੋਂ ਉਤੇ ਸੀ ਅਤੇ ਮੁਸਲਮਾਨਾਂ ਨਾਲ ਇਹ ਰੰਗ ਸਬੰਧਤ ਹੈ ਪਰ ਉਹ ਅਗਵਾਈ ਕਰਨ ਤੋਂ ਇਕ ਗਏ। ਕੁਰਬਾਨੀ ਦੇਣਾ ਕੋਈ ਸੌਖੀ ਗੱਲ ਨਹੀਂ। ਸਿੱਖਾਂ ਨੇ ਕਿਹਾ ਕਿ ਸਾਡਾ ਤਾਂ ਕੇਸਰੀ ਰੰਗ ਹੈ ਜੋ ਝੰਡੇ ਵਿਚ ਸਭ ਤੋਂ ਥਲੇ ਹੈ, ਇਸ ਲਈ ਸਾਡੀ ਵਾਰੀ ਤਾਂ ਸਭ ਤੋਂ ਪਿਛੋਂ ਆਉਂਦੀ ਹੈ। ਗੱਲ ਨੂੰ ਹੱਥੋਂ ਜਾਂਦੀ ਦੇਖ ਕੇ ਉਥੇ ਹੀ ਫੈਸਲਾ ਕੀਤਾ ਗਿਆ ਕਿ ਝੰਡੇ ਦੇ ਰੰਗ ਬਦਲ ਦਿਤੇ ਜਾਣ ਤੇ ਕੇਸਰੀ ਰੰਗ ਸਭ ਤੋਂ ਉੱਤੇ ਕਰ ਦਿੱਤਾ ਜਾਵੇ। ਇਵੇਂ ਹੀ ਹੋਇਆ ਤੇ ਸਿੰਘਾਂ ਨੇ ਕਾਨਫਰੰਸ ਦੀ ਅਗਵਾਈ ਕੀਤੀ ਤੇ ਇਸ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਤੇ ਕਾਨਫਰੰਸ ਅਜਿਹੀ ਸਫਲ ਹੋਈ ਕਿ ਉਸ ਤੋਂ ਅੰਗਰੇਜ਼ਾਂ ਨੂੰ ਕੰਨ ਹੋ ਗਏ। ਇਸੇ ਕਾਨਫਰੰਸ ਵਿਚ ਭਾਰਤ ਲਈ ਪੂਰਨ ਸਵਰਾਜ ਦਾ ਇਤਿਹਾਸਕ ਮਤਾ ਪਾਸ ਹੋਇਆ। ਮਹਾਤਮਾ ਗਾਂਧੀ ਇਕ ਵਾਰੀ ਫਿਰ ਸਿੱਖਾਂ ਦੀ ਅਸੀਮ ਬਹਾਦਰੀ ਤੇ ਦੇਸ਼ ਭਗਤੀ ਦੇ ਜਲੌਂ ਤੇ ਜਜ਼ਬੇ ਨੂੰ ਵੇਖ ਕੇ ਡਾਢੇ ਪ੍ਰਭਾਵਤ ਹੋਏ। ਉਹ ਕਾਨਫਰੰਸ ਵਿਚੋਂ ਉਠੇ ਤੇ ਪੈਦਲ ਚਲ ਕੇ ਸਿਧੇ ਲਾਹੌਰ ਜੇਹਲ ਪਹੁੰਚੇ ਜਿਥੇ ਬਾਬਾ ਖੜਕ ਸਿੰਘ ਅੰਗਰੇਜ਼ ਦੀ ਕੈਦ ਭੁਗਤ ਰਹੇ ਸਨ। ਗਾਂਧੀ ਨੇ ਬਾਬਾ ਜੀ ਨੂੰ ਕਾਨਫਰੰਸ ਦੀ ਸਫਲਤਾ ਦੀ ਸਾਰੀ ਵਿਥਿਆ ਸੁਣਾਈ ਅਤੇ ਬਾਬਾ ਜੀ ਦੇ ਚਰਨ ਛੂਹ ਕੇ ਦੇਸ਼ ਦੀ ਅਜ਼ਾਦੀ ਲਈ ਅਸ਼ੀਰਵਾਦ ਲਈ (ਹਵਾਲਾ ਅਜੀਤ15.8.96 ਮੈਗਜ਼ੀਨ ਪੰਨਾ-4)।

ਆਪਣੀ ਖੋਜ ਪੁਸਤਕ 'Lions of the Panjab' ਵਿਚ ਰਿਚਰੱਡ ਜੀ. ਫ਼ਾਥਸ ਸਿਖਾਂ ਦੀ ਹਰ ਮਸਲੇ ਵਿਚ ਯਕੀਨਨ ਜਿੱਤ ਪ੍ਰਾਪਤ ਕਰਨ ਦਾ ਕਾਰਨ ਦਸਦਿਆਂ ਕਹਿੰਦਾ ਹੈ ਕਿ "ਅਕਾਲੀ ਸਿੱਖਾਂ ਦੀ ਲਹਿਰ ਆਮ ਕਰਕੇ ਵਧੇਰੇ ਵੱਡੇ ਮੰਤਵਾਂ ਤੇ ਕਾਰਨਾਂ ਕਰ ਕੇ ਹੁੰਦੀ ਸੀ ਜਦ ਕਿ ਮਹਾਤਮਾ ਗਾਂਧੀ ਦੀ ਸਿਵਲ ਨਾਫਰਮਾਨੀ ਦੀ ਲਹਿਰ ਵਿਚ ਇਤਨਾ ਦਮ ਨਹੀਂ ਸੀ। ਮਹਾਤਮਾ ਦੇ ਸੰਘਰਸ਼ ਦਾ ਪ੍ਰਾਪੇਗੰਡਾ ਮੁਖ ਕਰ ਕੇ ਸ਼ਹਿਰੀ ਵਰਗ

ਵਿਚ ਹੁੰਦਾ ਸੀ ਜਿਸ ਵਿਚ ਪੁਲਿਸ ਦੀ ਇਕ ਨਿਕੀ-ਜਹੀ ਟੁਕੜੀ ਨੂੰ ਝਲਣ ਅਤੇ ਉਸ ਦਾ ਡਟ ਕੇ ਵਿਰੋਧ ਕਰਨ ਦਾ ਸਾਹਸ ਨਹੀਂ ਸੀ ਪਰ ਅਕਾਲੀਆਂ ਦੇ ਅੰਦੋਲਨਾਂ ਦੇ ਆਮ ਕਰਕੇ ਪੈਰੋਕਾਰ ਤਕੜੇ ਜੁਸੇ ਵਾਲੇ, ਕੌਮੀ ਗੌਰਵਮਈ ਇਤਿਹਾਸ ਵਾਲੇ ਅਤੇ ਮਾਰਸ਼ਲ ਖੂਬੀਆਂ ਵਾਲੇ ਮਨੁੱਖ ਹਨ।" (ਹਵਾਲਾ Govt of India, Home political files A, 459, 11 & K.W. Notes on the Akali Dal & SGPC 1921-1925, Para 45, New Delhi National Archives of India)। ਫਾਥਸ ਨੇ ਸਿੱਖਾਂ ਦੀ ਬਹਾਦਰੀ ਦਾ ਜੋ ਕਾਰਨ ਦੱਸਿਆ ਹੈ ਉਹ ਠੀਕ ਹੀ ਹੈ ਪਰ ਆਪਣੇ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਵਾ ਲਾਖ ਸੇ ਏਕ ਲੜਾਓਂ ਦੀ ਜੋ ਸ਼ਕਤੀ ਪਰਦਾਨ ਕਰ ਦਿੱਤੀ ਹੈ ਉਸ ਨਾਲ ਸਿੱਖ ਹਰ ਔਖ ਸੌਖ ਨੂੰ ਚੜ੍ਹਦੀਕਲਾ ਵਿਚ ਵਿਚਰ ਕੇ ਜੀਂਦਾ ਹੈ, ਝਲਦਾ ਹੈ, ਬਰਦਾਸ਼ਤ ਕਰਦਾ ਹੈ ਤੇ ਅਕਾਲਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ। ਇਸ ਲਈ ਨਤੀਜੇ ਵਜੋਂ ਇਹੀ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਦੀ ਦੇਸ਼ ਭਗਤੀ, ਬਹਾਦਰੀ, ਸੂਰਮਗਤੀ ਤੇ ਅਨੁਸ਼ਾਸਨ ਵਿਚ ਰਹਿ ਕੇ ਅਹਿੰਸਾ ਨੂੰ ਅਪਨਾਉਂਦਿਆਂ ਹੋਇਆਂ ਹਰ ਪ੍ਰਕਾਰ ਦੀ ਕੁਰਬਾਨੀ ਕਰਨੀ ਕੁਝ ਅਜਿਹੇ ਗੁਣ ਹਨ ਜਿਨ੍ਹਾਂ ਤੇ ਹਰ ਕੋਈ ਬਜਾ ਮਾਣ ਤੇ ਫਖਰ ਕਰ ਸਕਦਾ ਹੈ।

ਦੇਸ਼ ਦੀ ਆਨ ਸ਼ਾਨ ਲਈ ਸਿੱਖਾਂ ਵਲੋਂ ਖੁਸ਼ੀ ਖੁਸ਼ੀ ਜਾਨਾਂ ਵਾਰ ਦੇਣ ਬਾਰੇ ਇਕ ਹੋਰ ਸੰਖੇਪ ਜਿਹਾ ਪਰ ਦਿਲਚਸਪ ਬ੍ਰਿਤਾਂਤ ਨਿਮਨ ਅਨੁਸਾਰ ਹੈ।

ਸ਼ਹੀਦੀ ਲਈ ਸ਼ੌਕ, ਮੌਤ ਨਾਲ ਮਖੌਲ

ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਚੜ੍ਹਦੀਕਲਾ ਦਾ ਵਰਦਾਨ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਸ਼ੇਰ ਦਿਲ ਬਣਾ ਦਿੱਤਾ ਜਿਹੜੇ ਦੇਸ਼ ਕੌਮ ਤੇ ਮਾਨਵਤਾ ਦੀ ਕਾਇਮੀ ਦਾਇਮੀ ਲਈ ਹਸ ਹਸ ਕੇ ਜਾਨਾਂ ਵਾਰਨਾ ਇਕ ਸ਼ੁਗਲ ਸਮਝਣ ਲਗ ਪਏ ਤੇ ਮੌਤ ਦਾ ਭੈ ਉਨ੍ਹਾਂ ਦੇ ਮਨਾਂ ਵਿਚੋਂ ਖੰਭ ਲਗਾ ਤੇ ਉੱਡ ਗਿਆ ਤੇ ਜੋ ਕੁਝ ਬਾਕੀ ਰਹਿ ਗਿਆ ਉਹ ਸੀ ਵੀਰਤਾ, ਵਰਿਆਮਤਾ ਤੇ ਸ਼ਹੀਦੀ ਲਈ ਸ਼ੌਕ। ਆਓ ਸ਼ਹੀਦੀ ਲਈ ਸ਼ੌਕ ਨਾਲ ਸਬੰਧਤ ਕੁਝ ਘਟਨਾਵਾਂ ਦਾ ਸੰਖੇਪ ਜਿਹਾ ਜ਼ਿਕਰ ਵਾਚੀਏ।

ਗ਼ੁਲਾਮ ਜੀਲਾਨੀ ਦੇ ਕਥਨਾਂ ਦੀ ਰੌਚਕਤਾ

ਗ਼ੁਲਾਮ ਜੀਲਾਨੀ ਇਕ ਮੁਸਲਮਾਨ ਇਤਿਹਾਸਕਾਰ ਸੀ ਜਿਸ ਨੇ ਜੰਗਨਾਮਾ ਮੁਲਤਾਨ ਲਿਖਿਆ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਮੁਲਤਾਨ ਦੀ ਚੜ੍ਹਾਈ ਅਤੇ ਫਤਿਹ ਦਾ ਜ਼ਿਕਰ ਹੈ। ਜੀਲਾਨੀ ਆਪਣੀ ਲਿਖਤ ਵਿਚ ਵਧ ਤੋਂ ਵਧ ਤਥ ਪਾਉਣ ਲਈ ਜਸੂਸੀ ਕਰਨ ਤਕ ਵੀ ਅੱਗੇ ਵਧਿਆ ਜਿਸ ਕਾਰਨ ਉਸ ਨੇ ਆਪਣੀ ਸ਼ਕਲ ਸਿੱਖਾਂ ਵਰਗੀ ਬਣਾ ਲਈ। ਇਸ ਤਰ੍ਹਾਂ ਕਰਨ ਨਾਲ ਉਹ ਸਿੱਖਾਂ ਦੀਆਂ ਸਫਾਂ ਵਿਚ ਅਸਾਨੀ ਨਾਲ ਘੁੰਮ ਫਿਰ ਜਾਂਦਾ ਸੀ। ਉਸ ਨੇ ਲਿਖਿਆ ਹੈ ਕਿ ਜਦ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਨੇ ਮੁਲਤਾਨ ਤੇ ਚੜ੍ਹਾਈ ਕੀਤੀ ਤਾਂ ਉਨ੍ਹਾਂ ਦੀ ਇਕ ਭਾਰੀ ਤੋਪ ਦਾ ਪਹੀਆ ਟੁਟ ਗਿਆ। ਇਸ ਤੋਪ ਤੋਂ ਬਿਨਾਂ ਕਿਲ੍ਹਾ ਸਰ ਹੋਣਾ ਮੁਸ਼ਕਲ ਸੀ। ਆਖਿਰ ਸਿੱਖਾਂ ਨੇ ਗੁਰੂ ਦਾ ਨਾਂ ਲਿਆ ਤੇ ਤੋਪ ਨੂੰ ਵਾਰੀ ਵਾਰੀ ਆਪਣਾ ਮੋਢਾ ਦਿੰਦੇ ਗਏ। ਮੋਢਾ ਦੇਣ ਵਾਲਿਆਂ ਦੀ ਲਾਈਨ ਲਗੀ ਹੋਈ ਸੀ। ਜਿਉਂ ਜਿਉਂ ਤੋਪ ਚਲਦੀ, ਮੋਢਾ

ਦੇਣ ਵਾਲੇ ਦੇ ਤੁੰਬੇ ਉਡ ਜਾਂਦੇ ਪਰ ਗੁਰੂ ਦੇ ਦੁਲਾਰੇ ਅੱਗੇ ਹੀ ਅੱਗੇ ਹੁੰਦੇ ਗਏ। ਇਹ ਬੜਾ ਅਜੀਬ ਨਜ਼ਾਰਾ ਸੀ। ਅੰਤ ਸਿੰਘਾਂ ਦੀ ਇਸ ਬਹਾਦਰੀ ਸਦਕਾ ਕਿਲ੍ਹੇ ਦੀਆਂ ਦੀਵਾਰਾਂ ਢਹਿ ਗਈਆਂ ਤੇ ਜੰਗ ਜਿਤੀ ਗਈ। ਜੀਲਾਨੀ ਲਿਖਦਾ ਹੈ ਕਿ ਸਿੰਘਾਂ ਦੀ ਇਸ ਬਹਾਦਰੀ ਨੂੰ ਵੇਖ ਕੇ ਉਸ ਦਾ ਵੀ ਜੀਅ ਕਰ ਆਇਆ ਕਿ ਉਹ ਵੀ ਤੋਪ ਨੂੰ ਮੋਢਾ ਦੇ ਕੇ ਇਨ੍ਹਾਂ ਦੁਲਾਰਿਆਂ ਵਾਂਗ ਆਪਣੀ ਜਾਨ ਵਾਰ ਦੇਵੇ ਪਰ ਉਹ ਇਸ ਕਰਕੇ ਅੱਗੇ ਨਾ ਹੋ ਸਕਿਆ ਕਿ ਫਿਰ ਸਿੱਖਾਂ ਦੀ ਇਸ ਬਹਾਦਰੀ ਦਾ ਇਤਿਹਾਸ ਕੌਣ ਲਿਖੇਗਾ?"

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਕਬੀਰ, ਪੰਨਾ-1105)

ਪਾਕਿਸਤਾਨੀ ਜਰਨੈਲਾਂ ਦੀਆਂ ਨਜ਼ਰਾਂ ਵਿਚ ਸਿੱਖ ਫੌਜੀ

ਜੀਲਾਨੀ ਦੀ ਉਕਤ ਰਿਪਰੋਟ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਸਿੱਖ ਫੌਜੀ ਸੂਰਬੀਰਾਂ ਦੀ ਬਹਾਦਰੀ ਦਾ ਕੋਈ ਜਵਾਬ ਨਹੀਂ ਸੀ। ਹੁਣ ਹੇਠਾਂ ਅਜ਼ਾਦ ਭਾਰਤ ਦੀ ਫੌਜ ਵਿਚ ਸਿੱਖ ਸੂਰਮੇ ਫੌਜੀਆਂ ਦੀ ਬਹਾਦਰੀ ਦੀ ਸੰਖੇਪ ਜਿਹੀ ਦਾਸਤਾਨ ਪਾਕਿਸਤਾਨ ਦੇ ਇਕ ਰੀਟਾਇਰਡ ਮੇਜਰ ਜਨਰਲ ਮੁਕੀਸ਼ ਖਾਨ ਦੀ ਜ਼ਬਾਨੀ ਸੁਣੋ। ਉਸ ਨੇ ਸਿੱਖ ਫੌਜੀਆਂ ਬਾਰੇ ਜੋ ਬੋਲਿਆ ਹੈ ਉਹ ਸ਼ਬਦ ਉਸ ਦੀ ਕਿਤਾਬ 'Crisis of Leadership' ਦੇ ਪੰਨਾ-250 ਤੇ ਅੰਕਤ ਹਨ। ਇਹ ਕਿਤਾਬ ਉਸ ਨੇ 1971 ਦੀ ਹਿੰਦ-ਪਾਕ ਜੰਗ ਬਾਰੇ ਲਿਖੀ ਸੀ :

. . . . . ਸਾਡੀ ਹਾਰ ਦਾ ਵੱਡਾ ਕਾਰਨ ਸਿੱਖਾਂ ਦੇ ਸਾਹਮਣੇ ਹੋ ਕੇ ਲੜਨਾ ਹੈ। ਸਿੱਖਾਂ ਦੇ ਸਾਹਮਣੇ ਸਾਡੀ ਕੋਈ ਪੇਸ਼ ਨਾ ਗਈ। ਸਿੱਖ ਬਹੁਤ ਬਹਾਦਰ ਹਨ ਅਤੇ ਸ਼ਹੀਦੀ ਲਈ ਬੇਪਨਾਹ ਸ਼ੌਕ ਰਖਦੇ ਹਨ। ਇਹ ਏਨੀ ਦਲੇਰੀ ਨਾਲ ਲੜਦੇ ਹਨ ਕਿ ਆਪਣੇ ਨਾਲੋਂ ਕਈ ਗੁਣਾਂ ਵੱਡੀ ਫੌਜ ਨੂੰ ਵੀ ਹਾਰ ਦੇਣ ਦੀ ਸਮਰਥਾ ਰਖਦੇ ਹਨ।"

. . . . . 3 ਦਸੰਬਰ 1971 ਨੂੰ ਅਸੀਂ ਹਿੰਦੁਸਤਾਨ ਦੇ ਬਾਰਡਰ ਹੁਸੈਨੀਵਾਲਾ ਉਤੇ ਇੰਨਫੈਂਟਰੀ ਬਰਿਗੇਡ ਨਾਲ ਜ਼ਬਰਦਸਤ ਤੇ ਭਿਆਨਕ ਹਮਲਾ ਕੀਤਾ। ਸਾਡੇ ਇਸ ਬਰਿਗੇਡ ਵਿਚ ਪਾਕਿਸਤਾਨ ਦੀ ਲੜਾਕੂ ਪੰਜਾਬੀ ਰੈਜਮੈਂਟ ਦੇ ਨਾਲ ਬਲੋਚ ਰੈਜਮੈਂਟ ਵੀ ਸੀ। ਅਸੀਂ ਮਿੰਟਾਂ ਵਿਚ ਭਾਰਤੀ ਫੌਜ ਨੂੰ ਬੜੀ ਦੂਰ ਤਕ ਪਿੱਛੇ ਧਕੇਲ ਦਿੱਤਾ। ਉਨ੍ਹਾਂ ਦੇ ਰੱਖਿਆ ਮੋਰਚੇ ਸਾਡੇ ਕਬਜ਼ੇ ਵਿਚ ਆ ਗਏ। ਭਾਰਤ ਦੀ ਸੈਨਾ ਬੜੀ ਤੇਜ਼ੀ ਦੇ ਨਾਲ ਪਿੱਛੇ ਭੱਜੀ ਜਾ ਰਹੀ ਸੀ। ਪਾਕਿਸਤਾਨੀ ਫੌਜਾਂ ਬੜੀ ਤੇਜ਼ ਰਫਤਾਰ ਨਾਲ ਅੱਗੇ ਵਧਦੀਆਂ ਜਾ ਰਹੀਆਂ ਸਨ। ਸਾਡੀ ਫੌਜ ਕੌਸਰੇ-ਹਿੰਦ ਚੌਕੀ ਕੋਲ ਜਾ ਪੁੱਜੀ। ਉਸ ਚੌਕੀ ਦੀ ਰੱਖਿਆ ਲਈ ਨੀਯਤ ਕੀਤੀ ਗਈ ਫੌਜੀਆਂ ਦੀ ਛੋਟੀ ਜਿਹੀ ਟੁਕੜੀ ਸੀ ਜੋ ਸਿੱਖ ਰੈਜਮੈਂਟ ਵਿਚ ਸਨ। ਸਿੱਖ ਰੈਜਮੈਂਟ ਦੇ ਥੋੜ੍ਹੇ ਜਿਹੇ ਜਵਾਨਾਂ ਨੇ ਸਾਡਾ ਰਾਹ ਲੋਹੇ ਦੀ ਦੀਵਾਰ ਵਾਂਗ ਰੋਕ ਲਿਆ। ਉਹ ਜ਼ੋਰ ਦੀ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾ ਕੇ ਸਾਡੇ ਉੱਤੇ ਭੁੱਖੇ ਬਾਜਾਂ ਅਤੇ ਸ਼ੇਰਾਂ ਦੀ ਤਰ੍ਹਾਂ ਟੁਟ ਪਏ। ਇਹ ਸਭ ਸਿਪਾਹੀ ਸਿੰਘ ਹੀ ਸਨ। ਬੜੀ ਖ਼ੌਫ਼ਨਾਕ ਤੇ ਘਮਸਾਣ ਦੀ ਲੜਾਈ ਹੋਈ। ਇਥੋਂ ਤਕ ਕਿ ਲੜਦੇ ਲੜਦੇ ਸਿਪਾਹੀ ਇਕ ਦੂਜੇ ਦੇ ਆਹਮੋ ਸਾਹਮਣੇ ਦਸਤ-ਬ-ਦਸਤ ਹੱਥੋਪਾਈ ਤਕ ਜਾ ਪਹੁੰਚੇ। ਯਾ ਅਲੀ ਤੇ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਨਾਲ ਅਕਾਸ਼

ਗੂੰਜ ਉਠਿਆ। ਸਿੱਖਾਂ ਨੇ ਹੱਥੋ ਹੱਥੀ ਲੜਾਈ ਵਿਚ ਵੀ ਏਨੀ ਬਹਾਦਰੀ ਦਿਖਾਈ ਕਿ ਉਨ੍ਹਾਂ ਸਾਡੇ ਸਾਰੇ ਅਰਮਾਨ ਮਿੱਟੀ ਵਿਚ ਮਿਲਾ ਦਿੱਤੇ।

ਇਸ ਲੜਾਈ ਵਿਚ ਬਲੋਚ ਰੈਜਮੈਂਟ ਦਾ ਲੈਫਟੀਨੈਂਟ ਕਰਨਲ ਗੁਲਾਬ ਹੁਸੈਨ ਮਾਰਿਆ ਗਿਆ। ਉਸ ਨਾਲ ਮੇਜਰ ਮੁਹੰਮਦ ਜ਼ਈਫ ਅਤੇ ਕੈਪਟਨ ਆਰਿਫ ਅਲੀਮ ਵੀ ਮਾਰੇ ਗਏ। ਸਾਡੇ ਜਵਾਨਾਂ ਦੇ ਮਾਰੇ ਜਾਣ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ । ਸਿਰਫ ਮੁੱਠੀ ਭਰ ਸਿੰਘਾਂ ਦੀ ਗਿਣਤੀ ਦਾ ਹੌਸਲਾ ਵੇਖ ਕੇ ਅਸੀਂ ਹੱਕੇ ਬੱਕੇ ਰਹਿ ਗਏ। ਜਦੋਂ ਅਸੀਂ ਪੱਕੀ ਪੋਸਟ, ਜੋ ਤਿੰਨ ਮੰਜ਼ਲੀ ਸੀਮਿੰਟ ਦੀ ਮਜ਼ਬੂਤ ਬਣੀ ਹੋਈ ਸੀ, ਉਤੇ ਕਬਜ਼ਾ ਕਰ ਲਿਆ ਤਾਂ ਸਿੱਖ ਸਿਪਾਹੀ ਉਸ ਦੀ ਉਪਰਲੀ ਛੱਤ ਉਤੇ ਕਾਬਜ਼ ਹੋ ਗਏ ਅਤੇ ਸਾਡਾ ਡਟ ਕੇ ਮੁਕਾਬਲਾ ਕਰਦੇ ਰਹੇ। ਉਹ ਸਾਰੀ ਰਾਤ ਸਾਡੇ ਉਤੇ ਗੋਲੀਆਂ ਦਾ ਮੀਂਹ ਵਰ੍ਹਾਂਦੇ ਰਹੇ। ਉਹ ਬੜੀ ਉੱਚੀ ਅਵਾਜ਼ ਵਿਚ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਰਹੇ। ਇਨ੍ਹਾਂ ਸਿੱਖ ਜਵਾਨਾਂ ਨੇ ਅਗਲੇ ਦਿਨ ਤਕ ਮੁਕਾਬਲਾ ਜਾਰੀ ਰੱਖਿਆ। ਅਗਲੇ ਦਿਨ ਪਾਕਿਸਤਾਨੀ ਟੈਂਕਾਂ ਨੇ ਇਸ ਚੌਕੀ ਨੂੰ ਘੇਰਾ ਪਾ ਕੇ ਤੋਪਾਂ ਨਾਲ ਉਡਾ ਦਿੱਤਾ। ਉਹ ਮੁੱਠੀ ਭਰ ਸਿੱਖ ਮੁਕਾਬਲਾ ਕਰਦੇ ਸ਼ਹੀਦ ਹੋ ਗਏ। ਪਰ ਦੂਜੇ ਸਿੱਖ ਸਿਪਾਹੀਆਂ ਨੇ ਆਪਣੇ ਤੋਪਖਾਨੇ ਦੀ ਮਦਦ ਨਾਲ ਸਾਡੇ ਟੈਂਕਾਂ ਨੂੰ ਨਸ਼ਟ ਕਰ ਦਿੱਤਾ। ਉਹ ਬੜੀ ਬਹਾਦਰੀ ਦੇ ਨਾਲ ਲੜਦੇ ਹੋਏ ਅੱਗੇ ਵਧ ਗਏ। ਇਸ ਤਰ੍ਹਾਂ ਸਾਡੀ ਫੌਜ ਦੇ ਪੈਰ ਉਖੜ ਗਏ।

. . . . . ਮੁੱਠੀ ਭਰ ਸਿੰਘਾਂ ਨੇ ਸਾਡੀ ਮਹਾਨ ਜਿੱਤ ਨੂੰ ਸ਼ਰਮਨਾਕ ਹਾਰ ਵਿਚ ਬਦਲ ਕੇ ਸਾਡੇ ਹੌਸਲਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ। ਇਹੋ ਹਾਲ ਸਾਡੇ ਨਾਲ ਢਾਕੇ (ਬੰਗਲਾ ਦੇਸ਼) ਵਿਚ ਹੋਇਆ। ਜੈਸੂਰ ਦੀ ਲੜਾਈ ਵਿਚ ਸਿੰਘਾਂ ਨੇ ਪਾਕਿਸਤਾਨੀ ਫੌਜਾਂ ਨਾਲ ਉਹ ਟੱਕਰ ਲਈ ਜਿਸ ਨਾਲ ਸਾਡੀ ਕਮਰ ਟੁਟ ਗਈ। ਇਹ ਪਾਕਿਸਤਾਨ ਦੀ ਹਾਰ ਦਾ ਇਕ ਵੱਡਾ ਤੇ ਖਾਸ ਕਾਰਨ ਬਣਿਆ ਅਤੇ ਦੇਸ਼ ਦੀ ਸਲਾਮਤੀ ਖਾਤਰ ਸਿੱਖਾਂ ਦੀ ਸ਼ਹੀਦੀ ਦਾ ਸ਼ੌਕ ਉਨ੍ਹਾਂ ਦੀ ਜਿੱਤ ਦਾ ਵੱਡਾ ਕਾਰਨ ਸੀ।"

ਉਕਤ ਵਰਗੇ ਵਿਚਾਰ ਪੂਰਬੀ ਪਾਕਿਸਤਾਨ ਵਿਚ ਪਾਕਿ ਫੌਜਾਂ ਵਲੋਂ ਜਨਰਲ ਨਿਆਜ਼ੀ ਦੀ ਕਮਾਨ ਹੇਠਾਂ ਜਨਰਲ ਜਗਜੀਤ ਸਿੰਘ ਅਰੋੜਾ ਅਗੇ ਹਥਿਆਰ ਸੁਟਣ ਸਮੇਂ ਵੀ ਪ੍ਰਗਟਾ ਕੇ ਸਿੱਖਾਂ ਦੀ ਸੂਰਮਗਤੀ ਤੇ ਕੁਰਬਾਨੀ ਦੇ ਮਾਦੇ ਨੂੰ ਸਤਿਕਾਰਿਆ ਗਿਆ।

ਮਿਲਟਨ ਫਰਾਈਡਮੈਨ

ਇਸੇ ਤਰ੍ਹਾਂ ਮਿਲਟਨ ਫਰਾਈਡਮੈਨ ਨੇ ਸਿੱਖਾਂ ਦੀ ਬਹੁ ਪੱਖੀ ਤਾਰੀਫ ਕਰਦਿਆਂ ਕਿਹਾ ਹੈ ਕਿ ਸਿੱਖ ਭਾਰਤ ਦੀ ਭੁਖ ਵੀ ਮਿਟਾਉਂਦੇ ਹਨ ਤੇ ਰਾਖੀ ਵੀ ਕਰਦੇ ਹਨ। ਇਥੇ ਹੀ ਬਸ ਨਹੀਂ ਭਾਰਤ ਨੂੰ ਅਜ਼ਾਦ ਕਰਵਾਣ ਵਿੱਚ ਵੀ ਇਨ੍ਹਾਂ ਦਾ ਵੱਡਾ ਭਾਰਾ ਰੋਲ ਹੈ। ਉਸ ਦੇ ਵਿਚਾਰ ਅਨੁਸਾਰ ਜੇ ਭਾਰਤ ਨੂੰ ਸਿੰਘਾਂ ਦੀ ਸਰਬਰਾਹੀ ਸੌਂਪ ਦਿੱਤੀ ਜਾਵੇ ਤਾਂ ਫਿਰ ਨਾ ਤਾਂ ਵਿਕਾਸ ਦੀ ਕੋਈ ਸਮਸਿਆ ਰਹੇਗੀ ਤੇ ਨਾ ਹੀ ਗਰੀਬੀ ਦੀ। ਇਥੇ ਤੱਕ ਕਿ ਹਰ ਪਰਕਾਰ ਦੇ ਬਾਹਰੀ ਹਮਲੇ ਦੀ ਵੀ ਚਿੰਤਾ ਮੁੱਕ ਜਾਏਗੀ।

(ਪੁਸਤਕ ਸਿੱਖ ਜੀਵਨ ਜਾਚ-ਪੰਨਾ-14)

ਸਾਰਾਗੜ੍ਹੀ ਵਿਖੇ ਸਰਬ ਉਚ ਸਿੱਖ ਜਵਾਂ-ਮਰਦੀ

ਤਕਰੀਬਨ ਇਕ ਸੌ ਸਾਲ ਪਹਿਲੇ 12 ਸਤੰਬਰ 1897 ਨੂੰ 36 ਸਿੱਖ ਰੈਜਮੈਂਟ ਦੇ 21 ਸਿੱਖ ਸੈਨਕਾਂ ਨੂੰ ਲਗਪਗ ਦਸ ਹਜ਼ਾਰ ਲੜਾਕੂ ਆਫਰੀਦੀ ਪਠਾਣਾਂ ਨੇ ਸਰਹੱਦੀ ਸੂਬੇ ਦੇ ਕੁਹਾਟ ਜ਼ਿਲ੍ਹੇ ਦੇ ਲਾਕਹਾਰਟ ਕਿਲ੍ਹੇ ਕੋਲ ਸਾਰਾਗੜ੍ਹੀ ਦੇ ਸਥਾਨ ਤੇ ਘੇਰ ਲਿਆ। 12 ਸਤੰਬਰ 1897 ਨੂੰ ਹੀ ਉਥੇ ਬੜੀ ਭਿਆਨਕ ਲੜਾਈ ਹੋਈ ਜਿਹੜੀ ਉਸ ਇਲਾਕੇ ਵਿਚ 'ਤੀਰਾ ਦੀ ਲੜਾਈ' ਅਤੇ ਅੰਗਰੇਜ਼ੀ ਇਤਿਹਾਸ ਵਿਚ ਸਾਰਾਗੜ੍ਹੀ ਦੀ ਲੜਾਈ ਕਰ ਕੇ ਪ੍ਰਸਿੱਧ ਹੈ। ਅਸਲੇ ਨਾਲ ਲੈਸ ਦਸ ਹਜ਼ਾਰ ਪਠਾਣਾਂ ਦਾ ਮੁਕਾਬਲਾ ਹਵਾਲਦਾਰ ਈਸ਼ਰ ਸਿੰਘ ਦੀ ਕਮਾਨ ਹੇਠ ਕੇਵਲ 21 ਸਿੱਖ ਸਿਪਾਹੀ ਕਰ ਰਹੇ ਸਨ। ਅਫਰੀਦੀਆਂ ਦੇ ਆਪਣੇ ਹਿਸਾਬ ਮੁਤਾਬਕ ਇਸ ਲੜਾਈ ਵਿਚ ਦੋ ਸੌ ਤੋਂ ਵਧ ਪਠਾਣ ਮਾਰੇ ਗਏ ਅਤੇ ਇਕ ਹਜ਼ਾਰ ਗੰਭੀਰ ਰੂਪ ਵਿਚ ਜ਼ਖਮੀ ਹੋਏ। ਸਿੱਖ ਸਿਪਾਹੀ ਬਹਾਦਰੀ ਨਾਲ ਮੁਕਾਬਲਾ ਕਰਦੇ ਇਕ ਇਕ ਕਰਕੇ ਸ਼ਹੀਦ ਹੁੰਦੇ ਗਏ ਅਤੇ ਆਖਿਰ ਇਕੱਲਾ ਹਵਾਲਦਾਰ ਈਸ਼ਰ ਸਿੰਘ ਹੀ ਰਹਿ ਗਿਆ, ਪਰ ਉਹ ਵੀ ਉਤਨੀ ਦੇਰ ਤਕ ਬੇਖੌਫ ਜੂਝਦਾ ਰਿਹਾ ਜਦ ਤਕ ਉਸ ਦੇ ਸਰੀਰ ਦਾ ਇਕ ਇਕ ਖੂਨ ਦਾ ਕਤਰਾ ਬਹਿ ਨਾ ਗਿਆ। ਇਸ ਇਕੱਲੇ ਸਿੰਘ ਨੇ ਚੜ੍ਹਦੀਕਲਾ ਵਿੱਚ ਰਹਿੰਦੇ ਹੋਏ ਜਿਸ ਢੰਗ ਨਾਲ ਚੌਕੀ ਤੇ ਦੁਸ਼ਮਣ ਦੇ ਕਬ਼ਜ਼ੇ ਨੂੰ ਰੋਕੀ ਰੱਖਿਆ ਉਸ ਨੂੰ ਪੜ੍ਹ ਕੇ ਵੱਡੇ ਤੋਂ ਵੱਡਾ ਯੋਧਾ ਤੇ ਸੂਰਮਾ ਵੀ ਸਿੱਖਾਂ ਦੀ ਬਹਾਦਰੀ ਦੀ ਦਾਦ ਦਿੱਤੇ ਬਿਨਾ ਨਹੀਂ ਰਹਿ ਸਕਦਾ।

ਇਸ ਲੜਾਈ ਵਿਚ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਉਹ ਬਚਨ ਇਕ ਵਾਰੀ ਫਿਰ ਸਤਿ ਕਰ ਵਖਾਏ ਕਿ "**ਸਵਾ ਲਾਖ ਸੇ ਏਕ ਲੜਾਓਂ ਤਬੈ ਗੋਬਿੰਦ ਸਿੰਘ ਨਾਮ ਧਰਾਓਂ**"। ਅੰਗਰੇਜ਼ ਸਰਕਾਰ ਨੇ ਇਨ੍ਹਾਂ ਸੂਰਮਿਆਂ ਦੀ ਅਥਾਹ ਬਹਾਦਰੀ ਦੇ ਸਤਿਕਾਰ ਵਿਚ ਹਰ ਇਕ ਨੂੰ Indian order of merit (I.O.M) ਦੇ ਬਹਾਦਰੀ ਦੇ ਸਨਮਾਨ ਨਾਲ ਨਿਵਾਜਿਆ ਜਿਹੜਾ ਅੱਜ ਕਲ 'ਪਰਮ ਵੀਰ ਚਕਰ' ਦੇ ਬਰਾਬਰ ਹੈ। ਇੰਗਲੈਂਡ ਦੀ ਪਾਰਲੀਮੈਂਟ ਦੇ ਮੈਂਬਰਾਂ ਨੇ ਖੜੇ ਹੋ ਕੇ ਇਨ੍ਹਾਂ ਬਹਾਦਰ ਸ਼ਹੀਦਾਂ ਦਾ ਸਤਿਕਾਰ ਕੀਤਾ ਅਤੇ ਇਕੋ ਦਿਨ ਬਹਾਦਰੀ ਦੇ ਸਭ ਤੋਂ ਉਚੇ ਤਮਗੇ ਇਨ੍ਹਾਂ ਸ਼ਹੀਦ ਹੋਏ 21 ਸਿੱਖ ਬਹਾਦਰਾਂ ਨੂੰ ਦੇਣ ਦਾ ਰੀਕਾਰਡ ਵੀ ਸੈੱਟ ਕਰ ਦਿੱਤਾ ਜੋ ਅੱਜ ਵੀ ਕਾਇਮ ਹੈ। ਇਨ੍ਹਾਂ ਸ਼ਹੀਦਾਂ ਦੇ ਪਰਵਾਰਾਂ ਨੂੰ ਪ੍ਰਤੀ ਪਰਵਾਰ 500/- ਰੁਪਏ ਨਕਦ ਅਤੇ ਕਾਫੀ ਵੱਡੀ ਮਾਤਰਾ ਵਿਚ ਭੂਮੀ ਦਿੱਤੀ ਗਈ। ਸਾਰੇ ਬਰਤਾਨਵੀ ਰਾਜ ਦੇ ਖੇਤਰਾਂ ਦੀਆਂ ਬੱਚਿਆਂ ਦੀਆਂ ਪੁਸਤਕਾਂ ਵਿਚ ਇਸ ਲੜਾਈ ਨੂੰ ਸਲੇਬਸ ਦਾ ਇਕ ਜ਼ਰੂਰੀ ਅੰਗ ਬਣਾ ਦਿੱਤਾ ਗਿਆ ਤਾਂ ਜੋ ਹਰ ਕਿਸੇ ਨੂੰ ਪਤਾ ਲਗ ਸਕੇ ਕਿ ਸਿੱਖ ਕਿਤਨੇ ਸੂਰਬੀਰ ਯੋਧੇ ਹਨ। ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਸਾਰਾਗੜ੍ਹੀ ਦੇ ਅਸਥਾਨਾਂ ਤੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਆਲੀਸ਼ਾਨ ਗੁਰਦਵਾਰੇ ਬਣਾਏ ਗਏ ਜਿਥੇ ਇਨ੍ਹਾਂ ਦੀ ਸ਼ਹੀਦੀ ਵਾਲੇ ਦਿਨ ਵੱਡੇ ਮੇਲੇ ਲਗਦੇ ਹਨ ਅਤੇ ਵੱਡੇ ਵੱਡੇ ਨੇਤਾ ਤੇ ਜਰਨੈਲ ਇਨ੍ਹਾਂ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਪੁਸ਼ਪ ਅਰਪਤ ਕਰਨ ਲਈ ਹਾਜ਼ਰੀਆਂ ਭਰਦੇ ਹਨ। 1996 ਨੂੰ ਇਸ ਸ਼ਹੀਦੀ ਅਵਸਰ ਤੇ ਪੰਜਾਬ ਦੇ ਉਸ ਸਮੇਂ ਦੇ ਗਵਰਨਰ, ਲੈਫਟੀਨੈਂਟ ਜਨਰਲ ਬੀ.ਕੇ.ਐਨ. ਛਿਬੜ ਨੇ ਆਪਣੀ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ, "ਸਾਰੇ ਭਾਰਤੀ ਫੌਜੀਆਂ ਲਈ ਇਹ ਮਾਣ ਦੀ ਗੱਲ

ਹੈ ਕਿ ਉਹ ਸਾਰਾਗੜ੍ਹੀ ਦੇ 21 ਸ਼ਹੀਦਾਂ ਦਾ ਸ਼ਹੀਦੀ ਦਿਵਸ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ, ਜਿਨ੍ਹਾਂ ਨੇ ਹਵਾਲਦਾਰ ਈਸ਼ਰ ਸਿੰਘ ਦੀ ਕਮਾਨ ਹੇਠ ਲਾਮਿਸਾਲ ਸੂਰਮਗਤੀ ਦਿਖਾਉਂਦੇ ਹੋਏ ਆਪਣੀਆਂ ਜਾਨਾਂ ਨੂੰ ਵਾਰ ਦਿੱਤਾ ਹੈ। ਉਨ੍ਹਾਂ ਨੇ ਇਕ ਇਕ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਪਰ ਚੌਕੀ ਨੂੰ ਦੁਸ਼ਮਣ ਦੇ ਹਥਾਂ ਵਿਚ ਨਹੀਂ ਜਾਣ ਦਿੱਤਾ। ਇਨ੍ਹਾਂ 21 ਸਿੱਖ ਸਿਪਾਹੀਆਂ ਦੀ ਬਹਾਦਰੀ ਦੇ ਮੁਕਾਬਲੇ ਦੀ ਘਟਨਾ ਵਿਸ਼ਵ ਦੇ ਇਤਿਹਾਸ ਵਿਚ ਕਿਧਰੇ ਵੀ ਨਹੀਂ ਮਿਲਦੀ ਅਤੇ ਇਸ ਦੇ ਹੈਰਾਨਜਨਕ ਤਥਾਂ ਕਾਰਨ ਇਸ ਨੂੰ ਵਿਸ਼ਵ ਦੀਆਂ 10 ਸਭ ਤੋਂ ਵਧ ਮਹਤਵਪੂਰਣ ਲੜਾਈਆਂ ਵਿਚੋਂ ਇਕ ਗਿਣਿਆ ਜਾਂਦਾ ਹੈ। ਇਨ੍ਹਾਂ ਦੀਆਂ ਅਤੀ ਮਹਤਵਪੂਰਨ ਯੁਧਾਂ ਵਿਚ ਇਕ ਚਮਕੌਰ ਦੀ ਗੜ੍ਹੀ ਦਾ ਯੁਧ ਵੀ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕਮਾਨ ਵਿਚ ਕੇਵਲ 40 ਭੁਖੇ ਭਾਣੇ ਸਿੰਘਾਂ ਨੇ ਮੁਗ਼ਲ ਰਾਜ ਦੀਆਂ 10 ਲਖ ਸ਼ਸਤਰਧਾਰੀ ਫੌਜਾਂ ਨੂੰ ਭਾਜੜਾਂ ਪਾਈ ਰਖੀਆਂ।

ਇਸ ਤਰ੍ਹਾਂ ਫੌਜੀ ਨਜ਼ਰੀਏ ਤੋਂ ਵਿਸ਼ਵ ਦੀਆਂ 10 ਅਤੀ ਮਹਤਵਪੂਰਨ ਜੰਗਾਂ ਵਿਚੋਂ ਦੋ ਤਾਂ ਸਿਧੀਆਂ ਸਿੱਖਾਂ ਦੀ ਬੇਪਨਾਹ ਸੂਰਮਗਤੀ ਨਾਲ ਸਬੰਧਤ ਹਨ। ਕਿਤਨੀ ਹੈਰਾਨਗੀ ਤੇ ਮਾਣ ਦੀ ਗੱਲ ਹੈ ਕਿ ਸਿੱਖ ਵਿਸ਼ਵ ਦੀ 7 ਸੌ ਕਰੋੜ ਦੀ ਆਬਾਦੀ ਵਿਚ ਕੇਵਲ ਦੋ ਕਰੋੜ ਹਨ ਭਾਵ ਇਹ ਕਿ ਵਿਸ਼ਵ ਦੇ 350 ਮਨੁੱਖਾਂ ਪਿੱਛੇ 1 ਸਿੱਖ ਹੈ। ਪਰ ਇਨ੍ਹਾਂ ਦੀ ਬਹਾਦਰੀ ਦੀ ਧਾਂਕ ਵਿਸ਼ਵ ਦੇ ਬਹਾਦਰੀ ਦੇ ਇਤਿਹਾਸ ਵਿਚ 20% ਹੈ ਜਿਹੜੀ ਤਦ ਸੰਭਵ ਹੋ ਸਕਣੀ ਚਾਹੀਦੀ ਸੀ ਜੇਕਰ ਸਿੱਖਾਂ ਦੀ ਆਬਾਦੀ ਤਕਰੀਬਨ 150 ਕਰੋੜ ਹੁੰਦੀ। ਇਸ ਤਰ੍ਹਾਂ ਸਿੱਖਾਂ ਨੇ ਆਪਣੀ ਅਦਭੁਤ ਸੂਰਮਗਤੀ ਦਾ ਡਾਢਾ ਸੁਹਣਾ ਪਰਮਾਣ ਵਿਸ਼ਵ ਇਤਿਹਾਸ ਵਿਚ ਨਿਰਮਤ ਕਰਕੇ ਨਾ ਤੋੜਿਆ ਜਾਣ ਵਾਲਾ ਰੀਕਾਰਡ ਸਥਾਪਤ ਕੀਤਾ ਹੈ ਜਿਸ ਤੇ ਹਰ ਸਿੱਖ, ਹਰ ਭਾਰਤੀ ਤੇ ਵਿਸ਼ਵ ਦੇ ਹਰ ਫੌਜੀ ਨੂੰ ਜ਼ਰੂਰ ਮਾਣ ਹੋਣਾ ਚਾਹੀਦਾ ਹੈ, ਸਗੋਂ ਜਿਤਨਾ ਵੀ ਮਾਣ ਹੋਵੇ ਥੋੜਾ ਹੈ। (ਹਵਾਲਾ ਗੁਰਮਤਿ ਪਰਕਾਸ਼ ਸਤੰਬਰ, 96 ਪੰਨਾ 119 ਅਤੇ ਟਰਿਬਿਊਨ 12.9.1996)

ਇਤਿਹਾਸਕਾਰ ਫੈਲਕਨ ਦੇ ਕਥਨ

ਫੈਲਕਨ ਆਪਣੀ ਪੁਸਤਕ 'Hand book' ਦੇ ਪੰਨਾ 65-66 ਤੇ ਸਿੱਖ ਫੌਜੀਆਂ ਦੀ ਵਰਿਆਮਤਾ ਬਾਰੇ ਲਿਖਦਿਆਂ ਉਕਤ ਜਜ਼ਬਾਤਾਂ ਦੀ ਆਪਣੇ ਢੰਗ ਨਾਲ ਪੁਸ਼ਟੀ ਕਰਦਿਆਂ ਲਿਖਦਾ ਹੈ ਕਿ ਸਿੱਖ ਸੂਰਮਗਤੀ ਭਰਿਆ ਜੰਗਜੂ ਇਨਸਾਨ ਹੈ ਅਤੇ ਉਸ ਦੇ ਉਤਮ ਗੁਣਾਂ ਦੀ ਪਰਦਰਸ਼ਨੀ ਕੇਵਲ ਫੌਜ ਵਿਚ ਹੀ ਹੋ ਸਕਦੀ ਹੈ ਜੋ ਉਸ ਦਾ ਕੁਦਰਤੀ ਕਿੱਤਾ ਹੈ। ਉਹ ਜ਼ਬਰਦਸਤ ਮਿਹਨਤੀ, ਬਹਾਦਰ ਅਤੇ ਅਕਲ ਵਾਲਾ ਇਨਸਾਨ ਹੈ। ਉਹ ਮਾਰ ਪੈਣ ਦੀ ਪ੍ਰਵਾਹ ਨਹੀਂ ਕਰਦਾ, ਜ਼ਾਬਤੇ ਨੂੰ ਪੂਰੀ ਤਰ੍ਹਾਂ ਤਨਦੇਹੀ ਨਾਲ ਪਾਲਦਾ ਹੈ, ਆਪਣੇ ਅਫਸਰਾਂ ਦਾ ਪੂਰਾ ਪੂਰਾ ਵਫ਼ਾਦਾਰ ਹੈ। ਜ਼ਾਤ ਪਾਤ ਦੀਆਂ ਬੰਦਸ਼ਾਂ ਉਸ ਦੇ ਆੜੇ ਨਹੀਂ ਆਉਂਦੀਆਂ। ਪੂਰਬ ਵਿਚ ਹੋਰ ਕੋਈ ਵੀ ਫੌਜੀ ਇਸ ਦੇ ਮੁਕਾਬਲੇ ਦਾ ਨਹੀਂ.....। ਸਿੱਖ ਹਰ ਹਾਲਤ ਵਿਚ ਇਕ ਸਮਾਨ ਰਹਿੰਦਾ ਹੈ, ਹਮੇਸ਼ਾ ਨਰੋਆ, ਸੁਸ਼ੀਲ ਤੇ ਪ੍ਰਭਾਵਾਨ। ਸੁਭਾਅ ਵਜੋਂ ਉਹ ਹਮੇਸ਼ਾ ਸਾਊ ਹੁੰਦਾ ਹੈ ਅਤੇ ਹਰ

ਔਖ ਸੌਖ ਵਿਚ ਉਹ ਦਰਿੜ, ਅਡੋਲ, ਠਰੰਮੇ ਵਾਲਾ ਅਤੇ ਸਾਬਤ ਕਦਮ ਰਹਿੰਦਾ ਹੈ। (ਹਵਾਲਾ ਆਰ.ਜੀ. ਫਾਕਸ ਦੀ ਪੁਸਤਕ 'Lions of the Pb.' ਪੰਨਾ 144)। ਸਿੱਖਾਂ ਦੀ ਸਮੁੱਚੀ ਬਹਾਦਰੀ ਤੇ ਫੌਜੀ ਕੁਸ਼ਲਤਾ ਨੂੰ ਦੇਖਦਿਆਂ ਹੋਇਆਂ ਹੀ ਅੰਗਰੇਜ਼ਾਂ ਦੇ ਰਾਜ ਸਮੇਂ ਅੰਗਰੇਜ਼ੀ ਫੌਜ ਵਿਚ ਸਿੱਖਾਂ ਬਾਰੇ ਇਹ ਗੱਲ ਆਮ ਮਸ਼ਹੂਰ ਸੀ ਕਿ ਜੇਕਰ ਸਿੱਖ ਨੂੰ ਮਾਰਨਾ ਹੋਵੇ ਤਾਂ ਉਸ ਨੂੰ ਦੋ ਵਾਰੀ ਜ਼ਰੂਰ ਮਾਰੋ ਤਾਂ ਕਿ ਇਹ ਗੱਲ ਯਕੀਨੀ ਹੋ ਜਾਵੇ ਕਿ ਉਹ ਪੂਰੀ ਤਰ੍ਹਾਂ ਮਰ ਗਿਆ ਹੈ ਵਰਨਾ ਇਹ ਵੀ ਹੋ ਸਕਦਾ ਹੈ ਕਿ ਉਹ ਉਠ ਪਵੇ ਤੇ ਫੁਰਤੀਲਾ ਵਾਰ ਕਰ ਕੇ ਤੁਹਾਨੂੰ ਪਲਾਂ ਪਲਾਂ ਵਿਚ ਫੁੰਡ ਦੇਵੇ।

ਸਰ ਅਲੈਗਜ਼ੈਂਡਰ ਬਰਨਜ਼

ਇਹ ਅੰਗਰੇਜ਼ ਲੇਖਕ ਸਿੱਖਾਂ ਦੀਆਂ ਬੇਸ਼ੁਮਾਰ ਖੂਬੀਆਂ ਦਾ ਆਪਣੀ ਪੁਸਤਕ 'ਦੀ ਟਰੈਵਲਜ਼ ਇਨ ਬੁਖਾਰਾ' ਵਿਚ ਵਰਨਣ ਕਰਦਾ ਹੈ। ਇਸਦੇ ਪੰਨਾ-119/120 ਤੇ ਲਿਖਦਾ ਹੈ ਕਿ ਸਿੱਖਾਂ ਨੇ ਆਪਣੀ ਰਵਾਇਤੀ ਸੂਰਮਗਤੀ ਦੀ ਖੂਬੀ ਹਾਲੇਂ ਕਾਇਮ ਰੱਖੀ ਹੋਈ ਹੈ। ਸਿੱਖਾਂ ਦਾ ਠੰਡਾ ਸੁਭਾਅ ਤੇ ਬੇਪਨਾਹ ਦਲੇਰੀ ਹਰ ਵਿਸ਼ਵਾਸ, ਮਨੌਤ ਨੂੰ ਟੱਪ ਜਾਂਦੀ ਹੈ.....। ਇਹ ਭਾਰਤੀਆਂ ਵਿਚੋਂ ਸਭ ਤੋਂ ਵਧ ਬਹਾਦਰ ਹਨ।"

(ਪੰਨਾ-120)

ਸਿੱਖਾਂ ਬਾਰੇ ਇਕ ਥਾਂ ਹੋਰ ਇਵੇਂ ਲਿਖਦਾ ਹੈ, "ਸਿੱਖ ਕੌਮ ਬਹੁਤ ਫਰਾਖ-ਦਿਲ ਕੌਮ ਹੈ। ਨਸਲੀ ਵਿਖਰੇਵੇਂ ਦੇ ਬਾਵਜੂਦ ਵੀ ਇਹ ਲੋਕ ਦੂਜਿਆਂ ਨਾਲ ਬੜੇ ਪਿਆਰ ਨਾਲ ਖੁਸ਼ੀ ਖੁਸ਼ੀ ਤੇ ਨਰਮ ਦਿਲੀ ਨਾਲ ਨਿਰਬਾਹ ਕਰ ਸਕਦੇ ਹਨ। ਇਹ ਇਨ੍ਹਾਂ ਦਾ ਵਿਸ਼ੇਸ਼ ਗੁਣ ਹੈ ਜਿਹੜਾ ਇਨ੍ਹਾਂ ਨੂੰ ਦੂਜਿਆਂ ਨਾਲੋਂ ਨਖੇੜਦਾ ਹੈ ਅਤੇ ਹਰ ਇਕ ਦੀ ਨਜ਼ਰ ਵਿਚ ਇਨ੍ਹਾਂ ਨੂੰ ਸਰਬ ਉਚ ਤੇ ਸਰਵੋਤਮ ਬਣਾਉਂਦਾ ਹੈ।"

ਸਚਿੰਦਰਾ ਨਾਥ ਤੇ ਸਿੱਖ:

ਸ੍ਰੀ ਸੱਚਿੰਦਰਾ ਨਾਥ ਸਾਨਿਆਲ ਆਪਣੀ ਪੁਸਤਕ 'ਬੰਦੀ ਜੀਵਨ' ਵਿਚ ਲਿਖਦਾ ਹੈ ਕਿ ਭਾਰਤ ਵਿਚ ਸਿੱਖਾਂ ਵਰਗੀ ਜ਼ਿੰਦਾ ਦਿਲ ਤੇ ਚੇਤਨ ਕੌਮ ਹੋਰ ਕੋਈ ਨਹੀਂ। ਇਹ ਹੋਰਨਾਂ ਤੋਂ ਸੁਗਮਤਾ, ਸੁਯੋਗਤਾ ਅਤੇ ਸੂਰਮਗਤੀ ਵਿਚ ਅੱਗੇ ਰਹੇ ਹਨ। ਕਿਸੇ ਵੀ ਕੌਮ ਦਾ ਕੋਈ ਵਿਅਕਤੀ ਜੋਸ਼ ਤੇ ਉਤਸ਼ਾਹ ਦੇ ਉਸ ਲੈਵਲ ਤਕ ਨਹੀਂ ਪਹੁੰਚ ਸਕਦਾ ਜਿਸ ਦੇ ਕਿ ਸਿੱਖ ਆਮ ਧਾਰਨੀ ਹੁੰਦੇ ਹਨ। ਸਿੱਖ ਇਤਨੇ ਉਤਸ਼ਾਹ ਅਤੇ ਜਵਾਂ ਮਰਦੀ ਨਾਲ ਲਬਰੇਜ਼ ਹਨ ਕਿ ਉਹ ਆਪਣਾ ਦੁਖ ਦਰਦ ਦਬਾ ਵੀ ਸਕਦੇ ਹਨ ਤੇ ਭੁਲ ਵੀ ਸਕਦੇ ਹਨ। ਉਨ੍ਹਾਂ ਦੇ ਸਡੌਲ ਸਰੀਰ, ਭਰਵੀਆਂ ਮੁਛਾਂ, ਪ੍ਰਭਾਵਸ਼ਾਲੀ ਦਾਹੜਾ ਅਤੇ ਗਦ ਗਦ ਕਰਦੇ ਚਿਹਰੇ, ਖ਼ਤਰਨਾਕ ਜੰਗਲੀ ਜਾਨਵਰਾਂ ਨੂੰ ਵੀ ਡਰਾ ਦੇਂਦੇ ਹਨ।

ਸਾਹਨੀ ਅਤੇ ਸੀ.ਐਚ. ਲੋਈਲਿਨ

ਇਤਿਹਾਸਕਾਰ ਸਾਹਨੀ ਆਪਣੀ ਪੁਸਤਕ, 'Reform in Sikh Shrines' ਦੇ ਪੰਨਾ 143/44 ਤੇ ਸਿੱਖਾਂ ਦੇ ਸਵੈ-ਜ਼ਾਬਤੇ, ਭਰਵੇਂ ਸੰਜਮ ਅਤੇ ਪੂਰੀ ਲਗਨ ਨਾਲ ਆਪਣੇ ਵਚਨਾਂ ਦੀ ਪੂਰਤੀ ਦੀਆਂ ਭਾਵਨਾਵਾਂ ਨੂੰ ਬੜੇ ਸ਼ਾਨਦਾਰ ਢੰਗ ਨਾਲ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ, "ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਕੀਤੀ ਗਈ ਅਰਦਾਸ

ਦੇ ਤਾਬੇ 'ਗੁਰੂ ਕੇ ਬਾਗ਼' ਵਲ ਜਾਣ ਵਾਲਿਆਂ ਜੱਥਿਆਂ ਨੇ ਪ੍ਰਣ ਲਿਆ ਸੀ ਕਿ ਜਦ ਤਕ ਉਹ ਆਪਣੀ ਮੰਜ਼ਲ ਤੇ ਪਹੁੰਚ ਨਹੀਂ ਜਾਂਦੇ ਉਹ ਇਧਰ ਉਧਰ ਨਹੀਂ ਵੇਖਣਗੇ। ਜਦ ਇਕ ਜੱਥੇ ਦੇ ਕਿਸੇ ਮੈਂਬਰ ਨੇ ਚਲਦੇ ਚਲਦੇ ਕੁਝ ਦੇਖਣ ਲਈ ਪਿੱਛੇ ਮੁੜ ਕੇ ਤੱਕਿਆ ਤਾਂ ਉਸ ਨੂੰ ਉਸ ਦੇ ਆਗੂ ਨੇ ਬਹੁਤ ਫਿਟਕਾਰਾਂ ਪਾਈਆਂ ਕਿ ਉਸ ਨੇ ਆਪਣੀ ਕਸਮ ਤੋੜੀ ਹੈ। ਇਕ ਹੋਰ ਮੌਕੇ ਤੇ ਇਕ ਜਥਾ ਗੁਰੂ ਕੇ ਬਾਗ਼ ਵਲ ਜਾਂਦਾ ਜਾਂਦਾ ਆਪਣੇ ਰਸਤੇ ਤੋਂ ਭਟਕ ਗਿਆ ਤਾਂ ਉਸ ਦੇ ਲੀਡਰ ਨੇ ਜਥੇ ਨੂੰ ਪਿੱਛੇ ਮੋੜਨ ਦੀ ਥਾਂ ਪਾਣੀ ਨਾਲ ਭਰੀਆਂ ਪੈਲੀਆਂ ਵਿਚੋਂ ਸਿੱਧਾ ਲੰਘਾ ਖੜਿਆ। ਸਿੱਖਾਂ ਵਿਚ ਡਸਿਪਲਿਨ ਮਿਲਟਰੀ ਸਟਾਈਲ ਦਾ ਹੈ।

ਸ੍ਰੀ. ਸੀ. ਐਚ. ਲੋਇੰਲਿਨ ਆਪਣੀ ਪੁਸਤਕ 'The Sikhs and their Scriptures' 1964 ਐਡੀਸ਼ਨ ਪੰਨਾ 19 ਤੇ ਸਾਹਨੀ ਵਲੋਂ ਪ੍ਰਗਟਾਏ ਵਿਚਾਰਾਂ ਦੀ ਪੁਸ਼ਟੀ ਕਰਦਿਆਂ ਦੇਸ਼ ਦੇ ਬਟਵਾਰੇ ਦੇ ਦਿਨਾਂ ਦੀ ਇਕ ਜ਼ਿੰਦਾ ਘਟਨਾ ਜੋ ਉਸ ਨੂੰ ਸ੍ਰੀ ਡਬਲਿਊ.ਡੀ. ਬਾਰ ਵਲੋਂ ਦਸੀ ਗਈ ਹੈ, ਲਿਖਦਿਆਂ ਹੋਇਆਂ ਕਹਿੰਦਾ ਹੈ ਕਿ ਸ੍ਰੀ ਬਾਰ ਨੇ ਮਲੇਰਕੋਟਲਾ ਰਿਆਸਤ ਦੇ ਮੌਜੂਦਾ ਨਵਾਬ (ਉਸ ਸਮੇਂ ਦੇ ਨਵਾਬ) ਤੋਂ ਖੁਦ ਪੁਛਿਆ ਸੀ ਕਿ ਉਸ ਪ੍ਰਣ ਜਾਂ ਬਖਸ਼ਸ਼ ਦੀ ਕੀ ਸਿੱਖਾਂ ਨੇ ਪਾਲਣਾ ਕੀਤੀ ਹੈ ਜੋ ਉਨ੍ਹਾਂ ਦੇ ਗੁਰੂ ਤੇ ਪੁਰਾਤਨ ਸਿੱਖਾਂ ਨੇ ਉਸ ਦੇ ਵੱਡੇ ਵਡੇਰਿਆਂ ਨੂੰ ਕੀਤੀ ਸੀ ਕਿ ਉਹ ਮਲੇਰਕੋਟਲਾ ਰਿਆਸਤ ਨੂੰ ਕਦੇ ਨੁਕਸਾਨ ਨਹੀਂ ਪਹੁੰਚਾਣਗੇ ਕਿਉਂਕਿ ਇਸ ਰਿਆਸਤ ਦੇ ਮਾਲਕ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ, ਛੋਟੇ ਸਾਹਿਬਜ਼ਾਦਿਆਂ ਦਾ ਪਖ ਪੂਰ ਕੇ ਆਹ ਦਾ ਨਾਅਰਾ ਮਾਰਿਆ ਸੀ। ਇਸ ਦੇ ਉੱਤਰ ਵਿਚ ਨਵਾਬ ਨੇ ਉਸ ਨੂੰ ਦੱਸਿਆ ਕਿ ਉਸ ਪਾਸ ਲਿਖਤੀ ਦਸਤਾਵੇਜ਼ ਮੌਜੂਦ ਹਨ ਜਿਹੜੇ ਇਹ ਸਾਬਤ ਕਰ ਸਕਦੇ ਹਨ ਕਿ ਸਿੱਖਾਂ ਨੇ 1947 ਦੇ ਬਟਵਾਰੇ ਸਮੇਂ ਹੋਏ ਅਮਾਨਵੀ ਘੱਲੂਘਾਰੇ ਦੌਰਾਨ ਵੀ ਉਸ ਦੀ ਰਿਆਸਤ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਸਗੋਂ ਇਸ ਦੀ ਰਖਿਆ ਕੀਤੀ ਅਤੇ ਇਥੇ ਤਕ ਕਿ ਉਨ੍ਹਾਂ ਲੋਕਾਂ ਦੀ ਨਿਜੀ ਤੌਰ ਤੇ ਮਦਦ ਕਰਕੇ ਉਨ੍ਹਾਂ ਨੂੰ ਬਚਾਇਆ ਜਿਨ੍ਹਾਂ ਨੇ ਇਹ ਕਿਹਾ ਕਿ ਉਹ ਮਲੇਰਕੋਟਲੇ ਜਾ ਰਹੇ ਹਨ। ਇਸ ਲਿਹਾਜ਼ ਨਾਲ ਸਿੱਖਾਂ ਨੇ ਆਪਣੇ ਗੁਰੂ ਦੇ 250 ਸਾਲ ਪਹਿਲੇ ਹੁਕਮਾਂ ਤੇ ਇਨ ਬਿੰਨ ਰੂਪ ਵਿਚ ਫੁਲ ਚੜ੍ਹਾਏ।

ਨਵਾਬ ਨੇ ਹੋਰ ਦੱਸਿਆ ਕਿ ਗੱਡੀ ਦੁਆਰਾ ਮਲੇਰਕੋਟਲੇ ਆ ਰਹੇ ਮੁਸਲਮਾਨਾਂ ਤੇ ਹਮਲਾ ਹੋ ਗਿਆ ਪਰ ਜਦ ਸਿਖਾਂ ਨੂੰ ਇਹ ਪਤਾ ਲਗਾ ਕਿ ਉਹ ਮੁਸਲਮਾਨ ਮਲੇਰਕੋਟਲੇ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਛਡ ਦਿੱਤਾ ਗਿਆ ਅਤੇ ਪੂਰੀ ਨਿਜੀ ਹਿਫਾਜ਼ਤ ਵਿਚ ਉਨ੍ਹਾਂ ਨੂੰ ਮਲੇਰਕੋਟਲੇ ਤਕ ਸਿੱਖਾਂ ਨੇ ਖੈਰ ਖਰੀਅਤ ਨਾਲ ਪਹੁੰਚਾਇਆ। ਨਵਾਬ ਨੇ ਹੋਰ ਦੱਸਿਆ ਕਿ ਕਈ ਮੁਸਲਮਾਨਾਂ ਨੂੰ ਮਾਰਨ ਲਈ ਜਦ ਹਲਾ ਹੋਇਆ ਤਾਂ ਉਹ ਉਥੋਂ ਨਸ ਪਏ। ਪਿੱਛੇ ਪਿੱਛੇ ਮਾਰਨ ਵਾਲੇ ਵੀ ਭਜੇ, ਪਰ ਜਿਉਂ ਹੀ ਭਜਦੇ ਹੋਏ ਮੁਸਲਮਾਨ ਮਲੇਰਕੋਟਲੇ ਦੀ ਰਿਆਸਤ ਦੀ ਹੱਦ ਅੰਦਰ ਦਾਖਲ ਹੋਏ, ਸਿੱਖਾਂ ਨੇ ਉਨ੍ਹਾਂ ਨੂੰ ਮਾਰਨ ਤੋਂ ਬਚਾ ਲਿਆ ਅਤੇ ਉਨ੍ਹਾਂ ਦੀ ਪੂਰੀ ਪੂਰੀ ਹਿਫਾਜ਼ਤ ਕੀਤੀ। ਅਜਿਹਾ ਸਿੱਖਾਂ ਨੇ ਆਪਣੇ ਗੁਰੂ ਦੇ ਹੁਕਮਾਂ ਦੇ ਸਨਮਾਨ ਵਿਚ ਕਰਕੇ ਅਤੀ ਭੈੜੇ ਤੇ ਨਫ਼ਰਤ ਪੂਰਨ ਦਿਨਾਂ ਵਿਚ ਵੀ ਉਚ ਆਚਰਣ ਦਾ ਭਰਵਾਂ

ਸਬੂਤ ਦਿੱਤਾ।

• ਕੀ ਉਕਤ ਦਾਸਤਾਨ ਆਪਣੇ ਆਪ ਵਿਚ ਮਾਣ ਜਨਕ ਨਹੀਂ? ਆਓ ਆਪਣੇ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਅਜਿਹੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਾਈਏ ਤਾਂ ਕਿ ਉਨ੍ਹਾਂ ਨੂੰ ਸਿੱਖ ਅਖਵਾਣ ਵਿਚ ਮਾਣ ਮਹਿਸੂਸ ਹੋਵੇ ਤੇ ਉਹ ਚਾਈਂ ਚਾਈਂ ਆਪਣੇ ਲਾਸਾਨੀ ਵਿਰਸੇ ਨਾਲ ਜੁੜਨ। ਅਜਿਹਾ ਗੁਰਮਤਿ ਸਾਹਿਤ ਹੀ ਉਨ੍ਹਾਂ ਦੀ ਤਰਿਪਤੀ ਕਰਕੇ ਉਨ੍ਹਾਂ ਨੂੰ ਗੁਰਸਿੱਖੀ ਦਾ ਇਕ ਮਹਤਵਪੂਰਨ ਅੰਗ ਬਣਾ ਸਕਦਾ ਹੈ। ਜੇ ਅਸੀਂ ਮੌਕਾ ਨਾ ਸੰਭਾਲਿਆ ਤਾਂ ਪਾਣੀ ਸਿਰ ਤੋਂ ਟਪ ਜਾਏਗਾ ਤੇ ਸਾਡੇ ਬੱਚੇ ਸਾਡੇ ਪਾਸ ਸਭ ਕੁਝ ਹੋਣ ਦੇ ਬਾਵਜੂਦ ਸਾਡੇ ਆਪਣੇ ਘਰਾਂ ਵਿਚ ਫਿਰਦੇ ਤੁਰਦੇ ਵੀ ਸਾਨੂੰ ਆਪਣੇ ਨਹੀਂ ਲਗਣਗੇ ਤੇ ਉਸ ਵਕਤ ਅਸੀਂ ਤਲੀਆਂ ਮਲਦੇ ਰਹਿ ਜਾਵਾਂਗੇ।

ਜੇ. ਐਚ. ਗਾਰਡਨ

ਗਾਰਡਨ ਆਪਣੀ ਪੁਸਤਕ 'The Sikhs' ਦੇ ਪੰਨਾ-3 ਤੇ ਸਿੱਖਾਂ ਦੇ ਇਖਲਾਕੀ ਗੁਣਾਂ ਦਾ ਜ਼ਿਕਰ ਇਵੇਂ ਕਰਦਾ ਹੈ: "None have fought more stoutly and stub-bornly against us and more gallantly and loyally for us.....where ever there has been hard fighting to be done, there they have been found in the forefront maintaining their high reputation for steadfast fidelity, dogged tenacity, dauntless courage — the undying heritage of the Sikhs." ਭਾਵ "ਸਿੱਖਾਂ ਤੋਂ ਇਲਾਵਾ ਕੋਈ ਵੀ ਹੋਰ ਸਾਡੇ ਵਿਰੁੱਧ ਦਲੇਰੀ ਨਾਲ ਤੇ ਡਟ ਕੇ ਨਹੀਂ ਲੜਿਆ ਤੇ ਸਿੱਖਾਂ ਤੋਂ ਇਲਾਵਾ ਕੋਈ ਵੀ ਹੋਰ ਬਹਾਦਰੀ ਨਾਲ ਤੇ ਵਫ਼ਾਦਾਰੀ ਨਾਲ ਸਾਡੇ ਲਈ ਨਹੀਂ ਲੜਿਆ।" ਗਾਰਡਨ ਹੋਰ ਲਿਖਦਾ ਹੈ "ਜਿਥੇ ਕਿਧਰੇ ਦੁਸ਼ਮਣ ਨਾਲ ਲੋਹਾ ਲੈਣ ਦੀ ਗੱਲ ਆਉਂਦੀ ਤੇ ਭਿਆਨਕ ਯੁਧ ਕਰਨਾ ਅਵਸ਼ਕ ਹੁੰਦਾ ਤਾਂ ਸਿੱਖ ਸਭ ਤੋਂ ਮੁਹਰਲੀ ਕਤਾਰ ਵਿਚ ਖੜੇ ਹੁੰਦੇ ਦਿਸਦੇ। ਇਵੇਂ ਉਹ ਆਪਣੀ ਯੁਧ ਕੁਸ਼ਲਤਾ, ਸੂਰਮਗਤੀ, ਜੰਗੀ ਪੈਂਤੜੇਬਾਜ਼ੀ ਤੇ ਉੱਚੀਆਂ ਰਵਾਇਤਾਂ ਨੂੰ ਬਰਕਰਾਰ ਰਖਣ ਲਈ ਅਥਾਹ ਦਲੇਰੀ ਤੇ ਜੰਗੀ ਸੂਝ ਬੂਝ ਦਾ ਪਰਦਰਸ਼ਨ ਕਰਦੇ। ਇਸ ਤਰ੍ਹਾਂ ਮਹਾਂਯੁਧ, ਗੁਰਦਵਾਰਾ ਸੁਧਾਰ ਅੰਦੋਲਨ ਤੇ ਮੌਜੂਦਾ ਵਿਸ਼ਵ ਯੁਧ ਨੇ ਗਰੂ ਗੋਬਿੰਦ ਸਿੰਘ ਸਾਹਿਬ ਦੇ ਅੰਮ੍ਰਿਤ ਦੀ ਸਫਲਤਾ ਲੋਹ ਨਾਲੋਂ ਵੱਧ ਸਿੱਧ ਕਰ ਵਖਾਈ ਹੈ।"

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ॥
ਹਰਿ ਸਿਮਰਤ ਅਨਦ ਅਨੰਤਾ॥ (ਮ-5, ਪੰਨਾ-496)

ਗੁਰੂ ਸਾਹਿਬਾਨ ਦੇ ਵਰਸੋਏ ਖਾਲਸੇ ਦੀ ਬਹਾਦਰੀ ਤੇ ਜ਼ਬਤ ਦੀਆਂ ਗਾਥਾਵਾਂ ਹਰ ਇਤਿਹਾਸਕਾਰ ਦੀ ਕਲਮ ਦੀ ਸ਼ਾਨ ਬਣੀਆਂ ਹਨ। ਹਰ ਗਾਥਾ ਆਪਣੇ ਆਪ ਵਿਚ ਲਿੱਖਣ ਤੇ ਵਰਨਣ ਯੋਗ ਹੋਣ ਕਾਰਣ ਇਹ ਕਠਿਨਾਈ ਪੇਸ਼ ਆ ਰਹੀ ਹੈ ਕਿ ਇਸ ਸੂਰਮਗਤੀ ਦੀ ਦਾਸਤਾਨ ਨੂੰ ਸਮਾਪਤੀ ਦਾ ਰੂਪ ਕਦੋਂ ਦਿੱਤਾ ਜਾਵੇ। ਪਰ ਅਜਿਹਾ ਕਰਨ

ਤੋਂ ਪਹਿਲਾਂ ਇਕ ਦੋ ਹੋਰ ਸੰਖੇਪ ਜਿਹੀਆਂ ਘਟਨਾਵਾਂ ਦਾ ਵਰਨਣ ਇਸ ਗੱਲ ਦੀ ਪੁਸ਼ਟੀ ਕਰਨ ਵਿਚ ਵਧੇਰੇ ਕਾਰਗਰ ਸਾਬਤ ਹੋਵੇਗਾ ਕਿ ਆਪਣੇ ਫਰਜ਼ਾਂ ਦੀ ਪੂਰਤੀ ਵਿਚ ਸਿੱਖ ਸੂਰਮੇ ਕਦੇ ਪਿੱਛੇ ਨਹੀਂ ਰਹੇ, ਭਾਵੇਂ ਇਨ੍ਹਾਂ ਦੀ ਪੂਰਤੀ ਵਿਚ ਉਨ੍ਹਾਂ ਦੀ ਜਾਨ ਹੀ ਕਿਉਂ ਨਾ ਕੁਰਬਾਨ ਹੋ ਜਾਵੇ। ਸਿੱਖਾਂ ਦੀ ਬਹਾਦਰੀ ਨੂੰ ਦੇਖਦਿਆਂ ਹੋਇਆਂ 1838 ਈ: ਵਿਚ ਸਰ ਓਸਬੋਰਨ ਨੇ ਲਿਖਿਆ ਸੀ ਕਿ "ਫੌਜ ਖੜੀ ਕਰਨ ਲਈ ਸਿੱਖ ਸੰਸਾਰ ਭਰ ਵਿਚ ਸਭ ਤੋਂ ਉਤਮ ਸਮਗਰੀ ਹਨ। ਇਨ੍ਹਾਂ ਦੇ ਪਰੀਸ਼ਰਮ ਤੇ ਸਾਹਸ ਦਾ ਜ਼ਿਕਰ ਕਰਨ ਲਗਿਆਂ ਉਹ ਲਿਖਦਾ ਹੈ ਕਿ "ਉਸ ਨੇ ਬਹੁਤ ਸਾਰੇ ਅਜਿਹੇ ਸਿੱਖ ਦੇਖੇ ਹਨ ਜੋ 12 ਤੋਂ 15 ਦਿਨਾਂ ਤਕ ਲਗਾਤਾਰ 100, 100 ਮੀਲ ਪੈਦਲ ਚਲ ਸਕਦੇ ਹਨ।" 'ਹਾਈ ਰੋਡਜ਼ ਆਫ ਸਿੱਖ ਹਿਸਟਰੀ' ਨਾਮੀ ਪੁਸਤਕ ਦੇ ਪੰਨਾ 45 ਤੇ ਇਕ ਹੋਰ ਅੰਗਰੇਜ਼ ਲੇਖਕ ਦੇ ਹਵਾਲੇ ਵਿਚ ਲਿਖਿਆ ਗਿਆ ਹੈ ਕਿ ਸਿੱਖ ਬਹੁਤ ਹੀ ਬਹਾਦਰ ਹਨ ਅਤੇ ਠੰਡ ਤੇ ਭੁਖ ਨੂੰ ਬਰਦਾਸ਼ਤ ਕਰਨ ਦੀ ਇਨ੍ਹਾਂ ਵਿਚ ਬਹੁਤ ਭਾਰੀ ਸ਼ਕਤੀ ਹੈ। ਇਨ੍ਹਾਂ ਲਈ ਦਿਨ ਵਿਚ 50 ਮੀਲ ਚਲਣਾ ਕੋਈ ਵੱਡੀ ਗੱਲ ਨਹੀਂ। ਉਹ ਪੋਸ਼ਟਕ ਖੁਰਾਕ ਦੀ ਵੀ ਪ੍ਰਵਾਹ ਨਹੀਂ ਕਰਦੇ। ਉਹ ਮੁਠੀ ਭਰ ਛੋਲਿਆਂ ਦੇ ਦਾਣਿਆਂ ਨੂੰ ਪਾਣੀ ਦੇ ਘੁਟ ਨਾਲ ਗਲੇ ਤੋਂ ਥੱਲੇ ਉਤਾਰ ਕੇ ਸੰਤੁਸ਼ਟ ਹੋ ਜਾਂਦੇ ਹਨ। ਜਦ ਉਹ ਬਾਹਰ ਜੰਗਾਂ ਲਈ ਕੂਚ ਕਰਦੇ ਹਨ ਤਾਂ ਆਪਣੇ ਨਾਲ ਟੈਂਟ ਜਾਂ ਬਹੁਤ ਲੰਮਾ ਚੌੜਾ ਸਾਮਾਨ ਨਹੀਂ ਲੈ ਜਾਂਦੇ। ਇੱਕ ਲੋਟਾ ਤੇ ਦੋ ਕੰਬਲ ਇਨ੍ਹਾਂ ਦਾ ਸਾਮਾਨ ਹੁੰਦਾ ਹੈ। ਇਕ ਕੰਬਲ ਨਾਲ ਆਪ ਸਾਰ ਲੈਂਦੇ ਹਨ ਤੇ ਦੂਜਾ ਆਪਣੇ ਘੋੜੇ ਨੂੰ ਠੰਡ ਤੋਂ ਬਚਾਉਣ ਲਈ ਉਸ ਉਤੇ ਪਾ ਦੇਂਦੇ ਹਨ।

ਇਸੇ ਤਰ੍ਹਾਂ ਸਰ ਅਲੈਗਜ਼ੈਂਡਰ ਬਰਨਜ਼ ਆਪਣੀ ਪੁਸਤਕ Travels in Bakhara ਵਿਚ ਸਿੱਖਾਂ ਦਾ ਵਰਨਣ ਕਰਦਿਆਂ ਪੁਸਤਕ ਦੇ ਪੰਨਾ 119/120 ਤੇ ਲਿਖਦਾ ਹੈ ਕਿ ਸਿੱਖਾਂ ਨੇ ਆਪਣੀ ਰਵਾਇਤੀ ਸੁਰਮਗਤੀ ਸੰਭਾਲ ਕੇ ਰਖੀ ਹੋਈ ਹੈ ਤੇ ਇਸ ਨੂੰ ਆਂਚ ਨਹੀਂ ਆਉਣ ਦਿੱਤੀ । ਸਿੱਖਾਂ ਦਾ ਠੰਡਾ ਸ਼ਾਂਤ ਚਿਤ ਸੁਭਾਅ ਤੇ ਲੋਹੜੇ ਦੀ ਬਹਾਦਰੀ ਸਾਰੀਆਂ ਮਨੌਤਾਂ ਟਪ ਜਾਂਦੀ ਹੈ। ਉਹ ਬਹਾਦਰ ਤੋਂ ਬਹਾਦਰ ਭਾਰਤੀਆਂ ਨਾਲੋਂ ਵੀ ਕਿਤੇ ਵਧ ਬਹਾਦਰ ਹਨ। The Sikhs have not yet lost their traditional heroic character... the coolness and courage of the Sikhs surpass belief. They are the bravest of Indians । ਸਿੱਖਾਂ ਦੀ ਬਹਾਦਰੀ ਬਾਰੇ ਰੋਨਲਡ ਤਿਆਨਬੀ ਵੀ ਕੁਝ ਇੰਜ ਹੀ ਕਹਿੰਦਾ ਹੈ। **The Sikhs are the burliest men on the face of planet, tough and capable and slightly grim. If human life survives the present chapter of man's history, the Sikhs for sure will still be on the map.** (Ref. book 'East and West' chapter Amritsar and Lahore) ਭਾਵ ਇਹ ਕਿ ਸਿੱਖ ਇਸ ਗ੍ਰਹਿ ਤੇ ਸਭ ਤੋਂ ਵਧ ਸਡੌਲ ਤੇ ਨਰੋਏ ਮਨੁੱਖ ਹਨ। ਉਹ ਹਠੀ ਹਨ, ਸੁਯੋਗ ਹਨ ਅਤੇ ਕੁਝ ਭਿਆਨਕ ਵੀ। ਜੇ ਮਨੁੱਖੀ ਜੀਵਨ ਇਨਸਾਨੀ ਇਤਿਹਾਸ ਦੇ ਮੌਜੂਦਾ ਦੌਰ ਤੋਂ ਬਚ ਨਿਕਲਿਆ ਤਾਂ ਸਿੱਖ ਯਕੀਨਨ ਇਸ ਧਰਤੀ ਦੇ ਨਕਸ਼ੇ ਤੇ ਹੋਣਗੇ।

ਸਿੱਖਾਂ ਦੇ ਪ੍ਰਣ ਪਾਲਣ ਦੀ ਗੱਲ ਤਾਂ ਅਸੀਂ ਸੀ.ਐਚ. ਲੀਹੋਲਿਨ ਦੇ ਹਵਾਲੇ

ਵਿਚ ਪਿਛਲੇ ਪੰਨਿਆਂ ਤੇ ਪੜ੍ਹ ਚੁਕੇ ਹਾਂ ਆਓ ਦੇਖੀਏ ਉਹ ਸਿੱਖਾਂ ਦੇ ਹੋਰ ਕਿਹੜੇ ਵਸਫਾਂ ਦੇ ਗੁਣ ਗਾਉਂਦਾ ਹੈ। ਆਪਣੀ ਪੁਸਤਕ The Sikhs and their Scriptures ਵਿਚ ਉਹ ਸਿੱਖਾਂ ਦੇ ਬਰਦਾਸ਼ਤ ਕਰਨ ਦੇ ਮਾਦੇ ਅਤੇ ਲਚਕੀਲੇ ਸੁਭਾਅ ਬਾਰੇ ਇਵੇਂ ਲਿਖਦਾ ਹੈ: "ਆਪਣੇ ਸਰੀਰਕ ਜੁਸੇ, ਮਜ਼ਬੂਤ ਹੌਸਲੇ ਤੇ ਮਾਨਸਕ ਸ਼ਕਤੀ ਕਾਰਨ ਸਖ਼ਤ ਖਰਾਬ ਆਬੋ-ਹਵਾ, ਕੜਕਵੀਂ ਧੁਪ, ਮੂਸਲੇਧਾਰ ਬਾਰਸ਼, ਸੁੰਨ ਕਰ ਦੇਣ ਵਾਲੀ ਠੰਡ ਅਤੇ ਕਸੂਤਾ ਮੌਸਮ ਇਨ੍ਹਾਂ ਦੇ ਹੌਸਲੇ ਪਸਤ ਨਹੀਂ ਕਰ ਸਕਦਾ। ਇਥੇ ਤਕ ਕਿ ਇਨ੍ਹਾਂ ਤੇ ਕੋਈ ਵੀ ਅਤਿਆਚਾਰ ਢਾਹਿਆ ਜਾਏ, ਇਨ੍ਹਾਂ ਦੇ ਘਰ ਘਾਟ ਤੇ ਪਵਿਤਰ ਧਾਮਾਂ ਨੂੰ ਢਹਿ ਢੇਰੀ ਕਰ ਦਿੱਤਾ ਜਾਵੇ, ਇਨ੍ਹਾਂ ਦੀਆਂ ਔਰਤਾਂ ਤੇ ਬੱਚਿਆਂ ਨੂੰ ਬੰਦੀ ਬਣਾ ਲਿਆ ਜਾਵੇ ਤਦ ਵੀ ਇਨ੍ਹਾਂ ਦੀ ਚੜ੍ਹਦੀਕਲਾ ਦੀ ਭਾਵਨਾ ਨੂੰ ਦਬਾਇਆ ਨਹੀਂ ਜਾ ਸਕਦਾ।"

ਪਿਆਰੇ ਵੀਰੋ ਜਦ ਕੋਈ ਬਿਗਾਨਾ ਸਾਡੇ ਬਾਰੇ ਅਜਿਹੇ ਚੰਗੇ ਸ਼ਬਦ ਲਿਖ ਕੇ ਸਾਨੂੰ ਵਡਿਆਂਦਾ ਹੈ ਤਾਂ ਸਾਡਾ ਸਿਰ ਸਹਿਜ ਸੁਭਾਏ ਹੀ ਆਪਣੇ ਸਤਿਗੁਰਾਂ ਦੇ ਸਤਿਕਾਰ ਵਿਚ ਝੁਕ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਸਾਨੂੰ ਇਤਨੇ ਵਰਦਾਨ, ਇਤਨੀਆਂ ਬਖਸ਼ਸ਼ਾਂ, ਅਸੀਸਾਂ ਤੇ ਸਿਖਿਆਵਾਂ ਦੇ ਕੇ ਦੁਨੀਆ ਵਿਚ ਇਕ ਸਿਰਮੋਰ ਸ਼ਖਸੀਅਤ ਦੇ ਤੌਰ ਤੇ ਖੜ੍ਹਾ ਕਰ ਦਿੱਤਾ ਹੈ। ਆਪਣੇ ਇਨ੍ਹਾਂ ਲਾਜਵਾਬ ਗੁਣਾਂ ਕਾਰਨ ਅਸੀਂ ਅੱਜ ਵੀ ਸਮੁਚੇ ਮਨੁੱਖੀ ਭਾਈਚਾਰੇ ਨੂੰ ਚੜ੍ਹਦੀਕਲਾ ਵਾਲਾ ਜੀਵਨ ਜੀਣ ਦੀ ਪ੍ਰੇਰਨਾ ਦੇ ਸਕਦੇ ਹਾਂ। **ਜੇਕਰ ਅਸੀਂ ਖੁਦ ਗੁਰ ਆਸ਼ੇ ਅਨੁਸਾਰ ਜੀਵਨ ਬਤੀਤ** ਕਰੀਏ, ਆਪਣੇ ਬੱਚਿਆਂ ਨੂੰ ਇਨ੍ਹਾਂ ਖੂਬਸੂਰਤ ਸਿਧਾਂਤਾਂ ਦਾ ਵਾਰਸ ਬਣਾਈਏ, ਆਪਣੇ ਉਤਮ ਗੁਰਮਤਿ ਸਾਹਿਤ ਤੇ ਵੀਰ ਗਾਥਾਵਾਂ ਨੂੰ ਦੁਨੀਆ ਤਕ ਪਹੁੰਚਾਈਏ ਤਾਂ ਉਹ ਦਿਨ ਦੂਰ ਨਹੀਂ ਜਦ ਇਸ ਧਰਤੀ ਦੇ ਹਰ ਕੋਨੇ ਤੋਂ ਇਹੀ ਅਵਾਜ਼ ਸੁਣਾਈ ਦੇਵੇ "**ਗੁਰੂ ਨਾਨਕ ਤੇਰੀ ਜੈ ਹੋਵੇ, ਬਾਬਾ ਨਾਨਕ ਤੇਰੀ ਜੈ ਹੋਵੇ।**" ਉਸ ਘੜੀ ਦਾ ਅਨੰਦ ਕੈਸਾ ਹੋਵੇਗਾ? ਜ਼ਰਾ ਸੋਚੋ।

ਸਿੱਖ ਸੂਰਮਗਤੀ ਮੇਜਰ ਸਮਿਥ ਦੀ ਜ਼ਬਾਨੀ

ਮੇਜਰ ਜੀ. ਸੀ. ਸਮਿਥ ਅੰਗਰੇਜ਼ਾਂ ਤੇ ਸਿੱਖਾਂ ਦੀ ਅਲੀਵਾਲ ਵਿਖੇ ਹੋਈ ਲੜਾਈ ਵਿਚ ਜ਼ਖਮੀ ਹੋਏ ਇਕ ਸਿੱਖ ਸਾਰਜੰਟ ਬਾਰੇ ਲਿਖਦਾ ਹੈ ਕਿ ਉਸ ਨੇ ਇਕ 50 ਕੁ ਸਾਲ ਦਾ ਸਿੱਖ ਸਾਰਜੰਟ ਦੇਖਿਆ ਜਿਹੜਾ ਬਹੁਤ ਹੀ ਸੁਹਣਾ ਸੀ ਤੇ ਜਿਸ ਦੀ ਦਾਹੜੀ ਉਸ ਦੀ ਛਾਤੀ ਨੂੰ ਢਕਦੀ ਪਈ ਸੀ। ਤੋਪ ਦੇ ਇਕ ਵਾਰ ਕਾਰਨ ਉਸ ਦੀਆਂ ਦੋਨੋਂ ਲਤਾਂ ਕਟੀਆਂ ਗਈਆਂ। ਮੇਜਰ ਸਮਿਥ ਉਸ ਨਾਲ 10 ਮਿੰਟ ਗੱਲਾਂ ਕਰਦਾ ਰਿਹਾ। ਉਹ ਅੱਗੇ ਲਿਖਦਾ ਹੈ ਕਿ ਉਸ ਸਿੱਖ ਦਾ ਆਪਣੇ ਦਰਦ ਤੇ ਇਤਨਾ ਕੰਟਰੋਲ ਸੀ ਕਿ ਉਹ ਮੰਨਣ ਵਿਚ ਨਹੀਂ ਆ ਸਕਦਾ। ਉਹ ਮੇਜਰ ਨਾਲ ਬੜਾ ਸ਼ਾਂਤ ਚਿਤ ਹੋ ਕੇ ਇਵੇਂ ਗੱਲਾਂ ਕਰਦਾ ਰਿਹਾ ਜਿਵੇਂ ਉਸ ਨੂੰ ਹੋਇਆ ਹੀ ਕੁਝ ਨਾ ਹੋਵੇ। ਸਮਿਥ ਨੇ ਉਸਨੂੰ ਹੌਸਲਾ ਦੇਂਦਿਆਂ ਕਿਹਾ ਕਿ ਅੰਗਰੇਜ਼ ਸਰਜਨ ਉਸ ਦਾ ਉਪਰੇਸ਼ਨ ਕਰਕੇ ਉਸ ਦੀ ਜਾਨ ਬਚਾ ਦੇਵੇਗਾ। ਇਸ ਦੇ ਉੱਤਰ ਵਿਚ ਉਸ ਸਰਦਾਰ ਸਾਰਜੰਟ ਨੇ ਹਸਦੇ ਹੋਏ ਇਹ ਗੱਲ ਟਾਲ ਦਿੱਤੀ ਤੇ ਕਿਹਾ ਕਿ ਉਹ ਲਤਾਂ ਤੋਂ ਬਗ਼ੈਰ ਕਿਸੇ ਤੇ

ਆਸਰਿਤ ਹੋ ਕੇ ਜੀਣਾ ਨਹੀਂ ਚਾਹੁੰਦਾ। ਉਸ ਨੇ ਸਮਿਥ ਪਾਸੋਂ ਪਾਣੀ ਮੰਗਿਆ। ਸਮਿਥ ਨੇ ਮਾਸ਼ਕੀ ਨੂੰ ਬੁਲਾਇਆ ਜਿਸ ਤੋਂ ਪਾਣੀ ਲੈ ਕੇ ਸਾਰਜੰਟ ਨੇ ਆਪਣਾ ਮੂੰਹ ਧੋਤਾ ਜੋ ਖ਼ੂਨ ਤੇ ਮਿੱਟੀ ਨਾਲ ਲਿਬੜਿਆ ਹੋਇਆ ਸੀ। ਇਸ ਸੇਵਾ ਦੇ ਇਵਜ਼ਾਨੇ ਵਜੋਂ ਸਾਰਜੰਟ ਨੇ ਆਪਣੀ ਹੀਰੇ ਵਾਲੀ ਅੰਗੂਠੀ ਉਂਗਲ ਵਿਚੋਂ ਕੱਢ ਕੇ ਮਾਸ਼ਕੀ ਨੂੰ ਦਿੱਤੀ ਤੇ ਅੰਗਰਜ਼ ਮੇਜਰ ਨੂੰ ਕਿਹਾ ਕਿ ਉਹ ਉਸ ਨੂੰ ਬਟ ਮਾਰ ਮਾਰ ਕੇ ਖਤਮ ਕਰ ਦੇਵੇ ਤਾਂ ਜੋ ਉਹ ਸੁਰਖਰੂ ਹੋ ਕੇ ਸਦਾ ਲਈ ਸੁਖ ਚੈਨ ਦੀ ਨੀਂਦ ਸੌਂ ਸਕੇ। ਆਫ਼ਰੀਨ! ਆਫਰੀਨ!! (ਸੋਲਜਰੀ ਟਰੈਡੀਸ਼ਨਜ਼ ਆਫ ਸਿਖਸ, ਪੰਨਾ-35)

ਜੀਣਾ ਹੈ ਸ਼ੇਰ ਵਾਂਗ,
ਮਰਨਾ ਹੈ ਦਲੇਰ ਵਾਂਗ।

ਇਕ ਫੌਜੀ ਦੀ ਜ਼ਬਤ, ਸਬਰ ਤੇ ਜ਼ਿੰਦਗੀ ਨੂੰ ਉਚ ਆਦਰਸ਼ਾਂ ਸਹਿਤ ਸ਼ਾਨ ਸ਼ੌਕਤ ਨਾਲ ਜੀਣ ਅਤੇ ਚੜ੍ਹਦੀਕਲਾ ਵਿਚ ਸੰਸਾਰ ਤਿਆਗਣ ਦੀ ਨੇਤਰ ਨਮ ਕਰ ਦੇਣ ਵਾਲੀ ਦਾਸਤਾਨ ਦਾ ਜ਼ਿਕਰ ਪੜ੍ਹਨ ਮਗਰੋਂ ਥੋੜ੍ਹਾ ਜਿਹਾ ਜ਼ਿਕਰ ਸਮੁੱਚੀ ਸਿੱਖ ਫੌਜ ਦਾ ਕਰਨਾ ਵੀ ਉਚਤ ਹੋਵੇਗਾ ਜੋ ਅੰਗਰੇਜ਼ਾਂ ਨਾਲ ਯੁੱਧ ਕਰਨ ਪਿਛੋਂ ਹਾਰੀ। ਅਸਲ੍ਹਾ ਨਾ ਮਿਲਣ ਕਾਰਨ ਅੰਗਰੇਜ਼ਾਂ ਨੇ ਇਸ ਨਿਹੱਥੀ ਫੌਜ ਨੂੰ ਇਸ ਬੇਰਹਿਮੀ ਨਾਲ ਮਾਰਿਆ ਕਿ ਉਸ ਦੇ ਖ਼ੂਨ ਨਾਲ ਸਤਲੁਜ ਦਰਿਆ ਦਾ ਪਾਣੀ ਲਾਲ ਹੋ ਗਿਆ। ਪਰ ਇਸ ਦੇ ਉਲਟ ਸਿੱਖ ਫੌਜੀਆਂ ਨੇ ਆਪਣੇ ਇਖਲਾਕ ਦੇ ਤਾਬੇ ਇਕ ਵੀ ਨਿਹੱਥੇ ਅੰਗਰੇਜ਼ ਫੌਜੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਸਗੋਂ ਜਿਵੇਂ ਪਿਛਲੇ ਪੰਨਿਆਂ ਤੇ ਲਿਖਿਆ ਜਾ ਚੁਕਾ ਹੈ ਉਨ੍ਹਾਂ ਨੇ ਭਟਕੇ ਭੁਲੇ ਅੰਗਰੇਜ਼ ਫੌਜੀਆਂ ਦੀ ਜਾਨ ਬਚਾਈ, ਉਨ੍ਹਾਂ ਦੀ ਆਓ ਭਗਤ ਕੀਤੀ ਤੇ ਉਨ੍ਹਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਕੈਂਪਾਂ ਤੱਕ ਪਹੁੰਚਾਇਆ। ਇਹ ਤਾਂ ਸੀ ਸਿੱਖਾਂ ਦੀ ਸੇਵਾ ਪਰ ਅੰਗਰੇਜ਼ਾਂ ਨੇ ਨਿਹੱਥੇ ਸਿੱਖ ਫੌਜੀਆਂ ਤੇ ਜੋ ਅਮਾਨਵੀ ਜ਼ੁਲਮ ਢਾਏ ਉਨ੍ਹਾਂ ਤੋਂ ਉਨ੍ਹਾਂ ਦੀ ਫੌਜ ਦਾ ਸਿਪਾਸਾਲਾਰ ਲਾਰਡ ਗਫ ਵੀ ਤੜਪ ਉੱਠਿਆ। ਉਸ ਨੇ ਇਸ ਬਾਰੇ ਇੰਗਲੈਂਡ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਬਰਟ ਪੀਲ ਨੂੰ ਜੋ ਰਿਪੋਰਟ ਭੇਜੀ, ਉਸ ਦਾ ਕੁਝ ਹਿੱਸਾ ਨਿਮਨ ਦਰਜ ਹੈ :
"Policy precludes me from publicly recording my sentiments on the splendid gallantry of our fallen foe, or to record the acts of heroism displayed not only individually but almost collectively by the Sikh soldiers and army and I declare, were it not from deep conviction that my country's good required the sacrifice, I could have wept to have witnessed the tearful slaughter of so devoted a body of men." ਅਰਥਾਤ, ਮੇਰੇ ਦੇਸ਼ ਦੀ ਨੀਤੀ ਮੈਨੂੰ ਵਰਜਦੀ ਹੈ ਕਿ ਮੈਂ ਹਾਰ ਗਏ ਆਪਣੇ ਸਿੱਖ ਦੁਸ਼ਮਣਾਂ ਦੀ ਸ਼ਾਨਦਾਰ ਬਹਾਦਰੀ ਬਾਰੇ ਆਪਣੇ ਜਜ਼ਬਾਤ ਰਿਕਾਰਡ ਕਰਨ ਤੋਂ ਸੰਕੋਚ ਕਰਾਂ। ਮੈਂ ਸਿੱਖ ਫੌਜੀਆਂ ਵਲੋਂ ਵਿਅਕਤੀਗਤ ਅਤੇ ਸਮੂਹਕ ਰੂਪ ਵਿਚ ਪ੍ਰਗਟਾਈ ਲਾਜਵਾਬ ਮਰਦਾਨਗੀ ਬਾਰੇ ਵੀ ਕੁਝ ਨਹੀਂ ਲਿਖਦਾ। ਪਰ ਮੈਂ ਇਤਨਾ ਜ਼ਰੂਰ ਐਲਾਨਦਾ ਹਾਂ ਕਿ ਜੇਕਰ ਮੇਰੇ ਦੇਸ਼ ਦੇ ਹਿਤ ਦੀ ਗੱਲ ਸਾਹਮਣੇ ਨਾ ਹੁੰਦੀ ਤਾਂ ਮੈਂ ਅਜਿਹੇ ਸਮਰਪਤ ਭਾਵਨਾ ਵਾਲੇ ਜਵਾਨਾਂ ਦੇ

ਬੇਰਹਿਮੀ ਨਾਲ ਕੀਤੇ ਗਏ ਕਤਲਾਂ ਨੂੰ ਦੇਖ ਕੇ ਜ਼ਾਰੋ ਜ਼ਾਰ ਜ਼ਰੂਰ ਰੋਂਦਾ।"

ਅਜ ਹੋਵੇ ਸਰਕਾਰ ਤੇ ਮੁਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਜੋਂ,
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੇ।

ਜਨਰਲ ਗਫ ਦੇ ਉਕਤ ਕਥਨਾਂ ਨੇ ਜੰਗ ਹਾਰ ਜਾਣ ਤੇ ਵੀ ਸਿੱਖ ਸੂਰਮਿਆਂ ਦਾ ਸਿਰ ਫਖਰ ਨਾਲ ਉਚਾ ਕਰ ਦਿੱਤਾ ਹੈ ਤੇ ਜਿਤ ਜਾਣ ਤੇ ਵੀ ਅੰਗਰੇਜ਼ਾਂ ਦੀ ਸਮੁੱਚੀ ਸਾਖ ਨੂੰ ਘਟਾਇਆ ਹੈ। ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਦੇਸ਼ ਕੌਮ ਦੀ ਸ਼ਾਨ ਲਈ 1965 ਦੀ ਹਿੰਦ ਪਾਕ ਜੰਗ ਵਿਚ ਵੀ ਸਿੱਖ ਫੌਜੀਆਂ ਨੇ ਦੁਸ਼ਮਣ ਦੇ ਟੈਂਕਾਂ ਦੀ ਚੜ੍ਹਾਈ ਰੋਕਣ ਲਈ ਆਪਣੀਆਂ ਛਾਤੀਆਂ ਨਾਲ ਬੰਬ ਬੰਨ੍ਹ ਕੇ ਦੁਸ਼ਮਣ ਦੇ ਟੈਂਕਾਂ ਨੂੰ ਉਡਾ ਦੇਣ ਦਾ ਲਾਮਿਸਾਲ ਕਾਰਨਾਮਾ ਕੀਤਾ ਸੀ ਜਿਸ ਨੂੰ ਅੱਜ ਵੀ ਸਾਰੇ ਸਤਿਕਾਰ ਨਾਲ ਯਾਦ ਕਰਦੇ ਹਨ। ਇਵੇਂ ਹੀ ਉਨ੍ਹਾਂ ਨੇ 1962 ਦੀ ਭਾਰਤ ਚੀਨ ਜੰਗ, 1971 ਦੀ ਭਾਰਤ-ਪਾਕ ਜੰਗ ਅਤੇ 2000 ਦੀ ਕਾਰਗਿਲ ਜੰਗ ਵਿੱਚ ਆਪਣੀ ਸ਼ਖਸੀਅਤ ਤੇ ਜਵਾਨ ਮਰਦੀ ਦੇ ਅਜਿਹੇ ਜੌਹਰ ਦਿਖਾਏ ਜਿਨ੍ਹਾਂ ਤੇ ਹਰ ਕੋਈ ਮਾਣ ਕਰਦਾ ਹੈ।

ਸ਼੍ਰੀ ਲਾਲ ਬਹਾਦਰ ਸ਼ਾਸਤਰੀ ਤੇ ਸਿੱਖ ਸਤਿਕਾਰ

1965 ਦੀ ਹਿੰਦ ਪਾਕ ਜੰਗ ਵਿਚ ਸਿੱਖ ਫੌਜੀਆਂ ਅਤੇ ਪਾਕਿਸਤਾਨ ਨਾਲ ਲਗਦੀ ਪੰਜਾਬ ਦੀ ਸਰਹਦ ਦੇ ਨੇੜੇ ਨੇੜੇ ਪਿੰਡਾਂ ਵਿਚ ਰਹਿੰਦੇ ਸਿੱਖ ਤੇ ਪੰਜਾਬੀ ਸੂਰਬੀਰ ਸ਼ਹਿਰੀਆਂ ਨੇ ਆਪਣੀ ਹਰ ਪ੍ਰਕਾਰ ਦੀ ਕੁਰਬਾਨੀ ਅਤੇ ਸੇਵਾ ਕਾਰਨ ਦੇਸ਼ ਬਦੇਸ਼ਾਂ ਵਿਚ ਬੜਾ ਨਾਮਣਾ ਖਟਿਆ। ਹਵਾਬਾਜ਼ ਨਿਰਮਲਜੀਤ ਸਿੰਘ ਸੇਖੋਂ, ਟੈਂਕ ਸਾਲਾਰ ਮੇਜਰ ਭੁਪਿੰਦਰ ਸਿੰਘ ਅਤੇ ਹੋਰ ਸੈਂਕੜੇ ਸਿੱਖ ਨੌਜਵਾਨ ਸੈਨਿਕਾਂ ਦੇ ਅਦੁਤੀ ਬੀਰਤਾ ਭਰਪੂਰ ਕਾਰਨਾਮਿਆਂ ਕਰ ਕੇ ਇਨ੍ਹਾਂ ਦਾ ਨਾਂ ਦੇਸ਼ ਭਰ ਵਿਚ ਬੱਚੇ ਬੱਚੇ ਦੀ ਜ਼ਬਾਨ ਤੇ ਸੀ ਅਤੇ ਅੱਜ ਵੀ ਹੈ।

ਸਖਤ ਜ਼ਖਮੀ ਹਾਲਤ ਵਿਚ ਦਿੱਲੀ ਦੇ ਇਕ ਹਸਪਤਾਲ ਵਿਚ ਮੇਜਰ ਭੁਪਿੰਦਰ ਸਿੰਘ ਪਿਆ ਹੋਇਆ ਸੀ। ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੂੰ ਉਸ ਦੀ ਸੂਰਮਗਤੀ ਦਾ ਫੌਜੀ ਹੈਡ ਕੁਆਰਟਰ ਤੋਂ ਪਤਾ ਲਗਾ ਤਾਂ ਉਹ ਖੁਦ ਉਸ ਨੂੰ ਮਿਲਣ ਤੇ ਸ਼ਾਬਾਸ਼ ਦੇਣ ਲਈ ਹਸਪਤਾਲ ਗਏ। ਮੇਜਰ ਭੁਪਿੰਦਰ ਸਿੰਘ ਲਈ ਇਹ ਬੜੇ ਮਾਣ ਵਾਲੀ ਗੱਲ ਸੀ ਕਿ ਦੇਸ਼ ਦਾ ਪ੍ਰਧਾਨ ਮੰਤਰੀ ਉਸ ਨੂੰ ਮਿਲਣ ਆਇਆ ਹੈ। ਉਹ ਸ਼ਾਸਤਰੀ ਜੀ ਨੂੰ ਆਪਣੇ ਕੋਲ ਦੇਖ ਤੇ ਖੜਾ ਹੋ ਕੇ ਸਲੂਟ ਮਾਰਨ ਦੇ ਪ੍ਰਯਤਨ ਕਰਨ ਲੱਗਾ ਪਰ ਡਾਕਟਰਾਂ ਨੇ ਤੇ ਸ਼ਾਸਤਰੀ ਜੀ ਨੇ ਉਸ ਨੂੰ ਅਜਿਹਾ ਕਰਨ ਤੋਂ ਪਿਆਰ ਨਾਲ ਰੋਕ ਦਿੱਤਾ। ਮੇਜਰ ਨੇ ਆਪਣੀ ਲੜਾਈ ਦਾ ਸੰਖੇਪ ਬਿਰਤਾਂਤ ਸ਼ਾਸਤਰੀ ਜੀ ਨੂੰ ਸੁਣਾਇਆ ਜੋ ਬਹਾਦਰੀ ਨਾਲ ਭਰਿਆ ਪਿਆ ਸੀ। ਮੇਜਰ ਨੇ ਗੱਲਾਂ ਗੱਲਾਂ ਵਿਚ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਵੇਖ ਲਉ ਜੋ ਵੀ ਜ਼ਖਮ ਮੈਨੂੰ ਲੱਗੇ ਹਨ ਉਹ ਮੇਰੀ ਛਾਤੀ ਤੇ ਹੀ ਲਗੇ ਹਨ ਪਿਠ ਤੇ ਨਹੀਂ ਕਿਉਂਕਿ ਮੇਰੇ ਗੁਰੂ ਨੇ ਪਿਠ ਦੇ ਕੇ ਨੱਸਣਾ ਸਾਨੂੰ ਨਹੀਂ ਸਿਖਾਇਆ। ਉਸ ਦੀ ਇਸ ਗੱਲ ਨਾਲ ਸ਼ਾਸਤਰੀ ਜੀ ਦੇ ਮਨ ਤੇ ਸਿੱਖ ਕੌਮ ਦੀ ਬਹਾਦਰੀ ਦੀ ਛਾਪ

ਜੋ ਪਹਿਲੇ ਹੀ ਬੜੀ ਉਘੜਵੀਂ ਸੀ, ਉਹ ਹੋਰ ਰੰਗਦਾਰ ਬਣ ਗਈ।

ਇਕ ਦੋ ਦਿਨਾਂ ਮਗਰੋਂ ਮੇਜਰ ਭੁਪਿੰਦਰ ਸਿੰਘ ਦੇਸ਼ ਨੂੰ ਅਲਵਿਦਾ ਕਹਿ ਕੇ ਸਦਾ ਦੀ ਨੀਂਦ ਸੌਂ ਗਿਆ ਪਰ ਸ਼ਾਸਤਰੀ ਜੀ ਦੇ ਨੇਤਰ ਉਸ ਦੀ ਸ਼ਹੀਦੀ ਦੀ ਖਬਰ ਸੁਣ ਕੇ ਸੇਜਲ ਹੋਏ ਬਗ਼ੈਰ ਨਾ ਰਹਿ ਸਕੇ। "ਦੇਸ਼ ਦਾ ਇਕ ਅਨਮੋਲ ਹੀਰੋ ਆਪਣੇ ਕਰਤਵਾਂ ਦੀ ਪੂਰਤੀ ਵਿਚ ਜਾਮੇ ਸ਼ਹਾਦਤ ਪੀ ਕੇ ਦੇਸ਼ ਕੌਮ ਦਾ ਨਾਂ ਉਚਾ ਕਰਕੇ ਸੁਰਖਰੂ ਹੋ ਗਿਆ ਹੈ। ਆਫਰੀਨ ਹੈ ਉਸ ਦੀ ਮਾਂ ਨੂੰ ਜਿਸ ਨੇ ਇਹ ਮਹਾਨ ਯੋਧਾ ਜੰਮਿਆ। ਭਾਰਤ ਨੂੰ ਸਦਾ ਇਸ 'ਤੇ ਗੌਰਵ ਰਹੇਗਾ। ਜਦ ਤੱਕ ਸਾਡੇ ਪਾਸ ਸ਼ਹੀਦ ਮੇਜਰ ਭੁਪਿੰਦਰ ਸਿੰਘ ਦੇ ਪਾਏ ਦੇ ਜੰਗਜੂ ਸੂਰਬੀਰ ਹੋਣਗੇ, ਭਾਰਤ ਮਾਤਾ ਦੀਆਂ ਸਰਹੱਦਾਂ ਬਹੁਤ ਹੀ ਸੁਰਖਿਅਤ ਹੱਥਾਂ ਵਿਚ ਹੋਣਗੀਆਂ (ਹਵਾਲਾ ਟ੍ਰਿਬਿਊਨ 29.6.1996 ਮੈਗਜ਼ੀਨ, ਪੰਨਾ 1)। ਇਸ ਤਰ੍ਹਾਂ ਦੇ ਸਨ ਸ਼ਾਸਤਰੀ ਜੀ ਦੇ ਪ੍ਰਭਾਵ ਇਸ ਨੌਜਵਾਨ ਸਿੱਖ ਫੌਜੀ ਅਫਸਰ ਬਾਰੇ। ਉਨ੍ਹਾਂ ਦੇ ਦਿਲ ਵਿਚ ਸਿੱਖ ਧਰਮ ਅਤੇ ਸਿੱਖ ਕੌਮ ਬਾਰੇ ਬਹੁਤ ਸਿਹਤਮੰਦ ਭਾਵਨਾ ਸੀ। ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਉਨ੍ਹਾਂ ਨੇ ਪੰਜਾਬੀਆਂ ਤੇ ਵਿਸ਼ੇਸ਼ ਕਰ ਕੇ ਸਿੱਖਾਂ ਦੇ ਬਹੁਪਖੀ ਮਾਨਵ ਹਿਤਕਾਰੀ ਜਜ਼ਬੇ ਨੂੰ ਸਾਹਮਣੇ ਰਖ ਕੇ ਹੀ ਸਿਰਜਿਆ ਸੀ, ਜਿਸ ਨੇ ਦੇਸ਼ ਵਿਚ ਨਵਾਂ ਆਤਮਿਕ ਬਲ ਪੈਦਾ ਕਰਨ ਲਈ ਗੂੰਜਾਂ ਪਾ ਦਿੱਤੀਆਂ। ਸਿੱਖ ਕੌਮ ਦੇ ਸਤਿਕਾਰ ਵਿਚ ਹੀ ਉਨ੍ਹਾਂ ਨੇ ਉਚੇਚੇ ਤਰੱਦਦਾਂ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ਼ਸਤਰ ਜੋ ਲਾਰਡ ਡਲਹੌਜ਼ੀ ਇੰਗਲੈਂਡ ਲੈ ਗਿਆ ਸੀ, ਵਾਪਸ ਭਾਰਤ ਮੰਗਵਾਏ। ਦਿੱਲੀ ਹਵਾਈ ਅਡੇ ਤੇ ਆਪ ਉਨ੍ਹਾਂ ਨੂੰ ਗ੍ਰਹਿਣ ਕਰਕੇ ਭਰਵੇਂ ਸਤਿਕਾਰ ਸਹਿਤ ਸਿੱਖ ਕੌਮ ਨੂੰ ਸਮਰਪਤ ਕਰਨ ਦੀ ਖੁਸ਼ੀ ਲਈ ਅਤੇ ਇਸ ਤਰ੍ਹਾਂ ਇਸ ਕੌਮ ਦੀ ਸ਼ਾਨ ਨਾਲ ਆਪਣੇ ਆਪ ਨੂੰ ਸਬੰਧਤ ਕਰ ਕੇ ਪ੍ਰਸੰਨਤਾ ਅਨੁਭਵ ਕੀਤੀ। ਸਿੱਖ ਅੱਜ ਵੀ ਸ੍ਰੀ ਸ਼ਾਸਤਰੀ ਨੂੰ ਯਾਦ ਕਰ ਕੇ ਉਨ੍ਹਾਂ ਤੇ ਮਾਣ ਕਰਦੇ ਹਨ।

ਸਵਾਮੀ ਬ੍ਰਹਮਾ ਨੰਦ ਉਤੇ ਸਿੱਖੀ ਪ੍ਰਭਾਵ

"ਸਾਰੀ ਜ਼ਿੰਦਗੀ ਬੜੀ ਖਾਕ ਛਾਣੀ ਪਰ ਅੰਮ੍ਰਿਤ ਦੇ ਖਜ਼ਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰ ਸਿੱਖੀ ਸਿਧਾਂਤਾਂ ਅਨੁਸਾਰ ਜ਼ਿੰਦਗੀ ਬਤੀਤ ਕਰਨ ਦਾ ਅਵਸਰ ਪ੍ਰਾਪਤ ਨਾ ਹੋ ਸਕਿਆ। ਗੁਰੂ ਗ੍ਰੰਥ ਸਾਹਿਬ ਵਰਗੇ ਮੁਕਤੀ ਦੇ ਖਜ਼ਾਨੇ ਨੂੰ ਛੱਡ ਕੇ ਹੋਰ ਕਿਧਰੇ ਭਟਕਣਾ ਬਿਲਕੁਲ ਵਿਅਰਥ ਹੈ ਇਸ ਗੱਲ ਦੀ ਸੋਝੀ ਮੈਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਅਤੇ ਗੁਰੂ ਗ੍ਰੰਥ ਸਾਹਿਬ ਨਾਮੀ ਅਮੁਲ ਸ਼ਬਦ ਜੋਤ ਦਾ ਅਧਿਐਨ ਕਰਨ ਤੋਂ ਹੋਈ ਹੈ। ਕਾਸ਼ ਮੈਨੂੰ ਇਸ ਗਾਡੀ ਰਾਹ ਦੀ ਪਹਿਲੇ ਪਹਿਚਾਣ ਹੋ ਜਾਂਦੀ। ਹੁਣ ਇਸ ਅੰਮ੍ਰਿਤ ਨੂੰ ਭੁੰਚਣ ਲਈ ਮੈਨੂੰ ਇਕ ਜਨਮ ਹੋਰ ਲੈਣਾ ਪਵੇਗਾ।" ਸਵਾਮੀ ਨੇ ਇਹ ਸ਼ਬਦ ਉਚਰਦੇ ਸਾਰ ਹੀ ਹਰਦਵਾਰ ਵਿਖੇ ਸਵਾਮੀ ਸਤਿਆ ਨੰਦ ਦੇ ਸਾਹਮਣੇ ਆਪਣੀ ਦੇਹ ਤਿਆਗ ਦਿੱਤੀ ਤਾਂ ਜੋ ਜਲਦੀ ਜਲਦੀ ਸਿੱਖ ਦੇ ਰੂਪ ਵਿੱਚ ਨਵਾਂ ਜੀਵਨ ਆਰੰਭ ਕਰ ਸਕਣ।

(ਪੁਸਤਕ ਗਿਆਨ ਪ੍ਰਕਾਸ਼ ਵਿਚੋਂ)

ਦਿਆ ਦੀਆਂ ਮੂਰਤੀਆਂ

ਸਿੱਖਾਂ ਦੇ ਇਖਲਾਕੀ ਵਸਫਾਂ ਦੇ ਦਰਸ਼ਨ ਦੀਦਾਰੇ

ਮੁਨਸ਼ੀ ਸੁਜਾਨ ਰਾਏ ਭੰਡਾਰੀ

ਇਤਿਹਾਸਕਾਰ ਸ੍ਰੀ ਭੰਡਾਰੀ ਫਾਰਸੀ ਜ਼ਬਾਨ ਵਿਚ ਲਿਖੀ ਆਪਣੀ ਇਤਿਹਾਸਕ ਪੁਸਤਕ 'ਖੁਲਾਸਾਤੁਤ ਤਵਾਰੀਖ' ਵਿਚ ਸਿੱਖਾਂ ਦੇ ਕਈ ਵਸਫਾਂ ਦਾ ਜ਼ਿਕਰ ਕਰਦਾ ਹੈ ਪਰ ਪੁਸਤਕ ਦੇ ਪੰਨਾ 69-70 ਤੇ ਉਹ ਜੋ ਕੁਝ ਇਨ੍ਹਾਂ ਬਾਰੇ ਲਿਖਦਾ ਹੈ ਉਸ ਦਾ ਪੰਜਾਬੀ ਰੂਪ ਨਿਮਨ ਅਨੁਸਾਰ ਹੈ : . . . **ਇਨ੍ਹਾਂ ਸਿੱਖਾਂ ਦੀ ਪੂਜਾ ਪਾਠ ਦੀ ਸਾਰ ਗੁਰਬਾਣੀ ਦਾ ਵੀਚਾਰ ਹੈ ਜਿਸ ਨੂੰ ਇਹ ਮਿਠੀ ਮਧੁਰ ਸੁਰ ਵਿਚ ਪੜ੍ਹਦੇ ਤੇ ਗਾਉਂਦੇ ਹਨ। ਉਹ ਆਪਣੇ ਦਿਲ ਤੋਂ ਦਵੈਤ ਤੇ ਭਰਮ ਦੇ ਪਰਦੇ ਲਾਹ ਕੇ, ਤੰਗਦਿਲੀ ਤੇ ਅਗਿਆਨਤਾ ਨੂੰ ਤਲਾਂਜਲੀ ਦੇ ਕੇ ਆਪਣੇ ਅਤੇ ਬਿਗਾਨਿਆਂ ਨੂੰ ਇਕ ਨਜ਼ਰ ਨਾਲ ਦੇਖਦੇ ਹਨ। ਇਨ੍ਹਾਂ ਲਈ ਦੋਸਤ ਤੇ ਦੁਸ਼ਮਣ, ਸੱਜਣ ਤੇ ਸ਼ਤਰੂ ਇਕ ਸਮਾਨ ਹਨ।** ਇਹ ਦੋਸਤਾਂ ਤੇ ਦੁਸ਼ਮਣਾਂ ਦੋਹਾਂ ਨਾਲ ਬਿਨਾਂ ਕਿਸੇ ਰਗੜੇ ਝਗੜੇ ਦੇ, ਇਕੋ ਜਿਹੇ ਤੇ ਇਕ ਸਮਾਨ ਦਿਹਾੜੇ ਕਟ ਸਕਦੇ ਹਨ।"

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥ (ਮ-5, ਪੰਨਾ 1299)

ਮੁਨਸ਼ੀ ਸੁਜਾਨ ਰਾਏ ਆਪਣੀ ਉਕਤ ਪੁਸਤਕ ਦੇ ਕਈ ਪੰਨਿਆਂ ਵਿਚ ਸਿੱਖ ਸੂਰਮਿਆਂ ਦੀ ਸਦਾਚਾਰਕ ਪੁਖਤਗੀ, ਵਿਹਾਰਕ ਨੇਕ ਨੀਤੀ, ਇਖਲਾਕੀ ਦਿਆਨਤਦਾਰੀ, ਧਾਰਮਿਕ ਪਾਏਦਾਰੀ ਦਾ ਬਹੁਤ ਸੁਹਣਾ ਜ਼ਿਕਰ ਕਰਕੇ ਇਨ੍ਹਾਂ ਦੀ ਭਰਵੀਂ ਤਾਰੀਫ ਕਰਦਾ ਨਹੀਂ ਥਕਦਾ ਅਤੇ ਇਨ੍ਹਾਂ ਦੇ ਬਹੁਮੁਖੀ ਗੁਣਾਂ ਤੇ ਮਾਣ ਕਰਦਾ ਵੀ ਪਰਤੀਤ ਹੁੰਦਾ ਹੈ।

ਉਕਤ ਸ਼ਬਦ ਪੜ੍ਹ ਸੁਣ ਲੈਣੇ ਤਾਂ ਬਹੁਤ ਸਾਧਾਰਨ ਹਨ ਪਰ ਇਨ੍ਹਾਂ ਅਨੁਸਾਰ ਜੀਵਨ ਢਾਲ ਕੇ ਨਿਰਬਾਹ ਕਰਨਾ ਅਦੁੱਤੀ ਸ਼ਕਤੀ, ਫੌਲਾਦੀ ਜਿਗਰੇ ਤੇ ਵਿਸ਼ਾਲ ਫਰਾਖ ਦਿਲੀ ਤੋਂ ਬਿਨਾਂ ਸੋਚਿਆ ਹੀ ਨਹੀਂ ਜਾ ਸਕਦਾ। ਸਿੱਖ ਦਾ ਕਿਰਦਾਰ ਇਵੇਂ ਕਿਸ ਤਰ੍ਹਾਂ ਬਣਿਆ, ਨਿਮਨ ਦੋ ਟੂਕਾਂ ਕੁਝ ਰੌਸ਼ਨੀ ਜ਼ਰੂਰ ਪਾਉਂਦੀਆਂ ਹਨ।

ਅੰਗਰੇਜ਼ ਇਤਿਹਾਸਕਾਰ ਜੇ. ਡੀ. ਕਨਿੰਘਮ

It was reserved for Guru Nanak to perceive the true principles of reforms and to lay those broad foundations to

enable his successors to build a nationality. He gave practical effect to the doctrine that lowest was equal to the highest in creed, in political rights as in religious hopes. ਭਾਵ ਇਹ ਕਿ ਗੁਰੂ ਨਾਨਕ ਦੇਵ ਦੇ ਹਿਸੇ ਆਇਆ ਕਿ ਉਹ ਸੁਧਾਰ ਲਿਆ ਕੇ ਸਹੀ ਅਸੂਲਾਂ ਨੂੰ ਰੂਪਮਾਨ ਕਰਦੇ ਅਤੇ ਆਪਣੇ ਅਨੁਯਾਈਆਂ ਨੂੰ ਇਸ ਯੋਗ ਬਣਾਉਣ ਲਈ ਕਿ ਉਹ ਇਕ ਰਾਸ਼ਟਰ ਖੜਾ ਕਰ ਸਕਣ, ਵਿਸ਼ਾਲ ਅਧਾਰ ਪ੍ਰਦਾਨ ਕਰਦੇ। ਗੁਰੂ ਜੀ ਨੇ ਆਪਣੇ ਇਸ ਸਿਧਾਂਤ ਨੂੰ ਅਮਲੀ ਜਾਮਾ ਪਵਾਇਆ ਕਿ ਸਮਾਜ ਵਿਚ, ਸਿਆਸੀ ਅਧਿਕਾਰਾਂ ਵਾਸਤੇ ਅਤੇ ਧਾਰਮਿਕ ਰਹੁ-ਰੀਤੀਆਂ ਦੇ ਮੰਤਵਾਂ ਲਈ ਨੀਵੇਂ ਤੋਂ ਨੀਵਾ ਮਨੁੱਖ ਵੀ ਉਚੇ ਤੋਂ ਉਚੇ ਮਨੁੱਖ ਦੇ ਬਰਾਬਰ ਹੈ।"

Pyne : "The seeds which Guru Nanak sowed, produced rich harvest... A religion if it is to be a living force must be practical religion, one that teaches mankind not how to escape from world but how to live worthily in it, not how evil is to be avoided but how it is to be met or over come." ਇਸ ਅੰਗਰੇਜ਼ੀ ਲਿਖਤ ਦਾ ਪੰਜਾਬੀ ਰੂਪ ਇਵੇਂ ਹੈ : ਜੋ ਬੀਜ ਗੁਰੂ ਨਾਨਕ ਜੀ ਨੇ ਬੀਜਿਆ ਉਹ ਭਰਵੀਂ ਫਸਲ ਦੇ ਰੂਪ ਵਿਚ ਸਾਹਮਣੇ ਆਇਆ। ਧਰਮ, ਜੇਕਰ ਉਸ ਨੇ ਇਕ ਸ਼ਕਤੀਸ਼ਾਲੀ ਜੀਵਨ ਸ਼ਕਤੀ ਦੇ ਰੂਪ ਵਿਚ ਕਾਇਮ ਰਹਿਣਾ ਹੈ, ਨੂੰ ਅਮਲੀ ਧਰਮ ਬਣਨਾ ਪਵੇਗਾ। ਉਹ ਧਰਮ ਮਨੁੱਖਤਾ ਨੂੰ ਇਹ ਪ੍ਰਚਾਰ ਕਰੇਗਾ ਕਿ ਇਸ ਸੰਸਾਰ ਵਿਚੋਂ ਨਸਣ ਜਾਂ ਬਚਣ ਦੀ ਥਾਂ ਇਸ ਵਿਚ ਚੰਗੀ ਤੇ ਸੁਚੱਜੀ ਤਰ੍ਹਾਂ ਰਿਹਾ ਜਾਵੇ। ਉਸ ਨੂੰ ਇਹ ਨਹੀਂ ਦੇਖਣਾ ਪਵੇਗਾ ਕਿ ਕਿਸੇ ਬੁਰਾਈ ਤੋਂ ਦੂਰ ਕਿਵੇਂ ਰਹਿਣਾ ਹੈ ਸਗੋਂ ਉਸ ਨਾਲ ਟਾਕਰਾ ਕਰਕੇ ਉਸ ਤੇ ਹਾਵੀ ਕਿਵੇਂ ਹੋਣਾ ਹੈ। ਸਿੱਖ ਧਰਮ ਇਹੀ ਸਖਾਂਦਾ ਹੈ ।

ਜਗ ਮਹਿ ਉਤਮ ਕਾਢੀਅਹਿ
ਵਿਰਲੇ ਕੇਈ ਕੇਇ॥ (ਮ-5, ਪੰਨਾ-517)

ਇਤਿਹਾਸਕਾਰ ਹਰੀ ਰਾਮ ਗੁਪਤਾ 'ਸੋਲਜਰੀ ਟਰੈਡੀਸ਼ਨਜ਼ ਆਫ਼ ਸਿੱਖਸ' ਦੇ ਪੰਨਾ 25 ਤੇ ਸਿੱਖਾਂ ਦੇ ਆਚਰਣ ਦੀ ਉਚਮਤਾ ਬਾਰੇ ਹੋਰ ਇਵੇਂ ਲਿਖਦਾ ਹੈ।

. . . . . ਖਿਮਾ ਕਰਨਾ ਤੇ ਭੁਲ ਜਾਣਾ ਸਿੱਖ ਬੜਾ ਸੁਹਣਾ ਜਾਣਦੇ ਹਨ। ਇਸ ਦਾ ਪ੍ਰਦਰਸ਼ਨ ਉਨ੍ਹਾਂ ਪਹਿਲੀ ਸਿੱਖ ਜੰਗ ਵਿਚ ਬਹੁਤ ਚੰਗੀ ਤਰ੍ਹਾਂ ਕੀਤਾ। ਜਦ ਕਦੀ ਕੋਈ ਅੰਗਰੇਜ਼ ਸਿਪਾਹੀ ਉਨ੍ਹਾਂ ਦੇ ਹੱਥ ਲਗਦਾ ਜਾਂ ਗਲਤੀ ਨਾਲ ਉਨ੍ਹਾਂ ਦੀ ਪਹੁੰਚ ਵਿਚ ਆ ਜਾਂਦਾ ਤਾਂ ਉਹ ਉਸ ਨੂੰ ਸਹੀ ਸਲਾਮਤ ਆਪਣੇ ਕੈਂਪ ਵਿਚ ਪਹੁੰਚਾ ਦੇਂਦੇ ਤੇ ਪਿਆਰ ਨਾਲ ਪੇਸ਼ ਆਉਂਦੇ। (ਪੰਨਾ-25)

ਅੰਗਰੇਜ਼ ਜਰਨੈਲ ਐਮ. ਗਰੀਗਰ ਦੇ ਕਥਨ

M. Gregor who fought in Mudki war says :— "After the battle of Mudki some European soldiers straggled into Sikh

camp in the darkness. Instead of being made prisoners or ill used, each was kindly treated, given one Rupee each and safely escorted to the British camp.

ਮੁਦਕੀ ਦੀ ਜੰਗ ਵਿਚ ਅੰਗਰੇਜ਼ਾਂ ਵਲੋਂ ਲੜੇ ਇਕ ਜਰਨੈਲ ਐਮ. ਗਰੀਗਰ ਦੀ ਉਕਤ ਅੰਗਰੇਜ਼ੀ ਲਿਖਤ ਦਾ ਭਾਵ ਇਵੇਂ ਹੈ : 'ਮੁਦਕੀ ਦੀ ਲੜਾਈ ਮਗਰੋਂ ਕੁਝ ਯੂਰਪੀ ਸਿਪਾਹੀ, ਰਸਤੇ ਤੋਂ ਭਟਕ ਕੇ ਹਨੇਰੇ ਵਿਚ ਸਿੱਖਾਂ ਦੇ ਕੈਂਪ ਵਿਚ ਜਾ ਵੜੇ। ਇਨ੍ਹਾਂ ਨੂੰ ਜੰਗੀ ਕੈਦੀ ਬਣਾਉਣ ਜਾਂ ਇਨ੍ਹਾਂ ਨਾਲ ਮਾੜਾ ਵਿਹਾਰ ਕਰਨ ਜਾਂ ਇਨ੍ਹਾਂ ਦੀ ਦੁਰਵਰਤੋਂ ਕਰਨ ਦੀ ਥਾਂ ਸਿੱਖ ਇਨ੍ਹਾਂ ਨਾਲ ਪ੍ਰੇਮ ਨਾਲ ਪੇਸ਼ ਆਏ, ਇਨ੍ਹਾਂ ਦੀ ਪੂਰੀ ਪੂਰੀ ਸੇਵਾ ਕੀਤੀ, ਇਨ੍ਹਾਂ ਦੀ ਅੱਖ ਸੌਖ ਨੂੰ ਪੂਰਾ ਕਰਨ ਲਈ ਇਕ ਇਕ ਰੁਪਿਆ ਵੀ ਦਿੱਤਾ ਤੇ ਬੜੀ ਹਫਾਜ਼ਤ ਨਾਲ ਉਹ ਇਨ੍ਹਾਂ ਨੂੰ ਅੰਗਰੇਜ਼ਾਂ ਦੇ ਕੈਂਪ ਤਕ ਛਡ ਆਏ।"

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ॥
ਪਰਉਪਕਾਰ ਨਿਤ ਚਿਤਵਤੇ ਨਾਹੀ ਕਛੁ ਪੋਚ (ਬੁਰਾ)॥

(ਮ-5, ਪੰਨਾ-815/16)

ਬਰੇਨ ਜੀਨ ਪਲੈਨਕ

ਇਹ ਇਕ ਫਰਾਂਸੀਸੀ ਸੈਲਾਨੀ ਸੀ ਜਿਹੜਾ 1936 ਵਿਚ ਭਾਰਤ ਆਇਆ। ਉਸ ਨੇ ਸਿੱਖਾਂ ਦੇ ਬਹਾਦਰੀ ਦੇ ਕਾਰਨਾਮੇ ਸੁਣੇ ਤੇ ਵੇਖੇ। ਇਸ ਧਰਮ ਦਾ ਅਧਿਐਨ ਕੀਤਾ ਤੇ ਆਪਣੀ ਪੁਸਤਕ 'ਲੈ ਇੰਡੇਸ ਔਨ ਟਰੂਵਰੇ' ਦੇ ਪੰਨਾ 131 ਤੇ ਲਿਖਿਆ ਕਿ "ਸਿੱਖਾਂ ਦੇ ਬਹੁਤ ਸਾਰੇ ਗੁਣਾਂ ਵਿਚੋਂ ਦਿਆਨਤਦਾਰੀ, ਇਮਾਨਦਾਰੀ, ਬਹਾਦਰੀ, ਦਲੇਰੀ ਵੀ ਪ੍ਰਮੁਖ ਹਨ।" ਪਲੈਨਕ ਦਾ ਸਿੱਖਾਂ ਦੀ ਇਖਲਾਕੀ ਸ਼ਾਨ ਵਿਚ ਬਤੌਰ ਇਕ ਯਾਤਰੂ ਦੇ ਇਹ ਲਿਖਣਾ ਇਸ ਗੱਲ ਦਾ ਲਖਾਇਕ ਹੈ ਕਿ ਸਿੱਖਾਂ ਦੇ ਇਖਲਾਕ ਦੀ ਸੁਚਮਤਾ ਦੀਆਂ ਧੁੰਮਾਂ ਦੂਰ ਦੂਰ ਤਕ ਤੇ ਬੱਚੇ ਬੱਚੇ ਦੀ ਜ਼ਬਾਨ ਤੇ ਸਨ।

ਅਬਦਾਲੀ ਦੀ ਤਰਸ ਯੋਗ ਹਾਲਤ

ਸਿੱਖਾਂ ਦੇ ਧਾਰਮਿਕ ਜਜ਼ਬੇ ਬਾਰੇ ਅਹਿਮਦ ਸ਼ਾਹ ਅਬਦਾਲੀ ਨੇ ਵੀ ਕੁਝ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਜਿਹੜੇ ਕਈ ਘਟਨਾਵਾਂ ਦੇਖਣ ਉਪਰੰਤ ਉਸ ਦੇ ਮਨ ਵਿਚ ਪੈਦਾ ਹੋਏ। ਉਸ ਨੇ ਕੁਪ ਦੇ ਵੱਡੇ ਘਲੂਘਾਰੇ ਵਿਚ ਹਜ਼ਾਰਾਂ ਸਿੰਘ ਪਹਿਲੇ ਦਿਨ ਸ਼ਹੀਦ ਕੀਤੇ ਅਤੇ ਰਾਤ ਨੂੰ ਆਪਣੇ ਸੂਹਿਆਂ ਨੂੰ ਸਿੱਖਾਂ ਦੀ ਮੁਖ਼ਬਰੀ ਕਰਨ ਲਈ ਉਨ੍ਹਾਂ ਦੇ ਕੈਂਪ ਵਿਚ ਭੇਜ ਦਿੱਤਾ। ਉਸ ਦਾ ਖ਼ਿਆਲ ਸੀ ਕਿ 10 ਹਜ਼ਾਰ ਸਿੱਖਾਂ ਦੇ ਉਸ ਹਥੋਂ ਇਕ ਦਿਨ ਵਿਚ ਮਾਰੇ ਜਾਣ ਕਾਰਨ ਸਿੱਖਾਂ ਦੀਆਂ ਸਫਾਂ ਵਿਚ ਮਾਤਮ ਛਾ ਗਿਆ ਹੋਵੇਗਾ ਤੇ ਉਹ ਈਨ ਤੇ ਦੀਨ ਦੋਨੋਂ ਮੰਨਣ ਦੀ ਜਾਂ ਫਿਰ ਨੱਸਣ ਦੀ ਵਿਉਂਤ ਬਣਾ ਰਹੇ ਹੋਣਗੇ ਪਰ ਉਸ ਦੇ ਜਸੂਸਾਂ ਨੇ ਰਾਤ ਨੂੰ ਸਿੱਖਾਂ ਦੀ ਅਰਦਾਸ ਸੁਣੀ ਜਿਸ ਵਿਚ ਇਹ ਬਚਨ ਕਹੇ ਗਏ ਕਿ 'ਅਕਾਲ ਪੁਰਖ ਸਚੇ ਪਾਤਸ਼ਾਹ, ਆਪ ਜੀ ਦੀ ਮਿਹਰ ਸਦਕਾ ਚਾਰ ਪਹਿਰ ਦਿਨ ਦੇ ਸੁਖ ਨਾਲ ਬਤੀਤ ਹੋਏ ਹਨ, ਕ੍ਰਿਪਾ ਕਰਕੇ ਚਾਰ ਪਹਿਰ ਰਾਤ ਦੇ ਸੁਖ ਨਾਲ ਬਤੀਤ ਕਰਨ ਦੀ ਸਮਰਥਾ ਬਖਸ਼ਣੀ।"

ਜਦ ਆਪਣੇ ਜਸੂਸਾਂ ਤੋਂ ਅਹਿਮਦਸ਼ਾਹ ਨੂੰ ਸਿੱਖਾਂ ਦੀ ਇਸ ਹੈਰਾਨ ਕਰਨ ਵਾਲੀ ਚੜ੍ਹਦੀਕਲਾ ਦਾ ਪਤਾ ਲੱਗਾ ਤਾਂ ਉਹ ਬਹੁਤ ਘਬਰਾਇਆ। ਪਰ ਸਿੱਖਾਂ ਨੂੰ ਖਤਮ ਕਰ ਦੇਣ ਦੇ ਮਨਸੂਬੇ ਨਾਲ ਕੀਤੀ ਗਈ ਚੜ੍ਹਾਈ ਕਾਰਨ ਉਹ ਅਗਲੇ ਦਿਨ ਹੋਰ ਕਰੜਾਈ ਨਾਲ ਨਿਹੱਥੇ ਸਿੰਘਾਂ, ਬੱਚਿਆਂ ਤੇ ਬੀਬੀਆਂ ਤੇ ਟੁਟ ਪਿਆ ਤੇ 25 ਹਜ਼ਾਰ ਸਿੰਘਾਂ ਨੂੰ ਸ਼ਹੀਦ ਕਰਕੇ ਉਸ ਨੇ ਸਾਹ ਲਿਆ। ਇਸ ਅਮਾਨਵੀ ਜ਼ੁਲਮ ਤੇ ਉਸ ਨੇ ਬੜੇ ਸੰਤੋਖ ਅਤੇ ਅਭਿਮਾਨ ਨਾਲ ਕਿਹਾ ਕਿ ਮੈਂ ਸਿੱਖਾਂ ਦਾ ਸਰਵਨਾਸ਼ ਕਰ ਚਲਿਆਂ ਹਾਂ ਜੰਦ ਕਿ ਦੂਜੇ ਪਾਸੇ ਸਿੱਖਾਂ ਨੇ ਇਸ ਵੱਡੇ ਘਲੂਘਾਰੇ ਦੀ ਘਟਨਾ ਤੇ ਆਪਣਾ ਪ੍ਰਤੀਕਰਮ ਵਿਅਕਤ ਕਰੰਨ ਲੱਗਿਆਂ ਇਹ ਹੀ ਕਿਹਾ ਕਿ ਜੋ ਖੋਟ ਸੀ ਉਹ ਨਿਕਲ ਗਈ ਹੈ ਤੇ ਸ਼ੁਧ ਖਾਲਸਾ ਰੂਪੀ ਸੋਨਾ ਅਬਦਾਲੀ ਨਾਲ ਲੋਹਾ ਲੈਣ ਲਈ ਬਚ ਗਿਆ ਹੈ। ਇਸ ਦਾ ਭਾਵ ਇਹ ਨਹੀਂ ਕਿ ਜੋ ਸਿੰਘ ਸ਼ਹੀਦ ਹੋਏ ਉਹ ਖੋਟੇ ਸਨ ਪਰ ਆਪਣੀ ਚੜ੍ਹਦੀਕਲਾ ਦਾ ਪ੍ਰਗਟਾਵਾ ਕਰਕੇ ਅਬਦਾਲੀ ਨੂੰ ਘਬਰਾਉਣ ਲਈ ਇਹ ਸ਼ਬਦ ਵਰਤੇ ਗਏ। ਭਾਵੇਂ ਅਬਦਾਲੀ ਨੇ ਸਿੱਖਾਂ ਦੇ ਇਨ੍ਹਾਂ ਸ਼ਬਦਾਂ ਨੂੰ ਗੰਭੀਰਤਾ ਨਾਲ ਨਾ ਲਿਆ, ਉਸ ਨੇ ਆਪਣੀ ਹਉਮੈ ਨੂੰ ਉਭਾਰਦੇ ਹੋਏ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਵਾ ਦਿੱਤਾ, ਪਵਿੱਤਰ ਸਰੋਵਰ ਨੂੰ ਪੂਰ ਦਿੱਤਾ, ਉਸ ਵਿਚ ਗਊਆਂ ਵੱਢ ਕੇ ਸੁਟਵਾਈਆਂ ਅਤੇ ਸਰੋਵਰ ਵਾਲੀ ਥਾਂ ਤੇ ਫਸਲ ਬੀਜ ਦਿੱਤੀ। ਇਸ ਤਰ੍ਹਾਂ ਸਿੱਖਾਂ ਦੇ ਸਰਵ ਨਾਸ਼ ਲਈ ਤੇ ਉਨ੍ਹਾਂ ਦਾ ਨਾਂ ਤਕ ਮਿਟਾ ਦੇਣ ਲਈ ਉਹ ਜੋ ਕੁਝ ਕਰ ਸਕਦਾ ਸੀ, ਉਸ ਨੇ ਪੂਰੀ ਵਾਹ ਲਾ ਕੇ ਕੀਤਾ।

ਇਤਿਹਾਸ ਦੱਸਦਾ ਹੈ ਗੁਰੂ ਦੇ ਦੁਲਾਰਿਆਂ ਨੇ ਮਨ ਆਈਆਂ ਕਰਨ ਵਾਲੇ ਇਸ ਜਰਵਾਣੇ ਨੂੰ ਨਾਲ ਦੀ ਨਾਲ ਮਜ਼ਾ ਚਖਾ ਦਿੱਤਾ। ਉਸਨੇ ਅਜੇ ਝਨਾਅ ਦਰਿਆ ਵੀ ਨਹੀਂ ਸੀ ਟਪਿਆ ਕਿ ਭਾਰਤ ਦੇ ਸੂਰਬੀਰ ਸਿੱਖ ਸਪੂਤਾਂ ਨੇ ਉਸ ਪਾਸੋਂ ਸਭ ਕੁਝ ਲੁਟ ਪੁਟ ਲਿਆ। ਹਜ਼ਾਰਾਂ ਅਬਲਾ ਲੜਕੀਆਂ ਉਸ ਕੋਲੋਂ ਖੋਹ ਲਈਆਂ ਤੇ ਉਨ੍ਹਾਂ ਨੂੰ ਬਾਇਜ਼ਤ ਆਪਣੇ ਮਾਪਿਆ ਤਕ ਪਹੁੰਚਾਇਆ। ਅਬਦਾਲੀ ਦਾ ਪੁੱਤਰ ਸਿੱਖਾਂ ਵਲੋਂ ਕੀਤੇ ਹਲੇ ਵਿੱਚ ਮਾਰਿਆ ਗਿਆ ਅਤੇ ਅਬਦਾਲੀ ਨੂੰ ਵੀ ਹੜ੍ਹ ਨਾਲ ਸ਼ੁਕਦੇ ਦਰਿਆ ਝਨਾਂ ਵਿਚ ਛਾਲ ਮਾਰ ਕੇ ਆਪਣੀ ਜਾਨ ਬਚਾਉਣੀ ਪਈ। ਉਸ ਦੀ ਹੋਸ਼ ਠਿਕਾਣੇ ਆ ਗਈ। ਉਹ ਸਿੱਖਾਂ ਦੀ ਇਤਨੀ ਵੱਡੀ ਦਲੇਰੀ ਤੋਂ ਭੈ-ਭੀਤ ਹੋ ਗਿਆ ਤੇ ਉਸ ਦੇ ਹੌਸਲੇ ਪਸਤ ਹੋ ਗਏ। ਅਜਿਹੇ ਬਹਾਦਰੀ ਭਰੇ ਕਾਰਨਾਮਿਆਂ ਕਰਕੇ ਤੇ ਅਬਦਾਲੀ ਨਾਲ ਨਿਡਰ ਹੋ ਕੇ ਟਕਰ ਲੈਣ ਕਾਰਨ ਸਿੱਖਾਂ ਦੀ ਬਹਾਦਰੀ ਦੀ ਅਬਦਾਲੀ ਦੇ ਮਨ ਤੇ ਅਜਿਹੀ ਧਾਂਕ ਬੈਠੀ ਕਿ ਉਹ 1768 ਈ: ਵਿਚ ਹੌਸਲਾ ਨਾ ਕਰ ਸਕਿਆ ਕਿ ਪੰਜਾਬ ਵਿਚ ਦਾਖਲ ਹੋ ਸਕੇ ਤੇ ਭੈਭੀਤ ਹੋ ਕੇ ਪਸ਼ੌਰ ਤੋਂ ਹੀ ਪਰਤ ਗਿਆ।

1770 ਈ: ਵਿਚ ਉਹ ਫਿਰ ਪਸ਼ੌਰ ਤਕ ਆਇਆ। ਦਰਾ ਖੈਬਰ ਦੀਆਂ ਉਚਾਈਆਂ ਤੋਂ ਹੀ ਉਹ ਲਲਚਾਈਆਂ ਅੱਖਾਂ ਨਾਲ ਭਾਰਤ ਵਲ ਵੇਖਦਾ ਰਿਹਾ। ਉਸ ਵਿਚ ਨਾ ਹੌਸਲਾ ਸੀ ਨਾ ਸਾਹਸ ਤੇ ਨਾ ਹੀ ਮਾਨਸਕ ਸ਼ਕਤੀ ਕਿ ਉਹ ਸਿੱਖਾਂ ਨਾਲ ਟਕਰ ਲੈ ਸਕੇ ਅਤੇ ਇਸ ਤਰ੍ਹਾਂ ਭਾਰੀ ਮਨ ਨਾਲ ਆਹ ਭਰਦਿਆਂ ਹੋਇਆਂ ਉਸ ਨੂੰ ਵਾਪਸ ਆਪਣੇ ਦੇਸ਼ ਖਾਲੀ ਹੱਥ ਹੀ ਪਰਤਣਾ ਪਿਆ। (Delhi chronicle-225)

निकलना ख़ुलद से आदम का सुनते आए थे लेकिन,
बड़े बे आबरू होकर तेरे कूचे से हम निकले।

ਆਖਿਰ ਅਹਿਮਦ ਸ਼ਾਹ ਨੇ ਆਪਣੇ ਅਫਗਾਨ ਭਰਾ ਨਜੀਬ-ਉਲ-ਦੌਲਾ ਨੂੰ ਮੁਗ਼ਲ ਹਕੂਮਤ ਦਾ ਤਾਨਾਸ਼ਾਹ ਬਣਾਇਆ ਪਰ ਸਿੱਖਾਂ ਨੇ ਉਸ ਦੀ ਵੀ ਦਾਲ ਨਾ ਗਲਣ ਦਿੱਤੀ। ਉਸ ਦੇ ਇਲਾਕੇ ਤੇ ਹੱਲੇ ਬੋਲ ਬੋਲ ਕੇ ਉਸ ਦਾ ਜੀਣਾ ਹਰਾਮ ਕਰ ਦਿੱਤਾ। ਉਸ ਨੇ ਮਹਾਰਾਣੀ ਨੂੰ ਲਿਖਿਆ ਕਿ ਉਹ ਸਿੱਖਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਤੇ ਅੰਤ ਤੰਗ ਆ ਕੇ ਮੱਕੇ ਜਾਂ ਕਿਸੇ ਹੋਰ ਇਕਾਂਤ ਥਾਂ ਤੇ ਛੁਪ ਜਾਣਾ ਚਾਹੁੰਦਾ ਹੈ। ਉਹ ਸ਼ਾਹੀ ਆਦੇਸ਼ ਉਡੀਕੇ ਬਿਨਾਂ ਹੀ ਦਿੱਲੀਓਂ ਨਸਿਆ ਤੇ ਰਸਤੇ ਵਿਚ ਹੀ ਮਰ ਗਿਆ। ਉਸ ਦੇ ਪੁੱਤਰ ਤੇ ਜਾਨਸ਼ੀਨ ਜ਼ਬੀਤਾ ਖਾਨ ਰੋਹਲੇ ਨੇ ਸਿੱਖਾਂ ਤੋਂ ਡਰਦਿਆਂ 1777 ਈ. ਵਿੱਚ ਸਿੱਖ ਧਰਮ ਧਾਰਨ ਕਰ ਲਿਆ। ਇਸ ਲਈ ਉਸ ਵਾਸਤੇ ਸਿੱਖ ਜਗਤ ਵਿਚ ਨਿਮਨ ਕਹਾਵਤ ਮਸ਼ਹੂਰ ਹੋ ਗਈ :

ਇਕ ਗੁਰੂ ਕਾ, ਦੋ ਚੇਲਾ
ਅਧਾ ਸਿੱਖ, ਅਧਾ ਰੋਹੇਲਾ

ਉਧਰ ਸਖਤ ਹਾਰ ਦਾ ਮੂੰਹ ਦੇਖਣ ਉਪਰੰਤ ਬਿਲਕੁਲ ਪੂਰਨ ਤੌਰ ਤੇ ਮਾਯੂਸ ਹੋਏ ਅਬਦਾਲੀ ਨੇ 14 ਅਪਰੈਲ, 1772 ਨੂੰ ਪ੍ਰਾਨ ਤਿਆਗ ਦਿਤੇ। ਸਿੱਖਾਂ ਨੂੰ ਪਤਾ ਲਗਾ ਤਾਂ ਉਨ੍ਹਾਂ ਪਸ਼ੌਰ ਨੂੰ ਜਾ ਘੇਰਿਆ। ਸ਼ਹਿਰ ਵਿਚ ਖੂਬ ਖੂਨ-ਖਰਾਬਾ ਹੋਇਆ, ਸਿੰਘਾਂ ਦੇ ਜੈਕਾਰਿਆਂ ਨੇ ਅਫ਼ਗਾਨੀਆਂ ਤੇ ਪਸ਼ੌਰੀਆਂ ਨੂੰ ਭੈ-ਭੀਤ ਕਰ ਦਿੱਤਾ ਅਤੇ ਸਿੰਘਾਂ ਦੀ ਚੜ੍ਹਤ ਨੂੰ ਦੇਖਿਆਂ ਹੋਇਆਂ ਪਠਾਣਾਂ ਦੇ ਮਹੂੰ ਆਪ ਮੁਹਾਰੇ ਨਿਕਲਣ ਲੱਗ ਪਿਆ,'' **ਤੋਬਾ ਤੋਬਾ ਖੁਦਾ ਖੁਦ ਖਾਲਸਾ ਸ਼ੁਦ''**, ਭਾਵ **ਇਹ ਕਿ ਖੁਦਾ ਖੁਦ ਖਾਲਸਾ ਸਜ ਗਿਆ ਹੈ, ਇਸੇ ਲਈ ਪਠਾਣਾਂ ਦੀ ਹਾਰ ਹੋ ਰਹੀ ਹੈ।** ਮਗਰੋਂ ਜਦ 1834 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲੂਆ ਨੂੰ ਪਸ਼ੌਰ ਦਾ ਗਵਰਨਰ ਥਾਪਿਆ ਤਾਂ ਉਸ ਤੋਂ ਪਹਿਲਾਂ ਅਫ਼ਗਾਨੀਆਂ ਤੇ ਪਠਾਣਾਂ ਨੇ ਰਲਕੇ ਸਿੱਖਾਂ ਵਿਰੁਧ 'ਲੋਹਾ-ਗਾਜ਼ਾ' ਦਾ ਨਾਅਰਾ ਬੁਲੰਦ ਕੀਤਾ ਜਿਸਦੇ ਅਰਥ ਹਨ, 'ਵੱਡਾ ਜਹਾਦ' (ਧਾਰਮਿਕ ਯੁਧ), ਪਰ ਸਿੰਘਾਂ ਦੇ ਹੌਸਲਿਆਂ ਅੱਗੇ ਉਨ੍ਹਾਂ ਦੀ ਪੇਸ਼ ਨਾ ਗਈ ਤੇ ਉਨ੍ਹਾਂ ਦੇ ਅਵਤਾਰੀ ਪੁਰਸ਼ ਜਨਰਲ ਸਯੱਦ ਅਹਿਮਦ ਬਰੇਲਵੀ ਨੂੰ ਪਹਿਲੇ ਹਾਰਾਂ ਹੋਈਆਂ ਤੇ ਮਗਰੋਂ ਉਹ ਹਰੀ ਸਿੰਘ ਨਲੂਏ ਹਥੋਂ ਮਾਰਿਆ ਗਿਆ। ਉਸ ਦੀ ਮੌਤ ਨੇ ਤਾਂ ਪਠਾਣਾਂ ਦਾ ਸਾਹ ਸਤ ਹੀ ਮੁਕਾ ਦਿੱਤਾ ਤੇ ਉਹ ਹਥਿਆਰ ਸੁਟ ਕੇ ਨਿਤਾਣੇ ਹੋ ਗਏ। ਖੁਦਾ ਵਲ ਫਿਰ ਗਿਲਾ ਕਰਦਿਆਂ ਉਨ੍ਹਾਂ ਕਿਹਾ ਕਿ ''**ਖਾਲਸਾ ਹਮ ਖੁਦਾ ਸ਼ੁਰਦਾ''** **ਭਾਵ ਇਹ ਕਿ ਖਾਲਸਾ ਤਾਂ ਹੁਣ ਖੁਦ ਖੁਦਾ ਦੇ ਬਰਾਬਰ ਹੋ ਗਿਆ ਹੈ।** (ਹਵਾਲਾ ਸੀਤਾ ਰਾਮ ਕੌਹਲੀ ਦੀ ਪੰਜਾਬੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ', ਐਡੀਸ਼ਨ 1951 ਪੰਨਾ 153)। ਜਾਦੂ ਉਹ ਜੋ ਸਿਰ ਚੜ੍ਹ ਬੋਲੇ।

ਕੁਦਰਤ ਦੇ ਰੰਗ ਦੇਖੋ, ਕਰੋੜਾਂ ਭਾਰਤੀਆਂ ਨੂੰ ਅੱਗੇ ਲਾ ਲੈਣ ਵਾਲੇ ਉਹ ਪਠਾਣ, ਗੁਰੂ ਦੇ ਦੁਲਾਰੇ ਕੁਝ ਸਿੰਘਾਂ ਦੀ ਝਾਲ਼ ਝਲਣ ਜੋਗੇ ਵੀ ਨਾ ਰਹੇ। ਇਹ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਦੀ ਸ਼ਕਤੀ ਤੇ ਉਨ੍ਹਾਂ ਦੇ ਵਰਦਾਨ ਦਾ ਕਮਾਲ ਜਿਸ ਨੇ

ਦੁਨੀਆਂ ਨੂੰ ਚਕਰਤ ਕਰ ਦਿੱਤਾ। ਇਹ ਸਾਰਾ ਕੁਝ ਅਨੁਭਵ ਕਰ ਕੇ ਹੀ ਅਬਦਾਲੀ ਨੇ ਆਪਣੇ ਦਿਲ ਦੀ ਭੜਾਸ ਕਢਦਿਆਂ ਕਿਸੇ ਵੇਲੇ ਕਿਹਾ ਹੋਵੇਗਾ ਕਿ ਭਾਰਤ ਦੇਸ਼ ਤੇ ਪੂਰੀ ਤਰ੍ਹਾਂ ਆਪਣਾ ਤਸੱਲਤ ਜਮਾਉਣ ਲਈ ਉਸ ਨੂੰ ਉਤਨੀ ਦੇਰ ਤਕ ਇੰਤਜ਼ਾਰ ਕਰਨੀ ਪਵੇਗੀ ਜਦ ਤਕ ਸਿੱਖਾਂ ਦਾ ਧਾਰਮਿਕ ਜਜ਼ਬਾ ਠੰਡਾ ਨਹੀਂ ਪੈ ਜਾਂਦਾ। ਅਬਦਾਲੀ ਨੂੰ ਇਹ ਸਮਾਂ ਨਸੀਬ ਨਾ ਹੋਇਆ। ਉਸਨੂੰ ਇਸ ਗੱਲ ਦਾ ਅਹਿਸਾਸ ਨਾ ਹੋ ਸਕਿਆ ਕਿ ਦਸਾਂ ਗੁਰੂਆਂ ਦੀ ਅਮਲੀ ਤੇ ਅਧਿਆਤਮਿਕ ਸਿਖਿਆ ਤੋਂ ਇਲਾਵਾ ਸਿੱਖਾਂ ਦੇ ਵਿਰਸੇ ਵਿਚ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਹਨ ਜੋ ਉਨ੍ਹਾਂ ਨੂੰ ਹਮੇਸ਼ਾ ਹਮੇਸ਼ਾ ਲਈ ਮਾਨਵ ਹਿਤ ਨਾਲ ਪਰੀਪੂਰਨ ਜਜ਼ਬੇ ਤੋਂ ਸਰਸ਼ਾਰ ਕਰੀ ਰਖਣਗੇ। ਫਿਰ ਇਹ ਉਡੀਕ ਕਰਨੀ ਕਿ ਸਿੱਖਾਂ ਦਾ ਧਾਰਮਿਕ ਤੇ ਹਿਤਕਾਰੀ ਜਜ਼ਬਾ ਠੰਡਾ ਹੋਣ ਤੇ ਹੀ ਕੋਈ ਅਗਲੇਰੀ ਕਾਰਵਾਈ ਕੀਤੀ ਜਾਵੇਗੀ, ਸਿਰਫ ਆਪਣੀ ਹਾਰ ਨੂੰ ਸ਼ਰਮਸਾਰੀ ਤੋਂ ਬਚਾਉਣ ਦੀ ਹੀ ਗੱਲ ਸੀ। ਸੂਰਜ ਦੀ ਤਪਸ਼ ਤਾਂ ਸਮਾਂ ਪਾ ਕੇ ਠੰਡੀ ਹੋ ਸਕਦੀ ਹੈ ਪਰ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਮਾਰਗ ਦਰਸ਼ਨ ਦਾ ਅਸਰ ਠੰਡਾ ਨਹੀਂ ਪੈ ਸਕਦਾ ਜੋ ਸਿੱਖ ਗੁਰੂ ਸਾਹਿਬਾਨ ਦੇ ਨਾਲ ਨਾਲ 30 ਹੋਰ ਉਨ੍ਹਾਂ ਮਹਾਨ ਆਤਮਾਵਾਂ ਦੀ ਅਧਿਆਤਮਿਕ ਕਮਾਈ ਤੇ ਇਲਾਹੀ ਬਚਨਾਂ ਦੀ ਵੀ ਦੇਣ ਹੈ ਜੋ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਵਿਚਰਦੀਆਂ ਹੋਈਆਂ ਜਨ ਕਲਿਆਣ ਲਈ ਆਪਣੇ ਆਪ ਨੂੰ ਸਮਰਪਤ ਕਰ ਚੁਕੀਆਂ ਸਨ।

ਅਬਦਾਲੀ ਵਾਂਗਰਾਂ ਉਸ ਤੋਂ ਪਹਿਲੇ ਨਾਦਰ ਸ਼ਾਹ ਦੁਰਾਨੀ ਪਠਾਣ ਵੀ ਭਾਰਤ ਦੀ ਸਰਬਪੱਖੀ ਅਮੀਰੀ ਨੂੰ ਲੁਟਣ ਦੇ ਮਨਸੂਬੇ ਬਣਾਂਦਾ ਰਿਹਾ ਪਰ ਹਰ ਵਾਰੀ ਉਸ ਨੂੰ ਪੰਜਾਬ ਟੱਪਣ ਲਗਿਆਂ ਸਿੰਘ ਸੂਰਬੀਰਾਂ ਨਾਲ ਲੋਹਾ ਲੈਣਾ ਪੈਂਦਾ ਤੇ ਉਸ ਨੂੰ ਲਗਦਾ ਕਿ ਸਿੱਖਾਂ ਨੂੰ ਸਮਾਪਤ ਕੀਤੇ ਬਿਨਾਂ ਉਹ ਭਾਰਤ ਨੂੰ ਹਥਿਆ ਨਹੀਂ ਸਕਦਾ। ਇਸ ਲਈ ਉਸਨੇ ਮਹਿਸੂਸ ਕੀਤਾ ਕਿ ਉਸ ਲਈ ਇਹ ਜ਼ਰੂਰੀ ਹੈ ਕਿ ਉਹ ਪਹਿਲੇ ਸਿੱਖਾਂ ਨਾਲ ਦੋ-ਦੋ, ਚਾਰ-ਚਾਰ ਹੱਥ ਕਰੇ ਤੇ ਇਨ੍ਹਾਂ ਨੂੰ ਚਣੇ ਚਬਾਵੇ। ਇਸ ਮੰਤਵ ਦੀ ਸਿੱਧੀ ਲਈ ਉਸਨੇ ਬਥੇਰੇ ਯਤਨ ਕੀਤੇ ਪਰ ਸਫਲਤਾ ਉਸ ਦੇ ਹੱਥ ਨਾ ਲਗੀ। ਉਸ ਨੇ ਗੁੱਸੇ ਵਿਚ ਆ ਕੇ ਲਾਹੌਰ ਦੇ ਸੂਬੇ ਤੋਂ ਪੁਛਿਆ ਕਿ ਆਖਰਕਾਰ ਇਹ ਤਾਂ ਦਸ ਕਿ ਇਹ ਸਿੱਖ ਹਨ ਕੌਣ? (ਭਾਵ ਕੀ ਚੀਜ਼ ਹਨ) ਇਸ ਦੇ ਉਤਰ ਵਿਚ ਉਸ ਨੇ ਕਿਹਾ, "ਇਹ ਫਕੀਰਾਂ ਦਾ ਇਕ ਟੋਲਾ ਹੈ ਜੋ ਆਪਣੇ ਗੁਰੂ ਦੇ ਸਰੋਵਰ ਵਿਚ ਸਾਲ ਵਿਚ ਦੋ ਵਾਰੀ ਇਸ਼ਨਾਨ ਕਰਕੇ ਫਿਰ ਅਲੋਪ ਹੋ ਜਾਂਦਾ ਹੈ। ਨਾਦਰ ਨੇ ਆਖਿਆ, "ਇਹ ਰਹਿੰਦੇ ਕਿਥੇ ਹਨ? ਜਵਾਬ ਸੀ, "ਇਨ੍ਹਾਂ ਦੇ ਘਰ ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਹਨ"। "ਖਾਂਦੇ ਕੀ ਹਨ?" "ਛੋਲਿਆਂ ਦੇ ਦਾਣਿਆਂ ਨੂੰ ਭੁਜੇ ਬਦਾਮ ਸਮਝ ਕੇ ਖੁਸ਼ੀ ਖੁਸ਼ੀ ਡੰਗ ਟਪਾ ਲੈਂਦੇ ਹਨ।" ਇਹ ਸੁਣਕੇ ਨਾਦਰ ਸ਼ਾਹ ਦੁਰਾਨੀ ਨੇ ਬੜੀ ਪਤੇ ਦੀ ਗੱਲ ਕਹੀ। "ਸਾਵਧਾਨ ਹੋ ਜਾਓ, ਉਹ ਦਿਨ ਦੂਰ ਨਹੀਂ ਜਦ ਇਹ ਲੋਕ ਤੁਹਾਡੇ ਕੋਲੋਂ ਦੇਸ਼ ਨੂੰ ਆਪਣੇ ਕਬਜ਼ੇ ਵਿਚ ਲੈ ਲੈਣਗੇ।" (History of Golden Temple ਪੰਨਾ-19)।

ਸਿੱਖਾਂ ਦੇ ਵਸਫ ਸੁਣ ਕੇ ਨਾਦਰ ਦੀ ਸਿੱਖਾਂ ਬਾਰੇ ਕੀਤੀ ਭਵਿੱਖ ਬਾਣੀ ਕੁਝ ਸਮਾਂ ਪਾ ਕੇ ਸੱਚੀ ਹੋ ਨਿਬੜੀ। ਸਿੱਖਾਂ ਨੇ ਪਹਿਲਾਂ ਤਾਂ ਮਿਸਲਾਂ ਦੇ ਰੂਪ ਵਿਚ ਰਾਜਸੀ

ਸਤਾ ਹਾਸਲ ਕੀਤੀ ਅਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਹੇਠ ਇਕ ਵਿਸ਼ਾਲ ਤੇ ਮਜ਼ਬੂਤ ਰਾਜ ਸਥਾਪਤ ਕੀਤਾ ਜਿਸ ਦੇ ਗੁਣਾਂ ਨੂੰ ਹਰ ਪੰਜਾਬੀ ਅੱਜ ਵੀ ਸਤਿਕਾਰ ਤੇ ਪਿਆਰ ਨਾਲ ਯਾਦ ਕਰਦਾ ਹੈ।

ਆਓ ਅੰਤ ਵਿੱਚ ਬੰਗਾਲ ਦੇ ਪ੍ਰਸਿੱਧ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਵਲੋਂ ਸਿੱਖਾਂ ਦੇ ਵਸਫਾਂ ਬਾਰੇ ਕਹੇ ਗਏ ਕੁਝ ਹੋਰ ਅਨਮੋਲ ਸ਼ਬਦ ਵੀ ਜਾਣ ਲਈਏ। ਉਹ 'ਪੰਜਾਬ ਦਾ ਇਤਿਹਾਸ', ਨਾਮੀ ਆਪਣੀ ਪੁਸਤਕ ਵਿੱਚ ਲਿਖਦਾ ਹੈ **ਕਿ ਘੋਰ ਸੰਕਟ ਦੇ ਸਮੇਂ ਅਕਾਲਪੁਰਖ ਦਾ ਭਾਣਾ, ਸਬਰ ਤੇ ਸ਼ਾਂਤੀ ਨਾਲ ਮੰਨਣ ਵਾਲੇ ਸਿੱਖ ਗੁਰੂ ਸਾਹਿਬਾਨ ਹਨ ਜਾਂ ਫਿਰ ਉਨ੍ਹਾਂ ਦੇ ਸਿੱਖ। ਹੋਰ ਅਜਿਹਾ ਨਜ਼ਰ ਨਹੀਂ ਆਉਂਦਾ। ਕੋਈ ਮਨੁੱਖ ਮਾਤਰ ਇਸ ਭਾਵਨਾ ਨਾਲ ਮੁਸੀਬਤਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਜਿਦਾਂ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਸਾਜੇ ਨਿਵਾਜੇ ਖਾਲਸੇ ਨੇ ਕੀਤਾ ਹੈ। ਬੰਦ ਬੰਦ ਕਟਵਾਣ, ਖੋਪਰੀਆਂ ਲਵਾਹੁਣ, ਆਰਿਆਂ ਨਾਲ ਤਨ ਚਰਵਾਣ, ਚਰਖੜੀਆਂ ਤੇ ਚੜ੍ਹਨ, ਫਾਂਸੀ ਦੇ ਤਖਤਿਆਂ ਤੇ ਲਟਕਣ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਣ ਅਤੇ ਭਾਰਤ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਵਾਲੇ ਇਨ੍ਹਾਂ ਸੂਰਬੀਰਾਂ ਤੋਂ ਇਲਾਵਾ ਹੋਰ ਕੋਈ ਵੀ ਇਤਨਾ ਉਦਮੀ ਨਹੀਂ ਨਿਤਰਿਆ।**

ਇਵੇਂ ਇੰਦੂ ਭੂਸ਼ਨ ਬੈਨਰਜੀ ਨੇ ਉਕਤ ਸੰਖੇਪ ਜਹੇ ਵਾਕ ਵਿੱਚ ਹੀ ਸਿੱਖਾਂ ਦੇ ਬੇਤਰੀਨ ਤੇ ਬ੍ਰਹੁ ਪ੍ਰਕਾਰੀ ਵਸਫਾਂ ਦਾ ਬਹੁਤ ਵਧੀਆ ਢੰਗ ਨਾਲ ਜ਼ਿਕਰ ਕਰਕੇ ਇਨ੍ਹਾਂ ਦੀ ਹਸਤੀ ਨੂੰ ਵਿਸ਼ਵ ਮੰਚ ਤੇ ਉਭਾਰਿਆ ਹੈ।

ਅੰਗੀਕਾਰੁ ਕੀਓ ਪ੍ਰਭਿ ਅਪੁਨੈ
ਭਗਤਨ ਕੀ ਰਾਖੀ ਪਾਤਿ॥ (ਪੰਨਾ-681)

ਝੂਲਤੇ ਨਿਸ਼ਾਨ ਰਹੇਂ :

ਸਿੱਖ ਧਰਮ ਦੀ ਸ਼ਾਨ ਤੇ ਬੱਲੇ ਬੱਲੇ

ਆਰਨੋਲਡ ਤਿਆਨਬੀ

ਸੰਸਾਰ ਵਿਚ ਕੁਝ ਅਜਿਹੀਆਂ ਮਹਾਨ ਸ਼ਖਸੀਅਤਾਂ ਹੁੰਦੀਆਂ ਹਨ ਜਿਨ੍ਹਾਂ ਦੀ ਪ੍ਰਸਿੱਧੀ ਭੂਗੋਲਕ ਅਤੇ ਸਮਾਜਕ ਹੱਦਾਂ ਦੀ ਮੁਥਾਜ ਨਹੀਂ ਰਹਿੰਦੀ। ਇਸ ਤਰ੍ਹਾਂ ਦੀ ਇਕ ਹਸਤੀ ਅਮਰੀਕਾ ਦੇ ਇਕ ਖੋਜੀ ਸ੍ਰੀ ਆਰਨੋਲਡ ਤਿਆਨਬੀ ਦੀ ਸੀ ਜਿਹੜਾ ਮਾਨਵਤਾ ਬਾਰੇ ਵੀਹਵੀਂ ਸਦੀ ਦਾ ਇਕੋ ਇਕ ਲੋਕ ਪ੍ਰਿਯ ਲੇਖਕ ਕਿਹਾ ਜਾ ਸਕਦਾ ਹੈ। ਉਸ ਨੇ ਸਾਰੀ ਮਨੁੱਖਤਾ ਦਾ ਜਿਹੜਾ ਇਤਿਹਾਸ 20 ਜਿਲਦਾਂ ਵਿਚ ਲਿਖਿਆ ਹੈ ਉਸ ਵਿਚ ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵਡਿਤਣ ਭਰਪੂਰ ਸ਼ਖਸੀਅਤ ਦਾ ਧਾਰਨੀ ਦੱਸਿਆ ਅਤੇ ਬੜੇ ਮਾਣ ਨਾਲ ਇਹ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਜਿਸ ਖ਼ਾਲਸੇ ਦੀ ਸਿਰਜਨਾ ਕੀਤੀ ਗਈ ਹੈ, ਇਸ ਤੋਂ ਵਧ ਸ਼ੁਧ ਇਨਸਾਨ ਹੋਣਾ ਇਕ ਬਹੁਤ ਵੱਡੀ ਅਤਿਕਥਨੀ ਹੋਵੇਗੀ। ਸਿੱਖਾਂ ਦੇ ਸ਼ਾਨਦਾਰ ਕਿਰਦਾਰ ਦਾ ਇਸ ਤੋਂ ਵਧੀਆ ਸਰਟੀਫਿਕੇਟ ਹੋਰ ਕੀ ਹੋ ਸਕਦਾ ਹੈ।

ਜਦ ਪੱਛਮੀ ਸੰਗਠਨਾਂ ਅਤੇ ਯੂ.ਐਨ.ਓ.ਨੂੰ ਗੁਰੂ ਗ੍ਰੰਥ ਸਾਹਿਬ ਵਿਚਲੇ ਮਹਾਨ ਉਪਦੇਸ਼ਾਂ ਬਾਰੇ ਸੋਝੀ ਹੋਈ ਤਾਂ ਉਨ੍ਹਾਂ ਨੇ ਇਸ ਵਿਚੋਂ ਚੀਦਾ ਚੀਦਾ (ਕੁਝ ਇਕ) ਬਾਣੀਆਂ ਦਾ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ। ਜਦ ਇਹ ਸੰਖੇਪ ਗ੍ਰੰਥ ਆਪਣਾ ਸਰੂਪ ਧਾਰ ਚੁੱਕਾ ਤਾਂ ਉਸ ਦੇ ਮੁਖਬੰਦ ਨੂੰ ਲਿਖਣ ਲਈ ਉਨ੍ਹਾਂ ਨੂੰ ਮਿਸਟਰ ਤਿਆਨਬੀ ਤੋਂ ਇਲਾਵਾ ਹੋਰ ਕੋਈ ਢੁਕਵਾਂ ਸਿਆਣਾ ਪਤਵੰਤਾ ਨਾ ਦਿਸਿਆ। ਇਸ ਦਾ ਕਾਰਨ ਇਹ ਵੀ ਸੀ ਕਿ ਤਿਆਨਬੀ ਨੇ ਸਾਰੇ ਧਰਮਾਂ, ਸਮਾਜਾਂ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ, ਇਸੇ ਲਈ ਉਸ ਤਕ ਰਸਾਈ ਕੀਤੀ ਗਈ। ਤਿਆਨਬੀ ਨੇ ਮੁੱਖ ਬੰਦ ਲਿਖਣਾ ਸਵੀਕਾਰ ਕਰ ਲਿਆ ਅਤੇ ਉਸ ਵਿਚ ਉਸ ਨੇ ਹੋਰ ਗੱਲਾਂ ਦੇ ਨਾਲ ਨਾਲ ਇਸ ਗੱਲ ਨੂੰ ਵਿਸ਼ੇਸ਼ ਤੌਰ ਤੇ ਸਲਾਹਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਇਕ ਨਵਾਂ ਮਾਰਗ ਦੱਸਦੇ ਹਨ ਅਤੇ ਉਹ ਮਾਰਗ ਹੈ 'ਨਾਮ ਮਾਰਗ' ਜਿਸ ਵਿਚ ਕਰਮ ਮਾਰਗ ਤੇ ਗਿਆਨ ਮਾਰਗ ਦੇ ਸਭ ਗੁਣ ਹੋਣ ਦੇ ਬਾਵਜੂਦ ਅਕਾਲਪੁਰਖ ਨੂੰ ਸ਼ਬਦ ਅਤੇ ਨਾਮ ਰੂਪ ਵਿਚ ਹੀ ਕਲਪਿਤ ਕੀਤਾ ਗਿਆ ਹੈ। ਉਸ ਨੇ ਆਪਣੀ ਲਿਖੀ ਪੁਸਤਕ "ਦੀ ਸੇਕਰਿਡ ਰਾਈਟਿੰਗਜ਼ ਆਫ ਦੀ ਸਿੱਖਸ" ਦੇ ਪੰਨਾ 10 ਤੇ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਹੋਰ ਵੀ ਕਿਹਾ ਹੈ ਜੋ ਸੰਖੇਪ ਵਿਚ ਇਵੇਂ ਹੈ :- "ਮਨੁੱਖਤਾ ਦਾ ਧਾਰਮਿਕ ਭਵਿੱਖ ਧੁੰਦਲਾ ਹੈ ਪਰ ਫਿਰ ਵੀ ਇਸ ਦੇ ਬਾਵਜੂਦ ਇਕ ਚੀਜ਼ ਦੇਖੀ ਜਾ ਸਕਦੀ ਹੈ ਤੇ ਉਹ ਇਹ ਹੈ ਕਿ

ਜੀਵਤ ਉਚੇਰੇ ਧਰਮ ਪਹਿਲੇ ਦੀ ਨਿਸਬਤ ਹੁਣ ਇਕ ਦੂਜੇ ਦੇ ਵਧੇਰੇ ਨੇੜੇ ਹੋ ਰਹੇ ਹਨ . . . ਭਵਿੱਖ ਵਿਚ ਹੋਣ ਵਾਲੀ ਧਰਮਾਂ ਬਾਰੇ ਚਰਚਾ ਵਿਚ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੋਲ ਕੁਝ ਐਸੀ ਵਿਸ਼ੇਸ਼ ਕੀਮਤੀ ਗੱਲ ਜ਼ਰੂਰ ਹੈ ਜੋ ਬਾਕੀ ਸਾਰੀ ਦੁਨੀਆਂ ਨੂੰ ਦੱਸੀ ਜਾ ਸਕਦੀ ਹੈ। Mankind's religious future is obscure, yet one thing can be foreseen. The living higher religions are going to influence each other more than ever before..... In this coming religious debate, the Sikh religion and the Scriptures of the *Adi Granth* will have something of special value to say to the rest of the world"

ਤਿਆਨਬੀ ਨੇ ਇਹ ਵੀ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਅਧਿਆਤਮਿਕ ਫਿਲਾਸਫੀ ਪਰਮ ਸਰੇਸ਼ਠ ਹੈ ਜਿਹੜੀ ਇਨਸਾਨ ਨੂੰ ਅਮਲੀ ਜੀਵਨ ਸਿਖਾਉਂਦਿਆਂ ਹੋਇਆਂ ਉਸ ਨੂੰ ਅਕਾਲਪੁਰਖ ਵਿਚ ਵੀ ਲੀਨ ਰਖਦੀ ਹੈ। ਗੁਰੂ ਦਾ ਸਿੱਖ ਸੰਨਿਆਸੀ ਵੀ ਹੈ ਤੇ ਸੰਸਾਰੀ ਵੀ। ਉਹ ਇਨ੍ਹਾਂ ਦੋਹਾਂ ਤੱਤਾਂ ਦਾ ਸੁਮੇਲ ਹੈ ਅਤੇ ਸੰਸਾਰ ਵਿਚ ਰਹਿ ਕੇ ਉਚੇਰੇ ਪੱਧਰ ਦੇ ਜੀਵਨ ਲਈ ਜਦੋ-ਜਹਿਦ ਕਰਦਾ ਹੈ ਅਤੇ ਨਾਲ ਨਾਲ ਆਪਣੇ ਅਧਿਆਤਮਿਕ ਲਕਸ਼ ਦੀ ਪ੍ਰਾਪਤੀ ਲਈ ਵੀ ਪ੍ਰਯਤਨਸ਼ੀਲ ਰਹਿੰਦਾ ਹੈ। ਇਸ ਲਿਹਾਜ਼ ਨਾਲ ਗੁਰੂ ਗੋਬਿੰਦ ਸਿੰਘ ਲੈਨਿਨ ਨਾਲੋਂ ਦੋ ਸਦੀਆਂ ਦੀ ਪਹਿਲ ਕਦਮੀ ਕਰ ਗਏ ਹਨ।

ਤਿਆਨਬੀ ਦੀ ਸਿੱਖ ਧਰਮ ਅਤੇ ਸਿੱਖਾਂ ਪ੍ਰਤੀ ਚੰਗੀ ਧਾਰਨਾ ਦਾ ਇਸ ਗੱਲ ਤੋਂ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਜਿਹੜੀ ਉਸ ਚਰਚਾ ਵਿਚੋਂ ਨਿਕਲਦੀ ਹੈ ਜੋ ਤਿਆਨਬੀ ਤੇ ਇਕ ਅਮਰੀਕਨ ਔਰਤ ਵਿਚਕਾਰ ਹੋਈ। ਅਮਰੀਕਨ ਔਰਤ ਨੇ ਤਿਆਨਬੀ ਤੋਂ ਪੁਛਿਆ ਕਿ ਤੁਸੀਂ ਸਾਰੇ ਸੰਸਾਰ ਦੇ ਲੋਕਾਂ ਬਾਰੇ ਲਿਖਿਆ ਹੈ, ਇਕ ਇਕ ਫਿਰਕੇ ਤੇ ਜ਼ਾਤ ਦੇ ਬੰਦਿਆਂ ਨੂੰ ਮਿਲੇ ਹੋ। ਤੁਸੀਂ ਉਨ੍ਹਾਂ ਦੀਆਂ ਰਹੁ-ਰੀਤੀਆਂ ਤੇ ਧਾਰਮਿਕ ਫਲਸਫੇ ਨੂੰ ਜਾਣਿਆ ਹੈ, ਭਾਂਪਿਆ ਹੈ, ਸੋਚਿਆ ਹੈ ਤੇ ਕਲਮਬੰਦ ਕੀਤਾ ਹੈ। ਇਸ ਲਈ ਆਪਣੇ ਇਸ ਤਜਰਬੇ ਦੇ ਅਧਾਰ ਤੇ ਕੀ ਤੁਸੀਂ ਮੈਨੂੰ ਇਹ ਦੱਸ ਸਕਦੇ ਹੋ ਕਿ ਦੁਨੀਆ ਵਿਚ ਸਭ ਤੋਂ ਸੁਹਣਾ ਮਨੁੱਖ ਕੌਣ ਹੈ? ਤਿਆਨਬੀ ਨੇ ਪਟੱਕ ਜਵਾਬ ਦਿੱਤਾ "ਖੁਲ੍ਹੀ ਦਾਹੜੀ ਵਾਲਾ ਪੂਰਨ ਗੁਰਸਿੱਖ।" ਔਰਤ ਇਹ ਜੁਆਬ ਸੁਣ ਕੇ ਹੈਰਾਨ ਰਹਿ ਗਈ। ਉਸ ਦੀ ਵਿਚਾਰ ਸੰਗਲੀ ਵਿਚ ਫਿਰ ਸੁਆਲ ਉਤਪੰਨ ਹੋਇਆ ਕਿ ਇਹ ਤਾਂ ਚਲੋ ਠੀਕ ਹੈ ਕਿ ਖੁਲ੍ਹੀ ਦਾਹੜ੍ਹੀ ਵਾਲਾ ਪੂਰਨ ਗੁਰਸਿੱਖ ਦੁਨੀਆ ਵਿਚ ਸਭ ਤੋਂ ਸੁਹਣਾ ਮਨੁੱਖ ਹੈ ਪਰ ਲਗਦੇ ਹੱਥ ਹੁਣ ਇਹ ਵੀ ਦੱਸ ਦਿਓ ਕਿ ਦੁਨੀਆ ਵਿਚ ਸਭ ਤੋਂ ਬਦਸੂਰਤ ਇਨਸਾਨ ਕਿਹੜਾ ਹੈ? ਤਾਂ ਉਸ ਨੇ ਪਹਿਲੇ ਹੀ ਜਵਾਬ ਵਿਚ ਥੋੜ੍ਹੀ ਜਿਹੀ ਤਬਦੀਲੀ ਕਰਕੇ ਉੱਤਰ ਦਿੱਤਾ, " ਉਹ ਸਿੱਖ ਜਿਸ ਨੇ ਰੋਮਾਂ ਦੀ ਬੇਅਦਬੀ ਕੀਤੀ ਹੋਵੇ।" ਸਵਾਲ ਪੁਛਣ ਵਾਲੀ ਇਹ ਉੱਤਰ ਸੁਣ ਕੇ ਦੰਗ ਰਹਿ ਗਈ ਅਤੇ ਅਵੱਸ਼ ਹੀ ਸਿੱਖਾਂ ਬਾਰੇ ਕੁਝ ਹੋਰ ਜਾਣਨ ਦੀ ਲਾਲਸਾ ਵੀ ਉਸ ਦੇ ਮਨ ਵਿਚ ਉਤਪੰਨ ਹੋਈ ਹੋਵੇਗੀ।

ਸਿੱਖ ਜੀਵਨ ਤੇ ਰਹੁ-ਰੀਤੀ ਦੇ ਨਿਵਕਲੇਪਣ ਅਤੇ ਸਿੱਖ ਦੇ ਪ੍ਰਯਤਨਸ਼ੀਲ ਉਦਮ ਤੇ ਪ੍ਰਗਤੀਸ਼ੀਲ ਸੁਭਾਅ ਬਾਰੇ ਹੋਰ ਗ਼ੈਰ-ਸਿੱਖ ਸਨੇਹੀ ਸਜਣਾਂ ਦੇ ਵਿਚਾਰ ਸੰਖੇਪ ਵਿਚ ਨਿਮਨ ਅਨੁਸਾਰ ਕਲਮਬੰਦ ਕੀਤੇ ਜਾਂਦੇ ਹਨ :-

ਸ੍ਰੀ ਰਾਮ ਧਾਰੀ ਦਿਨਕਰ

ਸ੍ਰੀ ਦਿਨਕਰ ਆਪਣੀ ਹਿੰਦੀ ਪੁਸਤਕ 'ਸੰਸਕ੍ਰਿਤੀ ਕੇ ਚਾਰ ਅਧਯਾਏ' ਵਿਚ ਸਿੱਖ ਧਰਮ ਅਨੁਸਾਰ ਸਿੱਖ ਕਿਰਦਾਰ ਦਾ ਖਾਕਾ ਇਵੇਂ ਖਿਚਦਾ ਹੈ : "ਸਿੱਖ ਧਰਮ ਤਾਂ ਪ੍ਰਾਰੰਭ ਤੋਂ ਹੀ ਬੜਾ ਪ੍ਰਗਤੀਸ਼ੀਲ ਹੈ। ਜ਼ਾਤ ਪਾਤ, ਮੂਰਤੀ ਪੂਜਾ, ਪਤੀ ਦੇ ਨਾਲ ਔਰਤ ਦੇ ਸਤੀ ਹੋ ਜਾਣ ਦੀ ਰਸਮ, ਸ਼ਰਾਬ ਨੋਸ਼ੀ ਤੇ ਤਮਾਕੂ ਆਦਿ ਸੇਵਨ ਕਰਨ ਨੂੰ ਵਰਜਦਾ ਹੈ। ਉਹ ਪ੍ਰਾਰੰਭ ਤੋਂ ਹੀ ਵਿਵਾਹਰਕ ਰਿਹਾ ਹੈ। ਇਥੇ ਤਕ ਕਿ ਜਿਸ ਵੈਰਾਗ ਨੂੰ ਗੁਰੂ ਸਾਹਿਬਾਨ ਉਚੇਰੇ ਜੀਵਨ ਲਈ ਜ਼ਰੂਰੀ ਸਮਝਦੇ ਸਨ, ਉਸ ਨੂੰ ਵੀ ਉਹ ਗਰਿਸਤੀਆਂ ਤੇ ਜ਼ਬਰਦਸਤੀ ਥੋਪਣ ਦੇ ਵਿਰੁਧ ਸਨ । ਜਿਥੇ ਤਕ ਖਾਣ ਪਾਣ ਦਾ ਸਬੰਧ ਹੈ, ਖ਼ਾਲਸਾ ਧਰਮ ਵਿਚ ਵੈਸ਼ਨਵ ਧਰਮ ਵਾਲੀ ਕਟੜਤਾ ਕਦੀ ਨਹੀਂ ਰਹੀ।"

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥ (ਮ-1, ਪੰਨਾ-16)

ਐਮ. ਏ. ਮੈਕਾਲਫ

ਮੈਕਾਲਫ ਨੇ 'ਸਿੱਖ ਰਿਲੀਜਨ' ਨਾਮੀ ਆਪਣੀ ਛੇ ਜਿਲਦਾਂ ਵਿਚ ਲਿਖੀ ਪੁਸਤਕ ਵਿਚ ਸਿੱਖਾਂ ਦੇ ਇਖਲਾਕ ਦੇ ਵਿਲੱਖਣ ਪ੍ਰਤਾਪ ਦਾ ਬੜਾ ਵਧੀਆ ਵਰਨਣ ਕੀਤਾ ਹੈ। ਉਹ ਆਪਣੀ ਇਸ ਪੁਸਤਕ ਦੇ ਮੁਖਬੰਦ ਵਿਚ ਸਿੱਖ ਧਰਮ ਬਾਰੇ ਹਵਾਲਾ ਦੇਂਦਾ ਆਪਣੇ ਪਛਮੀ ਭਰਾਵਾਂ ਨੂੰ ਸੰਬੋਧਨ ਕਰਦਿਆਂ ਕਹਿੰਦਾ ਹੈ : "ਪੱਛਮ ਦੇ ਲੋਕੋ ਮੈਂ ਐਸਾ ਧਰਮ ਪੂਰਬ ਵਲੋਂ ਲੈ ਕੇ ਆਇਆ ਹਾਂ ਜੋ ਸਿੱਧਾ ਸਾਦਾ ਤੇ ਸਰਲ ਹੈ, ਜਿਸ ਵਿਚ ਬਨਾਵਟ ਨੂੰ ਕੋਈ ਥਾਂ ਨਹੀਂ। ਜਿਸ ਵਿਚ ਬੁਤ ਪ੍ਰਸਤੀ, ਪਖੰਡ, ਜ਼ਾਤ-ਪਾਤ, ਵਿਧਵਾ ਨੂੰ ਸਤੀ ਕਰਨਾ, ਇਸਤਰੀ ਨੂੰ ਗ਼ੁਲਾਮ ਬਣਾਉਣਾ, ਸ਼ਰਾਬ ਅਤੇ ਹੋਰ ਨਸ਼ਿਆਂ ਦਾ ਵਰਤਣਾ, ਤਮਾਕੂ ਪੀਣਾ, ਕੁੜੀਆਂ ਦਾ ਮਾਰਨਾ, ਨਿੰਦਾ ਕਰਨੀ ਸਭ ਮਨ੍ਹਾਂ ਹਨ। ਇਸ ਵਿੱਚ ਹਿੰਦੂਆਂ ਵਾਂਗ ਤੀਰਥਾਂ ਅਤੇ ਦਰਿਆਵਾਂ ਦੀ ਯਾਤਰਾ ਆਦਿ ਦਾ ਜ਼ੋਰਦਾਰ ਖੰਡਨ ਹੈ। ਇਸ ਧਰਮ ਵਿਚ ਵਫਾਦਾਰੀ, ਕੀਤੇ ਨੂੰ ਜਾਣਨਾ, ਦਾਨ ਦੇਣਾ, ਨਿਆਂ, ਨਿਮਰਤਾ, ਸਚਾਈ, ਦਿਆਨਤਦਾਰੀ ਅਤੇ ਸਭ ਤਰ੍ਹਾਂ ਦੀਆਂ ਇਖਲਾਕੀ ਤੇ ਭਾਈਚਾਰਕ ਖੂਬੀਆਂ ਧਾਰਨ ਕਰਨ ਦਾ ਹੁਕਮ ਹੈ।" ਸਿੱਖ ਧਰਮ ਬਾਰੇ ਹੋਰ ਰੌਸ਼ਨੀ ਪਾਉਂਦਿਆਂ ਉਹ ਲਿਖਦਾ ਹੈ ਕਿ ਸਿੱਖ ਧਰਮ ਦੂਜੇ ਧਰਮਾਂ ਨਾਲੋਂ ਇਸ ਪਖੋਂ ਵੱਖਰਾ ਹੈ ਕਿਉਂਕਿ ਇਸ ਦੇ ਅਸੂਲਾਂ ਅਤੇ ਬਾਣੀ ਨੂੰ ਬਹੁਤ ਪਰਮਾਣਕ ਸਮਝਿਆ ਜਾਂਦਾ ਹੈ। ਵਿਸ਼ਵ ਦੇ ਬਹੁਤ ਸਾਰੇ ਉਪਦੇਸ਼ਕਾਂ ਨੇ ਆਪਣੇ ਉਪਦੇਸ਼ ਦਿਤੇ ਜਿਹੜੇ ਉਨ੍ਹਾਂ ਵਲੋਂ ਇੰਨ ਬਿੰਨ ਰਿਕਾਰਡ ਨਹੀਂ ਕੀਤੇ ਗਏ ਸਗੋਂ ਉਨ੍ਹਾਂ ਤੋਂ ਕਾਫ਼ੀ ਸਮੇਂ ਮਗਰੋਂ ਉਨ੍ਹਾਂ ਨੂੰ ਲਿਖਤ ਰੂਪ ਵਿਚ ਲਿਆਂਦਾ ਗਿਆ ਜਿਸ ਕਾਰਨ ਉਨ੍ਹਾਂ ਵਿਚ ਰਲਗਡ ਹੋ ਸਕਦਾ ਹੈ। ਬੁੱਧ ਦੇ ਉਪਦੇਸ਼ ਉਨ੍ਹਾਂ ਦੇ ਦੁਨੀਆ ਤੋਂ ਚਲੇ ਜਾਣ ਤੋਂ ਕਈ ਸੌ ਸਾਲ ਮਗਰੋਂ ਲਿਖੇ ਗਏ ਪਰ ਸਿੱਖ ਗੁਰੂਆਂ ਦੀ ਬਾਣੀ ਉਨ੍ਹਾਂ ਵਲੋਂ ਖੁਦ ਲਿਖੀ ਤੇ ਸੰਪਾਦਤ ਕਰਵਾਈ ਗਈ ਹੈ ਜਿਸ ਕਾਰਨ ਉਹ ਸਭ ਤੋਂ ਸ਼ੁਧ ਰੂਪ ਵਿਚ ਉਪਲੱਬਧ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਸਰ ਮੈਕਾਲਫ ਲਿਖਦਾ ਹੈ ਕਿ "ਗੁਰ ਤੇਗ਼ ਬਹਾਦਰ ਦੀ ਸ਼ਹਾਦਤ ਵਖਰੀ, ਅਨੌਖੀ ਤੇ ਅਲੌਕਿਕ ਘਟਨਾ ਸੀ ਕਿਉਂਕਿ ਇਹ ਸ਼ਹਾਦਤ ਨਿਜ ਲਈ ਨਹੀਂ ਸੀ ਸਗੋਂ ਪਰਉਪਕਾਰ ਲਈ ਸੀ।" ਸਿੱਖ ਗੁਰੂ ਸਾਹਿਬਾਨ ਵਲੋਂ ਲੜੀਆਂ ਗਈਆਂ ਜੰਗਾਂ ਦਾ ਮਕਸਦ ਦਸਦਿਆਂ ਮੈਕਾਲਫ 'ਸਿੱਖ ਰਿਲੀਜਨ' ਨਾਮੀ ਆਪਣੀ ਉਕਤ ਪੁਸਤਕ ਵਿਚ ਕਈ ਥਾਂਈ ਲਿਖਦਾ ਹੈ: "ਸਿੱਖ ਗੁਰੂ ਸਾਹਿਬਾਨ ਵਲੋਂ ਲੜੀਆਂ ਗਈਆਂ ਜੰਗਾਂ ਫਿਰਕਾਪ੍ਰਸਤੀ ਤੇ ਧਾਰਮਿਕ ਕਟੜਪੁਣੇ ਅਧੀਨ ਨਹੀਂ ਲੜੀਆਂ ਗਈਆਂ। ਗੁਰੂ ਸਾਹਿਬ ਦੀ ਫ਼ੌਜ ਵਿਚ ਹਿੰਦੂ ਤੇ ਮੁਸਲਮਾਨ ਦੋਨੋਂ ਸ਼ਾਮਲ ਸਨ ਅਤੇ ਦੋਨੋਂ ਉਨ੍ਹਾਂ ਨਾਲ ਰਲ ਕੇ ਉਨ੍ਹਾਂ ਦੀ ਕਮਾਨ ਹੇਠ ਲੜੇ। ਗੁਰੂ ਸਾਹਿਬ ਤਾਂ ਦੋਹਾਂ ਸਮੁੰਦਾਇਆਂ, ਭਾਵ ਹਿੰਦੂਆਂ ਤੇ ਮਸੁਲਮਾਨਾਂ ਵਿਚੋਂ ਜ਼ੁਲਮ ਕਰਨ ਵਾਲਿਆਂ ਵਿਰੁਧ ਲੜੇ ਅਤੇ ਉਨ੍ਹਾਂ ਨੇ ਕਿਸੇ ਦਾ ਇਕ ਇੰਚ ਇਲਾਕਾ ਵੀ ਨਹੀਂ ਹਥਿਆਇਆ ਕਿਉਂਕਿ ਇਹ ਉਨ੍ਹਾਂ ਦਾ ਮਨਸ਼ਾ ਨਹੀਂ ਸੀ।"

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

(ਕਬੀਰ, ਪੰਨਾ-1349)

ਡਾ. ਬੀ.ਆਰ.ਅੰਬੇਦਕਰ

ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਮਹਾਰਾਸ਼ਟਰ ਦੇ ਉਘੇ ਸਮਾਜ ਸੁਧਾਰਕ ਤੇ ਨੀਤੀ ਸ਼ਾਸਤਰੀ ਡਾ. ਅੰਬੇਦਕਰ , ਜੋ ਭਾਰਤ ਦੇ ਦਲਿਤ ਵਰਗ ਦੇ ਬੇਤਾਜ ਬਾਦਸ਼ਾਹ ਸਨ, ਸਿੱਖ ਧਰਮ ਬਾਰੇ ਲਿਖਦੇ ਹਨ ਕਿ "ਦੋ ਕਾਰਨਾਂ ਕਰਕੇ ਸਿੱਖ ਧਰਮ ਸਾਡਾ ਵਿਸ਼ੇਸ਼ ਧਿਆਨ ਖਿਚਦਾ ਹੈ ਜੋ ਨਿਮਨ ਦਰਜ ਹਨ :

1) ਸਿੱਖ ਧਰਮ ਉਨ੍ਹਾਂ ਸਭ ਲੋਕਾਂ ਲਈ ਅਧਿਆਤਮਿਕ ਘਰ ਹੈ ਜਿਹੜੇ ਇਜ਼ਤ ਭਰਪੂਰ ਸ਼ਾਂਤੀ ਦੇ ਇਛੁਕ ਹਨ।

2) ਗੁਰੂ ਗ੍ਰੰਥ ਸਾਹਿਬ ਮੇਰੇ ਲਈ ਅਧਿਆਤਮਿਕ ਗਾਈਡ ਹੋ ਸਕਦਾ ਹੈ ਅਤੇ ਮੇਰਾ ਖ਼ਿਆਲ ਹੈ ਕਿ ਜੋ ਕੁਝ ਮੇਰੇ ਲਈ ਚੰਗਾ ਹੈ ਉਹ ਮੇਰੇ ਹੋਰ ਭਰਾਵਾਂ ਲਈ ਵੀ ਚੰਗਾ ਹੋ ਸਕਦਾ ਹੈ। ਅਸੀਂ ਸਮਾਜਕ ਤੇ ਧਾਰਮਿਕ ਨਾਬਰਾਬਰੀ ਤੋਂ ਪਰੇਸ਼ਾਨ ਹਾਂ। ਗੁਰੂ ਗ੍ਰੰਥ ਸਾਹਿਬ ਜ਼ਾਤ-ਪਾਤ ਰਹਿਤ ਸੁਸਾਇਟੀ ਦਰਸਾਉਂਦੇ ਹਨ। (ਸ਼ਾਇਦ ਇਹੀ ਕਾਰਨ ਸਨ ਜਿਨ੍ਹਾਂ ਤੋਂ ਪ੍ਰਭਾਵਤ ਹੋ ਕੇ ਡਾ. ਅੰਬੇਦਕਰ 1935 ਵਿਚ ਆਪਣੀ ਅੰਮ੍ਰਿਤਸਰ ਫੇਰੀ ਸਮੇਂ ਗੁਰਮਿਤ ਪ੍ਰਚਾਰ ਕਾਨਫਰੰਸ ਬਾਗ਼ ਅਕਾਲੀਆਂ ਦੇ ਸਮਾਗਮਾਂ ਤੋਂ ਉਤਸ਼ਾਹਤ ਹੋ ਕੇ ਸਿੱਖ ਸਜਣਾ ਚਾਹੁੰਦੇ ਸਨ। ਸਿੱਖੀ ਅਸੂਲਾਂ ਦੀ ਮਾਨਵਤਾ ਪ੍ਰਤੀ ਵਿਸ਼ਾਲ ਉਦਾਰਤਾ ਦੇ ਪਸਾਰ ਲਈ ਉਨ੍ਹਾਂ ਨੇ ਨਿੱਜੀ ਦਿਲਚਸਪੀ ਲੈ ਕੇ ਬੰਬਈ ਵਿਖੇ ਖ਼ਾਲਸਾ ਕਾਲਜ ਵੀ ਖੁਲਵਾਇਆ ਤੇ ਇਸ ਤੋਂ ਪਹਿਲਾਂ ਆਪਣੇ ਦੋ ਭਤੀਜੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹਨ ਲਈ ਭੇਜੇ ਪਰ ਮਜਬੂਰਨ ਮਹਾਤਮਾ ਗਾਂਧੀ ਵਲੋਂ ਦਬਾਅ ਪਾਉਣ ਤੇ ਕਈ ਕਾਰਨਾਂ ਕਰਕੇ ਸ੍ਰੀ ਅੰਬੇਦਕਰ ਨੂੰ ਸਿੱਖ ਸਜਣ ਦੀ ਥਾਂ ਬੁਧ ਧਰਮ ਗ੍ਰਹਿਣ ਕਰਨਾ ਪਿਆ) ਉਹ ਜ਼ਾਤ-ਪਾਤ ਦੀਆਂ ਹਦਬੰਦੀਆਂ ਕਾਰਨ ਹਰੀਜਨ ਵਰਗ ਦੇ ਘੋਰ ਸ਼ੋਸ਼ਣ ਤੋਂ ਇਤਨੇ ਦੁਖੀ ਸਨ ਕਿ ਉਹ ਇਸ ਸਮਾਜਕ ਕੋੜ੍ਹ ਰੂਪੀ ਜ਼ਾਤ-

ਪਾਤੀ ਕਲੰਕ ਨੂੰ ਭਾਰਤ ਦੇ ਮਥੇ ਤੋਂ ਸਦਾ ਲਈ ਮਿਟਾ ਕੇ ਹੀ ਸਾਹ ਲੈਣਾ ਚਾਹੁੰਦੇ ਸਨ।

ਉਹ ਰੱਜੇ ਪੁੱਜੇ ਦਲਿਤ ਪਰਿਵਾਰ ਵਿਚ ਪੈਦਾ ਹੋ ਕੇ ਅਤੇ ਅਮਰੀਕਾ ਤੋਂ ਉਚ ਵਿਦਿਆ ਪ੍ਰਾਪਤ ਕਰ ਕੇ ਬੜੋਦਾ ਦੇ ਮਹਾਰਾਜੇ ਦੇ ਉਚ ਸਲਾਹਕਾਰ ਨਿਯੁਕਤ ਹੋਏ ਪਰ ਇਤਨਾ ਕੁਝ ਹੋਣ ਦੇ ਬਾਵਜੂਦ ਵੀ ਇਕ ਕਥਿਤ ਉਚ ਜਾਤੀ ਦਾ ਚਪੜਾਸੀ ਵੀ ਉਨ੍ਹਾਂ ਨਾਲ ਕਿਸੇ ਪ੍ਰਕਾਰ ਦੀ ਸਾਂਝ ਰਖਣਾ ਆਪਣੀ ਹਤਕ ਸਮਝਦਾ ਸੀ ਸਗੋਂ, ਪਾਪ ਸਮਝਦਾ ਸੀ। ਇਸ ਗੱਲ ਨੂੰ ਉਨ੍ਹਾਂ ਸ਼ਿਦਤ ਨਾਲ ਮਹਿਸੂਸ ਕੀਤਾ ਕਿ ਜੇ ਉਨ੍ਹਾਂ ਦੀ ਉਚ ਵਿਦਿਆ, ਉਚ ਮੁਰਾਤਬੇ ਦੇ ਬਾਵਜੂਦ ਉਨ੍ਹਾਂ ਦੀ ਨੀਵੀਂ ਜ਼ਾਤ ਉਨ੍ਹਾਂ ਨੂੰ ਉਚੀਆਂ ਜ਼ਾਤਾਂ ਦੇ ਮਾੜੇ ਤੋਂ ਮਾੜੇ ਮਨੁੱਖਾਂ ਦੇ ਬਰਾਬਰ ਵੀ ਖੜਾ ਨਹੀਂ ਹੋਣ ਦੇਂਦੀ ਤਾਂ ਉਨ੍ਹਾਂ ਦਲਿਤਾਂ ਦਾ ਕੀ ਹਾਲ ਹੋਵੇਗਾ ਜੋ ਅਨਪੜ੍ਹਤਾ, ਗਰੀਬੀ ਤੇ ਪਛੜਤਾ ਦੀ ਜ਼ਿੰਦਗੀ ਜੀਂਦੇ ਹੋਏ ਸਿਰ ਤੇ ਮਨੁੱਖੀ ਮੈਲਾ ਚੁਕ ਚੁਕ ਕੇ ਦਿਨ ਕਟੀ ਕਰ ਰਹੇ ਹਨ? ਇਸ ਮੰਦਹਾਲੀ ਦੀ ਸਥਿਤੀ ਤੋਂ ਚਿੰਤਤ ਹੋ ਕੇ ਉਹ ਹਰ ਲਿਹਾਜ਼ ਨਾਲ ਜ਼ਾਤ ਪਾਤ ਦਾ ਰੇੜਕਾ ਮੁਕਾਣਾ ਚਾਹੁੰਦੇ ਸਨ ਤੇ ਆਪਣੇ ਅਨੁਯਾਈਆਂ ਸਮੇਤ ਕਰੋੜਾਂ ਦੀ ਗਿਣਤੀ ਵਿਚ ਸਿੰਘ ਸਜ ਕੇ ਇਸ ਲਾਹਨਤ ਤੋਂ ਮੁਕਤ ਹੋਣਾ ਚਾਹੁੰਦੇ ਸਨ। ਜਦ ਉਹ ਕਦਮ ਕਦਮ ਤੇ ਜ਼ਾਤ ਪਾਤ ਦੀ ਮਾਰ ਤੇ ਹੀਣਤਾ ਭਰਪੂਰ ਸਥਿਤੀ ਝੇਲਦੇ ਤਾਂ ਕੁਰਲਾ ਉਠਦੇ। ਇਕ ਥਾਂ ਕਹਿੰਦੇ ਹਨ ਕਿ ਮੈਂ ਬਦਕਿਸਮਤੀ ਨਾਲ ਹਿੰਦੂ ਸਮਾਜ ਦੇ ਅਛੂਤ ਘਰ ਵਿਚ ਪੈਦਾ ਹੋਇਆ ਹਾਂ। ਇਹ ਜਨਮ ਰੋਕ ਸਕਣਾ ਮੇਰੇ ਵਸ ਦੀ ਗੱਲ ਨਹੀਂ ਸੀ ਪਰ ਇਕ ਹਿੰਦੂ ਨਾ ਰਹਿਣਾ ਤੇ ਇਕ ਹਿੰਦੂ ਵਜੋਂ ਨਾ ਮਰਨਾ ਤਾਂ ਮੇਰੇ ਵਸ ਵਿਚ ਜ਼ਰੂਰ ਹੈ ਨਾ। ਡਾ: ਅੰਬੇਦਕਰ ਅਨੁਸਾਰ ਜ਼ਾਤ ਪਾਤ ਤੇ ਅਧਾਰਤ ਸਿਧਾਂਤਾਂ ਨੂੰ ਡੈਨਾਮਾਈਟ ਨਾਲ ਉਡਾ ਦੇਣ ਪਿਛੋਂ ਹੀ ਅਛੂਤਾਂ ਨੂੰ ਜ਼ਾਤ ਪਾਤ ਦੀ ਗੁਲਾਮੀ ਤੋਂ ਛੁਟਕਾਰਾ ਮਿਲੇਗਾ।

ਉਨ੍ਹਾਂ ਦੇ ਇਸ ਵਿਸ਼ੇ ਤੇ ਹੋਰ ਸ਼ਬਦ ਨਿਮਨ ਅਨੁਸਾਰ ਹਨ ਜੋ ਅਪਰੈਲ 1984 ਦੇ ਗੁਰਦੁਆਰਾ ਗਜ਼ਟ ਮੈਗਜ਼ੀਨ ਅੰਮ੍ਰਿਤਸਰ ਦੇ ਹਵਾਲੇ ਨਾਲ ਦਿਤੇ ਜਾ ਰਹੇ ਹਨ। . . . . ਉਚੀਆਂ ਜ਼ਾਤਾਂ ਵਾਲੇ ਸਾਨੂੰ ਅਛੂਤਾਂ ਨੂੰ ਮੰਦਰਾਂ ਨੂੰ ਛੂਹਣ ਤੱਕ ਨਹੀਂ ਦੇਂਦੇ ਤੇ ਸਾਡੀ ਦਸ਼ਾ ਗੰਦਗੀ ਦੇ ਕੀੜਿਆਂ ਵਰਗੀ ਕਰ ਦਿੱਤੀ ਗਈ ਹੈ। ਜੇਕਰ ਉਚ ਜ਼ਾਤਾਂ ਵਾਲੇ ਸਾਨੂੰ ਸਰੋਵਰਾਂ ਵਿਚੋਂ ਪਾਣੀ ਨਹੀਂ ਪੀਣ ਦੇਣਗੇ ਤਾਂ ਮੈਂ ਇਹ ਕੇਸ ਲੀਗ ਆਫ ਨੇਸ਼ਨਜ਼ ਵਿਚ ਲੈ ਕੇ ਜਾਵਾਂਗਾ ਤਾਂ ਜੋ ਸਾਰੀ ਦੁਨੀਆ ਦੇਖ ਸਕੇ ਕਿ ਹਿੰਦੂ ਧਰਮ ਇਕ ਪਥਰ ਦੀ ਕੰਧ ਹੈ ਜਿਸ ਉਤੇ ਅਛੂਤਾਂ ਦੀ ਮੌਤ ਤੇ ਕੁਰਲਾਟ ਦਾ ਵੀ ਕੋਈ ਅਸਰ ਨਹੀਂ। ਇਸ ਲਈ ਚੰਗਾ ਹੈ ਜੇ ਅਛੂਤ ਆਪਣੀ ਰਾਖੀ ਤੇ ਇੱਜ਼ਤ ਲਈ ਕੋਈ ਹੋਰ ਧਰਮ ਧਾਰਨ ਕਰ ਲੈਣ। ਇਹੀ ਗੱਲ ਉਨ੍ਹਾਂ 13 ਅਕਤੂਬਰ 1935 ਨੂੰ ਨਾਸਿਕ ਵਿਖੇ ਯਿਉਲਾ ਵਿਚ ਇਕ ਬੜੁਤ ਭਾਰੀ ਇਕੱਠ ਵਿਚ ਫਿਰ ਦੋਹਰਾਈ ਤੇ ਕਿਹਾ ਕਿ ਬਰਾਬਰੀ ਲਈ ਦਸ ਸਾਲ ਦੇ ਲੰਮੇ ਸੰਘਰਸ਼ ਮਗਰੋਂ ਮੈਂ ਇਸ ਸਿਟੇ ਤੇ ਪੁਜਾ ਹਾਂ ਕਿ ਜੇਕਰ ਅਛੂਤਾਂ ਨੇ ਖੁਸ਼ੀ, ਤਸੱਲੀ ਤੇ ਸਵੈਮਾਨ ਨਾਲ ਭਾਰਤ ਵਿਚ ਰਹਿਣਾ ਹੈ ਤਾਂ ਉਹ ਜ਼ਾਤ ਪਾਤ ਤੇ ਅਧਾਰਤ ਹਿੰਦੂ ਧਰਮ ਤਿਆਗ ਕੇ ਹੋਰ ਧਰਮ ਗ੍ਰਹਿਣ ਕਰ ਲੈਣ। ਉਨ੍ਹਾਂ ਦੇ ਅਜਿਹੇ ਦਲੇਰਾਨਾ ਤੇ ਬਾਗ਼ੀਆਨਾ ਵਿਚਾਰਾਂ ਤੋਂ ਹਿੰਦੂ ਰਾਜਸੀ ਆਗੂ ਬਹੁਤ ਚਿੰਤਤ ਹੋਏ। ਉਹ ਨਹੀਂ ਸਨ ਚਾਹੁੰਦੇ ਕਿ ਸ੍ਰੀ ਅੰਬੇਦਕਰ ਦੁਖੀ ਹੋ ਕੇ ਧਰਮ ਤਬਦੀਲ ਕਰਨ। ਇਸ ਲਈ ਉਨ੍ਹਾਂ ਨੂੰ

ਮਨਾਉਣ ਦੇ ਭਰਪੂਰ ਪ੍ਯਤਨ ਕੀਤੇ ਗਏ। ਬਹੁਤ ਜ਼ੋਰ ਪਾਉਣ ਤੇ ਡਾ. ਸਾਹਿਬ ਨੇ ਕਿਹਾ : "ਠੀਕ ਹੈ ਮੈਂ 5-10 ਸਾਲ ਲਈ ਧਰਮ ਤਬਦੀਲੀ ਦਾ ਖ਼ਿਆਲ ਮੁਲਤਵੀ ਕਰ ਦੇਂਦਾ ਹਾਂ ਪਰ ਸ਼ਰਤ ਇਹ ਹੈ ਕਿ ਇਕ ਅਛੂਤ ਆਗੂ ਐਸ. ਕੈ. ਸਾਕਤ ਨੂੰ ਸ਼ੰਕਰਾਚਾਰੀਆ ਦੀ ਗੱਦੀ ਉਤੇ ਬਿਠਾਇਆ ਜਾਵੇ ਤੇ 100 ਉਚੇ ਬ੍ਰਾਹਮਣ ਪਰਿਵਾਰ ਉਸ ਅੱਗੇ ਰੋਜ਼ ਝੁਕ ਕੇ ਪ੍ਰਣਾਮ ਕਰਿਆ ਕਰਨ ਤਦ ਮੈਂ ਕਹਿ ਸਕਾਂਗਾ ਕਿ ਤੁਹਾਡੇ ਦਿਲ ਸਚੀ ਮੁਚੀ ਸਾਡੇ ਬਾਰੇ ਬਦਲ ਗਏ ਹਨ।" ਸ੍ਰੀ ਅੰਬੇਦਕਰ ਦੀ ਇਹ ਗੱਲ ਸੁਣ ਕੇ ਸਾਰੇ ਨਿਰ-ਉਤਰ ਹੋ ਗਏ।

ਇਸ ਦੇ ਉਲਟ ਸਿੱਖ ਧਰਮ ਦੀ ਤਾਰੀਫ ਵਿਚ ਉਹ ਆਪਣੀ ਮਰਾਠੀ ਵਿੱਚ ਲਿਖੀ ਪੁਸਤਕ 'ਮੁਕਤੀ ਕੋਨ ਪਥੇ' ਵਿਚ ਕਹਿੰਦੇ ਹਨ : ਮਨੁੱਖ ਦਾ ਜਨਮ ਸਿਧ ਅਧਿਕਾਰ ਹੈ--ਹਮਦਰਦੀ, ਬਰਾਬਰੀ ਤੇ ਸਵਤੰਤਰਤਾ ਦੀ ਪ੍ਰਾਪਤੀ। ਕੀ ਤੁਸੀਂ ਦਾਅਵਾ ਕਰ ਸਕਦੇ ਹੋ ਕਿ ਉਚ ਜ਼ਾਤਾਂ ਵਾਲੇ ਇਨ੍ਹਾਂ ਵਿਚੋਂ ਇਕ ਵੀ ਤੁਹਾਨੂੰ ਦੇਂਦੇ ਹਨ? ਮੈਂ ਕਹਿੰਦਾ ਹਾਂ ਨਹੀਂ। ਉਧਰ ਸਿੱਖਾਂ ਵੱਲ ਵੇਖੋ ਉਹ ਅਛੂਤ ਜੋ ਸੜਕ ਉਤੇ ਨਹੀਂ ਸਨ ਤੁਰ ਸਕਦੇ ਸਿੱਖ ਧਰਮ ਧਾਰਨ ਕਰਨ ਪਿਛੋਂ ਇਨ੍ਹਾਂ ਬੰਧਨਾਂ ਤੋਂ ਮੁਕਤ ਹੋ ਗਏ ਹਨ। ਆਪਣੀ ਪੁਸਤਕ "ਜ਼ਾਤ ਪਾਤ ਦਾ ਬੀਜ ਨਾਸ" ਵਿਚ ਉਹ ਸਿੱਖਾਂ ਦੀ ਇਕ ਹੋਰ ਪਖੋਂ ਵੀ ਤਾਰੀਫ ਕਰਦੇ ਲਿਖਦੇ ਹਨ : "ਸਿੱਖਾਂ ਵਿਚ ਸ਼ਾਥੀ-ਪੁਣੇ ਦੀ ਭਾਵਨਾ ਬਹੁਤ ਹੈ। ਸਿੱਖਾਂ ਨੂੰ ਇਸ ਗੱਲ ਦਾ ਭਰੋਸਾ ਹੁੰਦਾ ਹੈ ਕਿ ਜਦ ਕੋਈ ਸਿੱਖ ਔਕੜ ਵਿਚ ਹੋਵੇਗਾ ਤਾਂ ਸਰਬੱਤ ਸਿੱਖ ਉਸ ਨਾਲ ਹੋਣਗੇ। ਇਹੀ ਤਥ ਇਸ ਗੱਲ ਦੀ ਵਿਆਖਿਆ ਕਰਦੇ ਹਨ ਕਿ ਇਕ ਇਕ ਸਿੱਖ ਸਵਾ ਸਵਾ ਲੱਖ ਦੇ ਬਰਾਬਰ ਹੈ। ਸਿੱਖਾਂ ਵਿਚ ਜ਼ਾਤ ਦੇ ਨਾਮ ਉਤੇ ਬਰਾਦਰੀ ਵਿਚੋਂ ਛੇਕਣ ਦਾ ਖਿਆਲ ਅਜਨਬੀ ਹੈ ਜਦ ਕਿ ਹਿੰਦੂਆਂ ਵਿਚ ਜ਼ਾਤ ਦੇ ਨਾਮ ਉਤੇ ਇਕ ਹੋਣ ਦਾ ਖ਼ਿਆਲ ਓਪਰਾ ਹੈ। ਕਿਸੇ ਸਿੱਖ ਨੂੰ ਪੁਛੋ ਕਿ ਉਹ ਕੌਣ ਹੈ ਤਾਂ ਉਹ ਆਪਣੀ ਜ਼ਾਤ ਨਹੀਂ ਦਸਦਾ ਕੇਵਲ ਇਹੀ ਕਹਿੰਦਾ ਹੈ ਕਿ ਉਹ ਸਿੱਖ ਹੈ ਤੇ ਤੁਹਾਡੀ ਤਸੱਲੀ ਹੋ ਜਾਂਦੀ ਹੈ ਅਤੇ ਤੁਸੀਂ ਉਸ ਤੋਂ ਇਹ ਨਹੀਂ ਪੁਛਦੇ ਕਿ ਉਹ ਜੱਟ ਹੈ ਜਾਂ ਅਰੋੜਾ, ਖਤਰੀ ਹੈ, ਮਜ਼ਬੀ ਹੈ ਜਾਂ ਰਵਿਦਾਸੀਆ ਪਰ ਜੇ ਕੋਈ ਤੁਹਾਨੂੰ ਦੱਸੇ ਕਿ ਉਹ ਹਿੰਦੂ ਹੈ ਤਾਂ ਤੁਸੀ ਉਸ ਦੀ ਜ਼ਾਤ ਪੁਛਣ ਲਈ ਮਜਬੂਰ ਜਿਹੇ ਹੋ ਜਾਂਦੇ ਹੋ।

ਡਾ. ਅੰਬੇਦਕਰ ਦੀ ਲਿਖੀ ਅੰਗਰੇਜ਼ੀ ਪੁਸਤਕ 'ਸੋਸ਼ਲ ਐਂਡ ਪੋਲੀਟੀਕਲ ਆਈਡੀਆਜ਼' ਦੇ ਪੰਨਾ 49 ਤੇ ਸਪੱਸ਼ਟ ਅੰਕਤ ਹੈ ਕਿ ਡਾ. ਅੰਬੇਦਕਰ ਸਿੱਖ ਸਮਾਜ ਵਿਚ ਬਹੁਤ ਦਿਲਚਸਪੀ ਲੈਂਦੇ ਸਨ ਕਿਉਂਕਿ ਉਸ ਦੇ ਸਿਧਾਂਤ ਉਨ੍ਹਾਂ ਨੂੰ ਪੂਰੀ ਤਰ੍ਹਾਂ ਟੁੰਬਦੇ ਸਨ। ਸਿੱਖੀ ਨਾਲ ਆਪਣੀ ਸਾਂਝ ਹੋਰ ਵਧਾਉਣ ਅਤੇ ਉਸ ਨੂੰ ਵਧੇਰੇ ਪਰਪੱਕ ਕਰਨ ਲਈ ਉਨ੍ਹਾਂ ਨੇ 15.9.1936 ਨੂੰ 15 ਮਾਹਿਰਾਂ ਦਾ ਇਕ ਜਥਾ ਸਿੱਖ ਧਰਮ ਦੇ ਹੋਰ ਵਧ ਅਧਿਐਨ ਲਈ ਅੰਮ੍ਰਿਤਸਰ ਭੇਜਿਆ ਜਿਸ ਵਿਚ ਉਨ੍ਹਾਂ ਦੇ ਸਪੁਤਰ ਯਸਵੰਤ ਰਾਓ ਅਤੇ ਪੋਤਰਾ ਮੁਕੰਦ ਰਾਓ ਵੀ ਸ਼ਾਮਲ ਸਨ। ਉਹ ਗੁਰੂ ਗ੍ਰੰਥ ਸਾਹਿਬ ਦਾ ਦਿਲੋਂ ਸਤਿਕਾਰ ਕਰਦੇ। ਉਹ ਸਿੱਖਾਂ ਦੇ ਗੂੜ੍ਹੇ ਮਿੱਤਰ ਬਣ ਗਏ ਤੇ ਉਨ੍ਹਾਂ ਦੇ ਹਰ ਸਮਾਗਮ ਨੂੰ ਸੰਬੋਧਨ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ। ਬੰਬਈ ਵਿਚ ਖਾਲਸਾ ਕਾਲਜ ਦੀ ਸਥਾਪਨਾ, ਜਿਵੇਂ ਉਤੇ ਦੱਸਿਆ ਜਾ ਚੁਕਾ ਹੈ, ਅੰਬੇਦਕਰ ਹੋਰਾਂ ਦੀ ਸਿੱਖੀ ਨਾਲ ਨੇੜਤਾ ਦਾ ਹੀ ਨਤੀਜਾ ਸੀ।

ਉਕਤ ਸੰਖੇਪ ਲਿਖਤ ਤੋਂ ਇਹ ਸੁਦਰਿੜ ਹੋ ਗਿਆ ਹੋਵੇਗਾ ਕਿ ਭਾਰਤ ਦੀ ਅਜ਼ਾਦੀ ਦੇ ਸਤੰਭ ਡਾ. ਅੰਬੇਦਕਰ ਜ਼ਾਤ ਪਾਤ ਦੀ ਮਾਰ ਤੋਂ ਕਿਤਨੇ ਦੁਖੀ ਸਨ ਤੇ ਇਸ ਤੋਂ ਨਜਾਤ ਪਾਉਣ ਲਈ ਅਤੇ ਆਪਣੇ ਹੋਰ ਦਲਿਤ ਭਰਾਵਾਂ ਨੂੰ ਇਸ ਜਿਲਣ ਵਿਚੋਂ ਕੱਢਣ ਲਈ ਉਹ ਧਰਮ ਬਦਲਣ ਤਕ ਵੀ ਮਜਬੂਰ ਹੋਏ। ਹਾਲਾਤਾਂ ਨੇ ਉਨ੍ਹਾਂ ਨੂੰ ਸਿੱਖ ਨਹੀਂ ਸਜਣ ਦਿੱਤਾ ਜਾਂ ਉਹ ਚਾਹੁੰਦੇ ਹੋਏ ਵੀ ਇਸ ਧਰਮ ਨੂੰ ਧਾਰਨ ਨਹੀਂ ਕਰ ਸਕੇ ਪਰ ਉਹ ਬੁਧ ਧਰਮ ਧਾਰਨ ਕਰਕੇ ਇਸ ਸੰਸਾਰ ਤੋਂ ਰੁਖਸਤ ਹੋਏ।

ਆਖਿਰ ਆਪਣੇ ਮਹਾਨ ਪਤੀ ਦੇ ਨਕਸ਼ੇ ਕਦਮ ਤੇ ਚਲਦਿਆਂ ਹੋਇਆਂ ਉਨ੍ਹਾਂ ਦੀ ਸਪੁਤਨੀ ਨੇ 14 ਅਕਤੂਬਰ 1955 ਨੂੰ ਆਪਣੇ 75 ਹਜ਼ਾਰ ਸਹਿਯੋਗੀਆਂ ਸਮੇਤ ਨਾਗਪੁਰ ਦੇ ਇਕ ਵਿਸ਼ਾਲ ਇੱਕਠ ਵਿਚ ਬੁਧ ਧਰਮ ਵਿਚ ਪਰਵੇਸ਼ ਕੀਤਾ। ਇਤਨਾ ਜ਼ਰੂਰ ਹੈ ਜੇਕਰ ਉਹ ਸਿੱਖ ਧਰਮ ਗ੍ਰਹਿਣ ਕਰਦੇ ਤਾਂ ਅਵਸ਼ ਹੀ ਉਨ੍ਹਾਂ ਨੂੰ ਵਧੇਰੇ ਸੰਤੋਖ ਮਿਲਦਾ ਕਿਉਂਕਿ ਇਸ ਧਰਮ ਵਿਚ ਜ਼ਾਤ-ਪਾਤ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ ਸਗੋਂ ਉਸ ਦਾ ਜ਼ਿਕਰ ਕਰਨਾ ਵੀ ਵਿਵਰਜਤ ਹੈ । ਇਸ ਬਾਰੇ ਹਦਾਇਤਾਂ ਹਨ :

ਅੰਮ੍ਰਿਤ ਕੋ ਪਾਨੀ ਕਹੈ, ਸਿਖ ਕੀ ਪੂਛੇ ਜਾਤ॥
ਕਹੇ ਗੋਬਿੰਦ ਸਿੰਘ ਨੰਦ ਲਾਲ ਜੀ, ਸੀਧਾ ਜਮ ਪੁਰ ਜਾਤ॥

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਇਕ ਪੰਗਤੀ ਵਿਚ ਸਾਰੀ ਮਨੁੱਖਤਾ ਨੂੰ ਇਕੋ ਜਿਹਾ ਕਹਿ ਕੇ ਜ਼ਾਤ ਪਾਤ ਦਾ ਟੰਟਾ ਹੀ ਮੁਕਾ ਦਿੱਤਾ ਹੈ। ਉਨ੍ਹਾਂ ਦੇ ਬਚਨ ਹਨ, **'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।'**

ਇਹੀ ਕਾਰਨ ਹੈ ਕਿ ਜ਼ਾਤਾਂ ਪਾਤਾਂ ਨੂੰ ਤਲਾਂਜ ਕੇ ਸਿੱਖਾਂ ਨੇ ਆਪਣੇ ਆਪ ਨੂੰ ਉੱਚ ਨੀਚ ਦੀਆਂ ਫਜ਼ੂਲ ਵੰਡੀਆਂ ਤੋਂ ਛੁਟਕਾਰਾ ਪਾ ਲਿਆ ਹੈ।(ਭਾਵੇਂ ਇਹ ਬੀਮਾਰੀ ਸਿੱਖ ਜੀਵਨ ਵਿਚ ਦੋਬਾਰਾ ਪਰਵੇਸ਼ ਕਰਨ ਲਗ ਪਈ ਹੈ।) ਹਰ ਸਿੱਖ ਲਈ ਹੱਥੀਂ ਕਿਰਤ ਕਰਨੀ ਜ਼ਰੂਰੀ ਹੈ ਤੇ ਹਰ ਕਿਰਤ ਸੁਚੀ ਹੈ। ਜੇ ਸਿੱਖ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਸਾਨੂੰ ਕਿਧਰੇ ਵੀ ਕਿਸੇ ਸਿੱਖ ਦੀ ਜ਼ਾਤ ਦਾ ਜ਼ਿਕਰ ਨਹੀਂ ਮਿਲਦਾ। ਸਭ ਗੁਰੂ ਗੋਬਿੰਦ ਸਿੰਘ ਜੀ ਦੇ ਪੁਤਰ ਹਨ ਤੇ ਅਨੰਦਪੁਰ ਸਾਹਿਬ ਦੇ ਵਾਸੀ। ਜੇਕਰ ਕਿਸੇ ਸਮਾਜਕ ਜਾਂ ਸਿਆਸੀ ਸਿੱਖ ਲੀਡਰ ਨੇ ਆਪਣੇ ਆਪ ਨੂੰ ਕਿਸੇ ਦੂਜੇ ਨਾਲੋਂ ਵਖਰਿਆਉਣਾ ਵੀ ਹੋਵੇ ਤਾਂ ਉਹ ਆਪਣੇ ਨਾਂ ਪਿੱਛੇ ਜਾਂ ਤਾਂ ਕੋਈ ਤਖੱਲਸ ਰਖ ਲਵੇਗਾ ਜਾਂ ਆਪਣੇ ਪਿੰਡ/ਸ਼ਹਿਰ ਦਾ ਨਾਂ ਆਪਣੇ ਨਾਂ ਮਗਰ ਲਗਾ ਲਵੇਗਾ ਜਿਵੇਂ ਮਹਾਰਾਜਾ ਰਣਜੀਤ ਸਿੰਘ **ਸ਼ੁਕਰਚਕੀਆ**, ਸ਼ਾਮ ਸਿੰਘ **ਅਟਾਰੀ**, ਪਰਤਾਪ ਸਿੰਘ **ਕੈਰੋਂ**, ਗੁਰਚਰਨ ਸਿੰਘ **ਟੌਹੜਾ**, ਜੀਵਨ ਸਿੰਘ **ਉਮਰਾਨੰਗਲ**, ਹਰਚੰਦ ਸਿੰਘ **ਲੌਂਗੋਵਾਲ** ਆਦਿ। ਪਰ ਕਈ ਨੇਤਾ ਅਜਿਹਾ ਨਹੀਂ ਵੀ ਕਰਦੇ ਜਿਵੇਂ ਮਨਮੋਹਨ ਸਿੰਘ, ਸਵਰਨ ਸਿੰਘ, ਬੂਟਾ ਸਿੰਘ, ਬੇਅੰਤ ਸਿੰਘ ਆਦਿ ਸ਼ਖਸੀਅਤਾਂ ਦੇ ਨਾਵਾਂ ਨਾਲ ਕੋਈ ਸ਼ਨਾਖਤੀ ਉਪ ਨਾਂ ਨਹੀਂ ਵਰਤਿਆ ਜਾਂਦਾ ਪਰ ਫਿਰ ਵੀ ਹਰ ਪੰਜਾਬੀ ਤੇ ਭਾਰਤੀ ਇਨ੍ਹਾਂ ਤੋਂ ਭਲੀ ਭਾਂਤ ਵਾਕਫ਼ ਹੈ।

ਐਡਵਰਡ ਏ. ਡੀ. ਬਿਟਨ ਕੋਰਟ

ਉਕਤ ਲੇਖਕ ਇਕ ਲਾਈਨ ਵਿਚ ਸਿੱਖ ਧਰਮ ਦੇ ਸਰਬ ਵਿਆਪੀ ਹੋਣ ਦੀ ਤਸਦੀਕ ਇਵੇਂ ਕਰਦਾ ਹੈ ; **''ਸਿੱਖ ਧਰਮ ਵਿਸ਼ਵ ਨਾਲ ਜੁੜਨ ਵਾਲਾ ਧਰਮ ਤੇ ਦਰਸ਼ਨ**

ਹੈ, ਵਿਸ਼ਵ ਤੋਂ ਮੁਨਕਰ ਹੋਣ ਵਾਲਾ ਨਹੀਂ।'' ਬਿਟਨ ਕੋਰਟ ਦੇ ਇਹ ਸ਼ਬਦ 100% ਸੱਚ ਹਨ ਜਿਨ੍ਹਾਂ ਵਿੱਚੋਂ ਪਰਸਪਰ ਮਾਨਵੀ ਪ੍ਰੇਮ ਪਿਆਰ ਦੀ ਖੁੱਲ੍ਹੀ ਡੁੱਲ੍ਹੀ ਝਲਕ ਮਿਲਦੀ ਹੈ। (ਹਵਾਲੇ ਲਈ ਦੇਖੋ, ਰਣਬੀਰ ਸਿੰਘ ਦੀ ਪੁਸਤਕ 'Sikh way of life' ਦੀ ਭੂਮਿਕਾ)

ਸਿੱਖਾਂ ਨੇ ਆਪਣੇ ਗੁਰਾਂ ਪਾਸੋਂ ਦੋ ਹੀ ਗੱਲਾਂ ਸਿਖੀਆਂ ਹਨ। ਹੱਥ ਕਾਰ ਵਲ ਤੇ ਚਿਤ ਕਰਤਾਰ ਵਲ। ਇਸ ਕਾਰਨ ਕਰ ਕੇ ਉਹ ਚੰਗੇ ਦੁਨੀਆਦਾਰ ਵੀ ਹਨ ਤੇ ਪ੍ਰਮਾਤਮਾ ਦੇ ਤਲਬਗਾਰ (ਇੱਛੁਕ) ਵੀ। ਇਸ ਕਥਨ ਦੀ ਪੁਸ਼ਟੀ ਇਸ ਗੱਲ ਤੋਂ ਸਹਿਜੇ ਹੀ ਹੋ ਜਾਂਦੀ ਹੈ ਕਿ ਅੱਜ ਤੋਂ 30, 40 ਤੇ 50 ਸਾਲ ਪਹਿਲੇ ਜਿਹੜੇ ਗੁਰੂ ਦੁਲਾਰੇ ਆਪਣੇ ਗੁਰੂ ਤੋਂ ਆਸ਼ੀਰਵਾਦ ਲੈ ਕੇ ਰੋਜ਼ੀ ਰੋਟੀ ਕਮਾਉਣ ਲਈ ਦੇਸ਼ੋਂ ਬਾਹਰ ਨਿਕਲੇ ਸਨ ਉਹ ਦੇਸ਼ ਵਿਚੋਂ ਜਾਣ ਲਗਿਆਂ ਕੇਵਲ ਤਿੰਨ ਤਿੰਨ ਪਾਉਂਡ ਦੀ ਰਾਸ਼ੀ ਤੇ ਗੁਰੂ ਵਲੋਂ ਵਰਸੋਈ ਹੋਈ ਚੜ੍ਹਦੀਕਲਾ ਤੇ ਉਦਮਸ਼ੀਲਤਾ ਹੀ ਨਾਲ ਲੈ ਕੇ ਗਏ ਸਨ ਪਰ ਅੱਜ ਉਨ੍ਹਾਂ ਦੀ ਬਾਹਰਲੇ ਸਮਾਜਾਂ ਵਿਚ ਪੂਰੀ ਪੂਰੀ ਇਜ਼ਤ ਤੇ ਮਾਣ ਮਰਿਆਦਾ ਹੈ। ਉਥੇ ਦੇ ਕਾਰ ਵਿਹਾਰ ਵਿਚ ਉਨ੍ਹਾਂ ਦੀ ਹੋਂਦ ਦਾ ਪੂਰਾ ਪੂਰਾ ਅਹਿਸਾਸ ਹੈ, ਰਾਜਨੀਤੀ ਵਿਚ ਯੋਗ ਵਜ਼ਨ ਹੈ ਅਤੇ ਜਨਤਕ ਜੀਵਨ ਵਿਚ ਸ਼ਲਾਘਾ ਜਨਕ ਦੇਣ ਹੈ। ਉਹ ਆਪਣੇ ਉਚੇ ਸੁਚੇ ਕਾਰਨਾਮਿਆਂ ਸਦਕਾ ਦਾਨੀ ਵੀ ਹਨ ਤੇ ਵਫਾਦਾਰ ਕਾਮੇ ਵੀ, ਮਿਹਰਬਾਨ ਵੀ ਹਨ ਤੇ ਹਰ ਦਿਲ ਅਜ਼ੀਜ ਵੀ। ਕੀ ਇਹ ਮਾਣਯੋਗ ਗੱਲ ਨਹੀਂ ਕਿ ਅੱਜ ਤੋਂ 30 ਸਾਲ ਪਹਿਲੇ ਭਾਰਤ ਤੋਂ ਕੇਵਲ 3 ਪਾਉਂਡ ਲੈ ਕੇ ਗਿਆ ਸ. ਗੁਰਚਰਨ ਸਿੰਘ ਛੱਤਵਾਲ ਅੱਜ ਇੰਗਲੈਂਡ ਦਾ ਫਰੂਟ ਕਿੰਗ ਹੈ ਤੇ ਮਲਕਾ ਅਲਿਜ਼ਬਥ ਨਾਲ ਖਾਣਾ ਖਾ ਕੇ ਦੇਸ਼ ਕੌਮ ਦਾ ਮਾਣ ਉੱਚਾ ਕਰਦਾ ਹੈ। ਇਹੀ ਹਾਲ ਲੰਡਨ ਨਿਵਾਸੀ ਸ. ਗੁਰਦੀਪ ਸਿੰਘ ਗੁਜਰਾਲ ਦਾ ਵੀ ਹੈ ਜੋ ਇੰਗਲੈਂਡ ਵਿਚ ਰਹਿੰਦੇ ਪੰਜਾਬੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖਾਂ ਦੇ ਮਾਣ ਦਾ ਪਾਤਰ ਹੈ। ਇਸੇ ਤਰ੍ਹਾਂ ਕੈਨੇਡਾ ਵਿਚ ਇਕੋ ਇਕ ਦਸਤਾਰਧਾਰੀ ਸਿੱਖ ਮੈਂਬਰ ਪਾਰਲੀਮੈਂਟ ਤੇ ਮੰਤਰੀ ਸ. ਗੁਰਬਖਸ਼ ਸਿੰਘ ਮਲ੍ਹੀ ਕੌਮ ਦੀ ਸ਼ਾਨ ਬੁਲੰਦ ਕਰ ਰਿਹਾ ਹੈ। ਇਹ ਤਾਂ ਬਸ ਕੇਵਲ ਨਮੂਨੇ ਮਾਤਰ ਹੀ ਮਿਸਾਲਾਂ ਹਨ ਅਤੇ ਜੇਕਰ ਇਨ੍ਹਾਂ ਦਾ ਵਿਸਥਾਰ ਕੀਤਾ ਜਾਵੇ ਤਾਂ ਅਜਿਹੀ ਸੂਚੀ ਨਾ-ਮੁਕਣ ਵਾਲੀ ਹੋ ਸਕਦੀ ਹੈ। ਇਤਨੀ ਗੱਲ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਦਾ ਸਿੱਖ ਹਿੰਦੁਸਤਾਨ ਵਿਚ ਰਹੇ ਜਾਂ ਸੰਸਾਰ ਦੇ ਕਿਸੇ ਖੂੰਜੇ ਵਿਚ ਰਹੇ, ਉਸ ਦਾ ਗੁਰੂ ਆਸ਼ੇ ਤੇ ਅਧਾਰਤ ਕਿਰਦਾਰ ਉਸ ਦੇ ਕਾਮਯਾਬ ਜੀਵਨ ਦਾ ਜੀਂਦਾ ਜਾਗਦਾ ਸਬੂਤ ਹੈ ਤੇ ਗੁਰੂ ਦੀ ਸ਼ਰਨ ਵਿਚ ਲਗਾਤਾਰ ਰਹਿ ਕੇ ਉਹ ਆਪਣੇ ਆਪ ਨੂੰ ਸਰਬੱਤ ਦੇ ਭਲੇ ਲਈ ਸਦਾ ਸਰਗਰਮ ਕਰੀ ਰਖਦਾ ਹੈ। ਇਹੀ ਸਿੱਖੀ ਸੁਭਾਅ ਦਾ ਸ਼ੇਵਾ (ਗੁਣ) ਹੈ ਜਿਸ ਕਰਕੇ ਸਿੱਖ ਸਾਰੇ ਸੰਸਾਰ ਨਾਲ ਹਰ ਵਕਤ ਪਿਆਰ ਤੇ ਸਨੇਹ ਦੀ ਭਾਵਨਾ ਵਿਚ ਜੁੜਿਆ ਹੋਇਆ ਹੈ। ਹੁਣ ਤਾਂ ਸੰਸਾਰ ਦਾ ਕੋਈ ਐਸਾ ਦੇਸ਼ ਅਜਿਹਾ ਨਹੀਂ ਹੋਵੇਗਾ ਜਿਥੇ ਗੁਰੂ ਦਾ ਸਿੱਖ ਨਾ ਰਹਿੰਦਾ ਹੋਵੇ ਤੇ ਉਥੇ ਗੁਰਦਵਾਰਾ ਸਾਹਿਬ ਦੀ ਸਥਾਪਨਾ ਨਾ ਹੋਈ ਹੋਵੇ। ਇਸ ਸਿਲਸਲੇ ਵਿਚ ਇਕ ਦੋ ਹਾਸੇ ਵਾਲੀਆਂ ਗੱਲਾਂ ਵੀ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ ਜਿਨ੍ਹਾਂ ਤੋਂ ਸਿੱਖਾਂ ਦੀ ਸਾਰੇ ਬਰਹਮੰਡ ਵਿਚ ਵਿਚਰਨ ਦੀ ਅਣਥਕ ਤਾਂਘ ਦੇ ਝਲਕਾਰੇ ਪੈਂਦੇ ਹਨ। ਕਹਿੰਦੇ ਹਨ ਜਦ ਅਮਰੀਕਨ ਪੁਲਾੜੀ ਨੀਲ ਆਰਮ ਸਟਰਾਂਗ ਚੰਨ ਤੇ ਗਿਆ ਤਾਂ ਬੜਾ ਖੁਸ਼ ਹੋਇਆ ਕਿ ਉਹ ਦੁਨੀਆ ਦਾ ਪਹਿਲਾ ਮਨੁੱਖ ਹੈ ਜਿਸਨੇ ਚੰਨ ਦੀ ਧਰਤੀ ਤੇ ਪੈਰ ਰੱਖਿਆ ਹੈ

ਪਰ ਜਦ ਉਸਨੇ ਥੋੜ੍ਹਾ ਫਿਰ ਤੁਰ ਕੇ ਦੇਖਿਆ ਤਾਂ ਉਹ ਹੈਰਾਨ ਰਹਿ ਗਿਆ ਕਿ ਉਥੇ ਇਕ ਖਾਲਸਾ ਢਾਬਾ ਵੀ ਸੀ ਜਿਥੇ ਇਕ ਸਰਦਾਰ ਜੀ ਖੜ੍ਹੇ ਸਨ। ਦੋਨਾਂ ਨੇ ਫਤਿਹ ਸਾਂਝੀ ਕੀਤੀ ਤੇ ਨੀਲ ਆਰਮ ਸਟਰਾਂਗ ਨੇ ਸਰਦਾਰ ਜੀ ਤੋਂ ਪੁਛਿਆ ਕਿ ਤੁਸੀਂ ਚੰਨ ਤੇ ਕਦੋਂ ਆਏ ਹੋ ਤਾਂ ਸਰਦਾਰ ਜੀ ਨੇ ਜਵਾਬ ਦਿੱਤਾ ਕਿ 1947 ਦੇ ਦੇਸ਼ ਦੇ ਬਟਵਾਰੇ ਸਮੇਂ ਅਸੀਂ ਰਾਵਲਪਿੰਡੀ ਤੋਂ ਸਿਧੇ ਇਥੇ ਹੀ ਆ ਗਏ ਹਾਂ। ਦੋਨਾਂ ਦੀ ਦੋਸਤੀ ਪੈ ਗਈ। ਕੁਝ ਸਾਲਾਂ ਮਗਰੋਂ ਨੀਲ ਆਰਮ ਸਟਰਾਂਗ ਦੋਬਾਰਾ ਆਪਣੇ ਮਿਸ਼ਨ ਦੀ ਪੂਰਤੀ ਲਈ ਚੰਨ ਤੇ ਗਿਆ ਤੇ ਉਹ ਆਪਣਾ ਕੰਮ ਮੁਕਾ ਕੇ ਆਪਣੇ ਸਰਦਾਰ ਮਿੱਤਰ ਨੂੰ ਮਿਲਣ ਲਈ ਢਾਬੇ ਤੇ ਚਲਾ ਗਿਆ ਪਰ ਬੜਾ ਹੈਰਾਨ ਹੋਇਆ ਕਿ ਉਹ ਢਾਬਾ ਬੰਦ ਪਿਆ ਸੀ। ਚੰਗੀ ਤਰ੍ਹਾਂ ਦੇਖਣ ਤੇ ਉਸਨੂੰ ਇਕ ਪਰਚੀ ਹੋਟਲ ਦੀ ਦੀਵਾਰ ਤੇ ਲਗੀ ਦਿਸੀ ਜਿਸ ਤੇ ਲਿਖਿਆ ਸੀ ਕਿ ਅੱਜ ਕਲ ਮਾਰਜ਼ ਗ੍ਰਹਿ ਤੇ ਜਾਣਾ ਖੁਲਿਆ ਹੋਇਆ ਹੈ ਇਸ ਲਈ ਅਸੀਂ ਆਪਣਾ ਹੋਟਲ ਇਥੋਂ ਬੰਦ ਕਰਕੇ ਮਾਰਜ਼ ਤੇ ਸ਼ਿਫਟ ਕਰ ਗਏ ਹਾਂ। ਭਾਵੇਂ ਇਹ ਗੱਲ ਮਨਘੜਤ ਹੀ ਹੈ ਪਰ ਇਸ ਪਿੱਛੇ ਸਿੱਖ ਦੀ ਉਦਮਸ਼ੀਲਤਾ ਅਤੇ ਸਾਰੇ ਬ੍ਰਹਮੰਡ ਨੂੰ ਆਪਣਾ ਘਰ ਸਮਝਣ ਦੀ ਭਾਵਨਾ ਦੀ ਤਰਜਮਾਨੀ ਖੂਬ ਹੁੰਦੀ ਹੈ।

ਡਾ. ਨੋਇਲ ਕਿੰਗ

ਡਾ. ਨੋਇਲ ਕਿਉਂ ਕਿੰਗ, ਪ੍ਰੋਫੈਸਰ ਧਰਮ ਅਧਿਐਨ ਵਿਭਾਗ ਕੈਲੀਫੋਰਨੀਆ ਯੂਨੀਵਰਸਿਟੀ ਅਮਰੀਕਾ ਨੇ 10.2.1992 ਨੂੰ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਚ ਆਪਣਾ ਖੋਜ ਪੱਤਰ ਪੜ੍ਹਦਿਆਂ ਸਿੱਖ ਧਰਮ ਬਾਰੇ ਕਿਹਾ, "ਵਿਸ਼ਵ ਇਤਿਹਾਸ ਨੂੰ ਸਮਝਣ ਲਈ ਸਿੱਖ ਧਾਰਮਿਕਤਾ ਮਹਤਵਪੂਰਨ ਹੈ ਕਿਉਂਕਿ ਇਹ ਇਕ ਐਸਾ ਧਰਮ ਹੈ ਜੋ ਮੰਗ ਕਰਦਾ ਹੈ ਕਿ ਜੀਵਨ ਨੂੰ ਸਮੁੱਚੇ ਤੌਰ ਤੇ ਸੰਪੂਰਣ ਰੂਪ ਵਿਚ ਜੀਵਿਆ ਜਾਵੇ। ਕਿੰਗ ਆਪਣੇ ਇਕ ਖੋਜ ਪੱਤਰ 'Western obeisance to Sri Guru Granth Sahib' ਵਿਚ ਲਿਖਦਾ ਹੈ ਕਿ ਮੈਕਾਲਫ ਦੇ ਖੋਜ ਕਾਰਜ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਕਹੀ ਜਾ ਸਕਦੀ ਹੈ ਕਿ ਉਸ ਨੇ ਵਿਸ਼ਵ ਦੇ ਲੋਕਾਂ ਨੂੰ ਇਹ ਦਸ ਦਿੱਤਾ ਕਿ ਸਿੱਖਾਂ ਪਾਸ ਇਕ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਅਤਿਅੰਤ ਉਤਮ ਖਜ਼ਾਨਾ ਹੈ। ਇਹ ਹੋਰ ਧਰਮਾਂ ਦੀਆਂ ਧਾਰਮਿਕ ਪੁਸਤਕਾਂ ਨੂੰ ਨੀਵਾਂ ਦਿਖਾਉਣ ਲਈ ਨਹੀਂ ਲਿਖਿਆ ਗਿਆ। ਸਿੱਖਾਂ ਵਿਚ ਇਹ ਮਨਾਹੀ ਹੈ ਕਿ ਉਹ ਕਿਸੇ ਦੂਜੇ ਧਰਮ ਬਾਰੇ ਮਾੜਾ ਬੋਲਣ। ਇਸ ਗ੍ਰੰਥ ਵਿਚ ਨਾ ਤਾਂ ਕਹਾਣੀਆਂ ਹਨ ਨਾ ਹੀ ਲੰਮੇ ਲੰਮੇ ਬਿਰਤਾਂਤ ਹਨ ਅਤੇ ਇਹ ਤੰਤਰਾਂ, ਮੰਤਰਾਂ, ਜੰਤਰਾਂ ਤੋਂ ਵੀ ਮੁਕਤ ਹੈ। ਇਸ ਲਿਹਾਜ਼ ਨਾਲ ਇਹ ਵੇਦਾਂ, ਸ਼ਾਸਤਰਾਂ, ਪੁਰਾਣਾਂ ਅਤੇ ਕੁਰਾਨ ਸ਼ਰੀਫ ਆਦਿ ਨਾਲੋਂ ਭਿੰਨ ਹੈ। ਇਸ ਵਿਚ ਤਾਂ ਧੁਰੋਂ ਆਈ ਸਚਾਈ ਦਰਜ ਹੈ....।

ਡਬਲਿਊ ਓਵਨ ਕੋਲ

ਭਾਰਤ ਵਿਚ 1985 ਵਿਚ ਦਿਤੇ ਗਏ ਆਪਣੇ ਕੁੰਜੀਵਤ ਲੈਕਚਰ ਵਿਚ ਇਹ ਵਿਦਵਾਨ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਬਾਰੇ ਕਹਿੰਦਾ ਹੈ ਕਿ "ਸਿੱਖ ਧਰਮ ਹੀ ਕੇਵਲ ਇਕ ਅਜਿਹਾ ਧਰਮ ਹੈ ਜਿਹੜਾ ਆਪਣੇ ਲੰਗਰ ਵਿਚ ਬਿਨਾ ਕਿਸੇ ਭੇਦ ਭਾਵ ਦੇ ਸਭ ਨੂੰ ਜੀ ਆਇਆਂ ਕਹਿੰਦਾ ਹੈ। ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ

ਜ਼ਰਾ ਧਿਆਨ ਵਿਚ ਲਿਆਓ ਜਿਸ ਵਿਚ ਉਹ ਇਕ ਪ੍ਰਮਾਤਮਾ ਨੂੰ ਮੰਨਦੇ ਹਨ ਤੇ ਸਾਰੀ ਮਨੁੱਖ ਜਾਤੀ ਨੂੰ ਉਸ ਦੀ ਸੰਤਾਨ ਗਰਦਾਨਦੇ (ਮੰਨਦੇ) ਹਨ। ਜੇਕਰ ਕੋਈ ਭਾਈਚਾਰਾ ਕੌਮੀ ਏਕਤਾ ਦੀ ਕੁੰਜੀ ਦਾ ਧਾਰਨੀ ਹੈ ਤਾਂ ਉਹ ਹਰ ਸਮੇਂ ਸਿੱਖ ਹੀ ਹੋ ਸਕਦੇ ਹਨ।" ਸਤੰਬਰ 1995 ਵਿਚ ਅੰਮ੍ਰਿਤਸਰ ਵਿਖੇ ਹੋਏ ਵਿਸ਼ਵ ਸਿੱਖ ਸੰਮੇਲਨ ਵਿਚ ਵੀ ਉਸ ਨੇ ਅਜਿਹੇ ਹੀ ਵਿਚਾਰ ਪ੍ਰਗਟਾਏ।

ਸਵਾਮੀ ਨਿਤਿਆ ਨੰਦ

ਯੋਗ ਹਠ ਰਾਹੀਂ ਪ੍ਰਭੂ ਪ੍ਰਾਪਤੀ ਦੇ ਪ੍ਰਯਤਨਾਂ ਵਿਚ ਜੁਟਿਆ ਰਿਹਾ ਸਵਾਮੀ ਨਿਤਿਆ ਨੰਦ ਯੋਗ ਆਸਨਾਂ ਤੋਂ ਜਦੋਂ ਮਾਯੂਸ ਹੋ ਗਿਆ ਤਾਂ ਉਸ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਸੇ ਨਾਮ ਸਿਮਰਨ ਵਲ ਧਿਆਨ ਦਿੱਤਾ ਤਾਂ ਉਸਨੂੰ ਬਹੁਤ ਰਾਹਤ ਮਿਲੀ। ਇਨ੍ਹਾਂ ਨਵੇਂ ਅਨੁਭਵਾਂ ਨੂੰ ਅਧਾਰ ਬਣਾ ਕੇ ਉਸ ਨੇ ਜਿਹੜੀ ਕਿਤਾਬ ਲਿਖੀ ਉਸ ਦਾ ਨਾਂ 'ਗੁਰੂ ਗਿਆਨ' ਹੈ ਜਿਸ ਵਿਚ ਉਹ ਲਿਖਦਾ ਹੈ ਕਿ ਮੈਂ ਗੁਰੂ ਨਾਨਕ ਸਾਹਿਬ ਵਲੋਂ ਦਸੇ ਵਾਹਿਗੁਰੂ ਵਲ ਬਿਰਤੀ ਜੋੜੀ ਤਾਂ ਮੈਨੂੰ ਅਨੰਦ ਆਇਆ। ਅਜਿਹਾ ਅਨੰਦ ਮੈਨੂੰ ਯੋਗਾ ਆਸਨਾਂ ਦੁਆਰਾ ਪਹਿਲੇ ਕਦੇ ਨਹੀਂ ਸੀ ਪ੍ਰਾਪਤ ਹੋਇਆ। ਇਸ ਲਈ ਇਹ ਸਵਾਮੀ ਆਪਣੇ ਇਨ੍ਹਾਂ ਅਨੁਭਵਾਂ ਦੇ ਤਾਬੇ ਯੋਗ ਆਸਨਾਂ ਦਾ ਖੰਡਨ ਕਰਦਾ ਹੋਇਆ ਨਾਮ ਮਾਰਗ ਦਾ ਪਾਂਧੀ ਬਣ ਕੇ ਅਨੰਦ ਪ੍ਰਾਪਤ ਕਰਦਾ ਹੈ ਜਿਹੜਾ ਉਸ ਦੇ ਮਨ, ਬੁਧੀ ਤੇ ਆਤਮਾ ਨੂੰ ਸਹਿਜਤਾ ਪ੍ਰਦਾਨ ਕਰਦਾ ਹੈ।

6

ਇੰਗਲੈਂਡ ਵਿਚ

ਸਿੱਖ ਧਰਮ ਦੀ ਜੈ ਜੈ ਕਾਰ ਦੀ ਘੜੀ

ਕਾਜ਼ੀ ਨੂਰ ਮੁਹੰਮਦ ਵਲੋਂ ਸਿੱਖਾਂ ਦੇ ਇਖਲਾਕੀ ਵਸਫਾਂ ਦਾ ਜ਼ਿਕਰ ਕਰਨ ਉਪਰੰਤ ਇਹ ਲਿਖਿਆ ਗਿਆ ਹੈ ਕਿ ਕਾਜ਼ੀ ਦੇ ਕਹੇ ਅਨੁਸਾਰ ਸਿੱਖ ਦਾ ਇਖਲਾਕੀ ਜੀਵਨ ਬਹੁਤ ਉੱਚਾ ਹੈ। ਕਾਜ਼ੀ ਨੇ ਅਜਿਹਾ ਤਦ ਹੀ ਲਿਖਿਆ ਹੈ ਕਿਉਂਕਿ ਕਾਜ਼ੀ ਨੂੰ ਉਸ ਉਚ ਪਾਏ ਦੇ ਇਖਲਾਕੀ ਜੀਵਣ ਨੂੰ ਦੇਖਣ ਦਾ ਭਰਵਾਂ ਮੌਕਾ ਮਿਲਿਆ ਹੈ। ਪਰ ਜਿਥੇ ਤਕ ਸਿੱਖ ਦੇ ਆਤਮਿਕ ਤੇ ਧਾਰਮਿਕ ਜੀਵਨ ਦਾ ਸੰਬੰਧ ਹੈ, ਉਸ ਦੀ ਵੀ ਫਬ ਨਿਰਾਲੀ ਹੈ। ਨਿਮਨ ਘਟਨਾ ਤੋਂ ਇਸ ਗੱਲ ਦਾ ਵੀ ਖੁਲ੍ਹ ਕੇ ਨਿਸਤਾਰਾ ਹੋ ਜਾਵੇਗਾ।

ਸਿੱਖਾਂ ਦਾ ਰਬ ਨਾਲ ਨਿਕਟ ਸਹਿਚਾਰ

1976 ਦੀਆਂ ਗਰਮੀਆਂ ਦੌਰਾਨ ਇੰਗਲੈਂਡ ਦੀਆਂ ਸਾਰੀਆਂ ਨਿਕੀਆਂ ਮੋਟੀਆਂ ਅਖਬਾਰਾਂ ਵਿਚ ਸਿੱਖਾਂ ਦੇ ਰੱਬ ਨਾਲ ਘਨਿਸ਼ਟ ਸੰਬੰਧਾਂ ਬਾਰੇ ਕਈ ਵੱਖ ਵੱਖ ਸਿਰਲੇਖਾਂ ਹੇਠ ਇਕ ਖਬਰ ਕਈ ਦਿਨ ਕਾਫੀ ਸਰਗਰਮ ਰੂਪ ਵਿਚ ਛਪਦੀ ਰਹੀ ਜਿਸ ਨਾਲ ਸਿੱਖ, ਇੰਗਲੈਂਡ ਤੇ ਯੂਰਪ ਦੇ ਕਈ ਹੋਰ ਦੇਸ਼ਾਂ ਵਿਚ ਵਿਸ਼ੇਸ਼ ਖਿਚ ਦਾ ਕਾਰਨ ਬਣੇ ਰਹੇ। ਬਰਤਾਨੀਆ ਦੇ ਟੀ. ਵੀ. ਅਤੇ ਰੇਡੀਓ ਨੇ ਵੀ ਆਪਣੀ ਵਿਤ ਅਨੁਸਾਰ ਇਸ ਖਬਰ ਤੇ ਅਧਾਰਿਤ ਘਟਨਾ ਨੂੰ ਖੂਬ ਉਭਰਵਾਂ ਪਰਸਾਰਨ ਦਿੱਤਾ। ਗੱਲ ਇਵੇਂ ਹੋਈ ਕਿ ਉਸ ਸਾਲ ਇੰਗਲੈਂਡ ਵਿਚ ਗਰਮੀ ਬਹੁਤ ਵਧ ਪਈ ਤੇ ਬਾਰਸ਼ਾਂ ਵੀ ਨਾ ਹੋਈਆਂ। ਉਂਜ ਇਹ ਕਥਨ ਮਸ਼ਹੂਰ ਹੈ ਕਿ ਇੰਗਲੈਂਡ ਦੇ ਮੌਸਮ ਦਾ ਕੋਈ ਥੰਹ ਠਿਕਾਣਾ ਨਹੀਂ। ਜੇ ਹੁਣੇ ਧੁੱਪ ਚੜ੍ਹੀ ਹੋਈ ਹੈ ਤਾਂ ਅਗਲੇ ਹੀ ਪਲ ਬਾਰਸ਼ ਜਾਂ ਬਰਫ ਪੈ ਸਕਦੀ ਹੈ। ਮੌਸਮ ਵਿਭਾਗ, ਸਮੇਂ ਸਮੇਂ ਤੇ ਵੇਰਵਾਗਤ ਢੰਗ ਨਾਲ ਪਰਸਾਰ ਮਾਧਿਅਮਾਂ ਰਾਹੀਂ ਲੋਕਾਂ ਨੂੰ ਮੌਸਮ ਬਾਰੇ ਜਾਣਕਾਰੀ ਦੇਂਦਾ ਰਹਿੰਦਾ ਹੈ ਜੋ ਲਗਭਗ ਠੀਕ ਹੀ ਹੁੰਦੀ ਹੈ। ਉਸ ਦੇਸ਼ ਵਿਚ ਗਿਆ ਨਵਾਂ ਨਵਾਂ ਵਿਅਕਤੀ ਹੈਰਾਨ ਜਿਹਾ ਹੋ ਜਾਂਦਾ ਹੈ ਜਦ ਉਹ ਇਹ ਵੇਖਦਾ ਹੈ ਕਿ ਪੈਦਲ ਚਲਣ ਵਾਲੇ ਅਧਖੜ ਉਮਰ ਦੇ ਗੋਰੇ ਗੋਰੀਆਂ ਧੁਪ ਵਿਚ ਵੀ ਹੱਥਾਂ ਵਿਚ ਛਾਤਾ, ਪੈਰਾਂ ਵਿਚ ਗੰਮ ਬੂਟ ਤੇ ਮੋਢੇ ਤੇ ਰੇਨ ਕੋਟ ਰਖੀ ਫਿਰਦੇ ਹਨ। ਕਾਰਨ ਇਹ ਹੀ ਹੈ ਕਿ ਮੌਸਮ ਜਲਦੀ ਜਲਦੀ ਪਲਾਂ ਪਲਾਂ ਵਿਚ ਬਦਲ ਜਾਂਦਾ ਹੈ ਪਰ 1976 ਵਿਚ ਸ਼ਾਇਦ ਬਾਰਸ਼ ਦਾ ਦੇਵਤਾ ਗੋਰਿਆਂ ਨਾਲ ਰੁਸ ਗਿਆ ਸੀ। ਲਗਾਤਾਰ ਕਈ ਦਿਨ ਬੀਤ ਜਾਣ ਤੇ ਵੀ ਜਦ ਬਾਰਸ਼ ਨਾ ਹੋਈ ਤਾਂ ਜਨਤਾ ਨੂੰ ਪਾਣੀ ਦੀ ਕਿਲਤ ਮਹਿਸੂਸ ਹੋਣ ਲਗੀ। ਸਰਕਾਰ ਨੇ ਲੋਕਾਂ ਨੂੰ ਪਰੇਰਨਾ ਦਿੱਤੀ ਕਿ ਉਹ ਆਪਣੀਆਂ ਬਗ਼ੀਚੀਆਂ ਨੂੰ ਸਾਫ ਪਾਣੀ ਦੇਣਾ ਬੰਦ ਕਰ ਦੇਣ ਤੇ ਪਾਣੀ ਦੀ ਬਚਤ ਕਰਨ। ਫਿਰ ਕੁਝ ਦਿਨਾਂ ਮਗਰੋਂ ਕਾਰਾਂ ਅਤੇ ਕੱਪੜੇ ਧੋਣ ਦੀ ਵੀ ਮਨਾਹੀ ਹੋ ਗਈ ਅਤੇ ਆਖਿਰ

ਵਿਚ ਜਦੋਂ ਪਾਣੀ ਦੀ ਸਖਤ ਕਿਲਤ ਹੋ ਗਈ ਤਾਂ ਮਜਬੂਰਨ ਸਰਕਾਰ ਨੂੰ ਲੋਕਾਂ ਦੇ ਨਹਾਉਣ ਧੋਣ ਤੇ ਵੀ ਪਾਬੰਦੀ ਲਗਾਣੀ ਪਈ।

ਹਾਲਤ ਬਹੁਤ ਚਿੰਤਾਜਨਕ ਦੇਖ ਕੇ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਕਿ ਜਿਹੜੇ ਵਿਅਕਤੀ ਬਰਦਾਸ਼ਤ ਕਰ ਸਕਦੇ ਹਨ, ਉਹ ਕੁਝ ਦਿਨਾਂ ਲਈ ਦੇਸ਼ ਤੋਂ ਬਾਹਰ ਛੁਟੀਆਂ ਮਨਾਉਣ ਚਲੇ ਜਾਣ ਤਾਂ ਜੋ ਪਾਣੀ ਦੀ ਕਿਲਤ ਕਾਰਨ ਵਾਪਰੀ ਔਖ ਤੋਂ ਬਚ ਸਕਣ। ਜਦ ਇਤਨੇ ਉਪਾਅ ਕਰਨ ਤੇ ਵੀ ਸਥਿਤੀ ਬ-ਦਸਤੂਰ ਖਰਾਬ ਹੁੰਦੀ ਗਈ, ਝੀਲਾਂ ਸੁਕ ਗਈਆਂ ਤਾਂ ਸਰਕਾਰ ਨੇ ਨਾਗਰਿਕਾਂ ਨੂੰ ਰਾਏ ਦਿੱਤੀ ਕਿ ਉਹ ਆਪਣੇ ਆਪਣੇ ਅਕੀਦੇ ਅਨੁਸਾਰ ਰਬ ਅੱਗੇ ਅਰਜੋਈ ਕਰਨ ਕਿ ਉਹ ਵਰਖਾ ਦੀ ਮਿਹਰ ਕਰੇ। ਸਰਕਾਰ ਦੀ ਇਸ ਤਜਵੀਜ਼ ਦੇ ਅਧਾਰ ਤੇ ਸਭ ਨੇ ਆਪਣੇ ਆਪਣੇ ਢੰਗ ਨਾਲ ਅਰਦਾਸਾਂ ਕੀਤੀਆਂ ਪਰ ਕੁਝ ਨਾ ਬਣਿਆ। ਕੁਝ ਦੇਰ ਤਕ ਹੋਰ ਤੰਗਦਸਤੀ ਵਾਲੀ ਇਹ ਹਾਲਤ ਦੇਖਣ ਉਪਰੰਤ ਮੌਸਮ ਵਿਭਾਗ ਨੇ ਦੇਸ਼ ਵਾਸੀਆਂ ਨੂੰ ਖ਼ਬਰਦਾਰ ਕੀਤਾ ਕਿ ਹਾਲੇ ਕਈ ਦਿਨ ਵਰਖਾ ਦੀ ਇਕ ਬੂੰਦ ਪੈਣ ਦੀ ਵੀ ਬਿਲਕੁਲ ਕੋਈ ਸੰਭਾਵਨਾ ਨਹੀਂ।

ਇਹ ਸੁਣ ਕੇ ਲੋਕੀ ਬਹੁਤ ਪਰੇਸ਼ਾਨ ਹੋ ਗਏ ਅਤੇ ਸਿੱਖਾਂ ਨੇ ਇਕੱਠੇ ਹੋ ਕੇ ਅਰਦਾਸ ਕਰਨ ਦਾ ਮਨ ਬਣਾਇਆ। ਫੈਸਲਾ ਇਹ ਹੋਇਆ ਕਿ ਅਗਲੇ ਹੀ ਦਿਨ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਰਖਿਆ ਜਾਵੇਗਾ ਅਤੇ ਬੜੀ ਸ਼ਰਧਾ ਭਾਵਨਾ ਵਿਚ ਇਹ ਐਲਾਨ ਕੀਤਾ ਕਿ ਜਿਸ ਵਕਤ ਪਾਠ ਦਾ ਭੋਗ ਪੈਣ ਉਪਰੰਤ ਅਰਦਾਸ ਹੋਵੇਗੀ ਤੇ ਹੁਕਮਨਾਮਾ ਲਿਆ ਜਾਵੇਗਾ ਤਾਂ ਰਬ ਸੇਵਕਾਂ ਦੀ ਅਰਦਾਸ ਸੁਣ ਦੇ ਬਾਰਸ਼ ਦੀ ਛਹਿਬਰ ਜ਼ਰੂਰ ਲਗਾ ਦੇਵੇਗਾ। ਸਿੰਘਾਂ ਨੇ ਇੰਗਲੈਂਡ ਵਿਚ ਰਹਿੰਦੀਆਂ ਸਾਰੀਆਂ ਸਿੱਖ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਨ੍ਹਾਂ ਤਿੰਨ ਦਿਨਾਂ ਵਿਚ ਜਿਥੇ ਕਿਧਰੇ ਵੀ ਇੰਗਲੈਂਡ ਵਿਚ ਰਹਿੰਦੀਆਂ ਹੋਣ, ਪਾਠ ਕਰਨ ਅਤੇ ਬਾਰਸ਼ ਪੈਣ ਲਈ ਅਰਦਾਸ ਕਰਨ। ਇਹ ਐਲਾਨ ਪਰਸਾਰਤ ਹੋਣ ਸਾਰ ਸਾਰੀ ਇੰਗਲੈਂਡੀ ਦੁਨੀਆ ਦਾ ਮੂੰਹ ਸਿੱਖਾਂ ਵਲ ਹੋ ਗਿਆ। ਉਨ੍ਹਾਂ ਦੇ ਇਸ ਐਲਾਨ ਨੂੰ ਕਈ ਤਾਂ ਟਿੱਚਰ ਸਮਝਦੇ ਪਰ ਸੰਜੀਦਾ ਸੋਚ ਵਾਲੇ ਮਨੁੱਖ ਇਹ ਜ਼ਰੂਰ ਕਹਿੰਦੇ ਕਿ ਜਿਸ ਹੌਸਲੇ ਤੇ ਸਿਦਕ-ਦਿਲੀ ਨਾਲ ਸਿੱਖਾਂ ਨੇ ਵਰਖਾ ਹੋਣ ਬਾਰੇ ਐਲਾਨ ਕੀਤਾ ਹੈ ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਜ਼ਰੂਰ ਹੀ ਕੋਈ ਰੱਬੀ ਸ਼ਕਤੀ ਉਨ੍ਹਾਂ ਦੇ ਵਸ ਵਿਚ ਹੋਵੇਗੀ ਵਰਨਾ ਇਸ ਕਿਸਮ ਦੇ ਬਿਆਨ ਦੀ ਪੂਰਤੀ ਨਾ ਹੋਣ ਦੀ ਸੂਰਤ ਵਿਚ ਪਬਲਿਕ ਵਿਚ ਬਹੁਤ ਨਾਮੋਸ਼ੀ ਉਠਾਣੀ ਪੈ ਸਕਦੀ ਹੈ ਤੇ ਸਿੱਖ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਅਖੰਡ ਪਾਠ ਸਾਹਿਬ ਦੌਰਾਨ ਸਾਊਥਹਾਲ ਦੇ ਗੁਰਦਵਾਰਾ ਸਾਹਿਬ ਵਿਚ ਰੌਣਕਾਂ ਲਗ ਗਈਆਂ। ਸਾਰੀ ਸਿੱਖ ਸੰਗਤ ਇੰਗਲੈਂਡ ਵਿਚ ਜਿਥੇ ਕਿਧਰੇ ਵੀ ਰਹਿੰਦੀ ਸੀ ਅਰਦਾਸਾਂ ਵਿਚ ਜੁਟ ਗਈ ਕਿ ਵਾਹਿਗੁਰੂ ਆਪਣੇ ਸੇਵਕਾਂ ਦੀ ਬੇਨਤੀ ਨੂੰ ਸਾਕਾਰ ਕਰ ਵਿਖਾਉਣਾ। ਹਰ ਹਿਰਦੇ ਵਿਚ ਨਿਸਚਾ ਸੀ, ਸ਼ਰਧਾ ਸੀ ਤੇ ਨਿਸ਼ਕਾਮ ਭਾਵਨਾ ਦਾ ਵਾਸਾ ਸੀ। ਤੀਜੇ ਦਿਨ ਸਵੇਰੇ ਅਖੰਡ ਪਾਠ ਸਾਹਿਬ ਦਾ ਭੋਗ ਪਿਆ, ਮੌਸਮ ਸਾਫ ਸੀ, ਨਾਮਧਾਰੀ ਸੰਪਰਦਾ ਦੇ ਪ੍ਰਮੁਖ ਬਾਬਾ ਜਗਜੀਤ ਸਿੰਘ ਨੇ ਜਿਸ ਭਾਵ ਭਿੰਨੇ ਤੇ ਨਿਮਰਤਾ ਭਰੇ ਲਹਿਜੇ ਨਾਲ ਅਰਦਾਸ ਕੀਤੀ ਉਸ ਨਾਲ

ਸਭ ਸੰਗਤ ਦੇ ਨੇਤਰ ਨਮ ਹੋ ਗਏ। "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ" ਦੇ ਮਹਾਂਵਾਕ ਅਨੁਸਾਰ ਅਰਦਾਸ ਉਪਰੰਤ ਹੁਕਮਨਾਮਾ ਲਿਆ ਗਿਆ ਜੋ "ਸਾਵਣ ਆਇਆ" ਦੇ ਸ਼ਬਦ ਨਾਲ ਸਬੰਧਤ ਸੀ। ਬਸ ਫਿਰ ਕੀ ਸੀ, ਅੰਦਰ ਹੁਕਮਨਾਮੇ ਦੇ ਸ਼ਬਦ ਚਲ ਰਹੇ ਸਨ ਤੇ ਬਾਹਰ ਛਮਾਛਮ ਵਰਖਾ ਦੀ ਝੜੀ ਚਲ ਪਈ। 15 ਮਿੰਟ ਅਸਮਾਨ ਜੈਕਾਰਿਆਂ ਨਾਲ ਗੂੰਜਦਾ ਰਿਹਾ। ਬੇਸ਼ੁਮਾਰ ਟੀ. ਵੀ., ਰੇਡੀਓ, ਅਖ਼ਬਾਰਾਂ ਵਾਲੇ ਤੇ ਹੋਰ ਗੋਰੇ ਜੋ ਇਹ ਕਾਰਵਾਈ ਦੇਖਣ ਤੇ ਇਸਦੀ ਰਿਪੋਰਟਿੰਗ ਕਰਨ ਲਈ ਵਿਸ਼ੇਸ਼ ਤੌਰ ਤੇ ਗੁਰਦਵਾਰਾ ਸਾਹਿਬ ਵਿਖੇ ਆਏ ਹੋਏ ਸਨ, ਬਾਰਸ਼ ਹੁੰਦੀ ਵੇਖ ਕੇ ਖੁਸ਼ੀ ਨਾਲ ਝੂਮ ਉਠੇ। ਸਿੱਖ ਸੰਗਤਾਂ ਦੀ ਜ਼ੁਬਾਨ ਉੱਤੇ ਆਪਣੇ ਅਕਾਲਪੁਰਖ ਦੇ ਧੰਨਵਾਦ ਵਜੋਂ, ਵਾਹਿਗੁਰੂ, ਵਾਹਿਗੁਰੂ, ਧੰਨ ਗੁਰੂ ਨਾਨਕ ਦੇਵ ਜੀ ਆਦਿ ਦੇ ਸ਼ਬਦ ਆਪ ਮੁਹਾਰੇ ਨਿਕਲ ਰਹੇ ਸਨ। ਸਾਰਾ ਵਾਤਾਵਰਨ ਖੁਸ਼ੀ, ਅਨੰਦ ਤੇ ਸਤਿਕਾਰੀ ਭਾਵਨਾ ਨਾਲ ਸਰਚਾਰਜ ਹੋ ਗਿਆ ਅਤੇ ਉਹ ਬਾਰਸ਼ ਕਈ ਚਿਰ ਜਾਰੀ ਰਹੀ ਤੇ ਇੰਗਲੈਂਡ ਵਿਚ ਸਭ ਪਾਸੇ ਜਲ ਥਲ ਹੋ ਗਿਆ। ਮਾਯੂਸ ਮਨਾਂ ਵਿਚ ਖੇੜਾ ਆ ਗਿਆ।

ਅਗਲੇ ਦਿਨ ਅਖਬਾਰਾਂ, ਟੀ.ਵੀ. ਤੇ ਜਨ ਸਮੂਹ ਮਾਧਿਅਮਾਂ ਤੋਂ ਸਿੱਖਾਂ ਦੀ ਇਸ 'ਕਰਨੀ' ਦੇ ਸ਼ਲਾਘਾਜਨਕ ਚਰਚੇ ਹੋਏ। ਸਿੱਖਾਂ ਦਾ ਅਤੇ ਵਿਸ਼ੇਸ਼ ਤੌਰ ਤੇ ਬਾਬਾ ਜਗਜੀਤ ਸਿੰਘ ਹੋਰਾਂ ਦਾ ਸ਼ਾਹੀ ਘਰਾਨੇ ਅਤੇ ਵਲਾਇਤੀ ਸਰਕਾਰ ਨੇ ਭਰਵਾਂ ਧੰਨਵਾਦ ਕੀਤਾ। ਜਦ ਲੋੜ ਨਾਲੋਂ ਵਧ ਵਰਖਾ ਪੈ ਜਾਣ ਤੇ ਵੀ ਉਹ ਬੰਦ ਨਹੀਂ ਸੀ ਹੋ ਰਹੀ ਤਾਂ ਆਮ ਗੋਰੇ ਪਿਆਰ ਭਰੇ ਮਖੌਲ ਨਾਲ ਸਿੱਖਾਂ ਨੂੰ ਕਹਿੰਦੇ ਕਿ ਤੁਸੀਂ ਰੱਬ ਨੂੰ ਬਾਰਸ਼ ਕਰਵਾਣ ਦੀ ਜੋ ਫੀਸ ਦੇਣੀ ਮੰਨੀ ਸੀ ਸ਼ਾਇਦ ਉਹ ਦੇਣੀ ਭੁੱਲ ਗਏ ਹੋ ਜਿਸ ਕਰਕੇ ਬਾਰਸ਼ ਬੰਦ ਨਹੀਂ ਹੋ ਰਹੀ। ਇਸ ਅਲੌਕਿਕ ਘਟਨਾ ਨਾਲ ਲੋਕਾਂ ਦੀ ਸਿੱਖ ਧਰਮ ਨੂੰ ਜਾਣਨ ਬਾਰੇ ਜਗਿਆਸਾ ਵਧ ਗਈ। ਹਰ ਕਿਸੇ ਸਿੱਖ ਪਾਸੋਂ ਗੋਰੇ ਇਹੀ ਪੁੱਛਦੇ, ਤੁਸੀਂ ਰਬ ਨੂੰ ਕਿਵੇਂ ਵਸ ਵਿਚ ਕੀਤਾ ਹੋਇਆ ਹੈ? ਜਵਾਬ ਵਿਚ ਕਈ ਰਿਪੋਰਟਾਂ ਅਖਬਾਰਾਂ ਵਿਚ ਛਪੀਆਂ ਕਿ ਸਿੱਖ ਗੁਰੂ ਸਾਹਿਬਾਨ ਨੇ 239 ਸਾਲ ਦੀ ਘਾਲਣਾ ਘਾਲ ਕੇ ਜਿਹੜਾ ਅਮਲੀ ਜੀਵਨ ਜੀਣ ਦੀ ਸਿੱਖ ਨੂੰ ਜਾਚ ਦੱਸੀ ਹੈ, ਜੇ ਸਿੱਖ ਉਸ ਦੇ ਕੁਝ ਭਾਗ ਨੂੰ ਵੀ ਸੰਜੀਦਗੀ ਤੇ ਨਿਸ਼ਚੇ ਭਰੀ ਸ਼ਰਧਾ ਨਾਲ ਧਾਰਨ ਕਰ ਲਵੇ ਤਾਂ ਰਿੱਧੀਆਂ ਸਿੱਧੀਆਂ ਸਿੱਖ ਦੀ ਜ਼ਬਾਨ 'ਤੇ ਦਾਸੀਆਂ ਵਜੋਂ ਹੱਥ ਜੋੜ ਕੇ ਖੜ ਜਾਂਦੀਆਂ ਹਨ। ਇਸ ਲਈ ਗੁਰੂ ਦੇ ਸਿੱਖ ਵਲੋਂ ਨਿਸ਼ਕਾਮ ਭਾਵਨਾ ਵਿਚ ਉਚਰੇ ਸ਼ਬਦ ਅਸਰ ਕੀਤੇ ਬਗ਼ੈਰ ਨਹੀਂ ਰਹਿ ਸਕਦੇ। ਇਹੀ ਕਾਰਨ ਹੈ ਕਿ ਦਸਵੇਂ ਗੁਰੂ ਸਾਹਿਬ ਨੇ ਸਿੱਖ ਨੂੰ ਕੇਸਾਂ ਦਾਹੜੀ ਤੇ ਦਸਤਾਰ ਵਾਲਾ ਰੂਪ ਬਖਸ਼ ਕੇ ਅਤੇ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਕੇ ਆਪਣੇ ਜਿਹਾ ਕਰ ਲਿਆ ਹੈ। ਉਨ੍ਹਾਂ ਦਾ ਹੁਕਮ ਵੀ ਹੈ:

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮੇਂ ਹਉ ਕਰਉ ਨਿਵਾਸ॥

ਇਸ ਇਕੋ ਘਟਨਾ ਨਾਲ ਸਾਰੇ ਪੱਛਮੀ ਸੰਸਾਰ ਵਿਚ ਇਹ ਗੱਲ ਉਜਾਗਰ ਹੋ ਕੇ ਸਾਹਮਣੇ ਆਈ ਕਿ ਵਾਹਿਗੁਰੂ ਨੇ ਸਿੱਖ ਨੂੰ ਨਿਰੋਲ ਆਪਣੇ ਸਰੂਪ ਵਿਚ ਘੜਿਆ ਹੈ। ਘੜਿਆ ਤਾਂ ਸਾਰਿਆਂ ਨੂੰ ਉਸ ਨੇ ਇਵੇਂ ਹੀ ਹੈ ਪਰ ਕੇਸਾਂ ਦਾਹੜੀ ਦੇ ਰੋਮਾਂ ਨੂੰ ਕਟਵਾ ਕੇ ਬਹੁਤੀ ਦੁਨੀਆਂ ਨੇ ਆਪਣੇ ਸਰੂਪ ਨੂੰ ਉਸਦੇ ਸਰੂਪ ਵਾਲਾ

ਨਹੀਂ ਰਹਿਣ ਦਿੱਤਾ। ਕੇਵਲ ਸਿੱਖ ਹੀ ਅਜਿਹੇ ਰਹਿ ਗਏ ਜੋ ਕੇਸਾਂ ਦਹਾੜੀਆਂ ਦਾ ਸਤਿਕਾਰ ਕਰਕੇ ਉਸਦੇ ਪ੍ਰਵਾਨ ਕੀਤੇ ਸਰੂਪ ਦੇ ਸਹੀ ਵਾਰਸ ਅਖਵਾ ਸਕਦੇ ਹਨ। ਕਈ ਗੋਰੇ ਇਹ ਗੱਲ ਮੰਨਣ ਲਗ ਪਏ ਹਨ ਕਿ ਸ਼ਾਇਦ ਸਿੱਖਾਂ ਦੇ ਲੰਮੇ ਲੰਮੇ ਰੋਮ ਸੱਚ ਮੁਚ ਹੀ ਅਕਾਲਪੁਰਖ ਦੀ ਅਗੰਮੀ ਸ਼ਕਤੀ ਗ੍ਰਹਿਣ ਕਰਨ ਲਈ ਏਰੀਅਲ ਦਾ ਵੀ ਕੰਮ ਕਰਦੇ ਹਨ ਕਿਉਂਕਿ ਜਿਤਨੇ ਨੇੜੇ ਹੋ ਕੇ ਵਾਹਿਗੁਰੂ ਨੇ ਸਿੱਖਾਂ ਦੀ ਗੱਲ ਸੁਣੀ ਹੈ, ਕਿਸੇ ਹੋਰ ਦੀ ਨਹੀਂ ਸੁਣੀ। ਇਸ ਵਾਕੇ (ਘਟਨਾ) ਨਾਲ ਸਿੱਖ ਧਰਮ ਅਤੇ ਕੇਸਾਂ ਬਾਰੇ ਗ਼ੈਰ-ਸਿੱਖਾਂ ਵਿਚ ਵੀ ਕਾਫ਼ੀ ਜਾਗਰਤੀ ਪੈਦਾ ਹੋਈ ਮਗਰ ਉਨ੍ਹਾਂ ਖੇਤਰਾਂ ਵਿਚ ਠੋਸ ਪ੍ਰਚਾਰ ਦੀ ਅਣਹੋਂਦ ਕਾਰਨ ਇਹ ਜਜ਼ਬਾ ਸ਼ਕਤੀ ਨਾ ਫੜ ਸਕਿਆ। ਪਰ ਇਸ ਦੇ ਬਾਵਜੂਦ ਵੀ ਇਸ ਗੱਲ ਤੋਂ ਮੁੱਨਕਰ ਨਹੀਂ ਹੋਇਆ ਜਾ ਸਕਦਾ ਕਿ ਸਿੱਖਾਂ ਨੂੰ ਗੁਰੂ ਸਾਹਿਬਾਨ ਵਲੋਂ ਬੜੀ ਸ਼ਕਤੀ ਦਾ ਵਰਦਾਨ ਹੋਇਆ ਹੈ।

ਗੁਰਸਿਖਾ ਅੰਦਰਿ ਸਤਿਗੁਰੁ ਵਰਤੈ
ਚੁਣਿ ਕਢੇ ਲਧੋਵਾਰੇ॥ (ਸਲੋਕ ਮ: 4, ਪੰਨਾ-312)

ਸਿੱਖਾਂ ਦੀਆਂ ਅਰਦਾਸਾਂ ਦੀ ਬਦੌਲਤ ਇੰਗਲੈਂਡ ਵਿਚ ਬਾਰਸ਼ ਦੀ ਜਿਹੜੀ ਘਟਨਾ ਵਾਪਰੀ, ਉਸ ਬਾਰੇ ਇੰਗਲੈਂਡ ਦੀਆਂ ਕੁਝ ਅਖ਼ਬਾਰਾਂ ਦੀ ਰਿਪੋਰਟਿੰਗ ਪਾਠਕਾਂ ਦੀ ਦਿਲਚਸਪੀ ਹਿਤ ਨਿਮਨ ਦਰਜ ਕੀਤੀ ਜਾਂਦੀ ਹੈ:-

ਸਾਊਥਹਾਲ ਗਜ਼ਟ, ਯੂ.ਕੇ.; ਸ਼ੁਕਰਵਾਰ 27 ਅਗਸਤ 1976:

1. "ਸਾਊਥਹਾਲ ਬੈਂਕ ਹਾਲੀਡੇ ਸ਼ੋ ਦੇ ਪ੍ਰਬੰਧਕਾਂ ਨੂੰ ਆਤਸ਼ਬਾਜ਼ੀ ਦੇ ਰੰਗਾ ਰੰਗ ਪ੍ਰੋਗਰਾਮ ਨੂੰ ਇਸ ਲਈ ਰੱਦ ਕਰਨਾ ਪਿਆ ਕਿ ਜੇਕਰ ਆਤਸ਼ਬਾਜ਼ੀ ਨਾਲ ਕਿਧਰੇ ਅੱਗ ਲਗ ਗਈ ਤਾਂ ਅੱਗ ਬੁਝਾਣ ਵਾਲੇ ਇੰਜਣਾਂ ਵਿਚ ਪਾਣੀ ਨਾ ਹੋਣ ਕਾਰਨ ਵੱਡੀ ਤਬਾਹੀ ਹੋ ਸਕਦੀ ਹੈ।"

2. "ਨਾਰਵੁਡ ਕ੍ਰਿਕਟ ਕਲਬ ਵਲੋਂ ਸੀਜ਼ਨ ਭਰ ਲਈ ਖੇਡ ਬੰਦ ਕਰ ਦਿੱਤੀ ਗਈ ਕਿਉਂਕਿ ਗਰਾਉਂਡਾਂ ਲਈ ਪਾਣੀ ਨਾ ਹੋਣ ਕਾਰਨ ਵੱਡੀਆਂ ਵੱਡੀਆਂ ਤਰੇੜਾਂ ਪੈ ਗਈਆਂ।

ਅਜਿਹੇ ਉਕਤ ਹਾਲਾਤਾਂ ਤੋਂ ਨਜਾਤ ਦਿਵਾਉਣ ਲਈ ਸਿੱਖਾਂ ਦੀ ਇੱਕ ਮਹਾਨ ਹਸਤੀ ਬਾਬਾ ਜਗਜੀਤ ਸਿੰਘ ਸਾਊਥਹਾਲ ਦੇ ਗੁਰਦਵਾਰੇ ਵਿਚ ਪਧਾਰੀ ਹੈ ਜਿਸ ਵਲੋਂ ਬਰਤਾਨੀਆ ਵਿਚ ਮੀਂਹ ਪਾਉਣ ਦਾ ਕਰਿਸ਼ਮਾ ਕਰਨ ਦੀ ਆਸ ਰੱਖੀ ਜਾਂਦੀ ਹੈ।

ਈਵਨਿੰਗ ਮੇਲ : ਸਨਿਚਰਵਾਰ 28 ਅਗਸਤ 1976

ਜਦ ਸਿੱਖਾਂ ਦੀਆਂ ਬਾਰਸ਼ ਲਈ ਅਰਦਾਸਾਂ ਸ਼ੁਰੂ ਹੋਈਆਂ ਤਾਂ ਗੁਰਦਵਾਰੇ ਦੇ ਮੁਖੀ ਸ: ਐਨ.ਐਸ. ਮਾਂਗਟ ਨੇ ਕਿਹਾ ਕਿ ਡਰਨ ਦੀ ਲੋੜ ਨਹੀਂ, ਇਨ੍ਹਾਂ ਬਾਰਸ਼ਾਂ ਨਾਲ ਹੜ੍ਹ ਨਹੀਂ ਆਉਣਗੇ ਬਸ ਭਰਵੀਂ ਵਰਸ਼ਾ ਹੀ ਹੋਵੇਗੀ। ਇਸੇ ਅਖ਼ਬਾਰ ਨੇ ਆਪਣੇ ਅੱਧੇ ਪੰਨੇ 'ਤੇ ਇਕ ਚਿਤਰ ਰਾਹੀਂ ਸਿੰਘਾਂ ਨੂੰ ਪੂਰੀ ਇਕਾਗਰਤਾ ਵਿਚ ਗੁਰੂ ਗ੍ਰੰਥ ਸਾਹਿਬ

ਦੀ ਛਤਰ ਛਾਇਆ ਹੇਠ ਵੱਡੀ ਸੰਖਿਆ ਵਿਚ ਸੰਗਤ ਦੀ ਮੌਜੂਦਗੀ ਵਿਚ ਕੀਰਤਨ ਕਰਦੇ ਦਿਖਾਇਆ ਹੈ। ਦੂਜੀ ਤਸਵੀਰ ਵਿਚ ਸਿੰਘ ਅਕਾਲਪੁਰਖ ਅੱਗੇ ਅਰਦਾਸ ਕਰਦੇ ਦਿਖਾਏ ਗਏ ਹਨ ਤੇ ਉਨ੍ਹਾਂ ਦੇ ਪਿੱਛੇ ਇਕ ਬੱਦਲ ਦਾ ਟੁਕੜਾ ਉਡਦਾ ਦਿਖਾਇਆ ਗਿਆ ਹੈ ਜਿਵੇਂ ਕਿ ਅਕਾਲ ਪੁਰਖ ਨੇ ਸਿੱਖਾਂ ਦੀ ਬੇਨਤੀ ਪ੍ਰਵਾਨ ਕਰ ਕੇ ਉਸ ਨੂੰ ਵਿਸ਼ੇਸ਼ ਤੌਰ ਤੇ ਭੇਜਿਆ ਹੋਵੇ।

ਇਸੇ ਅਖ਼ਬਾਰ ਨੇ ਲਿਖਿਆ ਹੈ ਕਿ ਸਿੱਖਾਂ ਦੀ ਅਰਦਾਸ ਦਾ ਅਸਰ ਜ਼ਾਹਿਰ ਹੋ ਰਿਹਾ ਹੈ ਕਿਉਂਕਿ ਅੱਜ ਸਵੇਰੇ ਪੱਛਮੀ ਲੰਡਨ ਵਿਚ ਬਾਰਸ਼ ਹੋਈ ਹੈ ਜਿਸ ਤੋਂ ਲਗਦਾ ਹੈ ਕਿ ਸਿੱਖਾਂ ਦੀ ਭਵਿਸ਼ ਬਾਣੀ ਪੂਰੀ ਹੋਵੇਗੀ। ਅਖਬਾਰ ਨੇ ਇਹ ਵੀ ਲਿਖਿਆ ਹੈ ਕਿ ਬਾਰਸ਼ ਲਿਆਉਣ ਲਈ ਸਿੱਖ ਸੰਗਤ ਵਜਦ ਵਿਚ ਆਕੇ ਅਰਦਾਸਾਂ ਕਰ ਰਹੀ ਹੈ ਤੇ ਇਸ ਤਰ੍ਹਾਂ ਉਹ ਬਾਰਸ਼ ਲਈ ਆਪਣਾ ਸੰਦੇਸ਼ ਪ੍ਰਮਾਤਮਾ ਤਕ ਪਹੁੰਚਾਉਣ ਵਿਚ ਸਫਲ ਹੋਈ ਹੈ।

ਜਦ ਸਿੱਖਾਂ ਤੋਂ ਪੁੱਛਿਆ ਗਿਆ ਕਿ ਉਹ ਇੰਗਲੈਂਡ ਵਿਚ ਬਾਰਸ਼ ਕਰਾਉਣ ਲਈ ਇਤਨੇ ਕਿਉਂ ਸਰਗਰਮ ਹਨ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਧਰਮ ਸਰਬੱਤ ਦਾ ਭਲਾ ਲੋਚਦਾ ਹੈ। ਦੂਜੀ ਗੱਲ ਇਹ ਹੈ ਕਿ ਬਾਰਸ਼ ਨਾ ਪੈਣ ਕਾਰਨ ਮਜਬੂਰਨ ਸਰਕਾਰ ਨੇ ਤਿੰਨ ਦਿਨਾ ਹਫਤਾ ਕਰ ਦਿੱਤਾ ਹੈ ਜਿਸ ਕਰਕੇ ਲੋਕਾਂ ਲਈ ਆਰਥਿਕ ਸਮੱਸਿਆਵਾਂ ਵਧ ਗਈਆਂ ਹਨ ਤੇ ਚੀਜ਼ਾਂ ਦੇ ਭਾਅ ਵੀ। ਇਸ ਕਾਰਨ ਕਰਕੇ ਗੁਰਦਵਾਰਾ ਸਾਹਿਬ ਦੇ ਮੁਖੀ ਡਾ. ਨਿਰੰਜਨ ਸਿੰਘ ਮਾਂਗਟ ਨੇ ਅਰਦਾਸ ਕਰਕੇ ਵਾਹਿਗੁਰੂ ਤੋਂ ਬਾਰਸ਼ ਦੀ ਬਖਸ਼ਸ਼ ਪ੍ਰਾਪਤ ਕਰਨ ਦਾ ਸੰਕਲਪ ਕੀਤਾ।

ਗਾਰਡੀਅਨ,—ਲੰਡਨ

ਇੰਗਲੈਂਡ ਦੀ ਪ੍ਰਸਿਧ ਉਕਤ ਅਖਬਾਰ ਦਾ ਸਨਿਚਰਵਾਰ 28 ਅਗਸਤ 1976 ਦਾ ਸਿਰਲੇਖ ਨਿਮਨ ਅਨੁਸਾਰ ਸੀ।

"ਸਿੱਖਾਂ ਦੀਆਂ ਅਰਦਾਸਾਂ ਸੁਣੀਆਂ ਗਈਆਂ"–ਗਰੰਥ ਪੈਰੀ ਦੀ ਰਿਪੋਰਟ: "ਲੰਡਨ ਵਿਚ ਪਿਛਲੇ 6 ਹਫਤਿਆਂ ਤੋਂ ਬੰਦ ਪਈਆਂ ਛਤਰੀਆਂ ਉਸ ਵੇਲੇ ਖੁਲ੍ਹ ਗਈਆਂ ਜਦ ਸਿੱਖਾਂ ਦੀ ਅਰਦਾਸ ਦੇ ਸੁਣੇ ਜਾਣ ਕਾਰਨ ਵਰਸ਼ਾ ਹੋਣੀ ਸ਼ੁਰੂ ਹੋਈ। ਲੋਕੀ ਖੁਸ਼ੀ ਨਾਲ ਝੂਮ ਉਠੇ ਤੇ ਛਾਤੇ ਤਾਣ ਕੇ ਬਾਹਰ ਘੁੰਮਣ ਲਗ ਪਏ।"

ਨੀਊਜ਼ ਏਜੰਟ, —ਲੰਡਨ

ਇਸ ਅਖਬਾਰ ਦੇ ਨਾਮਾਨਗਾਰ ਡੇਵਿਡ ਮੈਕਮਿਲਨ ਨੇ ਲਿਖਿਆ ਕਿ "ਬਾਰਸ਼ ਕਰਵਾਣ ਦੇ ਮਾਮਲੇ ਵਿਚ ਸਿੱਖਾਂ ਨੂੰ 100% ਸਫਲਤਾ ਮਿਲੀ ਹੈ।" ਉਸ ਨੇ ਹੋਰ ਲਿਖਿਆ ਕਿ "10 ਸਾਲ ਪਹਿਲੇ ਵੀ ਸਿੱਖ ਸੰਗਤਾਂ ਨੇ ਇੰਗਲੈਂਡ ਵਿਚ ਸੋਕਾ ਪੈਣ ਕਾਰਨ ਅਰਦਾਸ ਕੀਤੀ ਸੀ ਤਾਂ ਹੜ੍ਹ ਆ ਗਏ ਸਨ। ਇਸ ਵਾਰੀ ਵੀ ਉਨ੍ਹਾਂ ਦੀ ਸੱਚੇ ਦਿਲੋਂ ਕੀਤੀ ਅਰਦਾਸ ਬਿਰਥੀ ਨਹੀਂ ਗਈ।"

ਸਟੀਮ ਫੇਅਰ ਆਰਗੇਨਾਈਜ਼ਰ ਜੇਅ ਵੈਸਟਨ-ਵੈਬ ਇਸ ਅਰਦਾਸ ਤੋਂ ਡਰ ਗਿਆ। ਉਸ ਨੇ ਇਕ ਬੈਂਕ ਹਾਲੀਡੇ ਸ਼ੋਅ ਗੋਲਚੈਸਟਰਸ਼ਾਇਰ ਵਿਚ ਕਰਵਾਣ ਦੇ ਸਾਰੇ

ਪ੍ਰਬੰਧ ਕੀਤੇ ਹੋਏ ਸਨ। ਬਾਰਸ਼ ਨਾਲ ਉਸ ਦਾ ਮੇਲਾ ਫੇਹਲ ਹੋ ਸਕਦਾ ਸੀ ਜਿਸ ਨਾਲ ਉਸ ਨੂੰ 15 ਹਜ਼ਾਰ ਪੌਂਡਾਂ ਦਾ ਨੁਕਸਾਨ ਹੋਣ ਦਾ ਡਰ ਸਕਦਾ ਸੀ। ਉਸ ਨੂੰ ਯਕੀਨ ਸੀ ਕਿ ਸਿੱਖਾਂ ਦੀ ਬਾਰਸ਼ ਲਈ ਕੀਤੀ ਜਾ ਰਹੀ ਅਰਦਾਸ ਜ਼ਰੂਰ ਪੂਰੀ ਹੋਵੇਗੀ ਪਰ ਇਸ ਨਾਲ ਉਹ ਅਵੱਸ਼ ਹੀ ਬਰਬਾਦ ਹੋ ਜਾਵੇਗਾ। ਇਸ ਲਈ ਉਸ ਨੇ ਧਮਕੀ ਦਿੱਤੀ ਕਿ ਜੇਕਰ ਸਿੱਖਾਂ ਨੇ ਬਾਰਸ਼ ਕਰਨ ਦੀ ਅਰਦਾਸ ਦੇ ਪ੍ਰੋਗਰਾਮ ਨੂੰ ਨਾ ਤਿਆਗਿਆ ਤਾਂ ਉਹ ਸਿੱਖਾਂ ਵਿਰੁੱਧ ਅਦਾਲਤ ਵਿਚ ਆਪਣੇ ਨੁਕਸਾਨ ਦੀ ਤਲਾਫੀ (ਭਰਪਾਈ) ਲਈ ਕੇਸ ਕਰੇਗਾ। ਇਸ ਦੇ ਉੱਤਰ ਵਿਚ ਸਿੱਖਾਂ ਵਲੋਂ ਉਸ ਨੂੰ ਸਮਝਾਇਆ ਗਿਆ ਕਿ ਇਹ ਅਰਦਾਸ ਸਭ ਦੇ ਭਲੇ ਲਈ ਕੀਤੀ ਜਾ ਰਹੀ ਹੈ। ਇਸ ਲਈ ਸੰਗਤਾਂ ਵਲੋਂ ਇਹ ਵੀ ਅਰਦਾਸ ਕੀਤੀ ਜਾਵੇਗੀ ਕਿ ਜਿਸ ਥਾਂ ਤੇ ਉਸ ਦਾ ਮੇਲਾ ਲਗਾ ਹੋਇਆ ਹੈ, ਉੱਥੇ ਬਾਰਸ਼ ਨਾ ਹੋਵੇ। ਕੁਦਰਤ ਦੀ ਕਰਨੀ ਦੇਖੋ ਕਿ ਸਭ ਪਾਸੇ ਭਰਵੀਂ ਬਾਰਸ਼ ਹੋਣ ਦੇ ਬਾਵਜੂਦ ਗੋਲਚੈਸਟਰ ਵਿਖੇ ਟਵੈਕਸਬਰੀ ਦੇ ਇਲਾਕੇ ਵਿਚ, ਜਿਥੇ ਉਸਨੇ ਮੇਲੇ ਦਾ ਆਯੋਜਨ ਕੀਤਾ ਹੋਇਆ ਸੀ, ਉਥੇ ਬਾਰਸ਼ ਬਿਲਕੁਲ ਨਹੀਂ ਹੋਈ। ਵਾਹਿਗੁਰੂ ਨੇ ਸਿੱਖਾਂ ਦੀ ਅਰਦਾਸ ਕਿਤਨੇ ਨੇੜੇ ਹੋ ਕੇ ਸੁਣੀ ਹੈ। ਇਸੇ ਅਖਬਾਰ ਨੇ ਅੱਗੇ ਚਲ ਕੇ ਲਿਖਿਆ ਕਿ ਫਿਰ ਇੰਗਲੈਂਡ ਵਿਚ ਇਤਨੀ ਬਾਰਸ਼ ਬਿਲਕੁਲ ਹੋਈ ਕਿ ਡੋਵਰ ਤੋਂ ਫਰਾਂਸ ਲਈ ਜਾਣ ਵਾਲੇ ਹੋਵਰ ਕਰੈਫਟ (ਜਹਾਜ਼) ਸਖਤ ਬਾਰਸ਼ ਕਾਰਨ ਨਾ ਚਲ ਸਕੇ।

ਡੇਅਲੀ ਐਕਸਪਰੈਸ

ਇਸ ਅਖਬਾਰ ਨੇ ਸਨਿਚਰਵਾਰ 28 ਅਗਸਤ 1976 ਨੂੰ ਆਪਣੇ ਰਿਪੋਰਟਰ ਜਾਨ ਬਰਨਜ਼ ਦੇ ਹਵਾਲੇ ਨਾਲ ਖੁਸ਼ੀ ਭਰੇ ਅੰਦਾਜ਼ ਵਿਚ ਲਿਖਿਆ ਕਿ ਛੁਟੀਆਂ ਤੇ ਗਈ ਹੋਈ ਬਾਰਸ਼ ਸਿੱਖਾਂ ਦੇ ਬੁਲਾਵੇ ਤੇ ਵਾਪਸ ਪਰਤ ਆਈ ਹੈ। ਕਿਆ ਕਮਾਲ ਦੀ ਝੜੀ ਲਗੀ ਹੈ। ਬਲਿਹਾਰੇ, ਬਲਿਹਾਰੇ. . . . . .

ਭਗਤਾ ਦੀ ਸਦਾ ਤੂ ਰਖਦਾ ਹਰਿਜੀਉ
ਧੁਰਿ ਤੂ ਰਖਦਾ ਆਇਆ॥ (ਮ-3, ਪੰਨਾ-637)

ਕੀ ਇੰਗਲੈਂਡ ਦੀਆਂ ਵੱਖ ਵੱਖ ਅਖਬਾਰਾਂ ਵਿਚ ਛਪੀਆਂ ਉਕਤ ਦੱਸੀਆਂ ਖਬਰਾਂ ਸਿੱਖ, ਸਿੱਖੀ, ਸਿੱਖ ਗੁਰੂ ਸਾਹਿਬਾਨ ਦੀ ਸ਼ਾਨ ਨੂੰ ਜਗਤ ਵਿਚ ਪਰਮ ਸਰੇਸ਼ਠ ਸਿਧ ਨਹੀਂ ਕਰਦੀਆਂ? ਇਨ੍ਹਾਂ ਤੇ ਹਰ ਧਾਰਮਿਕ ਮਨੁੱਖ ਮਾਣ ਕਰ ਸਕਦਾ ਹੈ ਕਿਉਂਕਿ ਇਨ੍ਹਾਂ ਨਾਲ ਇਹ ਵਿਸ਼ਵਾਸ ਹੋਰ ਪਰਪੱਕ ਹੁੰਦਾ ਹੈ ਕਿ ਪ੍ਰਮਾਤਮਾ ਸੱਚੀ ਸੁੱਚੀ ਤੇ ਨਿਸ਼ਕਾਮ ਭਾਵਨਾ ਨਾਲ ਕੀਤੀ ਬੇਨਤੀ ਨੂੰ ਬਹੁਤ ਨੇੜੇ ਹੋ ਕੇ ਸੁਣਦਾ ਹੈ ਤੇ ਆਪਣੇ ਸੇਵਕਾਂ ਦੀ ਲਾਜ ਰਖਦਾ ਹੈ।

ਕੂਕੇ ਸਿੰਘਾਂ ਦੀ ਕੁਰਬਾਨੀ ਤੇ ਸਿੱਖੀ ਦੀ ਧਾਂਕ

ਗੁਰੂ ਦਾ ਸਿੱਖ ਹੋਰ ਕਾਰਜਾਂ ਦੇ ਨਾਲ ਨਾਲ ਗਊ ਗਰੀਬ ਦੀ ਰੱਖਿਆ ਕਰਨਾ ਵੀ ਅਪਣਾ ਫਰਜ਼ ਸਮਝਦਾ ਆ ਰਿਹਾ ਹੈ। ਇਸ ਫਰਜ਼ ਨੂੰ ਨਿਭਾਉਣ ਲਈ 1872 ਈ: ਵਿਚ ਨਾਮਧਾਰੀ ਸਿੰਘ, ਜਿਨ੍ਹਾਂ ਨੂੰ ਉੱਚੀ ਉੱਚੀ ਅਵਾਜ਼ ਵਿਚ ਕੂਕ ਕੂਕ ਕੇ ਬਾਣੀ ਗਾਉਣ ਕਾਰਨ ਕੂਕੇ ਵੀ ਕਿਹਾ ਜਾਂਦਾ ਹੈ, ਨੇ ਵਿਸ਼ਵ ਦੇ ਧਾਰਮਿਕ ਇਤਿਹਾਸ

ਨੂੰ ਆਪਣੀਆਂ ਕੁਰਬਾਨੀਆਂ ਦੇ ਕੇ ਯਾਦਗਾਰੀ ਮਿਸਾਲ ਪ੍ਰਦਾਨ ਕੀਤੀ ਅਤੇ ਸਿੱਖੀ ਦੀ ਸ਼ਾਨ ਨੂੰ ਚਾਰ ਚੰਨ ਲਗਾਏ।

ਉਸ ਵਕਤ ਦੇ ਲੁਧਿਆਣਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੋਵਨ ਨੇ ਪੱਖਪਾਤੀ ਰਵੱਈਆ ਵਰਤਦੇ ਹੋਏ 66 ਕੂਕਿਆਂ ਨੂੰ ਮਲੇਰਕੋਟਲਾ ਵਿਖੇ ਤੋਪਾਂ ਅੱਗੇ ਖੜ੍ਹਾ ਕਰ ਕਰ ਕੇ ਉਡਵਾ ਦਿੱਤਾ। ਇਨ੍ਹਾਂ ਸ਼ਹੀਦ ਹੋਏ ਸਿੰਘਾਂ ਵਿਚ ਇਕ ਛੋਟੀ ਉਮਰ ਦਾ ਬੱਚਾ ਬਿਸ਼ਨ ਸਿੰਘ ਵੀ ਸੀ ਜਿਸ ਤੇ ਡੀ. ਸੀ. ਦੀ ਧਰਮ ਪਤਨੀ ਨੂੰ ਦਇਆ ਆ ਗਈ ਤੇ ਉਸ ਨੇ ਇਹ ਕਹਿ ਕੇ ਉਸਨੂੰ ਮਾਫ ਕਰਵਾਣ ਦਾ ਯਤਨ ਕੀਤਾ ਕਿ ਉਹ ਛੋਟਾ ਹੈ ਅਤੇ ਤੋਪ ਦੇ ਮੂੰਹ ਤੱਕ ਉਸ ਦਾ ਕਦ ਨਹੀਂ ਪਹੁੰਚਦਾ। ਇਹ ਸੂਰਬੀਰ ਬਾਲਕ ਦੌੜ ਕੇ ਇਕ ਵੱਡਾ ਸਾਰਾ ਢੇਲਾ ਚੁਕ ਲਿਆਇਆ ਤੇ ਉਸ ਉਪਰ ਖੜ੍ਹਾ ਹੋ ਕੇ ਕਹਿਣ ਲਗਾ ਕਿ ਹੁਣ ਉਹ ਤੋਪ ਦੇ ਮੂੰਹ ਦਾ ਹਾਣੀ ਹੋ ਗਿਆ ਹੈ ਇਸ ਲਈ ਉਸ ਤੇ ਵੀ ਤੋਪ ਚਲਾਈ ਜਾਵੇ। ਉਸ ਦੀ ਲਾਸਾਨੀ ਸੂਰਬੀਰਤਾ ਦੇਖ ਕੇ ਡੀ. ਸੀ. ਦੀ ਪਤਨੀ ਦੀਆਂ ਚੀਕਾਂ ਨਿਕਲ ਗਈਆਂ ਤੇ ਉਸ ਨੇ ਰਹਿਮ ਤੇ ਮਮਤਾ ਦੇ ਜਜ਼ਬੇ ਤਾਬੇ ਆਪਣੇ ਪਤੀ ਨੂੰ ਫਿਰ ਕਿਹਾ ਕਿ ਇਸ ਨੂੰ ਕਿਸੇ ਨਾ ਕਿਸੇ ਢੰਗ ਨਾਲ ਜ਼ਰੂਰ ਬਚਾ ਲਿਆ ਜਾਵੇ। ਜਦ ਡੀ. ਸੀ. ਲੁਧਿਆਣਾ ਇਸ ਵਿਸ਼ੇ ਤੇ ਬੱਚੇ ਨੂੰ ਪ੍ਰੇਰਤ ਕਰਨ ਲਈ ਉਸ ਕੋਲ ਗਿਆ ਤਾਂ ਉਸ ਬੱਚੇ ਨੇ ਡੀ. ਸੀ. ਦੀ ਗੱਲ ਨਾ ਮੰਨਦਿਆਂ ਹੋਇਆਂ ਉਸ ਦੀ ਦਾਹੜੀ ਫੜ ਲਈ ਤੇ ਉਸ ਨੂੰ ਇਤਨੇ ਜ਼ੋਰ ਨਾਲ ਝੰਜੋੜਿਆ ਕਿ ਡੀ. ਸੀ. ਨੂੰ ਨਾਨੀ ਚੇਤੇ ਆ ਗਈ। ਡੀ. ਸੀ. ਦੇ ਚਿਲਾਉਣ ਤੇ ਉਸ ਦੇ ਹਫ਼ਾਜ਼ਤੀ ਦਸਤੇ ਦੇ ਸਿਪਾਹੀ ਨੇ ਉਸ ਬੱਚੇ ਦੇ ਤਲਵਾਰ ਮਾਰ ਕੇ ਦੋਨੋਂ ਹੱਥ ਕਟ ਦਿਤੇ ਤੇ ਨਤੀਜੇ ਵਜੋਂ ਉਸ ਦੇ ਵੀ ਪਲਾਂ ਪਲਾਂ ਵਿਚ ਪੁਰਜ਼ੇ ਉਡਾ ਦਿੱਤੇ ਗਏ। ਆਪਣੀ ਜਾਨ ਦੇ ਕੇ ਇਹ ਗੁਰਸਿੱਖ ਬੱਚਾ ਕੌਮੀ ਮਾਣ ਨੂੰ ਹੋਰ ਬਲਵਾਨ ਕਰ ਗਿਆ।

ਇਥੇ ਇਕ ਹੋਰ ਸੂਰਮਗਤੀ ਭਰੀ ਵਿਥਿਆ ਦਾ ਵਰਨਣ ਕਰਨਾ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰ ਕੇ ਪਰਨਾਮ ਕਰਨ ਸਮਾਨ ਹੋਵੇਗਾ। ਸ਼ਹੀਦੀ ਲਈ ਫੜੇ ਗਏ ਕੂਕੇ ਸਿੰਘਾਂ ਵਿਚ ਇਕ ਨੌਜਵਾਨ ਸ. ਵਰਿਆਮ ਸਿੰਘ ਵੀ ਸੀ ਜਿਸ ਦਾ ਕੱਦ ਮਧਰਾ ਪਰ ਹੌਸਲੇ ਪਹਾੜ ਨਾਲੋਂ ਵੀ ਉਚੇ ਸਨ। ਉਸ ਦੇ ਰਿਸ਼ਤੇਦਾਰਾਂ ਨੇ ਉਸ ਨੂੰ ਇਸ ਜਥੇ ਵਿਚੋਂ ਕਢਵਾ ਲੈਣ ਲਈ ਪਟਿਆਲੇ ਦੇ ਮਹਾਰਾਜੇ ਤਕ ਪਹੁੰਚ ਕੀਤੀ ਕਿ ਉਹ ਕੋਹਨ ਨੂੰ ਕਹਿ ਕੇ ਉਸ ਨੂੰ ਬਚਵਾ ਦੇਵੇ। ਮਹਾਰਾਜੇ ਨੇ ਡੀ.ਸੀ. ਨੂੰ ਅਜਿਹਾ ਕਰਨ ਲਈ ਮਨਵਾ ਲਿਆ ਪਰ ਜਦ ਉਸ ਲੜਕੇ ਨੂੰ ਰਿਹਾਅ ਕਰ ਦਿੱਤਾ ਗਿਆ ਤਾਂ ਉਹ ਕਿਸੇ ਵੀ ਹਾਲਤ ਵਿਚ ਉਹ ਕਤਲਗਾਹ ਛਡ ਕੇ ਬਾਹਰ ਜਾਣ ਨੂੰ ਤਿਆਰ ਨਾ ਹੋਇਆ। ਆਖ਼ਰ ਡੀ.ਸੀ. ਨੇ ਉਸ ਨੂੰ ਵੀ ਇਹ ਹੀ ਕਿਹਾ ਕਿ ਉਸ ਦਾ ਕੱਦ ਛੋਟਾ ਹੋਣ ਕਾਰਨ ਉਹ ਤੋਪ ਦੀ ਮਾਰ ਵਿਚ ਨਹੀਂ ਆ ਸਕਦਾ। ਸ. ਵਰਿਆਮ ਸਿੰਘ ਨੇ ਕਿਹਾ ਕਿ ਇਹ ਵੀ ਕੋਈ ਗੱਲ ਹੈ। ਉਸ ਨੇ ਵੀ ਇਧਰੋਂ ਉਧਰੋਂ ਵਟੇ, ਰੋੜੇ ਤੇ ਢੀਮਾਂ ਇਕਠੀਆਂ ਕੀਤੀਆਂ ਤੇ ਉਨ੍ਹਾਂ ਉਤੇ ਚੜ੍ਹ ਕੇ ਤੋਪ ਅੱਗੇ ਖੜ੍ਹ ਗਿਆ ਤੇ ਜੈਕਾਰਾ ਲਗਾ ਕੇ ਆਪਣੇ ਬਾਕੀ ਸ਼ਹੀਦ ਵੀਰਾਂ ਦੀ ਸੰਗਤ ਵਿਚ ਅਕਾਲਪੁਰਖ ਦੇ ਚਰਨਾਂ ਵਿਚ ਜਾ ਬਿਰਾਜਿਆ।

ਡੀ.ਸੀ. ਲੁਧਿਆਣਾ ਦੀ ਇਸ ਨਿੰਦਣਯੋਗ ਅਮਾਨਵੀ ਕਾਰਵਾਈ ਨੂੰ ਅੰਬਾਲਾ ਡਵੀਜ਼ਨ ਦੇ ਕਮਿਸ਼ਨਰ ਫੋਰਸਿਥ ਨੇ ਜਾਇਜ਼ ਠਹਿਰਾਇਆ। ਫੋਰਸਿਥ ਨੇ ਵੀ ਆਪਣਾ

ਗੁਸਾ ਕੱਢਦੇ ਹੋਏ 39 ਹੋਰ ਕੂਕਿਆਂ ਨੂੰ ਫਾਂਸੀ ਦੇ ਤਖਤੇ ਤੇ ਲਟਕਾ ਕੇ ਸਾਹ ਲਿਆ। ਭਾਵੇਂ ਉਸ ਸਮੇਂ ਸੰਚਾਰ ਤੇ ਪ੍ਰਚਾਰ ਸਾਧਨ ਅੱਜ ਵਾਂਗੂ ਵਿਕਸਤ ਨਹੀਂ ਸਨ ਫਿਰ ਵੀ ਸਮਾਂ ਪੈ ਕੇ ਇਹ ਗੱਲ ਸਾਰੇ ਦੇਸ਼ ਵਿਚ ਤੇ ਉਸ ਤੋਂ ਮਗਰੋਂ ਸਾਰੇ ਸੰਸਾਰ ਵਿਚ ਫੈਲ ਗਈ ਜਿਸ ਤੇ ਹਰ ਕਿਸੇ ਨੇ ਸਿੱਖ ਸੂਰਮਿਆਂ ਨੂੰ ਸ਼ਾਬਾਸ਼ ਦਿੱਤੀ ਤੇ ਅੰਗਰੇਜ਼ ਸਰਕਾਰ ਨੂੰ ਫਿਟਕਾਰਾਂ ਪਾਈਆਂ। ਇਸ ਘਟਨਾ ਦਾ ਹਰ ਇਤਿਹਾਸਕਾਰ ਨੇ ਚਾਹੇ ਉਹ ਹਿੰਦੂ ਹੈ, ਮੁਸਲਮਾਨ ਹੈ ਜਾਂ ਅੰਗਰੇਜ਼ ਹੈ, ਭਰਪੂਰ ਵਰਨਣ ਕਰਦਿਆਂ ਨਾਮਧਾਰੀ ਸਿੰਘਾਂ ਦੇ ਅਦੁੱਤੀ ਜੀਵਨ ਨੂੰ ਸਲਾਹਿਆ, ਜੋ ਨਾਮ ਸਿਮਰਨ ਦੇ ਨਾਲ ਨਾਲ ਸਾਦਾ ਪਾਉਣ ਤੇ ਉੱਚਾ ਸੋਚਣ ਵਿਚ ਜਗਤ ਪ੍ਰਸਿੱਧ ਹਨ। ਅਸਲੀਅਤ ਤਾਂ ਇਹ ਹੈ ਕਿ ਇਨ੍ਹਾਂ ਸੰਤ ਰੂਪ ਸਿੰਘਾਂ ਨੇ ਹੀ 1857 ਦੇ ਗਦਰ ਤੋਂ ਮਗਰੋਂ ਪਹਿਲੀ ਵਾਰ ਅੰਗਰੇਜ਼ ਨੂੰ ਅਹਿੰਸਾ ਦੇ ਸ਼ਸਤਰ ਨਾਲ ਲਲਕਾਰਿਆ ਤੇ ਦੇਸ਼ ਵਾਸੀਆਂ ਨੂੰ ਇਸ ਭਰਿਆੜੀ ਦਰਿੰਦੇ ਤੋਂ ਸਾਵਧਾਨ ਕੀਤਾ ਜਿਸ ਦੇ ਫਲ ਸਰੂਪ ਅੰਗਰੇਜ਼ ਦੇ ਵਿਰੁਧ ਤੇ ਅਜ਼ਾਦੀ ਦੀ ਪ੍ਰਾਪਤੀ ਲਈ ਮੈਦਾਨ ਗਰਮ ਹੋਣ ਲਗਾ। ਇਸ ਲਈ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਕੂਕੇ ਸਿੰਘਾਂ ਦੀ ਇਹ ਕੁਰਬਾਨੀ ਦੇਸ਼ ਦੀ ਅਜ਼ਾਦੀ ਲਈ ਪਹਿਲੀ ਸਮੂਹਕ ਕੁਰਬਾਨੀ ਸੀ ਜੋ ਸਿੱਖਾਂ ਦੇ ਹਿੱਸੇ ਹੀ ਆਈ।

ਉਧਰ ਜਦ ਇਸ ਨਿਰਮਮ ਹੱਤਿਆ ਕਾਰਨ ਦੇਸ਼ ਵਿਚ ਅੰਗਰੇਜ਼ ਦੇ ਅੱਤਿਆਚਾਰਾਂ ਵਿਰੁਧ ਅਵਾਜ਼ ਬੁਲੰਦ ਹੋਣ ਲਗੀ ਤਾਂ ਬਰਤਾਨਵੀ ਸਰਕਾਰ ਨੇ ਲੋਕਾਂ ਨੂੰ ਸ਼ਾਂਤ ਕਰਨ ਲਈ ਕੋਹਨ ਨੂੰ ਸਸਪੈਂਡ ਕਰ ਦਿੱਤਾ ਤੇ ਕਮਿਸ਼ਨਰ ਫੋਰਸਿਥ ਨੂੰ ਬਦਲ ਦਿੱਤਾ। ਇਸ ਗੱਲ ਦੀ ਵੀ ਪੁਛ ਹੋਈ ਕਿ ਇਕ ਸਾਧਾਰਨ ਮਨੁੱਖ ਨੂੰ ਖ਼ਤਮ ਕਰਨ ਲਈ ਜਦ ਇਕ ਨਿੱਕੀ ਜਹੀ ਗੋਲੀ ਹੀ ਕਾਫੀ ਸੀ ਤਾਂ ਉਸ ਲਈ ਉਨ੍ਹਾਂ ਤੋਪਾਂ ਦਾ ਪ੍ਰਯੋਗ ਕਿਉਂ ਕੀਤਾ ਗਿਆ ਜਿਹੜੀਆਂ ਕਿਲ੍ਹੇ ਤੋੜਨ ਲਈ ਵਰਤੀਆਂ ਜਾਣੀਆਂ ਉਚਤ ਹਨ। ਭਾਰਤ ਸਰਕਾਰ ਦੇ ਸਕੱਤਰ ਬੇਲੇ ਦੇ ਪੁਛਣ ਤੇ 4 ਫਰਵਰੀ 1872 ਨੂੰ ਅੰਬਾਲਾ ਕਮਿਸ਼ਨਰ ਨੇ ਆਪਣੇ ਉੱਤਰ ਵਿਚ ਸਕਤਰ ਨੂੰ ਲਿਖਿਆ ਕਿ ਅਜਿਹਾ ਕਰਮ ਬਹਾਦਰ ਸਿੱਖਾਂ ਦੇ ਜਜ਼ਬਾਤਾਂ ਨੂੰ ਮੁਖ ਰਖ ਕੇ ਕੀਤਾ ਗਿਆ ਹੈ ਕਿਉਂਕਿ ਉਹ ਫੈਸਲਾ ਸੁਨਾਣ ਵਾਲੇ ਅਫਸਰਾਂ ਨੂੰ ਇਹੀ ਪ੍ਰਾਰਥਨਾ ਕਰਦੇ ਸਨ ਕਿ ਉਨ੍ਹਾਂ ਨੂੰ ਫਾਂਸੀ ਦੇ ਰੱਸੇ ਨਾਲ ਬੰਨ੍ਹ ਕੇ ਮਾਰਨ ਦੀ ਥਾਂ ਕਿਰਪਾ ਕਰਕੇ ਤੋਪਾਂ ਨਾਲ ਉਡਾਇਆ ਜਾਵੇ। (ਹਵਾਲਾ The Kuka out break 1872 ਪੰਜਾਬੀ ਰੂਪ ਲਿਖਤ ਅਜੀਤ ਸਿੰਘ ਲਾਇਲ)। ਕਿਆ ਕਮਾਲ ਦੀ ਗੱਲ ਹੈ ਅੰਗਰੇਜ਼ ਤੋਪ ਦਾ ਪ੍ਰਯੋਗ ਕਰਕੇ ਮਾਨਸਕ ਡਰ ਪੈਦਾ ਕਰਨਾ ਚਾਹੁੰਦਾ ਹੈ ਪਰ ਗੁਰੂ ਦੇ ਸਿੰਘ ਤੋਪਾਂ ਦਾ ਵਾਰ ਝਲ ਕੇ ਮਾਨਸਕ ਆਨੰਦ ਪ੍ਰਾਪਤ ਕਰ ਰਹੇ ਹਨ। ਸਿੰਘਾਂ ਨੇ ਆਪਣੇ ਗੁਰੂਆਂ ਦੇ ਉਪਦੇਸ਼ਾਂ ਤੇ ਅਮਲ ਕਰ ਕੇ ਮੌਤ ਨੂੰ ਇਕ ਖੇਡ ਬਣਾ ਕੇ ਰਖ ਦਿੱਤਾ ਜਿਸ ਕਰਕੇ ਕਿਸੇ ਦੀ ਵੀ ਇਨ੍ਹਾਂ ਅੱਗੇ ਪੇਸ਼ ਨਹੀਂ ਜਾਂਦੀ।

ਅੱਜ ਇਸ ਲਾਮਿਸਾਲ ਸ਼ਹੀਦੀ ਤੋਂ ਸਵਾ ਸੌ ਸਾਲ ਮਗਰੋਂ ਮਲੇਰਕੋਟਲੇ ਵਿਖੇ ਹੋਏ ਇਸ ਖੂਨੀ ਸਾਕੇ ਦੀ ਯਾਦ ਵਿਚ ਸ਼ਹੀਦ ਹੋਏ ਸਿੰਘਾਂ ਦੀ ਕੁਰਬਾਨੀ ਨੂੰ ਸਦਾ ਸਦਾ ਲਈ ਦੇਸ਼ ਤੇ ਕੌਮ ਵਾਸੀਆਂ ਦੇ ਦਿਲ ਦਿਮਾਗ ਵਿਚ ਜੀਵਤ ਤੇ ਉਜਾਗਰ ਰਖਣ ਲਈ ਇਕ ਵਡਮੁੱਲਾ ਤੇ ਆਲੀਸ਼ਾਨ ਕੂਕਾ ਸ਼ਹੀਦ ਯਾਦਗਾਰੀ ਸਮਾਰਕ ਕੂਕਿਆਂ ਦੀ ਕਲੇਰ ਵਿਖੇ ਕੂਕਾ ਯਾਦਗਾਰੀ ਟਰੱਸਟ ਵਲੋਂ ਬੜੀ ਤੇਜ਼ੀ ਨਾਲ ਨਿਰਮਤ ਕੀਤਾ ਗਿਆ ਜਿਥੇ

ਹਰ ਸਾਲ 17, 18 ਜਨਵਰੀ ਨੂੰ ਭਾਰੀ ਮੇਲਾ ਲਗਦਾ ਹੈ।

ਸ਼ਹੀਦ ਕੀ ਜੋ ਮੌਤ ਹੈ ਵਹ ਕੌਮ ਕੀ ਹਯਾਤ (ਜ਼ਿੰਦਗੀ) ਹੈ
ਮੌਤ ਭੀ ਹਯਾਤ ਹੈ ਓਰ ਹਯਾਤ ਭੀ ਹਯਾਤ ਹੈ

ਨਾਮਧਾਰੀ ਸਿੰਘਾਂ ਦੀਆਂ ਨਿਸ਼ਕਾਮ ਸ਼ਹਾਦਤਾਂ ਦਾ ਜ਼ਿਕਰ ਚਲ ਰਿਹਾ ਹੈ ਜਿਨ੍ਹਾਂ ਤੋਂ ਵਤਨ ਤੇ ਮਾਨਵਤਾ ਦੀ ਇੱਜ਼ਤ ਆਬਰੂ ਲਈ ਮਰ ਮਿਟਣ ਲਈ ਬਲ ਮਿਲਦਾ ਰਿਹਾ ਹੈ ਤੇ ਅੱਗੋਂ ਵੀ ਮਿਲਦਾ ਰਹੇਗਾ। ਜੀ ਕਰਦਾ ਹੈ ਕਿ ਅਜਿਹੀਆਂ ਹੋਰ ਦਾਸਤਾਨਾਂ ਨੂੰ ਵੀ ਸੰਖੇਪ ਰੂਪ ਵਿਚ ਵਰਣਤ ਕੀਤਾ ਜਾਵੇ ਤਾਂ ਜੋ ਹਰ ਕਿਸੇ ਨੂੰ ਵਿਦਤ ਹੋ ਸਕੇ ਕਿ ਗੁਰੂ ਦੇ ਸਿੱਖ ਕਿਸ ਚਾਅ ਨਾਲ ਭਿੰਨ ਭਿੰਨ ਢੰਗਾਂ ਨਾਲ ਕੁਰਬਾਨੀਆਂ ਦੇ ਕੇ ਮੌਤ ਦੇ ਡਰ ਨੂੰ ਸ਼ਰਮਿੰਦਾ ਕਰਦੇ ਰਹੇ ਹਨ। ਸ਼ਹੀਦ ਹੋਣ ਵਾਲੇ ਇਕ ਗੁਰਸਿੱਖ ਦੇ ਬਚਨ ਸੰਖੇਪ ਰੂਪ ਵਿਚ ਅੰਕਤ ਕਰਦੇ ਹਾਂ ਤਾਂ ਜੋ ਪਾਠਕ ਵੀਰ ਪੜ੍ਹ ਕੇ ਖੁਦ ਮਹਿਸੂਸ ਕਰ ਸਕਣ ਕਿ ਸ਼ਹੀਦ ਹੋਣ ਵਾਲੇ ਸੂਰਮੇ ਨੇ ਸ਼ਹੀਦੀ ਜਾਮ ਕਿਸ ਜਜ਼ਬੇ ਨਾਲ ਸੇਵਨ ਕੀਤਾ ਹੈ।

ਸਤਿਗੁਰ ਬਿਲਾਸ ਦੇ ਕਰਤਾ ਅਨੁਸਾਰ ਜਜ ਲਿੰਡਸੇ ਨੇ ਇਕ ਝੂਠੇ ਕੇਸ ਵਿਚ ਫਸਾਏ ਦੋ ਸਿੰਘਾਂ ਗਿਆਨ ਸਿੰਘ ਤੇ ਰਤਨ ਸਿੰਘ ਨੂੰ ਬਲਵੀਂ ਅਦਾਲਤ ਵਲੋਂ ਦਿੱਤੀ ਮੌਤ ਦੀ ਸਜ਼ਾ ਕਾਇਮ ਰੱਖੀ। ਇਹ ਗੱਲ 23 ਨਵੰਬਰ 1871 ਦੀ ਹੈ। 26 ਨਵੰਬਰ 1871 ਨੂੰ ਲੁਧਿਆਣਾ ਜੇਲ੍ਹ ਦੇ ਬਾਹਰ ਆਮ ਪਬਲਿਕ ਦੇ ਸਾਹਮਣੇ ਇਨ੍ਹਾਂ ਦੋਹਾਂ ਵੀਰਾਂ ਨੂੰ ਦਰੱਖਤ ਨਾਲ ਬੰਨ੍ਹ ਕੇ ਫਾਂਸੀ ਹੋਈ। ਫਾਂਸੀ ਦਾ ਬਿਰਤਾਂਤ ਸਤਿਗੁਰ ਬਿਲਾਸ ਦੇ ਕਰਤਾ ਅਨੁਸਾਰ ਇਵੇਂ ਹੈ : ਫਾਂਸੀ ਵਾਲੇ ਦਿਨ ਦੋਹਾਂ ਨੇ ਦਹੀਂ ਨਾਲ ਇਸ਼ਨਾਨ ਕੀਤਾ। ਚਿਟੀਆਂ ਪੋਸ਼ਾਕਾਂ ਕਹਿ ਕੇ ਬਣਵਾਈਆਂ ਸਨ। ਚਿੱਟੀਆਂ ਪੋਸ਼ਾਕਾਂ ਨਾਲ ਫਾਂਸੀ ਚੜ੍ਹਾਂਗੇ, ਇਹ ਨੀਲੀ ਨਹੀਂ ਪਾਉਣੀ ਹੈ। ਨਾਲੇ ਤੰਦੀ ਨਹੀਂ ਗਲ ਵਿਚ ਪਾਉਣੀ। ਪਟ ਦੀਆਂ ਲਾਸਾਂ ਕਹਿ ਕੇ ਬਣਵਾਈਆਂ ਗਈਆਂ। ਫਾਂਸੀ ਗਡਵਾਈ ਗਈ, ਫੌਜਾਂ ਆਈਆਂ, ਹੋਰ ਲੋਕ ਵੀ ਬਹੁਤ ਆਏ ਵੇਖਣ। ਧਰਮ ਦੇ ਨਮਿਤ ਸਿੰਘ ਸ਼ਹੀਦ ਹੁੰਦੇ ਹੈ। ਬਾਬਾ ਗਿਆਨ ਸਿੰਘ ਨੂੰ ਲਾਲੀਆਂ ਦਗਦੀਆਂ ਹਨ। ਫਰੰਗੀ ਦੋਹਾਂ ਬੇ-ਗੁਨਾਹਾਂ ਨੂੰ ਫਾਂਸੀ ਦੇਣ ਲਗੇ ਹੈ ਕਿਉਂਕਿ ਉਹ ਕਤਲ ਵਿਚ ਨਾ ਸੇ, ਮੁਕਬਲਾਂ ਦੇ ਕਹੇ ਕਹਾਏ ਫਸਾਏ ਗਏ ਸਨ। ਬਾਬਾ ਗਿਆਨ ਸਿੰਘ ਨੇ ਰਤਨ ਸਿੰਘ ਨੂੰ ਬਚਨ ਕੀਤਾ **"ਚੁਕਾ ਨਿਹੋਰਾ ਸਖੀ ਸਹੇਰੀ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ"** (ਪੰਨਾ-384)। ਜਿਉਂ ਬਾਬਾ ਗਿਆਨ ਸਿੰਘ ਤਖਤੇ ਪਰ ਚੜ੍ਹੇ ਤਾਂ ਗੋਰੇ ਅਫਸਰ ਨੂੰ ਲਲਕਾਰ ਕੇ ਬੋਲਾ ਕੀਤਾ: **"ਬਿਲਿਆ ਮੁੰਹ ਤਾਂ ਸਾਹਮਣੇ ਰੱਖ, ਪਿਠ ਕਿਉਂ ਕੀਤੀ ਹਾ। ਦਸ ਮਹੀਨੇ ਕਿਸੇ ਸਿੰਘਣੀ ਦੀ ਕੁੱਖ ਵਿੱਚ ਕਟ ਕੇ ਫੇਰ ਆਇਆ ਜਾਣ। ਜਵਾਨ ਹੋ ਕੇ ਬਦਲੇ ਲਵਾਂਗੇ। ਸੁਣ ਉਏ ਬਿਲਿਆ ਤੇਰੀ ਮਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ, ਬੇਦਾਲਤੀ ਹੋਣ ਲਗੀ ਹੈ। ਮੈਨੂੰ ਮਾਰ ਕੇ ਕੋਈ ਬੰਦ ਤਾਂ ਨਹੀਂ ਹੋ ਜਾਣੇ ਹੈ। ਜਿਨ੍ਹਾਂ ਨੇ ਤੁਹਾਨੂੰ ਮਾਰਨਾ ਹੈ ਸੋ ਰਾਮਦਾਸ ਪੁਰੇ ਮੇਂ ਬੇਠਾ ਹੈ। ਪਾਛੇ ਤੁਹਾਡਾ ਨਾਸ ਕਰਸੀ। ਇਹ ਤਾਂ ਅਜੇ ਮੁੰਡਿਆਂ ਕੀ ਖੇਡ ਹੋਈ ਹੈ, ਸ਼ੇਸ਼ਨਾਗ ਤਾਂ ਬੈਠਾ ਹੈ ਪਾਛੇ ਤੁਹਾਡਾ ਨਾਸ ਕਰਨੇ ਨੂੰ। ਜੇ ਇਕ ਦੋ ਸਰਪ ਮਾਰ ਵੀ ਦੀਏ ਤਾਂ ਕੀ ਹੂਆ, ਤੁਹਾਡਾ ਕਾਲ ਤੁਹਾਡੇ ਸਿਰ ਉਤੇ ਬੈਠਾ ਹੈ। ਅਸੀਂ ਵੀ ਕਿਧਰੇ ਨਹੀਂ ਜਾਣਾ ਹੈ, ਕੋਈ ਮਾਊ ਜਣੇਗੀ, ਨਵੇਂ ਚੋਲੇ ਪਾ ਕੇ ਜਵਾਨ ਹੋਏ ਕੇ ਫੇਰ ਸਿਰੀ ਸਾਹਿਬ ਫੜਾਂਗੇ, ਤੁਸਾਂ ਤੇ**

ਤਹਿਤ (ਖਾਤਮੇ) ਨੂੰ ਉਠਾਵਾਂਗੇ, ਤੁਸਾਂ ਦੇ ਸਾਥ ਲੜਾਈ ਕਰਾਂਗੇ। ਬੋਲਾ ਕੀਤਾ:

ਸਾਈਂ ਨਾਲ ਜਿਨ੍ਹਾਂ ਦਾ ਦਾਵਾ,
ਜਿਨ੍ਹਾਂ ਸਿਰ ਸਾਈਂ ਨੂੰ ਦਿਤਾ।

ਬਹੁਤੀ ਥਾਵੇਂ ਚਿਤ ਚਾਏ ਖਲਤਾ,
ਇਕ ਵਾਕ ਸਾਈਂ ਨਾਲ ਕੀਤਾ।

ਜੈਸੀ ਲਾਵਣ ਤੋੜ ਨਿਭਾਵਣ,
ਕਦੇ ਨਾ ਫੇਰਨ ਚਿਤਾ। (ਚਿਤ)

ਬਿਨ ਸਿਰ ਦਿਤਿਆਂ ਸੋਹੁ ਨਹੀਂ ਮਿਲਦਾ,
ਲਖਾਂ ਜਹੀ ਗਲ ਇਕਾ।

ਪਾਠਕ ਸੱਜਣੋਂ ਇਸ ਸ਼ਹੀਦੀ ਵਿਚ ਕਿਤਨਾ ਚਾਅ ਹੈ, ਕਿਤਨੀ ਚੜ੍ਹਦੀਕਲਾ ਹੈ? ਇਸ ਅੱਗੇ ਕਿਹੜੀ ਤਾਕਤ ਟਿਕ ਸਕਦੀ ਹੈ? ਗੁਰੂ ਦੁਲਾਰਿਆਂ ਨੇ ਦੇਸ਼ ਕੌਮ ਤੇ ਮਾਨਵਤਾ ਦੀ ਆਨ ਸ਼ਾਨ ਲਈ ਅਜਿਹੀਆਂ ਅਣਗਿਣਤ ਸ਼ਹੀਦੀਆਂ ਦੇ ਕੇ ਸਿੱਖ ਸੂਰਬੀਰਤਾ ਨੂੰ ਲਾਮਿਸਾਲ ਬਣਾ ਦਿੱਤਾ ਹੈ । ਕਿਆ ਕਮਾਲ ਦਾ ਸਟਾਈਲ ਹੈ ਸਿੰਘਾਂ ਦਾ ਫਾਂਸੀ ਝੂਲਣ ਦਾ। ਇਹ ਸਿੰਘ ਤਾਂ ਸਰਮਦ ਦੀ ਸੋਚ ਤੋਂ ਵੀ ਅੱਗੇ ਲੰਘ ਗਏ ਜੋ ਆਪਣੇ ਇਕ ਸ਼ੇਅਰ ਵਿਚ ਕਹਿੰਦਾ ਹੈ :

ਮਨਸੂਰ ਦੀ ਕਹਾਣੀ ਬਹੁਤ ਪੁਰਾਣੀ ਹੋ ਗਈ,
ਮੈਂ ਨਵੇਂ ਸਿਰਿਉਂ ਸੂਲੀ ਚੜ੍ਹਨ ਦਾ ਜਲਵਾ ਦਖਾਂਦਾ ਹਾਂ।

ਅੰਗਰੇਜ਼, ਸਿੰਘਾਂ ਦੇ ਇਸ ਜਲਵੇ ਅੱਗੇ ਆਪਣੇ ਆਪ ਨੂੰ ਬੇਹਦ ਸ਼ਕਤੀਸ਼ਾਲੀ ਸਮਝਦਾ ਹੋਇਆ ਵੀ ਅੰਦਰੋ ਅੰਦਰ ਨਿਤਾਣਾ ਤੇ ਅਸੁਰੱਖਿਅਤ ਜ਼ਰੂਰ ਸਮਝਣ ਲਗ ਪਿਆ ਹੋਵੇਗਾ ਜਦ ਸਿੰਘਾਂ ਨੇ ਉਸ ਨੂੰ ਪਤੇ ਦੀ ਗੱਲ ਕਹੀ ਕਿ ਬਿਲਿਆ ਅਸੀਂ ਤਾਂ ਫਿਰ ਆਏ ਕਿ ਆਏ, ਇਹ ਖੇਡ ਹੁਣ ਮੁਕਣ ਵਾਲੀ ਨਹੀਂ:

ਦੋਬਾਰਾ ਕਿਸ ਤਰ੍ਹਾਂ ਫਾਂਸੀ ਲਗਾਓਗੇ ਜ਼ਰਾ ਸੋਚੋ,
ਅਸੀਂ ਤਾਂ ਫੇਰ ਆ ਜਾਣਾ ਹੈ ਕਲ ਨੂੰ ਗਰਦਨਾਂ ਲੈ ਕੇ। (ਮਸਰੂਰ)

ਯਹੂਦੀ ਪਰਵਾਰ ਉਤੇ ਗੁਰਸਿੱਖੀ ਪ੍ਰਭਾਵ

ਆਵਾਜਾਈ ਸੰਚਾਰ ਅਤੇ ਛਾਪੇਖਾਨੇ ਦੇ ਪਸਾਰ ਅਤੇ ਪਰਸਪਰ ਸੰਪਰਕ ਕਾਰਨ ਦਸ ਗੁਰੂ ਸਾਹਿਬਾਨ ਅਤੇ ਸਿੱਖ ਫਲਸਫੇ ਬਾਰੇ ਹੁਣ ਬਿਦੇਸ਼ੀ ਭਾਸ਼ਾਵਾਂ ਵਿਚ ਵੀ ਕੁਝ ਲਿਖਤਾਂ ਉਪਲੱਬਧ ਹੋ ਜਾਣ ਕਰਕੇ ਭਾਰਤ ਤੋਂ ਬਾਹਰਲੀ ਦੁਨੀਆ ਵਿਚ ਵੀ ਸਿੱਖੀ ਬਾਰੇ ਸੋਝੀ ਵਧ ਰਹੀ ਹੈ। ਅਮਰੀਕਾ ਵਿਚ ਕਈ ਅਮਰੀਕਨ ਸਜਣ ਸਿੰਘ ਸਜੇ ਹਨ ਅਤੇ ਉਨ੍ਹਾਂ ਵਲੋਂ ਪੱਛਮੀ ਸੰਸਾਰ ਵਿਚ ਪੂਰੀ ਬਕਾਇਦਗੀ ਨਾਲ ਸਿੱਖ ਪ੍ਰਚਾਰ ਮੁਹਿੰਮ ਜਾਰੀ ਹੈ ਤੇ ਪੂਰੇ ਮੁਲਾਂਕਣ ਮਗਰੋਂ ਕਈ ਹੋਰ ਗੋਰੇ, ਮਨ ਦੀ ਸ਼ਾਂਤੀ ਲਈ ਸਿੱਖੀ ਧਾਰਨ ਕਰਨ ਵਿਚ ਅੱਗੇ ਵਧ ਰਹੇ ਹਨ।

ਸਿੱਖ ਧਰਮ ਦਾ ਗਿਆਨ ਪ੍ਰਾਪਤ ਕਰਕੇ ਯਹੂਦੀ ਪਰਿਵਾਰ ਦੇ ਇਕੋ ਇਕ ਨੌਜਵਾਨ ਲੜਕੇ ਵਲੋਂ ਸਿੰਘ ਸੱਜਣ ਦੀ ਨਿਮਨ ਦਿਲਚਸਪ ਦਾਸਤਾਨ ਪੜ੍ਹਨ ਤੋਂ

ਪਾਠਕਾਂ ਨੂੰ ਪਤਾ ਲਗੇਗਾ ਕਿ ਸਿੱਖੀ ਕਿਤਨੀ ਉੱਚੀ ਸੁੱਚੀ ਜੀਵਨ ਜਾਚ ਦਾ ਮਾਰਗ ਹੈ। ਗੱਲ ਇਵੇਂ ਤੁਰਦੀ ਹੈ :

20, 22 ਸਾਲ ਦੀ ਉਮਰ ਦਾ ਇਕ ਅਮਰੀਕਨ ਯਹੂਦੀ ਪਰਿਵਾਰ ਦਾ ਲੜਕਾ ਸਿੰਘ ਸਜ ਗਿਆ ਤੇ ਉਸ ਆਪਣਾ ਨਾਂ ਗੁਰੂ ਮਿਹਰ ਸਿੰਘ ਰੱਖ ਲਿਆ। ਯਹੂਦੀ ਧਰਮ ਅਨੁਸਾਰ ਕੋਈ ਯਹੂਦੀ ਵਸੋਂ ਵਸੋਂ ਆਪਣਾ ਧਰਮ ਬਦਲ ਨਹੀਂ ਸਕਦਾ ਤੇ ਨਾ ਹੀ ਕੋਈ ਗ਼ੈਰ-ਯਹੂਦੀ ਇਸ ਧਰਮ ਵਿਚ ਜਲਦੀ ਨਾਲ ਪਰਵੇਸ਼ ਹੀ ਕਰ ਸਕਦਾ ਹੈ। ਇਸ ਦਾ ਪ੍ਰਮਾਣ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਦੂਜੇ ਵਿਸ਼ਵ ਯੁੱਧ ਦੌਰਾਨ ਹਿਟਲਰ ਨੇ 60 ਲੱਖ ਯਹੂਦੀਆਂ ਨੂੰ ਕਰੋਧ ਵਸ ਹੋ ਕੇ ਗੈਸ ਚਿਮਨੀਆਂ ਵਿਚ ਭਸਮ ਕਰ ਦਿੱਤਾ ਪਰ ਇਕ ਵੀ ਯਹੂਦੀ ਮੌਤ ਦੇ ਡਰ ਕਾਰਨ ਧਰਮ ਬਦਲ ਕੇ ਨਹੀਂ ਨਸਿਆ। ਗੁਰੂ ਮਿਹਰ ਸਿੰਘ ਬਹੁਤ ਹੀ ਅਮੀਰ ਮਾਪਿਆਂ ਦਾ ਇਕੋ ਇਕ ਪੁੱਤਰ ਹੋਣ ਕਾਰਨ ਮਾਂ ਬਾਪ ਨੂੰ ਉਸ ਦੇ ਸਿੰਘ ਸਜ ਜਾਣ ਤੇ ਬਹੁਤ ਦੁੱਖ ਹੋਇਆ ਤੇ ਉਹ ਉਸ ਪ੍ਰਤੀ ਬਹੁਤ ਚਿੰਤਾਤਰ ਹੋ ਗਏ। ਉਨ੍ਹਾਂ ਨੇ ਉਸ ਉਤੇ ਪੂਰਾ ਗੁੱਸਾ ਕੀਤਾ। ਲੜਕੇ ਉਤੇ ਪਿਆਰ, ਗੁੱਸੇ ਅਤੇ ਧਮਕੀਆਂ ਦਾ ਕੋਈ ਅਸਰ ਨਾ ਦੇਖ ਕੇ ਮਾਪਿਆਂ ਨੇ ਆਪਣੇ ਵਕੀਲ ਨਾਲ ਸਲਾਹ ਮਸ਼ਵਰਾ ਕੀਤਾ। ਵਕੀਲ ਨੇ ਉਨ੍ਹਾਂ ਨੂੰ ਕਿਹਾ ਕਿ ਮੁੰਡੇ ਤੇ ਇਸ ਤਰ੍ਹਾਂ ਕੋਈ ਅਸਰ ਹੋਣ ਵਾਲਾ ਨਹੀਂ ਦਿਸਦਾ ਕਿਉਂਕਿ ਉਸ ਉੱਤੇ ਹਾਲੇਂ ਨਵੇਂ ਧਰਮ ਦਾ ਭੂਤ ਸਵਾਰ ਹੈ। ਉਸ ਨੂੰ ਇਕ ਝਟਕਾ ਦੇਣ ਲਈ ਤੁਸੀਂ ਆਪਣੀ ਬਹੁਤ ਵੱਡੀ ਸੰਪਤੀ ਵਿਚੋਂ ਚੌਥਾ ਹਿੱਸਾ ਸੰਪਤੀ ਧਰਮ ਕਰਮ ਨਾਲ ਸੰਬਧਿਤ ਸੰਸਥਾਵਾਂ ਦੇ ਨਾਂ ਲਗਵਾ ਦੇਵੋ ਤੇ ਉਸ ਦੇ ਸਬੂਤ ਵਜੋਂ ਕਾਗਜ਼ ਆਪਣੇ ਪੁੱਤਰ ਨੂੰ ਭੇਜ ਕੇ ਉਸ ਨੂੰ ਲਿਖੋ ਕਿ ਤੁਸੀਂ ਆਪਣੀ ਸੰਪਤੀ ਦਾ ਚੌਥਾ ਹਿੱਸਾ ਦਾਨ ਕਰ ਦਿੱਤਾ ਹੈ ਜੋ ਇਤਨੇ ਕਰੋੜ ਡਾਲਰ ਬਣਦਾ ਹੈ। ਤੂੰ ਵਾਪਸ ਯਹੂਦੀ ਧਰਮ ਵਿਚ ਪਰਤ ਕੇ ਉਨ੍ਹਾਂ ਪਾਸ ਰਹਿਣਾ ਸ਼ੁਰੂ ਨਾ ਕੀਤਾ ਤਾਂ ਉਹ ਬਾਕੀ ਰਹਿੰਦੀ ਅਰਬਾਂ ਡਾਲਰਾਂ ਦੀ ਜਾਇਦਾਦ ਵੀ ਗਰੀਬਾਂ ਵਿਚ ਵੰਡ ਦੇਣਗੇ ਤਦ ਤੈਨੂੰ ਸਾਰੀ ਉਮਰ ਗਰੀਬੀ ਦੀ ਹਾਲਤ ਵਿਚ ਦਿਨ ਕਟੀ ਕਰਨੀ ਪਵੇਗੀ ਤੇ ਨਵੇਂ ਧਰਮ ਦਾ ਤੇਰਾ ਸਾਰਾ ਨਸ਼ਾ ਜਲਦੀ ਹੀ ਉਤਰ ਜਾਏਗਾ।

ਸਾਨੂੰ ਸਾਰਿਆਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਯਹੂਦੀ ਪੈਸੇ ਦੇ ਬੜੇ ਪੀਰ ਹੁੰਦੇ ਹਨ। ਇਸ ਲਈ ਗੁਰੂ ਮਿਹਰ ਸਿੰਘ ਦੇ ਮਾਪਿਆਂ ਨੇ ਸੋਚਿਆ ਕਿ ਅਰਬਾਂ ਦੀ ਜਾਇਦਾਦ ਹਥੋਂ ਜਾਂਦੀ ਦੇਖ ਕੇ ਇਸ ਦੌਲਤ ਦਾ ਲਾਲਚ ਮੁੰਡੇ ਨੂੰ ਜ਼ਰੂਰ ਵਾਪਸ ਘਰ ਲੈ ਆਵੇਗਾ। ਜਦ ਇਹ ਚਿਠੀ ਗੁਰੂ ਮਿਹਰ ਸਿੰਘ ਨੂੰ ਮਿਲੀ ਤਾਂ ਉਸ ਨੇ ਇਕ ਦਿਨ ਆਪਣੇ ਪਿਤਾ ਨੂੰ ਫੋਨ ਤੇ ਕਿਹਾ ਕਿ ਉਹ ਉਸ ਨੂੰ ਮਿਲਣ ਘਰ ਆ ਰਿਹਾ ਹੈ। ਪਿਓ ਬੜਾ ਖੁਸ਼ ਹੋਇਆ ਤੇ ਸੋਚਣ ਲੱਗਾ ਕਿ ਵਕੀਲ ਦੀ ਸਲਾਹ ਸ਼ਾਇਦ ਮੁੰਡੇ ਤੇ ਅਸਰ ਕਰ ਗਈ ਹੈ ਤੇ ਉਹ ਇਕ ਚੌਥਾਈ ਦੌਲਤ ਹਥੋਂ ਜਾਂਦੀ ਦੇਖ ਕੇ ਨਹੀਂ ਜਰ ਸਕਿਆ ਇਸ ਲਈ ਘਰ ਵਾਪਸ ਪਰਤ ਰਿਹਾ ਹੈ। ਲੜਕਾ ਦਸੇ ਹੋਏ ਸਮੇਂ ਤੇ ਘਰ ਪਹੁੰਚਿਆ। ਮਾਂ ਪਿਉ ਉਸ ਨੂੰ ਦੋਬਾਰਾ ਆਪਣੇ ਘਰ ਵਿਚ ਵੇਖ ਕੇ ਬਹੁਤ ਖੁਸ਼ ਹੋਏ ਪਰ ਲੜਕੇ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਉਨ੍ਹਾਂ ਪਾਸ ਰਹਿਣ ਲਈ ਨਹੀਂ ਆਇਆ ਸਗੋਂ ਆਪਣੇ ਮਾਪਿਆਂ ਨੂੰ ਇਸ ਗੱਲੋਂ ਮੁਬਾਰਕਬਾਦ ਦੇਣ ਆਇਆ ਹੈ ਕਿ ਉਹ ਕਈ ਕੋਹਜੇ

ਢੰਗਾਂ ਨਾਲ ਦਾਦੇ ਪੜਦਾਦੇ ਦੀ ਲੁੱਟ ਖਸੁੱਟ ਨਾਲ ਇੱਕਠੀ ਕੀਤੀ ਮਾਇਆ ਵਿਚੋਂ ਚੌਥਾ ਹਿਸਾ ਮਾਇਆ ਦਾਨ ਕਰਨ ਦੀ ਮਹਾਨ ਕਰਾਮਾਤ ਕਰ ਗਏ ਹਨ। ਲੜਕੇ ਨੇ ਹੋਰ ਕਿਹਾ ਕਿ ਇਸ ਤੋਂ ਪਹਿਲੇ ਸਾਡਾ ਖਾਨਦਾਨ ਕਿਸੇ ਨਾ ਕਿਸੇ ਢੰਗ ਨਾਲ ਲੋਕਾਂ ਤੋਂ ਕੁਝ ਨਾ ਕੁਝ ਖੋਂਹਦਾ ਹੀ ਰਿਹਾ ਹੈ ਪਰ ਗੁਰੂ ਦੀ ਕਿਰਪਾ ਦੇਖੋ ਕਿ ਜਿਵੇਂ ਹੀ ਮੈਂ ਸਿੰਘ ਸਜਿਆ ਹਾਂ ਤਾਂ ਤੁਸੀ ਦਸਵੰਧ ਤੋਂ ਵੀ ਵਧ ਰਕਮ ਦਾਨ ਲਈ ਕੱਢ ਦਿੱਤੀ ਹੈ। ਇਹ ਹੈ ਮੇਰੇ ਸਤਿਗੁਰੂ ਦੀ ਮੇਰੇ ਪਰਵਾਰ ਤੇ ਬਖਸ਼ਸ਼। ਲੜਕੇ ਨੇ ਗੱਲ ਨੂੰ ਅੱਗੇ ਤੋਰਦਿਆਂ ਹੋਇਆਂ ਇਹ ਵੀ ਕਿਹਾ ਕਿ ਇਸ ਮਹਾਨ ਮਿਹਰ ਦੇ ਸ਼ੁਕਰਾਨੇ ਵਜੋਂ ਉਹ ਆਪਣੇ ਅਸਥਾਨ ਤੇ ਫਲਾਣੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਵਾ ਰਿਹਾ ਹੈ ਜਿਸ ਦਾ ਭੋਗ ਅਮਕੇ ਦਿਨ ਪਵੇਗਾ। ਉਹ ਜ਼ਾਤੀ ਤੌਰ ਤੇ ਆਪਣੇ ਮਾਪਿਆਂ ਨੂੰ ਨਿਮੰਤਰਣ ਦੇਣ ਲਈ ਆਇਆ ਹੈ ਤਾਂ ਕਿ ਉਹ ਵੀ ਸਮਾਗਮ ਵਿਚ ਸ਼ਾਮਲ ਹੋ ਸਕਣ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਹ ਗੱਲ ਸੁਣ ਕੇ ਮਾਪਿਆਂ ਦੇ ਹੋਸ਼ ਹਵਾਸ ਉਡ ਗਏ, ਉਨ੍ਹਾਂ ਨੂੰ ਸਾਰੀ ਖੇਡ ਹੱਥੋਂ ਜਾਂਦੀ ਦਿਸੀ। ਲੜਕਾ ਇਹ ਕਹਿ ਕੇ ਘਰੋਂ ਚਲਾ ਗਿਆ।

ਭੋਗ ਵਾਲੇ ਦਿਨ ਉਸ ਦੇ ਮਾਂ ਪਿਉ ਦੀਵਾਨ ਵਿਚ ਹਾਜ਼ਰ ਹੋ ਗਏ ਤੇ ਸੰਗਤ ਵਿੱਚ ਖੜੇ ਹੋ ਕੇ ਕਹਿਣ ਲਗੇ ਕਿ ਸਾਡੇ ਲੜਕੇ ਨੇ ਗੁਰਸਿੱਖੀ ਜੀਵਨ ਧਾਰਨ ਕਰਨ ਵਜੋਂ ਜੋ ਗੁਣ ਗ੍ਰਹਿਣ ਕਰਕੇ ਮਾਇਆ ਤੋਂ ਬੇਨਿਆਜ਼ੀ ਤੇ ਤਿਆਗ ਦਿਖਾਇਆ ਹੈ, ਅਤੇ ਆਪਣੇ ਗੁਰੂ ਦੀ ਸ਼ਰਨ ਵਿਚ ਰਹਿ ਕੇ ਆਪਣੀ ਆਤਮਿਕ ਅਵਸਥਾ ਨੂੰ ਜਿਤਨਾ ਉੱਚਾ ਕਰ ਲਿਆ ਹੈ, ਉਸ ਨੇ ਸਾਡੇ ਕਪਾਟ ਖੋਹਲ ਦਿਤੇ ਹਨ ਅਤੇ ਅਸੀਂ ਇਸ ਨਿਸਚੇ ਨਾਲ ਇਥੇ ਆਏ ਹਾਂ ਕਿ ਆਪਣੇ ਬੇਟੇ ਦੀ ਇਸ ਅਦੁੱਤੀ ਪ੍ਰਾਪਤੀ ਉਤੇ ਉਸ ਨੂੰ ਦਿਲੀ ਮੁਬਾਰਕਬਾਦ ਦੇ ਕੇ ਆਈਏ ਤੇ ਨਾਲ ਹੀ ਉਸ ਨੂੰ ਬੇਨਤੀ ਕਰੀਏ ਕਿ ਇਸ ਲਾਸਾਨੀ ਧਰਮ ਵਿਚ ਉਹ ਸਾਡਾ ਵੀ ਪਰਵੇਸ਼ ਕਰਵਾ ਕੇ ਸਾਡੇ ਤੇ ਅਹਿਸਾਨ ਕਰੇ। ਜੈਕਾਰਿਆਂ ਦੀ ਗੂੰਜ ਵਿਚ ਗੁਰੂ ਮਿਹਰ ਸਿੰਘ ਦਾ ਯਹੂਦੀ ਪਿਤਾ ਗੁਰ ਸੇਵਕ ਸਿੰਘ ਦੇ ਨਾਂ ਹੇਠ 'ਸਿੰਘ' ਸਜ ਕੇ ਤੇ ਤਨੋਂ ਮਨੋਂ ਤੇ ਧਨੋਂ ਗੁਰਸਿੱਖੀ ਦੀ ਸੇਵਾ ਵਿਚ ਲਗਨਸ਼ੀਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਗਦ ਗਦ ਹੋਇਆ ਨਹੀਂ ਸਮਾਉਂਦਾ। ਕਿਤਨੀ ਮਹਾਨ ਹੈ ਗੁਰਸਿੱਖੀ ਤੇ ਗੁਰਸਿੱਖ।

ਗੁਰਸਿਖਾ ਕੇ ਮੁਖ ਉਜਲੇ
ਹਰਿ ਦਰਗਹ ਭਾਵਹਿ॥ (ਮ-3, ਪੰਨਾ-590)

ਜੌਨ ਦਾ ਸਿੰਘ ਸਜਣਾ

ਉਕਤ ਵਰਗੀ ਹੀ ਇਕ ਘਟਨਾ ਹੁਣੇ ਹੁਣੇ ਇੰਗਲੈਂਡ ਵਿਚ ਵਾਪਰੀ ਜਦ ਬੈਰੋਫੋਰਡ ਦੇ ਵਸਨੀਕ ਉਘੇ ਪਾਦਰੀ ਸ੍ਰੀਮਾਨ ਬਰੇਨ ਮੋਰਗਨ ਦੇ ਲੜਕੇ ਜੌਨ ਨੇ ਆਪਣੀ ਆਤਮਿਕ ਸ਼ਾਂਤੀ ਲਈ ਸਭ ਧਰਮਾਂ ਦੀ ਘੋਖ ਪੜਤਾਲ ਕਰਕੇ ਸਿੱਖ ਧਰਮ ਗ੍ਰਹਿਣ ਕਰਨ ਦਾ ਫੈਸਲਾ ਕੀਤਾ। ਗੱਲ ਇਵੇਂ ਹੋਈ ਕਿ ਪਾਦਰੀ ਸਾਹਿਬ ਦੇ ਇੱਕੋ ਇੱਕ ਪੁੱਤਰ ਨੂੰ ਨੇਵੀ ਦੀ ਅਤੇ ਮਗਰੋਂ ਪੁਲਸ ਅਫ਼ਸਰ ਦੀ ਨੌਕਰੀ ਕਰਦਿਆਂ ਉਸਦੇ ਮਨ ਵਿੱਚ ਹਰ ਵਕਤ ਅਸ਼ਾਂਤੀ ਦਾ ਅਹਿਸਾਸ ਬਣਿਆ ਰਹਿੰਦਾ। ਮਨ ਦੀ ਸ਼ਾਂਤੀ ਲਈ

ਉਸਨੇ ਵੱਖ ਵੱਖ ਧਰਮਾਂ ਦਾ ਹੋਰ ਡੂੰਘਾ ਅਧਿਐਨ ਕੀਤਾ ਅਤੇ ਆਖਰ ਉਸ ਦਾ ਮਨ ਗੁਰਸਿਖੀ ਦੇ ਫਲਸਫੇ ਅਤੇ ਚੜ੍ਹਦੀਕਲਾ ਦੇ ਸਿਧਾਂਤ ਤੇ ਟਿਕਿਆ। ਸੇਵਾ ਤੇ ਸਿਮਰਨ ਵਿਚ ਜਦ ਉਸਦੀ ਰੁਚੀ ਵਧੀ ਤਾਂ ਉਸਨੂੰ ਆਤਮਿਕ ਤੌਰ ਤੇ ਤਸਕੀਨ ਮਿਲਣੀ ਸ਼ੁਰੂ ਹੋਈ। ਉਸਨੇ ਪੁਲਿਸ ਦੀ ਨੌਕਰੀ ਦਾ ਤਿਆਗ ਕਰਕੇ ਸੇਵਾ ਨਾਲ ਪਰੀਪੂਰਨ ਪੁਰਖ ਨਰਸ ਦੀ ਨੌਕਰੀ ਪ੍ਰਵਾਨ ਕਰ ਲਈ ਜਿਸਨੇ ਉਸਨੂੰ ਵਧੇਰੇ ਪ੍ਰਸੰਨਤਾ ਪਰਦਾਨ ਕੀਤੀ। ਖੁਸ਼ ਕਿਸਮਤੀ ਨਾਲ ਇਸ ਨੌਜਵਾਨ ਜੌਨ ਦਾ ਸੰਪਰਕ ਸਾਊਥਹੈਂਪਟਨ ਦੇ ਇਕ ਹਰਦਿਲ ਅਜ਼ੀਜ਼ ਗੁਰਸਿਖ ਗਿਆਨੀ ਭਰਪੂਰ ਸਿੰਘ ਜੀ ਨਾਲ ਹੋਇਆ ਜਿਨ੍ਹਾਂ ਤੋਂ ਜੌਨ ਨੂੰ ਗੁਰਸਿਖੀ ਦੇ ਵਖ ਵਖ ਨੁਕਤਿਆਂ ਤੇ ਭਰਪੂਰ ਤੇ ਰੌਚਕ ਜਾਣਕਾਰੀ ਮਿਲਣ ਲਗ ਪਈ। ਜੌਨ ਦਾ ਮਾਨਸਿਕ ਖੇੜਾ ਵਧਣ ਲਗਾ ਤੇ ਉਹ ਗਿਆਨੀ ਜੀ ਦੇ ਪ੍ਰਵਾਰ ਦਾ ਇਕ ਕਿਸਮ ਦਾ ਮੈਂਬਰ ਹੀ ਬਣ ਗਿਆ। ਉਸਨੇ ਕੇਸ ਰੱਖਣੇ ਸ਼ੁਰੂ ਕਰ ਦਿੱਤੇ, ਥੋੜ੍ਹੇ ਹੀ ਦਿਨਾਂ ਵਿਚ ਉਸ ਅੰਗਰੇਜ਼ੀ ਪਹਿਰਾਵੇ ਨੂੰ ਛੱਡ ਕੇ ਪੰਜਾਬੀ ਪਹਿਰਾਵੇ ਨੂੰ ਧਾਰਨ ਕਰ ਲਿਆ ਅਤੇ ਦਸਤਾਰ ਸਜਾ ਕੇ ਹਸਪਤਾਲ ਵਿਚ ਆਪਣੀ ਡਿਊਟੀ ਕਰਨ ਜਾਂਦਾ। ਗੁਰਬਾਣੀ ਦੇ ਅਧਿਐਨ ਤੇ ਦਾਸ ਦੀਆਂ ਪੁਸਤਕਾਂ ਨੇ ਉਸਨੂੰ ਇਤਨਾ ਉਤਸ਼ਾਹਤ ਕੀਤਾ ਕਿ ਉਹ ਆਪਣੇ ਮਾਤਾ ਪਿਤਾ ਨੂੰ ਨਾਲ ਲੈ ਕੇ 18.07.99 ਨੂੰ ਸਾਊਥਹੈਂਪਟਨ ਦੇ ਗੁਰਦਵਾਰਾ ਨਾਨਕਸਰ ਸਾਹਿਬ ਵਿਖੇ ਭਰੇ ਦੀਵਾਨ ਵਿਚ ਹਾਜ਼ਰ ਹੋਇਆ ਅਤੇ ਉਸਨੇ ਖੁਸ਼ੀ ਖੁਸ਼ੀ ਜੈਕਾਰਿਆਂ ਦੀ ਗੂੰਜ ਨਾਲ ਆਪਣੇ ਆਪ ਨੂੰ ਸਿੱਖ ਧਰਮ ਦਾ ਧਾਰਨੀ ਦਸਦਿਆਂ ਹੋਇਆਂ ਅਰਦਾਸ ਕਰਵਾਈ ਕਿ ਉਹ ਅੱਜ ਤੋਂ ਸਿੱਖ ਹੈ ਅਤੇ ਇਕ ਮਹੀਨੇ ਦੇ ਅੰਦਰ ਅੰਦਰ ਭਾਰਤ ਜਾ ਕੇ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿਖੇ ਖੰਡੇ ਬਾਟੇ ਦਾ ਪਾਹੁਲ ਪਾਨ ਕਰੇਗਾ। ਉਥੇ ਹੀ ਫੈਸਲਾ ਹੋਇਆ ਕਿ ਉਹ ਗਿਆਨੀ ਭਰਪੂਰ ਸਿੰਘ ਜੀ ਨਾਲ 10 ਅਗਸਤ 99 ਨੂੰ ਭਾਰਤ ਚਲਾ ਜਾਵੇਗਾ ਅਤੇ ਅੰਮ੍ਰਿਤ ਪਾਨ ਕਰਨ ਉਪਰੰਤ ਗੁਰਧਾਮਾਂ ਦੇ ਦਰਸ਼ਨ ਕਰਕੇ ਸਤਿਗੁਰਾਂ ਦੀਆਂ ਬਖਸ਼ਸ਼ਾਂ ਦਾ ਪਾਤਰ ਬਣੇਗਾ। ਗੁਰਦਵਾਰਾ ਸਾਹਿਬ ਵਿਚ ਜੌਨ ਦੇ ਪਾਦਰੀ ਪਿਤਾ ਨੇ ਜੋ ਸਪੀਚ ਕੀਤੀ ਉਸਦੇ ਕੁਝ ਅੰਸ਼ ਅਲੱਗ-ਸ਼ਬਦ-ਯੱਗ ਦੇ ਯੋਰਪ ਜ਼ੋਨ ਦੇ ਪੈਟਰਨ-ਇਨ-ਚੀਫ਼ ਤੇ ਕੁਆਰਡੀਨੇਟਰ ਇੰਜ: ਕਰਤਾਰ ਸਿੰਘ ਨੇ ਰੀਕਾਰਡ ਕਰਕੇ ਭੇਜੇ ਹਨ ਜੋ ਇਵੇਂ ਹਨ:

"I would first like to thank you all for making me and my wife feel so welcome today. I really feel that I am among friends. When John told me that he had become a Sikh, my first reaction was one of relief. Over the last eight years, John has been on a long and difficult spiritual journey but by becoming a Sikh that spiritual journey has become easier.

I also began reading about Sikhism and I have come to realise just how great God is, and that he is not only in one place, in one church. He is all embracing. There is one God and we are all together hand in hand. I wish to thank you for showing John, my son, a way of better understanding God, as far as any human can."

ਜੌਨ ਦੇ ਨਾਮਵਰ ਪਾਦਰੀ ਪਿਤਾ ਦੇ ਅੰਗਰੇਜ਼ੀ ਸ਼ਬਦਾਂ ਦਾ ਸਰਲ ਪੰਜਾਬੀ ਰੂਪ ਇਵੇਂ ਹੈ:

"ਸਭ ਤੋਂ ਪਹਿਲੇ ਮੈਂ ਆਪ ਸਾਰਿਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਮੈਨੂੰ ਤੇ ਮੇਰੀ ਧਰਮ ਪਤਨੀ ਨੂੰ ਹਾਰਦਿਕ ਜੀ ਆਇਆਂ ਕਹਿ ਕੇ ਨਿਵਾਜਿਆ ਹੈ। ਸਚ ਜਾਣਨਾ ਮੈਨੂੰ ਇਵੇਂ ਲਗ ਰਿਹਾ ਹੈ ਕਿ ਮੈਂ ਆਪਣੇ ਪਰਮ ਮਿੱਤਰਾਂ ਦੀ ਸੰਗਤ ਵਿਚ ਹਾਂ। ਜਦ ਮੇਰੇ ਲੜਕੇ ਜੌਨ ਨੇ ਮੈਨੂੰ ਦੱਸਿਆ ਕਿ ਉਸਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਹੈ ਤਾਂ ਪਹਿਲੇ ਪ੍ਰਤੀਕਰਮ ਵਜੋਂ ਮੈਨੂੰ ਬਹੁਤ ਸੰਤੋਖ ਦਾ ਅਹਿਸਾਸ ਹੋਇਆ। ਪਿਛਲੇ ਅੱਠ ਸਾਲਾਂ ਤੋਂ ਜੌਨ ਇਕ ਲੰਮੇ ਤੇ ਬਿਖੜੇ ਆਤਮਿਕ ਸਫਰ ਤੇ ਚਲ ਰਿਹਾ ਸੀ ਜਿਹੜਾ ਹੁਣ ਸਿੰਘ ਸਜਣ ਨਾਲ ਕਾਫੀ ਸੁਖੈਲਾ ਹੋ ਗਿਆ ਹੈ। (ਇਸਦਾ ਸੰਖੇਪ ਅਰਥ ਇਹੀ ਹੈ ਕਿ ਸਿੱਖ ਧਰਮ ਗ੍ਰਹਿਣ ਕਰਕੇ ਉਸਨੂੰ ਆਪਣੀ ਮੰਜ਼ਲ ਮਿਲ ਗਈ ਹੈ।)

ਮੈਂ ਵੀ ਸਿੱਖ ਧਰਮ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਅਤੇ ਇਹ ਅਨੁਭਵ ਕੀਤਾ ਕਿ ਵਾਹਿਗੁਰੂ ਕਿਤਨਾ ਮਹਾਨ ਹੈ। ਮੈਨੂੰ ਇਹ ਵੀ ਸਮਝ ਆ ਗਈ ਕਿ ਉਹ ਕੇਵਲ ਕਿਸੇ ਇਕ ਥਾਂ, ਕਿਸੇ ਇਕ ਗਿਰਜੇ ਵਿਚ ਹੀ ਨਹੀਂ ਬੈਠਾ ਹੋਇਆ, ਉਸਨੇ ਤਾਂ ਆਪਣੇ ਕਲਾਵੇ ਵਿਚ ਸਭ ਕੁਝ ਨੂੰ ਲਿਆ ਹੋਇਆ ਹੈ ਅਤੇ ਉਸਦੇ ਪਸਾਰੇ ਦੀ ਸੀਮਾ ਨਹੀਂ। ਰੱਬ ਕੇਵਲ ਤੇ ਕੇਵਲ ਇਕ ਹੈ ਅਤੇ ਅਸੀਂ ਸਾਰੇ ਉਸਦੇ ਸਾਜੇ ਨਿਵਾਜੇ ਹੋਣ ਕਾਰਨ ਆਪਸ ਵਿਚ ਇਕ ਮਿਕ ਹਾਂ। ਮੈਂ ਆਪ ਸਭ ਦਾ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੇਰੇ ਪੁੱਤਰ ਜੌਨ ਨੂੰ ਜਿਤਨਾ ਵਧ ਤੋਂ ਵਧ ਸੰਭਵ ਹੋ ਸਕਿਆ ਹੈ ਵਧੀਆ ਰਸਤੇ ਦੀ ਸੋਝੀ ਕਰਵਾਣ ਵਿਚ ਸਹਾਇਤਾ ਕੀਤੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਜੌਨ ਦੇ ਸਿੰਘ ਸਜਣ ਅਤੇ ਅੰਮ੍ਰਿਤ ਛਕਣ ਦਾ ਚਾਅ ਮੈਨੂੰ ਤੇ ਮੇਰੀ ਸੁਪਤਨੀ ਨੂੰ ਆਪਣੀ ਪਿਛਲੀ ਇੰਗਲੈਂਡ ਫੇਰੀ ਦੌਰਾਨ ਅਨੁਭਵ ਕਰਨ ਦਾ ਅਵਸਰ ਇੰਗਲੈਂਡ ਵਿਖੇ ਗਿਆਨੀ ਭਰਪੂਰ ਸਿੰਘ ਜੀ ਦੇ ਘਰ ਮਿਲਿਆ ਅਤੇ ਅਸੀਂ ਉਸਦਾ ਗੁਰਸਿਖੀ ਬਾਰੇ ਉਤਸ਼ਾਹ ਤੇ ਉਮਾਹ ਵੇਖ ਵੇਖ ਕੇ ਹੈਰਾਨ ਸਾਂ ਕਿ ਵਾਹਿਗੁਰੂ ਨੇ ਉਸ ਤੇ ਕਿਤਨੀ ਕ੍ਰਿਪਾ ਕੀਤੀ ਹੋਈ ਹੈ ਕਿ ਉਹ ਗੁਰਸਿਖੀ ਬਾਰੇ ਵਧ ਤੋਂ ਵਧ ਜਾਣਨ ਤੇ ਦੱਸਣ ਵਿਚ ਕਦੇ ਥਕਦਾ ਹੀ ਨਹੀਂ। ਉਸਨੇ ਭਾਰਤ ਆ ਕੇ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਛਕਣ ਤੋਂ ਮਗਰੋਂ ਸਾਡੇ ਨਾਲ ਜਾ ਕੇ ਹਰਿਮੰਦਰ ਸਾਹਿਬ ਅਕਾਲਪੁਰਖ ਦਾ ਧੰਨਵਾਦ ਕੀਤਾ। ਕਾਸ਼ ਸਾਡੇ ਸਿੱਖ ਪਰਵਾਰਾਂ ਦੇ ਨੌਜਵਾਨ ਬੱਚੇ ਵੀ ਗੁਰਸਿਖੀ ਬਾਰੇ ਅਜਿਹੀ ਚੇਟਕ ਆਪਣੇ ਮਨਾਂ ਵਿਚ ਪੈਦਾ ਕਰਨ ਅਤੇ ਪਤਿਤਪੁਣੇ ਦੀ ਬਜਰ ਬਿਮਾਰੀ ਤੋਂ ਸਵੱਛ ਹੋ ਕੇ ਜੌਨ ਸਿੰਘ ਵਰਗੀ ਧਾਰਮਿਕ ਬਿਰਤੀ ਦੇ ਮਾਲਕ ਬਣਨ, ਫਿਰ ਦੇਖਣ ਉਨ੍ਹਾਂ ਦੇ ਜੀਵਨ ਵਿਚ ਕਿਤਨਾ ਨਿਖਾਰ ਤੇ ਹੁਲਾਸ ਪੈਦਾ ਹੁੰਦਾ ਹੈ। ਵਾਹਿਗੁਰੂ ਉਨ੍ਹਾਂ ਨੂੰ ਯੋਗ ਮਤ ਬਖਸ਼ਣ।

ਯਹੂਦੀ ਫਰਾਈਡਮਨ ਉਤੇ ਸਿੱਖੀ ਪ੍ਰਭਾਵ

ਯਹੂਦੀ ਧਰਮ ਨੂੰ ਛਡ ਕੇ ਸਿੱਖ ਧਰਮ ਵਿਚ ਪਰਵੇਸ਼ ਕਰਨ ਵਾਲੇ ਗੁਰੂ ਮਿਹਰ

ਸਿੰਘ ਤੇ ਗੁਰੂ ਸੇਵਕ ਸਿੰਘ ਦੀ ਉਕਤ ਦਾਸਤਾਨ ਅਤੇ ਈਸਾਈ ਧਰਮ ਨੂੰ ਤਿਲਾਂਜ ਕੇ ਗੁਰਸਿਖੀ ਸ਼ਾਨ ਗ੍ਰਹਿਨ ਕਰਨ ਦੀ ਜੌਨ ਸਿੰਘ ਦੀ ਘਟਨਾ ਆਪਣੇ ਆਪ ਵਿਚ ਵਿਲੱਖਣ ਹੈ ਅਤੇ ਸਿੱਖ ਧਰਮ ਦੇ ਪ੍ਰਭਾਵਸ਼ਾਲੀ ਅਸਰ ਦਾ ਭਰਵਾਂ ਸੰਕੇਤ ਦੇਂਦੀ ਹੈ। ਇਹੋ ਜਹੀਆਂ ਸੈਂਕੜੇ ਹਜ਼ਾਰਾਂ ਹੋਰ ਘਟਨਾਵਾਂ ਵੀ ਹਨ ਜੋ ਉਨ੍ਹਾਂ ਬੇਸ਼ੁਮਾਰ ਅਮਰੀਕਨ ਸਿੰਘਾਂ ਦੀਆਂ ਜ਼ਿੰਦਗੀਆਂ ਵਿਚ ਪੇਸ਼ ਆਈਆਂ ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਆਪਣੇ ਧਰਮ ਤਿਆਗ ਕੇ ਸਿੰਘ ਸਜਣ ਲਈ ਖਿਚ ਪਾਈ ਤੇ ਅੰਮ੍ਰਿਤਧਾਰੀ ਸਿੰਘ ਸਜਾਅ ਕੇ ਹੀ ਦੰਮ ਲਿਆ। ਪਛਮੀ ਸੰਸਾਰ ਦੇ ਲੋਕਾਂ ਦੀ ਸੋਚਣੀ ਵਿਚ ਸਾਡੇ ਨਾਲੋਂ ਇਕ ਅੰਤਰ ਜ਼ਰੂਰ ਹੈ ਤੇ ਉਹ ਇਹ ਹੈ ਕਿ ਉਹ ਹਰ ਗੱਲ, ਜਿਸ ਨੂੰ ਉਹ ਕਰਨਾ ਚਾਹੁੰਦੇ ਹਨ, ਉਸ ਦੀ ਉਪਯੋਗਤਾ ਦਾ ਜ਼ਰੂਰ ਧਿਆਨ ਰਖਦੇ ਹਨ।

ਕੈਨੇਡਾ ਦਾ ਇਕ ਯਹੂਦੀ ਨੌਜਵਾਨ ਜ਼ਿੰਦਗੀ ਦੇ ਪਹਿਲੇ ਵੀਹਾਂ ਸਾਲਾਂ ਤੋਂ ਹੀ ਆਪਣੇ ਯਹੂਦੀ ਧਰਮ ਤੋਂ ਸੰਤੁਸ਼ਟ ਨਾ ਹੋ ਸਕਿਆ। ਉਸ ਨੂੰ ਆਪਣਾ ਅੰਦਰਾ ਸਖਣਾ ਸਖਣਾ ਭਾਸਦਾ। ਇਸ ਦੀ ਪੂਰਤੀ ਲਈ ਉਸ ਨੇ ਬਥੇਰੇ ਠੁਡੇ ਠੇਡੇ ਖਾਧੇ। ਉਹ ਪਹਿਲੇ ਯਹੂਦੀ ਪ੍ਰੋਹਤ ਬਣਨਾ ਚਾਹੁੰਦਾ ਸੀ ਪਰ ਆਤਮਿਕ ਤਸੱਲੀ ਨਾ ਹੋਣ ਕਾਰਨ ਉਸ ਨੇ ਪੂਰਬੀ ਧਰਮਾਂ ਦਾ ਗਿਆਨ ਪ੍ਰਾਪਤ ਕੀਤਾ ਤੇ ਇਨ੍ਹਾਂ ਵਿਚੋਂ ਉਸ ਨੂੰ ਕੁਝ ਤਸੱਲੀ ਮਿਲਣੀ ਸ਼ੁਰੂ ਹੋਈ। 23 ਸਾਲ ਦੀ ਉਮਰ ਵਿਚ ਉਸ ਨੂੰ ਕੁਝ ਪਛਮੀ ਸਿੰਘ ਮਿਲੇ ਜਿਨ੍ਹਾਂ ਦੀ ਜ਼ਿੰਦਗੀ ਤੇ ਆਤਮਿਕ ਚੜ੍ਹਤ ਤੋਂ ਉਹ ਬਹੁਤ ਪ੍ਰਭਾਵਤ ਹੋਇਆ। ਮਨ ਵਿਚ ਸਿੱਖ ਸਜਣ ਦਾ ਸੰਕਲਪ ਬਣਿਆ ਜਿਹੜਾ ਸਮੇਂ ਦੇ ਨਾਲ ਨਾਲ ਵਧੇਰੇ ਸ਼ਕਤੀ ਫੜਦਾ ਗਿਆ। ਅੰਤ ਵਿੱਚ ਇਸ ਯਹੂਦੀ ਨੌਜਵਾਨ ਡੇਵਿਡ ਫਰਾਈਡਮਨ ਨੇ 41 ਸਾਲ ਦੀ ਉਮਰ ਵਿਚ ਕੇਸ ਰਖ ਕੇ ਦਸਤਾਰ ਸਜਾ ਲਈ ਤੇ ਸਿੱਖ ਧਰਮ ਗ੍ਰਹਿਣ ਕਰ ਲਿਆ। ਅਜਿਹਾ ਕਰਨ ਨਾਲ ਉਸ ਦੇ ਮਨ ਨੂੰ ਬਹੁਤ ਅਨੰਦ ਆਇਆ ਤੇ ਸਿੱਖ ਜੀਵਨ ਜਾਚ ਵਿਚ ਪਰਵੇਸ਼ ਕਰਕੇ ਤੇ ਅੰਮ੍ਰਿਤ ਛਕ ਕੇ ਉਸ ਆਪਣਾ ਨਾਂ ਹਰੀਨਾਮ ਸਿੰਘ ਰਖ ਲਿਆ। ਉਸ ਦਾ ਕਹਿਣਾ ਹੈ ਕਿ ਸਿੱਖ ਧਰਮ ਉਸ ਦੀ ਹਰ ਪਰਕਾਰ ਦੀ ਲੋੜ ਪੂਰੀ ਕਰਨ ਵਿਚ ਸਰਬ ਸਮਰਥ ਹੈ। ਉਹ ਯਹੂਦੀ ਪ੍ਰੋਹਤ ਬਣ ਕੇ ਯਰਮਾਲਾ ਨਾ ਧਾਰਨ ਕਰਕੇ ਸਿੰਘ ਸਜ ਕੇ ਦਸਤਾਰ ਤੇ ਰੋਮ ਧਾਰਨ ਕਰਕੇ ਆਤਮਿਕ ਤੌਰ ਤੇ ਬਹੁਤ ਬਲਵਾਨ ਤੇ ਚੜ੍ਹਦੀਕਲਾ ਦਾ ਮਾਲਕ ਬਣ ਗਿਆ ਹੈ। ਕੈਨੇਡਾ ਦੀ ਇਕ ਪ੍ਰਮੁਖ ਅਖਬਾਰ ਟਰੋਂਟੋ ਸਟਾਰ ਵਿਚ ਹਰੀਨਾਮ ਸਿੰਘ ਦਾ ਪੂਰਾ ਬਿਰਤਾਂਤ ਛਪਿਆ ਜਿਸ ਨੂੰ ਵਰਲਡ ਸਿੱਖ ਨਿਊਜ਼ ਅਖਬਾਰ ਦੇ 4 ਫਰਵਰੀ 1994 ਦੇ ਇਸ਼ੂ ਵਿਚ ਪਰਕਾਸ਼ਤ ਕਰਦਿਆਂ ਅਖਬਾਰ ਲਿਖਦਾ ਹੈ ਕਿ ਸਿੰਘ ਸਜ ਕੇ ਹਰੀਨਾਮ ਸਿੰਘ ਦਾ ਕਾਇਆ ਕਲਪ ਹੋ ਗਿਆ ਹੈ ਅਤੇ ਉਸ ਨੇ ਹੋਰ ਸਭ ਕੁਝ ਛਡ ਕੇ ਸਿੱਖ ਧਰਮ ਦੇ ਪਰਚਾਰ ਦੀ ਡਿਊਟੀ ਸੰਭਾਲੀ ਹੈ ਤੇ ਉਹ ਕੈਨੇਡਾ ਵਿਚ ਧਰਮ ਪਰਚਾਰ ਦਾ ਚੀਫ ਮਨਿਸਟਰ ਹੈ।

ਜੇ ਰਬ ਮਿਹਰ ਕਰੇ ਤਾਂ ਪਲਾਂ ਪਲਾਂ ਵਿੱਚ ਬੇੜੇ ਪਾਰ ਹੋ ਸਕਦੇ ਹਨ।

ਤਿਸੁ ਸੇਵਕ ਕੈ ਹਉ ਬਲਿਹਾਰੀ
ਜੋ ਅਪਨੇ ਪ੍ਰਭ ਭਾਵੈ॥ (ਪੰਨਾ-403)

7

ਬਰਤਾਨਵੀ ਪਾਰਲੀਮੈਂਟ ਵਿੱਚ

ਸਿੱਖੀ ਦੀਆਂ ਗੂੰਜਾਂ

ਬਹੁਤ ਸੰਖੇਪ ਜਿਹਾ ਹਵਾਲਾ ਪਹਿਲੇ ਦਿੱਤਾ ਜਾ ਚੁਕਾ ਹੈ ਕਿ ਇੰਗਲੈਂਡ ਵਿਚ 1972 ਵਿਚ ਇਕ ਕਾਨੂੰਨ ਲਾਗੂ ਹੋਇਆ ਜਿਸ ਨਾਲ ਦੋ-ਪਹੀਆ ਗੱਡੀ ਚਲਾਉਣ ਵਾਲਿਆਂ ਲਈ ਸਿਰ ਤੇ ਲੋਹ ਟੋਪ ਪਾਉਣਾ ਅਤੀ ਅਵੱਸ਼ਕ ਹੋ ਗਿਆ। ਸਿੱਖ ਮੋਟਰ ਸਾਈਕਲ ਸਵਾਰਾਂ ਲਈ ਇਸ ਨਾਲ ਸਮਸਿਆ ਬਣ ਗਈ ਕਿਉਂਕਿ ਉਹ ਆਪਣੀ ਦਸਤਾਰ ਉੱਤੇ ਲੋਹ ਟੋਪ ਪਾਉਣਾ ਧਾਰਮਿਕ ਪਖੋਂ ਅਣਉਚਤ ਸਮਝਦੇ ਸਨ। ਸਰਕਾਰ ਤਕ ਸਿੱਖਾਂ ਨੇ ਰਸਾਈ ਕੀਤੀ ਕਿ ਉਨ੍ਹਾਂ ਦੇ ਧਾਰਮਿਕ ਨਜ਼ਰੀਏ ਦਾ ਖਿਆਲ ਕਰਦਿਆਂ ਹੋਇਆਂ ਉਨ੍ਹਾਂ ਨੂੰ ਇਸ ਕਾਨੂੰਨ ਤੋਂ ਛੋਟ ਦਿੱਤੀ ਜਾਵੇ ਪਰ ਕੁਝ ਨਾ ਬਣਿਆ। ਨਤੀਜਾ ਇਹ ਨਿਕਲਿਆ ਕਿ ਸਿੱਖਾਂ ਨੂੰ 'ਦਸਤਾਰ ਬਚਾਓ' ਮੋਰਚਾ ਲਾਉਣਾ ਪਿਆ ਜਿਹੜਾ ਤਿੰਨ ਸਾਲ ਚਲਦਾ ਰਿਹਾ। ਆਖਿਰ ਇੰਗਲੈਂਡ ਦੀ ਪਾਰਲੀਮੈਂਟ ਵਿਚ ਸਾਊਥਹਾਲ ਦੇ ਇਲਾਕੇ ਦੇ ਗੋਰੇ ਐਮ. ਪੀ. ਮਿਸਟਰ ਸਿਡਨੀ ਬਿਡਵਿਲ ਨੇ ਸਿੱਖਾਂ ਦੇ ਕੇਸ ਦੀ ਪੈਰਵੀ ਕੀਤੀ ਅਤੇ 15 ਨਵੰਬਰ 1976 ਨੂੰ ਇੰਗਲੈਂਡ ਸਰਕਾਰ ਨੇ ਸਿੱਖਾਂ ਨੂੰ ਲੋੜੀਂਦੀ ਰਿਆਇਤ ਦੇ ਦਿੱਤੀ ਅਤੇ ਸਾਰੇ ਸਿੱਖ ਸੰਸਾਰ ਵਿਚ ਇਸ ਜਿੱਤ ਤੇ ਖੁਸ਼ੀ ਨਾਲ ਦੀਪ ਮਾਲਾ ਕੀਤੀ ਗਈ।

ਜਦ ਇਸ ਕਾਨੂੰਨ ਦੀ ਸੋਧ ਲਈ ਇੰਗਲੈਂਡ ਦੀ ਪਾਰਲੀਮੈਂਟ ਵਿਚ ਭਰਵੀਂ ਬਹਿਸ ਹੋਈ ਤਾਂ ਇਕ ਦਰਜਨ ਮੈਂਬਰਜ਼ ਪਾਰਲੀਮੈਂਟ ਨੇ ਸਿੱਖ ਧਰਮ ਦਾ ਵਿਸ਼ੇਸ਼ ਅਧਿਐਨ ਕਰ ਕੇ ਇਸ ਧਰਮ ਬਾਰੇ ਤੇ ਸਿੱਖਾਂ ਦੇ ਗੁਣਾਂ ਬਾਰੇ ਜੋ ਸ਼ਾਨਦਾਰ ਸ਼ਬਦ ਕਹੇ ਉਨ੍ਹਾਂ ਨਾਲ ਸਭ ਹੈਰਾਨ ਰਹਿ ਗਏ। ਉਨ੍ਹਾਂ ਸਜਣਾਂ ਵਲੋਂ ਵਿਅਕਤ ਕੀਤੇ ਕੁਝ ਅਨੁਭਵ ਨਿਮਨ ਦਰਜ ਹਨ। (ਹਵਾਲੇ ਲਈ ਮਿਸਟਰ ਬਿਡਵਿਲ ਦੀ ਪੁਸਤਕ The Turban ਦੇਖੋ।)

ਸਿਡਨੀ ਬਿਡਵਿਲ ਦੇ ਵਿਚਾਰ

ਇੰਗਲੈਂਡ ਦੇ ਸਾਊਥਹਾਲ ਦੇ ਇਲਾਕੇ ਨੂੰ ਛੋਟਾ ਪੰਜਾਬ ਕਿਹਾ ਜਾਂਦਾ ਹੈ ਕਿਉਂਕਿ ਉਸ ਇਲਾਕੇ ਵਿਚ ਪੰਜਾਬੀ ਅਤੇ ਵਿਸ਼ੇਸ਼ ਕਰ ਕੇ ਸਿੱਖ ਬਹੁਤ ਵੱਡੀ ਗਿਣਤੀ ਵਿਚ ਰਹਿੰਦੇ ਹਨ। ਸਾਊਥਹਾਲ ਦੇ ਵੱਡੇ ਬਜ਼ਾਰ ਵਿਚ ਫਿਰਦਿਆਂ ਤੁਸੀਂ ਇਵੇਂ ਮਹਿਸੂਸ ਕਰ ਸਕਦੇ ਹੋ ਕਿ ਤੁਸੀਂ ਲੁਧਿਆਣੇ ਦੇ ਚੌੜੇ ਬਜ਼ਾਰ ਨਾਲੋਂ ਤਿਗਣੇ ਵਧ ਚੌੜੇ ਬਜ਼ਾਰ ਵਿਚ ਫਿਰ ਰਹੇ ਹੋ। ਹਰ ਪਾਸੇ ਪੰਜਾਬੀ ਤੇ ਸਿੱਖ ਹੀ ਤੁਹਾਨੂੰ ਦਿਸਣਗੇ। ਇਸ ਇਲਾਕੇ ਦਾ ਐਮ. ਪੀ. ਮਿਸਟਰ ਬਿਡਵਿਲ ਬੜੀ ਦੇਰ ਤੱਕ ਪੰਜਾਬੀਆਂ ਦੇ ਦਿਲਾਂ ਦਾ ਰਾਜਾ ਬਣਿਆ ਰਿਹਾ। ਉਸ ਨੂੰ ਸਿੱਖਾਂ ਦੀ ਲੋਹ ਟੋਪ ਪਾਣ ਵਾਲੀ ਸਮਸਿਆ ਦਾ ਖਿਆਲ ਸੀ ਇਸ ਲਈ ਉਸ ਨੇ ਇਨ੍ਹਾਂ ਦੇ ਕੇਸ ਨੂੰ ਪਾਰਲੀਮੈਂਟ

ਵਿਚ ਬਹੁਤ ਚੰਗੀ ਤਰ੍ਹਾਂ ਪੇਸ਼ ਕਰਦਿਆਂ ਸਿੱਖ ਧਰਮ ਦੀ ਵਿਸ਼ਾਲਤਾ ਦੇ ਨਾਲ ਨਾਲ ਸਿੱਖਾਂ ਦਾ ਵੀ ਭਰਵਾਂ ਬਿਆਨ ਕੀਤਾ। ਉਹ ਪਾਰਲੀਮੈਂਟ ਵਿੱਚ ਕਹਿੰਦਾ ਹੈ: ਸਭ ਮੈਂਬਰ ਪਾਰਲੀਮੈਂਟ ਇਹ ਜਾਣ ਲੈਣ ਕਿ ਲੰਮੇ ਕੇਸ ਤੇ ਉਨ੍ਹਾਂ ਉਤੇ ਦਸਤਾਰ ਸਿੱਖਾਂ ਦੀ ਹਸਤੀ ਦੀ ਪਹਿਚਾਨ ਹੈ ਜਿਸ ਨੂੰ ਇਹ ਹਰ ਹਾਲਤ ਵਿਚ ਬਣਾਈ ਰਖਦੇ ਹਨ। ਮੈਂ ਪਾਰਲੀਮੈਂਟ ਦੇ ਬਾਹਰ ਬਣ ਰਹੇ ਕਾਰ ਪਾਰਕ ਤੇ ਕੰਮ ਕਰ ਰਹੇ ਇਕ ਪਗੜੀ ਬੱਧੇ ਸਰਦਾਰ ਕਾਮੇ ਨੂੰ ਪੁਛਿਆ ਕਿ ਜੇਕਰ ਤੇਰੇ ਤੇ ਇਹ ਬੰਦਸ਼ ਲਗਾ ਦਿੱਤੀ ਜਾਵੇ ਕਿ ਕਲ ਤੋਂ ਸਿਰ ਤੇ ਹਫਾਜ਼ਤੀ ਲੋਹ ਟੋਪ ਪਾ ਕੇ ਤੈਨੂੰ ਕੰਮ ਕਰਨਾ ਪਵੇਗਾ ਤਾਂ ਤੂੰ ਕੀ ਕਰੇਂਗਾ? ਉਸ ਨੇ ਸਾਧਾਰਨ ਉੱਤਰ ਦਿੱਤਾ ਕਿ ਨੌਕਰੀ ਛਡ ਦੇਵਾਂਗਾ। ਇਸ ਤੋਂ ਪਰਤੀਤ ਹੁੰਦਾ ਹੈ ਕਿ ਸਿੱਖ ਆਪਣੇ ਧਾਰਮਿਕ ਅਸੂਲਾਂ ਦੀ ਬਹੁਤ ਕਦਰ ਕਰਦੇ ਹਨ। ਸਿੱਖ ਬਹੁਤ ਹੀ ਮਿਹਨਤੀ ਹਨ ਅਤੇ ਬਰਤਾਨਵੀ ਸਮਾਜ ਵਿਚ ਆਪਣੇ ਗੁਣਾਂ ਕਰ ਕੇ ਆਪਣਾ ਤਸੱਲਤ ਜਮਾ ਰਹੇ ਹਨ। ਇਹ ਰਜ ਕੇ ਵਫਾਦਾਰ ਹਨ, ਕਾਨੂੰਨ ਦੇ ਪਾਬੰਦ ਹਨ, ਸਮਰਪਤ ਭਾਵਨਾ ਵਾਲੇ ਬੰਦੇ ਹਨ ਜਿਨ੍ਹਾਂ ਤੇ ਪੂਰਾ ਪੂਰਾ ਮਾਣ ਕੀਤਾ ਜਾ ਸਕਦਾ ਹੈ। ਅਜਿਹੇ ਮਨੁੱਖਾਂ ਨੂੰ ਜੇ ਅਸੀਂ ਇਨਸਾਫ ਦੇਵਾਂਗੇ ਤਾਂ ਆਉਣ ਵਾਲਾ ਕਲ ਸਾਡੇ ਅੱਜ ਦੇ ਉਦਾਰਚਿਤ ਤੇ ਸਹਿਨਸ਼ੀਲਤਾ ਵਾਲੇ ਵਿਹਾਰ ਉਤੇ ਸਾਨੂੰ ਸਲਾਹੇਗਾ ਵਰਨਾਂ ਅਸੀਂ ਗੈਰ-ਮੁਹਜ਼ਬ (ਅਸਭਯ) ਤੇ ਘਟੀਆ ਅਖਵਾਵਾਂਗੇ।

ਵਿਨਸਨ ਚਰਚਲ

ਚਰਚਲ ਦੂਜੇ ਵਿਸ਼ਵ ਯੁੱਧ ਸਮੇਂ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਿਆ। ਇਹ ਬੜਾ ਦਲੇਰ ਤੇ ਸ਼ਕਤੀਸ਼ਾਲੀ ਬੁਲਾਰਾ ਸੀ। ਜਦ ਜਰਮਨੀ ਨੇ ਦੂਜੇ ਵਿਸ਼ਵ ਯੁੱਧ ਵਿਚ ਇੰਗਲੈਂਡ ਦੀ ਹਾਲਤ ਵਿਗਾੜ ਦਿੱਤੀ ਤਾਂ ਉਸ ਵਕਤ ਬਰਤਾਨਵੀ ਪਾਰਲੀਮੈਂਟ ਵਿਚ ਇਸ ਨੇ ਲਲਕਾਰ ਕੇ ਕਿਹਾ ਸੀ, "I and I alone can save the country and no one else can" ਭਾਵ ਇਹ ਕਿ ਕੇਵਲ ਮੈਂ ਅਤੇ ਸਿਰਫ ਮੈਂ ਹੀ ਦੇਸ਼ ਨੂੰ ਬਚਾ ਸਕਦਾ ਹਾਂ ਹੋਰ ਕੋਈ ਨਹੀਂ ਬਚਾ ਸਕਦਾ। ਆਪਣੇ ਇਸ ਬਿਆਨ ਕਾਰਨ ਉਹ ਪ੍ਰਧਾਨ ਮੰਤਰੀ ਬਣਿਆ ਅਤੇ ਉਸ ਨੇ ਮੁਲਕ ਨੂੰ ਜਿੱਤ ਦੀ ਘੜੀ ਦਿਖਾ ਕੇ ਆਪਣੇ ਬਚਨ ਸੱਤ ਕਰ ਵਿਖਾਏ।

ਉਹ ਚਰਚਲ ਸਿੱਖਾਂ ਦੀ ਬਹਾਦਰੀ ਤੋਂ ਬਹੁਤ ਚੰਗੀ ਤਰ੍ਹਾਂ ਵਾਕਫ ਸੀ ਕਿਉਂਕਿ ਸਿੱਖਾਂ ਨੇ ਪਹਿਲੇ ਤੇ ਦੂਜੇ ਮਹਾਂ ਯੁਧਾਂ ਵਿਚ ਅੰਗਰੇਜ਼ਾਂ ਦੇ ਨਾਲ ਰਲ ਕੇ ਆਪਣੀ ਸੂਰਮਗਤੀ ਦੇ ਉਹ ਜੌਹਰ ਵਖਾਏ ਜਿਨ੍ਹਾਂ ਦੀ ਧਾਂਕ ਦੁਨੀਆ ਵਿਚ ਫੈਲੀ। ਚਰਚਲ ਨੇ ਬਰਤਾਨਵੀ ਪਾਰਲੀਮੈਂਟ ਵਿਚ ਬੋਲਦਿਆਂ ਕਿਹਾ; ਇਹ ਅਫਸੋਸ ਦੀ ਗੱਲ ਹੈ ਕਿ ਮੌਜੂਦਾ ਸਮੇਂ ਦੇ ਖਫ਼ਤ ਕਾਰਨ ਲੋਕੀ ਚੰਗੀਆਂ ਚੰਗੀਆਂ ਧਾਰਮਿਕ ਤੇ ਸਮਾਜਿਕ ਕੀਮਤਾਂ ਨੂੰ ਭੰਨ ਤੋੜ ਰਹੇ ਹਨ ਪਰ ਜਿਹੜੇ ਇਨ੍ਹਾਂ ਨੂੰ ਸਤਿਕਾਰ ਨਾਲ ਸੰਭਾਲ ਕੇ ਰਖਣਾ ਚਾਹੁੰਦੇ ਹਨ ਸਾਨੂੰ ਉਨ੍ਹਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਤੇ ਨਾਲ ਨਾਲ ਮਦਦ ਵੀ। ਸਿੱਖ ਅਜਿਹੇ ਕਾਰਜ ਲਈ ਹੀ ਸਾਡੀ ਮਦਦ ਚਾਹੁੰਦੇ ਹਨ ਜਿਹੜੀ ਸਾਨੂੰ ਖੁਸ਼ੀ ਖੁਸ਼ੀ ਦੇਣੀ ਚਾਹੀਦੀ ਹੈ। ਜਿਹੜਾ ਵਿਅਕਤੀ ਸਿੱਖ ਇਤਿਹਾਸ ਨੂੰ ਜਾਣਦਾ ਹੈ, ਇਗਲੈਂਡ ਦਾ ਸਿੱਖਾਂ ਨਾਲ ਰਿਸ਼ਤਾ ਜਾਣਦਾ ਹੈ, ਸਿੱਖ ਕੌਮ ਦੇ ਕਾਰਨਾਮਿਆਂ ਤੋਂ ਵਾਕਫ ਹੈ, ਉਸ ਨੂੰ ਇਸ ਗੱਲ ਦਾ ਡਟ ਕੇ ਸਮਰਥਣ ਕਰਨਾ

ਚਾਹੀਦਾ ਹੈ ਕਿ ਸਿੱਖਾਂ ਨੂੰ ਪਗੜੀ ਬੰਨ੍ਹ ਕੇ ਦੋ-ਪਹੀਆ ਗੱਡੀ ਚਲਾਉਣ ਦੀ ਛੋਟ ਹੋਣੀ ਚਾਹੀਦੀ ਹੈ ਕਿਉਂਕਿ ਇਹ ਉਨ੍ਹਾਂ ਦਾ ਧਾਰਮਿਕ ਹੱਕ ਹੈ। ਚਰਚਲ ਨੇ ਅੱਗੇ ਚਲ ਕੇ ਹੋਰ ਕਿਹਾ ਕਿ ਅੰਗਰੇਜ਼ ਕੌਮ ਦੇ ਸਿਰ ਤੇ ਸਿੱਖਾਂ ਦਾ ਬੜੀ ਦੇਰ ਤੋਂ ਚਲਿਆ ਆ ਰਿਹਾ ਅਹਿਸਾਨਮੰਦੀ ਦਾ ਭਾਰੀ ਕਰਜ਼ ਹੈ। ਮੈਂ ਜਾਣਦਾ ਹਾਂ ਇਸੇ ਸਦੀ ਵਿਚ ਦੋ ਵਾਰੀ ਜਦੋਂ ਅਸੀਂ ਬਿਪਤਾ ਵਿਚ ਸਾਂ ਤੇ ਸਾਨੂੰ ਸਿੱਖਾਂ ਦੀ ਲੋੜ ਸੀ ਤਦ ਇਹ ਚੰਗੀ ਤਰ੍ਹਾਂ ਸਾਨੂੰ ਬਹੁੜੇ ਜਿਸ ਦੀ ਬਦੌਲਤ ਅਸੀਂ ਅੱਜ ਅਣਖ, ਮਾਣ ਤੇ ਅਜ਼ਾਦੀ ਨਾਲ ਜੀ ਰਹੇ ਹਾਂ। ਦੋਹਾਂ ਜੰਗਾਂ ਵਿਚ ਇਹ ਪਗੜੀਆਂ ਬੰਨ੍ਹ ਕੇ ਹੀ ਸਾਡੀ ਮਦਦ ਲਈ ਮਰਦੇ ਰਹੇ। ਉਸ ਸਮੇਂ ਅਸੀਂ ਇਸ ਗੱਲ ਤੇ ਬਜ਼ਿਦ ਨਹੀਂ ਹੋਏ ਕਿ ਇਹ ਲੋਹ ਟੋਪ ਪਾਉਣ ਕਿਉਂਕਿ ਸਾਨੂੰ ਪਤਾ ਸੀ ਇਨ੍ਹਾਂ ਨੇ ਨਹੀਂ ਪਾਉਣੇ ਤੇ ਅਸੀਂ ਇਨ੍ਹਾਂ ਦੀ ਮਦਦ ਤੋਂ ਵਾਂਝੇ ਰਹਿ ਜਾਣਾ ਹੈ। ਉਸ ਵਕਤ ਅਸੀਂ ਆਪਣੀ ਮੰਦ ਹਾਲੀ ਕਾਰਨ ਇਨ੍ਹਾਂ ਨੂੰ ਲੋਹ ਟੋਪ ਪਾਉਣ ਲਈ ਮਜਬੂਰ ਨਹੀਂ ਕੀਤਾ, ਹੁਣ ਸਾਨੂੰ ਇਨ੍ਹਾਂ ਦੀਆਂ ਰਵਾਇਤਾਂ ਦਾ ਸਨਮਾਨ ਕਰਦੇ ਹੋਏ ਇਨ੍ਹਾਂ ਨੂੰ ਇਹ ਜਾਇਜ਼ ਛੋਟ ਦੇ ਕੇ ਇਨ੍ਹਾਂ ਦੀ ਵਾਹ ਵਾਹ ਖਟਣੀ ਚਾਹੀਦੀ ਹੈ।

ਲਾਰਡ ਮੋਬਰੇ

ਇਸੇ ਗੱਲ ਨੂੰ ਅੱਗੇ ਤੋਰਦਿਆਂ ਹੋਇਆਂ 5 ਅਕਤੂਬਰ 1976 ਨੂੰ ਅੰਮ੍ਰਿਤ ਵੇਲੇ ਇੰਗਲੈਂਡ ਦੀ ਪਾਰਲੀਮੈਂਟ ਦੇ ਵਿਸ਼ੇਸ਼ ਸਮਾਗਮ ਵਿਚ ਲਾਰਡ ਮੋਬਰੇ ਨੇ ਕਿਹਾ ਕਿ ਸਿੱਖ ਵੀ ਕਮਾਲ ਦੇ ਮਨੁੱਖ ਹਨ। ਮੈਂ ਇਨ੍ਹਾਂ ਦੀ ਅਨੁਸ਼ਾਸਨ ਬਧਤਾ, ਵਫਾਦਾਰੀ ਤੇ ਕਰਤਵ ਪਾਲਣਾ ਦੀ ਇਕ ਸ਼ਾਨਦਾਰ ਮਿਸਾਲ ਹਾਊਸ ਨੂੰ ਦਸੇ ਬਿਨਾਂ ਨਹੀਂ ਰਹਿ ਸਕਦਾ। ਪਹਿਲੇ ਮਹਾਂ ਯੁਧ ਸਮੇਂ 4 ਜੁਲਾਈ 1915 ਨੂੰ ਸਵੇਰੇ ਸਿੱਖ ਰੈਜਮੈਂਟ ਗੈਲੀਪੋਲੀ (ਤੁਰਕੀ) ਵਿਖੇ ਜੰਗ ਕਰਨ ਗਈ। ਇਸ ਵਿਚ 10 ਅਫਸਰ ਤੇ 700 ਜਵਾਨ ਸਨ। ਸ਼ਾਮ ਤਕ 2 ਅਫਸਰ ਤੇ 70 ਜਵਾਨ ਰਹਿ ਗਏ। ਬਾਕੀ ਸਾਰੇ ਸ਼ਹੀਦ ਹੋ ਗਏ, ਪਰ ਇਹ ਮੋਰਚੇ ਤੇ ਡਟੇ ਰਹੇ। ਆਖਿਰ ਇਹ ਕਿਸ ਲਈ ਲੜ ਰਹੇ ਸਨ? ਆਪਣੇ ਲਈ? ਹਰਗਿਜ਼ ਨਹੀਂ। ਇਹ ਸਾਡੇ ਲਈ ਜਾਂ ਇਵੇਂ ਸਮਝ ਲਵੋ ਕਿ ਫਰਜ਼ਾਂ ਦੀ ਪੂਰਤੀ ਲਈ ਜਾਨਾਂ ਵਾਰ ਰਹੇ ਸਨ। ਅਜਿਹਾ ਕਰਨ ਦੀ ਪੂਰੀ ਪੱਕੀ ਤਾਕੀਦ ਇਨ੍ਹਾਂ ਦੇ ਗੁਰ ਸਾਹਿਬਾਨ ਨੇ ਤੇ ਧਰਮ ਨੇ ਇਨ੍ਹਾਂ ਨੂੰ ਕੀਤੀ ਹੋਈ ਹੈ।

ਉਹ ਸਦਾ ਇਤਿਹਾਸ ਵਿਚ ਜੀਂਦੇ ਰਹੇ,
ਆਪਣੇ ਜੋ ਫਰਜ਼ਾਂ ਤੋਂ ਵਾਰੇ ਗਏ। 'ਪਰਵਾਨਾ'

ਉਸਨੇ ਹੋਰ ਕਿਹਾ ਕਿ ਦੂਜੀ ਵਿਸ਼ਵ ਜੰਗ ਵਿਚ ਇਕ ਲੱਖ ਬਾਰਾਂ ਹਜ਼ਾਰ ਸਿੱਖਾਂ ਨੇ ਸਵੈ-ਇੱਛਾ ਨਾਲ ਆਪਣੇ ਆਪ ਨੂੰ ਫੌਜ ਵਿਚ ਭਰਤੀ ਕਰਵਾ ਕੇ ਜੰਗ ਲੜਨ ਵਿਚ ਸਾਨੂੰ ਸਹਿਯੋਗ ਦਿੱਤਾ। ਇਹ ਗਿਣਤੀ ਨਿਯਮਤ ਰੂਪ ਵਿਚ ਫੌਜ ਵਿਚ ਕੰਮ ਕਰ ਰਹੇ ਸਿੱਖਾਂ ਨਾਲੋਂ ਵਖਰੀ ਹੈ। ਇਹ ਕੋਈ ਛੋਟੀ ਗੱਲ ਨਹੀਂ। ਇਸ ਲਈ ਸਾਨੂੰ ਇਸ ਸ਼ਾਨਦਾਰ ਕੌਮ ਦਾ ਵਧ ਤੋਂ ਵਧ ਖਿਆਲ ਰਖਕੇ ਇਨ੍ਹਾਂ ਪ੍ਰਤੀ ਆਪਣੇ ਕਰਜ਼ੇ ਨੂੰ ਕੁਝ ਹੌਲਾ ਜ਼ਰੂਰ ਕਰਨਾ ਚਾਹੀਦਾ ਹੈ ।

ਇਸ ਮੌਕੇ ਤੇ ਹੋਰ ਵੀ ਕੋਈ ਪਾਰਲੀਮੈਂਟ ਮੈਂਬਰਾਂ ਨੇ ਸਿੱਖਾਂ ਦੀ ਸ਼ਾਨ ਵਿਚ

ਚਕਰਤ ਕਰ ਦੇਣ ਵਾਲੇ ਸ਼ਲਾਘਾ ਜਨਕ ਸ਼ਬਦ ਕਹਿ ਕੇ ਇੰਗਲੈਂਡ ਵਿਚ ਸਿੱਖਾਂ ਦੀ ਚੜ੍ਹਤ ਵਧਾ ਦਿੱਤੀ ਤੇ ਅੰਤ 15 ਨਵੰਬਰ 1976 ਨੂੰ ਸਿੱਖਾਂ ਨੂੰ ਲੋੜੀਂਦੀ ਛੋਟ ਮਿਲ ਗਈ ਤੇ ਇਵੇਂ ਮੋਰਚਾ ਫਤਹਿ ਹੋਇਆ ਅਤੇ ਸਿੱਖਾਂ ਦੀ ਸ਼ਾਨ ਸਵਾਈ ਹੋਈ। ਹਰ ਪਾਸੇ ਦੀਪ ਮਾਲਾ ਹੋਈ ਤੇ ਅੰਗਰੇਜ਼ ਜਨਤਾ ਨੇ ਵੀ ਸਿੱਖਾਂ ਨੂੰ ਵਧਾਈਆਂ ਦਿਤੀਆਂ ਕਿ ਆਖਿਰਕਾਰ ਉਨ੍ਹਾਂ ਦੇ ਅਕੀਦੇ ਦਾ ਬਰਤਾਨਵੀ ਸਮਾਜ ਨੇ ਯੋਗ ਸਤਿਕਾਰ ਕੀਤਾ ਹੈ।

ਇਸ ਛੋਟ ਦਾ ਸਰਬ ਵਿਆਪੀ ਅਸਰ ਇਹ ਵੀ ਹੋਇਆ ਕਿ ਇਸ ਇਸ਼ੂ ਤੇ ਇਨ੍ਹਾਂ ਹੀ ਤਥਾਂ ਦੇ ਅਧਾਰ ਤੇ ਮਲੇਸ਼ੀਆ, ਅਸਟਰੇਲੀਆ, ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਆਪਣੇ ਸਿਰਾਂ ਤੇ ਦਸਤਾਰਾਂ ਸਜਾ ਕੇ ਆਪਣੇ ਕੰਮਾਂ ਕਾਰਾਂ ਤੇ ਜਾਣ ਦੀ ਖੁਲ੍ਹ ਮਿਲ ਗਈ ਤੇ ਹਰ ਪਾਸੇ ਸਿੱਖਾਂ ਪ੍ਰਤੀ ਸਦਭਾਵਨਾ ਦਾ ਮਾਹੌਲ ਵਿਕਸਤ ਤੇ ਪਰਫੁਲਤ ਹੋਣਾ ਸ਼ੁਰੂ ਹੋ ਗਿਆ।

ਜਨ ਕਉ ਪ੍ਰਭ ਅਪਨੇ ਕਾ ਭਾਣੁ ॥
ਜੋ ਤੂ ਕਰਹਿ ਕਰਾ ਵਹਿ ਸੁਆਮੀ
ਸਾ ਮਸਲਤਿ ਪਰਵਾਣੁ ॥ (ਪੰਨਾ-677)

8

ਬਦੇਸ਼ੀ ਵਿਦਵਾਨਾਂ ਦੀਆਂ ਨਜ਼ਰਾਂ ਵਿਚ

ਸਿੱਖੀ ਦੀ ਮਹਾਨਤਾ

ਸ੍ਰੀ ਐਚ. ਐਲ. ਬਰਾਡਸ਼ਾਹ

ਅਮਰੀਕਨ ਲੇਖਕ ਤੇ ਇਤਿਹਾਸਕਾਰ ਸ੍ਰੀ ਬਰਾਡਸ਼ਾਹ ਸਿੱਖ ਧਰਮ ਬਾਰੇ ਲਿਖਦਿਆਂ ਹੋਇਆਂ ਕਹਿੰਦਾ ਹੈ: **"ਇਹ ਧਰਮ ਸਾਇੰਸ ਦੀ ਕਸਵੱਟੀ ਉਤੇ ਵੀ ਪੂਰਾ ਉਤਰਦਾ ਹੈ, ਇਸ ਲਈ ਭਵਿੱਖ ਦੇ ਮਨੁੱਖ ਲਈ ਸਿੱਖ ਧਰਮ ਹੀ ਆਖਰੀ ਆਸ ਤੇ ਸਹਾਰਾ ਹੋਵੇਗਾ।"** ਬਰਾਡਸ਼ਾਹ ਇਕ ਹੋਰ ਥਾਂ ਲਿਖਦਾ ਹੈ : Sikhism is a universal world faith with a message to humanity. This is amply illustrated in the writings of the Gurus. Sikhs must cease to think of their faith as just another good religion and must begin to think in terms of Sikhism being the religion for this new age... The religion preached by Guru Nanak is the faith of the new age. It completely supplants and fulfils all the former dispensations of older religions. **The other religions contain truth but Sikhism contains the fullness of truth."** ਅਰਥਾਤ ਸਿੱਖ ਧਰਮ, ਸਮੁੱਚੇ ਵਿਸ਼ਵ ਦਾ ਧਰਮ ਹੈ ਜਿਸ ਵਿਚ ਹਰ ਪ੍ਰਕਾਰ ਦੇ ਮਨੁੱਖ ਲਈ ਸੰਦੇਸ਼ ਮੌਜੂਦ ਹੈ। ਇਹ ਗੱਲ ਸਿੱਖ ਗੁਰੂ ਸਾਹਿਬਾਨ ਦੀਆਂ ਲਿਖਤਾਂ ਵਿਚ ਬੜੀ ਚੰਗੀ ਤਰ੍ਹਾਂ ਰੂਪਮਾਨ ਹੋਈ ਮਿਲਦੀ ਹੈ। **ਸਿੱਖਾਂ ਨੂੰ ਇਹ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਧਰਮ ਦੂਜੇ ਧਰਮਾਂ ਵਾਂਗ ਇਕ ਚੰਗਾ ਧਰਮ ਹੈ ਅਤੇ ਇਵੇਂ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ ਕਿ ਸਿੱਖ ਧਰਮ ਇਸ ਨਵੇਂ ਯੁਗ ਦਾ ਧਰਮ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਾਰਿਆ ਧਰਮ ਨਿਰਸੰਦੇਹ ਨਵੇਂ ਯੁੱਗ ਦਾ ਧਰਮ ਹੈ। ਇਹ ਪੁਰਾਣੇ ਧਰਮਾਂ ਦੇ ਸਾਰੇ ਗੁਣਾਂ ਨੂੰ ਆਪਣੇ ਵਿਚ ਸਮੋਈ ਬੈਠਾ ਹੈ ਤੇ ਉਨ੍ਹਾਂ ਦੇ ਗੁਣਾਂ ਨੂੰ ਪੂਰਿਆਂ ਕਰਦਾ ਹੈ। ਬਾਕੀ ਧਰਮਾਂ ਵਿਚ ਸੱਚ ਦਾ ਅੰਸ਼ ਹੈ ਪਰ ਸਿੱਖ ਧਰਮ ਵਿਚ ਸੱਚ ਹੀ ਸੱਚ ਹੈ, ਭਰਪੂਰ ਰੂਪ ਵਿਚ ਸੱਚ ਹੈ ਜਾਂ ਇਵੇਂ ਕਹਿ ਲਵੋ ਕਿ ਇਹ ਧਰਮ ਸਾਰੀ ਦੀ ਸਾਰੀ ਸਚਾਈ ਹੈ।"**

ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।। (ਮ-1 ਪੰਨਾ-1)

ਲੇਡੀ ਡੋਰੋਥੀ ਫੀਲਡ

ਉਕਤ ਲੇਖਿਕਾ 'ਰਿਲੀਜਨ ਆਫ ਸਿਖਸ' ਨਾਮੀ ਆਪਣੀ ਪੁਸਤਕ (1914

ਐਡੀਸ਼ਨ) ਵਿਚ ਲਿਖਦੀ ਹੈ ਕਿ "ਪੱਛਮ ਵਿਚ ਰਹਿੰਦੇ ਅਮਲੀ ਕਿਸਮ ਦੇ ਲੋਕਾਂ ਨੂੰ ਸਿੱਖ ਧਰਮ ਦੀ ਭਰਪੂਰ ਸ਼ਲਾਘਾ ਕਰਨੀ ਚਾਹੀਦੀ ਹੈ ਕਿਉਂਕਿ ਇਸ ਧਰਮ ਵਿਚ ਹੋਰ ਗਲਾਂ ਦੇ ਨਾਲ ਨਾਲ ਅਮਲੀ ਜੀਵਨ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ।"

ਅਮਲ ਸੇ ਜ਼ਿੰਦਗੀ ਬਨਤੀ ਹੈ ਜਨਤ ਭੀ ਜਹਨਮ ਭੀ,
ਯਹ ਖਾਕੀ ਅਪਨੀ ਫਿਤਰਤ ਸੇ ਨਾ ਨਾਰੀ ਹੈ ਨਾ ਨੂਰੀ ਹੈ।

ਇਹੀ ਲੇਖਕਾ ਇਸ ਭੁਲੇਖੇ ਨੂੰ ਵੀ ਬੜੇ ਸੁਹਣੇ ਸ਼ਬਦਾਂ ਵਿਚ ਦੂਰ ਕਰਦੀ ਹੈ ਕਿ "ਇਹ ਨਾ ਸਮਝਿਆ ਜਾਵੇ ਕਿ ਜੇਕਰ ਗੁਰੂ ਗੋਬਿੰਦ ਸਿੰਘ ਇੱਕ ਉੱਚ ਪਾਏ ਦੇ ਜੰਗਜੂ ਹਨ ਤਾਂ ਉਹ ਆਤਮਿਕ ਤੌਰ ਤੇ ਆਪਣੇ ਪੂਰਵਜਾਂ ਤੋਂ ਘਟ ਵਿਕਸਤ ਹੋਣਗੇ। ਉਨ੍ਹਾਂ ਆਪਣੇ ਜੰਗੀ ਸਿਧਾਂਤਾਂ ਉਤੇ ਅਜਿਹੀ ਧਾਰਮਿਕ ਰੰਗਤ ਚਾਹੜੀ ਹੋਈ ਹੈ ਕਿ ਉਹ ਸਿਧਾਂਤ ਤੇ ਧਾਰਮਿਕ ਰੰਗਤ ਰੀੜ੍ਹ ਦੀ ਹੱਡੀ ਦਾ ਕੰਮ ਕਰਦੇ ਹਨ। ਉਨ੍ਹਾਂ ਨੇ ਆਪਣੇ ਅਮਲੀ ਜੰਗੀ ਹੁਨਰ ਨੂੰ ਅਧਿਆਤਮਿਕ ਤਪ ਨਾਲ ਜੋੜਿਆ ਹੋਇਆ ਹੈ ਅਤੇ ਇਸ ਦੇ ਨਤੀਜੇ ਆਪ ਹੀ ਮੂੰਹੋਂ ਬੋਲਦੇ ਹਨ। Dorothy Field writes: " It must not be imagined that because he (Guru Gobind Singh) was a fine warrior, he was less spiritual or less religious than his predecessors. He made the religious fervour the backbone of his war like doctrines. He united practical skill with mystical meditation ; and the results speak for themselves." (Philosophy of Sikhism page 40)। ਡੋਰੋਥੀ ਦਾ ਇਹ ਲਿਖਣ ਦਾ ਮਤਲਬ ਇਹੀ ਸੀ ਕਿ ਸਿੱਖ ਸੂਰਮਾ ਜ਼ਾਲਮ ਨਹੀਂ, ਜਰਵਾਣਾ ਨਹੀਂ, ਚੰਡਾਲ ਨਹੀਂ ਸਗੋਂ ਉਹ ਤਾਂ ਹੱਕ ਇਨਸਾਫ ਦੀ ਜੰਗ, ਹੱਕ ਇਨਸਾਫ਼ ਦੇ ਅਧਾਰ ਤੇ ਹੀ ਕਰਦਾ ਹੈ। ਉਕਤ ਕਥਨ ਦੀ ਪੁਸ਼ਟੀ ਫਾਰਸੀ ਦੇ ਇਕ ਲੇਖਕ ਮੁਹਸਨ ਫਾਨੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ, ਦੀ ਪੁਸਤਕ 'ਦਬਿਸਤਾਨਿ ਮਜ਼ਾਇਬ' ਦੇ ਪੰਨਾ 270 ਤੋਂ ਵੀ ਸਹਿਜੇ ਹੀ ਹੁੰਦੀ ਹੈ ਜਦੋਂ ਉਹ ਲਿਖਦਾ ਹੈ ਕਿ "ਗੁਰੂ ਹਰਿਗੋਬਿੰਦ ਸਾਹਿਬ ਦੀ ਕਿਰਪਾਨ ਕਦੇ ਗੁੱਸੇ ਵਿਚ ਆ ਕੇ ਨਹੀਂ ਉਠੀ ਅਤੇ ਨਾਹੀ ਕਿਸੇ ਬਦਲੇ ਦੀ ਭਾਵਨਾ ਕਰ ਕੇ ਉਠੀ ਹੈ ਸਗੋਂ ਇਹ ਸਵੈ-ਰਖਿਆ ਦਾ ਸਾਧਨ ਬਣ ਕੇ ਉਜਾਗਰ ਹੋਈ ਹੈ।"

ਡੋਰੋਥੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਆਪਣੀ ਪੁਸਤਕ ਗੀਲੀਜਨ ਆਫ਼ ਦੀ ਸਿਖਸ ਦੇ ਪੰਨਾ 10 ਤੇ ਲਿਖਦੀ ਹੈ "A reading of the Granth Sahib strongly suggests that Sikhism should be regarded as a new and separate world religion. . . . The religion is also one which should appeal to occidental mind. It is essentially a practical religion. If judged from the pragmatical stand point in some quarters, it would rank almost first in the world ਭਾਵ ਇਹ ਕਿ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਇਹ ਜ਼ੋਰਦਾਰ ਪਰਸਤਾਵਨਾ ਮਿਲਦੀ ਹੈ ਕਿ ਸਿੱਖ ਧਰਮ ਨੂੰ ਨਵਾਂ ਤੇ ਵਖਰਾ ਵਿਸ਼ਵ ਧਰਮ ਸਮਝਿਆ ਜਾਵੇ। . . . . ਸਿੱਖ ਧਰਮ ਵਿਚ ਅਜਿਹੀ ਸ਼ਕਤੀ ਵੀ ਹੈ ਜੋ ਪੱਛਮੀ ਸੰਸਾਰ ਵਿਚ ਵਸਦੇ ਅਮਲੀ ਕਿਸਮ ਦੀ ਵਿਚਾਰਧਾਰਾ ਰੱਖਣ

ਵਾਲੇ ਲੋਕਾਂ ਦੇ ਮਨਾਂ ਨੂੰ ਟੁੰਬਣ ਦੀ ਸਮਰਥਾ ਵੀ ਰਖਦੀ ਹੈ। ਇਹ ਧਰਮ ਅਵੱਸ਼ਕ ਤੌਰ ਤੇ ਇਕ ਅਮਲੀ ਧਰਮ ਹੈ। ਜੇ ਕਰ ਵਿਹਾਰਕ ਨੁਕਤਾ ਨਜ਼ਰ ਤੋਂ ਅੰਦਾਜ਼ਾ ਲਗਾਇਆ ਜਾਵੇ ਤਾਂ ਕੁਝ ਖੇਤਰਾਂ ਵਿਚ ਸਿੱਖ ਧਰਮ ਸਾਰੀ ਦੁਨੀਆ ਦੇ ਧਰਮਾਂ ਵਿਚੋਂ ਲਗਭਗ ਪਹਿਲੇ ਨੰਬਰ ਤੇ ਆਵੇਗਾ।

ਬਰਟਰੰਡ ਰੱਸਲ

ਇੰਗਲੈਂਡ ਦੇ ਸੁਪ੍ਰਸਿਧ ਦਾਰਸ਼ਨਿਕ ਸਵਰਗਵਾਸੀ ਬਰਟਰੰਡ ਰੱਸਲ ਨੇ ਇਕ ਵਾਰੀ ਕਿਹਾ ਸੀ ਕਿ ਜੇਕਰ ਤੀਜੀ ਵਿਸ਼ਵ ਜੰਗ ਦੌਰਾਨ ਚਲਣ ਵਾਲੇ ਐਟਮ ਤੇ ਹਾਈਡਰੋਜਨ ਬੰਬਾਂ ਦੀ ਮਾਰ ਤੋਂ ਕੁਝ ਖੁਸ਼ਕਿਸਮਤ ਇਨਸਾਨ ਬਚ ਨਿਕਲੇ ਤਾਂ ਉਨ੍ਹਾਂ ਨੂੰ ਸੇਧ ਦੇਣ ਲਈ ਸਿੱਖ ਧਰਮ ਇਕੋ ਇਕ ਵਸੀਲਾ ਹੋਵੇਗਾ। ਸ਼੍ਰੀ ਰੱਸਲ ਤੋਂ ਇਹ ਵੀ ਪੁੱਛਿਆ ਗਿਆ ਕਿ ਤੀਜੀ ਜੰਗ ਤੋਂ ਮਗਰੋਂ ਦੀ ਗੱਲ ਕਰਦੇ ਹੋ, ਕੀ ਇਹ ਧਰਮ ਤੀਜੀ ਜੰਗ ਤੋਂ ਪਹਿਲਾਂ ਮਨੁੱਖਤਾ ਨੂੰ ਕੁਝ ਅਗਵਾਈ ਦੇਣ ਦੀ ਸਮਰਥਾ ਨਹੀਂ ਰੱਖਦਾ? ਜਵਾਬ ਵਿਚ ਸ਼੍ਰੀ ਰੱਸਲ ਨੇ ਇਹੀ ਕਿਹਾ ਕਿ ਸਮਰਥਾ ਤਾਂ ਰਖਦਾ ਹੈ ਪਰ ਸਿੱਖਾਂ ਨੇ ਇਸ ਧਰਮ ਦੇ ਬੇਹਤਰੀਨ ਅਸੂਲਾਂ ਨੂੰ, ਜਿਹੜੇ ਸਾਰੀ ਮਾਨਵਤਾ ਲਈ ਸ਼ਾਇਦ ਹੋਂਦ ਵਿਚ ਆਏ ਹਨ, ਹਵਾ ਹੀ ਨਹੀਂ ਲਗਵਾਈ। ਇਹ ਸਿੱਖਾਂ ਦਾ ਸਭ ਤੋਂ ਵੱਡਾ ਕਸੂਰ ਹੈ ਜਿਸ ਤੋਂ ਉਹ ਮੁਕਤ ਨਹੀਂ ਹੋ ਸਕਦੇ। ਕੀ ਰੱਸਲ ਨੇ ਗ਼ਲਤ ਆਖਿਆ ਹੈ? ਜ਼ਰਾ ਸੋਚੋ।

ਸਵਿਟਜ਼ਰਲੈਂਡ ਦਾ ਪ੍ਰੋਫੈਸਰ ਤੇ ਸਿੱਖ ਧਰਮ

ਰਸਲ ਦੀ ਉਕਤ ਗੱਲ ਸੋਲਾਂ ਆਨੇ ਠੀਕ ਹੈ ਤੇ ਲਗਪਗ ਇਸੇ ਪ੍ਰਕਾਰ ਦੀ ਇਕ ਘਟਨਾ ਮੈਂ ਵੀ ਇਥੇ ਲਿਖਦਾ ਹਾਂ ਜੋ 1974-75 ਵਿਚ ਸਵਿਟਜ਼ਰਲੈਂਡ ਦੀ ਧਰਤੀ ਤੇ ਸੈਰ ਕਰਦਿਆਂ ਮੇਰੇ ਨਾਲ ਵਾਪਰੀ।

ਸਵਿਟਜ਼ਰਲੈਂਡ ਦੀ ਬਹੁਤ ਜਾਣ ਪਛਾਣ ਕਰਾਉਣ ਦੀ ਲੋੜ ਨਹੀਂ ਜਾਪਦੀ। ਇਤਨਾ ਹੀ ਕਹਿੰਦਾ ਹਾਂ ਕਿ ਇਸ ਦੇਸ਼ ਨੂੰ ਯੂਰਪ ਦੀ ਕਸ਼ਮੀਰ ਕਿਹਾ ਜਾਂਦਾ ਹੈ ਜਿਸ ਦੇ ਉਚੇ ਉਚੇ ਪਹਾੜ, ਲਹਿ ਲਹਾਂਦੇ ਰੁਖ, ਰੰਗ ਬਰੰਗੇ ਫੁੱਲ-ਬੂਟੇ, ਝਿਲਮਿਲ ਝਿਲਮਿਲ ਕਰਦੇ ਪਾਣੀਆਂ ਦੇ ਝਰਨੇ ਤੇ ਸੋਮੇ, ਬੇਨਜ਼ੀਰ ਪਾਰਕਾਂ ਤੇ ਸਾਵੀਆਂ ਕਚੂਚ ਚਰਾਗਾਹਾਂ ਦੇਖਣ ਵਾਲਿਆਂ ਨੂੰ ਪਲਾਂ ਪਲਾਂ ਵਿਚ ਮੋਹ ਲੈਂਦੀਆਂ ਹਨ। ਲਗਦਾ ਹੈ ਸਵਿਟਜ਼ਰਲੈਂਡ ਦੀ ਧਰਤੀ ਕੁਦਰਤ ਨੇ ਆਪਣੀ ਨੁਮਾਇਸ਼ ਵਜੋਂ ਯੂਰਪ ਮਹਾਂਦੀਪ ਵਿਚ ਰਾਖਵੀਂ ਰਖੀ ਹੈ। ਇੰਗਲੈਂਡ, ਫਰਾਂਸ, ਜਰਮਨੀ, ਬੈਲਜੀਅਮ, ਅਮਰੀਕਾ, ਕੈਨੇਡਾ ਤੇ ਹੋਰ ਦੂਰ ਦੁਰਾਡੇ ਦੇਸ਼ਾਂ ਤੋਂ ਸੈਲਾਨੀ ਆਪਣੇ ਆਪਣੇ ਮਨ ਪ੍ਰਚਾਵੇ ਲਈ ਇਸ ਧਰਤੀ ਤੇ ਸਾਰਾ ਸਾਲ ਆਉਂਦੇ ਜਾਂਦੇ ਰਹਿੰਦੇ ਹਨ। ਇਸ ਤਰ੍ਹਾਂ ਇਸ ਦੇਸ਼ ਨੂੰ ਅੰਤਰਰਾਸ਼ਟਰੀ ਮਨੁੱਖੀ ਮੇਲਾ ਪੰਡਾਲ ਵੀ ਅਗਰ ਕਹਿ ਦਿੱਤਾ ਜਾਵੇ ਤਾਂ ਉਹ ਵੀ ਗ਼ਲਤ ਨਹੀਂ ਹੋਵੇਗਾ। ਕੁਦਰਤੀ ਖੁਸ਼-ਰੰਗੀਨੀ ਤੇ ਮਨੁੱਖੀ ਸੂਝ ਨਾਲ ਉਤਪੰਨ ਹੋਈਆਂ ਸਹੂਲਤਾਂ ਦਾ ਘਰ ਸਵਿਟਜ਼ਰਲੈਂਡ ਕਈ ਗੱਲਾਂ ਕਰਕੇ ਸਾਰੀ ਦੁਨੀਆ ਵਿਚ ਆਪਣੀ ਨਿਰਾਲੀ ਸ਼ਾਨ ਰੱਖਦਾ ਹੈ।

ਇਸ ਖੂਬਸੂਰਤ ਮੁਲਕ ਦੀ ਸੈਰ ਮੈਂ ਇਕ ਟੂਰਿਸਟ ਕੋਚ ਵਿਚ ਕਰ ਰਿਹਾ ਸਾਂ। ਕੁਦਰਤੀ ਨਜ਼ਾਰੇ ਦੇਖ ਕੇ ਮਨ ਵਿਸਮਾਦ ਵਿਚ ਆਇਆ ਹੋਇਆ ਸੀ। ਅਜਿਹੀ ਹਾਲਤ ਵਿਚ ਚੁਪ ਰਹਿਣਾ ਔਖਾ ਸੀ। ਇਹ ਜਾਣਦਾ ਹੋਇਆ ਵੀ ਕਿ ਗੋਰੇ ਬੇਲੋੜਾ ਬੋਲਣਾ

ਪਸੰਦ ਨਹੀਂ ਕਰਦੇ ਪਰ ਮੈਂ ਪੰਜਾਬੀ ਹੋਣ ਦੇ ਨਾਤੇ ਬਹੁਤੀ ਦੇਰ ਚੁੱਪ ਵੀ ਤਾਂ ਨਹੀਂ ਸੀ ਨਾ ਬੈਠ ਸਕਦਾ। ਸੋ ਗੱਲ ਕਰਨ ਲਈ ਮੈਂ ਕੋਚ ਵਿਚ ਬੈਠੇ ਆਪਣੇ ਨਾਲ ਦੀ ਸੀਟ ਦੇ ਸਾਥੀ ਸੈਲਾਨੀ ਨੂੰ ਪੁੱਛਿਆ ਕਿ ਉਹ ਕਿਥੇ ਦਾ ਰਹਿਣ ਵਾਲਾ ਹੈ ਤਾਂ ਉਸ ਉੱਤਰ ਦਿੱਤਾ ਕਿ ਉਹ ਸਵਿਟਜ਼ਰਲੈਂਡ ਦਾ ਹੀ ਵਾਸੀ ਹੈ। ਮੈਂ ਉਸ ਦੇ ਇਹ ਕਹਿਣ ਤੇ ਗੱਲ ਤੋਰਨ ਦੇ ਮੂਡ ਵਿਚ ਸਵਿਟਜ਼ਰਲੈਂਡ ਦੀ ਧਰਤੀ ਦੀ ਸੁੰਦਰਤਾ ਦੀ ਤਾਰੀਫ ਕਰਨ ਮਗਰੋਂ ਉਸ ਤੋਂ ਇਹ ਪੁਛ ਬੈਠਾ ਕਿ ਜੇ ਕਿਸੇ ਇਕ ਗੱਲ ਕਰਕੇ ਸਵਿਟਜ਼ਰਲੈਂਡ ਦੀ ਪ੍ਰਸਿੱਧੀ ਦਸਣੀ ਹੋਵੇ ਤਾਂ ਉਹ ਕਿਹੜੀ ਗੱਲ ਹੋਵੇਗੀ? ਸਵਾਲ ਕਰਨ ਲੱਗਿਆਂ ਮੈਨੂੰ ਪੂਰਨ ਯਕੀਨ ਸੀ ਕਿ ਉਹ ਆਪਣੇ ਦੇਸ਼ ਦੀ ਘੜੀਆਂ ਬਣਾਉਣ ਦੀ ਕਲਾ ਦੀ ਤਾਰੀਫ ਕਰੇਗਾ ਪਰ ਉਸ ਨੇ ਉੱਤਰ ਦਿੱਤਾ ਕਿ ਜੇਕਰ ਇਹ ਸਵਾਲ ਕਿਸੇ ਕਾਮੇ ਤੋਂ ਪੁਛਿਆ ਗਿਆ ਹੁੰਦਾ ਤਾਂ ਉਹ ਨਿਰਸੰਦੇਹ ਇਹੀ ਕਹਿੰਦਾ ਕਿ ਸਵਿਟਜ਼ਰਲੈਂਡ ਘੜੀਆਂ ਬਣਾਉਣ ਦੀ ਕਲਾ ਵਿਚ ਪਰਮ ਸਰੇਸ਼ਠ ਹੈ। Time is the art of Swiss. ਘੜੀਆਂ ਬਣਾਉਣ ਦੀ ਕਲਾ ਵਿਚ ਲਗਭਗ 4 ਹਜ਼ਾਰ ਪ੍ਰਕਾਰ ਦੀਆਂ ਘੜੀਆਂ ਬਣਾ ਕੇ ਸਵਿਟਜ਼ਰਲੈਂਡ ਨੇ ਵਿਸ਼ਵ ਭਰ ਵਿਚ ਆਪਣੀ ਧਾਂਕ ਜਮਾ ਰਖੀ ਹੈ। ਇਸ ਦੇਸ਼ ਨੇ ਅਜਿਹੀਆਂ ਇਲੈਕਟਰਾਨਿਕ ਘੜੀਆਂ ਬਣਾਈਆਂ ਹੋਈਆਂ ਹਨ ਜਿਹੜੀਆਂ ਸੌ ਸੌ ਸਾਲ ਮਗਰੋਂ ਵੀ ਇਕ ਇਕ ਸਕਿੰਟ ਅੱਗੇ ਜਾਂ ਪਿੱਛੇ ਨਹੀਂ ਹੁੰਦੀਆਂ। ਸਵਿਟਜ਼ਰਲੈਂਡ ਘੜੀ ਮਾਹਿਰਾਂ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਉਨ੍ਹਾਂ ਨੇ ਅਜਿਹੀ ਘੜੀ ਦੀ ਵੀ ਕਾਢ ਕੱਢੀ ਹੈ ਜਿਹੜੀ ਇਕ ਵਾਰੀ ਬਟਣ ਦਬਣ ਨਾਲ ਦੁਨੀਆਂ ਦੇ ਕਿਸੇ ਵੀ ਦੇਸ਼ ਦਾ ਲੋਕਲ ਟਾਈਮ ਸਹੀ ਸਹੀ ਦੱਸ ਸਕਦੀ ਹੈ। ਭਾਵੇਂ ਇਹ ਸਾਰੀ ਪ੍ਰਾਪਤੀ ਮਾਣ ਵਾਲੀ ਹੈ ਪਰ ਮੈਨੂੰ ਇਸ ਗੱਲ ਤੇ ਕੋਈ ਬਹੁਤਾ ਮਾਣ ਨਹੀਂ।

ਉਹ ਹੋਰ ਬੋਲਦਾ ਗਿਆ ਕਿ ਜੇਕਰ ਇਹ ਸਵਾਲ ਕਿਸੇ ਅਧਿਆਪਕ ਤੋਂ ਪੁਛਿਆ ਜਾਂਦਾ ਤਾਂ ਉਹ ਕਹਿੰਦਾ ਕਿ ਉਸ ਨੂੰ ਸਵਿਟਜ਼ਰਲੈਂਡ ਦੇ ਇਸ ਵਿਲੱਖਣਪੁਣੇ ਤੇ ਮਾਣ ਹੈ ਕਿ ਇਹ ਦੇਸ਼ ਹਾਲੇਂ ਤਕ ਕਿਸੇ ਵੀ ਜੰਗ ਵਿਚ ਸ਼ਰੀਕ ਨਹੀਂ ਹੋਇਆ ਤੇ ਨਿਰਪੱਖ ਰਿਹਾ ਹੈ। ਇਥੋਂ ਤਕ ਕਿ ਹਿਟਲਰ ਵਰਗੇ ਤਾਨਾਸ਼ਾਹ ਨੇ ਵੀ ਦੂਜੀ ਵਿਸ਼ਵ ਜੰਗ ਵਿਚ ਇਸ ਦੇਸ਼ ਨੂੰ ਜੰਗ ਦੀ ਲਪੇਟ ਤੋਂ ਬਾਹਰ ਹੀ ਰਖਿਆ। ਇਸ ਦੇਸ਼ ਦੀ ਇਸ ਗੱਲ ਵਿਚ ਵੀ ਵਿਸ਼ੇਸ਼ ਵਿਲੱਖਣਤਾ ਹੈ ਕਿ ਇਸ ਦੀ ਆਪਣੀ ਕੋਈ ਫ਼ੌਜ ਨਹੀਂ, ਆਪਣੀ ਭਾਸ਼ਾ ਕੋਈ ਨਹੀਂ ਅਤੇ ਪੁਲਿਸ ਦੀ ਸੰਖਿਆ ਵੀ ਮਾਸਟਰਾਂ ਦੀ ਗਿਣਤੀ ਤੋਂ ਤੀਜਾ ਹਿੱਸਾ ਹੈ । ਇਹ ਮਾਣ ਵਾਲੀ ਗੱਲ ਹੈ ਕਿ ਯੂ. ਐਨ. ਓ. ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸ਼ਾਂਤੀ ਨਾਲ ਸਬੰਧਿਤ ਸਾਰੀਆਂ ਕਾਨਫਰੰਸਾਂ ਇਸੇ ਦੇਸ਼ ਵਿਚ ਹੋਈਆਂ ਤੇ ਹੁਣ ਵੀ ਜੋ ਮਸਲੇ ਯੂ. ਐਨ. ਓ. ਵਿਚ ਨਹੀਂ ਸੁਲਝਦੇ ਉਹ ਸ਼ਾਂਤੀ ਦੇ ਸ਼ਹਿਰ ਜਨੇਵਾ ਵਿਚ ਸੁਲਝਾਏ ਜਾਣ ਦੇ ਯਤਨ ਕੀਤੇ ਹਨ। ਇਹ ਸਾਰੀ ਗੱਲ ਬੜਾ ਮਾਣ ਵਧਾਣ ਵਾਲੀ ਹੈ ਪਰ ਮੈਨੂੰ ਇਸ ਨਾਲ ਵੀ ਬਹੁਤਾ ਸਰੋਕਾਰ ਨਹੀਂ। ਉਸ ਵਿਅਕਤੀ ਦਾ ਇਹ ਉੱਤਰ ਸੁਣ ਕੇ ਮੈਂ ਹੈਰਾਨ ਹੋ ਗਿਆ ਤੇ ਸੱਚ ਮੁਚ ਹੁਣ ਮੈਂ ਉਸ ਦੇ ਦਿਲ ਦੀ ਗੱਲ ਜਾਣਨਾ ਚਾਹੁੰਦਾ ਸੀ ਕਿ ਉਸ ਨੂੰ ਇਹ ਸਭ ਕੁਝ ਛੱਡ ਕੇ ਉਹ ਕਿਹੜੀ ਗੱਲ ਹੈ ਜਿਸ ਤੇ ਖਾਸ ਮਾਣ ਹੈ?

ਉਸ ਸੱਜਣ ਨੇ ਆਪਣੇ ਬਾਰੇ ਪ੍ਰੀਚੈ ਦੇਂਦੇ ਹੋਏ ਦੱਸਿਆ ਕਿ ਉਹ ਸਵਿਟਜ਼ਰਲੈਂਡ

ਵਿਚ ਇਕ ਪ੍ਰੋਫੈਸਰ ਹੈ ਤੇ ਜਿਸ ਗੱਲ ਦਾ ਉਸਨੂੰ ਸਭ ਤੋਂ ਵਧ ਮਾਣ ਹੈ ਉਹ ਇਹ ਹੈ ਕਿ ਉਸ ਦੇਸ਼ ਦੇ ਇਕ ਦਇਆਵਾਨ ਮਨੁੱਖ ਜੀਨ ਹੈਨਰੀ ਡੂਨਾਂਟ ਨੇ 1864 ਈ: ਵਿਚ ਯੂਰਪ ਦੀ ਇਸ ਨਿੱਕੀ ਜਿਹੀ ਪਹਾੜੀ ਤੋਂ ਇਕ ਲਹਿਰ ਚਲਾਈ ਜਿਹੜੀ ਦੁਨੀਆ ਵਿਚ ਕਿਧਰੇ ਵੀ ਰਹਿ ਰਹੇ ਦੁਖੀਆਂ, ਦਰਦਵੰਦਾਂ, ਪੀੜਤਾਂ, ਜ਼ਖਮੀਆਂ ਦੀ ਬਿਨਾਂ ਇਮਤਿਆਜ਼ ਸੇਵਾ ਕਰਨ ਲਈ ਉਦਮਸ਼ੀਲ ਹੋਈ। ਕਿਧਰੇ ਜੰਗ ਲਗੇ ਜਾਂ ਹੜ੍ਹ ਆਵੇ, ਤੂਫਾਨ ਆਉਣ ਜਾਂ ਭੁਚਾਲ, ਡੂਨਾਂਟ ਦੀ ਚਲਾਈ ਇਹ ਸੰਸਥਾ ਜਿਸ ਦਾ ਨਾਂ 'ਰੈਡ ਕਰਾਸ' ਰੱਖਿਆ ਗਿਆ ਹੈ ਆਪਣੇ ਸਾਧਨਾਂ ਨਾਲ ਉਥੇ ਅਪੜ ਕੇ ਦੁਖੀਆਂ ਦੇ ਦਰਦ ਵੰਡਾਂਦੀ ਹੈ ਤੇ ਉਨ੍ਹਾਂ ਦੇ ਜ਼ਖਮਾਂ ਤੇ ਮਲ੍ਹਮ ਪੱਟੀ ਲਗਾ ਕੇ ਉਨ੍ਹਾਂ ਦੇ ਦੁੱਖ ਦਰਦ ਹੌਲੇ ਕਰਦੀ ਹੈ। ਸੋ ਮੈਨੂੰ ਸਵਿਟਜ਼ਰਲੈਂਡ ਦੀ ਧਰਤੀ ਤੋਂ ਚਲਾਈ ਇਸ ਰੈੱਡ ਕਰਾਸ ਦੀ ਲਹਿਰ ਉਤੇ ਮਾਣ ਹੈ ਅਤੇ ਕਿਉਂਕਿ ਇਹ ਮਾਨਵੀ ਹਿਰਦਿਆਂ ਨੂੰ ਤਸਕੀਨ ਦੇਣ ਦੇ ਔਖੇ ਕਾਰਜ ਵਿਚ ਪ੍ਰਯਤਨਸ਼ੀਲ ਹੈ ਇਸ ਲਈ ਮੈਂ ਇਸ ਲਹਿਰ ਅੱਗੇ ਆਪਣਾ ਸਿਰ ਨਿਵਾਂਦਾ ਹਾਂ ਤੇ ਇਸ ਤੇ ਜਿਤਨਾ ਵੀ ਮਾਣ ਕਰਾਂ, ਮੈਨੂੰ ਥੋੜ੍ਹਾ ਜਾਪਦਾ ਹੈ।

ਉਸ ਸਵਿਸ ਮਿੱਤਰ ਦੀ ਇਹ ਮਨੁੱਖੀ ਜਜ਼ਬੇ ਨਾਲ ਭਰੀ ਗੱਲ ਸੁਣ ਕੇ ਮੈਨੂੰ ਬਹੁਤ ਖੁਸ਼ੀ ਹੋਈ ਤੇ ਮੈਂ ਵੀ ਬੜੇ ਮਾਣ ਨਾਲ ਉਸ ਨੂੰ ਉੱਤਰ ਦਿੱਤਾ ਕਿ ਤੁਹਾਡੇ ਇਸ ਮਾਣ ਨਾਲ ਮੇਰਾ ਵੀ ਮਾਣ ਵਧਿਆ ਹੈ। ਪ੍ਰੋਫੈਸਰ ਝਟ ਬੋਲਿਆ, ਇਸ ਦਾ ਅਰਥ ਇਹ ਹੈ ਕਿ ਤੂੰ ਵੀ ਇਸ ਲਹਿਰ ਨਾਲ ਜੁੜਿਆ ਹੋਇਆ ਏਂ? ਮੈਂ ਉਸ ਨੂੰ ਦੱਸਿਆ ਕਿ ਜਿਹੜੀ ਰੈਡ ਕਰਾਸ ਨਾਮੀ ਲਹਿਰ 1864 ਵਿਚ ਤੁਹਾਡੇ ਦੇਸ਼ ਵਿਚ ਚਾਲੂ ਹੋਈ ਉਸ ਤੋਂ ਵਧੇਰੀ ਉਚ ਪਧਰ ਦੀ ਸੇਵਾ ਮੇਰੇ ਧਰਮ ਦੇ ਇੱਕ ਅਨੁਯਾਈ ਭਾਈ ਘਨ੍ਹਈਆ ਜੀ ਨੇ 1705 ਈ. ਵਿਚ ਪ੍ਰਾਰੰਭ ਕੀਤੀ ਸੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਸ ਨੂੰ ਜੰਗ ਵਿਚ ਜ਼ਖਮੀ ਹੋਏ ਦੁਸ਼ਮਣਾਂ ਨੂੰ ਪਾਣੀ ਪਲਾਉਣ ਲਈ ਸ਼ਾਬਾਸ਼ ਦੇਣ ਦੇ ਨਾਲ ਨਾਲ ਜ਼ਖਮੀਆਂ ਦੀ ਮਲ੍ਹਮ ਪੱਟੀ ਕਰਕੇ ਹਰ ਪਖੋਂ ਸੇਵਾ ਕਰਨ ਦੀ ਤਾਕੀਦ ਵੀ ਕੀਤੀ। ਸਾਡੇ ਸਿੱਖ ਧਰਮ ਦੀ ਸਿਰਜਨਾ ਹੀ ਗੁਰੂ ਸਾਹਿਬਾਨ ਨੇ ਮਾਨਵਤਾ ਦੀ ਸੇਵਾ ਹਿਤ ਕੀਤੀ ਹੈ ਅਤੇ ਖਾਲਸਾ ਇਸ ਗੱਲ ਲਈ ਸਾਜਿਆ ਕਿ ਉਹ ਦੂਜਿਆਂ ਦੇ ਹਿੱਤਾਂ ਲਈ ਆਪਣੀ ਜਾਨ ਤਕ ਵਾਰਨ ਵਿਚ ਵੀ ਪਿੱਛੇ ਨਾ ਰਹੇ। ਖੁਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਮਾਤਾ ਪਿਤਾ, ਚਾਰ ਬੇਟੇ, ਪੰਜ ਪਿਆਰੇ ਤੇ ਹਜ਼ਾਰਾਂ ਸਿੰਘ ਦੂਜਿਆਂ ਉਤੇ ਹੁੰਦੇ ਅਤਿਆਚਾਰਾਂ ਨੂੰ ਰੋਕਣ ਲਈ ਕੁਰਬਾਨ ਕਰ ਦਿੱਤੇ। ਮਨੁੱਖਤਾ ਵਿਚ ਸ਼ੁਭ ਕਰਮਾਂ ਦੇ ਪਸਾਰੇ ਲਈ ਕੇਸ ਦਾਹੜੀ ਵਾਲੇ ਖ਼ਾਲਸੇ ਨੂੰ ਸਿਰਜਿਆ ਤੇ ਮਨੁੱਖਤਾ ਦੀ ਬਿਹਤਰੀ ਲਈ ਇਸ ਨੂੰ ਅਕਾਲਪੁਰਖ ਦੀ ਫੌਜ ਵਜੋਂ ਰਾਖੀਦਾਰ ਬਣਾ ਦਿੱਤਾ।

ਪ੍ਰੋਫੈਸਰ ਮੇਰੀਆਂ ਗੱਲਾਂ ਸੁਣ ਕੇ ਬਹੁਤ ਹੈਰਾਨ ਹੋਇਆ। ਉਸ ਨੇ ਬੜੀ ਹੈਰਾਨੀ ਤੇ ਕੁਝ ਤਨਜ਼ ਨਾਲ ਕਿਹਾ ਕਿ ਸਿੰਘ ਜਿਸ ਸਿੱਖ ਧਰਮ ਦੀ ਤੂੰ ਗੱਲ ਕਰ ਰਿਹਾ ਏਂ ਕੀ ਉਹ ਧਰਮ ਇਸੇ ਧਰਤੀ ਤੇ ਹੈ ਜਾਂ ਚੰਨ ਦੀ ਧਰਤੀ ਤੇ? ਮੈਂ ਉਸ ਦੀ ਤਨਜ਼ ਨੂੰ ਭਾਂਪਦਿਆਂ ਹੋਇਆਂ ਬੜੇ ਉਦਾਰਚਿਤ ਲਹਿਜੇ ਵਿਚ ਉੱਤਰ ਵਜੋਂ ਕਿਹਾ ਕਿ ਉਹ ਧਰਮ ਭਾਰਤ ਦੇ ਉਤਰੀ ਭਾਗ ਵਿਚ ਇਕ ਸ਼ਕਤੀਸ਼ਾਲੀ ਧਰਮ ਹੈ ਜੋ ਅੱਜ ਤੋਂ ਤਕਰੀਬਨ 500 ਸਾਲ ਪਹਿਲਾਂ ਹੋਂਦ ਵਿਚ ਆਇਆ ਤੇ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਤੇ ਸਰਬੱਤ ਦਾ ਭਲਾ ਮੰਗਣਾ, ਨਿਸ਼ਕਾਮ ਰੂਪ ਵਿਚ ਸੇਵਾ ਤੇ ਸਿਮਰਨ ਕਰਨਾ

ਉਸ ਦੇ ਮੁੱਖ ਥੰਮ੍ਹ ਹਨ। ਇਸ ਧਰਮ ਵਿਚ ਮਨੁੱਖ ਨੇ ਸਿਮਰਨ ਅਕਾਲਪੁਰਖ ਦਾ ਤੇ ਸੇਵਾ ਅਕਾਲਪੁਰਖ ਦੇ ਬੰਦਿਆਂ ਦੀ ਕਰਨੀ ਹੈ। ਸੇਵਾ ਵੀ ਨਰੋਲ ਨਿਸ਼ਕਾਮ ਤੇ ਬਿਨਾਂ ਕਿਸੇ ਜ਼ਾਤ ਪਾਤ, ਧਰਮ ਕਰਮ ਦੇ ਇਮਤਿਆਜ਼ (ਭੇਦ ਭਾਵ) ਦੇ ਕਰਨੀ ਹੈ। ਪ੍ਰੋਫੈਸਰ ਨੇ ਬੜੇ ਅਜੀਬ ਜਿਹੇ ਲਹਿਜੇ ਵਿਚ ਸਿਰ ਹਲਾਇਆ ਤੇ ਕੁਝ ਨਰਾਜ਼ਗੀ ਭਰੇ ਢੰਗ ਨਾਲ ਕਹਿਣ ਲਗਾ, "ਸਿੰਘ! ਜੋ ਕੁਝ ਤੂੰ ਦਸ ਰਿਹਾ ਏਂ, ਜੇ ਉਹ ਠੀਕ ਹੈ ਤਾਂ ਤੂੰ ਤੇ ਤੇਰੇ ਧਰਮ ਦੇ ਆਗੂ ਮਨੁੱਖਤਾ ਨਾਲ ਧੱਕਾ ਕਰ ਰਹੇ ਹਨ ਅਤੇ ਅਜਿਹਾ ਕਰਨ ਦਾ ਤੁਹਾਨੂੰ ਕੋਈ ਹੱਕ ਨਹੀਂ। ਕੀ ਇਹ ਅਫਸੋਸ ਦੀ ਗੱਲ ਨਹੀਂ ਕਿ ਇਤਨੀ ਵਿਸ਼ਾਲ ਮਨੁੱਖਤਾ ਤੇ ਮਾਨਵਤਾ ਨੂੰ ਇਕ ਮਾਲਾ ਵਿਚ ਪਰੋਣ ਵਾਲੀ ਫਿਲਾਸਫੀ ਕਈ ਸਦੀਆਂ ਤੋਂ ਤੁਸੀ ਆਪਣੇ ਆਪ ਵਿਚ ਹੀ ਲਕੋਈ ਹੋਈ ਹੈ ਤੇ ਇਸ ਨੂੰ ਹਵਾ ਤਕ ਨਹੀਂ ਲਗਣ ਦਿਤੀ? ਸਮੇਂ ਦੀ ਮੰਗ ਹੈ ਕਿ ਇਹ ਜੀਵਨ ਜਾਚ ਸਾਰੇ ਵਿਸ਼ਵ ਵਿਚ ਪਸਰੇ। ਜੇ ਤੁਸੀਂ ਆਪਣੇ ਬਲ ਬੂਤੇ ਤੇ ਇਹ ਕੁਝ ਨਹੀਂ ਕਰ ਸਕਦੇ ਤਾਂ ਸਾਨੂੰ ਇਹ ਸੇਵਾ ਕਰਨ ਦਾ ਮੌਕਾ ਬਖਸ਼ੋ ਅਸੀਂ ਇਸੇ ਦੇਸ਼ ਦੀ ਪਹਾੜੀ ਤੋਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਤੇ ਸਰਬ ਸਾਂਝੇ ਗੁਰੂ ਗ੍ਰੰਥ ਸਾਹਿਬ ਦਾ ਪੈਗ਼ਾਮ ਸਾਰੀ ਦੁਨੀਆਂ ਨੂੰ ਪਹੁੰਚਾ ਕੇ ਆਪਸੀ ਪ੍ਰੇਮ, ਸਦ ਭਾਵਨਾ ਦੇ ਬੇਲਾਗ ਸਨੇਹ ਦੀ ਜੋਤ ਜਗਾਣ ਦਾ ਉਪਰਾਲਾ ਕਰ ਸਕਦੇ ਹਾਂ।" ਪ੍ਰੋਫੈਸਰ ਦੀਆਂ ਗੱਲਾਂ ਸੱਚ ਮੁਚ ਮੈਨੂੰ ਮਿਠੀਆਂ ਲਾਹਨਤਾਂ ਪਾ ਰਹੀਆਂ ਸਨ ਕਿ **"ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ"** ਦੀ ਗੱਲ ਜਦ ਤਕ ਅਸੀਂ ਸਾਰੀ ਮਾਨਸ ਜਾਤ ਨੂੰ ਦਸ ਹੀ ਨਹੀਂ ਸਕਾਂਗੇ ਤਦ ਤਕ ਉਸ ਦਾ ਚੰਗਾ ਨਤੀਜਾ ਕਿਥੋਂ ਨਿਕਲ ਸਕੇਗਾ?

ਅੱਜ ਵੀ ਇਹ ਚਣੌਤੀ ਸਾਡੇ ਸਾਹਮਣੇ ਹੈ। ਗੁਰੂ ਗ੍ਰੰਥ ਸਾਹਿਬ ਵਿਚ 36 ਮਹਾਂ ਪੁਰਸ਼ਾਂ ਦੀ ਬਾਣੀ ਹੈ ਜਿਨ੍ਹਾਂ ਵਿਚੋਂ 6 ਸਿੱਖ ਗੁਰੂ ਸਾਹਿਬਾਨ ਹਨ ਤੇ ਬਾਕੀ ਦੇ 30 ਗ਼ੈਰ-ਸਿੱਖ ਸੰਤ ਹਨ। ਕਈ ਮੁਸਲਮਾਨ ਹਨ। ਕਈ ਹਿੰਦੂ, ਕੁਝ ਕਥਤ ਉੱਚੀਆਂ ਜ਼ਾਤਾਂ ਦੇ ਹਨ ਤੇ ਕੁਝ ਨੀਵੀਆਂ ਦੇ। ਜੇ ਕੋਈ ਪੂਰਬ ਦਾ ਵਸਨੀਕ ਹੈ ਤਾਂ ਕੋਈ ਦੂਜਾ ਉੱਤਰ, ਪੱਛਮ ਜਾਂ ਦੱਖਣ ਦਾ। ਇਸ ਤੋਂ ਵਧ ਸੈਕੂਲਰ ਧਰਮ ਗ੍ਰੰਥ ਮਾਨਵਤਾ ਨੂੰ ਹੋਰ ਕਿੱਥੋਂ ਮਿਲਣਾ ਹੈ ਜੋ **"ਏਕ ਪਿਤਾ ਏਕਸ ਕੇ ਹਮ ਬਾਰਿਕ"** ਦੀ ਗੱਲ ਬਾ-ਆਵਾਜ਼ੇ ਬੁਲੰਦ (ਉਚੀ ਸੁਰ ਵਿਚ) ਕਹਿੰਦਾ ਹੋਵੇ। ਵਕਤ ਦੀ ਮੰਗ ਹੈ ਕਿ ਅਸੀਂ ਜੁਗੋ ਜੁਗ ਅੱਟਲ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਵਨਾ ਦੁਨੀਆਂ ਦੇ ਕੋਨੇ ਕੋਨੇ ਤਕ ਪਹੁੰਚਾਣ ਦੇ ਸਾਰੇ ਪ੍ਰਯਾਸ ਕਰੀਏ। ਇਹ ਸਾਡਾ ਫਰਜ਼ ਹੈ ਅਤੇ ਮਾਨਵਤਾ ਦੇ ਅਸੀਂ ਇਸ ਪੱਖੋਂ ਦੇਣਦਾਰ ਹਾਂ। ਅਜਿਹਾ ਕਰਨ ਦੇ ਨਾਲ ਨਾਲ ਸਾਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਆਸ਼ੀਰਵਾਦ ਹੇਠ ਭਾਈ ਘਨ੍ਹਈਆ ਜੀ ਵਲੋਂ ਚਲਾਈ ਨਿਸ਼ਕਾਮ ਸੇਵਾ ਲਹਿਰ ਨੂੰ ਹੋਰ ਬਲਵਾਨ ਕਰ ਕੇ ਦੁਨੀਆਂ ਨੂੰ ਸੋਝੀ ਕਰਵਾਉਣੀ ਚਾਹੀਦੀ ਹੈ ਕਿ ਅਸੀਂ ਕਿਤਨੇ ਉਦਾਰ-ਚਿਤ ਤੇ ਉਚੇ ਸੁਚੇ ਖਿਆਲਾਂ ਦੇ ਧਾਰਨੀ ਤੇ ਮਾਨਵੀ ਸਮਾਜ ਦੇ ਹਿਤਕਾਰੀ ਹਾਂ। ਇਸ ਸਿਲਸਲੇ ਵਿਚ ਆਸ ਦੀ ਇਕ ਕਿਰਨ ਡਾ. ਆਰ. ਐਸ. ਨੰਦਾ ਚੇਅਰਮੈਨ ਭਾਈ ਘਨ੍ਹਈਆ ਸੇਵਾ ਮਿਸ਼ਨ ਲੁਧਿਆਣਾ ਦੇ ਨਿਸ਼ਕਾਮ ਉਦਮਾਂ ਸਦਕਾ ਦਖਾਈ ਦੇਣ ਲਗ ਪਈ ਹੈ ਜਿਸ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਹਰ ਇਕ ਨੂੰ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਫਰਾਂਸ ਵਿਚ ਜਗਿਆਸਾ ਭਰੀ ਅਣਵਾਕਫੀ

ਮੈਂ ਜਾਣਦਾ ਹਾਂ ਕਿ ਗੱਲ ਨੂੰ ਬਹੁਤ ਤੂਲ ਨਾ ਦੇਵਾਂ ਕਿਉਂਕਿ ਕਈ ਵਾਰੀ ਲੋੜ ਨਾਲੋਂ ਵਧ ਵਿਸਥਾਰ ਵਿਸ਼ੇ ਪ੍ਰਤੀ ਬਣੀ ਦਿਲਚਸਪੀ ਤੇ ਮਾੜੂ ਅਸਰ ਕਰਦਾ ਹੈ ਪਰ ਇਹ ਸਮਝਦਾ ਹੋਇਆ ਵੀ ਜੇ ਅਗਲੇ ਕੁਝ ਪੰਨਿਆਂ ਨੂੰ ਇਕ ਹੋਰ ਘਟਨਾ ਲਈ ਸਰਫ ਕਰ ਰਿਹਾ ਹਾਂ ਤਾਂ ਇਹ ਮੇਰੀ ਜ਼ਮੀਰ ਦੀ ਮੰਗ ਹੈ ਜੋ ਮੈਨੂੰ ਇਥੇ ਇਹ ਕੁਝ ਲਿਖਣ ਤੇ ਮਜਬੂਰ ਕਰਦੀ ਹੈ। ਪਾਠਕ ਇਹ ਸੰਖੇਪ ਜਿਹੀ ਗੱਲ ਬਾਤ ਪੜ੍ਹਨ ਤੇ ਮਹਿਸੂਸ ਕਰਨਗੇ ਕਿ ਸਿੱਖਾਂ ਨੇ ਹਾਲੇਂ ਤਕ ਆਪਣੇ ਧਰਮ ਦੇ ਨਾਦਰ ਗੁਣਾਂ ਨੂੰ ਦੂਜਿਆਂ ਤੀਕ ਪਹੁੰਚਾਣ ਲਈ ਕੀ ਕੁਝ ਕੀਤਾ ਹੈ ਅਤੇ ਸਾਡੇ ਧਾਰਮਿਕ ਅਦਾਰਿਆਂ, ਸੰਸਥਾਵਾਂ ਆਦਿ ਨੂੰ ਵਕਤ ਦੀ ਨਜ਼ਾਕਤ ਪਛਾਣਦਿਆਂ ਹੋਰ ਕੀ ਕੁਝ ਕਰਨਾ ਲੋੜੀਂਦਾ ਹੈ।

ਫਰਾਂਸੀਸੀ ਕੁੜੀਆਂ ਨਾਲ ਹੋਈ ਗੱਲਬਾਤ

ਤਕਰੀਬਨ ਢਾਈ ਦਹਾਕੇ ਪੁਰਾਣੀ ਗੱਲ ਹੈ ਮੈਂ ਪੈਰਿਸ ਵਿਚ ਸਾਂ। ਕਰਿਸਮਿਸ ਦੇ ਨੇੜੇ ਤੇੜੇ ਦੇ ਦਿਨ ਸਨ। ਠੰਡ ਬਹੁਤ ਸੀ ਪਰ ਇਸ ਦੇ ਬਾਵਜੂਦ ਵਾਤਾਵਰਨ ਬਹੁਤ ਸੁਹਾਵਣਾ ਸੀ। ਗੋਰਿਆਂ ਵਾਂਗ ਫਰਾਂਸੀਸੀ ਵੀ ਗੰਭੀਰ ਠੰਡ ਦੀ ਪ੍ਰਵਾਹ ਨਹੀਂ ਕਰਦੇ ਸਗੋਂ ਅਜਿਹੇ ਮੌਸਮ ਵਿਚ ਉਹ ਆਪਣੀਆਂ ਸਮਾਜਿਕ ਤੇ ਨਿਜੀ ਸਰਗਰਮੀਆਂ ਨੂੰ ਹੋਰ ਵਧਾ ਲੈਂਦੇ ਹਨ। ਨਵੇਂ ਨਵੇਂ ਦੋਸਤਾਂ ਨੂੰ ਮਿਲਦੇ ਹਨ, ਪੁਰਾਣੇ ਸਾਕ ਪਾਲਦੇ ਹਨ ਅਤੇ ਇਸ ਤਰ੍ਹਾਂ ਬਰਫੀਲੇ ਮੌਸਮ ਵਿਚ ਨਿਘ ਪੈਦਾ ਕਰ ਲੈਂਦੇ ਹਨ। ਸ਼ਾਇਦ ਇਸੇ ਹੀ ਪ੍ਰਭਾਵ ਹੇਠ ਮੈਨੂੰ ਇਕ ਸੁਰੀਲੀ ਜਿਹੀ ਅਵਾਜ਼ ਨੇ ਰੋਕਿਆ। ਬਾ-ਲਹਿਜਾ ਪਰ ਥਿੜਕਵੀਂ ਜਿਹੀ ਅੰਗਰੇਜ਼ੀ ਵਿਚ ਇਕ ਸ਼ੌਕੀਨ ਜਿਹੀ ਸੁੰਦਰੀ ਨੇ ਬੜੀ ਦਿਲਕਸ਼ ਅਦਾ ਨਾਲ ਮਾਫੀ ਭਰੇ ਅੰਦਾਜ਼ ਵਿਚ ਮੈਨੂੰ ਸੰਬੋਧਿਤ ਕਰਦਿਆਂ ਹੋਇਆਂ ਕਿਹਾ "ਮਾਫ ਕਰਨਾ, ਪਤਾ ਨਹੀਂ ਤੁਸੀਂ ਕਿਹੜੇ ਖਿਆਲਾਂ ਵਿਚ ਹੋ ਪਰ ਉਨ੍ਹਾਂ ਤੋਂ ਤੁਹਾਨੂੰ ਕੁਝ ਸਮੇਂ ਲਈ ਤੋੜਨ ਦੀ ਗੁਸਤਾਖੀ ਕਰ ਰਹੀ ਹਾਂ।" ਉਹ ਹੋਰ ਬੋਲਦੀ ਗਈ "ਜੇ ਮੈਂ ਇਕੱਲੀ ਹੁੰਦੀ ਤਾਂ ਸ਼ਾਇਦ ਚੁਪ ਕਰ ਰਹਿੰਦੀ ਪਰ ਕਾਰ ਵਿਚ ਬੈਠੀਆਂ ਮੇਰੀਆਂ ਹੋਰ ਤਿੰਨ ਸਹੇਲੀਆਂ ਮੈਨੂੰ ਮਜਬੂਰ ਕਰਦੀਆਂ ਹਨ ਕਿ ਮੈਂ ਤੁਹਾਨੂੰ ਕਹਾਂ ਕਿ ਅਸੀਂ ਤੁਹਾਥੋਂ ਕੁਝ ਜਾਣਨਾ ਚਾਹੁੰਦੀਆਂ ਹਾਂ।" ਟੁਟੀ ਫੁਟੀ ਅੰਗਰੇਜ਼ੀ ਵਿਚ ਲੇਕਿਨ ਬੜੇ ਮਿਠੇ ਅੰਦਾਜ਼ ਵਿਚ ਇਤਨੇ ਸ਼ਬਦ ਇਕਠੇ ਸੁਣ ਕੇ ਮੈਂ ਕੁਝ ਚੌਂਕ ਜਿਹਾ ਗਿਆ ਕਿ ਆਖਿਰ ਇਹ ਲੜਕੀ ਤੇ ਇਸ ਦੀਆਂ ਸਾਥਣਾਂ ਮੇਰੇ ਤੋਂ ਕੀ ਚਾਹੁੰਦੀਆਂ ਹਨ?

ਮੈਨੂੰ ਫਰਾਂਸ ਵਿਚ ਕੇਵਲ ਇਕੋ ਦਿੱਕਤ ਮਹਿਸੂਸ ਹੋ ਰਹੀ ਸੀ ਤੇ ਉਹ ਸੀ ਭਾਸ਼ਾ ਦੀ ਕਠਿਨਾਈ ਕਿਉਂਕਿ ਮੈਂ ਦੇਖਿਆ ਹੈ ਕਿ ਫਰਾਂਸੀਸੀ ਲੋਕ ਅੰਗਰੇਜ਼ੀ ਜਾਣਦਿਆਂ ਹੋਇਆਂ ਵੀ ਅੰਗਰੇਜ਼ੀ ਵਿਚ ਗੱਲ ਨਹੀਂ ਕਰਦੇ ਸਗੋਂ ਆਪਣੀ ਭਾਸ਼ਾ ਵਿਚ ਗੱਲ ਕਰਨ ਵਿਚ ਹੀ ਫਖਰ ਮਹਿਸੂਸ ਕਰਦੇ ਹਨ। ਭਾਵੇਂ ਮੈਂ ਬਹੁਤ ਥੋੜ੍ਹੀ ਫਰਾਂਸੀਸੀ ਸਿੱਖ ਕੇ ਵੀ ਗਿਆ ਸੀ ਪਰ ਫਰਾਂਸ ਵਰਗੇ ਭਾਸ਼ਾਈ ਤੇ ਸਭਿਆਚਾਰਕ ਤੌਰ ਤੇ ਅਮੀਰ ਦੇਸ਼ ਵਿਚ ਮੇਰੇ ਜਿਤਨੀ ਫਰਾਂਸੀਸੀ ਦਾ ਬਹੁਤ ਮਾਮੂਲੀ ਗਿਆਨ ਮੇਰੇ ਕਿਸੇ ਵੀ ਕੰਮ ਨਾ ਆ ਸਕਿਆ ਤੇ ਮਜਬੂਰਨ ਮੈਨੂੰ ਫਰਾਂਸੀਸੀ ਦਾ ਸਾਥ ਛੱਡ ਕੇ ਅੰਗਰੇਜ਼ੀ ਤੇ ਹੀ ਨਿਰਭਰ ਹੋਣਾ ਪਿਆ। ਸੋ ਜਦ ਮੇਰੇ ਦਿਮਾਗ਼ ਵਿਚ ਇਸ ਤਰ੍ਹਾਂ ਦੀ ਭਾਸ਼ਾਈ ਦਿਕਤ ਵੜ ਚੁਕੀ ਸੀ ਤਦ ਇਨ੍ਹਾਂ ਨੌਜਵਾਨ ਕੁੜੀਆਂ ਵਲੋਂ ਮੈਨੂੰ ਅੰਗਰੇਜ਼ੀ ਭਾਸ਼ਾ ਵਿਚ ਗੱਲਬਾਤ ਕਰਨ ਦਾ ਸੱਦਾ ਦੇਣਾ

ਮੇਰੇ ਲਈ ਬੜੀ ਖੁਸ਼ੀ ਦਾ ਕਾਰਨ ਬਣਿਆ। ਮੈਂ ਸੋਚਿਆ ਕਿ ਇਨ੍ਹਾਂ ਦੀ ਕੁਝ ਦੇਰ ਸੰਗਤ ਵਿਚ ਗਲਬਾਤ ਕਰਨ ਜੋਗਾ ਹੋ ਜਾਵਾਂਗਾ, ਇਨ੍ਹਾਂ ਨੂੰ ਕੁਝ ਦੱਸ ਸਕਾਂਗਾ, ਇਨ੍ਹਾਂ ਪਾਸੋਂ ਕੁਝ ਸੁਣ ਸਕਾਂਗਾ ਨਹੀਂ ਤਾਂ ਮੇਰੀ ਇਹ ਪੈਰਿਸ ਯਾਤਰਾ ਗੁੰਗੀ ਯਾਤਰਾ ਬਣਕੇ ਰਹਿ ਜਾਵੇਗੀ। ਇਸ ਲਈ ਮੌਕਾ ਸੰਭਾਲਦੇ ਹੋਏ ਮੈਂ ਯਕਦਮ ਆਪਣੇ ਪੰਜਾਬੀ ਲਹਿਜੇ ਵਿਚ ਅੰਗਰੇਜ਼ੀ ਮਾਧਿਅਮ ਦਵਾਰਾ ਉਸ ਲੜਕੀ ਨੂੰ ਕਿਹਾ, "ਮੈਨੂੰ ਤੁਹਾਡੇ ਨਾਲ ਬੈਠ ਕੇ ਤੇ ਗਲਾਂ ਕਰਕੇ ਬੇਹੱਦ ਖੁਸ਼ੀ ਹੋਵੇਗੀ। ਮੇਰੇ ਲਈ ਸਾਰਾ ਵਕਤ ਵਿਹਲਾ ਹੈ ਕਿਉਂਕਿ ਮੈਂ ਤੁਹਾਡੇ ਦੇਸ਼ ਦੇ ਸੈਰ ਸਪਾਟੇ ਲਈ ਆਇਆ ਹਾਂ।" ਉਹ ਖੁਸ਼ ਹੋ ਗਈਆਂ ਤੇ ਬਿਨਾਂ ਸਮਾਂ ਜ਼ਾਇਆ ਕਰਨ ਦੇ ਉਨ੍ਹਾਂ ਕੁੜੀਆਂ ਦੀ ਲੀਡਰ ਨੇ ਮੈਨੂੰ ਕਿਹਾ ਕਿ ਆਪਾਂ ਨਾਲ ਦੇ ਪਾਰਕ ਵਿਚ ਬੈਠ ਕੇ ਗੱਲਾਂ ਬਾਤਾਂ ਕਰਦੇ ਹਾਂ। ਮੈਂ ਉਨ੍ਹਾਂ ਨਾਲ ਟੁਰ ਪਿਆ ਅਤੇ ਉਨ੍ਹਾਂ ਦੀ ਟੋਲੀ ਵਿਚ ਪਗ ਬੰਨ੍ਹਿਆ ਦਾਹੜੀ ਮੁੱਛਾਂ ਵਾਲਾ ਸਰਦਾਰ, ਦੇਖਣ ਵਾਲੇ ਸਾਰੇ ਫਰਾਂਸੀਸੀਆਂ ਵਾਸਤੇ ਵਧੇਰੇ ਅਚੰਭੇ ਦੀ ਚੀਜ਼ ਲਗ ਰਿਹਾ ਸਾਂ ਪਰ ਦੂਜੇ ਪਾਸੇ ਉਨ੍ਹਾਂ ਕੁੜੀਆਂ ਦੀ ਸੰਗਤ ਦੀ ਬਦੌਲਤ ਮੈਂ ਪੈਰਿਸ ਵਿਚ ਆਪਣੇ ਆਪ ਨੂੰ ਇਕ ਵਿਸ਼ੇਸ਼ ਅਤਿਥੀ ਵੀ ਸਮਝਣ ਲਗ ਪਿਆ। ਪਾਰਕ ਵਿਚ ਪਹੁੰਚਦਿਆਂ ਹੀ ਸਭ ਤੋਂ ਪਹਿਲੇ ਅਸੀਂ ਗਰਮਾ-ਗਰਮ ਕਾਫੀ ਦਾ ਆਨੰਦ ਮਾਣਿਆ।

ਠੰਡ ਬਹੁਤ ਸੀ ਪਰ ਧੁੱਪ ਵੀ ਨਿਕਲ ਆਈ ਸੀ। ਮੈਂ ਆਪਣੇ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਦਿੱਤੀ ਤੇ ਕੁਝ ਉਨ੍ਹਾਂ ਨੇ ਆਪਣੇ ਬਾਰੇ ਚਾਨਣਾ ਪਾਇਆ। ਮੈਨੂੰ ਹੈਰਾਨੀ ਨਹੀਂ ਹੋਈ ਜਦ ਉਨ੍ਹਾਂ ਦੱਸਿਆ ਕਿ ਉਹ ਫਰਾਂਸ ਦੇ ਵੱਖ ਵੱਖ ਇਲਾਕਿਆਂ ਵਿਚ ਰਹਿੰਦੀਆਂ ਹਨ ਅਤੇ ਪੱਗਾਂ ਵਾਲੇ ਸਰਦਾਰ ਉਨ੍ਹਾਂ ਨੇ ਆਪਣੇ ਆਪਣੇ ਇਲਾਕਿਆਂ ਵਿੱਚ ਨਹੀਂ ਵੇਖੇ। ਆਖਿਰ ਰਸਮੀ ਗੱਲਾਂ ਖਤਮ ਹੋਣ ਪਿਛੋਂ ਫਿਰ ਉਨ੍ਹਾਂ ਦੇ ਬੋਲਣ ਦੇ ਅੰਦਾਜ਼ ਵਿਚ ਫਰਕ ਜਿਹਾ ਪਿਆ ਅਤੇ ਬੇਨਤੀ ਭਰੇ ਅੰਦਾਜ਼ ਵਿਚ ਉਨ੍ਹਾਂ ਦੀ ਆਗੂ ਨੇ ਮੈਨੂੰ ਸੰਬੋਧਨ ਕਰਕੇ ਕਿਹਾ ਕਿ ਸਾਡੀ ਸਾਰੀਆਂ ਦੀ ਇਕ ਬੜੀ ਜ਼ਬਰਦਸਤ ਇੱਛਾ ਹੈ ਤੇ ਜੇ ਤੁਸੀ ਪੂਰੀ ਕਰ ਦਿਓ ਤਾਂ ਅਸੀ ਤੁਹਾਡੀਆਂ ਬਹੁਤ ਮਸ਼ਕੂਰ ਹੋਵਾਂਗੀਆਂ। ਮੈਂ ਬਿਨਾਂ ਸੰਕੋਚ ਦੇ ਹਾਂ ਵਿਚ ਵਾਅਦਾ ਕਰ ਦਿੱਤਾ। ਤਦ ਅਗਲੇ ਹੀ ਫਿਕਰੇ ਵਿਚ ਉਨ੍ਹਾਂ ਕੁੜੀਆਂ ਦੀ ਲੀਡਰ ਸੰਮੀ ਨੇ ਮੈਨੂੰ ਕਿਹਾ ਕਿ ਤੁਸੀਂ ਸਿਰ ਤੇ ਜਿਹੜਾ ਕੱਪੜਾ ਬੰਨ੍ਹਿਆ ਹੋਇਆ ਹੈ ਕੀ ਇਸ ਵਿਚ ਤੁਹਾਡੇ ਕੇਸ ਹਨ? ਕੇਸ ਤੁਸੀਂ ਕਿਉਂ ਰਖੇ ਹੋਏ ਹਨ? ਇਹ ਕੱਪੜਾ ਰੂਪੀ ਹੈਟ ਤੁਸੀਂ ਕਿਥੋਂ ਲੈਂਦੇ ਹੋ ਅਤੇ ਉਹ ਕਿਵੇਂ ਤਿਆਰ ਹੁੰਦਾ ਹੈ? ਇਹ ਸਵਾਲ ਸੁਣਦਿਆਂ ਹੀ ਮੇਰੇ ਮਨ ਵਿਚ ਕਈ ਕਿਸਮ ਦੇ ਵਿਚਾਰ ਪੈਦਾ ਹੋਏ ਤੇ ਮੈਂ ਅੰਦਾਜ਼ਾ ਲਗਾਇਆ ਕਿ ਇਹ ਸਾਰਾ ਕੁਝ ਸ਼ਾਇਦ ਇਹ ਮੁਟਿਆਰਾਂ ਕਿਸੇ ਫੈਸ਼ਨ ਦੇ ਪ੍ਰਭਾਵ ਕਾਰਨ ਮੇਰੇ ਪਾਸੋਂ ਪੁਛਣਾ ਚਾਹੁੰਦੀਆਂ ਹਨ ਇਸ ਲਈ ਮੈਨੂੰ ਇਨ੍ਹਾਂ ਨੂੰ ਆਪਣੇ ਢੰਗ ਨਾਲ ਹੀ ਜਵਾਬ ਦੇਣਾ ਚਾਹੀਦਾ ਹੈ। ਮੈਂ ਉਨ੍ਹਾਂ ਦੀ ਜਗਿਆਸਾ ਦਾ ਧੰਨਵਾਦ ਕੀਤਾ ਅਤੇ ਥੋੜ੍ਹਾ ਜਿਹਾ ਸੰਜੀਦਾ ਹੋ ਕੇ ਕਿਹਾ ਕਿ ਜਿਹੜੇ ਲੋਕੀ ਸਿਰਾਂ ਤੇ ਕੱਪੜਾ (ਪਗ) ਬੰਨ੍ਹਦੇ ਹਨ, ਅਤੇ ਜਿਨ੍ਹਾਂ ਦੇ ਚਿਹਰੇ ਉਤੇ ਦਾਹੜੀ ਮੁੱਛਾਂ ਹਨ ਉਹ ਸਿੱਖ ਧਰਮ ਨਾਲ ਸਬੰਧਤ ਹਨ ਜਿਹੜਾ ਸਦਭਾਵਨਾ ਵੰਡਣ ਵਾਲਾ ਹੈ ਅਤੇ ਇਸ ਦੇ ਅਨੁਯਾਈਆਂ ਲਈ ਲਾਜ਼ਮੀ ਹੈ ਕਿ ਉਹ ਸਭ ਦਾ ਭਲਾ ਸੋਚਣ, ਮਜ਼ਲੂਮ ਦੀ ਮਦਦ ਕਰਨ, ਨੇਕੀ ਨੂੰ ਆਪਣੇ ਜੀਵਨ ਦੀ ਡੰਗੋਰੀ ਬਣਾ ਕੇ ਕਿਰਤ ਕਮਾਈ ਦੁਆਰਾ ਜੀਵਨ ਨਿਰਬਾਹ ਕਰਨ, ਮਾਨਵਤਾ ਦੀ ਨਿਸ਼ਕਾਮ ਸੇਵਾ ਵਿਚ ਜੁਟੇ ਰਹਿਣ, ਆਪਣੀਆਂ ਲੋੜਾਂ ਨੂੰ ਸੀਮਤ ਰੱਖਦੇ ਹੋਏ ਇਸ ਦੁਨੀਆਂ ਵਿਚ

ਧਰਮ ਦੇ ਅਨੁਸਾਰ ਸ੍ਰੇਸ਼ਠ ਜੀਵਨ ਜੀਣ ਅਤੇ ਜੀਵਤ-ਮੁਕਤ ਦੇ ਫਲਸਫੇ ਤੇ ਚਲਦਿਆਂ ਹੋਇਆਂ ਸੰਸਾਰ ਸਾਗਰ ਨੂੰ ਕਾਮਯਾਬੀ ਨਾਲ ਪਾਰ ਕਰਨ ਦੇ ਯੋਗ ਹੋ ਜਾਣ।

ਮੈਂ ਉਨ੍ਹਾਂ ਨੂੰ ਹੋਰ ਦੱਸਿਆ ਕਿ ਇਹ ਸਿੱਖ ਧਰਮ ਉਤਰੀ ਭਾਰਤ ਵਿਚ ਅੱਜ ਤੋਂ 500 ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭਿਆ ਅਤੇ ਇਸ ਨੂੰ ਮੌਜੂਦਾ ਸ਼ਕਲ ਸੂਰਤ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਭ ਕੁਝ ਵਾਰ ਕੇ ਦਿੱਤੀ। ਮੈਂ ਉਨ੍ਹਾਂ ਨੂੰ ਸੰਖੇਪ ਵਿਚ ਇਹ ਵੀ ਦੱਸਿਆ ਕਿ ਇਸ ਧਰਮ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਦਾ ਆਧਾਰ ਮਜ਼ਲੂਮਾਂ ਦੀ ਰੱਖਿਆ ਤੇ ਬੇਤਰੀਨ ਮਾਨਵੀ ਕੀਮਤਾਂ-ਕਦਰਾਂ ਦੀ ਕਾਇਮੀ ਤੇ ਬਰਕਰਾਰੀ ਹੈ। ਸਿੱਖਾਂ ਲਈ ਸਖਤ ਬੰਦਸ਼ ਇਹ ਵੀ ਹੈ ਕਿ ਉਹ ਆਪਣੇ ਕੇਸ ਦਾਹੜੀ ਕਾਇਮ ਰਖਣ, ਕੇਸਾਂ ਉਤੇ ਦਸਤਾਰ ਸਜਾਉਣ ਤਾਂ ਜੋ ਉਹ ਦੂਰੋਂ ਹੀ ਦਿਸ ਪੈਣ ਕਿ ਉਹ ਉਪਰੋਕਤ ਗੁਣਾਂ ਦੇ ਧਾਰਨੀ ਹਨ। ਗੱਲਾਂ ਗੱਲਾਂ ਵਿਚ ਮੈਂ ਸਿੱਖ ਇਤਿਹਾਸ ਦੇ ਕਈ ਪੰਨੇ ਉਨ੍ਹਾਂ ਸਾਹਮਣੇ ਖੋਹਲੇ ਜਿਥੇ ਸਿੰਘਾਂ ਨੇ ਕੇਸਾਂ, ਦਸਤਾਰਾਂ ਦੀ ਸੁਰਖਿਆ ਲਈ ਤੇ ਫ਼ਰਜ਼ ਪਾਲਨਾ ਵਜੋਂ ਬੇਤਰੀਨ ਕਾਰਨਾਮੇ ਕਰ ਵਖਾਏ। ਉਨ੍ਹਾਂ ਵਲੋਂ ਸਿੱਖੀ ਅਤੇ ਕੇਸਾਂ ਬਾਰੇ ਕੁਝ ਜਾਣਨ ਤੇ ਮੈਂ ਅਨੁਭਵ ਕੀਤਾ ਕਿ ਉਨ੍ਹਾਂ ਦੇ ਦਿਲ ਵਿਚ ਸਿੱਖ ਧਰਮ ਨੂੰ ਜਾਨਣ ਬਾਰੇ ਜਗਿਆਸਾ ਵਧੀ ਹੈ। ਉਨ੍ਹਾਂ ਨੇ ਕਈ ਹੋਰ ਸਵਾਲ ਵੀ ਪੁਛੇ ਜਿਨ੍ਹਾਂ ਦੇ ਮੈਂ ਆਪਣੀ ਵਿਤ ਮੁਤਾਬਕ ਜਵਾਬ ਦਿੰਦਾ ਰਿਹਾ।

ਫਿਰ ਉਨ੍ਹਾਂ ਨਢੀਆਂ ਨੇ ਤੀਬਰ ਇੱਛਾ ਪ੍ਰਗਟ ਕੀਤੀ ਕਿ ਮੈਂ ਉਨ੍ਹਾਂ ਨੂੰ ਆਪਣੇ ਕੇਸ ਖੋਹਲ ਕੇ ਦਿਖਾਵਾਂ। ਪਰ ਮੈਂ ਬੜੇ ਪਿਆਰ ਨਾਲ ਉਨ੍ਹਾਂ ਨੂੰ ਸਮਝਾਂਦਿਆਂ ਕਿਹਾ ਕਿ ਇਸ ਪਾਰਕ ਵਿਚ ਮੈਂ ਉਨ੍ਹਾਂ ਨੂੰ ਆਪਣੇ ਕੇਸ ਖੋਹਲ ਕੇ ਨਹੀਂ ਵਿਖਾ ਸਕਦਾ ਹਾਂ ਜੇ ਉਹ ਕਿਸੇ ਘਰ ਵਰਗੀ ਥਾਂ ਵਿਚ ਚਲ ਸਕਦੀਆਂ ਹਨ ਤਾਂ ਉਥੇ ਮੈਂ ਅਜਿਹਾ ਕਰ ਸਕਦਾ ਹਾਂ। ਮੇਰੇ ਇਹ ਕਹਿਣ ਤੇ ਉਹ ਰਾਜ਼ੀ ਹੋ ਗਈਆਂ। ਜਿਥੇ ਉਹ ਠਹਿਰੀਆਂ ਸਨ ਮੈਨੂੰ ਉਥੇ ਲੈ ਗਈਆਂ ਅਤੇ ਮੈਂ ਫਿਰ ਬੜੇ ਅਦਬ ਨਾਲ਼ ਆਪਣੀ ਦਸਤਾਰ ਉਨ੍ਹਾਂ ਨੂੰ ਖੋਹਲ ਕੇ ਤੇ ਫਿਰ ਬੰਨ੍ਹ ਕੇ ਦਿਖਾਈ। ਮੈਂ ਦੇਖਿਆ ਕਿ ਉਹ ਕੇਸ ਤੇ ਦਸਤਾਰ ਦੇਖ ਤਾਂ ਰਹੀਆਂ ਸਨ ਪਰ ਉਸ ਅੰਦਾਜ਼ ਵਿਚ ਨਹੀਂ ਜਿਹੜਾ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਦੇ ਮਨਾਂ ਵਿਚ ਆਇਆ ਹੋਣਾ ਸੀ। ਹੁਣ ਉਨ੍ਹਾਂ ਨੂੰ ਮੇਰੇ ਕੇਸਾਂ ਵਿਚੋਂ ਸ਼ਾਇਦ ਉਹ ਉਹ ਗੁਣ ਦਿਸ ਰਹੇ ਸਨ ਜਿਨ੍ਹਾਂ ਦੇ ਕਿ ਕੇਸ ਚਿੰਨ੍ਹ ਪ੍ਰਤੀਕ ਹਨ। ਗੱਲਾਂ ਗੱਲਾਂ ਵਿਚ ਮੈਂ ਉਨ੍ਹਾਂ ਨੂੰ ਸਿੱਖ ਧਰਮ ਤੇ ਇਤਿਹਾਸ ਦੀਆਂ ਸ਼ਾਨਦਾਰ ਘਟਨਾਵਾਂ ਦੀ ਮਾਲਾ ਵਿਚ ਪਰੋਈਆਂ ਇਨਸਾਨੀ ਜੀਵਨ ਦੀ ਚਮਕ ਵਧਾਉਣ ਵਾਲੀਆਂ ਕੁਝ ਰਵਾਇਤਾਂ ਦੇ ਸ਼ਾਬਦਿਕ ਦਰਸ਼ਨ ਕਰਾਏ ਜਿਨ੍ਹਾਂ ਤੋਂ ਉਹ ਬੇਹਦ ਮੁਤਾਸਰ ਹੋਈਆਂ। ਮੈਂ ਮਹਿਸੂਸ ਕੀਤਾ ਕਿ ਮੇਰੇ ਸਾਰੇ ਵਿਹਾਰ ਨੇ ਫਰਾਂਸੀਸੀ ਕੁੜੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਨਾਲ ਢੇਰ ਚਿਰ ਆਪਣੇ ਧਰਮ ਬਾਰੇ ਗੱਲਾਂ ਕਰਦੇ ਰਹਿਣ ਦੇ ਬਾਵਜੂਦ ਵੀ ਉਨ੍ਹਾਂ ਦੇ ਸਵਾਲਾਂ ਤੋਂ ਲਗਦਾ ਸੀ ਕੀ ਉਹ ਹਾਲੇਂ ਪੂਰੀ ਤਰ੍ਹਾਂ ਤਰਿਪਤ ਨਹੀਂ ਹੋਈਆਂ ਪਰ ਮੈਂ ਆਪਣੇ ਮਨ ਵਿਚ ਸੋਚ ਬੈਠਾ ਸੀ ਕਿ ਇਨ੍ਹਾਂ ਨੂੰ ਇਕੋ ਵਾਰੀ ਇਤਨਾ ਕੁਝ ਨਾ ਦੱਸਾਂ ਜਿਸ ਨਾਲ ਇਹ ਬੋਝਲ ਹੋ ਕੇ ਬੋਰ ਹੋ ਜਾਣ। ਪਰ ਉਨ੍ਹਾਂ ਦੀ ਜਗਿਆਸਾ ਦਾ ਮੈਂ ਸਹੀ ਅੰਦਾਜ਼ਾ ਲਗਾਉਣ ਵਿਚ ਜ਼ਰੂਰ ਟਪਲਾ ਖਾ ਗਿਆ ਕਿਉਂਕਿ ਉਨ੍ਹਾਂ ਨੇ ਸਿੱਖ ਧਰਮ ਅਤੇ ਭਾਰਤੀ ਸੰਸਕ੍ਰਿਤੀ ਬਾਰੇ ਕੁਝ ਹੋਰ ਜਾਣਨ ਲਈ ਆਪਣੀ ਬੇਨਤੀ ਜਾਰੀ ਰੱਖੀ ਤੇ ਮੇਰੀ ਹਰ ਗੱਲ

ਵਿਚ ਬੱਝਵੀਂ ਦਿਲਚਸਪੀ ਵਖਾਈ। ਮੈਂ ਸ਼ਾਮ ਤਕ ਉਨ੍ਹਾਂ ਨਾਲ ਰਿਹਾ ਅਤੇ ਆਖਿਰ ਇਕ ਨਵੇਂ ਜਜ਼ਬੇ, ਇਕ ਨਵੇਂ ਪਿਆਰ ਅਤੇ ਮਨੁੱਖਤਾ ਦੀ ਸੇਵਾ ਪ੍ਰਤੀ ਨਵੀਂ ਪ੍ਰੇਰਨਾ ਲੈ ਕੇ ਅਸੀਂ ਇਵੇਂ ਵਖ ਹੋ ਗਏ ਜਿਵੇਂ ਤ੍ਰਿੰਞਣ ਦੀਆਂ ਕੁੜੀਆਂ ਕੁਝ ਦੇਰ ਸੰਗ ਸੰਗ ਰਹਿ ਕੇ ਵਿਛੜ ਜਾਂਦੀਆਂ ਹਨ।

ਹੋਰ ਭਾਵੇਂ ਕੁਝ ਵੀ ਹੋਵੇ ਚਾਹੇ ਨਾ ਪਰ ਇਤਨਾ ਤਾਂ ਜ਼ਰੂਰ ਹੋਇਆ ਹੋਵੇਗਾ ਕਿ ਸੰਮੀ ਤੇ ਉਸਦੀਆਂ ਤਿੰਨ ਸਹੇਲੀਆਂ ਨੇ ਕਦੇ ਕਦਾਈਂ ਆਪਣੇ ਇਰਦ ਗਿਰਦ ਅਤੇ ਆਪਣੇ ਦੋਸਤਾਂ, ਸਾਕ ਸਬੰਧੀਆਂ ਦੀ ਸੰਗਤ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਅਵੱਸ਼ ਲਿਆ ਹੋਵੇਗਾ ਅਤੇ ਭਾਰਤ ਦੀ ਅਧਿਆਤਮਿਕ ਅਮੀਰੀ ਦੇ ਸੋਹਲੇ ਵੀ ਜ਼ਰੂਰ ਗਾਏ ਹੋਣਗੇ।

ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਸ਼੍ਰੀ ਮਨੋਹਰ ਲਾਲ ਜੋਸ਼ੀ ਦੇ ਕਥਨ

ਬਾਹਰਲੇ ਦੇਸ਼ਾਂ ਦੇ ਵਿਅਕਤੀ ਜੇ ਸਿੱਖੀ ਬਾਰੇ ਕੁਝ ਨਹੀਂ ਜਾਣਦੇ ਤਾਂ ਅਸੀਂ ਦਰਗੁਜ਼ਰ ਕਰ ਜਾਂਦੇ ਹਾਂ ਕਿ ਅਸੀਂ ਆਪਣੇ ਧਰਮ ਦੇ ਬੇਤਰੀਨ ਗੁਣ ਬਾਹਰਲੀ ਦੁਨੀਆਂ ਤੱਕ ਜਦ ਲੈ ਕੇ ਹੀ ਨਹੀਂ ਗਏ ਤਾਂ ਉਨ੍ਹਾਂ ਲੋਕਾਂ ਦਾ ਕੀ ਕਸੂਰ ਹੈ ਜੇ ਕਰ ਉਹ ਸਾਡੇ ਧਰਮ ਬਾਰੇ ਅਣਵਾਕਫ ਹਨ? ਪਰ ਇਹ ਗੱਲ ਕਿਤਨੀ ਚਿੰਤਾਜਨਕ ਹੈ ਕਿ ਆਪਣੇ ਦੇਸ਼ ਦੇ ਪਤਵੰਤੇ ਨਿਵਾਸੀ ਵੀਰਾਂ ਤਕ ਨੂੰ ਵੀ ਅਸੀਂ ਹਾਲੇਂ ਤਕ ਆਪਣੇ ਵਿਰਸੇ ਦੀ ਮਹਾਨਤਾ ਦੀ ਕਣੀ ਤਕ ਤੋਂ ਵੀ ਪ੍ਰੀਚਤ ਨਹੀਂ ਕਰਵਾ ਸਕੇ।

ਮਈ 1995 ਦੇ ਤੀਜੇ ਹਫਤੇ ਬੰਬਈ ਵਿਚ ਇਕ ਸਿੱਖ ਸੈਮੀਨਾਰ ਹੋਣਾ ਸੀ ਜਿਸ ਦੀ ਪ੍ਰਧਾਨਗੀ ਮਹਾਰਾਸ਼ਟਰ ਦੇ ਉਸ ਵਕਤ ਦੇ ਡਿਪਟੀ ਮੁੱਖ ਮੰਤਰੀ ਸ੍ਰੀ ਮੁੰਡੇ ਨੇ ਕਰਨੀ ਸੀ। ਸ੍ਰੀ ਮੁੰਡੇ ਨੇ ਇੱਕ ਦਿਨ ਪਹਿਲਾਂ ਕੁਝ ਪ੍ਰਬੰਧਕ ਸਿੱਖਾਂ ਨੂੰ ਕਿਹਾ ਕਿ ਉਹ ਉਸ ਸਮੇਂ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਜੋਸ਼ੀ ਨੂੰ ਵੀ ਜ਼ੋਰਦਾਰ ਬੇਨਤੀ ਕਰਕੇ ਨਿਮੰਤਰਤ ਕਰਨ ਕਿ ਉਹ ਵੀ ਇਸ ਸੈਮੀਨਾਰ ਵਿਚ ਸ਼ਾਮਲ ਹੋਣ ਜਿਸ ਵਿਚ ਮਹਾਰਾਸ਼ਟਰ ਦੇ ਸੰਤ ਬਾਬਾ ਨਾਮ ਦੇਵ ਜੀ ਬਾਰੇ ਪਰਚਾ ਪੜ੍ਹਿਆ ਜਾਣਾ ਸੀ। ਸ੍ਰੀ ਜੋਸ਼ੀ, ਸ੍ਰੀ ਬਾਲ ਠਾਕਰੇ ਦੀ ਸ਼ਿਵ ਸੈਨਾ ਪਾਰਟੀ ਨਾਲ ਸਬੰਧਤ ਹਨ। ਸ੍ਰੀ ਮੁੰਡੇ ਦੀ ਸਲਾਹ ਤੇ ਕੁਝ ਪਤਵੰਤੇ ਸਿੱਖ ਸਜਣਾਂ ਨੇ ਸ੍ਰੀ ਜੋਸ਼ੀ ਤਕ ਰਸਾਈ ਕੀਤੀ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਅਗਲੇ ਦਿਨ ਹੋ ਰਹੇ ਸ੍ਰੀ ਨਾਮ ਦੇਵ ਸੈਮੀਨਾਰ ਵਿਚ ਜ਼ਰੂਰ ਸ਼ਾਮਲ ਹੋਕੇ ਕਿਰਤਾਰਥ ਕਰਨ। ਗੱਲਾਂ ਗੱਲਾਂ ਵਿੱਚ ਸ੍ਰੀ ਜੋਸ਼ੀ ਨੇ ਸਿੱਖ ਸਜਣਾਂ ਤੋਂ ਪੁੱਛ ਲਿਆ ਕਿ ਉਨ੍ਹਾਂ ਦੀ ਸ੍ਰੀ ਨਾਮ ਦੇਵ ਸੈਮੀਨਾਰ ਲਈ ਵਿਸ਼ੇਸ਼ ਦਿਲਚਸਪੀ ਦਾ ਕਾਰਨ ਕੀ ਹੈ ਜਦ ਕਿ ਸੰਤ ਨਾਮ ਦੇਵ ਜੀ ਮਹਾਰਾਸ਼ਟਰ ਦੇ ਸੰਤ ਹਨ ਤੇ ਸਿੱਖਾਂ ਨਾਲ ਉਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਹੀਂ। ਜਵਾਬ ਵਿਚ ਉਨ੍ਹਾਂ ਸਿੰਘਾਂ ਨੇ ਸ੍ਰੀ ਜੋਸ਼ੀ ਨੂੰ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਨਾਮ ਦੇਵ ਜੀ ਦੀ ਕਾਫੀ ਬਾਣੀ ਦਰਜ ਹੈ, ਇਸ ਲਈ ਹਰ ਸਿੱਖ ਦੇ ਦਿਲ ਵਿਚ ਉਨ੍ਹਾਂ ਦਾ ਵਿਸ਼ੇਸ਼ ਸਤਿਕਾਰ ਹੈ। ਕਿਉਂਕਿ ਸਿੱਖ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪਣਾ ਗੁਰੂ ਸਮਝਦੇ ਹਨ, ਇਸ ਲਈ ਉਨ੍ਹਾਂ ਦੇ ਦਿਲ ਵਿਚ ਨਾਮ ਦੇਵ ਜੀ ਵੀ ਉਹੀ ਦਰਜਾ ਰੱਖਦੇ ਹਨ ਜੋ ਗੁਰੂ ਨਾਨਕ ਦੇਵ ਜੀ ਜਾਂ ਹੋਰ ਸਿੱਖ ਗੁਰੂ ਸਾਹਿਬਾਨ ਰਖਦੇ ਹਨ।

ਸ੍ਰੀ ਜੋਸ਼ੀ ਇਹ ਸੁਣ ਕੇ ਬਹੁਤ ਹੈਰਾਨ ਹੋਏ ਕਿ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮ ਦੇਵ ਜੀ ਦੀ ਵੀ ਬਾਣੀ ਦਰਜ ਹੈ ਜਿਸ ਨੂੰ ਸਿੱਖ ਉਵੇਂ ਹੀ ਸਤਿਕਾਰ ਨਾਲ ਪੜ੍ਹਦੇ ਹਨ ਜਿਵੇਂ ਆਪਣੇ ਗੁਰੂਆਂ ਦੀ ਬਾਣੀ ਨੂੰ ਪੜ੍ਹਦੇ ਹਨ। ਇਸ ਗੱਲ ਨਾਲ ਸ੍ਰੀ ਜੋਸ਼ੀ ਦੀ ਦਿਲਚਸਪੀ ਵਧੀ ਤੇ ਉਨ੍ਹਾਂ ਨੇ ਉਸੇ ਵੇਲੇ ਆਪਣੇ ਸਿਖਿਆ ਮੰਤਰੀ, ਮਹਾਰਾਸ਼ਟਰ ਯੂਨੀਵਰਸਟੀ ਦੇ ਉਪਕੁਲ ਪਤੀ, ਡਾਇਰੈਕਟਰ ਤੇ ਸਕੱਤਰ ਸਿਖਿਆ ਵਿਭਾਗ ਨੂੰ ਆਪਣੀ ਕੋਠੀ ਬੁਲਾ ਲਿਆ ਤੇ ਉਨ੍ਹਾਂ ਤੋਂ ਇੱਕੋ ਗੱਲ ਪੁੱਛੀ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ ਮਹਾਰਾਸ਼ਟਰ ਦੇ ਪੂਜਨੀਕ ਸੰਤ ਭਗਤ ਨਾਮ ਦੇਵ ਜੀ ਦੀ ਬਾਣੀ ਵੀ ਦਰਜ ਹੈ? ਸਭ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ। ਆਖਿਰ ਉਥੇ ਹੀ ਬੈਠੇ ਇਕ ਲੋਕਲ ਅਫਸਰ ਨੇ ਸ੍ਰੀ ਜੋਸ਼ੀ ਨੂੰ ਯਕੀਨ ਦਵਾਇਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮ ਦੇਵ ਦੀ ਬਾਣੀ ਤੋਂ ਇਲਾਵਾ ਮਹਾਰਾਸ਼ਟਰ ਦੇ ਦੋ ਹੋਰ ਭਗਤਾਂ ਤਰਲੋਚਨ ਜੀ ਅਤੇ ਪਰਮਾਨੰਦ ਜੀ ਦੇ ਨਾਲ ਨਾਲ ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਰਹਿੰਦੇ ਕਈ ਭਗਤਾਂ ਦੀ ਬਾਣੀ ਵੀ ਦਰਜ ਹੈ ਅਤੇ ਇਹ ਬਾਣੀ ਉਸ ਸਮੇਂ ਤੋਂ ਦਰਜ ਹੈ ਜਦ ਤੋਂ ਗੁਰੂ ਗ੍ਰੰਥ ਸਾਹਿਬ, ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਹੋਂਦ ਵਿਚ ਆਏ ਹਨ। ਇਹ ਸੁਣ ਕੇ ਸ੍ਰੀ ਜੋਸ਼ੀ ਨੇ ਫਿਰ ਇਕ ਹੋਰ ਸਵਾਲ ਕੀਤਾ ਕਿ ਕੀ ਮੁੰਬਈ ਦੇ ਦਾਦਰ ਸਥਿਤ ਗੁਰਦੁਆਰਾ ਸਾਹਿਬ ਵਿਚ ਜੋ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੋਇਆ ਹੋਇਆ ਹੈ, ਉਸ ਵਿਚ ਵੀ ਭਗਤ ਜੀ ਦੀ ਬਾਣੀ ਮੌਜੂਦ ਹੈ? ਸਿੱਖਾਂ ਨੇ ਉੱਤਰ ਦਿੱਤਾ ਅਵਸ਼ ਹੈ, ਸਗੋਂ ਦੁਨੀਆਂ ਵਿਚ ਜਿਥੇ ਕਿਧਰੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਿਰਾਜਮਾਨ ਹਨ ਉਨ੍ਹਾਂ ਸਭ ਵਿਚ ਭਗਤ ਨਾਮ ਦੇਵ ਜੀ ਦੇ 61 ਸ਼ਬਦ 18 ਰਾਗਾਂ ਵਿਚ ਸੁਭਾਇਮਾਨ ਹਨ। ਕੋਈ ਵੱਡੇ ਤੋਂ ਵੱਡਾ ਵਿਅਕਤੀ ਵੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਅੱਖਰ ਅਦਲ ਬਦਲ ਕਰਨ ਦੀ ਮਜਾਲ ਨਹੀਂ ਕਰ ਸਕਦਾ ਅਤੇ ਜਦ ਤਕ ਦੁਨੀਆਂ ਕਾਇਮ ਹੈ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਸਰੂਪ ਇਵੇਂ ਹੀ ਕਾਇਮ ਰਹਿ ਕੇ ਸਾਡੀ ਅਗਵਾਈ ਕਰੇਗਾ। ਸਿੱਖਾਂ ਨੇ ਹੋਰ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਜੁਗੋ ਜੁਗ ਅਟੱਲ ਗੁਰੂ ਹਨੇ ਜੋ ਸਾਰੀ ਮਾਨਵਤਾ ਦੇ ਗੁਰੂ ਹਨ ਕੇਵਲ ਸਿੱਖਾਂ ਦੇ ਹੀ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ 36 ਮਹਾਂ ਪੁਰਸ਼ਾਂ ਦੀ ਬਾਣੀ ਹੈ ਜਿਨ੍ਹਾਂ ਵਿਚੋਂ ਕੇਵਲ 6 ਸਿੱਖ ਗੁਰੂ ਸਾਹਿਬਾਨ ਹਨ ਅਤੇ ਬਾਕੀ ਸਮੁੱਚੇ ਭਾਰਤ ਦੇ ਸੰਤ, ਭਗਤ ਤੇ ਸੂਚੀਆਂ ਆਤਮਾਵਾਂ ਹਨ। ਹਰ ਸਿੱਖ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦਾ ਹੈ ਜਿਸ ਵਿਚ ਇਹ 36 ਦੇ 36 ਮਹਾਂਪੁਰਸ਼ ਆਉਂਦੇ ਹਨ। ਸ੍ਰੀ ਜੋਸ਼ੀ ਇਹ ਸੁਣ ਕੇ ਬਹੁਤ ਹੈਰਾਨ ਵੀ ਹੋਏ ਤੇ ਖੁਸ਼ ਵੀ ਹੋਏ। ਉਨ੍ਹਾਂ ਕਿਹਾ ਕਿ ਦਾਦਰ ਗੁਰਦਵਾਰੇ ਵਿਚ ਉਹ ਕਈ ਵਾਰੀ ਮੱਥਾ ਟੇਕਣ ਅਤੇ ਵੋਟਾਂ ਲਈ ਅਪੀਲ ਕਰਨ ਵਾਸਤੇ ਆਉਂਦੇ ਜਾਂਦੇ ਰਹਿੰਦੇ ਹਨ ਪਰ ਕਿਸੇ ਨੇ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਅਜਿਹੀ ਸ਼ੋਭਾ ਭਰੀ ਜਾਣਕਾਰੀ ਨਹੀਂ ਦਿੱਤੀ ਜਿਸ ਤੋਂ ਇਹ ਪਤਾ ਲਗੇ ਕਿ ਅਸੀਂ ਸਾਰੇ ਧਾਰਮਿਕ ਅਕੀਦੇ ਕਾਰਨ ਵੀ ਨੇੜਲੀ ਸਾਂਝ ਵਿਚ ਬੱਝੇ ਹੋਏ ਹਾਂ। ਸਾਰੀ ਗੱਲ ਤੋਂ ਖੁਸ਼ ਤੇ ਪ੍ਰਭਾਵਤ ਹੋ ਕੇ ਸ੍ਰੀ ਜੋਸ਼ੀ ਨੇ ਸਿੱਖਾਂ ਤੋਂ ਪੁੱਛਿਆ ਕਿ ਉਹ ਉਨ੍ਹਾਂ ਲਈ ਕੀ ਕਰ ਸਕਦੇ ਹਨ? ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਸ਼ਟਰ ਯੂਨੀਵਰਸਿਟੀ ਵਿਚ ਗੁਰੂ ਨਾਨਕ ਜਾਂ ਸਿੱਖ ਚੇਅਰ ਸਥਾਪਤ ਕੀਤੀ ਜਾਵੇ। ਉੱਤਰ ਵਿਚ ਸ੍ਰੀ ਜੋਸ਼ੀ ਨੇ ਕਿਹਾ ਕਿ ਇਹ ਹੁਣ ਉਨ੍ਹਾਂ ਦੀ ਮੰਗ ਥੋੜ੍ਹੀ ਹੈ ਇਹ ਤਾਂ ਮੇਰੀ ਆਪਣੀ ਮੰਗ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਨਾਲੋਂ ਵਧ ਹੁਣ ਮੇਰੇ ਹਨ, ਸਾਰੇ

ਭਾਰਤ ਵਾਸੀਆਂ ਦੇ ਹਨ, ਸਾਰੀ ਮਨੁੱਖਤਾ ਦੇ ਹਨ ਅਤੇ ਅਗਲੇ ਦਿਨ ਸੈਮੀਨਾਰ ਵਿਚ ਬੋਲਦਿਆਂ ਸ੍ਰੀ ਜੋਸ਼ੀ ਨੇ ਗੁਰੂ ਨਾਨਕ ਚੇਅਰ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ।

ਇਸ ਸਾਰੀ ਖੁਸ਼ ਰਹਿਣੀ ਘਟਨਾ ਤੋਂ ਇਕ ਗੱਲ ਕਿਤਨੀ ਸ਼ਕਤੀ ਸ਼ਾਲੀ ਰੂਪ ਵਿਚ ਉਭਰ ਕੇ ਸਾਡੇ ਸਾਹਮਣੇ ਆਉਂਦੀ ਹੈ ਕਿ ਚਾਰ ਸੌ ਸਾਲ ਦਾ ਸਮਾਂ ਬੀਤ ਜਾਣ ਤੇ ਵੀ ਅਸੀਂ ਆਪਣੇ ਦੇਸ਼ ਵਾਸੀ ਲੀਡਰਾਂ ਤੇ ਪੜ੍ਹੇ ਲਿਖੇ ਭਰਾਵਾਂ ਨੂੰ ਵੀ ਇਹ ਗੱਲ ਨਹੀਂ ਦੱਸ ਸਕੇ ਕਿ ਗੁਰੂ ਗ੍ਰੰਥ ਸਾਹਿਬ ਸਮੁੱਚੀ ਇਨਸਾਨੀ ਨਸਲ ਦੇ ਗੁਰੂ ਹਨ ਕਿਸੇ ਇਕ ਫਿਰਕੇ ਦੇ ਲੋਕਾਂ ਲਈ ਨਹੀਂ ਹਨ। ਜੇ ਕਰ ਇਹ ਗੱਲ ਭਾਰਤ ਦੇ ਹੀ ਹਰ ਨਾਗਰਿਕ ਨੂੰ ਪਤਾ ਲਗ ਜਾਵੇ ਤਾਂ ਅਵੱਸ਼ ਹੀ ਸਿੱਖੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਰ ਭਾਰਤੀ ਘਰ ਵਿਚ ਜੈ ਜੈ ਕਾਰ ਹੋਣ ਲੱਗ ਜਾਵੇ। ਪਤਾ ਨਹੀਂ ਸਾਡੀ ਕੌਮ ਦੇ ਅਖੌਤੀ ਆਗੂ ਕਿਸ ਦੁਨੀਆਂ ਵਿਚ ਰਹਿ ਰਹੇ ਹਨ ਤੇ ਕੌਮ ਦੀ ਬਿਹਤਰੀ ਲਈ ਕੀ ਸੋਚ ਰਹੇ ਹਨ? ਨਿਮਨ ਸ਼ਿਅਰ ਉਨ੍ਹਾਂ ਦੀ ਨਜ਼ਰ ਹੈ :

ਕੌਮ ਦੇ ਐ ਲੀਡਰੋ, ਅਜ ਰੌਸ਼ਨੀ ਦਾ ਯੁਗ ਹੈ,
ਘਰਾਂ ਵਿਚ ਵੀ ਦੀਪ ਜਾਲੋ ਸਿੱਖੀ ਦੇ ਪ੍ਰਚਾਰ ਦੇ।

ਪਰ ਇਸ ਵਲ ਤਾਂ ਉਹ ਤਾਂ ਹੀ ਧਿਆਨ ਦੇ ਸਕਦੇ ਹਨ ਜੇ ਕਰ ਕੁਰਸੀ ਤੇ ਚੌਧਰ ਦੀ ਭੁੱਖ ਤੋਂ ਉਹ ਬੇਨਿਆਜ਼ ਹੋ ਜਾਣ ਪਰ ਲਗਦਾ ਹੈ ਕਿ ਇਸ ਚੌਧਰ ਦੀ ਲਾਲਸਾ ਨੇ ਉਨ੍ਹਾਂ ਨੂੰ ਆਪਣੇ ਫਰਜ਼ਾਂ ਪ੍ਰਤੀ ਅੰਨ੍ਹਾ ਕਰ ਦਿੱਤਾ ਹੈ ਤੇ ਹਾਲੇ ਤਕ ਉਹ ਯੋਗ ਸਬਕ ਨਹੀਂ ਸਿੱਖ ਸਕੇ।

ਮਿਸ ਮੇਰੀ ਉਤੇ ਸਿੱਖ ਧਰਮ ਦੀ ਪਾਹ

ਸਿੱਖਾਂ ਦੀ ਦਲੇਰੀ, ਬਹਾਦਰੀ ਤੇ ਹੋਰ ਸਿਫਤਾਂ ਦੇਖ ਕੇ ਅੰਗਰੇਜ਼ਾਂ ਨੇ ਆਪਣੇ ਰਾਜ ਸਮੇਂ ਸਿੱਖ ਧਰਮ ਦਾ ਗਹਿਰਾ ਅਧਿਐਨ ਕੀਤਾ ਤੇ ਇਸ ਨਿਰਣੇ ਤੇ ਪਹੁੰਚੇ ਕਿ ਇਹ ਫਲਸਫਾ ਇਨਸਾਨੀ ਜ਼ਿੰਦਗੀ ਨੂੰ ਬੜਾ ਹੀ ਸੰਤੁਲਤ ਆਤਮਿਕ, ਸਮਾਜਕ ਤੇ ਭਾਈਚਾਰਕ ਜੀਵਨ ਪ੍ਰਦਾਨ ਕਰਦਾ ਹੈ। ਇਸ ਲਈ ਇਹ ਕੋਸ਼ਿਸ਼ ਕੀਤੀ ਜਾਵੇ ਕਿ ਅਨਪੜ੍ਹ ਸਿੱਖਾਂ ਤੇ ਹੋਰ ਲੋਕਾਂ ਵਿਚ ਇਸ ਦੇ ਸਹੀ ਤੱਥਾਂ ਦੀ ਥਾਂ ਤੇ ਅਜਿਹੇ ਤੱਥ ਤਰੋੜ ਮਰੋੜ ਕੇ ਪੇਸ਼ ਕੀਤੇ ਜਾਣ ਕਿ ਕੌਮੀ ਪੱਧਰ ਤੇ ਸਿੱਖ ਧਰਮ ਦੀ ਕੋਈ ਉਘੜਵੀਂ ਤਸਵੀਰ ਨਾ ਬਣ ਸਕੇ ਤਾਂ ਜੋ ਭੋਲੇ ਭਾਲੇ ਭਾਰਤੀਆਂ ਨੂੰ ਈਸਾਈ ਮਤ ਵਿਚ ਤਬਦੀਲ ਕਰਨ ਦਾ ਕਾਰਜ ਸਹਿਲ ਹੋ ਸਕੇ। ਇਸ ਕੰਮ ਲਈ ਮਿਸ ਮੇਰੀ ਨਾਮੀ ਇਕ ਗੋਰੀ ਇਸਤਰੀ ਨੂੰ ਚੁਣਿਆ ਗਿਆ ਜਿਸ ਦੇ ਜ਼ਿੰਮੇ ਇਹ ਡਿਊਟੀ ਲਾਈ ਗਈ ਕਿ ਉਹ ਗੁਰਬਾਣੀ ਦੇ ਤੱਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰੇ। ਜਦ ਮਿਸ ਮੇਰੀ ਨੇ ਗਹੁ ਨਾਲ ਸਿੱਖ ਧਰਮ ਦਾ ਅਧਿਐਨ ਕੀਤਾ ਤਾਂ ਇਤਨੀ ਪ੍ਰੇਰਤ ਹੋਈ ਕਿ ਖੁਦ ਸਿੰਘ ਸਜ ਗਈ।

ਠਾਕੁਰ ਤੁਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ॥ (ਮ-5, ਪੰਨਾ-1218)

ਉਕਤ ਘਟਨਾ ਤੋਂ ਪ੍ਰਤੀਤ ਹੁੰਦਾ ਹੈ ਕਿ ਸਿੱਖ ਜੀਵਨ ਫਲਸਫਾ ਕਿਤਨਾ ਸ਼ਕਤੀਸ਼ਾਲੀ ਤੇ ਉਪਯੋਗੀ ਹੈ।

ਕਰਨਲ ਪਿੰਨ ਮੁਬੂਕਾਂਤ

ਕਰਨਲ ਪਿੰਨ ਮੁਬੂਕਾਂਤ ਥਾਈਲੈਂਡ ਸਰਕਾਰ ਵਿਚ 6ਵੇਂ ਦਹਾਕੇ (1963) ਦੌਰਾਨ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਸੀ। ਉਹ ਸਿੱਖ ਧਰਮ ਬਾਰੇ ਆਪਣੇ ਵਿਚਾਰ ਦੱਸਦਿਆਂ ਕਹਿੰਦਾ ਹੈ, "ਮੈਂ ਸਿੱਖ ਧਰਮ ਅਤੇ ਉਸ ਦੀ ਸੂਰਮਤਾਈ ਵੇਖ ਕੇ ਬਹੁਤ ਪ੍ਰਭਾਵਤ ਹੋਇਆ ਹਾਂ। ਮੈਂ ਮਹਿਸੂਸ ਕੀਤਾ ਹੈ ਕਿ ਸਿੱਖ ਧਰਮ ਦੀ ਭਲਾਈ ਵਿਚ ਹਿੰਦੁਸਤਾਨ ਦੀ ਭਲਾਈ ਹੈ ਅਤੇ ਸਿੱਖ ਧਰਮ ਦੀ ਉਨਤੀ ਵਿਚ ਭਾਰਤ ਦੀ ਉਨਤੀ ਹੈ। ਜੇ ਸਿੱਖ ਧਰਮ ਨੂੰ ਪਰਫੁਲਤ ਹੋਣ ਦਾ ਪੂਰਾ ਪੂਰਾ ਮੌਕਾ ਮਿਲੇ ਤੇ ਇਸ ਧਰਮ ਦੇ ਕਲਚਰਲ ਅਤੇ ਵਿਦਿਅਕ ਪਹਿਲੂਆਂ ਨੂੰ ਭਾਰਤੀ ਸਰਕਾਰ ਬਰਾਬਰਤਾ ਦਾ ਸਨਮਾਨ ਦੇਵੇ ਤਾਂ ਕੋਈ ਵਜਾਹ ਨਹੀਂ ਕਿ ਸਾਰਾ ਦੇਸ਼ ਉਨਤੀ ਦੀ ਸਿਖਰ ਨਾ ਛੋਹ ਸਕੇ। ਮੈਂ ਸਮਝਦਾ ਹਾਂ ਕਿ ਸਿੱਖ ਹੀ ਇਕ ਅਜਿਹਾ ਹਿੰਦੁਸਤਾਨੀ ਹੈ ਜਿਸ ਨੇ ਆਪਣੇ ਦੇਸ਼ ਦੀ ਪੁਰਾਤਨ ਸਭਿਅਤਾ ਅਤੇ ਲਿਬਾਸ ਨੂੰ ਜਿਉਂ ਦਾ ਤਿਉਂ ਕਾਇਮ ਰਖਿਆ ਹੋਇਆ ਹੈ। ਹੋਰ ਕਿਸੇ ਬੰਦੇ ਤੋਂ ਤਾਂ ਪੁਛ ਗਿਛ ਕਰਕੇ ਹੀ ਪਤਾ ਲਗੇਗਾ ਕਿ ਉਹ ਕਿਹੜੇ ਮੁਲਕ ਦਾ ਰਹਿਣ ਵਾਲਾ ਹੈ ਪਰ ਸਿੱਖ ਨੂੰ ਵੇਖਦਿਆਂ ਸਾਰ ਹੀ ਪਤਾ ਲਗ ਜਾਂਦਾ ਹੈ ਕਿ ਇਹ ਹਿੰਦੁਸਤਾਨੀ ਹੈ। (ਹਵਾਲਾ ਪੁਸਤਕ 'ਕੇਸ ਚਮਤਕਾਰ', ਪੰਨਾ 310 -ਗਿਆਨੀ ਊਧਮ ਸਿੰਘ)

ਉਕਤ ਟੂਕਾਂ ਵਾਚਣ ਜਾਂ ਸਿੱਖ ਇਤਿਹਾਸ ਪੜ੍ਹਨ ਮਗਰੋਂ ਕਿਸੇ ਕੋਲੋਂ ਇਹ ਪੁੱਛਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ ਕਿ ਕਰਾਮਾਤ ਕੀ ਹੁੰਦੀ ਹੈ? ਕਿਉਂਕਿ ਸਿੱਖ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਜ਼ਾਹਰਾ (ਪ੍ਰਤੱਖ) ਕਰਾਮਾਤ ਹਨ।

9

ਇੰਗਲੈਂਡ ਦੇ ਸ਼ਹਿਰ ਵਿਨਚੈਸਟਰ ਦਾ ਪਾਦਰੀ ਤੇ ਸਿੱਖ

ਮਿਸ ਮੇਰੀ ਦੇ ਸਿੰਘ ਸਜ ਜਾਣ ਨਾਲ ਅੰਗਰੇਜ਼ਾਂ ਦੇ ਈਸਾਈ ਪ੍ਰਚਾਰ ਨੂੰ ਕਾਫੀ ਧੱਕਾ ਲਗਾ ਤੇ ਉਨ੍ਹਾਂ ਨੂੰ ਆਪਣੇ ਮਕਸਦ ਦੀ ਪ੍ਰਾਪਤੀ ਲਈ ਕਈ ਹੋਰ ਪਾਪੜ ਵੇਲਣੇ ਪਏ। ਮਿਸ ਮੇਰੀ ਨਾਲ ਰਲਦੀ ਮਿਲਦੀ ਇਕ ਹੋਰ ਅੰਗਰੇਜ਼ ਪਾਦਰੀ ਦੀ ਇਕ ਦਾਸਤਾਨ ਸਿੱਖ ਧਰਮ ਬਾਰੇ ਕੁਝ ਹੋਰ ਤਥ ਵੀ ਉਘਾੜਦੀ ਹੈ। ਸੰਖੇਪ ਵਿਚ ਉਸ ਦਾਸਤਾਨ ਦਾ ਵਰਨਣ ਇਵੇਂ ਹੈ :

20ਵੀਂ ਸਦੀਂ ਦੇ ਸੱਤਵੇਂ ਦਹਾਕੇ ਦੇ ਨੇੜੇ ਤੇੜੇ ਦੀ ਗੱਲ ਹੈ, ਇੰਗਲੈਂਡ ਦੇ ਸਾਊਥਹੈਂਪਟਨ ਨਾਮੀ ਸ਼ਹਿਰ ਦੇ ਨਵੇਂ ਮੇਅਰ ਦੀ ਸਥਾਪਨਾ ਕੀਤੇ ਜਾਣ ਦਾ ਸਮਾਗਮ ਹੋ ਰਿਹਾ ਸੀ। ਇਸ ਸ਼ਹਿਰ ਵਿਚ ਸਿੱਖਾਂ ਦੇ ਤਕਰੀਬਨ ਇਕ ਹਜ਼ਾਰ ਘਰ ਸਨ, ਇਸ ਲਈ ਇਸ ਧਰਮ ਦੇ ਦੋ ਨੁਮਾਇੰਦੇ ਵੀ ਸਮਾਗਮ ਵਿਚ ਸ਼ਾਮਿਲ ਹੋਣ ਲਈ ਨਿਮੰਤਰਤ ਕੀਤੇ ਗਏ। ਮੇਅਰ ਦੀ ਸੰਸਥਾਪਨਾ ਦੇ ਅਵਸਰ ਨੂੰ ਸ਼ੁਭ ਸਗਨੀ ਵਾਲਾ ਰੰਗ ਦੇਣ ਅਤੇ ਯਾਦਗਾਰੀ ਬਣਾਉਣ ਲਈ ਨਾਲ ਲਗਦੇ ਸ਼ਹਿਰ ਵਿਨਚੈਸਟਰ ਦੇ ਪਾਦਰੀ ਸਾਹਿਬ ਨੂੰ ਵੀ ਸਮਾਗਮ ਲਈ ਨਿਮੰਤਰਤ ਕੀਤਾ ਗਿਆ। ਵਿਨਚੈਸਟਰ ਦਾ ਪਾਦਰੀ ਇੰਗਲੈਂਡ ਵਿਚ ਬਹੁਤ ਮੁਮਤਾਜ਼ ਹਸਤੀ ਰਖਦਾ ਹੈ ਤੇ ਪੋਪ ਤੋਂ ਮਗਰੋਂ ਇਸ ਦਾ ਸ਼ੁਮਾਰ ਪਰਮ ਪ੍ਰਮੁਖ ਧਾਰਮਿਕ ਹਸਤੀਆਂ ਵਿਚ ਹੁੰਦਾ ਹੈ।

ਸਿੱਖਾਂ ਵਲੋਂ ਪਾਰਟੀ ਦੇ ਸਮਾਗਮ ਵਿਚ ਸ਼ਰੀਕ ਹੋਣ ਲਈ ਚੁਣੇ ਗਏ ਨੁਮਾਇੰਦਿਆਂ ਨਾਲ ਲੇਖਕ ਨੂੰ ਵੀ ਉਸ ਰੀਸੈਪਸ਼ਨ ਵਿਚ ਸ਼ਿਰਕਤ ਕਰਨ ਦਾ ਅਵਸਰ ਮਿਲਿਆ। ਸਮਾਗਮ ਵਾਲੀ ਥਾਂ ਤੇ ਜਾ ਕੇ ਅਸੀਂ ਦੇਖਿਆ ਕਿ ਉਥੇ ਬਹੁਤ ਚਹਿਲ ਪਹਿਲ ਸੀ ਤੇ ਸੈਂਕੜੇ ਲੋਕੀ ਇਕ ਖੁਲ੍ਹੇ ਲਾਨ ਵਿਚ ਮੇਅਰ ਤੇ ਪਾਦਰੀ ਸਾਹਿਬ ਨੂੰ ਖੁਸ਼ ਆਮਦੀਦ (ਜੀ ਆਇਆਂ) ਕਹਿ ਰਹੇ ਸਨ ਜੋ ਦੋ ਸ਼ਹਾਨਾ ਕੁਰਸੀਆਂ ਤੇ ਬਿਰਾਜਮਾਨ ਸਨ। ਜਿਹੜਾ ਸਜਣ ਵੀ ਉਨ੍ਹਾਂ ਦੇ ਮੂਹਰੋਂ ਲੰਘਦਾ ਉਹ ਪਾਦਰੀ ਸਾਹਿਬ ਅੱਗੇ ਆਪਣਾ ਟੋਪ ਚੁਕ ਕੇ ਸਿਰ ਨਿਵਾ ਕੇ ਸਤਿਕਾਰ ਅਰਪਤ ਕਰਦਾ। ਮੈਂ ਤੇ ਮੇਰੇ ਨਾਲ ਵਾਲੇ ਸਰਦਾਰ ਜੀ ਨੇ ਜਦ ਇਹ ਰਸਮ ਦੇਖੀ ਤਾਂ ਸੋਚੀਂ ਪੈ ਗਏ ਕਿ ਆਪਾਂ ਪਾਦਰੀ ਜੀ ਤੇ ਮੇਅਰ ਸਾਹਿਬ ਨੂੰ ਕਿਵੇਂ ਗਰੀਟ ਕਰਨਾ ਹੈ? ਆਖਿਰ ਕਾਰ ਅਸੀਂ ਫੈਸਲਾ ਕੀਤਾ ਕਿ ਅਸੀਂ ਦਸਤਾਰ ਨੂੰ ਹੱਥ ਲਾਏ ਬਗ਼ੈਰ ਹੀ ਸਿੱਖੀ ਪਰੰਪਰਾ ਅਨੁਸ਼ਾਰ ਹੱਥ ਜੋੜ ਕੇ ਫਤਿਹ ਬੁਲਾ ਕੇ ਉਨ੍ਹਾਂ ਅਗੋਂ ਲੰਘ ਜਾਵਾਂਗੇ ਹੈ ਅਤੇ ਸਾਡੇ ਵਲੋਂ ਅਜਿਹਾ ਕਰਨਾ ਹੀ ਵਧੇਰੇ ਸ਼ੋਭਨੀਕ ਰਹੇਗਾ। ਮਨ ਵਿਚ ਇਹ ਵਿਚਾਰ ਰਖ ਕੇ ਹੌਲੀ ਹੌਲੀ ਅਸੀਂ ਉਨ੍ਹਾਂ

ਪਤਵੰਤਿਆਂ ਦੇ ਨੇੜੇ ਪਹੁੰਚਦੇ ਗਏ ਕਿ ਅਚਾਨਕ ਪਾਦਰੀ ਸਾਹਿਬ ਦੀ ਨਜ਼ਰ ਸਾਡੇ ਤੇ ਪਈ। ਉਹ ਫੌਰਨ ਆਪਣੀ ਸ਼ਹਾਨਾ ਕੁਰਸੀ ਤੋਂ ਉਠ ਕੇ ਸਾਡੇ ਵਲ ਵਧੇ ਤੇ ਸਾਡੇ ਦੋਨਾਂ ਦੇ ਮੋਢਿਆਂ ਤੇ ਹੱਥ ਰਖ ਕੇ ਸਾਨੂੰ ਡਾਇਸ ਵਲ ਲੈ ਗਏ ਤੇ ਬੜੇ ਹੀ ਸੁਹਣੇ ਸ਼ਬਦਾਂ ਨਾਲ ਸਾਡਾ ਧੰਨਵਾਦ ਕਰਨ ਲਗ ਪਏ।

ਪਾਦਰੀ ਸਾਹਿਬ ਨੂੰ ਬੋਲਦਿਆਂ ਦੇਖ ਕੇ ਸਾਰੇ ਮਹਿਮਾਨ ਫੌਰਨ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਗਏ ਤੇ ਬੜੇ ਧਿਆਨ ਨਾਲ ਉਨ੍ਹਾਂ ਨੇ ਪਾਦਰੀ ਸਾਹਿਬ ਦੇ ਪ੍ਰਵਚਨ ਸੁਣਨੇ ਸ਼ੁਰੂ ਕੀਤੇ। ਪਾਦਰੀ ਸਾਹਿਬ ਨੇ ਬਹੁਤ ਹੀ ਪੁਰਜੋਸ਼ ਤੇ ਸਵਾਗਤ ਭਰੇ ਸ਼ਬਦਾਂ ਵਾਲੀ ਸ਼ਬਦਾਵਲੀ ਨਾਲ ਸਾਡਾ ਵਿਸ਼ੇਸ਼ ਧੰਨਵਾਦ ਕਰਨਾ ਜਾਰੀ ਰਖਿਆ। ਮੈਂ ਤੇ ਮੇਰੇ ਸਾਥੀ ਸਰਦਾਰ ਜੀ ਹੈਰਾਨ ਹੋ ਗਏ ਕਿਉਂਕਿ ਅਸੀਂ ਤਾਂ ਅਜਿਹਾ ਕੁਝ ਵੀ ਨਹੀਂ ਸੀ ਕੀਤਾ ਜਿਸ ਕਰਕੇ ਪਾਦਰੀ ਜੀ ਸਾਡਾ ਇਤਨਾ ਵੱਡਾ ਧੰਨਵਾਦ ਕਰ ਰਹੇ ਹਨ। ਅਸੀਂ ਸੋਚਿਆ ਜ਼ਰੂਰ ਇਨ੍ਹਾਂ ਨੂੰ ਕੋਈ ਟਪਲਾ (ਭੁਲੇਖਾ) ਲਗਾ ਹੋਣਾ ਹੈ। ਇਸ ਸਥਿਤੀ ਵਿਚ ਇਕ ਦੂਜੇ ਵਲ ਇਸ਼ਾਰੇ ਹੀ ਇਸ਼ਾਰੇ ਨਾਲ ਅਸੀਂ ਆਪਣੀ ਹੈਰਾਨੀ ਪ੍ਰਗਟਾਈ ਤੇ ਖਾਮੋਸ਼ ਰਹਿ ਕੇ ਪਾਦਰੀ ਸਾਹਿਬ ਦੇ ਬਚਨ ਸੁਣਦੇ ਰਹੇ। ਪਾਦਰੀ ਸਾਹਿਬ ਨੇ ਇਸ ਧੰਨਵਾਦ ਦਾ ਕਾਰਨ ਦੱਸਦਿਆਂ ਹੋਇਆਂ ਫਰਮਾਇਆ ਕਿ ਇਕ ਵਾਰੀ ਉਨ੍ਹਾਂ ਦੀ ਧੀ ਤੇ ਜਵਾਈ ਭਾਰਤ ਦੀ ਯਾਤਰਾ ਲਈ ਗਏ। ਬੰਬਈ ਤੋਂ ਉਹ ਸੜਕ ਰਾਹੀਂ ਦਿੱਲੀ ਜਾ ਰਹੇ ਸਨ ਕਿ ਰਸਤੇ ਵਿਚ ਉਨ੍ਹਾਂ ਨੂੰ ਗੁੰਡੇ ਪੈ ਗਏ ਤੇ ਉਨ੍ਹਾਂ ਨੇ ਪਲਾਂ ਪਲਾਂ ਵਿੱਚ ਪਾਦਰੀ ਸਾਹਿਬ ਦੇ ਜਵਾਈ ਨੂੰ ਜ਼ਖਮੀ ਕਰ ਕੇ ਉਨ੍ਹਾਂ ਦੀ ਧੀ ਨੂੰ ਕਾਰ ਵਿਚੋਂ ਬਾਹਰ ਖਿਚ ਕੇ ਜੰਗਲ ਵਲ ਲੈ ਜਾਣਾ ਸ਼ੁਰੂ ਕਰ ਦਿੱਤਾ। ਕੁੜੀ ਨੇ ਚੀਕਾਂ ਮਾਰੀਆਂ ਤੇ ਵਾਸਤੇ ਪਾਏ ਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਸ ਦੀ ਜਾਨ ਤੇ ਇੱਜ਼ਤ ਬਚਾਈ ਜਾਵੇ। ਪਾਦਰੀ ਜੀ ਨੇ ਦੱਸਿਆ ਕਿ ਇਤਨੇ ਨੂੰ ਪਿਛੋਂ ਇਕ ਹੋਰ ਕਾਰ ਆਈ ਜਿਸ ਵਿਚ ਚਾਰ ਸਵਾਰ ਮਨੁੱਖਾਂ ਨੇ ਸਾਰੀ ਸਥਿਤੀ ਨੂੰ ਫੌਰਨ ਭਾਂਪ ਕੇ ਉਨ੍ਹਾਂ ਗੁੰਡਿਆਂ ਨੂੰ ਲਲਕਾਰਿਆ ਤੇ ਉਨ੍ਹਾਂ ਦਾ ਪਿੱਛਾ ਕੀਤਾ। ਅਜਿਹੀ ਖਤਰਨਾਕ ਸਥਿਤੀ ਵਿਚ ਡਾਕੂਨੁਮਾ ਗੁੰਡਿਆਂ ਨੂੰ ਚੈਲੰਿਜ ਕਰਨਾ ਆਪਣੀ ਜਾਨ ਨੂੰ ਸਿੱਧਾ ਖਤਰੇ ਵਿਚ ਪਾਉਣਾ ਸੀ ਪਰ ਉਨ੍ਹਾਂ ਚਾਰ ਨੌਜਵਾਨਾਂ ਨੇ ਇਸ ਗੱਲ ਦੀ ਰਤੀ ਪਰਵਾਹ ਨਾ ਕਰਦਿਆਂ ਹੋਇਆਂ ਲੁਟੇਰਿਆਂ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਨਤੀਜਾ ਇਹ ਹੋਇਆ ਕਿ ਉਹ ਕੁੜੀ ਨੂੰ ਛੱਡ ਕੇ ਜੰਗਲ ਵਿਚ ਅਲੋਪ ਹੋ ਗਏ। ਉਨ੍ਹਾਂ ਚਾਰ ਮਾਨਵ ਹਿਤੈਸ਼ੀਆਂ ਨੇ ਕੁੜੀ ਨੂੰ ਸਹਾਰਾ ਤੇ ਹੌਸਲਾ ਦੇ ਕੇ ਸੜਕ ਤੇ ਲਿਆਂਦਾ ਤੇ ਉਸ ਨੂੰ ਤੇ ਉਸ ਦੇ ਪਤੀ ਨੂੰ ਆਪਣੀ ਸੁਰੱਖਿਆ ਹੇਠ ਦਿੱਲੀ ਪਹੁੰਚਾਇਆ ਅਤੇ ਉਨ੍ਹਾਂ ਨੂੰ ਲੋੜ ਮੁਤਾਬਕ ਪੈਸੇ ਦੇ ਕੇ ਇਸ ਯੋਗ ਕੀਤਾ ਕਿ ਉਹ ਆਪਣੀ ਭਾਰਤ ਫੇਰੀ ਮੁਕਾ ਕੇ ਵਾਪਸ ਇੰਗਲੈਂਡ ਪਹੁੰਚ ਸਕਣ।

ਉਹ ਚਾਰ ਨੌਜਵਾਨ ਕੌਣ ਸਨ? ਪਾਦਰੀ ਜੀ ਨੇ ਖੁਦ ਹੀ ਉੱਤਰ ਦਿੱਤਾ ਕਿ ਉਹ ਪੱਗਾਂ ਦਾਹੜੀਆਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਨ ਜੋ ਦੂਜੇ ਦੀ ਰਾਖੀ ਲਈ ਜਾਨ ਵਾਰ ਦੇਣਾ ਵੀ ਕੋਈ ਵੱਡੀ ਗੱਲ ਨਹੀਂ ਸਮਝਦੇ। ਪਾਦਰੀ ਨੇ ਦੱਸਿਆ ਕਿ ਉਹ ਉਸ ਦਿਨ ਤੋਂ ਸਿੱਖਾਂ ਦੇ ਰਿਣੀ ਹਨ ਅਤੇ ਚਾਹੁੰਦੇ ਸਨ ਕਿ ਉਨ੍ਹਾਂ ਦਾ ਤਨੋਂ ਮਨੋਂ ਸਤਿਕਾਰ ਕਰਦੇ ਹੋਏ ਪਬਲਿਕ ਵਿਚ ਧੰਨਵਾਦ ਕਰਨ। ਇਸ ਲਈ ਅੱਜ ਇਸ ਸਮਾਗਮ ਵਿਚ ਉਨ੍ਹਾਂ ਕਿਹਾ ਕਿ ਮੈਨੂੰ ਇਹ ਮੌਕਾ ਮਿਲਿਆ ਹੈ ਕਿ ਮੈਂ ਇਨ੍ਹਾਂ ਦੋ ਸਿੱਖਾਂ

ਦਾ ਧੰਨਵਾਦ ਕਰਕੇ ਆਪਣੇ ਮਨ ਦਾ ਬੋਝ ਹਲਕਾ ਕਰ ਸਕਾਂ। ਪਾਦਰੀ ਸਾਹਿਬ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਲੜਕੀ ਨੇ ਜਦ ਉਨ੍ਹਾਂ ਸਿੱਖਾਂ ਦੇ ਸੂਰਬੀਰ ਕਾਰਨਾਮੇ ਬਾਰੇ ਉਨ੍ਹਾਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਸਿੱਖ ਧਰਮ ਦੀਆਂ ਕੁਝ ਪੁਸਤਕਾਂ ਪੜ੍ਹੀਆਂ। ਉਹ ਕਹਿੰਦੇ ਗਏ ਕਿ ਮੈਂ ਇਹ ਜਾਣ ਕੇ ਹੈਰਾਨ ਹੋ ਗਿਆ ਹਾਂ ਕਿ ਸਿੱਖ ਧਰਮ ਤਾਂ ਸਾਰੀ ਮਨੁੱਖਤਾ ਦੇ ਕਲਿਆਣ ਹਿੱਤ ਸਿੱਖ ਗੁਰੂ ਸਾਹਿਬਾਨ ਨੇ ਸਾਜਿਆ ਹੈ। ਇਸ ਲਈ ਮੈਂ ਭਾਵੇਂ ਈਸਾਈ ਪਾਦਰੀ ਹਾਂ ਪਰ ਮੇਰਾ ਸਤਿਕਾਰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵਿਚ ਅਥਾਹ ਦਰਜੇ ਦਾ ਹੈ ਜਿਨ੍ਹਾਂ ਦੀ ਸਾਰੀ ਸੋਚ, ਸਾਰੀ ਮਨੁੱਖਤਾ ਲਈ ਹਿਤਕਾਰੀ ਹੈ ਤੇ ਕਿਸੇ ਇਕ ਫਿਰਕੇ ਲਈ ਨਹੀਂ। ਪਾਦਰੀ ਸਾਹਿਬ ਦੀਆਂ ਗੱਲਾਂ ਸੁਣ ਕੇ ਸਾਡਾ ਮਨ ਗਦ ਗਦ ਹੋ ਉਠਿਆ ਅਤੇ ਸਾਡਾ ਸਿਰ ਉਨ੍ਹਾਂ ਸੂਰਬੀਰਾਂ ਦੇ ਸਤਿਕਾਰ ਵਿਚ ਝੁਕ ਗਿਆ ਜਿਨ੍ਹਾਂ ਗੁਰ ਆਸ਼ੇ ਨੂੰ ਅਮਲੀ ਰੂਪ ਦੇ ਕੇ ਦੂਜਿਆਂ ਦੇ ਦਿਲਾਂ ਵਿਚ ਸਿੱਖੀ ਬਾਰੇ ਪਿਆਰ ਜੋਤ ਜਗਾਈ ਤੇ ਸਾਨੂੰ ਇਤਨਾ ਮਾਣ ਦਵਾਇਆ। ਜੇ ਗਹੁ ਨਾਲ ਘੋਖੀਏ ਤਾਂ ਸਿੱਖ ਲਈ ਦੂਜਾ ਤਾਂ ਕੋਈ ਹੈ ਹੀ ਨਹੀਂ। ਗੁਰਬਾਣੀ ਦਾ ਫਰਮਾਨ ਹੈ:

ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (ਮ-5, ਪੰਨਾ-97)

ਕੀ ਅਸੀਂ ਇਸ ਭਾਵਨਾ ਨੂੰ ਆਪਣੇ ਮਨ ਮੰਦਰ ਵਿਚ ਕੋਈ ਥਾਂ ਦਿਤੀ ਹੋਈ ਹੈ? ਇਸ ਪ੍ਰਤੀ ਸਾਨੂੰ ਆਪਾ ਚੀਨਣ ਦੀ ਲੋੜ ਹੈ।

ਮਿਟਾ ਦੇ ਅਪਨੀ ਹਸਤੀ ਕੋ ਅਗਰ ਤੂ ਮਰਤਬਾ ਚਾਹੇ
ਕਿ ਦਾਨਾ ਖਾਕ ਮੇਂ ਮਿਲਕਰ ਗੁਲੇ ਗੁਲਜ਼ਾਰ ਹੋਤਾ ਹੈ।

ਪੰਡਿਤ ਡਾ. ਭਗਵਾਨ ਦਾਸ ਬਨਾਰਸੀ

ਡਾ. ਪੰਡਿਤ ਭਗਵਾਨ ਦਾਸ ਬਨਾਰਸ ਵਾਲੇ ਹਿੰਦੂ ਧਰਮ ਦੇ ਮਹਾਨ ਵਿਦਵਾਨਾਂ ਵਿਚੋਂ ਇਕ ਸਰੇਸ਼ਠ ਗਿਣੀ ਜਾਣ ਵਾਲੀ ਸ਼ਖਸੀਅਤ ਦੇ ਮਾਲਕ ਸਨ। 1940 ਵਿਚ ਬਨਾਰਸ ਵਿਚ ਉਨ੍ਹਾਂ ਦੀ ਮੁਲਾਕਾਤ ਸਿੱਖ ਕੌਮ ਦੇ ਉਸ ਸਮੇਂ ਦੇ ਉਘੇ ਪਰਚਾਰਕਾਂ ਸਰਦਾਰ ਸਾਧੂ ਸਿੰਘ ਭੋਰਾ, ਗਿਆਨੀ ਅਮਰ ਸਿੰਘ ਜਾਚਕ, ਗਿਆਨੀ ਜੰਗ ਸਿੰਘ ਤੇ ਗਿਆਨੀ ਨੰਦ ਸਿੰਘ ਨਾਲ ਬਨਾਰਸ ਵਿਚ ਹੋਈ। ਕਈ ਧਰਮਾਂ ਦੇ ਵੱਖ ਵੱਖ ਪੱਖਾਂ ਤੇ ਖੁਲ੍ਹ ਕੇ ਵਿਚਾਰਾਂ ਹੋਈਆਂ ਤੇ ਜਦ ਸ੍ਰੀ ਭਗਵਾਨ ਦਾਸ ਦੇ ਸਨਮੁਖ ਸਿੱਖ ਧਰਮ ਦੇ ਹਰ ਨੁਕਤੇ ਤੇ ਰੌਸ਼ਨੀ ਪਾਈ ਗਈ ਤੇ ਗੁਰਬਾਣੀ ਵਿਚੋਂ ਪਰਮਾਣ ਦੇ ਕੇ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਤਾਂ ਉਹ ਪ੍ਰਭਾਵਤ ਹੋਏ ਤੇ ਉਨ੍ਹਾਂ ਨੇ ਆਪ ਮੁਹਾਰੇ ਕਿਹਾ ਕਿ ਅੱਜ ਮੈਨੂੰ ਇਹ ਅਨੁਭਵ ਹੋ ਗਿਆ ਹੈ ਕਿ ਸਿੱਖ ਸਿਧਾਂਤ, ਵੇਦਾਂ, ਸ਼ਾਸਤਰਾਂ ਤੇ ਹੋਰ ਮਤਾਂ-ਮਤਾਂਤਰਾਂ ਨਾਲੋਂ ਬਹੁਤ ਉਚੀ ਚੀਜ਼ ਹੈ। ਇਸ ਕਰਕੇ ਮੈਂ ਇਸ ਗੱਲ ਦੇ ਪੱਖ ਵਿਚ ਹਾਂ ਕਿ ਜੇਕਰ ਕੋਈ ਹਿੰਦੂ ਵੀਰ, ਸਿੰਘ ਸਜਦਾ ਹੈ ਤਾਂ ਉਹ ਕੁਝ ਗਵਾਉਂਦਾ ਨਹੀ ਸਗੋਂ ਕੁਝ ਪਾਉਂਦਾ ਹੈ। ਭਾਵ ਇਹ ਕਿ ਉਹ ਪਿੱਛੇ ਨਹੀਂ ਹਟਦਾ ਬਲਕਿ ਅੱਗੇ ਵਧਦਾ ਹੈ।

ਡਾ. ਭਗਵਾਨ ਦਾਸ ਨੇ ਸਿੱਖ ਧਰਮ ਬਾਰੇ ਹੋਰ ਇਵੇਂ ਕਿਹਾ:- ਸਿੱਖ ਧਰਮ ਇਕ ਨਵੀਨਤਮ ਧਰਮ ਹੈ ਜੋ ਸਾਰੇ ਧਰਮਾਂ ਦਾ ਨਿਚੋੜ ਹੈ ਤੇ ਜਿਸ ਵਿਚ ਸਰਵੋਤਮ ਗੁਣ

ਸਮੋਏ ਹੋਏ ਹਨ ਤੇ ਸਾਰੇ ਧਰਮਾਂ ਨੂੰ ਮੰਨਣ ਵਾਲਿਆਂ ਵਿਚ ਜੋ ਕਮਜ਼ੋਰੀਆਂ ਆ ਚੁਕੀਆਂ ਸਨ ਉਨ੍ਹਾਂ ਨੂੰ ਛਡ ਕੇ ਚੰਗੇ ਗੁਣ ਧਾਰਨ ਕੀਤੇ ਗਏ ਹਨ। ਡਾ. ਸਾਹਿਬ ਦੇ ਉਕਤ ਵਿਚਾਰਾਂ ਨੂੰ ਜਦ ਲੋਕਾਂ ਤਕ ਪਹੁੰਚਾਇਆ ਗਿਆ ਤਾਂ 1941 ਦੀ ਮਰਦਮਸ਼ੁਮਾਰੀ ਵਿਚ ਸਿੱਖ ਧਰਮ ਬਾਰੇ ਹਿੰਦੂ ਵੀਰਾਂ ਵਲੋਂ ਬਹੁਤ ਉਤਸ਼ਾਹੀ ਹੁੰਗਾਰਾ ਭਰਿਆ ਵੇਖਣ ਵਿਚ ਆਇਆ। (ਹਵਾਲਾ ਸਫਲ ਜੀਵਨ-ਕਿਰਤ ਗਿਆਨੀ ਜੰਗ ਸਿੰਘ, ਪੰਨਾ-88)

ਸਾਇੰਸਦਾਨ ਸ੍ਰੀ ਓ. ਪੀ. ਕਓਲ

ਹਰਿਆਣੇ ਦੇ ਪ੍ਰਸਿਧ ਸਾਇੰਸਦਾਨ ਪ੍ਰੋ. ਓ. ਪੀ. ਕਓਲ ਨੇ ਸਿੱਖ ਧਰਮ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਸੀ, "ਸਿੱਖੀ ਸਰੂਪ ਚੁਪ ਚੁਪੀਤੇ ਤੇ ਲੁਕ ਛਿਪ ਕੇ ਧਾਰਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਬਾਣਾ ਤੇ ਬਾਣੀ ਸਿੱਖ ਨੂੰ ਅਕਾਲਪੁਰਖ ਦਾ ਸਿਪਾਹੀ ਤੇ ਉਪਾਸ਼ਕ ਬਣਾਉਂਦੇ ਹਨ ਜਿਸ ਕਰਕੇ ਉਹ ਖੁਦ ਕਿਸੇ ਨਾਲ ਧੱਕਾ ਨਹੀਂ ਕਰਦਾ ਤੇ ਨਾ ਹੀ ਕਿਸੇ ਉਤੇ ਹੁੰਦਾ ਜਬਰ ਸਹਿਣ ਕਰ ਸਕਦਾ ਹੈ" ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਇਸ ਸੰਬੰਧੀ ਫਰਮਾਇਆ ਹੈ; **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ**, ਭਾਵ ਇਹ ਕਿ ਨਾ ਕਿਸੇ ਨੂੰ ਡਰਾਣਾ ਤੇ ਨਾ ਕਿਸੇ ਤੋਂ ਡਰਨਾ ਸਿੱਖ ਦਾ ਫਰਜ਼ ਹੈ। ਜੀਓ ਤੇ ਜੀਣ ਦਿਓ ਦੀ ਫਿਲਾਸਫੀ ਇਸੇ ਵਿਚਾਰ ਦੀ ਹੀ ਦੇਣ ਹੈ।

ਅਜੋਕੇ ਗ਼ੈਰ-ਸਿੱਖ ਪੰਜਾਬੀ ਲੇਖਕ ਤੇ ਸਿੱਖ ਧਰਮ

ਬਹੁਤ ਸਾਰੇ ਅਜੋਕੇ ਗ਼ੈਰ-ਸਿੱਖ ਪੰਜਾਬੀ ਲੇਖਕਾਂ, ਕਲਾਕਾਰਾਂ, ਕਵੀਆਂ ਤੇ ਰਾਗੀਆਂ ਨੇ ਵੀ ਪੰਜਾਬ ਵਾਸੀਆਂ ਦੇ ਪ੍ਰਮੁੱਖ ਧਰਮ, ਸਿੱਖ ਧਰਮ ਬਾਰੇ ਬੜੀਆਂ ਉਚ ਪਾਏ ਦੀਆਂ ਲਿਖਤਾਂ ਤੇ ਰਚਨਾਵਾਂ ਲਿਖ ਤੇ ਗਾ ਕੇ ਇਸ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਪ੍ਰਗਟਾਇਆ ਹੈ। ਖੁਸ਼ੀ ਦੀ ਗੱਲ ਇਹ ਵੀ ਹੈ ਕਿ ਉਨ੍ਹਾਂ ਦੀ ਇਸ ਗਰਮਜੋਸ਼ੀ ਵਿਚ ਦਿਨ ਪ੍ਰਤੀ ਦਿਨ ਵਾਧਾ ਤੇ ਨਿਖਾਰ ਵੀ ਆਉਂਦਾ ਜਾ ਰਿਹਾ ਹੈ। ਇਸ ਪਰਥਾਏ ਸਭ ਦੀਆਂ ਲਿਖਤਾਂ ਦੀਆਂ ਵੰਨਗੀਆਂ ਸਹਿਤ ਹਵਾਲਾ ਦੇਣਾ ਵੀ ਬਹੁਤ ਵਿਸਥਾਰ ਮੰਗਦਾ ਹੈ ਇਸ ਲਈ ਬਸ ਇਸ਼ਾਰੇ ਮਾਤਰ ਹੀ ਲਿਖਿਆ ਜਾਂਦਾ ਹੈ ਕਿ ਸਰਵ ਸ੍ਰੀ ਹਰਨਾਮ ਦਾਸ ਸਹਿਰਾਈ, ਸੁੰਦਰ ਦਾਸ ਆਸੀ, ਨੰਦ ਲਾਲ ਨੂਰਪੁਰੀ, ਧਨੀ ਰਾਮ ਚਾਤ੍ਰਿਕ, ਬਰਕਤ ਰਾਮ ਯਮਨ, ਲਾਲ ਚੰਦ ਯਮਲਾ ਜੱਟ, ਮੌਲਾ ਬਖਸ਼ ਕੁਸ਼ਤਾ, ਫੀਰੋਜ਼ਦੀਨ ਸ਼ਰਫ, ਬਖਸ਼ੀ ਰਾਮ ਕੌਸ਼ਲ, ਹੰਸ ਰਾਜ ਹੰਸ, ਭਾਈ ਲਾਲ, ਭਾਈ ਚੇਲਾ ਰਾਮ, ਭਾਈ ਚਮਨ ਲਾਲ, ਭਾਈ ਰਸ਼ਾਦ ਕੁਝ ਅਜਿਹੇ ਨਾਂ ਹਨ ਜਿਨ੍ਹਾਂ ਦੀ ਜ਼ਬਾਨ ਤੇ ਸਿੱਖ ਧਰਮ ਦੀ ਸ਼ਾਨ, ਸਤਿਕਾਰ ਤੇ ਇਹਤਰਾਮ ਦੇ ਸ਼ਬਦ ਵੰਨ ਸੁਵੰਨੇ ਰੂਪ ਵਿਚ ਹਮੇਸ਼ਾ ਜਲਵਾ ਪਜ਼ੀਰ ਰਹੇ ਹਨ ਜਾਂ ਰਹਿੰਦੇ ਹਨ।

10

ਗੁਰੂ ਤੇ ਗੁਰਬਾਣੀ ਦੇ ਹੋਰ ਗ਼ੈਰ-ਸਿੱਖ ਪ੍ਰੇਮੀ

ਕਹਿੰਦੇ ਹਨ ਕਿ ਸਿੰਧੀ ਵੀਰ ਗੁਰਬਾਣੀ ਦੀ ਮਿਠਾਸ ਰਜਵੇਂ ਰੂਪ ਵਿਚ ਭੁੰਚ ਕੇ ਅਨੰਦ ਮਾਣ ਰਹੇ ਹਨ। ਮੁੰਬਈ, ਮਦਰਾਸ (ਚਨੇਈ) , ਕਲਕਤਾ, ਦਿਲੀ ਤੇ ਹੋਰ ਵੱਡੇ ਵਡੇ ਨਗਰਾਂ ਵਿੱਚ ਸਥਿਤ ਗੁਰਦਵਾਰਿਆਂ ਵਿਚ ਸਿੱਖਾਂ ਨਾਲੋਂ ਹਿੰਦੂ ਸ਼ਰਧਾਲੂ (ਜਿਨ੍ਹਾਂ ਨੂੰ ਸਹਿਜਧਾਰੀ ਵੀ ਕਿਹਾ ਜਾ ਸਕਦਾ ਹੈ) ਵਧੇਰੇ ਗਿਣਤੀ ਵਿਚ ਵੇਖੇ ਜਾ ਸਕਦੇ ਹਨ। ਉਹ ਖੁਦ ਗੁਰਬਾਣੀ ਕੀਰਤਨ ਕਰਦੇ ਹਨ, ਅਖੰਡ ਪਾਠ ਸਾਹਿਬ ਵਿਚ ਰੌਲਾਂ ਲਗਾਂਦੇ ਹਨ ਤੇ ਗੁਰੂ ਘਰ ਨਾਲ ਆਪਣੀ ਜ਼ਿੰਦਗੀ ਦੇ ਹਰ ਕਰਮ ਨੂੰ ਵਾਬਸਤਾ ਕਰ ਕੇ ਗੁਰੂ ਦੀਆਂ ਮਿਹਰਾਂ ਦੇ ਪਾਤਰ ਬਣਦੇ ਹਨ।

ਇਨ੍ਹਾਂ ਹੀ ਸਿੰਧੀ ਵੀਰਾਂ ਵਿਚੋਂ ਇਕ ਹਨ ਸ੍ਰੀ ਗੋਬਿੰਦ ਨਿਹਲਾਨੀ ਜਿਨ੍ਹਾਂ ਨੇ ਟੀ. ਵੀ. ਤੇ ਇਕ ਉੱਘਾ ਸੀਰੀਅਲ 'ਤਮਸ' ਡਾਇਰੈਕਟ ਕੀਤਾ ਹੈ। ਉਹ ਗੁਰੂ ਨਾਨਕ ਦੇਵ ਜੀ ਦੇ ਬਹੁਤ ਵੱਡੇ ਸ਼ਰਧਾਲੂ ਤੇ ਭਗਤ ਹਨ। ਉਨ੍ਹਾਂ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਖਾਹਿਸ਼ ਇਹ ਦੱਸੀ ਕਿ ਉਹ ਆਪਣੇ ਇਸ਼ਟ ਗੁਰੂ ਨਾਨਕ ਸਾਹਿਬ ਬਾਰੇ ਇਕ ਅਜਿਹੀ ਫਿਲਮ ਬਣਾਉਣਾ ਚਾਹੁੰਦੇ ਹਨ ਜਿਸ ਨੂੰ ਦੇਖ ਕੇ ਹਰ ਕੋਈ ਗੁਰੂ ਸਾਹਿਬ ਦੀ ਅਜ਼ੀਮ ਸ਼ਖਸੀਅਤ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦਾ ਉਪਾਸ਼ਕ ਬਣ ਜਾਵੇ। ਨਿਹਲਾਨੀ ਅਨੁਸਾਰ ਦਿਨ ਰਾਤ ਇਹ ਵਿਚਾਰ ਉਨ੍ਹਾਂ ਦੇ ਮਨ ਤੇ ਹਾਵੀ ਰਹਿੰਦਾ ਹੈ ਕਿ ਅਜਿਹੀ ਲਾਜਵਾਬ ਫਿਲਮ ਜਲਦੀ ਬਣੇ ਜਿਸ ਨਾਲ ਗੁਰੂ ਨਾਨਕ ਸਾਹਿਬ ਬਾਰੇ ਹਰ ਕੋਈ ਜਾਣ ਸਕੇ ਕਿ ਉਹ ਕਿਤਨੇ ਮਹਾਨ ਗੁਰੂ ਹਨ। ਵਾਹਿਗੁਰੂ ਕਰਨ ਉਨ੍ਹਾਂ ਦਾ ਇਹ ਸੁਪਨਾ ਜਲਦੀ ਤੋਂ ਜਲਦੀ ਪੂਰਾ ਹੋਵੇ। ਇਸੇ ਤਰ੍ਹਾਂ ਫਿਲਮ ਨਿਰਮਾਤਾ ਮਹੇਸ਼ਵਰੀ ਵੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਸ਼ਾਨ ਸਵਾਈ ਕਰਨ ਵਿਚ ਤਤਪਰ ਹਨ। 'ਨਾਨਕ ਨਾਮ ਜਹਾਜ਼ ਹੈ' ਅਤੇ ਫਿਰ 'ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ' ਵਰਗੀਆਂ ਕਾਮਯਾਬ ਫਿਲਮਾਂ ਬਣਾ ਕੇ ਉਨ੍ਹਾਂ ਨੇ ਸਿੱਖ ਗੁਰੂ ਸਾਹਿਬਾਨ ਨੂੰ ਆਪਣਾ ਸਤਿਕਾਰ ਅਰਪਤ ਕੀਤਾ ਹੈ।

ਗੁਰਬਾਣੀ ਰਾਹੀਂ ਮਨੁੱਖਤਾ ਵਿੱਚ ਪਿਆਰ ਦੇ ਪਸਾਰੇ ਲਈ ਭਾਈ ਚੇਲਾ ਰਾਮ ਅਤੇ ਕਈ ਹੋਰ ਕੀਰਤਨੀ ਜੱਥਿਆਂ ਨੇ ਵੀ ਆਪਣਾ ਯੋਗਦਾਨ ਪਾਇਆ ਹੈ ਤੇ ਹਾਂਲੇ ਵੀ ਉਹ ਸਰਗਰਮ ਹਨ।

ਮਹਾਂਰਾਸ਼ਟਰ ਤੇ ਕਰਨਾਟਕ ਪ੍ਰਾਂਤਾਂ ਦੇ ਸਿਕਲੀਗਰ, ਮਿਹਤਰ ਤੇ ਵਣਜਾਰੇ ਵੀਰ ਗੁਰੂ ਨਾਨਕ ਦੇਵ ਜੀ ਬਾਰੇ ਅਥਾਹ ਸਤਿਕਾਰ ਰਖਦੇ ਹਨ ਕਿਉਂਕਿ ਉਨ੍ਹਾਂ ਦੇ ਕਥਨ ਅਨੁਸਾਰ ਗੁਰੂ ਨਾਨਕ ਦੇਵ ਜੀ ਹੀ ਇਕ ਅਜਿਹੀ ਅਧਿਆਤਮਿਕ ਹਸਤੀ

ਹੋਏ ਹਨ ਜਿਨ੍ਹਾਂ ਨੇ ਇਨ੍ਹਾਂ ਲੋਕਾਂ ਦੀਂ ਤਰਸਯੋਗ ਸਮਾਜਕ, ਧਾਰਮਿਕ ਤੇ ਸਦਾਚਾਰਕ ਹਾਲਤ ਵਿਚ ਵਿਚਰਦਿਆਂ ਹੋਇਆਂ ਇਨ੍ਹਾਂ ਦੀ ਬਾਂਹ ਫੜ ਕੇ ਇਨ੍ਹਾਂ ਨੂੰ ਨਿਗੁਰੇ ਤੋਂ ਗੁਰੂ ਵਾਲਾ ਹੋਣ ਦਾ ਮਾਣ ਬਖਸ਼ਿਆ। ਗੁਰੂ ਦੇ ਇਸ ਉਪਕਾਰ ਕਾਰਨ ਇਹ ਪ੍ਰੇਮੀ ਤੇ ਸਿਦਕਵਾਨ ਅੱਜ ਵੀ ਗੁਰੂ ਨਾਨਕ ਨਾਮ ਲੇਵਾ ਦਾ ਸਤਿਕਾਰ ਕਰਦੇ ਹਨ ਅਤੇ ਭਾਵਨਾ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਲਾਮਿਸਾਲ ਸ਼ਖਸੀਅਤ ਨਾਲ ਸ਼ਰਧਾ ਰੂਪ ਵਿਚ ਜੁੜੇ ਹੋਏ ਹਨ। ਇਸ ਸਿਲਸਲੇ ਵਿਚ ਕਿਸੇ ਇਕ ਅੱਧ ਦਾ ਨਾਂ ਇਸ ਲਈ ਨਹੀਂ ਲਿਆ ਜਾ ਸਕਦਾ ਕਿਉਂਕਿ ਇਨ੍ਹਾਂ ਦੀ ਗਿਣਤੀ ਹਜ਼ਾਰਾਂ ਲੱਖਾਂ ਵਿਚ ਹੈ। 17.2.94 ਨੂੰ ਹੀ ਇਨ੍ਹਾਂ ਵਿਚੋਂ ਕੁਝ ਉਦਮੀ ਸੱਜਣਾਂ ਨੇ ਗੋਲ ਖੁਰਦ ਜ਼ਿਲ੍ਹੇ ਯਧਤਮਾਲ (ਮਹਾਰਸ਼ਟਰਾ) ਵਿਖੇ ਇਕ ਗੁਰਦੁਆਰਾ ਸਾਹਿਬ ਦਾ ਨਿਰਮਾਣ ਕੀਤਾ ਜਿਸ ਦਾ ਵਿਧੀਵਤ ਉਦਘਾਟਨ ਇਨ੍ਹਾਂ ਦੇ ਸਮਾਜ ਦੀ ਹੀ ਇਕ ਪ੍ਰਮੁੱਖ ਹਸਤੀ ਸ੍ਰੀ ਸੁਧਾਕਰ ਰਾਓ ਨਾਇਕ ਨੇ ਕੀਤਾ ਜੋ ਮਹਾਰਾਸ਼ਟਰ ਪ੍ਰਾਂਤ ਦੇ ਮੁੱਖ ਮੰਤਰੀ ਰਹਿ ਚੁਕੇ ਹਨ ਅਤੇ ਗੁਰੂ ਨਾਨਕ ਦੇਵ ਜੀ ਵਿੱਚ ਅਥਾਹ ਨਿਸ਼ਚਾ ਰਖਦੇ ਹੋਏ ਉਨ੍ਹਾਂ ਦੀ ਅਜ਼ੀਮ ਹਸਤੀ ਨੂੰ ਸਤਿਕਾਰਦੇ ਹਨ। ਜਦ ਇਸ ਗੁਰਦੁਆਰਾ ਸਾਹਿਬ ਦਾ ਉਦਘਾਟਨ ਹੋਇਆ ਤਾਂ 15 ਹਜ਼ਾਰ ਤੋਂ ਵਧ ਵਣਜਾਰੇ ਵੀਰ ਸਮਾਗਮ ਵਿਚ ਸ਼ਾਮਲ ਹੋਏ ਤੇ ਉਹ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਕੇ ਫੁੱਲੇ ਨਹੀਂ ਸਨ ਸਮਾਉਂਦੇ। ਮਹਾਰਾਸ਼ਟਰ ਦੇ ਸਿਕਲੀਗਰ ਵੀਰਾਂ ਵਿਚ ਗੁਰੂ ਨਾਨਕ ਸਾਹਿਬ ਤੇ ਹੋਰ ਸਿੱਖ ਗੁਰੂ ਸਾਹਿਬਾਨ ਪ੍ਰਤੀ ਬੇਪਨਾਹ ਸਤਿਕਾਰ ਇਸ ਗੱਲ ਤੋਂ ਵੀ ਮੂਰਤੀਮਾਨ ਹੁੰਦਾ ਹੈ ਕਿ ਗੜ੍ਹ ਚਿਰੋਲੀ ਵਿਖੇ ਵੀ ਇਨ੍ਹਾਂ ਦੀ ਪੂਜਾ ਅਰਚਨਾ ਲਈ ਗੁਰਦਵਾਰਾ ਸਾਹਿਬ ਦੀ ਬੜੀ ਤੇਜ਼ੀ ਨਾਲ ਉਸਾਰੀ ਚਲ ਰਹੀ ਸੀ ਜੋ ਹੁਣ ਸੰਪੂਰਨ ਹੋ ਚੁੱਕੀ ਹੈ ਅਤੇ ਜਿਥੇ ਇਹ ਵਣਜਾਰੇ, ਸਿਕਲੀਗਰ, ਸਤਿਨਾਮੀਏ ਅਤੇ ਮਿਹਤਰ ਵੀਰ ਸੰਗਤ ਰੂਪ ਵਿਚ ਜੁੜ ਕੇ ਉਚ ਨੀਚ ਦੀਆਂ ਅਖੌਤੀ ਹੱਦਾਂ ਨੂੰ ਤੋੜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਦੇਸ਼ ਕੌਮ ਦੇ ਵਿਕਾਸ ਵਿੱਚ ਆਪਣੇ ਸਵੈਮਾਨ ਨੂੰ ਕਾਇਮ ਰਖਦੇ ਹੋਏ ਆਪਣਾ ਉਸਾਰੂ ਯੋਗਦਾਨ ਪਾ ਸਕਣ ਦਾ ਮਾਣ ਹਾਸਲ ਕਰ ਰਹੇ ਹਨ। (ਹਵਾਲਾ ਸਚਖੰਡ ਪੱਤਰ ਮਾਰਚ 1994)

ਗੁਰੂ ਨਾਨਕ ਸਾਹਿਬ ਦਾ ਹਰ ਵਰਗ ਦੇ ਲੋਕੀ ਇਸ ਲਈ ਸਤਿਕਾਰ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਦੂਰ ਦਰਾਜ਼ ਇਲਾਕਿਆਂ ਤੇ ਦੇਸ਼ਾਂ ਵਿੱਚ ਜਾ ਕੇ ਹਰ ਪਰਕਾਰ ਦੇ ਲੋਕਾਂ ਨੂੰ ਸੱਚੇ ਧਰਮ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ ਜੋ ਆਪਸੀ ਪ੍ਰੇਮ ਤੇ ਸਦ ਭਾਵਨਾ ਤੇ ਅਧਾਰਤ ਹੈ। ਇਸੇ ਲਈ ਸ਼ਾਇਦ ਜਬਲਪੁਰ ਯੂਨੀਵਰਸਿਟੀ ਦੇ ਵੀ. ਸੀ. ਨੇ ਇਕ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਸੀ ਕਿ "ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵੱਲ ਮੁੱਖ ਕਰਕੇ ਦੁਨੀਆਵੀ ਸਫਰ ਕੀਤਾ ਸੀ। ਉਨ੍ਹਾਂ ਦੀ ਸਾਰੀ ਬਾਣੀ ਲੋਕ ਮੁਖੀ ਹੈ ਇਸ ਲਈ ਇਹ ਬਾਣੀ ਸਦੀਆਂ ਤਕ ਸਫਰ ਕਰਦੀ ਰਹੇਗੀ। ਲੋਕ ਬੋਲੀ ਤੋਂ ਟੁੱਟਾ ਹੋਇਆ ਧਰਮ ਜੀਉਂਦਾ ਨਹੀਂ ਰਹਿ ਸਕਦਾ ਤੇ ਸਿੱਖ ਧਰਮ ਗੁਰੂ ਸਾਹਿਬਾਨ ਦੀ ਮਹਾਨ ਕਿਰਪਾ ਦ੍ਰਿਸ਼ਟੀ ਸਦਕਾ ਸਰਲ, ਸਪੱਸ਼ਟ ਤੇ ਜਨ ਸਮੂਹ ਦੀ ਭਾਸ਼ਾ ਵਿਚ ਹੋਣ ਕਾਰਨ ਸਦਾ ਚਰਨਜੀਵ ਰਹੇਗਾ।"

ਉਕਤ ਦਸੇ ਤੱਥਾਂ ਦੀ ਰੋਸ਼ਨੀ ਵਿਚ ਜੇ ਕਰ ਅਸੀਂ ਇਤਿਹਾਸ ਦੇ ਪੰਨਿਆਂ ਤੇ ਸਰਸਰੀ ਜਿਹੀ ਵੀ ਨਜ਼ਰ ਮਾਰੀਏ ਤਾਂ ਸਾਨੂੰ ਸਪੱਸ਼ਟ ਦਿਸੇਗਾ ਕਿ ਸਿੱਖ ਧਰਮ ਦਾ ਬੀਜ ਤਾਂ ਗੁਰੂ ਨਾਨਕ ਸਾਹਿਬ ਨੇ ਖੁਦ ਹੀ ਉਸ ਸਾਰੀ ਦੁਨੀਆਂ ਵਿਚ, ਆਪ ਜਾ ਜਾ ਕੇ ਬੀਜਿਆ ਹੈ ਜਿਹੜੀ ਉਸ ਸਮੇਂ ਹੋਂਦ ਵਿਚ ਸੀ। ਉਨ੍ਹਾਂ ਨੇ ਹਰ ਕਿਸਮ ਦੇ ਮਨੁੱਖਾਂ ਨਾਲ ਸਾਂਝ ਪੈਦਾ ਕੀਤੀ, ਉਨ੍ਹਾਂ ਵਿਚ ਖੁਸ਼ੀਆਂ ਵੰਡੀਆਂ, ਨੇਕ ਜੀਵਨ ਦਾ ਵਰਦਾਨ ਦਿੱਤਾ ਅਤੇ ਉਨ੍ਹਾਂ ਨੂੰ ਵਹਿਮਾਂ ਭਰਮਾਂ ਤੋਂ ਉੱਤੇ ਉਠਾ ਕੇ ਸੱਚੇ ਅਕਾਲਪੁਰਖ ਦੇ ਲੜ ਲਾਇਆ। ਲੋੜ ਹੁਣ ਇਸ ਗੱਲ ਦੀ ਹੈ ਕਿ ਅਸੀਂ ਪਿਆਰ ਦੇ ਪਾਣੀਆਂ ਨਾਲ ਅਤੇ ਖੁਸ਼ਅਸਲੂਬੀ ਦੀ ਖਾਦ ਨਾਲ ਉਸ ਧਰਤੀ ਨੂੰ ਸ਼ਕਤੀ ਪ੍ਰਦਾਨ ਕਰੀਏ ਤਾਂਕਿ ਉਹ ਬੀਜ ਪ੍ਰਫੁਲਤ ਹੋ ਕੇ ਲੋੜੀਂਦੇ ਫੁੱਲ ਲਿਆ ਸਕੇ। ਜੇਕਰ ਅਸੀਂ ਮਹਾਨ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਤੇ ਸਿੱਖਿਆਵਾਂ ਨੂੰ ਹਰ ਸੰਭਵ ਤਰੀਕੇ ਨਾਲ ਵਿਸ਼ਵ ਭਰ ਵਿਚ ਪਰਸਾਰਤ ਕਰ ਸਕੀਏ ਤਾਂ ਅਵੱਸ਼ ਹੀ ਸਹੀ ਅਰਥਾਂ ਵਿਚ ਅਸੀਂ ਇਕ ਸੰਯੁਕਤ ਪ੍ਰਵਾਰ ਬਣਾ ਸਕਦੇ ਹਾਂ ਜਿਸ ਵਿਚ ਆਪਸੀ ਹਮਦਰਦੀ ਤੇ ਨੇਕ ਕਰਮੀ ਪ੍ਰਮੁੱਖ ਗੁਣ ਹੋਣਗੇ। ਇਹੀ ਗੁਰੂ ਸਾਹਿਬਾਨ ਦਾ ਮਿਸ਼ਨ ਹੈ ਕਿ ਸਰਬ ਮਾਨਵ ਜਾਤ ਆਪਣੇ ਸਾਰੇ ਭੇਦ ਭਾਵ ਮਿਟਾ ਕੇ ਇਕ ਹੋ ਜਾਵੇ। ਇਸ ਤਰ੍ਹਾਂ **'ਏਕ ਪਿਤਾ ਏਕਸ ਕੇ ਹਮ ਬਾਰਿਕ'** ਦੀ ਭਾਵਨਾ ਬਲਵਾਨ ਹੋਵੇਗੀ ਤੇ ਸਰਬੱਤ ਦੇ ਭਲੇ ਦੀ ਗੱਲ ਨੂੰ ਹੋਰ ਵਜ਼ਨ, ਹੋਰ ਬਲ ਪ੍ਰਦਾਨ ਹੋਵੇਗਾ।

ਮਾਨਸ ਕੀ ਜਾਤ
ਸਬੈ ਏਕੈ ਪਹਿਚਾਨਬੋ॥ (ਗੁਰੂ ਗੋਬਿੰਦ ਸਿੰਘ ਜੀ)



ਲੋਕ ਗੀਤਾਂ ਤੇ ਬੋਲੀਆਂ ਦੇ ਰੂਪ ਵਿਚ

ਸਿੱਖੀ ਦੀ ਚੜ੍ਹਤ

ਸਿੱਖਾਂ ਦੇ ਉਚੇ ਸੁਚੇ ਇਖਲਾਕ ਦੀਆਂ ਗੱਲਾਂ ਨਾਲ, ਸਮਾਂ ਪਾ ਕੇ ਪੰਜਾਬੀ ਸਭਿਆਚਾਰ ਰੁਸ਼ਨਾ (ਚਮਕ) ਉਠਿਆ। ਲੋਕ ਮਨਾਂ ਵਿਚ ਇਨ੍ਹਾਂ ਦੀ ਸੂਰਬੀਰਤਾ ਘਰ ਕਰ ਗਈ। ਇਨ੍ਹਾਂ ਦੀ ਸੂਰਮਗਤੀ ਦੀ ਗਾਥਾ ਲੋਕ ਗੀਤਾਂ ਤੇ ਵਾਰਾਂ ਵਿਚ ਪਰਵੇਸ਼ ਕਰ ਕੇ ਸਦਾ ਸਦਾ ਲਈ ਸਾਡੇ ਜੀਵਨ ਦਾ ਹਿੱਸਾ ਬਣ ਗਈ। ਉੱਘੇ ਨਾਮਵਾਰ ਕਵੀਆਂ ਦੇ ਕਈ ਬੋਲ ਹਰ ਜ਼ਬਾਨ ਤੇ ਹਰ ਮੌਕਾ-ਬਾਮੌਕਾ ਸੁਣੇ ਬੋਲੇ ਜਾਣ ਲਗੇ, ਜਿਵੇਂ :

(1) *ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ*
ਵਾਂਗ ਨਿਬੁੰਆਂ ਲਹੂ ਨਿਚੋੜ ਸੁਟੇ।

(2) *ਲੰਦਨ ਟਾਪੂਆਂ ਵਿਚ ਕੁਰਲਾਟ ਪਈ*
ਕੁਰਸੀ ਚਾਰ ਹਜ਼ਾਰ ਹੋਈ ਸੱਖਣੀ ਜੀ।

(3) *ਅਜ ਹੋਵੇ ਸਰਕਾਰ ਤਾਂ ਮੁੱਲ ਪਾਵੇ*
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।

ਇਥੇ ਹੀ ਬਸ ਨਹੀਂ, ਮੁਗ਼ਲਾਂ ਨਾਲ ਸਿੰਘਾਂ ਦੀ ਟੱਕਰ ਸਮੇਂ ਨਿਹੰਗ ਸਿੰਘ ਨੂੰ ਵੇਖ ਕੇ ਲੋਕੀ ਖੁਸ਼ ਹੋ ਜਾਂਦੇ ਤੇ ਉਸ ਦੀ ਬਹਾਦਰੀ ਤੇ ਹੱਕ ਇਨਸਾਫ ਦੀ ਭਾਵਨਾ ਨੂੰ ਦੇਖ ਕੇ ਆਪ ਮੁਹਾਰੇ ਕਹਿ ਉਠਦੇ ;

ਆ ਗਏ ਨਿਹੰਗ,
ਬੂਹੇ ਖੋਹਲ ਦਿਓ ਨਿਸੰਗ।

ਭਾਵ ਇਹ ਕਿ ਜੇਕਰ ਘਰ ਵਿਚ ਨਿਹੰਗ ਸਿੰਘ ਹੋਵੇ ਤਾਂ ਫਿਰ ਕਿਸੇ ਕੋਲੋਂ ਡਰ ਕੇ ਬੂਹੇ ਬੰਦ ਕਰ ਕੇ ਦਿਨ ਕਟਣ ਦੀ ਲੋੜ ਨਹੀਂ ਕਿਉਂਕਿ ਨਿਹੰਗ ਸਿੰਘ ਸੂਰਮੇ ਨੂੰ ਦੇਖ ਕੇ ਕਿਸੇ ਮਾਈ ਦੇ ਲਾਲ ਦੇ ਖੰਘਣ ਦੀ ਮਜਾਲ ਨਹੀਂ। ਇਹ ਪਰਚਲਤ ਗੱਲ ਹੈ ਕਿ ਨਿਹੰਗ ਸਿੰਘਾਂ ਦਾ ਸਾਰਾ ਜੀਵਨ ਦੇਸ਼ ਕੌਮ ਦੀ ਰਾਖੀ ਲਈ ਵਕਫ ਹੁੰਦਾ ਸੀ। ਇਹ ਵੱਡੇ ਤੋਂ ਵੱਡੇ ਖਤਰੇ ਨੂੰ ਵੀ ਆਪਣੇ ਆਤਮਿਕ ਬਲ ਨਾਲ ਚਣੌਤੀ ਦੇਣ ਦੀ ਭਰਵੀਂ ਸਮਰਥਾ ਰਖਦੇ ਸਨ। ਇਹ ਕਹਿਣ ਵਿਚ ਕੋਈ ਅਤਕਥਨੀ ਨਹੀਂ ਕਿ ਇਹ ਸਹੀ ਅਰਥਾਂ ਵਿਚ ਚੜ੍ਹਦੀਕਲਾ ਦੇ ਪਰਤੀਕ ਸਨ, ਦਿਆ ਤੇ ਪਰ-ਉਪਕਾਰ ਦੀਆਂ ਮੂਰਤੀਆਂ ਸਨ। ਸਬਰ, ਸੰਤੋਖ ਜਿਤਨਾ ਇਨ੍ਹਾਂ ਵਿਚ ਸੀ ਉਹ ਦੁਨੀਆਂ ਦੇ ਹੋਰ ਕਿਸੇ ਯੋਧੇ ਵਿਚ ਨਹੀਂ ਹੋ ਸਕਦਾ। ਉਹ ਛੋਲਿਆਂ ਦੇ ਦਾਣਿਆਂ ਨੂੰ ਭੁੱਜੇ ਬਦਾਮ ਕਹਿ ਕੇ ਛਕਦੇ, ਗੱਡੇ ਨੂੰ ਜਹਾਜ਼ ਕਹਿ ਕੇ ਉਸ ਤੋਂ ਜਹਾਜ਼ ਦਾ ਹੀ ਕੰਮ ਲੈਂਦੇ। ਆਪਣੇ ਇਕ

ਸਰੀਰ ਨੂੰ ਸਵਾ ਲਖ ਕਹਿ ਕੇ ਆਪਣੀ ਅਜ਼ੀਮ-ਉਲ-ਸ਼ਾਨ ਸ਼ਕਤੀ ਦਾ ਪਰਦਰਸ਼ਨ ਕਰਦੇ। ਇਨ੍ਹਾਂ ਦੇ ਬੇਸ਼ੁਮਾਰ ਪਰਉਪਕਾਰੀ ਗੁਣਾਂ ਵਾਲੀ ਹਸਤੀ ਨੂੰ ਦੇਖਦਿਆਂ ਹੀ ਸ਼ਾਇਦ ਅੰਗਰੇਜ਼ ਸਰਕਾਰ ਨੇ ਆਪਣੇ ਰਾਜ ਕਾਲ ਵਿਚ ਇਨ੍ਹਾਂ ਨੂੰ ਰੇਲ ਗਡੀਆਂ ਵਿਚ ਮੁਫਤ ਸਫਰ ਕਰਨ ਦੀ ਸੁਵਿਧਾ ਪਰਦਾਨ ਕੀਤੀ ਹੋਈ ਸੀ ਕਿਉਂਕਿ ਰੇਲ ਗੱਡੀ ਵਿਚ ਇਨ੍ਹਾਂ ਦੀ ਹੋਂਦ ਕਾਰਨ ਕਿਸੇ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਕਿਸੇ ਦੂਸਰੇ ਮੁਸਾਫਰ ਨਾਲ ਜ਼ਿਆਦਤੀ ਕਰ ਸਕੇ। ਡਾਕੂ, ਲੁਟੇਰੇ ਤਕ ਵੀ ਉਸ ਡਬੇ ਵਿਚ ਨਹੀਂ ਸਨ ਚੜ੍ਹਦੇ ਜਿਥੇ ਨਿਹੰਗ ਸਿੰਘ ਬੈਠਾ ਹੁੰਦਾ। ਔਰਤਾਂ ਵੀ ਉਸ ਡਬੇ ਵਿਚ ਸਫਰ ਕਰਨਾ ਪਸੰਦ ਕਰਦੀਆਂ ਸਨ ਜਿਥੇ ਇਹ ਸੂਰਮਾ ਬੈਠਾ ਦਿਸਦਾ ਕਿਉਂਕਿ ਇਸ ਦੀ ਮੌਜੂਦਗੀ ਵਿਚ ਉਹ ਆਪਣੇ ਆਪ ਨੂੰ ਪੂਰਨ ਸੁਰੱਖਿਅਤ ਸਮਝਦੀਆਂ ਸਨ। ਇਹ ਕਿਤਨੇ ਮਾਣ ਵਾਲੀ ਗੱਲ ਹੈ ਤੇ ਹਰ ਪੰਜਾਬੀ ਤੇ ਭਾਰਤੀ ਇਸ ਸੂਰਮੇ ਤੇ ਬਜਾਅ ਫਖਰ ਕਰਦਾ ਆ ਰਿਹਾ ਹੈ।

ਸਿੰਘ ਸੂਰਮਿਆਂ ਦੇ ਬੇਨਜ਼ੀਰ ਕਿਰਦਾਰ ਦੀ ਝਲਕ ਨਿਮਨ ਬੋਲਾਂ ਤੋਂ ਵੀ ਡਾਢੀ ਸੁਹਣੀ ਪੈਂਦੀ ਹੈ।

(1) *ਸਿੰਘਾਂ ਦਾ ਹੱਲਾ ਦੁਸ਼ਮਣ ਹੋਇਆ ਝੱਲਾ*

(2) *ਸਿੰਘ ਸੂਰਾ ਲੜੇ ਜੋ ਮੈਦਾਨ ਗੱਜ ਕੇ*
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ

(3) *ਅੜੇ ਸੋ ਝੜੇ*

(4) *ਬਚਾਈਂ ਵੇ ਬਚਾਈਂ ਕਛ ਵਾਲਿਆ ਸਰਦਾਰਾ*
ਤੇ ਇਹਨਾਂ ਦੀਆਂ ਭਵਾਈਂ ਗੁਡੀਆਂ।

(5) *ਦੇਗ ਤੇਗ ਫਤਿਹ*

(6) *ਮਨੂ ਅਸਾਡੀ ਦਾਤਰੀ ਅਸੀਂ ਮਨੂ ਦੇ ਸੋਏ*
ਜਿਉਂ ਜਿਉਂ ਮਨੂ ਵੱਢਦਾ ਅਸੀਂ ਦੂਣ ਸਵਾਏ ਹੋਏ

(7) *ਇਕ ਸਿੰਘ, ਸਿੰਘ ਤੇ ਦੋ ਸਿੰਘ, ਸਿੰਘ ਸਭਾ*

(8) *ਚੜ੍ਹੇ ਪੁਤ ਸਰਦਾਰਾਂ ਦੇ ਛੈਲ ਬਾਂਕੇ*
ਜਿਵੇਂ ਬੇਲਿਉਂ ਨਿਕਲਦੇ ਸ਼ੇਰ ਮੀਆਂ

(9) *ਬਾਬੇ ਨਾਨਕ ਜਿਹਾ ਭਗਤ ਨਾ ਕੋਈ*
ਜਿਨ ਹਰਿ ਕਾ ਨਾਮ ਪਛਾਤਾ।

(10) *ਸਾਡੇ ਗੁਰਾਂ ਨੇ ਜਹਾਜ਼ ਬਣਾਇਆ*
ਆਓ ਜਿਨੇ ਪਾਰ ਲੰਘਣਾ।

(11) *ਮਿਠੀ ਲਗਦੀ ਗੁਰੂ ਜੀ ਤੇਰੀ ਬਾਣੀ*
ਵੇਲੇ ਅੰਮ੍ਰਿਤ ਦੇ।

(12) *ਚਲੋ ਸਈਓ ਚਲ ਦਰਸ਼ਨ ਕਰੀਏ*
ਗੁਰੂ ਗੋਬਿੰਦ ਸਿੰਘ ਆਏ ਨੇ

ਬਈ ਆਪਣੇ ਲਾਲ ਜੀਨੇ
ਕੰਧਾਂ ਵਿਚ ਚਿਣਵਾਏ ਨੇ।

(13) ਭਾਈਵਾਲੀ ਮੈਨੂੰ ਲਗੇ ਪਿਆਰੀ
ਰੋਜ਼ ਗਿੱਧੇ ਵਿਚ ਆਵਾਂ
ਗੁਰੂ ਦਿਆਂ ਸ਼ੇਰਾਂ ਦੇ
ਮੈਂ ਵਧ ਵਧ ਜਸ ਪਈ ਗਾਵਾਂ

(14) ਸੁੱਖ ਤੇ ਸਿੱਖੀ ਮੇਲ ਨਾ ਕਾਈ

(15) ਮੇਰੀ ਸ਼ਹੀਦੀ ਤੇ ਸਰਦਾਰੀ
ਉਹ ਬੁਜ਼ਦਿਲੀ ਤੇ ਮਕਾਰੀ,
ਜਾਣੇ ਕੁਲ ਜਹਾਨ

(16) ਸਿੰਘ ਝੁਕਿਆ ਤੇ ਸ਼ਤਰੂ ਝੁਕਿਆ

(17) ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ

(18) ਭੁੱਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ

(19) ਜਾਨ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ

(20) ਰੱਬਾ ਰੱਬਾ ਮੀਂਹ ਵਰਸਾਈਂ
ਸਿੱਖ ਦੀਆਂ ਕਰੀਂ ਦੂਰ ਬਲਾਈਂ।

(21) ਇਹ ਸਿੰਘ ਬਹਾਦਰ ਸੂਰੇ,
ਆਪਣੇ ਹਠ ਦੇ ਪੂਰੇ।

ਸਿੱਖੀ ਬਾਬਤ ਉਪ ਕੁਲਪਤੀ ਦੇ ਬਚਨ

ਇਸ ਵਿਸ਼ੇ ਨੂੰ ਇਥੇ ਸਮਾਪਤ ਕਰਨ ਲਗਿਆਂ ਅਲੀਗੜ੍ਹ ਮੁਸਲਮ ਯੂਨੀਵਰਸਟੀ ਦੇ 1969 ਦੌਰਾਨ ਚਲ ਰਹੇ ਵਾਈਸ ਚਾਂਸਲਰ ਡਾ. ਅਹਿਮਦ ਦੇ ਨਿਮਨ ਸ਼ਬਦ ਪਾਠਕਾਂ ਦੀ ਦਰਿਸ਼ਟੀ ਗੋਚਰੇ ਜ਼ਰੂਰ ਕਰਨਾ ਚਾਹੁੰਦਾ ਹਾਂ ਜੋ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪਰਕਾਸ਼ ਉਤਸਵ ਨਾਲ ਸਬੰਧਤ ਪਰਦਰਸ਼ਨੀ ਦਾ ਉਦਘਾਟਨ ਕਰਨ ਵੇਲੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੇ ਇਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਹਿੰਦੇ ਹੋਏ ਖੁਸ਼ੀ ਪ੍ਰਗਟਾਈ ਸੀ। ਉਨ੍ਹਾਂ ਕਿਹਾ ਸੀ ਕਿ "**ਸਿੱਖ ਧਰਮ ਦੀ ਰਹਿਣੀ ਬਹਿਣੀ ਤੇ ਕਥਨੀ ਕਰਨੀ ਬਾਰੇ ਜੋ ਜਾਣਕਾਰੀ ਮੈਂ ਪ੍ਰਾਪਤ ਕੀਤੀ ਹੈ ਉਸ ਦੀ ਬਿਨਾ ਤੇ ਮੈਂ ਕਹਿ ਸਕਦਾ ਹਾਂ ਕਿ ਇਸ ਧਰਮ ਦੀ ਮਸਜਿਦਾਂ ਨੂੰ ਵੀ ਲੋੜ ਹੈ, ਉਥੇ ਵੀ ਇਸ ਦਾ ਪਰਚਾਰ ਹੋਣਾ ਚਾਹੀਦਾ ਹੈ।**" ਇਹ ਹੈ ਸਿੰਘਾਂ ਦੇ ਕਿਰਦਾਰ ਦੀ ਮੂੰਹ ਬੋਲਦੀ ਤਸਵੀਰ ਜੋ ਚੜ੍ਹਤ ਵਾਲੇ ਉਕਤ ਬੋਲਾਂ ਨੂੰ ਹੋਰ ਬਲ ਪਰਦਾਨ ਕਰਦੀ ਹੈ।

12

ਬਦੇਸ਼ਾਂ ਵਿੱਚ ਵਸਦੇ ਸਿੱਖਾਂ ਦਾ ਅਕਸ

ਉਤਰੀ ਅਮਰੀਕਾ ਵਿੱਚ ਸਿੰਘਾਂ ਦੀ ਸੂਰਮਗਤੀ ਦੇ ਦਰਸ਼ਨ

ਅਮਰੀਕਾ ਦੇ ਪ੍ਰਾਂਤ ਵਾਸ਼ਿੰਗਟਨ ਦੇ ਸ਼ਹਿਰ ਬੈਲੀਗਾਮ ਵਿਖੇ ਦਸੰਬਰ 1907 ਵਿਚ ਕੁਝ ਅਮਰੀਕਨ ਗੋਰਿਆਂ ਨੇ ਪੰਜਾਬੀਆਂ ਤੇ ਭਾਰਤੀਆਂ ਨੂੰ ਮਾਰ ਕੁਟ ਕੇ ਉਥੋਂ ਭਜਾ ਦਿੱਤਾ ਤੇ ਉਹ ਮਜਬੂਰਨ ਕੈਨੇਡਾ ਨੱਸ ਆਏ। ਉਥੇ ਉਨ੍ਹਾਂ ਆਪਣੀ ਵਿਥਿਆ ਉਥੇ ਰਹਿੰਦੇ ਸਿੱਖਾਂ ਨੂੰ ਦੱਸੀ ਜਿਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ ਇਸ ਦੁਰਦਸ਼ਾ ਤੋਂ ਬਚਣ ਲਈ ਸਿੰਘ ਸਜ ਕੇ ਸ਼ੇਰਾਂ ਵਾਂਗਰਾਂ ਰਹੋ ਫਿਰ ਤੁਹਾਡੇ ਵਾਲ ਵਲ ਵੀ ਕੋਈ ਨਹੀਂ ਤਕ ਸਕਦਾ। ਸਿੱਖਾਂ ਦੀ ਇਹ ਦਲੇਰੀ ਭਰੀ ਗੱਲ ਸੁਣ ਕੇ ਭਜੇ ਆਇਆਂ ਵਿਚੋਂ ਜਿਹੜੇ ਪਤਿਤ ਸਿੱਖ ਸਨ ਉਨ੍ਹਾਂ ਸਿੱਖੀ ਸਰੂਪ ਧਾਰਨ ਕਰ ਲਿਆ।

ਉਨ੍ਹਾਂ ਦਿਨਾਂ ਵਿਚ ਇਕ ਰੇਲਵੇ ਕੰਪਨੀ ਪਾਸ ਮਾਰਵੇਸਵਾਈਲ ਸ਼ਹਿਰ ਵਿਖੇ 20 ਕੇਸਾ ਧਾਰੀ ਸਿੱਖ ਕੰਮ ਕਰਦੇ ਸਨ ਜੋ ਕੰਮ ਵਾਲੇ ਸਥਾਨ ਤੇ ਰੇਲ ਦੇ ਡੱਬਿਆਂ ਵਿਚ ਹੀ ਰਹਿੰਦੇ ਸਨ। ਇਕ ਡਬੇ ਵਿਚ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਆਪਣੇ ਲਈ ਗੁਰਦਵਾਰਾ ਸਾਹਿਬ ਵੀ ਬਣਾਇਆ ਹੋਇਆ ਸੀ। ਇਨ੍ਹਾਂ ਸਿੰਘਾਂ ਨੂੰ ਵੀ ਸ਼ਰਾਰਤੀ ਕੈਨੇਡੀਅਨ ਗੋਰਿਆਂ ਨੇ ਧਮਕੀ ਦੇ ਦਿੱਤੀ ਕਿ ਉਹ ਵੀ ਫਲਾਣੇ ਦਿਨ ਤਕ ਸ਼ਹਿਰ ਛੱਡ ਦੇਣ ਨਹੀਂ ਤਾਂ ਉਨ੍ਹਾਂ ਦਾ ਵੀ ਹਸ਼ਰ ਬੈਲੀਗਾਮ ਵਰਗਾ ਕੀਤਾ ਜਾਵੇਗਾ। ਸਿੱਖਾਂ ਨੇ ਸਾਰੀ ਗੱਲ ਕੰਪਨੀ ਦੇ ਨੋਟਿਸ ਵਿਚ ਲਿਆਂਦੀ, ਪੁਲਿਸ ਨੂੰ ਵੀ ਸੂਚਤ ਕੀਤਾ ਪਰ ਕੋਈ ਤੱਸਲੀ ਬਖਸ਼ ਹਿਫ਼ਾਜ਼ਤੀ ਪ੍ਰਬੰਧ ਉਨ੍ਹਾਂ ਨੂੰ ਬਚਾਣ ਦਾ ਸਾਹਮਣੇ ਨਾ ਆਇਆ। ਸਿੱਖਾਂ ਨੇ ਇਕ ਭਾਈ ਵੀਰ ਸਿੰਘ ਦੀ ਸਰਪਰਸਤੀ ਹੇਠ ਆਪਣੇ ਬਚਾਓ ਲਈ ਆਪ ਪ੍ਰਬੰਧ ਕੀਤੇ ਤੇ ਆਪਣੇ ਆਪ ਨੂੰ ਖਾਲਸੇਈ ਸ਼ਸਤਰਾਂ ਨਾਲ ਤੇ ਸੁੰਮਾਂ ਵਾਲੀਆਂ ਡਾਂਗਾਂ ਨਾਲ ਲੈਸ ਕਰ ਲਿਆ।

ਗੋਰੇ ਦੱਸੇ ਹੋਏ ਦਿਨ ਹਮਲਾ ਕਰਨ ਆ ਗਏ। ਸਿੱਖਾਂ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਗੋਰੇ ਡਰ ਗਏ ਤੇ ਸੁਲਾਹ ਲਈ ਕਹਿਣ ਲਗ ਪਏ। ਸਿੱਖਾਂ ਨੇ ਇਹ ਕਿਹਾ ਕਿ ਉਨ੍ਹਾਂ ਨੂੰ 15 ਮਿੰਟ ਦਾ ਸਮਾਂ ਦਿੱਤਾ ਜਾਵੇ ਉਹ ਅਰਦਾਸਾ ਕਰ ਕੇ ਆਪਣਾ ਫੈਸਲਾ ਸੁਣਾਣਗੇ। ਸਿੰਘ ਅਰਦਾਸੇ ਵਿਚ ਜੁਟ ਗਏ। ਉਨ੍ਹਾਂ ਦੇ ਹਥਿਆਰ ਜ਼ਮੀਨ ਤੇ ਪਏ ਸਨ। ਗੋਰਿਆਂ ਨੇ ਇਸ ਨੂੰ ਚੰਗਾ ਮੌਕਾ ਸਮਝਿਆ ਅਤੇ ਉਨ੍ਹਾਂ ਨੇ ਅਰਦਾਸ ਵਿਚ ਖੜੇ ਸਿੱਖਾਂ ਉਤੇ ਪੱਥਰਾਂ ਦੀ ਬਾਰਸ਼ ਕਰ ਦਿੱਤੀ। ਅਰਦਾਸ ਦੀ ਸਮਾਪਤੀ ਤਕ ਸਿੱਖ ਅਹਿਲ ਖੜੇ ਪਥਰ ਖਾਂਦੇ ਰਹੇ ਪਰ ਅਰਦਾਸ ਪੂਰੀ ਹੋ ਚੁਕਣ ਮਗਰੋਂ ਉਨ੍ਹਾਂ ਜੈਕਾਰਾ ਗਜਾਇਆ ਤੇ ਵੱਡੀ ਹਮਲਾਆਵਰ ਭੀੜ ਤੇ ਟੁਟ ਪਏ। ਸਿੰਘਾਂ ਦੀ ਚੜ੍ਹਦੀਕਲਾ ਦੀ ਇਹ ਹਾਲਤ ਸੀ ਕਿ ਉਨ੍ਹਾਂ 20 ਸਰੀਰਾਂ ਨੇ ਸੈਂਕੜਿਆਂ ਨੂੰ ਅੱਗੇ ਲਗਾ ਲਿਆ ਤੇ ਚੰਗਾ ਕੁਟਾਪਾ ਚਾੜ੍ਹਿਆ ਤੇ ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਤਕ ਕੁਟਦੇ ਲੈ ਗਏ। ਅੰਤ ਉਨ੍ਹਾਂ

ਸ਼ਰਾਰਤੀ ਵਿਅਕਤੀਆਂ ਨੇ ਮਾਫੀ ਮੰਗੀ ਤੇ ਅੱਗੇ ਤੋਂ ਕਦੇ ਕਿਸੇ ਸਿੱਖ ਨਾਲ ਟਕਰ ਲੈਣ ਜਾਂ ਉਸ ਨਾਲ ਸ਼ਰਾਰਤ ਕਰਨ ਤੋਂ ਤੋਬਾ ਕੀਤੀ। ਇਹ ਗੱਲ ਫਰਵਰੀ 1908 ਦੀ ਹੈ। ਅਗਲੇ ਦਿਨ ਸਾਰੀਆਂ ਅਖ਼ਬਾਰਾਂ ਵਿਚ ਸਿੰਘਾਂ ਦੀ ਸੂਰਮਗਤੀ ਦੇ ਸੋਹਲੇ ਗਾਏ ਗਏ ਤੇ ਕੈਨੇਡੀਅਨ ਗੋਰਿਆਂ ਦੀ ਬੁਜ਼ਦਿਲੀ ਦਰਸਾਉਂਦੀਆਂ ਫੋਟੂਆਂ ਛਾਪੀਆਂ ਗਈਆਂ ਤੇ ਉਨ੍ਹਾਂ ਨੂੰ ਫਿਟਕਾਰਾਂ ਪਾਈਆਂ ਗਈਆਂ। ਇਸ ਘਟਨਾ ਦਾ ਅਸਰ ਇਹ ਹੋਇਆ ਕਿ ਅਮਰੀਕਾ ਤੇ ਕੈਨੇਡਾ ਦੋਹਾਂ ਦੇਸ਼ਾਂ ਵਿਚ ਸਿੰਘਾਂ ਦੀ ਬਹਾਦਰੀ ਦੀ ਧਾਂਕ ਜਮ ਗਈ ਤੇ ਸਭ ਲੋਕ ਇਨ੍ਹਾਂ ਨਾਲ ਸ਼ਰਾਰਤ ਜਾਂ ਵਧੀਕੀ ਕਰਨ ਤੋਂ ਪਹਿਲਾਂ ਦਸ ਵਾਰੀ ਅੰਜਾਮ (ਨਤੀਜੇ) ਬਾਰੇ ਸੋਚਦੇ। ਇਵੇਂ ਸਭ ਦੀ ਪੂਰੀ ਪੂਰੀ ਤਸੱਲੀ ਹੋ ਗਈ ਕਿ ਸਿੱਖ ਨਾ ਕਿਸੇ ਨੂੰ ਬੇਲੋੜਾ ਡਰਾਉਂਦੇ ਹਨ ਤੇ ਨਾ ਹੀ ਡਰਦੇ ਹਨ।

ਕੈਨੇਡੀਅਨ ਕਚਹਿਰੀ ਵਿਚ ਹਾਪਕਿਨਸਨ ਦੀ ਹੱਤਿਆ

ਕਾਮਾਗਾਟਾ ਮਾਰੂ ਸਾਕੇ ਵਿਚ ਹਾਪਕਿਨਸਨ ਨਾਮੀ ਇਕ ਪੁਲਿਸ ਅਫਸਰ ਦਾ ਬੜਾ ਮਾੜਾ ਰੋਲ ਰਿਹਾ। ਉਸ ਵਾਰਦਾਤ ਮਗਰੋਂ ਵੀ ਉਹ ਪੰਜਾਬੀਆਂ, ਭਾਰਤੀਆਂ ਤੇ ਸਿੱਖਾਂ ਨੂੰ ਬੇਲੋੜਾ ਤੰਗ ਕਰਦਾ ਰਹਿੰਦਾ। ਇਕ ਦਿਨ ਇਕ ਸਿੱਖ ਦੇ ਖਿਲਾਫ ਇਕ ਝੂਠੀ ਗਵਾਹੀ ਵਿਚ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਖੇ ਇਹ ਅਦਾਲਤ ਵਿਚ ਬਿਆਨ ਦੇ ਰਿਹਾ ਸੀ ਤਾਂ ਇਕ ਹੋਰ ਸਿੱਖ ਮੇਵਾ ਸਿੰਘ ਗਵਾਹੀ ਵਾਲੇ ਕਟਹਿਰੇ ਤੇ ਜਾ ਪਹੁੰਚਿਆ। ਉਸ ਨੇ ਹਾਪਕਿਨਸਨ ਨੂੰ ਸੰਬੋਧਨ ਕਰ ਕੇ ਕਿਹਾ ਕਿ ਤੂੰ ਅਦਾਲਤ ਵਿਚ ਸਰਾਸਰ ਝੂਠ ਬੋਲ ਰਿਹਾ ਏਂ ਇਸ ਦੀ ਸਜ਼ਾ ਤੈਨੂੰ ਮੈਂ ਦੇਂਦਾ ਹਾਂ। ਇਸ ਨਾਲ ਤੇਰੀ ਭਾਰਤ ਵਾਸੀਆਂ ਵਿਰੁੱਧ ਦੁਸ਼ਮਣੀ ਦਾ ਵੀ ਅੰਤ ਹੋ ਜਾਵੇਗਾ। ਇਹ ਕਹਿ ਕੇ ਉਸ ਨੇ ਉਸ ਦੀ ਛਾਤੀ ਵਿਚ ਗੋਲੀ ਮਾਰੀ ਤੇ ਉਸ ਨੂੰ ਸੋਧਿਆ। ਫਿਰ ਆਪ ਗ੍ਰਿਫਤਾਰ ਹੋਇਆ ਤੇ ਸਭ ਨੂੰ ਪਿਆਰ ਨਾਲ ਸੰਬੋਧਤ ਕਰਕੇ ਉਸ ਨੇ ਕਿਹਾ ਕਿ ਉਸ ਦਾ ਮਕਸਦ ਕਿਸੇ ਨਾਲ ਨਾਜਾਇਜ਼ ਵਧੀਕੀ ਕਰਨ ਦਾ ਨਹੀਂ, ਸਗੋਂ ਉਸ ਦਾ ਮਨੋਰਥ ਤਾਂ ਹਾਪਕਿਨਸਨ ਨੂੰ ਸਬਕ ਸਖਾਉਣਾ ਸੀ ਜੋ ਉਸਨੇ ਸਿਖਾ ਦਿੱਤਾ। ਹੁਣ ਉਹ ਗ੍ਰਿਫਤਾਰੀ ਲਈ ਤਿਆਰ ਹੈ। ਉਸ ਨੇ ਆਪਣਾ ਰੀਵਾਲਵਰ ਸੁਟ ਦਿੱਤਾ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

ਇਹ ਗੱਲ 1914 ਦੇ ਆਖਰੀ ਮਹੀਨਿਆਂ ਦੀ ਹੈ। ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਤੇ 11 ਜਨਵਰੀ 1915 ਨੂੰ ਉਸ ਨੂੰ ਫਾਂਸੀ ਹੋਈ। ਫਾਂਸੀ ਤੋਂ ਪਹਿਲਾਂ ਉਸ ਨੇ ਜੋ ਬਿਆਨ ਦਿੱਤਾ, ਉਹ ਇਵੇਂ ਹੈ: "ਮੇਰਾ ਧਰਮ ਮੈਨੂੰ ਇਹ ਨਹੀਂ ਸਿਖਾਉਂਦਾ ਕਿ ਮੈਂ ਕਿਸੇ ਵੀ ਵਿਅਕਤੀ ਦਾ ਵੈਰੀ ਬਣਾਂ ਭਾਵੇਂ ਉਸਦਾ ਧਰਮ, ਜ਼ਾਤ ਪਾਤ ਤੇ ਨਸਲ ਕੋਈ ਵੀ ਕਿਉਂ ਨਾ ਹੋਵੇ। ਉਸ ਅਨੁਸਾਰ ਮੇਰੀ ਹਾਪਕਿਨਸਨ ਨਾਲ ਕੋਈ ਦੁਸ਼ਮਣੀ ਨਹੀਂ ਪਰ ਉਹ ਮੇਰੇ ਦੇਸ਼ ਵਾਸੀਆਂ ਨੂੰ ਬਹੁਤ ਬੁਰੀ ਤਰ੍ਹਾਂ ਤੰਗ ਕਰਦਾ ਤੇ ਸਤਾਂਦਾ ਰਿਹਾ ਹੈ। ਗੁਰੂ ਦਾ ਸਿੱਖ ਹੋਣ ਕਾਰਨ ਮੈਂ ਇਹ ਬਰਦਾਸ਼ਤ ਨਾ ਕਰ ਸਕਿਆ ਕਿ ਕੋਈ ਕਿਸੇ ਨੂੰ ਅਕਾਰਨ ਪਰੇਸ਼ਾਨ ਕਰੇ ਅਤੇ ਇਵੇਂ ਕਰਕੇ ਕੈਨੇਡਾ ਦੇਸ਼ ਨੂੰ ਬਝ ਲਾ ਕੇ ਇਸ ਨਾਲ ਵੀ ਧੋਖਾ ਕਰੇ। ਇਸ ਲਈ ਇਸ ਨੂੰ ਕਤਲ ਕਰਕੇ ਮੈਂ ਇਕ ਸਚੇ ਸਿੱਖ ਵਜੋਂ ਆਪਣੇ ਫਰਜ਼ਾਂ ਦੀ ਪੂਰਤੀ ਕੀਤੀ ਹੈ ਅਤੇ ਮੈਂ ਫਾਂਸੀ ਤੇ ਲਟਕਣ ਲਗਿਆਂ ਪੂਰੇ ਸੰਤੋਖ ਵਾਲੀ ਬਿਰਤੀ ਵਿਚ ਰਹਿੰਦਾ ਹੋਇਆ ਪ੍ਰਭੂ ਚੇਤਨਾ ਵਿਚ ਮਖਮੂਰ ਹੋਵਾਂਗਾ ਅਤੇ ਆਤਮਿਕ

ਤੌਰ ਤੇ ਭਰਪੂਰ ਅਨੰਦ ਦੀ ਅਵਸਥਾ ਵਿਚ ਹੋਵਾਂਗਾ, ਐਨ ਉਸ ਤਰ੍ਹਾਂ ਜਿਵੇਂ ਕੋਈ ਭੁੱਖਾ ਬੱਚਾ ਆਪਣੀ ਮਾਂ ਦੀ ਝੋਲੀ ਵਿਚ ਦੁਧ ਪੀਂਦਿਆਂ ਮਹਿਸੂਸ ਕਰਦਾ ਹੈ। ਫਾਂਸੀ ਦੇ ਰੱਸੇ ਨੂੰ ਮੈਂ ਖੁਸ਼ੀ ਖੁਸ਼ੀ ਆਪਣੇ ਗਲੇ ਵਿੱਚ ਪਾਵਾਂਗਾ ਤੇ ਇਸ ਨੂੰ ਵਾਹਿਗੁਰੂ ਦੇ ਨਾਂ ਦੀ ਮਾਲਾ ਸਮਝਾਂਗਾ।" ਸ. ਮੇਵਾ ਸਿੰਘ ਦੇ ਇਨ੍ਹਾਂ ਸ਼ਬਦਾਂ ਨੇ ਸਾਰੇ ਪੱਛਮੀ ਸੰਸਾਰ ਦੇ ਰੋਂਗਟੇ ਖੜੇ ਕਰ ਦਿੱਤੇ ਤੇ ਅਖਬਾਰਾਂ ਨੇ ਇਕ ਵਾਰੀ ਫਿਰ ਵਧ ਚੜ੍ਹ ਕੇ ਲਿਖਿਆ ਕਿ ਸਿੱਖ ਦੂਜੇ ਦੇ ਹੱਕ ਇਨਸਾਫ ਦੀ ਪ੍ਰਾਪਤੀ ਲਈ ਆਪਣੀ ਜਾਨ ਤਲੀ ਤੇ ਧਰਨਾ ਜਾਣਦੇ ਹਨ। ਅਜਿਹਾ ਇਨ੍ਹਾਂ ਦੇ ਗੁਰੂਆਂ ਨੇ ਖੁਦ ਆਪ ਕਰਕੇ ਇਨ੍ਹਾਂ ਨੂੰ ਸਖਾਇਆ ਹੋਇਆ ਹੈ। ਸਖਤ ਸਰਦੀ ਤੇ ਬਰਫਬਾਰੀ ਦੇ ਮੌਸਮ ਵਿਚ ਵੀ ਸ. ਮੇਵਾ ਸਿੰਘ ਦੀ ਅਰਥੀ ਦਾ ਜਲੂਸ ਵੈਨਕੂਵਰ ਸ਼ਹਿਰ ਵਿਚ ਨਿਕਲਿਆ ਤੇ ਫਿਜ਼ਾ "ਸ਼ਹੀਦ ਮੇਵਾ ਸਿੰਘ ਅਮਰ ਰਹੇ" ਦੇ ਨਾਅਰਿਆਂ ਨਾਲ ਗਰਮਿਆਇਸ਼ ਵਿਚ ਆ ਗਈ।

ਇਹੋ ਜਹੀ ਹੀ ਬਹਾਦਰੀ ਦਾ ਪ੍ਰਦਰਸ਼ਨ ਕੁਝ ਸਾਲਾਂ ਮਗਰੋਂ ਸ. ਊਧਮ ਸਿੰਘ ਸੁਨਾਮੀ ਨੇ ਵੀ ਕੀਤਾ ਜਦ ਉਸ ਨੇ ਵਿਸ਼ੇਸ਼ ਤੌਰ ਤੇ ਇੰਗਲੈਂਡ ਜਾ ਕੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੇ ਹਤਿਆਰੇ ਜਨਰਲ ਡਾਇਰ ਦੀ ਪਿਠ ਠੋਕਣ ਵਾਲੇ ਉਸ ਸਮੇਂ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਓਡਵਾਇਰ ਨੂੰ ਗੋਲੀਆਂ ਨਾਲ ਭੁੰਨ ਕੇ ਆਪਣਾ ਗੀਵਾਲਵਰ ਪਬਲਿਕ ਵਿਚ ਸੁਟ ਦਿੱਤਾ ਤੇ 31 ਜੁਲਾਈ 1940 ਨੂੰ ਖੁਸ਼ੀ ਖੁਸ਼ੀ ਫਾਂਸੀ ਚੜ੍ਹ ਗਿਆ ਅਤੇ ਇਵੇਂ ਕੌਮ ਤੇ ਦੇਸ਼ ਦੀ ਸ਼ਾਨ ਨੂੰ ਦੁਬਾਲਾ (ਵਿਕਸਤ) ਕਰ ਗਿਆ। ਕਿਆ ਲਾਸਾਨੀ ਸੂਰਬੀਰਤਾ ਹੈ।

ਸਿੱਖਾਂ ਦੀ ਸੂਰਬੀਰਤਾ ਬਾਰੇ ਕਨਿੰਘਮ ਦੀ ਲਿਖਤ

ਪਿਛਲੇ ਪੰਨਿਆਂ ਵਿਚ ਇਤਿਹਾਸਕਾਰ ਕਨਿੰਘਮ ਦੇ ਇਕ ਦੋ ਵਾਰੀ ਸਰਸਰੀ ਹਵਾਲੇ ਆ ਚੁਕੇ ਹਨ। ਪਰ ਮੌਜੂਦ ਹਵਾਲਾ ਸਿੱਖਾਂ ਦੇ ਨਿਰਾਲੇ ਸੁਭਾਅ ਨਾਲ ਸਬੰਧਤ ਹੋਣ ਕਾਰਨ ਆਪਣੇ ਆਪ ਵਿਚ ਨਵੇਕਲਾਪਣ, ਨਵੀਨਤਾ ਤੇ ਮਹੱਤਤਾ ਰਖਦਾ ਹੈ ਜਿਹੜਾ ਸ਼ੇਰ ਦੂਲਿਆਂ ਦੇ ਬਹਾਦਰੀ ਭਰੇ ਵਸਫਾਂ ਤੇ ਚਾਨਣਾ ਪਾਉਂਦਾ ਹੈ। ਕਨਿੰਘਮ ਅਨੁਸਾਰ, "ਭਾਵੇਂ ਅੰਗਰੇਜ਼ਾਂ ਦੇ ਰਸਾਲੇ ਤੇ ਪੈਦਲ ਪਲਟਨਾਂ ਹਰ ਪਾਸੇ ਤੋਂ ਸਿੰਘਾਂ ਉਤੇ ਚੜ੍ਹੀਆਂ ਚਲੀਆਂ ਆ ਰਹੀਆਂ ਸਨ ਤੇ ਧਾਵੇ ਉਤੇ ਧਾਵਾ ਬੋਲ ਰਹੀਆਂ ਸਨ ਪਰ ਇਸ ਦਬਾ ਹੇਠ ਆ ਕੇ ਕਿਸੇ ਇਕ ਸਿੰਘ ਨੇ ਵੀ ਈਨ ਮੰਨਣੀ ਪਰਵਾਨ ਨਹੀਂ ਸੀ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਲੇਵਾ ਕਿਸੇ ਸਿੰਘ ਨੇ ਪਨਾਹ (ਸ਼ਰਨ) ਨਹੀਂ ਸੀ ਮੰਗੀ। ਉਨ੍ਹਾਂ ਨੇ ਗੋਰਾ ਫੌਜ ਦਾ ਹਰ ਥਾਂ ਆਹਮੋ ਸਾਹਮਣੇ ਹੋ ਕੇ ਡਟ ਕੇ ਮੁਕਾਬਲਾ ਕੀਤਾ ਤੇ ਪਿਠ ਹਰਗਿਜ਼ ਨਹੀਂ ਦਿਖਾਈ। ਬਹੁਤ ਸਾਰੇ ਸਿੰਘ ਇਕੱਲੇ ਇਕੱਲੇ ਹੀ ਅਨੇਕਾਂ ਵੈਰੀਆਂ ਨਾਲ ਜੂਝ ਕੇ ਸਾਹਮਣੇ ਦਿਸ ਰਹੀ ਮੌਤ ਦਾ ਸਵਾਗਤ ਕਰਨ ਹਿਤ ਅੱਗੇ ਅੱਗੇ ਕੁਦ ਪਏ। ਵਿਜੇਤਾ ਇਨ੍ਹਾਂ ਹਾਰਿਆਂ ਦਾ ਅਜਿੱਤ ਹੌਸਲਾ ਦੇਖ ਕੇ ਹੈਰਾਨ ਪ੍ਰੇਸ਼ਾਨ ਹੋ ਰਹੇ ਸਨ। ਜਦੋਂ ਸਿੰਘ ਬੇ-ਬਸ ਹੋ ਕੇ ਮਰ ਰਹੇ ਸਨ ਤਾਂ ਵੀ ਉਹ ਜੇਤੂਆਂ ਅੱਗੇ ਜਾਨ ਬਖਸ਼ੀ ਅਤੇ ਰਹਿਮ ਲਈ ਲਿਲਕੜੀਆਂ ਲੈਣ ਦੀ ਥਾਂ ਉਨ੍ਹਾਂ ਵਲ ਘੂਰੀਆਂ ਵਟ ਕੇ ਤੇ ਮੱਥੇ ਤੇ ਤਿਉੜੀਆਂ ਪਾ ਕੇ ਪੂਰੇ ਗੁੱਸੇ ਤੇ ਜੁੱਸੇ ਨਾਲ ਤਕਦੇ ਸਨ। ਅਜਿਹੀ ਮਰਦਾਨਗੀ ਭਰੀ ਦਲੇਰੀ ਦੇਖ ਕੇ ਹੈਰਾਨੀ ਦੇ ਕਾਰਨ ਗੋਰੇ ਫੌਜੀ ਉਨ੍ਹਾਂ ਤੇ ਵਾਰ ਕਰਨੋਂ ਰੁਕ ਜਾਂਦੇ।"

ਹੋਰ ਉਸਤਤ

ਸਬਰਾਓਂ ਦੀ ਜੰਗ ਦਾ ਹੀਰੋ **ਲੈਫਟੀਨੈਂਟ ਜਨਰਲ ਜੋਸਫ ਥੈਕਵੈਲ** ਸਿੱਖਾਂ ਬਾਰੇ ਇਵੇਂ ਲਿਖਦਾ ਹੈ :- ਸਿੱਖਾਂ ਲਈ ਇਹ ਕਹਿਣਾ ਵਾਜਬ ਬਣਦਾ ਹੈ ਕਿ ਉਹ ਬਹੁਤ ਬਹਾਦਰੀ ਨਾਲ ਲੜੇ। ਭਾਵੇਂ ਉਹ ਹਾਰ ਗਏ ਤੇ ਉਨ੍ਹਾਂ ਦੀ ਸ਼ਕਤੀ ਟੁਟ ਗਈ ਫਿਰ ਵੀ ਉਹ ਮੈਦਾਨ ਵਿਚੋਂ ਭਜੇ ਨਹੀਂ ਸਗੋਂ ਆਖਰੀ ਸਵਾਸ ਤਕ ਆਪਣੀਆਂ ਤਲਵਾਰਾਂ ਨਾਲ ਡਟ ਕੇ ਜੰਗ ਕਰਦੇ ਰਹੇ ਅਤੇ ਮੈਂ ਉਨ੍ਹਾਂ ਦੇ ਕਈ ਅਫਸਰਾਂ ਤੇ ਜਵਾਨਾਂ ਦੀ ਬਹਾਦਰੀ ਦੀਆਂ ਵਾਰਦਾਤਾਂ ਦੇਖ ਕੇ ਦੰਗ ਰਹਿ ਗਿਆ।

ਮੁਦਕੀ ਦੀ ਲੜਾਈ ਵਿਚ ਸਿੱਖਾਂ ਦੇ ਜੰਗੀ ਜੌਹਰ ਵੇਖ **ਕੇ ਐਮ. ਗਰੀਗਰ** ਇਹ ਲਿਖਣੋਂ ਨਾ ਰਹਿ ਸਕਿਆ ਕਿ ਮੁਦਕੀ ਦੀ ਲੜਾਈ ਵਿਚ ਇਹ ਸੱਪਸ਼ਟ ਸਿੱਧ ਹੋ ਗਿਆ ਕਿ ਬਰਤਾਨਵੀ ਫੌਜ ਨੇ ਆਪਣੇ ਜਿਤਨੇ ਵੀ ਦੁਸ਼ਮਣਾਂ ਨਾਲ ਜੰਗ ਕੀਤੀ ਹੈ, ਸਿੱਖ ਉਨ੍ਹਾਂ ਸਭ ਵਿਚੋਂ ਸਭ ਤੋਂ ਵਧੀਆ ਸੂਰਮੇ ਸਨ।

ਇਕ ਹੋਰ ਇਤਿਹਾਸਕਾਰ **ਹੰਟਰ** ਜਿਸ ਨੇ ਸਿੱਖਾਂ ਦੀ ਸੂਰਮਗਤੀ ਤੇ ਯੁਧ ਪੈਂਤੜੇ ਬਾਜ਼ੀ ਨੂੰ ਖੁਦ ਦੇਖਿਆ, ਨੇ ਕਿਹਾ ਹੈ ਕਿ ਹਠ ਤੇ ਧਾਰਮਿਕ ਪਾਹ ਜੋ ਸਿੱਖ ਫੌਜੀਆਂ ਵਿਚ ਦੇਖਣ ਨੂੰ ਮਿਲੀ ਹੈ ਇਸ ਦਾ ਕੋਈ ਹੋਰ ਸਾਨੀ ਨਹੀਂ ਹੋ ਸਕਦਾ। ਕਰਾਮਵੈੱਲ ਦੇ ਫੌਜੀ ਵੀ ਇਸ ਲਿਹਾਜ਼ ਨਾਲ ਉਨ੍ਹਾਂ ਤੋਂ ਅੱਗੇ ਨਹੀਂ ਸਨ।

1836 ਈ. ਵਿਚ ਆਪਣੀ ਪੰਜਾਬ ਫੇਰੀ ਸਮੇਂ **ਬੈਰਨ ਚਾਰਲਸ** ਹੁਗਲ ਨੇ ਸਿੱਖ ਫੌਜ ਨੂੰ ਦੇਖ ਕੇ ਆਪਣੀ ਪਰੇਖਣਾ ਇਵੇਂ ਦਿਤੀ: " ਸਿੱਖ ਫੌਜ ਬਹਾਦਰੀ ਦਾ ਫੁੱਲ ਤੇ ਸਮੇਂ ਦੀ ਸ੍ਰੇਸ਼ਠਤਾ ਦਾ ਪ੍ਰਤੀਕ ਹੈ।" **ਓਸ ਬੌਰਨ** ਨੇ 1838 ਵਿਚ ਸਿੱਖ ਸਿਪਾਹੀਆਂ ਬਾਰੇ ਆਪਣੇ ਹੈਰਾਨ ਕੁੰਨ ਨਿਮਨ ਬਚਨ ਕਹੇ ਕਿ, "ਸਿੱਖ ਸਿਪਾਹੀ ਇਕ ਫੌਜ ਖੜੀ ਕਰਨ ਲਈ ਦੁਨੀਆਂ ਵਿਚ ਸਭ ਤੋਂ ਬੇਤਰੀਨ ਸਮਗਰੀ ਹਨ।" **ਸਟੈਨਬਧ** ਉਕਤ ਕਥਨ ਦੀ ਪਰੋੜਤਾ ਕਰਦਾ ਆਪਣੇ ਕੋਲੋਂ ਹੋਰ ਵਾਧਾ ਇਵੇਂ ਕਰਦਾ ਹੈ:, "ਸਿੱਖ ਸਿਪਾਹੀ ਥੋੜ੍ਹੀ ਜਹੀ ਖੁਰਾਕ ਦੇ ਸਹਾਰੇ ਜ਼ਿੰਦਾ ਰਹਿ ਸਕਦਾ ਹੈ। ਉਹ ਬਹੁਤ ਭਾਰੀ ਥਕਾਨ ਨੂੰ ਬਰਦਾਸ਼ਤ ਕਰ ਸਕਦਾ ਹੈ ਅਤੇ ਉਤਨਾ ਪੰਧ ਤਹਿ ਕਰ ਸਕਦਾ ਹੈ ਜਿਤਨਾ ਤੁਰਕਮਾਨ ਦੇ ਤਾਤਾਰਾਂ ਤੋਂ ਇਲਾਵਾ ਹੋਰ ਕੋਈ ਤਹਿ ਨਹੀਂ ਕਰ ਸਕਦਾ।" **ਐਲੈਗਜ਼ੈਂਡਰ ਗਾਰਡਨਰ** ਬੜੇ ਫਖਰ ਨਾਲ ਇਸ ਗੱਲ ਦਾ ਵਰਨਣ ਕਰਦਾ ਹੈ ਕਿ ਉਸ ਦੇ ਤੋਪਖਾਨੇ ਵਿਚ ਇਕ ਸਿੱਖ ਫੌਜੀ ਅਜਿਹਾ ਵੀ ਸੀ ਜੋ ਕਈ ਵਾਰੀ ਲਾਹੌਰ ਤੋਂ ਜਮੂੰ ਤਕ ਸਰਕਾਰੀ ਸੰਦੇਸ਼ ਲੈ ਕੇ ਪੈਦਲ ਜਾਂਦਾ ਰਿਹਾ ਤੇ 36 ਘੰਟੇ ਵਿਚ ਵਾਪਸ ਲਾਹੌਰ ਪਰਤ ਆਉਂਦਾ ਰਿਹਾ ਜਦ ਕਿ ਲਾਹੌਰ ਤੋਂ ਜੰਮੂ ਸਭ ਤੋਂ ਘਟ ਪੈਂਡੇ ਵਾਲੇ ਰਾਹ ਮੁਤਾਬਕ 160 ਕਿਲੋਮੀਟਰ ਬਣਦਾ ਹੈ।
(ਉਕਤ ਸਾਰੇ ਹਵਾਲੇ ਸੋਲਜਰੀ ਟਰੈਡੀਸ਼ਨਜ਼ ਆਫ਼ ਸਿਖਜ਼ ਵਿਚੋਂ ਲਏ ਗਏ ਹਨ)

ਇਸੇ ਪੁਸਤਕ ਦਾ ਲੇਖਕ ਹਰੀ ਰਾਮ ਗੁਪਤਾ ਇਸੇ ਪੁਸਤਕ ਦੇ ਪੰਨਾ 14 ਤੇ ਸਿੱਖਾਂ ਦੇ ਕੁਝ ਹੋਰ ਵਸਫ ਦਸਦਾ ਹੈ ਜੋ ਸੰਖੇਪ ਵਿਚ ਇਵੇਂ ਹਨ : ਤੰਗ ਦਸਤੀ, ਬਦਕਿਸਮਤੀ, ਇਲਹਿਦਾ ਪੰਨ, ਤਿਆਗ, ਗਰੀਬੀ, ਮੰਦਹਾਲੀ, ਮਾਯੂਸੀ ਤੇ ਪਰੇਸ਼ਾਨੀ ਅਜਿਹੀਆਂ ਰਣਭੂਮੀਆਂ ਹਨ ਜਿਨ੍ਹਾਂ ਦੇ ਆਪਣੇ ਆਪਣੇ ਹੀਰੋ ਹਨ। ਅਪ੍ਤੱਖ ਹੀਰੋ ਜਾਣੇ ਪਛਾਣੇ ਤੇ ਪ੍ਰਸਿੱਧੀ ਪ੍ਰਾਪਤ ਹੀਰੋਜ਼ ਤੋਂ ਵੀ ਕਦੇ ਕਦੇ ਜ਼ਿਆਦਾ

ਪ੍ਰਸਿੱਧ ਹੋ ਨਿਬੜਦੇ ਹਨ। ਸਿੱਖਾਂ ਲਈ ਤਾਂ ਦੁਖ ਤਕਲੀਫ ਮਾਂ ਬਣ ਗਈ, ਪਰੇਸ਼ਾਨੀ ਨਰਸ ਬਣੀ, ਬਦਬਖਤੀ ਇਨ੍ਹਾਂ ਮਹਾਨ ਆਤਮਾਵਾਂ ਲਈ ਵਿਸ਼ਾਲ ਛਾਤੀ ਬਣ ਗਈ। ਇਸ ਸਾਰੇ ਕੁਝ ਨੇ ਆਤਮਾ ਤੇ ਮਨ ਦੀ ਸ਼ਕਤੀ ਨੂੰ ਜਨਮ ਦਿੱਤਾ। ਕੁਦਰਤ ਨੇ ਇਨ੍ਹਾਂ (ਸਿੱਖਾਂ) ਨੂੰ ਆਪਣੇ ਤੋਹਫਿਆਂ ਨਾਲ ਰਜ ਕੇ ਨਿਵਾਜਿਆ। ਉਨ੍ਹਾਂ ਦੀ ਰਿਸ਼ਟ ਪੁਸ਼ਟ ਸਿਹਤ, ਮਹਾਨ ਜੁੱਸਾ, ਬਾਹੂ ਬਲ ਨਾਲ ਭਰੇ ਡੌਹਲੇ, ਤਕੜੀਆਂ ਲੱਤਾਂ, ਚਮਕੀਲੀਆਂ ਅੱਖਾਂ, ਗਦ ਗਦ ਕਰਦੀਆਂ ਗੱਲ੍ਹਾਂ, ਕਾਲੇ ਸਿਆਹ ਕੇਸ, ਖਾਲਸ ਸਵਛ ਸਵਾਸ, ਕੁਦਰਤ ਦੇ ਉਨ੍ਹਾਂ ਨੂੰ ਪਰਦਾਨ ਕੀਤੇ ਅਨਮੋਲ ਤੋਹਫੇ ਸਨ।"

ਵੱਖ ਵੱਖ ਲੇਖਕਾਂ, ਸੂਕ੍ਸ਼ਮਿਆਂ, ਇਤਿਹਾਸਕਾਰਾਂ ਦੇ ਉਪਰ ਦਰਸਾਏ ਬਚਨ ਜੋ ਸਿੱਖਾਂ ਦੀ ਬਹੁ ਪਰਕਾਰੀ ਵਡਿੱਤਣ ਭਰਪੂਰ ਸ਼ਖਸੀਅਤ ਨੂੰ ਦਰਸਾਉਂਦੇ ਹਨ, ਸਾਬਤ ਕਰਦੇ ਹਨ ਕਿ ਸਿੱਖ ਸੰਤ-ਸਿਪਾਹੀ ਤੇ ਮਰਜੀਵੜੇ ਮਾਨਵ ਪ੍ਰੇਮੀ ਗੁਰਮੁਖ ਇਨਸਾਨ ਹਨ।

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

(ਧਨਾਸਰੀ ਮ-5, ਪੰਨਾ-667)

ਈਰਾਨ ਵਿਚ ਸਿੱਖ ਸ਼ਾਹਿਦਾਂ ਦੀ ਕਦਰਸ਼ਨਾਸੀ

ਖੁਮੈਨੀ ਨੇ ਈਰਾਨ ਦੇ ਜਿਸ ਸ਼ਹਿਨਸਾਹ ਰਜ਼ਾ ਪਹਿਲਵੀ ਦਾ ਤਖਤਾ ਉਲਟਾ ਕੇ ਉਸ ਨੂੰ ਜਲਾਵਤਨ ਕੀਤਾ ਸੀ ਉਸ ਦੇ ਪਿਓ ਰਜ਼ਾ ਸ਼ਾਹ ਦੇ ਵੇਲੇ ਦੀ ਗੱਲ ਹੈ। ਸਿੱਖ ਠੇਕੇਦਾਰਾਂ ਤੇ ਕਾਮਿਆਂ ਨੇ 1905 ਈ: ਵਿਚ ਈਰਾਨ ਦੇਸ਼ ਵਿਚ ਰੇਲਵੇ ਲਾਈਨ ਵਿਛਾਉਣ ਦਾ ਕੰਮ ਬਹੁਤ ਹੀ ਮਿਹਨਤ ਅਤੇ ਫੁਰਤੀ ਨਾਲ ਕੀਤਾ ਤੇ ਕੰਮ ਦੀ ਕੁਆਲਟੀ ਵਧੀਆ ਹੋਣ ਕਾਰਨ ਉਥੇ ਦੀ ਜਨਤਾ ਤੇ ਸ਼ਹਿਨਸ਼ਾਹ ਬਹੁਤ ਖੁਸ਼ ਹੋਏ। ਕਾਰਜ ਦੀ ਸਮਾਪਤੀ ਤੇ ਸਿੱਖਾਂ ਨੂੰ ਬੇਨਤੀ ਕੀਤੀ ਗਈ ਕਿ ਜੇਕਰ ਉਹ ਈਰਾਨ ਵਿਚ ਹੀ ਰਹਿਣਾ ਚਾਹੁੰਦੇ ਹਨ ਤਾਂ ਬੜੇ ਮਾਣ ਸਤਿਕਾਰ ਨਾਲ ਰਹਿ ਸਕਦੇ ਹਨ। ਆਪਣੇ ਖੁਲ੍ਹੇ ਡੁਲ੍ਹੇ ਸੁਭਾਅ ਕਾਰਨ ਬਹੁਤੇ ਸਿੱਖ ਠੇਕੇਦਾਰ ਤੇ ਵਰਕਰ ਉਥੇ ਹੀ ਰਹਿਣ ਲਗ ਪਏ। ਜਿਸ ਸ਼ਹਿਰ ਵਿਚ ਉਹ ਰਹਿਣ ਲਗ ਪਏ ਉਸ ਸ਼ਹਿਰ ਦੇ ਨਾਂ ਸੀ 'ਦੁਦਜ਼ਾਬ' ਜਿਸ ਦੇ ਜੋ ਅਰਥ ਕੀਤੇ ਜਾਣ ਤਾਂ ਉਹ 'ਚੋਰ ਪਾਣੀ' ਬਣਦੇ ਹਨ।

ਇਕ ਵਾਰੀ ਸ਼ਹਿਨਸ਼ਾਹ ਕਿਸੇ ਸਮਾਗਮ ਵਿਚ ਸ਼ਾਮਲ ਹੋਣ ਲਈ ਇਸ 'ਚੋਰ ਪਾਣੀ" ਵਾਲੇ ਸ਼ਹਿਰ ਦੁਦਜ਼ਾਬ ਆਇਆ। ਬਾਦਸ਼ਾਹ ਦੇ ਸਨਮਾਨ ਵਿਚ ਕਈ ਪਤਵੰਤੇ ਮੌਜੂਦ ਸਨ ਜਿਨ੍ਹਾਂ ਵਿਚ ਉਹ ਸਿੱਖ ਠੇਕੇਦਾਰ ਵੀ ਸਨ। ਬਾਦਸ਼ਾਹ ਨੇ ਉਨ੍ਹਾਂ ਨੂੰ ਦੇਖ ਕੇ ਆਪਣੇ ਵਜ਼ੀਰ ਕੋਲੋਂ ਪੁਛਿਆ ਕਿ ਇਹ ਵਿਅਕਤੀ ਕੌਣ ਹਨ? ਵਜ਼ੀਰ ਨੇ ਦੱਸਿਆ ਕਿ ਇਹ ਸਿੱਖ ਧਰਮ ਨਾਲ ਸਬੰਧਤ ਹਨ ਤੇ ਫਿਰ ਉਸਨੇ ਉਨ੍ਹਾਂ ਦੀਆਂ ਸੁੱਘੜ ਸੇਵਾਵਾਂ ਦਾ ਸੰਖੇਪ ਵਿਚ ਵਰਨਣ ਕੀਤਾ ਤੇ ਨਾਲ ਹੀ ਕਿਹਾ ਕਿ ਆਪਣੇ ਇਖਲਾਕੀ, ਸਭਿਆਚਾਰਕ, ਧਾਰਮਿਕ ਤੇ ਸਮਾਜਿਕ ਗੁਣਾਂ ਕਾਰਨ ਇਹ ਸਰਬ-ਸਰੇਸ਼ਠ ਇਨਸਾਨ ਹਨ। ਖੁਲ੍ਹੀ ਦਾਹੜੀ ਤੇ ਸਿਰ ਤੇ ਦਸਤਾਰ ਸਜਾ ਕੇ ਤਾਂ ਇਹ ਬਿਲਕੁਲ 'ਜ਼ਾਹਿਦ' ਦਰਵੇਸ਼, ਸੰਤ ਲਗਦੇ ਹਨ। ਬਾਦਸ਼ਾਹ ਸਿੱਖਾਂ ਬਾਰੇ ਇਤਨੇ

ਵਧੀਆ ਵਿਸ਼ੇਸ਼ ਕਥਨ ਸੁਣ ਕੇ ਬਹੁਤ ਖੁਸ਼ ਹੋਇਆ ਤੇ ਵਜ਼ੀਰ ਨੂੰ ਕਹਿਣ ਲਗਾ ਕਿ ਜਿਸ ਸ਼ਹਿਰ ਵਿਚ ਸਿੱਖਾਂ ਵਰਗੇ ਉਚ ਇਖਲਾਕ ਦੇ ਮਾਲਕ "ਜ਼ਾਹਿਦ" ਰਹਿੰਦੇ ਹੋਣ ਉਸ ਸ਼ਹਿਰ ਨਾਲ 'ਚੋਰ' ਸ਼ਬਦ ਕਿਸੇ ਵੀ ਹਾਲਤ ਵਿੱਚ ਨਹੀਂ ਫਬਦਾ। ਇਸ ਲਈ ਇਨ੍ਹਾਂ ਸਿੱਖਾਂ ਦੇ ਸਤਿਕਾਰ ਵਿਚ ਮੈਂ ਇਸ ਸ਼ਹਿਰ ਦਾ ਨਾਂ ਦੁਦਜ਼ਾਬ ਤੋਂ ਬਦਲ ਕੇ ਜ਼ਹਿਦਾਨ ਰਖਦਾ ਹਾਂ ਜਿਸ ਦਾ ਭਾਵ ਦਰਵੇਸ਼ਾਂ, ਸੰਤਾਂ, ਸ਼ੁਭ-ਕਰਮੀਆਂ ਦਾ ਸ਼ਹਿਰ ਹੋਵੇਗਾ। ਸ਼ਹਿਰ ਅਤੇ ਸਿੱਖਾਂ ਦੋਹਾਂ ਲਈ ਇਹ ਯੋਗ ਮਾਣ ਵਾਲੀ ਗੱਲ ਹੋਵੇਗੀ। ਇਸ ਘਟਨਾ ਨਾਲ ਉਸ ਸ਼ਹਿਰ ਦਾ ਨਾਂ ਜ਼ਹਿਦਾਨ ਪੈ ਗਿਆ ਜਿਹੜਾ ਅੱਜ ਵੀ ਤਹਿਰਾਨ ਤੋਂ ਮਗਰੋਂ ਈਰਾਨ ਦਾ ਇਕ ਪ੍ਰਮੁਖ ਸ਼ਹਿਰ ਹੈ ਤੇ ਹਾਲੇਂ ਵੀ ਉਥੇ ਸਿੱਖਾਂ ਦੀ ਵਸੋਂ ਬਹੁਤ ਵਧ ਹੋਣ ਕਾਰਨ ਉਨ੍ਹਾਂ ਦਾ ਰਵਾਇਤੀ ਮਾਣ ਸਤਿਕਾਰ ਬਣਿਆ ਹੋਇਆ ਹੈ ਅਤੇ ਉਨ੍ਹਾਂ ਦੇ ਉਤਮ ਸੁਭਾਅ ਦੇ ਗੁਣ ਗਾਏ ਜਾਂਦੇ ਹਨ।

ਗੁਰਿ ਪੂਰੇ ਮੇਰੀ ਰਾਖਿ ਲਈ॥ (ਮ 5, ਪੰਨਾ-823)

ਰਾਜਾ ਖੁਸ਼ਹਾਲ ਚੰਦ ਤੇ ਖਾਲਸੇਈ ਸੁਭਾਅ

ਖਾਲਸਾ ਜੀ ਦੇ ਸੁਭਾਅ ਤੇ ਖਾਲਸੇ ਦੇ ਗੁਣਾਂ ਨੂੰ ਜਿਸ ਨੇ ਵੀ ਜਾਣਿਆ ਹੈ, ਭਰਪੂਰ ਰੂਪ ਵਿਚ ਸਲਾਹਿਆ ਹੈ। ਈਰਾਨ ਦੇਸ਼ ਵਿਚ ਇਨ੍ਹਾਂ ਦੀਆਂ ਉਤਸ਼ਾਹੀ ਤੇ ਪਾਕੀਜ਼ਾ ਸਰਗਰਮੀਆਂ ਕਾਰਨ ਇਨ੍ਹਾਂ ਦੇ ਸੁਭਾਅ ਦੀ ਉਥੇ ਬਹੁਤ ਤਾਰੀਫ ਕੀਤੀ ਜਾਂਦੀ ਹੈ ਅਡੇ ਚਲਦੇ ਪਰਸੰਗ ਵਿਚ ਇਨ੍ਹਾਂ ਦੇ ਸੁਭਾਅ ਦਾ ਕਿਉਂਕਿ ਜ਼ਿਕਰ ਚਲ ਰਿਹਾ ਹੈ ਇਸ ਲਈ 18ਵੀਂ ਸਦੀ ਦੇ ਕਵੀ ਤੇ ਲੇਖਕ ਸ੍ਰੀ ਖੁਸ਼ਹਾਲ ਚੰਦ ਦੀ ਕਵਿਤਾ "ਖਾਲਸਾ ਜੀ ਦਾ ਸੁਭਾਵ" ਦਾ ਇਥੇ ਵਰਨਣ ਕਰਨਾ ਢੁਕਵਾਂ ਹੋਵੇਗਾ।

ਗੁਰ ਪੀਰ ਜੇਤੇ ਜਗਤ ਕੇ, ਨਾਨਕ ਕਾ ਊਂਚਾ ਪੰਥ ਹੈ।
ਜਿਨ ਪ੍ਰੇਮ ਮਾਰਗ ਦ੍ਰਿੜ ਕੀਆ, ਸਿਮਰਨ ਬਤਾਇਆ ਨਾਮ ਕਾ।
ਪਰ ਮਨ ਕੋ ਰਾਜ਼ੀ ਰਖਨਾ, ਯਿਹ ਗੁਰ ਸਿਖੋਂ ਕੀ ਰੀਤ ਹੈ,
ਜੀ ਜਾਨ ਤਨ ਮਨ ਅਰਪਨਾ, ਸਰਫਾ ਨਾ ਕਰਨਾ ਦਾਮ ਕਾ।
ਸਭ ਹੁਕਮ ਕੇ ਬਸ ਜਾਨਨਾ, ਕੁਛ ਊਚ ਨੀਚ ਨਾ ਮਾਨਨਾ,
ਸੰਸਾ ਨਾ ਕਰਨਾ ਕਸ਼ਟ ਕਾ, ਹਰਖ ਨਹੀਂ ਅਰਾਮ ਕਾ।
ਉਪਦੇਸ਼ ਸੁਨ ਸਤਿਗੁਰੂ ਕਾ, ਦੁਬਿਧਾ ਮਿਟਾਨੇ ਜੀ ਕੀ,
ਨਾ ਦੂਖ ਬਿਆਪੇ ਆਮ ਕਾ, ਨਾ ਸੂਖ ਉਪਜੇ ਸ਼ਾਮ ਕਾ।
ਜਿਨ ਬੇਦ ਪੁਰਾਨ ਬੀਚਾਰ ਕਰ, ਖਟ ਸ਼ਾਸਤਰ ਸੁਨੇ ਧਿਆਨ ਧਰ,
ਤੀਰਥ ਕੀਏ, ਸਰਬੰਸ ਦੀਏ, ਸੇਵਾਦਾਰ ਬਨ ਨਿਸ਼ਕਾਮ ਕਾ।

.....

ਡੋਲਨ ਤੇ ਰਾਖਹੁ ਪ੍ਰਭੂ
ਨਾਨਕ ਦੇ ਕਰਿ ਹਥ॥ (ਮ-5, ਪੰਨਾ-256)

ਸਿੰਧ ਪਾਕਿਸਤਾਨ ਵਿਚ ਸਿੰਘਾਂ ਦਾ ਬੁਕਣਾ

ਪਾਕਿਸਤਾਨ ਇਕ ਇਸਲਾਮਿਕ ਦੇਸ਼ ਹੈ ਇਸ ਲਈ ਗ਼ੈਰ-ਮੁਸਲਮ ਵਸਨੀਕਾਂ

ਨੂੰ ਉਥੇ ਕਈ ਵਾਰੀ ਬਹੁਤ ਸਿਤਮ ਜ਼ਰੀਫੀਆਂ (ਵਧੀਕੀਆਂ) ਝਲਣੀਆਂ ਪੈਂਦੀਆਂ ਹਨ। ਉਸ ਦੇਸ਼ ਦੇ ਸਿੰਧ ਪ੍ਰਾਂਤ ਵਿਚ ਹਿੰਦੂਆਂ ਦੀ ਗਿਣਤੀ ਕਾਫੀ ਹੈ। ਕਈ ਸਾਲ ਪਹਿਲੇ ਦੀ ਗੱਲ ਹੈ ਕਿ ਜਦ ਉਹ ਆਪਣੇ ਨੇਮ ਅਨੁਸਾਰ ਭਜਨ ਬੰਦਗੀ ਕਰਦੇ ਸਨ ਤਦ ਸ਼ਰਾਰਤੀ ਮੁਸਲਮਾਨ ਮੁੰਡੇ ਉਨ੍ਹਾਂ ਦੇ ਸਮਾਗਮਾਂ ਵਿਚ ਆ ਖਰੂਦ ਮਚਾਂਦੇ ਤੇ ਪਲਾਂ ਪਲਾਂ ਵਿਚ ਸਭ ਸਤਿਆਨਾਸ ਕਰ ਜਾਂਦੇ। ਸਰਕਾਰ ਵੀ ਉਤੋਂ ਉਤੋਂ ਹੀ ਇਨ੍ਹਾਂ ਦੇ ਅਥਰੂ ਪੂੰਝਦੀ ਪਰ ਬਣਦਾ ਕੁਝ ਨਾ। ਹਾਲਤ ਤੋਂ ਦੁਖੀ ਹੋ ਕੇ ਉਥੋਂ ਦੇ ਸਿੰਧੀ ਵੀਰਾਂ ਨੇ ਫੈਸਲਾ ਕੀਤਾ ਕਿ ਜੇ ਅਸੀਂ ਅਣਖ ਦਾ ਜੀਵਨ ਜੀਣਾ ਹੈ ਤਾਂ ਸਾਨੂੰ ਆਪਣੇ ਬੱਚੇ ਸਿੱਖ ਸਜਾਉਣੇ ਚਾਹੀਦੇ ਹਨ। ਇਸ ਫੈਸਲੇ ਤੇ ਅਮਲ ਕਰਨ ਲਈ ਪੰਜ ਨੌਜਵਾਨ ਸਿੰਧੀ ਲੜਕੇ ਭਾਰਤ ਭੇਜੇ ਗਏ। ਇਥੇ ਉਨ੍ਹਾਂ ਨੇ ਪੂਰਾ ਸਿੱਖੀ ਬਾਣਾ ਤੇ ਮਰਿਆਦਾ ਗ੍ਰਹਿਣ ਕੀਤੀ ਤੇ ਬਹੁਤ ਹੀ ਚੜ੍ਹਦੀਕਲਾ ਦੇ ਧਾਰਨੀ ਬਣ ਕੇ ਵਾਪਸ ਪਾਕਿਸਤਾਨ ਪਰਤੇ।

ਗੁਰਪੁਰਬ ਦਾ ਸਮਾਗਮ ਸੀ ਜਿਸ ਨੂੰ ਉਨ੍ਹਾਂ ਨੇ ਆਪਣੇ ਇਲਾਕੇ ਵਿਚ ਬੜੀ ਧੂਮ ਧਾਮ ਨਾਲ ਮਨਾਉਣਾ ਸ਼ੁਰੂ ਕੀਤਾ। ਸ਼ਰਾਰਤੀ ਮੁੰਡੇ ਆਪਣੀ ਆਦਤ ਅਨੁਸਾਰ ਛੇੜਖਾਨੀ ਕਰਨ ਆਏ ਪਰ ਉਹ ਨਵੇਂ ਸਜੇ ਪੰਜ ਖਾਲਸੇ ਉਨ੍ਹਾਂ ਉਤੇ ਟੁਟ ਪਏ ਤੇ ਉਨ੍ਹਾਂ ਦੀਆਂ ਧੱਜੀਆਂ ਉਡਾ ਦਿੱਤੀਆਂ। ਜਦ ਸ਼ਰਾਰਤੀਆਂ ਨੂੰ ਮਾਰ ਪਈ ਤਾਂ ਅਗਲੇ ਦਿਨ ਸਰਕਾਰ ਵੀ ਜਾਗੀ। ਸਭ ਨੇ ਸਿੰਧੀ ਵੀਰਾਂ ਦਾ ਸਾਥ ਦਿੱਤਾ ਤੇ ਇਨ੍ਹਾਂ ਦੀ ਚੜਤ ਵਧੀ, ਇਜ਼ਤ ਬਹਾਲ ਹੋਈ। ਇਸ ਦੀ ਦੇਖੋ ਦੇਖੀ ਨਵੀਂ ਨਸਲ ਸਿੱਖ ਸਜਣੀ ਸ਼ੁਰੂ ਹੋ ਗਈ ਜਿਸ ਨਾਲ ਉਥੇ ਘਟ ਗਿਣਤੀ ਦੇ ਲੋਕਾਂ ਵਿਚ ਸਵੈ-ਭਰੋਸਗੀ ਵਧਣੀ ਸੁਭਾਵਕ ਸੀ।

ਸਭੁ ਕੁਛ ਵਰਤੈ ਤਿਸ ਕਾ ਕੀਆ॥
ਜੈਸਾ ਕਰੇ ਤੈਸਾ ਕੋ ਥੀਆ॥ (ਸੁਖਮਨੀ ਮ-5, ਪੰਨਾ-280)

ਅ.ਫ.ਗਾਨਿਸਤਾਨ ਵਿੱਚ ਸਿੱਖ ਪ੍ਰਭਾਵ 'ਚੁਪ ਕਰ ਹਰੀਆ ਰਾਘਲੇ'

ਹਿੰਦ ਵਾਸੀਆਂ ਦੇ ਮੰਦਹਾਲੀ ਭਰੇ ਸਿਆਸੀ ਜੀਵਨ ਕਾਰਨ ਬਾਹਰਲੇ ਦੇਸ਼ਾਂ ਦੇ ਜਰਵਾਣੇ ਇਨ੍ਹਾਂ ਦੀ ਅਮੀਰੀ ਨੂੰ ਲੁਟਣ ਲਈ ਸਮੇਂ ਸਮੇਂ ਤੇ ਹਮਲੇ ਕਰਦੇ ਰਹੇ ਤੇ ਮਾਲਾ ਮਾਲ ਹੁੰਦੇ ਰਹੇ। ਪਠਾਣ ਕਬਾਇਲੀਆਂ ਨੂੰ ਇਸ ਲੁਟ ਦਾ ਤਾਂ ਚਸਕਾ ਜਿਹਾ ਪੈ ਗਿਆ। ਉਨ੍ਹਾਂ ਦਾ ਜਦ ਵੀ ਜੀ ਕਰਦਾ ਕੁਝ ਲੁਟੇਰੇ ਇਕੱਠੇ ਕਰਦੇ ਤੇ ਪੰਜਾਬ ਰਾਹੀਂ ਭਾਰਤ ਤੇ ਟੁੱਟ ਪੈਂਦੇ ਤੇ ਖਰੂਦ ਮਚਾ ਕੇ ਲੁਟ ਘਸੁਟ ਕਰਕੇ ਇਥੇ ਦੇ ਲੋਕਾਂ ਦਾ ਜੀਵਨ ਨਰਕ ਵਿਚ ਬਦਲ ਜਾਂਦੇ। ਨਾਦਰ ਸ਼ਾਹ ਦੁਰਾਨੀ, ਅਹਿਮਦਸ਼ਾਹ ਅਬਦਾਲੀ ਅਜਿਹੇ ਹੀ ਧਾੜਵੀ ਸਨ ਜਿਨ੍ਹਾਂ ਆਪਣੇ ਆਪਣੇ ਜੀਵਨ ਕਾਲ ਵਿਚ ਕਈ ਕਈ ਹਮਲੇ ਕਰਕੇ ਸਾਡੇ ਦੇਸ਼ ਦੀ ਖੁਸ਼ਹਾਲੀ ਤੇ ਸ਼ਾਂਤੀ ਨੂੰ ਤਹਿਸ ਨਹਿਸ ਕੀਤਾ। ਅਹਿਮਦਸ਼ਾਹ ਦੇ ਹਮਲਿਆਂ ਦੀ ਬਹੁਤਾਤ ਨੂੰ ਦੇਖਦਿਆਂ ਤਾਂ ਇਹ ਕਹਾਵਤ ਪਰਚਲਤ ਹੋ ਗਈ ਸੀ ਕਿ :-

ਖਾਧਾ ਪੀਤਾ ਲਾਹੇ ਦਾ ,
ਬਾਕੀ ਅਹਿਮਦ ਸ਼ਾਹੇ ਦਾ।

ਭਾਵ ਇਹ ਕਿ ਜੋ ਕਮਾਓ ਉਹ ਖਾ ਪੀ ਜਾਓ, ਜੋੜਨ ਦੀ ਲੋੜ ਨਹੀਂ ਕਿਉਂਕਿ ਅਹਿਮਦਸ਼ਾਹ ਅਬਦਾਲੀ ਨੇ ਹਮਲਾ ਕਰਕੇ ਸਭ ਕੁਝ ਲੁਟ ਕੇ ਲੈ ਜਾਣਾ ਹੈ। ਇਹ ਹਾਲਤ 18ਵੀਂ ਸਦੀ ਦੇ ਛੇਵੇਂ ਸਤਵੇਂ ਦਹਾਕੇ ਤਕ ਦੀ ਸੀ ਪਰ ਜਦ ਸਿੰਘਾਂ ਨੇ ਆਪਣੀ ਤਾਕਤ ਇੱਕਠੀ ਕਰਕੇ ਅਹਿਮਦਸ਼ਾਹ ਦਾ ਰਾਹ ਰੋਕਿਆ ਤਾਂ ਇਤਿਹਾਸ ਨੇ ਬੜਾ ਹੈਰਾਨੀ ਜਨਕ ਪਲਟਾ ਖਾਧਾ।

ਸਿੱਖਾਂ ਨੂੰ ਉਹ ਰਾਹ ਪਤਾ ਸਨ ਜਿਨ੍ਹਾਂ ਤੋਂ ਇਹ ਜਰਵਾਣੇ ਆਉਂਦੇ ਸਨ, ਉਹ ਇਲਾਕੇ ਪਤਾ ਸਨ ਜਿਥੇ ਇਹ ਰਹਿੰਦੇ ਸਨ ਇਸ ਲਈ ਇਨ੍ਹਾਂ ਦੀਆਂ ਭਾਰਤ ਮਾਰੂ ਸਰਗਰਮੀਆਂ ਨੂੰ ਸਦਾ ਸਦਾ ਲਈ ਖਤਮ ਕਰਨ ਲਈ ਸਿੰਘਾਂ ਨੇ ਕਾਬਲ, ਕੰਧਾਰ, ਜਮਰੌਦ, ਪਸ਼ੌਰ ਤੇ ਦਰਾ ਖ਼ੈਬਰ ਤਕ ਜਾ ਕੇ ਪਠਾਣਾਂ ਨੂੰ ਸੋਧਿਆ। ਹਰੀ ਸਿੰਘ ਨਲੂਏਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਇਨ੍ਹਾਂ ਨੂੰ ਨਥ ਹੀ ਨਹੀਂ ਪਾਈ ਸਗੋਂ ਲੋਹੇ ਦੇ ਚਨੇ ਵੀ ਚਬਾਏ। ਇਸ ਦਾ ਅਜਿਹਾ ਦਬਦਬਾ ਬਣਿਆ ਕਿ ਪਠਾਣੀ ਔਰਤਾਂ ਸਿੱਖਾਂ ਦੇ ਨਾਂ ਤੋਂ ਸਹਿਮਣ ਲਗ ਪਈਆਂ। ਉਹ ਆਪਣੇ ਰੋਂਦੇ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਉਨ੍ਹਾਂ ਨੂੰ ਡਰਾਂਦਿਆਂ ਹੋਇਆਂ ਕਹਿੰਦੀਆਂ "ਚੁੱਪ ਕਰ ਹਰੀਆ (ਹਰੀ ਸਿੰਘ ਨਲੂਆ) ਰਾਘਲੇ ਭਾਵ ਆਇਆ ਹੀ।" ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਸਿੰਘਾਂ ਦੀ ਬਹਾਦਰੀ ਦੀ ਧਾਂਕ ਉਨ੍ਹਾਂ ਮਨਾਂ ਵਿਚ ਵੀ ਘਰ ਕਰ ਗਈ ਜਿਹੜੇ ਹਮੇਸ਼ਾ ਹਿੰਦੁਸਤਾਨ ਨੂੰ ਲੁਟਣਾ ਆਪਣਾ ਸ਼ੁਗਲ ਤੇ ਸ਼ੌਕ ਸਮਝਦੇ ਰਹੇ ਸਨ। ਇਸ ਤੋਂ ਵੱਡੀ ਕਮਾਲ ਤੇ ਕਰਾਮਾਤ ਹੋਰ ਕੀ ਹੋ ਸਕਦੀ ਹੈ ਜੋ ਸਿੰਘਾਂ ਨੇ ਕਰ ਵਿਖਾਈ। ਪਠਾਣ, ਸਿੰਘਾਂ ਦੀ ਇਸ ਮਾਰ ਤੋਂ ਮਗਰੋਂ ਵੀ ਭਾਰਤ ਵਿਚ ਆਉਂਦੇ ਰਹੇ ਪਰ ਫਿਰ ਇਧਰ ਭੇਡ ਬਕਰੀਆਂ ਚਰਾਉਣ ਆਉਂਦੇ, ਆਪਣੇ ਮੁਲਕ ਦੀ ਠੰਡ ਤੋਂ ਦੁਖੀ ਹੋ ਕੇ ਸਾਡੀਆਂ ਲਕੜਾਂ ਚੀਰਦੇ ਜਾਂ ਫਿਰ ਹਿੰਗ ਮਸਾਲੇ ਵੇਚ ਕੇ ਆਪਣਾ ਡੰਗ ਟਪਾ ਜਾਂਦੇ। ਸਿੰਘਾਂ ਨੇ ਆਪਣੇ ਬਾਹੂ ਬਲ ਨਾਲ ਉਨ੍ਹਾਂ ਦੀ ਉਹ ਸੂਰਮਗਤੀ ਲਜਤ ਕਰ ਦਿਤੀ, ਜਿਸ ਤੇ ਬਾਬਰ ਜਾਂ ਉਸ ਤੋਂ ਮਗਰੋਂ ਆਏ ਪਠਾਣ ਧਾੜਵੀ ਕਿਸੇ ਸਮੇਂ ਮਾਣ ਕਰਦੇ ਸਨ।

ਨਦਰਿ ਉਪਠੀ ਜੇ ਕਰੇ
ਸੁਲਤਾਨਾ ਘਾਹੁ ਕਰਾਇਦਾ॥ (ਮ-1, ਪੰਨਾ-472)

ਇਹ ਸਭ ਕੁਝ ਸਿੰਘ ਸੂਰਮਿਆਂ ਦੇ ਜੁਸੇ ਦਾ ਪ੍ਰਤਾਪ ਹੈ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਨ੍ਹਾਂ ਨੂੰ ਪਰਦਾਨ ਕਰਦਿਆਂ ਉਨ੍ਹਾਂ ਨੂੰ ਚੜ੍ਹਦੀਕਲਾ ਦਾ ਵਰਦਾਨ ਬਖਸ਼ਿਆ।

ਮਲੇਸ਼ੀਆ ਦੇਸ਼ ਵਿਚ ਸਿੰਘਾਂ ਦਾ ਬੋਲ ਬਾਲਾ

ਜਿਥੇ ਤਕ ਮਲੇਸ਼ੀਆ ਦੇਸ਼ ਦਾ ਸਬੰਧ ਹੈ ਉਥੇ ਸਿੱਖਾਂ ਦੀ ਬਹੁਤ ਕਦਰ ਹੈ। ਉਨ੍ਹਾਂ ਦੇ ਉਚੇ ਸੁਚੇ ਇਖਲਾਕ ਨੂੰ ਦੇਖ ਕੇ ਉਥੇ ਉਨ੍ਹਾਂ ਦੀ ਗਵਾਹੀ ਨੂੰ ਸੱਚਾ ਮੰਨਿਆ ਜਾਂਦਾ ਹੈ। ਕੋਈ ਵੀ ਸਿੱਖ ਚੋਰੀ, ਡਾਕੇ ਜਾਂ ਕਿਸੇ ਹੋਰ ਵੱਡੇ ਜੁਰਮ ਵਿਚ ਹਾਲੇ ਤਕ ਸ਼ਾਮਲ ਨਹੀਂ ਹੋਇਆ ਜਿਸ ਕਾਰਨ ਸਰਕਾਰ ਇਨ੍ਹਾਂ ਨੂੰ ਭਰੋਸੇਯੋਗ ਸਦਾਚਾਰੀ ਮਨੁੱਖ ਸਮਝਦੀ ਹੈ। ਇਨ੍ਹਾਂ ਦੇ ਧਾਰਮਿਕ ਜਜ਼ਬੇ ਦੀ ਕਦਰਸ਼ਨਾਸੀ ਵਿਚ

ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਉਤਸਵ ਅਤੇ ਖਾਲਸੇ ਦੇ ਜਨਮ ਦਿਵਸ, ਵਿਸਾਖੀ ਤੇ ਕੌਮੀ ਛੁਟੀਆਂ ਕੀਤੀਆਂ ਜਾਂਦੀਆਂ ਹਨ। ਖਾਲਸੇ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ ਨਾਲ ਸਬੰਧਤ 1999 ਦੀ ਵਿਸਾਖੀ ਤੇ ਤਾਂ ਇਥੇ ਤਕ ਵੀ ਕਿਹਾ ਗਿਆ ਹੈ ਕਿ ਇਸ ਦੇਸ਼ ਦੇ ਉਚਤਮ ਸਰਬਰਾਹਾਂ ਨੇ ਹਵਾਈ ਜਹਾਜ਼ ਵਿਚ ਆਪ ਸਵਾਰ ਹੋ ਕੇ ਸਿੱਖ ਸੰਗਤਾਂ ਦੇ ਨਗਰ ਕੀਰਤਨ ਤੇ ਫੁੱਲਾਂ ਦੀ ਵਰਖਾ ਕਰਕੇ ਸਿੱਖ ਕੌਮ ਦਾ ਭਰਵਾਂ ਸਨਮਾਨ ਕੀਤਾ। ਮਲੇਸ਼ੀਆ ਦੇ ਪਰਸ਼ਾਸਨ ਵਿਚ ਵੀ ਸਿੱਖ ਆਪਣੇ ਉਚੇ ਸੁਚੇ ਜੀਵਨ ਕਾਰਨ ਬਹੁਤ ਵੱਡੇ ਵੱਡੇ ਰੁਤਬਿਆਂ ਤੇ ਨਿਯੁਕਤ ਹੋ ਕੇ ਜਨ ਸਾਧਾਰਨ ਦੀ ਸੇਵਾ ਕਰ ਕੇ ਜਸ ਖੱਟ ਰਹੇ ਹਨ।

ਸਚੁ ਕਰਣੀ ਅਭਅੰਤਰਿ ਸੇਵਾ
ਮਨੁ ਤ੍ਰਿਪਤਾਸਿਆ ਅਲਖ ਅਭੇਵਾ॥ (ਗਉੜੀ ਮ-1, ਪੰਨਾ-224)

ਥਾਈਲੈਂਡ ਵਿੱਚ ਸਿੰਘਾਂ ਦੀ ਚੜ੍ਹਤ

ਇਕ ਗੱਲ ਪੱਕੀ ਹੈ ਕਿ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਜਿਥੇ ਵੀ ਗਏ ਹਨ ਉਨ੍ਹਾਂ ਨੇ ਆਪਣੀ ਮਿਹਨਤ, ਮੁੱਸ਼ਕਤ, ਈਮਾਨਦਾਰੀ, ਉਦਮਸ਼ੀਲਤਾ ਤੇ ਹਿੰਮਤ ਨਾਲ ਉਥੇ ਨਾਮਣਾ ਖਟਿਆ ਹੈ। ਅਫਰੀਕਾ, ਏਸ਼ੀਆ, ਯੂਰਪ ਤੇ ਅਮਰੀਕਾ ਮਹਾਂਦੀਪਾਂ ਦੇ ਲਗਭਗ ਸਾਰਿਆਂ ਦੇਸ਼ਾਂ ਵਿਚ ਸਿੱਖ ਅੱਜ ਤੋਂ 100, 100 ਸਾਲ ਪਹਿਲੇ ਦੇ ਅਬਾਦ ਹਨ ਅਤੇ ਇਤਨੇ ਸਮੇਂ ਦੀ ਵਿਥ ਨੇ ਵੀ ਇਨ੍ਹਾਂ ਨੂੰ ਆਪਣੇ ਮੂਲ ਸਰੋਤ ਨਾਲ ਆਪਣੇ ਆਪ ਨੂੰ ਬਹੁਤ ਨੇੜਲੇ ਰੂਪ ਵਿਚ ਜੋੜਿਆ ਹੋਇਆ ਹੈ। ਥਾਈਲੈਂਡ ਇਕ ਐਸਾ ਦੇਸ਼ ਹੈ ਜਿਥੇ ਨਾਮਧਾਰੀ ਸਿੱਖ ਬਹੁਤ ਗਿਣਤੀ ਵਿਚ ਵਸੇ ਹੋਏ ਹਨ। ਬਾਕੀ ਸਿੱਖ ਤਾਂ ਸ਼ਾਇਦ ਬਾਹਰਲੇ ਦੇਸ਼ ਵਿਚ ਜਾ ਕੇ ਉਥੇ ਦੇ ਜਾਂ ਪਛਮੀ ਪਹਿਰਾਵੇ ਦੇ ਸ਼ੌਕੀਨ ਹੋ ਜਾਣ ਪਰ ਨਾਮਧਾਰੀ ਸਿੰਘਾਂ ਨੇ ਥਾਈਲੈਂਡ ਵਿਚ ਆਪਣੇ ਪਹਿਰਾਵੇ, ਆਪਣੇ ਸਭਿਆਚਾਰ ਤੇ ਰਹੁ-ਰੀਤੀ ਨੂੰ ਬਹੁਤ ਉਤਮ ਢੰਗ ਨਾਲ ਪਕੜਿਆ ਹੋਇਆ ਹੈ। ਉਥੇ ਦੀ ਸੁਸਾਇਟੀ ਵਿਚ ਆਪਣੇ ਵਪਾਰ ਸਦਕਾ ਇਨ੍ਹਾਂ ਦਾ ਬੜਾ ਉਚਾ ਸੁਚਾ ਨਾਂ ਹੈ ਪਰ ਜ਼ਿੰਦਗੀ ਦੀ ਸਾਦਗੀ ਇਨ੍ਹਾਂ ਦਾ ਉਹ ਅਨਮੋਲ ਗੁਣ ਹੈ ਜਿਸ ਨੂੰ ਹਰ ਪਰਕਾਰ ਦੀ ਚਮਕ ਦਮਕ ਇਨ੍ਹਾਂ ਤੋਂ ਖੋਹ ਨਹੀਂ ਸਕੀ। ਇਨ੍ਹਾਂ ਦੀ ਨਵੇਕਲੀ ਪਰ ਪੁਰਕਸ਼ਸ਼ ਓੜਨੀ ਇਨ੍ਹਾਂ ਨੂੰ ਸਭ ਨਾਲੋਂ ਵਖਰਿਆਉਂਦੀ ਹੈ ਤੇ ਨਿਰਾਲਾ ਸਿੱਖ ਹੋਣ ਦਾ ਮਾਣ ਬਖਸ਼ਦੀ ਹੈ। ਸਿੱਖਾਂ ਦੀ ਨਵੇਕਲੀ ਕਿਸਮ ਦੀ ਦਿਖ ਤੇ ਰਹਿਣੀ ਬਹਿਣੀ ਨੂੰ ਦੇਖ ਕੇ ਇਟਲੀ ਦੇਸ਼ ਦਾ ਇਕ ਉਘਾ ਲੇਖਕ ਸਿੱਖਾਂ ਬਾਰੇ ਜੋ ਲਿਖਦਾ ਹੈ, ਉਸ ਦਾ ਸੰਖੇਪ ਸਾਰ ਅਸੀਂ ਪਾਠਕਾਂ ਦੀ ਨਜ਼ਰ ਕਰਦੇ ਹਾਂ।

ਗੋਇਸਪੀ ਬੈਲੂਕੀ—ਇਟਲੀ ਨਿਵਾਸੀ ਤੇ ਸਿੱਖ

ਗੋਇਸਪੀ ਬੈਲੂਕੀ ਇਟਲੀ ਦੇਸ਼ ਦੇ ਇਕ ਧਾਰਮਿਕ ਮੈਗਜ਼ੀਨ 'ਮਿਸ਼ਨੀ ਤੇ ਪੋਪੋਲੀ' ਦਾ ਸੰਪਾਦਕ ਤੇ ਡਾਇਰੈਕਟਰ, ਸਿੱਖ ਧਰਮ ਦੇ ਅਧਿਐਨ ਕਰਨ ਉਪਰੰਤ ਆਪਣੇ ਮੈਗਜ਼ੀਨ ਵਿਚ ਛਪੇ ਸਿੱਖ ਧਰਮ ਬਾਰੇ ਆਰਟੀਕਲ ਵਿਚ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਚਲਾਇਆ ਗਿਆ ਸਿੱਖ ਧਰਮ ਇਤਿਹਾਸਕ ਤੇ ਆਤਮਿਕ

ਖੇਤਰ ਵਿਚ ਬਹੁਤ ਅਮੀਰ ਧਰਮ ਹੈ। ਆਪਣੇ ਇਸ ਆਰਟੀਕਲ ਵਿਚ ਉਹ ਸਿੱਖ ਧਰਮ ਦੀ ਪਛਾਣ ਬਾਰੇ ਲਿਖਦਾ ਹੈ "ਸਿੱਖ ਧਰਮ ਦੇ ਪੈਰੋਕਾਰ ਬੜੀ ਜਲਦੀ ਪਛਾਣੇ ਜਾ ਸਕਦੇ ਹਨ ਭਾਵੇਂ ਉਹ ਦੁਨੀਆ ਦੇ ਕਿਸੇ ਹਿੱਸੇ ਵਿਚ ਵੀ ਕਿਉਂ ਨਾ ਵਿਚਰ ਰਹੇ ਹੋਣ। ਉਹ ਕੇਸਾਂ ਨੂੰ ਸੰਭਾਲਣ ਲਈ ਸਿਰ ਤੇ ਦਸਤਾਰ ਸਜਾਉਂਦੇ ਹਨ ਤੇ ਭਰਵੀਂ ਦਾਹੜੀ ਰਖਦੇ ਹਨ। ਇਨ੍ਹਾਂ ਗੱਲਾਂ ਕਰਕੇ ਕਈ ਵਾਰੀ ਦੁਨੀਆ ਦੇ ਲੋਕ ਇਨ੍ਹਾਂ ਨੂੰ 'ਦਾਹੜੀ ਪਗੜੀ ਵਾਲੇ ਧਰਮ' ਦੇ ਬੰਦੇ ਕਹਿ ਕੇ ਬੁਲਾਂਦੇ ਹਨ। ਆਪਣੇ ਚੜ੍ਹਦੀਕਲਾ ਵਾਲੇ ਤੇ ਖੁਸ਼ ਰਹਿਣੇ ਸੁਭਾਅ ਕਾਰਨ ਵੀ ਇਹ ਅਸਾਨੀ ਨਾਲ ਪਛਾਣੇ ਜਾ ਸਕਦੇ ਹਨ। ਸਿਰਾਂ ਤੇ ਪਗੜੀਆਂ ਬੰਨ੍ਹਣ ਕਾਰਨ ਇਹ ਰਾਜਿਆਂ ਮਹਾਰਾਜਿਆਂ ਵਾਲੇ ਰੋਹਬ ਦਾਬ ਵਾਲੇ ਲਗਦੇ ਹਨ।" ਸ਼ਾਬਾਸ਼ ਬੈਲੂਕੀ, ਧੰਨਵਾਦ।

ਰੂਸੀਆਂ ਦਾ ਸਿੱਖੀ ਬਾਰੇ ਨਜ਼ਰੀਆ

75 ਸਾਲ ਸਿਸਕੀਆਂ ਲੈਂਦਾ ਰਿਹਾ ਧਰਮ-ਹੀਨ ਸੋਵੀਅਤ ਸੰਘ ਆਖਿਰ 1992 ਵਿਚ ਟੁੱਟ ਗਿਆ। ਰਸ਼ੀਆ, ਯੁਕਰੇਨ ਅਤੇ ਬੇਲਾਰਸ ਦੇਸ਼ਾਂ ਦੇ ਪ੍ਰਤੀਨਿਧਾਂ ਦਾ ਡੈਲੀਗੇਸ਼ਨ ਜੋ ਪਿੱਛੇ ਜਹੇ ਭਾਰਤ ਆਇਆ ਹੈ, ਉਸ ਦਾ ਇਕ ਮਤ ਇਹ ਨਿਰਣਾ ਹੈ ਕਿ ਹੋਰ ਦੁਨੀਆ ਭਾਵੇਂ ਸੋਵੀਅਤ ਸੰਘ ਦੇ ਟੁੱਟਣ ਦੇ ਕੁਝ ਵੀ ਕਾਰਨ ਕਿਉਂ ਨਾ ਦੱਸੇ, ਉਨ੍ਹਾਂ ਡੈਲੀਗੇਟਾਂ ਅਨੁਸਾਰ ਉਸ ਦੇਸ਼ ਦੇ ਟੁਟਣ ਦਾ ਇਕੋ ਇਕ ਕਾਰਨ ਉਸ ਦਾ ਅਧਰਮੀ ਹੋਣਾ ਹੈ। ਇਹ ਵਿਚਾਰ ਵੈਲੀਨਟਿਨ. ਐਮ. ਸਿਦੋਰੋਵ ਅਤੇ ਯੂਰੀ. ਏ. ਐਗਸ਼ਿਨ ਦੇ ਹਨ ਜੋ ਕ੍ਰਮ ਵਾਰ International Association of Peace and culture ਅਤੇ Legal Chamber Inter-regional Association of Central Russia ਦੇ ਪ੍ਰਧਾਨ ਹਨ। ਇਨ੍ਹਾਂ ਨੇਤਾਵਾਂ ਅਨੁਸਾਰ ਉਹ ਸਾਰੀ ਦੁਨੀਆ ਵਿਚ ਜਾ ਕੇ ਇਸ ਗੱਲ ਦੀ ਭਾਲ ਕਰ ਰਹੇ ਹਨ ਕਿ ਕਿਹੜਾ ਧਰਮ ਉਨ੍ਹਾਂ ਦੀ ਆਤਮਿਕ ਭੁੱਖ ਨੂੰ ਅਸਾਨੀ ਨਾਲ ਤਰਿਪਤ ਕਰ ਸਕਦਾ ਹੈ। ਟਰਿਬਿਊਨ ਅਖਬਾਰ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਸਿਦੋਰੋਵ ਨੇ ਸਪੱਸ਼ਟ ਰੂਪ ਵਿਚ ਕਿਹਾ ਕਿ "Principles of Sikhism and its founder Guru Nanak Dev and Guru Gobind Singh are appealing us more than any other spiritual way of life. These principles are very close to the philosophy of those who propounded theories of socialism..... The philosophy of Guru Nanak Dev was based on the principle of hard work, sharing and faith in God. Though socialism was also based on such a principle, yet it was full of distortions.Considering religion as opium by masses, Lenin gave the biggest distortion to Socialism. ਉਕਤ ਲਿਖਤ ਦਾ ਪੰਜਾਬੀ ਰੂਪ ਇਵੇਂ ਹੈ: ਸਿੱਖ ਧਰਮ ਦੇ ਸਿਧਾਂਤ ਅਤੇ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ ਕਿਸੇ ਵੀ ਹੋਰ ਧਾਰਮਿਕ ਪਧਤੀ ਨਾਲੋਂ ਸਾਨੂੰ ਵਧੇਰੇ ਉਪਯੋਗੀ ਤੇ

ਸਾਰਥਕ ਲੱਗਦੇ ਹਨ ਕਿਉਂਕਿ ਇਹ ਉਨ੍ਹਾਂ ਸਿਧਾਂਤਾਂ ਦੇ ਕਾਫੀ ਨੇੜੇ ਹਨ ਜੋ ਸਮਾਜਵਾਦ ਦੇ ਬਾਨੀਆਂ ਨੇ ਸਮਾਜਵਾਦ ਵਿਚ ਉਭਰਵੇਂ ਰੂਪ ਵਿਚ ਪੇਸ਼ ਕੀਤੇ ਹਨ। ਗੁਰੂ ਨਾਨਕ ਦੇਵ ਜੀ ਦਾ ਫਲਸਫਾ ਆਪਣੇ ਹੱਥਾਂ ਨਾਲ ਮੁਸ਼ੱਕਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੇ ਪ੍ਰੋਗਰਾਮ ਵਿਚ ਸੰਪੂਰਨ ਵਿਸ਼ਵਾਸ ਰੱਖਣ ਤੇ ਅਧਾਰਿਤ ਹੈ। ਭਾਵੇਂ ਸਮਾਜਵਾਦ ਵੀ ਕੁਝ ਅਜਿਹੇ ਸਿਧਾਂਤਾਂ ਤੇ ਅਧਾਰਿਤ ਸੀ ਫਿਰ ਵੀ ਇਸ ਵਿਚ ਵਿਗਾੜ ਬਹੁਤ ਸਨ। ਲੈਨਿਨ ਦਾ ਇਹ ਕਹਿਣਾ ਕਿ ਧਰਮ ਆਮ ਆਦਮੀਆਂ ਲਈ ਅਫੀਮ ਹੈ, ਆਪਣੇ ਆਪ ਵਿਚ ਤੱਥਾਂ ਦਾ ਸਭ ਤੋਂ ਵੱਡਾ ਵਿਗਾੜ ਹੈ। ਇਸੇ ਡੈਲੀਗੇਸ਼ਨ, ਜਿਸ ਵਿਚ ਉੱਘੇ ਲੇਖਕ, ਵਿਗਿਆਨੀ, ਪ੍ਰੋਫੈਸਰ, ਸੰਗੀਤਕਾਰ ਸ਼ਾਮਲ ਹਨ, ਤੋਂ ਜਦ ਇਹ ਪੁੱਛਿਆ ਗਿਆ ਕਿ ਭਾਰਤੀ ਕਮਿਊਨਿਸਟ ਤਾਂ ਹਾਲੇਂ ਵੀ ਲੈਨਿਨ ਦੀ ਨੀਤੀ ਨੂੰ ਠੀਕ ਸਮਝਦੇ ਹਨ ਜਦ ਕਿ ਉਹ ਸੋਵੀਅਤ ਯੂਨੀਨ ਵਿਚ ਫੇਲ੍ਹ ਹੋ ਚੁੱਕੀ ਹੈ ਤਾਂ ਇਸ ਦੇ ਉੱਤਰ ਵਿਚ ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਭਾਰਤ ਦੇ ਕਮਿਊਨਿਸਟ ਵੀ ਠੀਕ ਰਸਤੇ ਤੇ ਆ ਜਾਵਣਗੇ ਜਦ ਉਹ ਸੋਵੀਅਤ ਸੰਘ ਦੇ ਤਜਰਬਿਆਂ ਦਾ ਮੁਲਅੰਕਣ ਕਰਨਗੇ।

ਡੈਲੀਗੇਸ਼ਨ ਦੇ ਮੈਂਬਰਾਂ ਨੇ ਇਹ ਦੱਸਣ ਵਿਚ ਖੁਸ਼ੀ ਪ੍ਰਗਟਾਈ ਕਿ ਉਹ ਅਕਤੂਬਰ ਵਿਚ ਮਾਸਕੋ ਵਿਚ ਅਧਿਆਤਮਿਕ ਕਾਨਫਰੰਸ ਦਾ ਆਯੋਜਨ ਕਰਵਾ ਰਹੇ ਹਨ ਜਿਸ ਵਿਚ ਰੂਸ ਤੇ ਸੋਵੀਅਤ ਸੰਘ ਦੀਆਂ ਪਹਿਲੀਆਂ ਰਿਆਸਤਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਬਾਰੇ ਵਿਚਾਰਾਂ ਹੋਣ ਗੀਆਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਯਤਨ ਕੀਤੇ ਜਾ ਰਹੇ ਹਨ ਕਿ ਗੁਰੂ ਗ੍ਰੰਥ ਸਾਹਿਬ ਤੇ ਹੋਰ ਸਿੱਖ ਗੁਰੂਆਂ ਦੀਆਂ ਬਾਣੀਆਂ ਨੂੰ ਰੂਸੀ ਅਤੇ ਭੂਤਪੂਰਵ ਸੋਵੀਅਤ ਸੰਘ ਦੇ ਰਾਜਾਂ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ ਜਾਵੇ ਤਾਂ ਕਿ ਲੋਕੀ ਇਨ੍ਹਾਂ ਤੋਂ ਲਾਭ ਪ੍ਰਾਪਤ ਕਰ ਸਕਣ। ਉਨ੍ਹਾਂ ਇਹ ਵੀ ਦੱਸਿਆ ਕਿ ਜਾਪ ਸਾਹਿਬ ਤੇ ਜਪੁਜੀ ਸਾਹਿਬ ਦੇ ਅਨੁਵਾਦ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ। (ਹਵਾਲਾ ਟ੍ਰਿਬਿਊਨ 15. 4. 1998)। ਆਸ ਕੀਤੀ ਜਾਂਦੀ ਹੈ ਕਿ 75 ਸਾਲ ਧਰਮ ਪ੍ਰਭਾਵ ਤੋਂ ਵੰਚਤ ਰਹਿਣ ਕਾਰਨ ਰੂਸੀ ਭਾਈਆਂ ਵਿਚ ਜੋ ਅਧਿਆਤਮਿਕ ਖਾਲੀਪੰਨ ਆਇਆ ਹੋਵੇਗਾ ਉਹ ਸਿੱਖ ਧਰਮ ਦੇ ਬੇਹਤਰੀਨ ਅਧਿਆਤਮਿਕ ਫਲਸਫੇ ਨੂੰ ਅਪਨਾਉਣ ਨਾਲ ਜਲਦੀ ਹੀ ਪੂਰਿਆ ਜਾਵੇਗਾ ਤੇ ਉਹ ਸਮਾਜਵਾਦ ਦੇ ਨੇੜੇ ਤੇੜੇ ਦਾ ਜੀਵਨ ਬਤੀਤ ਕਰਕੇ ਧਾਰਮਿਕ ਰੰਗਤ ਦਾ ਵੀ ਪੂਰਾ ਪੂਰਾ ਅਨੰਦ ਮਾਣ ਸਕਣਗੇ। ਸਿੱਖ ਧਰਮ ਹੀ ਉਨ੍ਹਾਂ ਨੂੰ ਨਾਲੇ ਪੁੰਨ ਤੇ ਨਾਲੇ ਫਲੀਆਂ ਪਰਦਾਨ ਕਰ ਸਕਦਾ ਹੈ। ਇਸ ਲਈ ਉਨ੍ਹਾਂ ਨੂੰ ਵਕਤ ਦੀ ਨਜ਼ਾਕਤ ਸਮਝਣੀ ਚਾਹੀਦੀ ਹੈ।

ਹਰਿ ਬਿਸਰਤ ਸਦਾ ਖੁਆਰੀ॥
ਤਾ ਕਉ ਧੋਖਾ ਕਹਾ ਬਿਆਪੈ
ਜਾ ਕਉ ਓਟ ਤੁਹਾਰੀ॥ (ਪੰਨਾ-712)

ਦੂਜਿਆਂ ਦੇ ਦ੍ਰਿਸ਼ਟੀਕੋਨ ਅਨੁਸਾਰ

ਸਿੱਖ ਪਰਸ਼ਾਸਕ ਦਾ ਸਰੂਪ

ਜਦ ਦਾ ਸਿੱਖ ਧਰਮ ਹੋਂਦ ਵਿਚ ਆਇਆ ਹੈ ਸਿੱਖ ਦੇਸ਼ ਦੀ ਰਾਖੀ ਤੇ ਉਸ ਦੀ ਸ਼ਾਨ ਬਹਾਲ ਕਰਨ ਵਿਚ ਹੀ ਜੂਝਦੇ ਰਹੇ ਹਨ। ਰਾਜ ਕਰਨਾ ਇਨ੍ਹਾਂ ਦਾ ਸਿਧਾ ਮਨੋਰਥ ਨਹੀਂ ਸੀ। ਜ਼ੁਲਮ ਵਿਰੁਧ ਡਟਣ ਲਈ ਇਹ ਅਕਾਲਪੁਰਖ ਦੀ ਖਾਲਸਾ ਫੌਜ ਅਖਵਾਣ ਵਿਚ ਵਧੇਰੇ ਸੰਤੋਖ ਤੇ ਖੁਸ਼ੀ ਮਹਿਸੂਸ ਕਰਦੇ ਰਹੇ ਹਨ। ਇਤਿਹਾਸ ਵਿਚ ਪ੍ਰਮੁਖ ਤੌਰ ਤੇ ਅੰਕਤ ਹੈ ਕਿ ਸ: ਬਘੇਲ ਸਿੰਘ, ਜੱਸਾ ਸਿੰਘ ਆਲਹੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਆਦਿ ਨੇ 15 ਵਾਰੀ ਦਿੱਲੀ ਦੇ ਲਾਲ ਕਿਲ੍ਹੇ ਤੇ ਕੇਸਰੀ ਨਿਸ਼ਾਨ ਝੁਲਾਇਆ ਪਰ ਉਨ੍ਹਾਂ ਦਾ ਮਕਸਦ ਉਥੇ ਰਾਜ ਕਰਨ ਤੋਂ ਨਹੀਂ ਸੀ ਸਗੋਂ ਮੁਗ਼ਲ ਰਾਜਧਾਨੀ ਦਿੱਲੀ ਵਿਚ ਆਪਣੇ ਗੁਰੂ ਸਾਹਿਬਾਨ ਦੇ ਧਾਮ ਉਸਾਰਨ ਦਾ ਸੀ ਜਿਸ ਨੂੰ ਉਨ੍ਹਾਂ ਨੇ ਪੂਰਾ ਕੀਤਾ। ਇਹ ਗੱਲ ਵਖਰੀ ਹੈ ਕਿ ਉਹ ਮੁਗ਼ਲਾਂ ਦਾ ਅਭਿਮਾਨ ਤੋੜਨ ਦੇ ਮਨੋਰਥ ਨਾਲ ਲਾਲ ਕਿਲ੍ਹੇ ਦੇ ਦੀਵਾਨੇ ਖਾਸ ਵਿਚ ਲਗੇ ਅਤੀ ਕੀਮਤੀ ਲਾਲ ਪੱਥਰ ਨੂੰ ਤੁੜਵਾ ਕੇ ਅੰਮ੍ਰਿਤਸਰ ਲੈ ਆਏ ਤੇ ਉਸ ਨੂੰ ਨਿਸ਼ਾਨੀ ਅਤੇ ਆਪਣੀ ਬਹਾਦਰੀ ਵਜੋਂ ਆਪਣੇ ਬੁੰਗਿਆਂ ਵਿਚ ਜੜ੍ਹ ਦਿੱਤਾ ਤਾਕਿ ਮੁਗ਼ਲਾਂ ਨੂੰ ਆਪਣੀ ਨਿਰਬਲਤਾ ਤੇ ਸ਼ਰਮ ਆਉਂਦੀ ਰਹੇ।

ਨਵਾਬ ਕਪੂਰ ਸਿੰਘ

ਜਦ ਪੰਜਾਬ ਵਿਚ ਸਿੱਖਾਂ ਨੇ ਮੁਗ਼ਲ ਰਾਜ ਨੂੰ ਆਪਣੇ ਤੇਜੱਸਵੀ ਬਲ ਨਾਲ ਹਿਲਾ ਦਿੱਤਾ ਤਾਂ ਮੁਗ਼ਲ ਰਾਜਿਆਂ ਨੇ ਇਨ੍ਹਾਂ ਨਾਲ ਹਰ ਪ੍ਰਕਾਰ ਦੀ ਨੀਤੀ ਵਰਤੀ ਪਰ ਹਾਵੀ ਨਾ ਹੋ ਸਕੇ। ਆਖਿਰ ਮਜਬੂਰਨ ਉਨ੍ਹਾਂ ਨੇ ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਉਹ ਕੋਈ ਆਪਣਾ ਸਿੱਖ ਨੁਮਾਇੰਦਾ ਦੇਣ ਜਿਸ ਨੂੰ ਪੰਜਾਬ ਦਾ ਰਾਜ ਭਾਗ ਸੋਂਪ ਦਿੱਤਾ ਜਾਵੇ ਤਾਂ ਜੋ ਪੰਜਾਬ ਵਿਚ ਸ਼ਾਂਤੀ ਹੋਵੇ ਤੇ ਮੁਗ਼ਲ ਸਰਕਾਰ ਨੂੰ ਕੁਝ ਸੁੱਖ ਦਾ ਸਾਹ ਆਵੇ। ਸਿੱਖਾਂ ਨੇ ਪੇਸ਼ਕਸ਼ ਬਹੁਤ ਮਜਬੂਰ ਕਰਨ ਤੇ ਪਰਵਾਨ ਕੀਤੀ ਅਤੇ ਭਰੇ ਦੀਵਾਨ ਵਿਚ ਸੰਗਤ ਨੂੰ ਬੇਨਤੀ ਕੀਤੀ ਕਿ ਜੋ ਸਿੰਘ ਪੰਜਾਬ ਦਾ ਗਵਰਨਰ ਬਣਨਾ ਚਾਹੁੰਦਾ ਹੈ ਉਹ ਖੜਾ ਹੋ ਜਾਵੇ। ਕੋਈ ਵੀ ਦੀਵਾਨ ਵਿਚੋਂ ਖੜਾ ਨਾ ਹੋਇਆ। ਕੇਵਲ ਇਕ ਸਿੰਘ ਜਿਸ ਦਾ ਨਾਂ ਕਪੂਰ ਸਿੰਘ ਸੀ, ਉਹ ਹੀ ਖੜਾ ਹੋਇਆ ਹੋਇਆ ਸੰਗਤਾਂ ਨੂੰ ਪੱਖਾ ਝਲਣ ਦੀ ਸੇਵਾ ਕਰ ਰਿਹਾ ਸੀ। ਉਹ ਸੰਗਤਾਂ ਦੀ ਨਜ਼ਰੀਂ ਪੈ ਗਿਆ। ਸਭ ਨੇ ਸਰਬ ਸੰਮਤੀ ਨਾਲ ਉਸ ਨੂੰ ਬੇਨਤੀ ਕੀਤੀ ਕਿ ਉਹ ਪੰਜਾਬ ਦੀ ਨਵਾਬੀ ਪ੍ਰਵਾਨ ਕਰ ਲਵੇ। ਉਸ ਨੇ ਬਥੇਰੇ ਤਰਲੇ ਕੱਢੇ ਤੇ ਕਿਹਾ ਕਿ ਉਹ ਤਾਂ ਪੱਖਾ ਢੋਣ (ਝਲਣ) ਦੀ ਸੇਵਾ ਕਰਨ ਕਾਰਨ ਖੜਾ ਸੀ ਗਵਰਨਰੀ ਲੈਣ ਲਈ ਨਹੀਂ ਪਰ ਸੰਗਤਾਂ ਨੇ ਉਸ ਦੀ ਇਕ ਨਾ ਮੰਨੀ। ਅੰਤ ਉਸ ਨੇ ਗਵਰਨਰੀ ਲੈਣਾ ਇਸ ਸ਼ਰਤ ਅਧੀਨ ਕਬੂਲ ਕੀਤਾ ਕਿ ਉਹ ਘੋੜਿਆਂ ਦੀ ਅਸਤਬਲ ਦੀ ਸੇਵਾ ਪਹਿਲੇ ਵਾਂਗਰਾਂ ਹੀ ਕਰਦਾ ਰਹੇਗਾ। ਉਸ ਦੀ ਇਹ ਬੇਨਤੀ ਪ੍ਰਵਾਨ

ਹੋਈ ਤੇ ਇਵੇਂ ਉਹ ਸੇਵਾਦਾਰ ਕਪੂਰ ਸਿੰਘ, ਸੰਗਤ ਦੇ ਹੁਕਮਾਂ ਨਾਲ ਨਵਾਬ ਕਪੂਰ ਸਿੰਘ ਬਣਿਆ। ਇਨ੍ਹਾਂ ਉਕਤ ਦੱਸੀਆਂ ਘਟਨਾਵਾਂ ਤੋਂ ਪਰਤੀਤ ਹੁੰਦਾ ਹੈ ਕਿ ਉਸ ਸਮੇਂ ਦੇ ਸਿੱਖ ਚੌਧਰ ਤੇ ਕੁਰਸੀ ਦੇ ਭੁਖੇ ਨਹੀਂ ਸਨ, ਸੇਵਾ ਤੇ ਸਿਮਰਨ ਦੇ ਪ੍ਰੇਮੀ ਸਨ। (ਅਜ ਦੀ ਹਾਲਤ ਵਕਤ ਦੇ ਬਦਲਣ ਨਾਲ ਕਿਤਨੀ ਬਦਲ ਗਈ ਹੈ, ਇਹ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ।) ਮਗਰੋਂ ਮੁਗ਼ਲਾਂ ਤੋਂ ਦੇਸ਼ ਦਾ ਖਹਿੜਾ ਛੁਡਾਣ ਲਈ ਸਿੰਘਾਂ ਨੇ ਪੰਜਾਬ ਵਿਚ ਉਨ੍ਹਾਂ ਨੂੰ ਕਮਜ਼ੋਰ ਕਰਨ ਲਈ ਅਤੇ ਮਨਮਾਨੀ ਕਰਨ ਵਾਲੇ ਜਰਵਾਣਿਆਂ ਨੂੰ ਰੋਕਣ ਲਈ 12 ਮਿਸਲਾਂ ਬਣਾ ਲਈਆਂ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਇਕ ਵੱਡਾ ਸ਼ਕਤੀਸ਼ਾਲੀ ਰਾਜ ਖੜਾ ਕਰ ਲਿਆ ਜਿਸ ਦੇ ਦੱਖਣ ਪੂਰਬੀ ਪਾਸੇ ਸਤਲੁਜ ਦਰਿਆ, ਉੱਤਰ ਪਛੱਮ ਵਲ ਕਾਬਲ, ਉੱਤਰ ਵਿਚ ਲਦਾਖ ਅਤੇ ਦੱਖਣ ਪੱਛਮ ਵਿਚ ਸਿੰਧ ਸੀ। ਮੁਲਤਾਨ ਅਤੇ ਕਸ਼ਮੀਰ ਵੀ ਇਸ ਰਾਜ ਦੇ ਹਿਸੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਲਗਭਗ 4 ਦਹਾਕੇ ਰਾਜ ਕੀਤਾ। ਉਹ ਰਾਜ ਕਿਹੋ ਜਿਹਾ ਸੀ? ਮਹਾਰਾਜਾ ਕਿਹੋ ਜਿਹਾ ਸੀ? ਇਸ ਦੀ ਸੰਖੇਪ ਜਿਹੀ ਝਲਕ ਗ਼ੈਰ-ਸਿੱਖ ਵੀਰਾਂ ਦੀਆਂ ਲਿਖਤਾਂ ਦੀ ਰੌਸ਼ਨੀ ਵਿਚੋਂ ਦੇਖਦੇ ਹਾਂ।

ਪ੍ਰਸਿਧ ਇਤਿਹਾਸਕਾਰ ਕਾਰਲਾਇਲ ਅਨੁਸਾਰ ਚੰਗੇ ਰਾਜੇ ਦਾ ਪਤਾ ਇਸ ਗੱਲ ਤੋਂ ਲਗਾਇਆ ਜਾਣਾ ਚਾਹੀਦਾ ਹੈ ਕਿ ਉਹ ਜੇਤੂ ਹੋਣ ਤੋਂ ਮਗਰੋਂ ਆਪਣੀ ਤਲਵਾਰ ਦਾ ਪ੍ਰਯੋਗ ਕਿਵੇਂ ਕਰਦਾ ਹੈ? ਇਸ ਨੁਕਤੇ ਨੂੰ ਅਧਾਰ ਬਣਾਉਂਦੇ ਲੈਪਲ ਗ੍ਰਿਫਨ ਨੇ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਰਾਜ ਬਿਲਕੁਲ ਸਿੱਖ ਜੀਵਨ ਜਾਚ ਨੂੰ ਅਧਾਰ ਬਣਾ ਕੇ ਚਲਾਇਆ ਹੈ ਅਤੇ ਸਿੱਖ ਜੀਵਨ ਜਾਚ ਸਰਬੱਤ ਦੇ ਭਲੇ ਦੀ ਗੱਲ ਕਰਦੀ ਹੈ, ਹਰ ਇੱਕ ਨੂੰ ਆਪਣਾ ਮੀਤ ਸਮਝਦੀ ਹੈ ਤੇ "**ਏਕੁ ਪਿਤਾ ਏਕਸ ਕੇ ਹਮ ਬਾਰਿਕ**" ਦੀ ਭਾਵਨਾ ਨੂੰ ਪਰਮ ਸਰੇਸ਼ਠ ਮੰਨਦੀ ਹੈ। **ਚਾਰਲਸ ਹੁਗਲ** ਆਪਣੀ ਪੁਸਤਕ ਟਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ ਦੇ ਪੰਨਾ-282 ਤੇ ਲਿਖਦਾ ਹੈ ਕਿ ਸ਼ਾਇਦ ਹੀ ਦੁਨੀਆ ਵਿਚ ਕਿਧਰੇ ਹੋਰ ਕਿਸੇ ਇਕ ਵਿਅਕਤੀ ਨੇ ਇਤਨਾ ਵੱਡਾ ਰਾਜ ਇਤਨੇ ਘਟ ਜ਼ੁਲਮ ਕਰ ਕੇ ਖੜਾ ਕੀਤਾ ਹੋਵੇ ਜਿਹੋ ਜਿਹਾ ਰਣਜੀਤ ਸਿੰਘ ਨੇ ਖੜਾ ਕੀਤਾ ਹੈ। **ਪ੍ਰਿੰਨਪ** ਵੀ ਆਪਣੀ ਪੁਸਤਕ "ਆਰੀਜਨ ਆਫ ਸਿੱਖ ਪਾਵਰ ਇਨ ਪੰਜਾਬ" ਦੇ ਪੰਨਾ-148 ਤੇ ਹੁਗਲ ਦੀ ਗੱਲ ਦੀ ਪਰੋੜਤਾ ਕਰਦਾ ਹੋਇਆ ਕਹਿੰਦਾ ਹੈ ਕਿ ਰਣਜੀਤ ਸਿੰਘ ਦਾ ਸਾਰਾ ਕੈਰੀਅਰ ਖੂਨੀ ਸਾਕਿਆਂ ਜਾਂ ਬੇਲੋੜੇ ਜ਼ੁਲਮਾਂ ਦੇ ਧਬਿਆਂ ਤੋਂ ਬਿਲਕੁਲ ਹੀ ਪਾਕ ਸੀ। ਇਤਿਹਾਸਕਾਰ **ਐਸ. ਆਰ ਕਾਨੂੰਨਗੋ** ਆਪਣੀਆਂ ਲਿਖਤਾਂ ਵਿਚ ਮਹਾਰਾਜੇ ਦੇ ਰਾਜ ਦੀ ਸਰਬਪੱਖੀ ਤਾਰੀਫ ਕਰਦਿਆਂ ਕਹਿੰਦਾ ਹੈ ਕਿ ਇਹ ਰਾਜ ਸਰਬੱਤ ਦੇ ਭਲੇ ਦਾ ਰਾਜ ਸੀ ਜਿਸ ਵਿਚ ਸਾਰੇ ਬਰਾਬਰ ਦੇ ਭਾਈਵਾਲ ਸਨ। ਇਸ ਰਾਜ ਵਿਚ ਸਿੱਖਾਂ ਨਾਲ ਕੋਈ ਵਿਸ਼ੇਸ਼ ਪਿਆਰ ਨਹੀਂ ਸੀ ਤੇ ਗ਼ੈਰ-ਸਿੱਖਾਂ ਨਾਲ ਮੰਦ ਭਾਵਨਾ ਬਿਲਕੁਲ ਨਹੀਂ ਸੀ। ਇਕ ਕੌਮ ਨੂੰ ਦੂਜੇ ਨਾਲੋਂ ਨੀਵਾਂ ਦਿਖਾਉਣ ਲਈ ਉਸ ਉਤੇ ਕੋਈ ਵਾਧੂ ਟੈਕਸ ਨਹੀਂ ਸਨ। **ਡਬਲਿਊ ਜੀ. ਓਸਬੋਰਨ** ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਇਤਨਾ ਦਿਆਲੂ ਸੀ ਕਿ ਜੰਗ ਤੋਂ ਇਲਾਵਾ ਉਸ ਨੇ ਕਿਸੇ ਦੀ ਜਾਨ ਨਹੀਂ ਲਈ। ਇਥੇ ਤਕ ਕਿ ਜਿਨ੍ਹਾਂ ਨੇ ਉਸ ਦੀ ਜਾਨ ਤੇ ਹਮਲਾ ਕਰਨ ਦੀ ਕੋਸ਼ਿਸ਼ ਵੀ ਕੀਤੀ ਉਸ ਨੇ ਫਰਾਖ ਦਿਲੀ ਵਿਚ ਆ ਕੇ ਉਨ੍ਹਾਂ ਨੂੰ ਵੀ ਬਖਸ਼ ਕੇ ਖੁਸ਼ੀ ਮਹਿਸੂਸ ਕੀਤੀ।

• (ਹਵਾਲਾ ਦੀ ਕੋਰਟ ਐਂਡ ਕੈਂਪ ਆਫ ਰਣਜੀਤ ਸਿੰਘ ਪੰਨਾ 94-95)। ਹੁਗਲ ਅਨੁਸਾਰ ਰਣਜੀਤ ਸਿੰਘ ਨੇ ਸਿੱਖ ਸਿਧਾਂਤਾਂ ਦੇ ਤਾਬੇ ਰਹਿ ਕੇ ਰਾਜ ਭਾਗ ਚਲਾਇਆ। ਵੱਡੀਆਂ ਤੋਂ ਵੱਡੀਆਂ ਨੌਕਰੀਆਂ ਲਿਆਕਤ ਨੂੰ ਅਧਾਰ ਮੰਨ ਕੇ ਹਿੰਦੂਆਂ, ਮੁਸਲਮਾਨਾਂ, ਫਰਾਂਸੀਸੀਆਂ, ਅਮਰੀਕਨਾਂ, ਆਸਟਰੀਆਂ ਤੇ ਸਿੱਖਾਂ ਨੂੰ ਦਿਤੀਆਂ। ਇਥੋਂ ਤਕ ਕਿ ਉਸਦੇ ਪ੍ਰਮੁਖ ਸਲਾਹਕਾਰਾਂ ਵਿਚ ਤਿੰਨੇ ਮਸ਼ਹੂਰ ਫਕੀਰ ਭਰਾ ਸਨ। ਫਕੀਰ ਅਜ਼ੀਜ਼ਉਦਦੀਨ ਬਦੇਸ਼ ਮੰਤਰੀ ਸੀ, ਫਕੀਰ ਨੂਰਉਦਦੀਨ ਘਰੇਲੂ ਮਾਮਲਿਆਂ ਦਾ ਵਜ਼ੀਰ ਸੀ ਅਤੇ ਫਕੀਰ ਇਮਾਮਉਦਦੀਨ ਸਾਰੇ ਅਸਲੇ ਤੇ ਬਾਰੂਦ ਦਾ ਇੰਚਾਰਜ ਸੀ। 46 ਉਚ ਪਦਵੀਆਂ ਦੇ ਫੌਜੀ ਅਫਸਰ ਅਤੇ ਦੋ ਜਰਨੈਲ ਮੁਸਲਮਾਨ ਸਨ। ਇਕ ਜਰਨੈਲ ਵੈਨਤੂਰਾ ਫਰਾਂਸੀਸੀ ਸੀ ਅਤੇ ਦਰਜਨਾਂ ਹੋਰ ਸੀਨੀਅਰ ਅਫਸਰ ਯੂਰਪੀਨ ਤੇ ਅਮਰੀਕਨ ਸਨ। ਪੁਲਿਸ ਤੇ ਸਿਵਲ ਪਰਸ਼ਾਸਨ ਵਿਚ ਲਗ ਭਗ ਸੌ ਮੁਸਲਮਾਨ ਅਫਸਰ ਸਨ। ਹਿੰਦੂਆਂ ਪਾਸ ਵੀ ਸਰਕਾਰਿ-ਖਾਲਸਾ ਵਿਚ ਮਹੱਤਵਪੂਰਨ ਅਹੁਦੇ ਸਨ। ਰਣਜੀਤ ਸਿੰਘ ਦਾ ਰਾਜ ਪੂਰਨ ਤੌਰ ਤੇ ਨਿਰਪੱਖ ਰਾਜ ਸੀ। ਬਚਪਨ ਵਿਚ ਚੇਚਕ ਦੀ ਬੀਮਾਰੀ ਦੇ ਹਲੇ ਕਾਰਨ ਉਸ ਦੀ ਇਕ ਅੱਖ ਮਾਰੀ ਗਈ ਇਸ ਲਈ ਉਹ ਖੁਦ ਮਖੌਲ ਦੇ ਤੌਰ ਤੇ ਕਹਿੰਦਾ ਹੁੰਦਾ ਸੀ ਕਿ ਵਾਹਿਗੁਰੂ ਨੂੰ ਇਹੀ ਮਨਜ਼ੂਰ ਸੀ ਕਿ ਉਹ ਆਪਣੀ ਸਾਰੀ ਪਰਜਾ ਨੂੰ ਇਕੋ ਅੱਖ ਨਾਲ ਵੇਖੇ ਇਸ ਲਈ ਉਸ ਨੇ ਉਸ ਦੀ ਦੂਜੀ ਅੱਖ ਵਾਪਸ ਲੈ ਲਈ। ਜੇ ਜ਼ਰਾ ਗੰਭੀਰ ਹੋ ਕੇ ਸੋਚੀਏ ਤਾਂ ਇਥੇ ਉਸ ਘਟਨਾ ਦਾ ਵਰਨਣ ਕਰਨਾ ਵੀ ਬੇਲੋੜਾ ਨਹੀਂ ਜਿਹੜੀ ਇਹ ਗੱਲ ਸਿਧ ਕਰਦੀ ਹੈ ਕਿ ਮਹਾਰਾਜਾ ਹਰ ਲਿਹਾਜ਼ ਨਾਲ ਧਰਮ ਨਿਰਪੱਖ ਸੀ ਤੇ ਸਾਰੇ ਧਰਮਾਂ ਦਾ ਪੂਰਾ ਪੂਰਾ ਸਤਿਕਾਰ ਕਰਦਾ ਸੀ। ਇਹ ਘਟਨਾ ਫਕੀਰ ਵਹੀਦਉਦਦੀਨ, ਜੋ ਫਕੀਰ ਭਰਾਵਾਂ ਦਾ ਪੜ ਪੋਤਰਾ ਹੈ, ਦੀ ਪੁਸਤਕ ਵਿਚੋਂ ਲਈ ਗਈ ਹੈ।

ਲੇਖਕ ਲਿਖਦਾ ਹੈ ਕਿ ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਤੇ ਉਸ ਦਾ ਵਜ਼ੀਰ ਫਕੀਰ ਅਜ਼ੀਜ਼-ਉਦ-ਦੀਨ ਲਾਹੌਰ ਸ਼ਹਿਰ ਦੇ ਬਾਹਰਵਾਰ ਸੈਰ ਕਰ ਰਹੇ ਸਨ ਕਿ ਉਨ੍ਹਾਂ ਇਕ ਗਡਾ ਦੇਖਿਆ ਜਿਸ ਤੇ ਕੋਈ ਭਾਰੀ ਸਾਰੀ ਕਤਾਬ ਲੱਦੀ ਜਾਪਦੀ ਸੀ। ਮਹਾਰਾਜੇ ਨੇ ਗਡਾ ਰੁਕਵਾਇਆ ਤੇ ਗਡਾ ਚਾਲਕ ਤੋਂ ਪੁਛਿਆ ਕਿ ਉਹ ਇਸ ਵਿਚ ਕੀ ਲਦ ਕੇ ਲੈ ਜਾ ਰਿਹਾ ਹੈ? ਉੱਤਰ ਵਿਚ ਚਾਲਕ ਕੇ ਕਿਹਾ ਕਿ ਗੱਡੇ ਵਿਚ ਰੱਖੀ ਇਹ ਪੁਸਤਕ ਕੁਰਾਨ ਸ਼ਰੀਫ ਦੀ ਹੱਥ ਲਿਖਤ ਕਾਪੀ ਹੈ ਜਿਸ ਨੂੰ ਉਸ ਨੇ ਸਾਰੀ ਉਮਰ ਦੀ ਮਿਹਨਤ ਲਗਾ ਕੇ ਲਿਖਿਆ ਹੈ ਤੇ ਇਸ ਨੂੰ ਹੈਦਰਾਬਾਦ ਦੇ ਮੁਸਲਮ ਰਾਜੇ ਪਾਸ ਵੇਚਣ ਲਈ ਲੈ ਜਾ ਰਿਹਾ ਹੈ। ਉਸ ਨੇ ਹੋਰ ਕਿਹਾ ਉਸ ਨੂੰ ਇਹ ਪਤਾ ਲੱਗਾ ਹੈ ਕਿ ਹੈਦਰਾਬਾਦ ਦਾ ਮਹਾਰਾਜਾ ਬਹੁਤ ਧਾਰਮਿਕ ਵਿਚਾਰਾਂ ਵਾਲਾ ਤੇ ਖੁਲ੍ਹਦਿਲਾ ਹੈ। ਇਹ ਸੁਣ ਕੇ ਮਹਾਰਾਜੇ ਨੇ ਫਕੀਰ ਵਲ ਮੂੰਹ ਕਰ ਕੇ ਕਿਹਾ ਕਿ ਇਹ ਭਲਾ ਆਦਮੀ ਇਹ ਸਮਝਦਾ ਹੈ ਕਿ ਹੈਦਰਾਬਾਦ ਤੋਂ ਉਰੇ ਕੋਈ ਹੋਰ ਧਾਰਮਿਕ ਤੇ ਖੁਲ੍ਹਦਿਲਾ ਇਨਸਾਨ ਨਹੀਂ ਜਿਹੜਾ ਇਸ ਦੀ ਕਿਰਤ ਦਾ ਪੂਰਾ ਪੂਰਾ ਮੁੱਲ ਪਾ ਸਕੇ। ਇਹ ਕਹਿ ਕੇ ਮਹਾਰਾਜੇ ਨੇ ਉਸ ਭਦਰ ਪੁਰਸ਼ ਤੋਂ ਪੁਛਿਆ ਕਿ ਤੈਨੂੰ ਕੀ ਉਮੀਦ ਹੈ ਕਿ ਹੈਦਰਾਬਾਦ ਦਾ ਰਾਜਾ ਤੈਨੂੰ ਇਸ ਦੁਰਲਭ ਲਿਖਤ ਦਾ ਕੀ ਮੁੱਲ ਦੇਵੇਗਾ? ਉੱਤਰ ਵਿਚ ਉਸ ਨੇ ਕਿਹਾ ਕਿ ਤਕਰੀਬਨ 10 ਹਜ਼ਾਰ ਤਾਂ ਜ਼ਰੂਰ ਦੇਵੇਗਾ। ਇਸ ਤੇ ਮਹਾਰਾਜੇ ਨੇ ਫਕੀਰ ਨੂੰ ਸੰਬੋਧਨ ਕਰ ਕੇ ਕਿਹਾ ਕਿ ਫਕੀਰ ਜੀ ਇਸ ਸੱਜਣ ਨੂੰ ਸ਼ਾਹੀ ਖਜ਼ਾਨੇ ਵਿਚੋਂ 10 ਹਜ਼ਾਰ ਰੁਪਏ

ਦੀ ਰਕਮ ਅਦਾ ਕਰ ਦਿੱਤੀ ਜਾਵੇ। ਸਬੰਧਤ ਵਿਅਕਤੀ ਇਹ ਸੁਣ ਕੇ ਬਹੁਤ ਖੁਸ਼ ਹੋਇਆ। ਫਿਰ ਮਹਾਰਾਜੇ ਨੇ ਫਕੀਰ ਨੂੰ ਕਿਹਾ ਕਿ ਉਸ ਵਿਚੋਂ ਕੁੱਝ ਕਲਮੇ ਪੜ੍ਹੇ ਕੇ ਉਸ ਨੂੰ ਸੁਣਾਏ ਜਾਣ। ਅਜ਼ੀਜ਼ ਉਦ-ਦੀਨ ਨੇ ਸੂਰਾ ਯੂਸਫ ਪੜ੍ਹਕੇ ਸੁਣਾਇਆ ਤੇ ਨਾਲ ਹੀ ਉਸ ਦੇ ਅਰਥ ਵੀ ਕਰ ਕੇ ਦੱਸੇ। ਅਰਥ ਸੁਣ ਕੇ ਮਹਾਰਾਜਾ ਬਹੁਤ ਖੁਸ਼ ਹੋਇਆ ਤੇ ਕਹਿਣ ਲਗਾ, ਫਕੀਰ ਜੀ, ਗੁਰੂ ਗ੍ਰੰਥ ਸਾਹਿਬ ਵਿਚ ਵੀ ਇਹੋ ਜਿਹਾ ਹੀ ਲਿਖਿਆ ਹੋਇਆ ਹੈ, ਫਿਰ ਇਨ੍ਹਾਂ ਦੋਹਾਂ ਵਿਚ ਫਰਕ ਕੀ ਹੈ? ਫਕੀਰ ਨੇ ਕਿਹਾ, ਹਜ਼ੂਰ ਕੁਝ ਵੀ ਫਰਕ ਨਹੀਂ। ਮੰਜ਼ਲ ਇਕੋ ਹੈ ਪਰ ਰਸਤੇ ਅਲੱਗ ਅਲੱਗ ਹਨ। ਫਕੀਰ ਦਾ ਇਹ ਢੁਕਵਾਂ ਉੱਤਰ ਸੁਣ ਕੇ ਮਹਾਰਾਜਾ ਇਤਨਾ ਖੁਸ਼ ਹੋਇਆ ਕਿ ਕੁਰਾਨ ਸ਼ਰੀਫ ਦੀ ਉਹ ਸੁੰਦਰ ਲਿਖਤ ਉਸ ਨੇ ਫਕੀਰ ਸਾਹਿਬ ਨੂੰ ਭੇਂਟ ਕਰ ਦਿਤੀ। (ਹਵਾਲਾ Ifs of History by Jagmohan ex- Governor J&K)। ਇਸ ਉਕਤ ਘਟਨਾ ਤੋਂ ਭਲੀ ਭਾਂਤ ਪ੍ਰਤੀਤ ਹੁੰਦਾ ਹੈ ਕਿ ਮਹਾਰਾਜਾ ਸਿੱਖ ਰਹੁ-ਰੀਤੀ ਤੇ ਚਲਣ ਕਾਰਨ ਪੱਖਪਾਤ ਤੋਂ ਬਹੁਤ ਦੂਰ ਸੀ। ਸਗੋਂ ਪਖਪਾਤ ਤੇ ਫਿਰਕਾ ਪ੍ਰਸਤੀ ਉਸ ਨੂੰ ਆਉਂਦੀ ਹੀ ਨਹੀਂ ਸੀ। ਤਦੇ ਹੀ ਸ਼ਾਹ ਮੁਹੰਮਦ ਵਰਗਾ ਮੁਸਲਮਾਨ ਕਵੀ ਵੀ ਉਸ ਦੇ ਸੋਹਲੇ ਗਾਉਂਦਾ ਨਹੀਂ ਥਕਦਾ ਤੇ ਉਸ ਦੀ ਮੌਤ ਤੇ ਵੈਣ ਪਾਉਂਦਾ ਹੈ।

ਰਣਜੀਤ ਸਿੰਘ ਦੀ ਇਕ ਲਾਮਿਸਾਲ ਸਿਫਤ ਇਹ ਵੀ ਸੀ ਕਿ ਜੋ ਰਾਜਾ ਜਾਂ ਜਗੀਰਦਾਰ ਉਸ ਤੋਂ ਹਾਰਦਾ ਸੀ, ਉਹ ਉਸ ਨੂੰ ਨੀਵਾਂ ਨਹੀਂ ਸੀ ਦਿਖਾਂਦਾ ਸਗੋਂ ਬੜੀ ਫਰਾਖ ਦਿਲੀ ਵਿਚ ਆ ਕੇ ਉਸ ਨੂੰ ਲੱਖਾਂ ਰੁਪਿਆਂ ਦੀਆਂ ਜਾਗੀਰਾਂ ਅਲਾਟ ਕਰ ਦੇਂਦਾ ਸੀ। ਹਾਰਿਆ ਹੋਇਆ ਅਫ਼ਗਾਨ ਗਵਰਨਰ ਮੁੰਹਮਦ ਖਾਨ, ਕਸੂਰ ਦਾ ਨਵਾਬ ਕੁਤਬ-ਓ-ਦੀਨ ਤੇ ਮੁਲਤਾਨ ਦੇ ਹਾਕਮ ਦੇ ਹਾਰੇ ਹੋਏ ਪੁੱਤਰ ਇਸ ਦੀ ਸਾਖਿਆਤ ਮਿਸਾਲ ਹਨ। ਉਹ ਐਨ.ਕੇ. ਸਿਨ੍ਹਾ ਅਨੁਸਾਰ ਕਾਜ਼ੀਆਂ, ਸਯੱਦਾਂ, ਉਲਮਾਵਾਂ, ਫਕੀਰਾਂ ਆਦਿ ਨੂੰ ਵੀ ਖਿਲਤਾਂ ਦੇਂਦਾ ਸੀ ਤਾਂ ਜੋ ਇਹ ਲੋਕੀ ਵੀ ਕੌਮੀ ਨਿਰਮਾਣ ਵਿਚ ਪੂਰੀ ਲਗਨ ਤੇ ਸੁਰੱਖਿਅਤਾ ਦੀ ਭਾਵਨਾ ਨਾਲ ਜੁਟੇ ਰਹਿਣ।

ਹੈਨਰੀ ਲਾਰੈਂਸ ਆਪਣੀ ਪੁਸਤਕ 'ਐਡਵੈਂਚਰਜ਼ ਆਫ ਐਨ ਆਫੀਸਰ ਇਨ ਪੰਜਾਬ' ਦੀ ਪਹਿਲੀ ਜਿਲਦ ਦੇ ਪੰਨਾ 30-31 ਤੇ ਇਥੇ ਤਕ ਲਿਖਦਾ ਹੈ ਕਿ ਉਨ੍ਹਾਂ ਰਾਜਿਆਂ ਨੂੰ ਵੀ ਮਹਾਰਾਜਾ ਵੱਡੀਆਂ ਵੱਡੀਆਂ ਜਾਗੀਰਾਂ ਦੇ ਕੇ ਐਸ਼ ਅਰਾਮ ਦੀ ਜ਼ਿੰਦਗੀ ਬਸਰ ਕਰਨ ਜੋਗਾ ਕਰੀ ਰੱਖਦਾ ਸੀ ਜੋ ਗਦੀਉਂ ਲਾਹੇ ਗਏ ਹੁੰਦੇ ਜਦ ਕਿ ਹੋਰ ਮਹਾਰਾਜੇ ਅਜਿਹੇ ਵਿਅਕਤੀਆਂ ਨੂੰ ਭੀਖ ਮੰਗਣ ਜੋਗਾ ਕਰ ਕੇ ਸਵਾਦ ਲੈਂਦੇ ਸਨ। ਮਰੇ ਲਿਖਦਾ ਹੈ ਕਿ ਸਿੱਖ ਚਜ-ਅਚਾਰ ਤੇ ਮਰਿਆਦਾ ਅਨੁਸਾਰ ਰਾਜ ਕਰਨ ਕਾਰਨ ਮਹਾਰਾਜੇ ਵਿਚ ਇਨਸਾਨੀਅਤ ਕੁਟ ਕੁਟ ਕੇ ਭਰੀ ਹੋਈ ਸੀ। ਕੁਝ ਹਾਲਤਾਂ ਵਿਚ ਉਸ ਦਾ ਸ਼ੁਮਾਰ ਮਹਿਮਤ ਅਲੀ ਤੇ ਨਿਪੋਲੀਅਨ ਨਾਲ ਕੀਤਾ ਜਾਂਦਾ ਹੈ। ਕੁਝ ਐਸੇ ਨੁਕਤੇ ਹਨ ਜਿਥੇ ਉਹ ਇਨ੍ਹਾਂ ਦੋਹਾਂ ਨਾਲ ਮੇਲ ਖਾਂਦਾ ਹੈ ਪਰ ਉਸ ਦੀਆਂ ਪਰਸਥਿਤੀਆਂ ਤੇ ਹਾਲਤਾਂ ਨੂੰ ਸਾਹਮਣੇ ਰੱਖ ਕੇ ਜੇ ਕਰ ਉਸ ਦੇ ਆਚਰਣ ਦਾ ਅੰਦਾਜ਼ਾ ਲਗਾਈਏ ਤਾਂ ਉਹ ਇਨ੍ਹਾਂ ਦੋਹਾਂ ਨਾਲੋਂ ਬਹੁਤ ਵੱਧ ਮਾਹਰਕੇਦਾਰ ਇਨਸਾਨ ਸਾਬਤ ਹੁੰਦਾ ਹੈ। ਉਸ ਦੇ ਫੈਸਲਿਆਂ ਵਿੱਚ ਕਰੋਧ ਦੀ ਝਲਕ ਨਹੀਂ ਮਿਲਦੀ। ਉਸ ਨੇ ਕਿਸੇ ਵੀ ਅਪਰਾਧੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਭਾਂਵੇ ਕਿ ਉਸ ਦਾ ਕਸੂਰ ਕਿਤਨਾ ਹੀ ਗੰਭੀਰ ਕਿਉਂ ਨਾ

ਹੋਵੇ। ਇਥੇ ਤਕ ਕਿ ਜਿਸ ਨੇ ਉਸ ਦੀ ਜ਼ਿੰਦਗੀ ਤੇ ਵੀ ਵਾਰ ਕੀਤਾ ਹੋਵੇ ਉਸ ਨੂੰ ਵੀ ਉਸ ਨੇ ਗੁਰਸਿੱਖੀ ਭਾਵਨਾ ਵਿਚ ਕਾਰਜ ਕਰਦਿਆਂ ਬਖਸ਼ਣ ਵਿਚ ਹੀ ਖੁਸ਼ੀ ਮਹਿਸੂਸ ਕੀਤੀ। ਉਸ ਨੇ ਫਜ਼ੂਲ ਲਹੂ ਵਹਾਣ ਤੋਂ ਹਮੇਸ਼ਾ ਪੂਰਾ ਪੂਰਾ ਸੰਕੋਚ ਕੀਤਾ। ਇਹ ਉਸ ਦਾ ਇਕ ਮਾਣ ਕਰਨ ਵਾਲਾ ਵਸਫ ਸੀ। ਉਹ ਸਿੱਖ ਸਿਸ਼ਟਾਚਾਰ ਨੂੰ ਸਾਹਮਣੇ ਰੱਖ ਕੇ ਰਾਜ ਕਰਦਾ ਸੀ ਇਸ ਲਈ ਦਿਆਲੂ ਸੀ, ਕਿਰਪਾਲੂ ਸੀ ਤੇ ਹਮਦਰਦ ਸੀ। ਉਹੀ ਵਹੀਦ-ਉਦ-ਦੀਨ ਰਣਜੀਤ ਸਿੰਘ ਦੇ ਦੋ ਸ਼ਾਹੀ ਫਰਮਾਨਾਂ ਦਾ ਜ਼ਿਕਰ ਆਪਣੀ ਪੁਸਤਕ ਵਿਚ ਕਰਦਾ ਹੈ ਜਿਨ੍ਹਾਂ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਮਹਾਰਾਜਾ ਕਿਤਨਾ ਇਨਸਾਫ ਪਸੰਦ ਸੀ ਤੇ ਆਪਣੀ ਪਰਜਾ ਨੂੰ ਕਿਤਨਾ ਪਿਆਰ ਕਰਦਾ ਸੀ। ਇਕ ਫਰਮਾਨ ਵਿਚ ਉਸ ਨੇ ਇਹ ਹੁਕਮ ਜਾਰੀ ਕੀਤਾ ਹੋਇਆ ਸੀ ਕਿ ਜੇ ਕਰ ਮਹਾਰਾਜਾ ਖੁਦ ਕੋਈ ਐਸਾ ਆਦੇਸ਼ ਜਾਰੀ ਕਰਦਾ ਹੈ ਜਿਸ ਤੋਂ ਇਹ ਲੱਗੇ ਕਿ ਉਹ ਗ਼ੈਰ-ਮੁਨਾਸਬ ਹੈ ਜਾਂ ਕਿਸੇ ਸ਼ਹਿਰੀ ਲਈ ਪੱਖਪਾਤੀ ਹੈ ਤਾਂ ਉਸ ਆਦੇਸ਼ ਬਾਰੇ ਉਸ ਦੇ ਨੋਟਸ ਵਿਚ ਲਿਆਂਦਾ ਜਾਵੇ ਤਾਂ ਜੋ ਉਸ ਵਿਚ ਸੋਧ ਕੀਤੀ ਜਾ ਸਕੇ।.....ਇਨਸਾਫ, ਕਾਨੂੰਨੀ ਪੱਖ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇ ਤੇ ਕਿਸੇ ਵੀ ਵਿਅਕਤੀ ਤੇ ਬੇਇਨਸਾਫੀ ਵਾਲਾ ਫੈਸਲਾ ਨਾ ਠੋਸਿਆ ਜਾਵੇ। ਪੱਖਪਾਤੀ ਫੈਸਲੇ ਕਿਸੇ ਹਾਲਤ ਵਿਚ ਬਰਦਾਸ਼ਤ ਨਹੀਂ ਕੀਤੇ ਜਾਣਗੇ ਤੇ ਫੈਸਲਾ ਕਰਨ ਵਾਲੀ ਧਿਰ ਨਾਲ ਇਨਸਾਫ ਕਰਨ ਲਗਿਆਂ ਉਸ ਦੇ ਧਰਮ ਗ੍ਰੰਥਾਂ ਦੀਆਂ ਭਾਵਨਾਵਾਂ ਨੂੰ ਵੀ ਧਿਆਨ ਗੋਚਰੇ ਰੱਖਿਆ ਜਾਵੇ।

ਉਸ ਦੇ ਦੂਜੇ ਫਰਮਾਨ ਵਿਚ ਆਦੇਸ਼ ਇਹ ਸੀ ਕਿ ਜੇ ਮਹਾਰਾਜਾ ਖੁਦ ਜਾਂ ਉਸ ਦੇ ਪੁਤਰ ਕੋਈ ਗਲਤ ਕੰਮ ਕਰਦੇ ਹਨ ਤਾਂ ਉਹ ਵੀ ਬਿਨਾਂ ਝਿਜਕ ਮਹਾਰਾਜੇ ਦੇ ਨੋਟਿਸ ਵਿਚ ਲਿਆਂਦੇ ਜਾਣ। ਵਹੀਦ- ਉਦ-ਦੀਨ ਇਨ੍ਹਾਂ ਦੋਹਾਂ ਫਰਮਾਨਾਂ ਨੂੰ ਬਹੁਤ ਵਿਲੱਖਣ ਸਮਝਦਿਆਂ ਲਿਖਦਾ ਹੈ ਕਿ ਇਸ ਸਿੱਖ ਰਾਜੇ ਨੇ ਆਪਣੇ ਆਪ ਨੂੰ ਤੇ ਆਪਣੇ ਖਾਨਦਾਨ ਨੂੰ ਕਾਨੂੰਨ ਦੀ ਜ਼ਦ ਵਿਚ ਸ਼ਾਮਲ ਕਰ ਕੇ ਅਦੁੱਤੀ ਮਿਸਾਲ ਪੇਸ਼ ਕੀਤੀ ਹੈ ਜੋ ਮਾਣਜਨਕ ਹੈ। (ਹਵਾਲਾ.7.3.96 ਦੀ ਅੰਗਰੇਜ਼ੀ ਟ੍ਰਿਬਿਊਨ)। ਇਤਿਹਾਸ ਵਿਚ ਇਸ ਗੱਲ ਦਾ ਵੀ ਜ਼ਿਕਰ ਆਉਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਵਿਖੇ ਸੰਗਤ ਦੇ ਸਾਹਮਣੇ ਕੋਰੜੇ ਖਾਧੇ ਜਦੋਂ ਉਸ ਨੂੰ ਉਸ ਦੀ ਅਵੱਗਿਆ ਕਾਰਨ ਤਖ਼ਤ ਦੇ ਜਥੇਦਾਰ ਨੇ ਕੋਰੜਿਆਂ ਦੀ ਸਜ਼ਾ ਸੁਣਾਈ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਮਹਾਰਾਜਾ ਤਾਕਤਵਾਰ ਹੋ ਕੇ ਵੀ ਨਿਯਮਾਂ ਤੇ ਮਰਿਆਦਾ ਅੱਗੇ ਨਿਰਬਲ ਹੈ।

ਜੇਕਰ ਮਹਾਰਾਜੇ ਦੇ ਹਲੀਮੀ ਰਾਜ ਦੇ ਹੋਰ ਪਹਿਲੂਆਂ ਵੱਲ ਵੀ ਨਜ਼ਰ ਮਾਰੀਏ ਤਾਂ ਪਤਾ ਚਲੇਗਾ ਕਿ ਹਰ ਖੇਤਰ ਵਿਚ ਮਹਾਰਾਜਾ ਬਹੁਤ ਦਿਲਚਸਪੀ ਲੈਂਦਾ ਸੀ ਤੇ ਉਸ ਦੇ ਰਾਜ ਵਿਚ 4 ਹਜ਼ਾਰ ਸਕੂਲ ਸਨ ਜੋ ਸਭ ਭਾਈਚਾਰੇ ਦੇ ਲੋਕਾਂ ਲਈ ਇਕ ਸਮਾਨ ਸਨ। ਇਥੋਂ ਤਕ ਕਿ ਅੰਗਰੇਜ਼ੀ ਤੇ ਫਰਾਂਸੀਸੀ ਵੀ ਪੜ੍ਹਾਈ ਜਾਂਦੀ ਸੀ ਤਾਂ ਜੋ ਵਿਦਿਆਰਥੀਆਂ ਦਾ ਬਾਹਰੀ ਦੁਨੀਆਂ ਤੇ ਸਾਹਿਤ ਸਭਿਆਚਾਰ ਨਾਲ ਕੁਝ ਸੰਪਰਕ ਬਣ ਸਕੇ। ਮਹਾਰਾਜੇ ਨੇ ਸਿੱਖ ਮਾਨਸਿਕਤਾ ਨੂੰ ਅਮਲੀ ਜਾਮਾ ਪਵਾ ਕੇ ਦਿਖਾ ਦਿੱਤਾ ਕਿਉਂਕਿ ਉਸ ਦਾ ਰਾਜ ਸਹੀ ਅਰਥਾਂ ਵਿਚ ਲੋਕਾਂ ਦਾ ਰਾਜ ਸੀ ਜਿਸ ਵਿਚ ਨਿਆਂ ਸੀ, ਖੁਸ਼ਹਾਲੀ ਸੀ, ਚੜ੍ਹਦੀਕਲਾ ਸੀ ਤੇ ਸਰਬਸਾਂਝੀ ਵਾਲਤਾ ਦੀ ਅਸਲੀ ਭਾਵਨਾ ਸੀ। ਅਜਿਹੇ ਮਾਨਵ ਹਿਤਕਾਰੀ ਰਾਜ ਦੀ ਮਿਸਾਲ ਮਿਲਣੀ ਔਖੀ ਹੈ।

ਆਪਣੀ ਧਰਤੀ ਮਾਂ ਨਾਲ ਮੋਹ

ਸਿੱਖਾਂ ਦਾ ਦੇਸ਼ ਪ੍ਰੇਮ ਉਮਾਹ

ਸਿੱਖਾਂ ਦੇ ਦੇਸ਼ ਪ੍ਰੇਮ ਦੀ ਗਾਥਾ ਬੜੀ ਮਾਣਜਨਕ ਹੈ। ਇਤਿਹਾਸ ਦਾ ਹਰ ਪੰਨਾ ਇਨ੍ਹਾਂ ਦੇ ਸ਼ਾਨਦਾਰ ਸੂਰਬੀਰਤਾ ਭਿਜੇ ਲਾਸਾਨੀ ਕਾਰਨਾਮਿਆਂ ਨਾਲ ਠਾਠਾਂ ਮਾਰਦਾ ਪਰਤੀਤ ਹੁੰਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਆਪਣੇ ਪ੍ਰਾਣਾਂ ਦੀਆਂ ਅਹੂਤੀਆਂ ਦੇ ਕੇ ਸਿੱਖ ਸੂਰਮਿਆਂ ਨੂੰ ਵਤਨ ਦੀ ਆਨ ਸ਼ਾਨ ਵਾਸਤੇ ਮਰ ਮਿਟਣ ਲਈ ਸੁਸਿੱਖਿਅਤ ਕੀਤਾ। ਭਾਵੇਂ ਹਰ ਸਿੱਖ ਆਪਣੀ ਰੋਜ਼ਾਨਾ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦਾ ਹੈ ਪਰ ਜਦ ਉਸ ਦੇ ਆਪਣੇ ਦੇਸ਼ ਦੇ ਹਿਤ ਦੀ ਗੱਲ ਸਾਹਮਣੇ ਆਉਂਦੀ ਹੈ ਤਾਂ ਉਹ ਸਭ ਕੁਝ ਨਿਛਾਵਰ ਕਰ ਕੇ ਦੇਸ਼ ਦੀ ਅਣਖ ਨੂੰ ਬਰਕਰਾਰ ਰੱਖਣ ਵਿਚ ਸਭ ਤੋਂ ਅੱਗੇ ਰਹਿੰਦਾ ਹੈ। ਇਸ ਦੀ ਸੂਰਮਗਤੀ ਦੀ ਰੀਸ ਕਰਨਾ ਕਿਸੇ ਹੋਰ ਲਈ ਅਸੰਭਵ ਗੱਲ ਬਣ ਜਾਂਦੀ ਹੈ। ਭਾਰਤ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਕਟਣ ਵਿਚ ਵੀ ਸਿੱਖ ਹੀ ਸਭ ਤੋਂ ਅੱਗੇ ਰਹੇ। ਦੇਸ਼ ਵਿਚ ਇਨ੍ਹਾਂ ਦੀ ਵਸੋਂ ਕੇਵਲ 2% ਹੈ ਪਰ ਦੇਸ਼ ਦੀ ਅਜ਼ਾਦੀ ਲਈ ਜੋ ਕੁਰਬਾਨੀਆਂ ਦਿੱਤੀਆਂ ਗਈਆਂ ਉਨ੍ਹਾਂ ਵਿਚ ਸਿੱਖ ਦੀ ਗਿਣਤੀ 70% ਤੋਂ ਵੀ ਵੱਧ ਹੈ।

ਹੱਕ ਇਨਸਾਫ ਲਈ ਜਾਨ ਵਾਰ ਦੇਣ ਨੂੰ ਸਿੱਖ ਖੁਸ਼ੀ ਦੀ ਗੱਲ ਸਮਝਦੇ ਹਨ। ਸਾਰਾ ਇਤਿਹਾਸ ਸਾਖੀ ਭਰਦਾ ਹੈ ਕਿ ਸਿੱਖਾਂ ਨੇ ਕਦੇ ਵੀ ਦੇਸ਼ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਣ ਦੀ ਕੋਈ ਰੰਚਤ ਮਾਤਰ ਕਾਰਵਾਈ ਵੀ ਨਹੀਂ ਕੀਤੀ। ਅਮਨ ਵਿਚ ਉਹ ਜੈ ਕਿਸਾਨ ਦੇ ਰੂਪ ਵਿਚ ਦੇਸ਼ ਦੇ ਅੰਨ ਦਾਤਾ ਬਣੇ ਰਹਿੰਦੇ ਹਨ ਤੇ ਜੰਗ ਜਾਂ ਕਿਸੇ ਹੋਰ ਬਿਪਤਾ ਵਿਚ ਉਹ ਜੈ ਜਵਾਨ ਦੇ ਰੂਪ ਵਿੱਚ ਦੇਸ਼ ਦੀ ਸੁਰਖਿਆ ਦੀ ਰਾਖੀ ਲਈ ਪਰਵਾਨਿਆਂ ਵਾਂਗੂ ਜੂਝ ਜਾਂਦੇ ਹਨ। ਹਰ ਕਿਸੇ ਨੇ ਇਨ੍ਹਾਂ ਦੇ ਇਸ ਦੇਸ਼ ਪਿਆਰ ਦੇ ਜਜ਼ਬੇ ਦੀ ਭਰਵੀਂ ਤਾਰੀਫ ਕੀਤੀ ਹੈ। ਆਪਣੇ ਵਖਰੇ ਤੇ ਵਿਲੱਖਣ ਪਹਿਰਾਵੇ ਕਾਰਨ ਇਹ ਭਾਰਤ ਦੇ ਸਹੀ ਵਾਰਸ ਤੇ ਵਸਨੀਕ ਅਖਵਾਉਂਦੇ ਹਨ ਤੇ ਇਸ ਤੇ ਇਨ੍ਹਾਂ ਨੂੰ ਪੂਰਾ ਪੂਰਾ ਗੌਰਵ ਵੀ ਹੈ। ਵਕਤ ਦੀ ਸਰਕਾਰ ਨਾਲ ਇਨ੍ਹਾਂ ਦਾ ਮਤ ਭੇਦ ਹੋ ਸਕਦਾ ਹੈ ਤੇ ਇਹ ਕਈ ਵਾਰੀ ਸੁਭਾਵਕ ਵੀ ਹੋ ਜਾਂਦਾ ਹੈ ਪਰ ਇਸ ਦਾ ਇਹ ਅਰਥ ਨਹੀਂ ਕਿ ਇਨ੍ਹਾਂ ਦੇ ਮਨ ਵਿਚ ਦੇਸ਼ ਪ੍ਰੇਮ ਪ੍ਰਤੀ ਕੋਈ ਕਮੀ ਵਾਪਰੀ ਹੋਵੇ। ਇਸਦੀ ਇਕ ਮਿਸਾਲ ਇਥੇ ਦੇਣੀ ਉਚਤ ਹੋਵੇਗੀ। ਅਕਾਲੀਆਂ ਦਾ ਵਿਸ਼ਵ ਪ੍ਰਸਿਧ ਨੇਤਾ ਮਾਸਟਰ ਤਾਰਾ ਸਿੰਘ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਵਕਤ ਦੀ ਸਰਕਾਰ ਨਾਲ ਐਜੀਟੇਸ਼ਨ ਕਰਦਾ ਰਿਹਾ ਪਰ ਦੇਸ਼ ਬਾਰੇ ਜੋ ਉਸ ਦੇ ਦਿਲ ਵਿਚ ਸਤਿਕਾਰੀ ਭਾਵਨਾ ਸ਼ੀ ਉਹ ਬੇਮਿਸਾਲ ਸੀ। ਉਹ 28 ਜੁਲਾਈ 1954 ਨੂੰ ਇੰਗਲੈਂਡ ਗਿਆ। ਹਵਾਈ ਜਹਾਜ਼ ਵਿਚੋਂ ਉਹ ਆਪਣੇ ਮਿੱਤਰ ਨੂੰ ਜੋ ਪੱਤਰ ਲਿਖਦਾ ਹੈ ਉਸ ਤੋਂ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਉਸ ਦੇ ਦਿਲ ਵਿੱਚ ਦੇਸ਼ ਪ੍ਰਤੀ ਕਿਹੋ ਜਹੀ ਭਾਵਨਾ ਹੈ। ਪੱਤਰ ਦੀਆਂ ਕੁਝ ਟੂਕਾਂ ਇਵੇਂ ਹਨ:

ਮੇਰੇ ਪਿਆਰੇ...ਜੀ,

ਦਿੱਲੀ ਤੋਂ ਉਡਣ ਮਗਰੋਂ ਜਹਾਜ਼ ਵਿਚ ਬੈਠਦਿਆਂ ਮੇਰੇ ਮਨ ਵਿਚ ਕਈ ਤਰ੍ਹਾਂ ਦੇ ਖਿਆਲ ਉਪਜ ਰਹੇ ਹਨ। ਆਪਣੇ ਦੇਸ਼ ਵਿਚ ਮੈਂ ਹਰ ਪਾਸਿਉਂ ਆਪਣੇ ਆਪ ਨੂੰ ਘਿਰਿਆ ਹੋਇਆ ਮਹਿਸੂਸ ਕਰਦਾ ਹਾਂ ਪਰ ਹੈ ਤਾਂ ਇਹ ਮੇਰਾ ਦੇਸ਼ ਹੀ ਤੇ ਇਹ ਕੌਮ ਵੀ ਮੇਰੀ ਹੀ ਹੈ।... ਪਰ ਪਰਦੇਸ ਵਿਚ ਜਾ ਕੇ ਇਨ੍ਹਾਂ ਹੁਕਮਰਾਨਾਂ ਦੇ ਕੁਕਰਮਾਂ ਬਾਰੇ ਰੌਲਾ ਪਾਉਣ ਨਾਲ ਕਿਧਰੇ ਦੇਸ਼ ਦੀ ਸ਼ਕਤੀ ਉਤੇ ਹੀ ਨਾ ਸੱਟ ਵਜ ਜਾਵੇ, ਇਸ ਸਮੇਂ ਬਸ ਮੈਨੂੰ ਇਹੀ ਫਿਕਰ ਹੈ। ਠੀਕ ਹੈ ਆਪਣੇ ਦੇਸ਼ ਦੇ ਹਾਕਮਾਂ ਵਿਰੁੱਧ ਪ੍ਰਾਪੇਗੰਡਾ ਕਰਨ ਲਈ ਮੈਂ ਨਹੀਂ ਜਾ ਰਿਹਾ ਪਰ ਪਰਦੇਸੀਆਂ ਨਾਲ ਕਿਧਰੇ ਗੱਲ ਤਾਂ ਕਰਨੀ ਪਵੇਗੀ ਹੀ। ਇਸ ਲਈ ਮੈਂ ਇਹ ਸੋਚ ਰਿਹਾ ਹਾਂ ਕਿ ਕਿਸ ਕਿਸਮ ਦੀ ਗੱਲ ਬਾਤ ਕਰਾਂ ਜਿਸ ਨਾਲ ਦੇਸ਼ ਦੀ ਅੰਦਰਲੀ ਸ਼ਕਤੀ, ਇੱਜ਼ਤ ਤੇ ਵਕਾਰ ਉਤੇ ਕੋਈ ਅਸਰ ਨਾ ਪਵੇ। ਮੇਰਾ ਨਿਸਚਾ ਵੀ ਇਹੋ ਹੈ ਤੇ ਇਛਾ ਵੀ ਇਹੋ ਹੈ ਕਿ ਸਾਡਾ ਦੇਸ਼ ਤੇ ਸਾਡੀ ਕੌਮ ਬਹੁਤ ਉਚੇ ਹਨ। ਦੇਸ਼ ਦੇ ਅੰਦਰ ਜਿਸ ਬੇਪਰਵਾਹੀ ਨਾਲ ਮੈਂ ਇਸ ਹਕੂਮਤ ਵਿਰੁੱਧ ਪਰਚਾਰ ਕਰਦਾ ਸਾਂ, ਉਸ ਤਰ੍ਹਾਂ ਬਾਹਰ ਜਾ ਕੇ ਮੈਂ ਪ੍ਰਾਈਵੇਟ ਗੱਲਬਾਤ ਵਿਚ ਵੀ ਨਹੀਂ ਕਰ ਸਕਾਂਗਾ। ਇਸ ਤਰ੍ਹਾਂ ਦੇਸ਼ ਦੇ ਅੰਦਰ ਬਧਾ ਹੋਇਆ ਸਾਂ ਤੇ ਬਾਹਰ ਰੁਕਿਆ ਹੋਵਾਂਗਾ।...ਦੇਸ਼ ਤੋਂ ਬਾਹਰ ਆਪਣੀ ਜ਼ਿੰਮੇਵਾਰੀ ਦੀ ਰੋਕ ਹੋਵੇਗੀ। ਇਸ ਤਰ੍ਹਾਂ ਦੇ ਖਿਆਲਾਂ ਵਿਚ ਡੁੱਬਾ ਸਫਰ ਕਰ ਰਿਹਾ ਹਾਂ ਤੇ ਵਾਹਿਗੁਰੂ ਅੱਗੇ ਅਰਦਾਸ ਕਰ ਰਿਹਾ ਹਾਂ ਕਿ ਉਹ ਮੈਨੂੰ ਘੁਪ ਹਨੇਰੇ ਵਿਚੋਂ ਕੋਈ ਚਮੱਕ ਦਿਖਾਵੇ ਜਿਸ ਦੀ ਸੇਧ ਤੇ ਮੈਂ ਤੁਰਿਆ ਜਾਵਾਂ.....

ਆਪ ਦਾ ਪਿਆਰਾ

(ਹਵਾਲਾ ਰੋਜ਼ਾਨਾ ਅਜੀਤ 29.3.1996) **ਤਾਰਾ ਸਿੰਘ (ਮਾਸਟਰ)**

ਮਾਸਟਰ ਤਾਰਾ ਸਿੰਘ ਦੇ ਉਕਤ ਪੱਤਰ ਵਿਚੋਂ ਦੇਸ਼ ਪ੍ਰਤੀ ਕਿਤਨੇ ਸਨੇਹ ਤੇ ਸਤਿਕਾਰ ਦਾ ਪ੍ਰਗਟਾਵਾ ਹੁੰਦਾ ਹੈ। ਹਵਾਲਿਆਂ, ਗਵਾਲਿਆਂ ਤੇ ਘੁਟਾਲਿਆਂ ਵਿਚ ਗਰੱਸੇ ਹੋਏ ਮੌਜੂਦਾ ਸਿਆਸੀ ਆਗੂਆਂ ਨੂੰ ਦੇਸ਼ ਦਾ ਹਿਤ ਪ੍ਰਥਮ ਰੂਪ ਵਿਚ ਅੱਗੇ ਰਖਣ ਦੀ ਸੁਗੰਧ ਲੈਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਹਰ ਕਰਮ ਕਰਨ ਲਗਿਆਂ ਇਹ ਗੱਲ ਧਿਆਨ ਗੋਚਰੇ ਰੱਖਣੀ ਚਾਹੀਦੀ ਹੈ ਕਿ ਇਸ ਨਾਲ ਦੇਸ਼ ਦੀ ਸ਼ਾਨ ਤੇ ਵਕਾਰ ਤੇ ਕਿਹੋ ਜਿਹਾ ਅਸਰ ਪੈ ਸਕਦਾ ਹੈ।ਮਾਸਟਰ ਤਾਰਾ ਸਿੰਘ ਦੀ ਉਕਤ ਚਿੱਠੀ ਅੱਜ ਦੇ ਖੁਦਗਰਜ਼ ਲੀਡਰਾਂ ਦਾ ਯੋਗ ਪਥ ਪਰਦਰਸ਼ਨ ਕਰ ਸਕਦੀ ਹੈ ਜੇ ਉਨ੍ਹਾਂ ਦੀ ਨੀਅਤ ਹੋਵੇ ਤਾਂ।

ਬਹੁਤ ਸਾਰੇ ਮੌਕਿਆਂ ਤੇ ਕੌਮੀ ਤੇ ਕੌਮਾਂਤਰੀ ਨੇਤਾਵਾਂ ਨੇ ਸਿੱਖਾਂ ਦੀ ਵਫਾਦਾਰੀ ਪ੍ਰਤੀ ਬਹੁਤ ਸ਼ਲਾਘਾ-ਜਨਕ ਸ਼ਬਦ ਕਹੇ ਹਨ ਜਿਨ੍ਹਾਂ ਦਾ ਸੰਖੇਪ ਜਿਹਾ ਹਵਾਲਾ ਇਸ ਪੁਸਤਕ ਦੇ ਕਈ ਪੰਨਿਆਂ ਤੇ ਆਇਆ ਹੈ। ਪਰ ਇਕ ਗੱਲ ਬਿਲਕੁਲ ਸਪੱਸ਼ਟ ਹੈ ਤੇ ਉਹ ਇਹ ਹੈ ਕਿ ਸਿੱਖ ਖੁਦ ਹਰ ਆਂਚ ਖਾ ਸਕਦਾ ਹੈ ਪਰ ਆਪਣੇ ਜੀਂਦੇ ਜੀ ਦੇਸ਼ ਦਾ ਵਾਲ ਵਿੰਗਾ ਨਹੀਂ ਹੋਣ ਦੇਵੇਗਾ। ਇਹ ਗੱਲ ਉਸ ਦੇ ਖੂਨ ਵਿਚ ਰਚੀ ਮਿਚੀ ਹੈ ਤੇ ਉਹ ਇਸ ਦੇ ਗੁਰੂਆਂ ਨੇ ਉਸ ਨੂੰ ਸਿਖਾਈ ਹੈ। ਉਹ ਦੁਸ਼ਮਣ ਦੇ ਨਾਪਾਕ ਮਨਸੂਬਿਆਂ ਨੂੰ ਢਹਿ ਢੇਰੀ ਕਰਨ ਵਿਚ ਕੁਝ ਵੀ ਕਰਨ ਲਈ ਸਦਾ ਤਤਪਰ ਰਿਹਾ ਵੀ ਹੈ ਤੇ ਰਹੇਗਾ ਵੀ। ਮੌਤ ਨਾਲ ਮਖੌਲਾਂ ਕਰਨ ਵਾਲਾ ਸੂਰਬੀਰ ਸਿੱਖ ਸੂਰਮਾ ਚੜ੍ਹਦੀਕਲਾ ਦੇ ਵਰਦਾਨ ਨਾਲ ਹਮੇਸ਼ਾ ਖੀਵਾ ਰਹਿੰਦਾ ਹੈ।

15

ਸਿੱਖੀ ਦਾ ਸ਼ਾਨਦਾਰ ਪਿਛੋਕੜ ਤੇ ਧੁੰਦਲਾ ਭਵਿੱਖ

ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਈ: ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਖਾਲਸਾ ਸਾਜਣ ਦੀ ਉਹ ਕਰਾਮਾਤ ਕਰ ਵਿਖਾਈ ਜਿਸ ਦੀ ਸ਼ਾਨ ਸ਼ੌਕਤ, ਹਿੰਮਤ, ਉਦਮ, ਸੂਰਬੀਰਤਾ ਤੇ ਦਿਆਲਤਾ ਅਤੇ ਅਮਲੀ ਪੱਖਾਂ ਨੂੰ ਦੇਖ ਦੇ ਦੁਨੀਆਂ ਚਕਰਤ ਹੋ ਗਈ। ਸਿੰਘ ਸਜਣ ਤੋਂ ਪਹਿਲੇ ਜਿਹੜੇ ਭਾਰਤੀ ਤਲਵਾਰ ਦੇਖ ਕੇ ਕੰਬਣ ਲਗ ਪੈਂਦੇ ਸਨ, ਖੰਡੇ ਬਾਟੇ ਦਾ ਪਾਹੁਲ ਪਾਨ ਕਰਕੇ ਖੰਡੇ ਖੜਕਾਣ ਲਗ ਪਏ। ਜਿਹੜੇ ਆਪਣੇ ਆਪ ਬਾਰੇ ਇਹ ਸੋਚਦੇ ਸਨ ਕਿ:

ਹਮ ਤੋ ਤੋਲ਼ਨ ਜਾਨਨ ਤਕੜੀ,
ਨੰਗੀ ਕਰਦ ਕਭੂ ਨਾ ਪਕੜੀ।
ਚਿੜੀ ਉੜੇ ਤੋ ਹਮ ਡਰ ਜਾਏਂ,
ਮੁ਼ਗਲੋਂ ਸੇ ਕੈਸੇ ਲੜ ਪਾਏਂ।

ਉਨ੍ਹਾਂ ਨੇ ਸਵਾ ਸਵਾ ਲੱਖ ਨਾਲ ਲੋਹਾ ਲੈਣ ਲਈ ਕਮਰਕਸੇ ਕਰ ਲਏ। ਇਵੇਂ ਸਮਝ ਲਵੋ ਕਿ ਚਿੜੀਆਂ ਤੋਂ ਬਾਜ ਤੁੜਾਏ ਜਾਣ ਲਗ ਪਏ। ਉਹ ਜਰਵਾਣੇ ਜਿਹੜੇ ਜਦ ਮਰਜ਼ੀ ਕਾਬਲ ਕੰਧਾਰ ਤੋਂ ਮੂੰਹ ਚੁਕਦੇ ਤੇ ਭਾਰਤ ਦੀ ਮਾਸੂਮ ਜਨਤਾ ਦੀ ਇਜ਼ਤ ਅਤੇ ਜਾਨ ਮਾਲ ਨੂੰ ਤਹਿਸ ਨਹਿਸ ਕਰ ਜਾਂਦੇ, ਖਾਲਸੇ ਦੇ ਜਲਾਲ ਦੀ ਤਾਬ ਨਾ ਝਲਦੇ ਹੋਏ ਹਿੰਦੁਸਤਾਨ ਨੂੰ ਅਥਾਹ ਸ਼ਕਤੀ ਵਾਲੇ ਦੇਸ਼ ਵਾਸੀਆਂ ਦੀ ਧਰਤੀ ਸਮਝ ਕੇ ਆਪਣੇ ਅਰਮਾਨ ਆਪਣੇ ਦਿਲ ਵਿਚ ਹੀ ਸਮੇਟ ਕੇ ਰਹਿ ਗਏ। ਦੇਸ਼ ਦੇ ਅੰਦਰ ਵੀ ਮੁ਼ਗਲ ਰਾਜ ਦੇ ਅਤਿਆਚਾਰਾਂ ਨੂੰ ਸਿੰਘ ਸੂਰਮਿਆਂ ਨੇ ਅਜਿਹੀ ਠਲ੍ਹ ਪਾਈ ਕਿ ਸਿੱਖਾਂ ਦੀ ਮਹਾਨ ਜਦੋ ਜਹਿਦ ਸਦਕਾ ਮੁ਼ਗਲੀਆ ਰਾਜ ਦਾ ਖਾਤਮਾ ਹੋ ਗਿਆ ਤੇ ਇਵੇਂ ਭਾਰਤ ਵਰਸ਼ ਦੀ ਵੱਡੀ ਸੰਖਿਆ ਵਿਚ ਵਸੀ ਹਿੰਦੂ ਪਰਜਾ ਨੂੰ ਕੁਝ ਸੁੱਖ ਦਾ ਸਾਹ ਨਸੀਬ ਹੋਇਆ। ਸਿੰਘਾਂ ਨੇ ਗੁਰੂ ਸਾਹਿਬਾਨ ਦੇ ਨਕਸ਼ੇ ਕਦਮ ਤੇ ਚਲਦਿਆਂ ਹੋਇਆਂ ਆਪਣੇ ਮਨ ਨੂੰ ਭਗਤੀ ਤੇ ਸ਼ਕਤੀ ਦੇ ਸੁਮੇਲ ਵਿਚ ਲਿਆ ਕੇ ਇਕ ਪਾਸੇ ਜਮਰੌਦ ਦੇ ਕਿਲ੍ਹੇ ਤੇ ਅਤੇ ਦੂਜੇ ਪਾਸੇ ਦਿੱਲੀ ਦੇ ਲਾਲ ਕਿਲ੍ਹੇ ਤੇ ਕੇਸਰੀ ਨਿਸ਼ਾਨ ਝੁਲਾ ਕੇ ਦੁਨੀਆਂ ਵਿਚ ਸਾਬਤ ਕਰ ਕੇ ਰੱਖ ਦਿੱਤਾ ਕਿ ਗੁਰੂ ਸਾਹਿਬਾਨ ਦੇ ਬਚਨਾਂ ਵਿਚ ਅਜਿਹੀ ਤਾਸੀਰ ਹੈ ਜੋ ਕੱਚੀ ਮਿਟੀ ਨੂੰ ਫੌਲਾਦ ਬਣਾ ਸਕਣ ਦੀ ਸਮਰਥਾ ਰਖਦੀ ਹੈ।

ਜੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦਾ ਸੰਘਰਸ਼ ਪ੍ਰਾਰੰਭ ਹੋਇਆ ਤਾਂ ਸਿੰਘ

ਉਸ ਨਾਲ ਸਬੰਧਤ ਹਰ ਸਰਗਰਮੀ ਵਿਚ ਵੀ ਮੋਹਰੀ ਰਹੇ। ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਵਧ ਸ਼ਹੀਦੀਆਂ ਇਨ੍ਹਾਂ ਨੇ ਹੀ ਦਿੱਤੀਆਂ। ਸਿੱਖ ਦੇਸ਼ ਦੀ ਅਬਾਦੀ ਦਾ ਕੇਵਲ 2 ਫੀ ਸਦੀ ਭਾਗ ਹੀ ਸਨ ਪਰ ਦੇਸ਼ ਦੀ ਅਜ਼ਾਦੀ ਲਈ ਕੀਤੀਆਂ ਗਈਆਂ ਕੁਰਬਾਨੀਆਂ ਵਿਚ ਇਨ੍ਹਾਂ ਦਾ ਹਿਸਾ 70% ਰਿਹਾ। ਦੇਸ਼ ਦੇ ਬਟਾਵਾਰੇ ਵੇਲੇ ਜੋ ਸਿੱਖ ਪਰਵਾਰ ਸ਼ਹੀਦ ਹੋਏ ਹਨ ਜਾਂ ਉਜੜੇ ਹਨ ਉਨ੍ਹਾਂ ਦੀ ਗਿਣਤੀ ਤਾਂ ਲੱਖਾਂ ਵਿਚ ਜਾਂਦੀ ਹੈ। ਦੇਸ਼ ਦੀ ਅਜ਼ਾਦੀ ਖਾਤਰ ਇਨ੍ਹਾਂ ਮਤਵਾਲਿਆਂ ਨੇ ਆਪਣੀਆਂ ਬੇਤਰੀਨ ਜ਼ਮੀਨਾਂ, ਕੰਮ ਕਾਜ ਅਤੇ ਇਥੇ ਤਕ ਕਿ ਆਪਣੇ ਵਡਮੁੱਲੇ ਗੁਰਧਾਮ ਵੀ ਨਛਾਵਰ ਕਰ ਦਿੱਤੇ ਪਰ ਆਪਣੀ ਤੇ ਦੇਸ਼ ਦੀ ਅਣਖ ਨੂੰ ਆਂਚ ਨਹੀਂ ਆਉਣ ਦਿੱਤੀ। ਮੌਲਾਨਾ ਅਜ਼ਾਦ ਵਲੋਂ ਪੇਸ਼ ਕੀਤੇ ਅੰਕੜਿਆਂ ਅਨੁਸਾਰ ਦੇਸ਼ ਦੀ ਅਜ਼ਾਦੀ ਲਈ 4771 ਭਾਰਤੀਆਂ ਨੇ ਸ਼ਹੀਦੀਆਂ ਦਿੱਤੀਆਂ ਜਿਨ੍ਹਾਂ ਵਿਚੋਂ 3697 ਕੇਵਲ ਸਿੱਖਾਂ ਦੀਆਂ ਹੀ ਸਨ। ਇਹ ਸ਼ਹੀਦੀਆਂ ਵੀ ਉਨ੍ਹਾਂ ਕਿਸੇ ਦਬਾਅ ਵਿਚ ਆ ਕੇ ਨਹੀਂ ਦਿੱਤੀਆਂ ਸਗੋਂ ਚਾਅ ਨਾਲ ਆਪਣਾ ਫਰਜ਼ ਸਮਝ ਕੇ ਦਿਤੀਆਂ ਹਨ। 1872 ਵਿਚ ਮਲੇਰਕੋਟਲਾ ਤੇ ਲੁਧਿਆਣਾ ਵਿਖੇ 66 ਕੂਕੇ ਸਿੰਘਾਂ ਨੇ ਭਾਰਤੀ ਸਮਾਜ ਦੀਆਂ ਬਹੁ-ਮੁੱਲੀਆਂ ਕੀਮਤਾਂ ਦੀ ਕਾਇਮੀ ਦਾਇਮੀ ਲਈ ਤੋਪਾਂ ਅੱਗੇ ਖੜੇ ਹੋ ਕੇ ਹਸ ਹਸ ਕੇ ਜਾਨਾਂ ਵਾਰੀਆਂ ਤੇ ਇਵੇਂ ਦੇਸ਼ ਦੀ ਅਜ਼ਾਦੀ ਦਾ ਬਿਗਲ ਵਜਾ ਦਿੱਤਾ ਤੇ ਫਿਰ ਦੇਸ਼ ਅਜ਼ਾਦ ਹੋਣ ਵੇਲੇ ਤਕ ਅੰਗਰੇਜ਼ ਸ਼ਾਸਕ ਨੂੰ ਚੈਨ ਨਾਲ ਨਹੀਂ ਬੈਠਣ ਦਿੱਤਾ ਜਿਸ ਦੇ ਫਲ ਸਰੂਪ 15 ਅਗਸਤ 1947 ਨੂੰ ਲਾਲ ਕਿਲ੍ਹੇ ਤੇ ਅਜ਼ਾਦੀ ਦਾ ਪਰਤੀਕ ਤਰੰਗਾ ਝੰਡਾ ਲਹਿਰਾਇਆ ਗਿਆ। ਅਜ਼ਾਦੀ ਦੀ ਲਹਿਰ ਵਿਚ ਸਿੱਖਾਂ ਵਲੋਂ ਵਧ ਚੜ੍ਹ ਕੇ ਬਹਾਦਰੀ, ਦਲੇਰੀ ਤੇ ਅਹਿੰਸਾ ਦੀ ਸਥਿਤੀ ਵਿਚ ਰਹਿੰਦਿਆਂ ਹੋਇਆਂ ਜਾਨਾਂ ਹੂਲਣ ਕਾਰਨ ਉਸ ਸਮੇਂ ਕਾਂਗਰਸ ਦੇ ਵੱਖ ਵੱਖ ਨੇਤਾ ਸਿੱਖਾਂ ਦੇ ਰੋਲ ਦੀ ਤਾਰੀਫ ਕਰਦੇ ਨਹੀਂ ਸਨ ਥਕਦੇ। ਦਰਬਾਰ ਸਾਹਿਬ ਦੇ ਚਾਬੀਆਂ ਦੇ ਮੋਰਚੇ ਸਮੇਂ ਸਿੱਖਾਂ ਵਲੋਂ ਦਿਖਾਈ ਸਹਿਨਸ਼ੀਲਤਾ ਕਰਕੇ ਮਹਾਤਮਾ ਗਾਂਧੀ ਨੇ ਇਨ੍ਹਾਂ ਨੂੰ ਬਹੁਤ ਸਲਾਹਿਆ। ਗੁਰੂ ਕੇ ਬਾਗ਼ ਤੇ ਜੈਤੋਂ ਦੇ ਮੋਰਚਿਆਂ ਵਿਚ ਸਬਰ ਸ਼ੁਕਰ ਨਾਲ ਅੰਗਰੇਜ਼ ਸਰਕਾਰ ਦੇ ਘਨਾਉਣੇ ਅਤਿਆਚਾਰ ਝਲਣ ਕਾਰਨ ਮੋਤੀ ਲਾਲ ਨਹਿਰੂ ਤੇ ਜਵਾਹਰ ਲਾਲ ਨਹਿਰੂ ਨੇ ਇਨ੍ਹਾਂ ਨੂੰ ਪ੍ਰਥਮ ਦੇਸ਼ ਭਗਤ ਕਿਹਾ। 1929 ਦੇ ਲਾਹੌਰ ਵਿਖੇ ਰਾਵੀ ਦਰਿਆ ਦੇ ਕੰਢੇ ਤੇ ਹੋਏ ਕਾਂਗਰਸ ਦੇ ਸਮਾਗਮ ਵਿਚ ਇਹ ਪਾਸ ਕੀਤਾ ਗਿਆ ਕਿ ਕਾਂਗਰਸ ਪਾਰਟੀ ਸਿੱਖ ਕੌਮ ਨੂੰ ਪੱਕਾ ਭਰੋਸਾ ਦਿਵਾਂਦੀ ਹੈ ਕਿ ਅਜ਼ਾਦ ਭਾਰਤ ਦਾ ਕੋਈ ਵੀ ਸੰਵਿਧਾਨ ਅਜਿਹਾ ਨਹੀਂ ਬਣੇਗਾ ਜੋ ਸਿੱਖ ਕੌਮ ਨੂੰ ਸਵੀਕਾਰ ਨਹੀਂ ਹੋਵੇਗਾ।

ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਸੀਸ ਗੰਜ ਗੁਰਦਵਾਰੇ ਵਿਚ ਭਰੇ ਦੀਵਾਨ ਵਿਚ ਮਹਾਤਮਾ ਗਾਂਧੀ ਨੇ ਸਿੱਖਾਂ ਦਾ ਵਿਸ਼ਵਾਸ ਜਿੱਤਣ ਲਈ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਬਾਰੇ ਇਹ ਕਿਹਾ ਕਿ "ਸਿੱਖ ਵੀਰੋ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੇ ਬੋਲਾਂ ਅਤੇ ਕਾਂਗਰਸ ਪਾਰਟੀ ਵਲੋਂ ਪਾਸ ਕੀਤੇ ਗਏ ਰੈਜ਼ੂਲੇਸ਼ਨਾਂ ਤੇ ਪੂਰਾ ਪੂਰਾ ਵਿਸ਼ਵਾਸ ਕਰੋ। ਤੁਹਾਡੀ ਸਮੁੱਚੀ ਕੌਮ ਨੂੰ ਧੋਖਾ ਦੇਣਾ ਤਾਂ ਇਕ ਪਾਸੇ ਰਿਹਾ ਅਸੀਂ ਇਕ ਨਫਰ ਨਾਲ ਵੀ ਅਜਿਹਾ ਨਹੀਂ ਕਰ ਸਕਦੇ। ਜਦ ਕਦੀ ਕਾਂਗਰਸ ਨੇ ਅਜਿਹਾ ਕਰਨ ਦੇ ਪਰਯਤਨ ਕੀਤੇ ਤਾਂ ਯਕੀਨ ਜਾਣਨਾ ਉਹ ਆਪਣੀ ਬਰਬਾਦੀ ਨੂੰ ਆਪ ਸੱਦਾ ਦੇਵੇਗੀ। ਮੇਰੀ ਤੁਹਾਡੇ ਅੱਗੇ ਸੱਚੇ ਦਿਲੋਂ ਪ੍ਰਾਰਥਨਾ ਹੈ ਕਿ ਤੁਸੀਂ ਆਪਣੇ ਦਿਲਾਂ ਵਿਚੋਂ

ਇਹ ਸ਼ੰਕੇ ਤੇ ਤੌਖਲੇ ਬਿਲਕੁਲ ਹੀ ਕਢ ਦਿਓ। ਮੈਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿੰਦਾ ਹਾਂ ਕਿ ਜੋ ਜੋ ਵਾਅਦੇ ਮੇਰੇ ਅਤੇ ਕਾਂਗਰਸ ਵਲੋਂ ਸਿੱਖਾਂ ਨਾਲ ਕੀਤੇ ਗਏ ਹਨ, ਉਨ੍ਹਾਂ ਨੂੰ ਅਸੀਂ ਹਰ ਕੀਮਤ ਤੇ ਨਿਭਾਵਾਂਗੇ। ਮੇਰੇ ਖਿਆਲ ਵਿਚ ਕਾਂਗਰਸ ਦਾ ਅਹਿੰਸਾ ਵਿਚ ਵਿਸ਼ਵਾਸ ਉਸ ਵਲੋਂ ਦਿਤੇ ਗਏ ਵਚਨਾਂ ਦੀ ਸਭ ਤੋਂ ਵੱਡੀ ਅਤੇ ਪੱਕੀ ਗਰੰਟੀ ਹੈ। ਇਸ ਤੋਂ ਇਲਾਵਾ ਸਿੱਖ ਇਕ ਬਹਾਦਰ ਕੌਮ ਹੈ ਤੇ ਉਹ ਆਪਣੇ ਹੱਕਾਂ ਦੀ ਰਾਖੀ ਉਨ੍ਹਾਂ ਸ਼ਸਤਰਾਂ ਨਾਲ ਕਰਨਾ ਜਾਣਦੀ ਹੈ ਜੋ ਉਸ ਦੀ ਰਹਿਤ ਮਰਯਾਦਾ ਦਾ ਹਿੱਸਾ ਹਨ।"

ਇਸ ਤਰ੍ਹਾਂ ਦੇ ਵਿਚਾਰ ਪੰ. ਜਵਾਹਰ ਲਾਲ ਨਹਿਰੂ ਨੇ ਕਾਂਗਰਸ ਦੇ ਕਲਕੱਤਾ ਵਿਖੇ ਜੁਲਾਈ 1946 ਵਿਚ ਹੋਏ ਇਕ ਇਜਲਾਸ ਵਿਚ ਪ੍ਰਗਟਾਏ ਜੋ ਇਵੇਂ ਹਨ "ਪੰਜਾਬ ਦੀ ਬਹਾਦਰ ਸਿੱਖ ਕੌਮ ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ। ਮੇਰੇ ਖਿਆਲ ਵਿਚ ਸਾਨੂੰ ਕਿਸੇ ਨੂੰ ਵੀ ਇਸ ਸੰਬੰਧ ਵਿਚ ਕੋਈ ਆਪਤੀ ਨਹੀਂ ਹੋਣੀ ਚਾਹੀਦੀ ਕਿ ਅਜ਼ਾਦੀ ਮਿਲਣ ਉਪਰੰਤ ਉੱਤਰ ਪੱਛਮ ਭਾਰਤ ਵਿਚ ਇਕ ਅਜਿਹਾ ਇਲਾਕਾ ਅਤੇ ਇੰਤਜ਼ਾਮ ਸਿੱਖ ਕੌਮ ਲਈ ਰਾਖਵਾਂ ਰੱਖਿਆ ਜਾਵੇ ਜਿਸ ਦੁਆਰਾ ਇਹ ਵੀ ਅਜ਼ਾਦੀ ਦਾ ਆਨੰਦ ਮਾਣ ਸਕੇ।" ਦੂਜੇ ਪਾਸੇ ਮੁਸਲਮ ਲੀਗ ਨੇਤਾ ਮਿਸਟਰ ਜਿਨਾਹ ਅੰਗਰੇਜ਼ਾਂ ਨਾਲ ਰਲ ਕੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਤੋੜਨ ਦੇ ਯਤਨਾਂ ਵਿਚ ਕਾਫੀ ਪੇਸ਼ਕਸ਼ਾਂ ਕਰਦਾ ਰਿਹਾ ਜਿਹੜੀਆਂ ਸਿੱਖਾਂ ਨੇ ਭਾਰਤ ਦੀ ਸਲਾਮਤੀ ਦੇ ਹਿੱਤ ਵਿਚ ਕਬੂਲ ਨਾ ਕੀਤੀਆਂ। ਸਿੱਖਾਂ ਦੇ ਇਸ ਰਵਈਏ ਉਤੇ ਉਸ ਨੇ ਤਨਜ਼ ਨਾਲ ਸਿੱਖਾਂ ਬਾਰੇ ਕਿਹਾ, "ਇਕ ਪਾਸੇ ਤਾਂ ਇਹ ਵਖਰੀ ਕੌਮ ਹੋਣ ਦਾ ਦਾਅਵਾ ਕਰਦੇ ਹਨ ਅਤੇ ਦੂਜੇ ਪਾਸੇ ਹਿੰਦੂਆਂ ਦੇ ਪਿਛਲਗ ਬਣ ਕੇ ਮੁਸਲਮਾਨਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਵਾਰੇ ਜਾਈਏ ਇਨ੍ਹਾਂ ਸਿੱਖ ਲੀਡਰਾਂ ਤੋਂ" (ਹਵਾਲਾ ਪੁਸਤਕ ਸਿੱਖ ਕੌਮ ਦਾ ਸ਼ਾਨਦਾਰ ਵਿਰਸਾ, ਪੰਨਾ-26)

1947 ਵਿਚ ਦੇਸ਼ ਅਜ਼ਾਦ ਹੋਇਆ ਪਰ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਨਾ ਹੋਏ। ਇਨ੍ਹਾਂ ਨੇ ਮੋਰਚੇ ਲਗਾਏ ਪਰ ਜਦ ਵੀ ਦੇਸ਼ ਦੀ ਅਜ਼ਾਦੀ ਤੇ ਕਿਸੇ ਬਾਹਰਲੇ ਹਮਲੇ ਕਾਰਨ ਆਂਚ ਆਉਣ ਦਾ ਡਰ ਹੁੰਦਾ ਤਾਂ ਸਿੱਖ ਸਭ ਤੋਂ ਵਧ ਜੋਸ਼ ਤੇ ਜਜ਼ਬੇ ਨਾਲ ਭਾਰਤ ਮਾਤਾ ਦੀ ਰਾਖੀ ਲਈ ਮੈਦਾਨ ਵਿਚ ਨਿਤਰਦੇ। 1962 ਦੀ ਚੀਨ ਦੀ ਜੰਗ 1948, 1965 ਤੇ 1971 ਦੀਆਂ ਪਾਕਿਸਤਾਨ ਦੀਆਂ ਲੜਾਈਆਂ ਵਿਚ ਅਤੇ 2000 ਦੀ ਕਾਰਗਿਲ ਦੀ ਲੜਾਈ ਸਮੇਂ ਇਨ੍ਹਾਂ ਨੇ ਹਮਲਾ ਕਰਨ ਵਾਲਿਆਂ ਦੇ ਨਾਪਾਕ ਇਰਾਦਿਆਂ ਨੂੰ ਖੇਰੂੰ ਖੇਰੂੰ ਕਰਕੇ ਦੇਸ਼ ਦੀ ਅਜ਼ਮਤ (ਇੱਜ਼ਤ) ਨੂੰ ਚਾਰ ਚੰਨ ਲਗਾਏ। ਪਰ ਇਤਨਾ ਕੁਝ ਕਰਨ ਦੇ ਬਾਵਜੂਦ ਵੀ ਸਿੱਖਾਂ ਨੂੰ ਦੇਸ਼ ਵਿਚ ਉਹ ਮਾਨਤਾ ਨਹੀਂ ਮਿਲੀ ਜਿਸ ਦੇ ਉਹ ਹੱਕਦਾਰ ਸਨ, ਇਸ ਲਈ ਉਨ੍ਹਾਂ ਦੀ ਸੰਤੁਸ਼ਟਤਾ ਨਹੀਂ ਹੋਈ। ਇਸ ਦੇ ਕਾਰਨ ਲਭਣ ਦੀ ਲੋੜ ਹੈ ਅਤੇ ਸਹੀ ਅਰਥਾਂ ਵਿਚ ਸਿੱਖ ਮਾਨਸਕਤਾ ਨੂੰ ਸੰਤੁਸ਼ਟ ਕਰਨ ਦੀ ਅਵਸ਼ਕਤਾ ਹੈ ਤਾਂ ਜੋ ਇਹ ਬਹਾਦਰ ਕੌਮ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਿਚ ਤੇ ਦੇਸ਼ ਦੀ ਰਾਖੀ ਦੇ ਮਹਾਨ ਕਾਰਜ ਵਿਚ ਪੂਰੀ ਲਗਨ ਨਾਲ ਮਗਨ ਰਹਿ ਸਕੇ। ਅਚਾਰੀਆ ਰਜਨੀਸ਼ ਦੀ ਇਹ ਗੱਲ ਬਿਲਕੁਲ ਸਚੀ ਤੇ ਵਜ਼ਨੀ ਹੈ ਕਿ **"ਜੇ ਕਰ ਅਸੰਤੁਸ਼ਟਤਾ ਜਾਂ ਕਿਸੇ ਹੋਰ ਕਾਰਨ ਕਰਕੇ ਸਿੱਖ ਦੀ ਕਿਰਪਾਨ ਨੂੰ ਜ਼ੰਗ ਲਗ ਗਿਆ ਤਾਂ ਭਾਰਤ ਦੀ ਸ਼ਾਨ ਉਤੇ ਇਸ ਦਾ ਮਾਰੂ ਅਸਰ ਪਵੇਗਾ।"**

"ਸ੍ਰੀ ਡੀ. ਐਸ. ਭੁਟਾਨੀ ਵੱਖ ਵੱਖ ਦ੍ਰਿਸ਼ਟੀ ਕੌਨਾਂ ਤੋਂ ਸਿੱਖਾਂ ਦੀਆਂ ਸਮੱਸਿਆਵਾਂ ਨੂੰ ਘੋਖਦਿਆਂ ਹੋਇਆਂ ਆਪਣੀ ਪੁਸਤਕ The Third Sikh War ਦੇ ਪੰਨਾ 129 ਤੇ ਇਵੇਂ ਲਿਖਦਾ ਹੈ: .."ਇਵੇਂ ਸਿੱਖ ਇਕ ਮਾਰਸ਼ਲ ਕੌਮ ਬਣੇ ਅਤੇ ਇਹ ਅੱਜ ਵੀ ਮਾਰਸ਼ਲ ਕੌਮ ਹੀ ਹਨ। ਉਹ ਇਸੇ ਗੱਲ ਦੀ ਮਾਨਤਾ ਚਾਹੁੰਦੇ ਹਨ ਅਤੇ ਇਹ ਉਨ੍ਹਾਂ ਨੂੰ ਮਿਲਣੀ ਵੀ ਚਾਹੀਦੀ ਹੈ ਕਿਉਂਕਿ ਇਹ ਉਨ੍ਹਾਂ ਦਾ ਯੋਗ ਹੱਕ ਹੈ। ਇਹ ਮਾਨਤਾ ਦੇਣ ਨਾਲ ਕਿਸੇ ਨੂੰ ਡਰਨਾ ਨਹੀਂ ਚਾਹੀਦਾ ਕਿਉਂਕਿ ਇਸ ਤੋਂ ਸਾਨੂੰ ਸਾਰਿਆਂ ਨੂੰ ਲਾਭ ਹੀ ਲਾਭ ਹੈ। ਇਸ ਵਿਚ ਕਿਸੇ ਦਾ ਕੋਈ ਨੁਕਸਾਨ ਵੀ ਨਹੀਂ ਹੁੰਦਾ ਕਿਉਂਕਿ ਸਿੱਖ ਇਕ ਜੁਝਾਰੂ ਹੈ, ਧਾੜਵੀ ਨਹੀਂ। ਜਿਸ ਹਿਰਦੇ ਨੇ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਆਪਣੇ ਵਿੱਚ ਸਮੋਈਆਂ ਹੋਈਆਂ ਹੋਣ ਉਹ ਧਾੜਵੀ ਹੋ ਵੀ ਕਿਵੇਂ ਸਕਦਾ ਹੈ? ਇਥੇ ਤੱਕ ਕਿ ਖਾਲਸਾ ਸਾਜਣ ਵਾਲੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਨ੍ਹਾਂ ਨੂੰ ਇਹੀ ਉਪਦੇਸ਼ ਦਿੱਤਾ ਹੈ ਕਿ ਖਾਲਸਾ ਕੇਵਲ ਤੇ ਕੇਵਲ ਨੇਕ ਕੀਮਤਾਂ ਕਦਰਾਂ ਦੀ ਕਾਇਮੀ ਦਾਇਮੀ ਲਈ ਹੀ ਯੁਧ ਕਰੇ ਗਾ। ... ਸਾਨੂੰ ਹੁਣ ਕੁਝ ਤੱਤ ਖੜੱਤ ਕਰਨਾ ਚਾਹੀਦਾ ਹੈ, ਜਨਤਾ ਤੇ ਸਰਕਾਰ ਨੂੰ ਆਪਣੇ ਆਪਣੇ ਖੇਤਰਾਂ ਤੋਂ ਕੁਝ ਬਾਹਰ ਜਾ ਕੇ ਵੀ ਹਰ ਸੰਭਵ ਤਰੀਕੇ ਨਾਲ ਸਿੱਖਾਂ ਨਾਲ ਮਿੱਤਰਤਾ ਵਧਾਉਣੀ ਚਾਹੀਦੀ ਹੈ। ਭਾਵੇਂ ਅਜਿਹਾ ਕਰਨ ਲਈ ਸੰਵਿਧਾਨ ਵਿਚ ਵਿਸ਼ੇਸ਼ ਕਾਂਡ ਹੀ ਸ਼ਾਮਲ ਕਿਉਂ ਨਾ ਕਰਨਾ ਪਵੇ ਜਿਸ ਨਾਲ ਸਿੱਖਾਂ ਨੂੰ ਭਾਰਤ ਦੇ ਰਾਜਨੀਤਕ ਸਿਸਟਮ ਵਿੱਚ ਵਿਸ਼ੇਸ਼ ਥਾਂ ਦਿੱਤੀ ਜਾਵੇ ਅਤੇ ਸਿੱਖ ਧਰਮ ਨੂੰ ਮਾਣ ਤੇ ਸਤਿਕਾਰ ਦਾ ਸਥਾਨ ਪ੍ਰਦਾਨ ਕੀਤਾ ਜਾਵੇ।

ਅੰਤ ਵਿਚ ਇਹੀ ਲਿਖਿਆ ਜਾਂਦਾ ਹੈ ਕਿ ਸਿੱਖ ਭਾਰਤ ਦਾ ਕਮਾਊ, ਉਦਮੀ, ਸੂਰਬੀਰ ਤੇ ਮਿਹਨਤੀ ਪੁਤਰ ਹੈ। ਇਸ ਦੀ ਹਰ ਸਮਸਿਆ ਦਾ ਸਮਾਧਾਨ ਦੂਰ ਅੰਦੇਸ਼ੀ ਤੇ ਖੈਰ-ਸਗਾਲੀ ਦੀ ਭਾਵਨਾ ਵਿਚ ਹੋਣਾ ਚਾਹੀਦਾ ਹੈ। ਇਸ ਵਿਚ ਸਾਰਿਆਂ ਦਾ ਭਲਾ ਹੈ। ਸਿੱਖ ਦਾ ਭਵਿੱਖ ਧੁੰਦਲਾ ਨਹੀਂ ਹੋਣ ਚਾਹੀਦਾ ਕਿਉਂਕਿ ਇਸ ਦਾ ਭਵਿੱਖ ਭਾਰਤ ਦਾ ਭਵਿੱਖ ਹੈ।

ਸਿੱਖਾਂ ਨੂੰ ਵੀ ਆਪਣੇ ਭਵਿੱਖ ਨੂੰ ਆਪਸੀ ਫੁਟ ਤੇ ਕੁਰਸੀਆਂ ਦੀ ਭੁਖ ਨੂੰ ਸਾਹਮਣੇ ਰਖ ਕੇ ਚਲਾਈਆਂ ਜਾ ਰਹੀਆਂ ਕੋਝੀਆਂ ਚਾਲਾਂ ਤੋਂ ਵੀ ਬਚਾ ਕੇ ਰੱਖਣ ਦੀ ਲੋੜ ਹੈ। ਲੀਡਰਾਂ ਦੇ ਨਿਜੀ ਲਾਲਚਾਂ ਤੇ ਚੌਧਰਾਂ ਨੇ ਕਾਫੀ ਨੁਕਸਾਨ ਪਹੁੰਚਾਣਾ ਸ਼ੁਰੂ ਕਰ ਦਿੱਤਾ ਹੈ। ਹਰ ਲੀਡਰ ਆਪਣੇ ਜ਼ਾਤੀ ਹਿਤ ਲਈ ਕੌਮ ਨੂੰ ਦੋ ਫਾੜ ਕਰਨ ਵਿਚ ਵੀ ਕਸਰ ਨਹੀਂ ਛੱਡ ਰਿਹਾ। ਉਹ ਇਹ ਜਾਣਦਾ ਹੋਇਆ ਵੀ ਕਿ ਇਸ ਨਾਲ ਕੌਮੀ ਵਕਾਰ ਨੂੰ ਬਹੁਤ ਧੱਕਾ ਲਗ ਰਿਹਾ ਹੈ, ਆਪਣੇ ਸਟੈਂਡ ਤੋਂ ਟਸ ਤੋਂ ਮਸ ਨਹੀਂ ਹੋ ਰਿਹਾ। ਕੌਮ ਦਿਆਂ ਚੌਧਰੀਆਂ ਦੀ ਇਹ ਨੀਤੀ ਕੌਮ ਮਾਰੂ ਨੀਤੀ ਕਹੀ ਜਾ ਸਕਦੀ ਹੈ ਜਿਸ ਤੋਂ ਹਰ ਸਿੱਖ ਚਿੰਤਾਤੁਰ ਹੈ ਅਤੇ ਨੌਜਵਾਨ ਸਿੱਖ ਤਾਂ ਇਸ ਦੁਰਦਸ਼ਾ ਨੂੰ ਦੇਖ ਕੇ ਸਿਖੀ ਤੋਂ ਹੀ ਮੁਨਕਰ ਹੋ ਰਿਹਾ ਹੈ। ਇਸ ਸਥਿਤੀ ਨੇ ਨੌਜਵਾਨਾਂ ਵਿਚ ਪਤਿਤਪੁਣੇ ਦੀ ਮਾਰੂ ਬਿਮਾਰੀ ਫੈਲਾ ਦਿੱਤੀ ਹੈ। ਨੌਜਵਾਨਾਂ ਨੇ ਲੀਡਰਾਂ ਤੋਂ ਹੀ ਪ੍ਰੇਰਨਾ ਲੈਣੀ ਹੈ ਪਰ ਲੀਡਰ ਤਾਂ ਖੁਦਗਰਜ਼ੀ ਵਿਚ ਗ਼ਰਕ ਹੋ ਰਹੇ ਹਨ, ਉਹ ਕਿਸੇ ਨੂੰ ਸੇਧ ਕੀ ਦੇ ਸਕਣਗੇ? ਇਸੇ ਨਾ-ਇਤਫਾਕੀ ਦਾ ਜ਼ਿਕਰ ਤਵਾਰੀਖ ਗੁਰੂ ਖਾਲਸਾ ਦਾ ਲੇਖਕ ਗਿਆਨੀ ਗਿਆਨ ਸਿੰਘ ਜਿਲਦ ਦੂਜੀ ਪੰਨਾ 96 ਤੇ ਕਰਦਾ ਹੋਇਆ ਸਿੱਖਾਂ ਨੂੰ

ਸਮਝਾਂਦਿਆਂ ਹੋਇਆਂ ਲਿਖਦਾ ਹੈ, "ਅਸੀਂ ਸਿੱਖ ਭਾਈਆਂ ਅੱਗੇ ਬੇਨਤੀ ਕਰਦੇ ਹਾਂ ਕਿ ਐ ਖਾਲਸਾ ਜੀ! ਤੁਸੀਂ ਦੂਜੇ ਧਰਮਾਂ ਦੇ ਲੋਕਾਂ ਦੇ ਚੰਗੇ ਬਚਨਾਂ ਦਾ ਲਿਹਾਜ਼ ਕਰਦੇ ਹੋਏ ਜੋ ਉਨ੍ਹਾਂ ਨੇ ਸਿੱਖਾਂ ਦੀ ਸ਼ਾਨ ਵਿਚ ਕਹੇ ਹਨ ਸ਼ਰਮ ਪਾਲੋ, ਤੇ ਆਪਸ ਵਿਚ ਇਤਫਾਕ ਰਖੋ। ਹੋਰ ਸਭ ਬਾਤਾਂ ਤੁਹਾਡੇ ਵਿਚ ਸਾਰੇ ਧਰਮਾਂ ਨਾਲੋਂ ਚੰਗੀਆਂ ਹਨ, ਇਕ ਇਤਫਾਕ ਤੁਸੀਂ ਛੱਡ ਰੱਖਿਆ ਹੈ, ਸੋ ਆਪਣੀਆਂ ਖੁਦਗਰਜ਼ੀਆਂ ਨੂੰ ਛੱਡ ਕੇ ਇਕ ਜਾਨ ਬਣੇ ਰਹੋਗੇ ਤਾਂ ਦੁਨੀਆ ਵਿਚ ਆਪਣੀ ਵਡਿਆਈ ਤੇ ਪ੍ਰਮਾਰਥ ਦੋਵੇਂ ਸੌਰਦੇ ਰਹਿਣਗੇ ਨਹੀਂ ਤਾਂ ਘਟਦੇ ਘਟਦੇ ਘਟ ਜਾਓਗੇ।" ਖਿਆਲ ਰੱਖਣਾ ਕਿਧਰੇ ਘਰ ਦੇ ਦੀਵੇ ਨਾਲ ਹੀ ਘਰ ਨੂੰ ਅੱਗ ਨਾ ਲਗ ਜਾਵੇ। ਵੇਲਾ ਸੰਭਾਲਣ ਦੀ ਲੋੜ ਹੈ। ਸਾਡੀ ਆਪਸੀ ਖਿੱਚੋਤਾਣ ਕਾਰਨ ਦੂਜੇ ਸਾਨੂੰ ਇਵੇਂ ਮਿਹਣੇ ਨਾ ਮਾਰਦੇ ਫਿਰਨ :

ਹੈ ਜਬੀਂ ਤੋ ਤੇਰੀ ਰੌਸ਼ਨ, ਜ਼ਰਾ ਦਿਲ ਭੀ ਦੇਖ ਜ਼ਾਹਿਦ,
ਜੋ ਜਗਾਹ ਹੈ ਰੌਸ਼ਨੀ ਕੀ, ਵਹਾਂ ਰੌਸ਼ਨੀ ਨਹੀਂ ਹੈ।

ਮਾਨਵਤਾ ਦੇ ਸੱਚੇ ਹਮਦਰਦ :

ਸਿੱਖ ਲੋਕ

ਸਿੱਖ ਉਹ ਵਿਅਕਤੀ ਹੈ ਜੋ ਸ਼ਰਧਾ ਪੂਰਵਕ :

1. ਅਬਿਨਾਸੀ ਵਾਹਿਗੁਰੂ ਵਿਚ,

(2) ਦਸ ਗੁਰੂ ਸਾਹਿਬਾਨ ਵਿਚ ਭਾਵ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ,

(3) ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ,

(4) ਦਸ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਤੇ ਉਨ੍ਹਾਂ ਵਲੋਂ ਉਚਰੇ ਬਚਨਾਂ ਵਿੱਚ ਅਤੇ,

(5) ਦਸਮ ਪਾਤਸ਼ਾਹ ਵਲੋਂ ਦਿੱਤੀ ਗਈ ਅੰਮ੍ਰਿਤ ਦੀ ਦਾਤ ਤੇ ਪੂਰਾ ਪੂਰਾ ਨਿਸ਼ਚਾ ਰੱਖਦਾ ਹੈ। ਅਤੇ ਉਹ ਕਿਸੇ ਹੋਰ ਧਰਮ ਵਿਚ ਆਸਤਾ ਤੇ ਨਿਸਚਾ ਨਹੀਂ ਰੱਖਦਾ ਪਰ ਸਤਿਕਾਰ ਸਭ ਧਰਮਾਂ ਦਾ ਕਰਦਾ ਹੈ। ਪ੍ਰੋਫੈਸਰ ਪੂਰਨ ਸਿੰਘ ਸਿੱਖ ਦੀ ਤੁਲਨਾ ਇਕ ਸਾਏਦਾਰ ਰੁਖ ਨਾਲ ਕਰਦਾ ਹੈ। ਉਸ ਅਨੁਸਾਰ ਸਿੱਖ ਇਕ ਸਾਏਦਾਰ ਰੁਖ ਹੈ ਜੋ ਜਿਥੇ ਵੀ ਹੁੰਦਾ ਹੈ, ਧੁੱਪ, ਪਿਆਸ ਤੋਂ ਪੀੜਤ ਰਾਹੀ, ਜੋ ਕੋਈ ਵੀ ਉਹ ਕਿਉਂ ਨਾ ਹੋਵੇ, ਜਦ ਉਹ ਉਸ ਦੀ ਸ਼ਰਨ ਵਿਚ ਆਉਂਦਾ ਹੈ ਤਾਂ ਆਨੰਦ ਤੇ ਸ਼ਾਂਤੀ ਦਾ ਅਨੁਭਵ ਕਰਦਾ ਹੈ ਅਤੇ ਉਹ ਰਾਹੀ ਜਦ ਸਵੇਰੇ ਉਠਦਾ ਹੈ ਤਾਂ ਸਿੱਖ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਦੇ ਕੇ ਆਪਣੇ ਰਸਤੇ ਤੇ ਚਲ ਪੈਂਦਾ ਹੈ, ਤਾਂ ਸਿੱਖ ਦਾ ਪਿਆਰਾ ਪਿਆਰਾ ਗੁਣਵਾਨ ਮੁਖੜਾ ਇਕ ਮਿੱਤਰ ਦੀ ਨਿਆਈਂ ਉਸ ਦੇ ਨਾਲ ਨਾਲ ਹੋ ਤੁਰਦਾ ਹੈ ਜੋ ਉਸ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਤੇ ਸ਼ਕਤੀਆਂ ਨਾਲ ਪਰੀ ਪੂਰਤ ਕਰਦਾ ਰਹਿੰਦਾ ਹੈ। ਉਹ ਰਾਹੀ ਆਪਣੀ ਕਲਪਨਾ ਵਿਚ ਸਿੱਖ ਦੀ ਆਤਮਾ ਦੀ ਸੀਤਲਤਾ ਨੂੰ ਅਨੁਭਵ ਕਰਦਾ ਹੈ ਜਿਸ ਨੇ ਸਖਤ ਗਰਮੀ ਦੇ ਮੌਸਮ ਵਿਚ ਵੀ ਉਸ ਰਾਹੀ ਦੇ ਸੀਸ ਤੇ ਛਤਰ ਫੈਲਾ ਦਿੱਤਾ ਹੈ। ਉਹ ਰਾਹੀ ਇਸ ਕਲਪਨਾ ਵਿਚ ਹੀ ਆਪਣੇ ਸੁਪਨੇ ਤੋਂ ਜਦ ਜਾਗਦਾ ਹੈ ਤਾਂ ਸਿੱਖ ਦਾ ਇਸ ਗੱਲ ਤੇ ਅਭਿਨੰਦਨ ਕਰਦਾ ਹੈ ਕਿ ਉਹ ਕਿਸੇ ਸਿੱਖ ਦੇ ਸੰਪਰਕ ਵਿਚ ਆਇਆ ਹੈ।

ਸਿੱਖਾਂ ਦੀ ਧਾਰਮਿਕ ਮਰਿਆਦਾ ਅਤੇ ਧਾਰਨਾਵਾਂ ਅਨੁਸਾਰ ਸਿੱਖ ਦੀ ਜ਼ਿੰਦਗੀ ਦੇ ਦੋ ਪੱਖ ਹਨ, ਇਕ ਤਾਂ ਨਿੱਜੀ ਤੇ ਨਰੋਲ ਆਪਣਾ ਅਤੇ ਦੂਜਾ ਭਾਈਚਾਰਕ ਜਿਸ ਨੂੰ ਸਿੱਖ ਮਰਿਆਦਾ ਵਿਚ ਪੰਥਕ ਕਿਹਾ ਜਾਂਦਾ ਹੈ। ਆਪਣੇ ਨਿੱਜੀ ਜੀਵਨ ਵਿਚ ਸਿੱਖ ਨੂੰ ਨਾਮ ਅਤੇ ਗੁਰਬਾਣੀ ਦਾ ਸਿਮਰਨ ਕਰਨਾ ਚਾਹੀਦਾ ਹੈ। ਉਸ ਨੂੰ ਗੁਰੂ ਸਾਹਿਬਾਨ ਵਲੋਂ ਦਿੱਤੀ ਸਿਖਿਆ ਅਨੁਸਾਰ ਹੀ ਆਪਣਾ ਜੀਵਨ ਬਿਤਾਣਾ ਚਾਹੀਦਾ ਹੈ ਅਤੇ ਖੁਸ਼ੀ ਖੁਸ਼ੀ ਆਪਣੇ ਆਪ ਨੂੰ ਇਛਤ ਪਰਉਪਕਾਰੀ ਨਿਸ਼ਕਾਮ ਸੇਵਾ ਲਈ ਸਮਰਪਤ ਕਰਨਾ ਚਾਹੀਦਾ ਹੈ।

ਉਸ ਨੂੰ ਅੰਮ੍ਰਿਤ ਵੇਲੇ ਉਠਣਾ ਚਾਹੀਦਾ ਹੈ, ਇਸ਼ਨਾਨ ਆਦਿ ਕਰ ਕੇ ਆਪਣੇ ਵਿਚਾਰਾਂ ਨੂੰ ਅਕਾਲਪੁਰਖ ਵਿਚ ਕੇਂਦਰਤ ਕਰਨਾ ਚਾਹੀਦਾ ਹੈ, ਵਾਹਿਗੁਰੂ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ ਜੋ ਹਨੇਰੇ ਨੂੰ ਮਿਟਾਉਣ ਵਾਲੀ ਅਦਭੁਤ ਸ਼ਕਤੀ ਹੈ।

ਸਿੱਖ ਨੂੰ ਨਿਮਨ ਬਾਣੀਆਂ ਦਾ ਨਿਤਨੇਮ ਕਰਨਾ ਚਾਹੀਦਾ ਹੈ। (1) ਸਵੇਰੇ ਜਪੁਜੀ ਸਾਹਿਬ, (2) ਜਾਪ ਸਾਹਿਬ (3) ਦਸ ਸਵਈਏ (4) ਚੌਪਈ ਸਾਹਿਬ (5) ਅਨੰਦ ਸਾਹਿਬ, ਸ਼ਾਮ ਨੂੰ ਰਹਿਰਾਸ ਸਾਹਿਬ ਦਾ ਅਤੇ ਸੌਣ ਤੋਂ ਪਹਿਲਾਂ ਕੀਰਤਨ ਸੋਹਿਲੇ ਦਾ ਪਾਠ ਕਰਨਾ ਚਾਹੀਦਾ ਹੈ। ਸਵੇਰੇ ਤੇ ਸ਼ਾਮ ਨੂੰ ਪਾਠ ਕਰਨ ਉਪਰੰਤ ਅਰਦਾਸ ਕਰਨੀ ਵੀ ਜ਼ਰੂਰੀ ਹੈ। (ਇਸ ਅਰਦਾਸ ਦਾ ਨਮੂਨਾ ਪੁਸਤਕ ਦੇ ਅਗਲੇ ਚੈਪਟਰ ਵਿਚ ਦਿੱਤਾ ਗਿਆ ਹੈ।)

ਜਥੇਬੰਦਕ ਹਸਤੀ ਵਜੋਂ ਵਿਚਰਦੇ ਹੋਏ ਸਿੱਖ ਨੂੰ ਰੋਜ਼ ਗੁਰਦੁਆਰਾ ਸਾਹਿਬ ਵਿਚ ਸੰਗਤ ਰੂਪ ਵਿਚ ਇਕੱਤਰ ਹੋ ਕੇ ਪਾਠ ਪੂਜਾ ਅਤੇ ਅਰਦਾਸ ਬੰਦਗੀ ਕਰਨੀ ਚਾਹੀਦੀ ਹੈ। ਉਚੀ ਤੇ ਨੀਵੀਂ ਜਾਤ ਦੇ ਸਮਝੇ ਜਾਣ ਵਾਲੇ ਲੋਕਾਂ ਵਿਚ ਅਤੇ ਉਚੇ ਤੇ ਅਮੀਰ ਅਥਵਾ ਨਿਰਧਨ ਤੇ ਗਰੀਬ ਲੋਕਾਂ ਵਿਚ ਭੇਦ ਭਾਵ ਰੱਖੇ ਬਿਨਾਂ ਸਭ ਨੂੰ ਬਰਾਬਰ ਸਮਝਣਾ ਚਾਹੀਦਾ ਹੈ। ਕਿਸੇ ਵੀ ਸਿੱਖ ਨੂੰ ਸੰਗਤ ਵਿਚ ਨੰਗੇ ਸਿਰ ਜਾਂ ਬੂਟ ਪਾ ਕੇ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਵਿਸ਼ੇਸ਼ ਸੀਟਾਂ ਲੁਆ ਕੇ ਕਿਸੇ ਨੂੰ ਬਿਠਾਉਣਾ ਸਿੱਖ ਅਸੂਲਾਂ ਦੇ ਖਿਲਾਫ ਹੈ ਅਤੇ ਇਵੇਂ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨਾਦਰ ਕਰਨ ਦੇ ਬਰਾਬਰ ਹੈ ਜੋ ਕੋਈ ਵੀ ਸਿੱਖ ਨਹੀਂ ਚਾਹੁੰਦਾ ਤੇ ਨਾ ਹੀ ਬਰਦਾਸ਼ਤ ਕਰ ਸਕਦਾ ਹੈ। ਜੋ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਾ ਹੈ, ਉਹ ਹਰ ਲਿਹਾਜ਼ ਨਾਲ ਇਕ ਦੂਜੇ ਦੇ ਸਮਾਨ ਹੈ।

ਸਿੱਖ ਜੀਵਨ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਸਿੱਖ ਕਿਸੇ ਵੀ ਹਾਲਤ ਵਿਚ ਆਪਣੇ ਆਪ ਨੂੰ ਫਜ਼ੂਲ ਦੇ ਵਹਿਮਾਂ ਭਰਮਾਂ ਤੇ ਹੋਰ ਗੈਰੀ ਰਵਾਜਾਂ ਵਿਚ ਗ੍ਰਸਤ ਨਹੀਂ ਕਰਦਾ ਅਤੇ ਨਾ ਹੀ ਕਰੇਗਾ। ਸਿੱਖ ਦੇ ਖ਼ੂਨ ਵਿਚੋਂ, ਉਸ ਦੇ ਸੁਭਾਅ ਵਿਚੋਂ, ਉਸ ਦੀ ਸੋਚ ਵਿਚੋਂ ਗੁਰੂ ਸਾਹਿਬਾਨ ਨੇ ਇਹ ਭੇਦ ਭਾਵ ਤੇ ਉਚ ਨੀਚ ਦਾ ਤਫਰਕਾ ਮੂਲੋਂ ਹੀ ਕੱਢ ਦਿੱਤਾ ਹੈ। ਇਸੇ ਲਈ ਸਿੱਖ ਜ਼ਾਤ ਪਾਤ ਤੋਂ ਰਹਿਤ ਇਨਸਾਨ ਹੈ। ਸਿੱਖ ਹਰ ਕਿਸਮ ਦੇ ਫਜ਼ੂਲ ਦੇ ਕਰਮ ਕਾਂਢਾ ਤੋਂ ਮੁਕਤ, ਵਹਿਮਾਂ ਭਰਮਾਂ ਤੋਂ ਬੇ-ਨਿਆਜ਼ ਹੈ, ਉਸ ਲਈ ਹਰ ਪਲ, ਹਰ ਦਿਨ, ਹਰ ਮਹੀਨਾ ਉਤਮ ਹੈ ਜੇਕਰ ਉਹ ਆਪਣਾ ਜੀਵਨ ਗੁਰਬਾਣੀ ਦੀ ਟੇਕ ਤੇ ਆਸਰੇ ਵਿਚ ਕੱਟਦਾ ਹੈ। ਆਪਣਾ ਨਿਤਾ ਪ੍ਰਤੀ ਨਿਤਨੇਮ ਕਰਦਿਆਂ ਹੋਇਆਂ ਤੇ ਮਾਨਵਤਾ ਦੀ ਨਿਸ਼ਕਾਮ ਰੂਪ ਵਿਚ ਸੇਵਾ ਕਰਦਿਆਂ ਹੋਇਆਂ ਉਹ ਕੁਦਰਤ ਦਾ ਅਟੁੱਟ ਅੰਗ ਬਣ ਜਾਂਦਾ ਹੈ।

ਅਰਦਾਸ ਕਰਦੇ ਸਮੇਂ ਸਿੱਖ ਪਰਕਿਰਤੀ ਦੀ ਅਵਾਜ਼ ਹੁੰਦਾ ਹੈ ਅਤੇ ਬਰਫ ਦੀਆਂ ਦਸਤਾਰਾਂ ਸਜਾਏ ਵਿਸ਼ਾਲ ਪ੍ਰਬਤ ਵੀ ਉਸ ਦੇ ਨਾਲ ਆਪਣਾ ਮਸਤਕ ਅਕਾਲਪੁਰਖ ਅੱਗੇ ਝੁਕਾਂਦੇ ਹਨ। ਪ੍ਰਮਾਤਮਾ ਦੀ ਰੰਗਤ ਵਿਚ ਰੰਗੇ ਹੋਏ ਸਿੱਖ ਦੇ ਮਨ ਵਿਚ ਗਗਨ ਦੇ ਸਾਰੇ ਤਾਰੇ ਭਾਵਨਾਵਾਂ ਦੇ ਸੰਗੀਤ ਉਤੇ ਥਰਥਰਾਂਦੇ ਹੋਏ ਝੂਮਦੇ ਹਨ। ਉਨ੍ਹਾਂ ਦੀ ਆਤਮਾ ਇਤਨੀ ਸ਼ਕਤੀ ਸ਼ਾਲੀ ਹੋ ਜਾਂਦੀ ਹੈ ਕਿ ਇਵੇਂ ਲਗਦਾ ਹੈ ਕਿ

ਕੁਦਰਤ ਖੁਸ਼ੀ ਵਿਚ ਆ ਕੇ ਤਾੜੀਆਂ ਵਜਾ ਰਹੀ ਹੈ। ਇਵੇਂ ਵੀ ਪਰਤੀਤ ਹੁੰਦਾ ਹੈ ਕਿ ਪ੍ਰਬਤਾਂ ਦੀਆਂ ਆਤਮਾਵਾਂ ਵੀ ਦਸ ਗੁਰੂ ਸਾਹਿਬਾਨ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਉਨ੍ਹਾਂ ਦਾ ਅਭਿੰਨਦਨ ਕਰ ਰਹੀਆਂ ਹੋਣ।

ਸਿੱਖ ਨੂੰ ਕੀ ਕੀ ਕਰਨਾ ਚਾਹੀਦਾ ਹੈ?

(1) ਸਿੱਖ ਸਿਧਾਂਤਾਂ ਦੀ ਛਤਰ ਛਾਇਆ ਵਿਚ ਰਹਿੰਦੇ ਹੋਏ ਅਭਿਨਾਸ਼ੀ ਪ੍ਰਭੂ ਦੀ ਹੀ ਪ੍ਰਾਰਥਨਾ ਕਰਨੀ ਚਾਹੀਦੀ ਹੈ, ਹੋਰ ਕਿਸੇ ਦੀ ਨਹੀਂ। ਸਿੱਖ ਲਈ ਦਸ ਗੁਰੂਆਂ ਦੇ ਬਚਨ ਅਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਮੁਕਤੀ ਦਾਤਾ ਸ਼ਬਦ ਹਨ। ਉਨ੍ਹਾਂ ਨੂੰ ਇਹ ਗੱਲ ਨਿਸ਼ਚਤ ਹੋਣੀ ਚਾਹੀਦੀ ਹੈ ਕਿ ਦਸ ਗੁਰੂ ਸਾਹਿਬਾਨ ਵਿਚ ਇਕ ਹੀ ਜੋਤ ਬਿਰਾਜਮਾਨ ਹੈ। ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿਚ ਊਚ-ਨੀਚ, ਜ਼ਾਤ-ਪਾਤ, ਛੂਤ-ਛਾਤ, ਜਾਦੂ- ਟੂਣੇ, ਜੰਤਰ -ਮੰਤਰ, ਚੰਗੇ- ਮਾੜੇ ਦਿਨਾਂ ਤੇ ਵਕਤਾਂ, ਤਾਰਿਆਂ ਤੇ ਗ੍ਰਹਿ ਦੇ ਪ੍ਰਭਾਵਾਂ, ਟੇਵਿਆਂ ਤੇ ਨਛਤਰਾਂ ਦੇ ਅਸਰਾਂ ਅਤੇ ਸਰਾਧਾਂ, ਵਰਤਾਂ ਆਦਿ ਨੂੰ ਨਹੀਂ ਮੰਨਣਾ ਚਾਹੀਦਾ ਅਤੇ ਨਾ ਹੀ ਪਿੰਡ, ਪਤਲ, ਹੋਮ, ਯਗ ਆਦਿ ਦੇ ਭਰਮਾਂ, ਵਹਿਮਾਂ ਵਿੱਚ ਫਸਣਾ ਚਾਹੀਦਾ ਹੈ।

ਸਿੱਖ ਨੂੰ ਆਪਣੇ ਮੱਥੇ ਤੇ ਤਿਲਕ, ਟਿੱਕਾ ਲੱਗਾਣ ਦੀ ਜ਼ਰੂਰਤ ਨਹੀਂ ਅਤੇ ਨਾ ਹੀ ਜਨਿਊ ਪਾਣ ਦੀ ਅਵਸ਼ਕਤਾ ਹੈ। ਸਿੱਖ ਨੂੰ ਕਬਰਾਂ, ਮੜ੍ਹੀ ਮਸਾਣਾ ਅਤੇ ਬੁਤਾਂ ਦੀ ਪੂਜਾ ਕਰਨੀ ਵੀ ਵਿਵਰਜਤ ਹੈ ਅਤੇ ਅਜਿਹੇ ਵਹਿਮਾਂ ਨੂੰ ਵੀ ਵਿਸ਼ਵਾਸ਼ ਵਿਚ ਲਿਆਉਣ ਦੀ ਪੂਰੀ ਮਨਾਹੀ ਹੈ ਜਿਨ੍ਹਾਂ ਦਾ ਵਾਸਤਵ ਵਿਚ ਧਰਮ ਦੀ ਆਤਮਾ ਨਾਲ ਕੋਈ ਸਬੰਧ ਨਹੀਂ ਹੈ। ਸਿੱਖ ਅਜਿਹੀਆਂ ਸਾਰੀਆਂ ਦਿਖਲਾਵੇ ਦੀਆਂ ਚੀਜ਼ਾਂ ਤੋਂ ਸੁਤੰਤਰ ਹੈ।

(2) ਵਿਸ਼ਵ ਦੇ ਭਿੰਨ ਭਿੰਨ ਧਾਰਮਿਕ ਵਿਸ਼ਵਾਸ਼ਾਂ ਵਿਚ ਆਪਣੀ ਉਲੇਖਣੀ ਪਛਾਣ ਬਣਾਈ ਰੱਖਣੀ ਚਾਹੀਦੀ ਹੈ ਪਰ ਕਿਸੇ ਵੀ ਹਾਲਤ ਵਿਚ ਸਿੱਖ ਨੂੰ ਕਿਸੇ ਐਸੇ ਇਨਸਾਨ ਦੀਆਂ ਭਾਵਨਾਵਾਂ ਨੂੰ ਦੁਖੀ ਨਹੀਂ ਕਰਨਾ ਚਾਹੀਦਾ ਜੋ ਕਿਸੇ ਹੋਰ ਧਰਮ ਦਾ ਪ੍ਰਚਾਰ ਕਰਦਾ ਹੋਵੇ ਜਾਂ ਉਸ ਦਾ ਉਪਾਸ਼ਕ ਹੋਵੇ। ਇਸ ਲਿਹਾਜ਼ ਨਾਲ ਇਕ ਗੁਰੂ ਅਨੁਸਾਰੀ ਸਿੱਖ ਨੂੰ ਸਭ ਧਰਮਾਂ ਦਾ ਆਦਰ ਸਨਮਾਨ ਕਰਨਾ ਚਾਹੀਦਾ ਹੈ ਕਿਉਂਕਿ ਸਿੱਖ ਦੀ ਧਾਰਨਾ ਹੀ ਇਹ ਹੈ ਕਿ ਉਹ ਸਭ ਦਾ ਮਿੱਤਰ ਹੈ ਤੇ ਸਰਬੱਤ ਦਾ ਭਲਾ ਚਾਹੁੰਦਾ ਹੈ।

(3) ਇਕ ਸੱਚੇ ਸਿੱਖ ਨੂੰ ਕੋਈ ਵੀ ਕਾਰਜ ਪ੍ਰਾਰੰਭ ਕਰਨ ਤੋਂ ਪਹਿਲੇ ਅਕਾਲਪੁਰਖ ਅੱਗੇ ਅਰਦਾਸ ਕਰ ਕੇ ਉਸ ਤੋਂ ਵੀ ਅਸ਼ੀਰਵਾਦ ਲੈਣੀ ਜ਼ਰੂਰੀ ਹੈ। ਇਸ ਦਾ ਸਪੱਸ਼ਟ ਅਰਥ ਇਹ ਹੈ ਕਿ ਉਹ ਜੋ ਵੀ ਕੰਮ ਕਰੇ ਅਕਾਲਪੁਰਖ ਦੀ ਸ਼ਰਨ ਵਿਚ ਰਹਿ ਕੇ ਹੀ ਕਰੇ।

(4) ਹਰ ਇਕ ਸਿੱਖ ਨੂੰ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਜ਼ਰੂਰ ਸਿਖਣੀ ਚਾਹੀਦੀ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਨੂੰ ਸਿਖਾਉਣ ਦੇ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਕਿ ਉਹ ਆਪਣੀ ਮੂਲ ਭਾਸ਼ਾ ਵਿਚ ਹੀ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਣ ਅਤੇ ਆਪਣੀ ਰਹੁ-ਰੀਤੀ, ਸਭਿਆਚਾਰ ਤੇ ਇਤਿਹਾਸ ਨਾਲ ਪ੍ਰੀਚਤ ਹੋ ਸਕਣ।

(5) ਸਿੱਖ ਨੂੰ ਆਪਣੇ ਹੱਥਾਂ ਨਾਲ ਨੇਕ ਤੇ ਈਮਾਨਦਾਰੀ ਵਾਲੀ ਕਿਰਤ ਕਰਨੀ ਜ਼ਰੂਰੀ ਹੈ। ਆਪਣੀ ਕਮਾਈ ਨੂੰ ਵੰਡ ਕੇ ਛਕਣਾ ਚਾਹੀਦਾ ਹੈ ਅਤੇ ਦਸਵੰਧ ਕੱਢਣਾ ਚਾਹੀਦਾ ਹੈ। ਇਹ ਗੁਣ ਸਿੱਖ ਧਰਮ ਦੇ ਪ੍ਰਮੁੱਖ ਸਤੰਭ ਹਨ। ਸੱਚੇ ਸਿੱਖ ਦੀ ਖੁਸ਼ੀ ਦਿਆ ਪੂਰਵਕ ਕੰਮ ਕਰਨ, ਕਿਸੇ ਦੂਜੇ ਲਈ ਹਮਦਰਦੀ ਪ੍ਰਗਟਾਉਣ ਅਤੇ ਕਿਸੇ ਹੋਰ ਲਈ ਖੁਰਾਕ ਦਾ ਪ੍ਰਬੰਧ ਕਰਨ ਅਤੇ ਗੁਰੂ ਦੀ ਕਿਰਪਾ ਦ੍ਰਿਸ਼ਟੀ ਵਿਚ ਰਹਿਣ ਵਿਚ ਹੀ ਹੈ। ਗੁਰੂ, ਸਿੱਖ ਦਾ ਕੇਂਦਰ ਬਿੰਦੂ ਹੈ। ਉਹ ਤਾਂ ਪਵਿੱਤਰ ਸ਼ਬਦ ਦਾ ਸਰੀਰਕ ਰੂਪ ਹੈ। ਇਸ ਦੇ ਵੀ ਅੱਗੇ ਉਹ ਮਾਨਵ ਦੇ ਰੂਪ ਵਿਚ ਖੁਦ ਪ੍ਰਮਾਤਮਾ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਸਿੱਖ ਨੂੰ ਸੜਕਾਂ ਤੇ ਚਲਦੇ ਗਰਜ਼ਮੰਦਾਂ ਨੂੰ ਖਾਣਾ ਖਵਾਣ ਲਈ ਬਣਾਇਆ ਗਿਆ ਹੈ ਅਤੇ ਉਸ ਤੋਂ ਇਹ ਆਸ ਵੀ ਕੀਤੀ ਜਾਂਦੀ ਹੈ ਕਿ ਦਿਨ ਦੀ ਸਮਾਪਤੀ ਤੱਕ ਆਪਣੀ ਸਾਰੀ ਕਮਾਈ ਨੂੰ ਖਰਚ ਕਰ ਦੇਵੇ ਜੋ ਉਸ ਨੇ ਦਿਨ ਭਰ ਵਿਚ ਕਮਾਈ ਹੈ। ਅਗਰ ਉਹ ਇਸ ਵਿਚੋਂ ਕੁਝ ਬਚਾ ਕੇ ਅਗਲੇ ਦਿਨ ਲਈ ਰੱਖਦਾ ਹੈ ਤਾਂ ਇਵੇਂ ਲਗਦਾ ਹੈ ਕਿ ਉਸ ਨੂੰ ਆਪਣੇ ਗੁਰੂ ਤੇ ਭਰੋਸਾ ਨਹੀਂ ਹੈ ਜੋ ਉਸ ਨੂੰ ਹਰ ਰੋਜ਼ ਖਾਣ ਲਈ ਦੇਂਦਾ ਹੈ। ਅਜਿਹਾ ਸਿੱਖ ਧਾਰਮਿਕ ਨਿਸਚੇ ਵਿਚ ਕਮਜ਼ੋਰੀ ਵਾਲਾ ਸਿੱਖ ਹੋਵੇਗਾ। ਸਿੱਖ ਦਾ ਕਲ ਲਈ ਧਨ ਬਚਾਉਣ ਦਾ ਵਿਚਾਰ, ਬੀਮਾਰੀ ਵਿਚ ਉਸ ਨੂੰ ਕੋਣ ਸਹਾਇਤਾ ਪਹੁੰਚਾਏਗਾ ਕਿਉਂਕਿ ਬੀਮਾਰੀ ਸਮੇਂ ਉਹ ਰੋਟੀ ਕਮਾਉਣ ਤੋਂ ਅਸਮਰਥ ਹੈ, ਇਹ ਵਿਚਾਰ ਆਪਣੇ ਆਪ ਵਿਚ ਅਧਰਮੀ ਵਿਚਾਰ ਹੈ। ਇਕ ਸੱਚੇ ਸਿੱਖ ਲਈ ਬੇਈਮਾਨੀ ਦੁਆਰਾ ਪੈਸਾ ਬਚਾ ਕੇ ਆਪਣੇ ਆਪ ਨੂੰ ਸੁਰਖਿਅਤ ਰੱਖਣ ਨਾਲੋਂ ਮੌਤ ਬਿਹਤਰ ਹੈ। ਉਸ ਦਾ ਆਪਣੀ ਮਿਹਨਤ ਦਾ ਫਲ ਲੋਕਾਂ ਵਿਚ ਵੰਡਣਾ ਇਵੇਂ ਹੈ ਜਿਵੇਂ ਇਕ ਲੈਂਪ ਰੌਸ਼ਨੀ ਵੰਡਦਾ ਹੈ ਅਤੇ ਗੁਲਾਬ ਦਾ ਫੁੱਲ ਆਪਣੀ ਮਧੁਰ ਖੁਸ਼ਬੂ।

ਸਿੱਖਾਂ ਦੇ ਸਿਧਾਂਤਾਂ ਨੂੰ ਮਨ ਵਿਚ ਰੱਖਦੇ ਹੋਏ ਇਹ ਕਿਹਾ ਗਿਆ ਹੈ ਕਿ ਪੂਰੇ ਭਾਰਤ ਵਿਚ ਸਿੱਖ ਕੌਮ ਹਾਲੇਂ ਵੀ ਸਭ ਤੋਂ ਚਮਕੀਲਾ ਕੇਂਦਰ ਬਿੰਦੂ ਹੈ ਜਿਸ ਵਿਚ ਆਪਣੇ ਸਿਧਾਂਤਾਂ ਦੇ ਪਿਆਰ ਲਈ ਮਰ ਮਿਟਣ ਦੀ ਇੱਛਾ ਪ੍ਰਬਲ ਰੂਪ ਵਿਚ ਜੀਵਤ ਹੈ। ਇਹ ਗੱਲ ਉਲੇਖ ਯੋਗ ਹੈ ਕਿ ਉਹ ਪ੍ਰਜਵਲਤ ਅਦਰਸ਼ਵਾਦ, ਧਰਤੀ, ਦੇਸ਼ ਜਾਂ ਕਬੀਲੇ ਦੇ ਅਭਿਮਾਨ ਤੇ ਅਧਾਰਤ ਨਹੀਂ ਸਗੋਂ ਗੁਰੂ ਨਾਲ ਨਿੱਜੀ ਤੇ ਲਗਾਤਾਰ ਪ੍ਰੇਮ ਤੇ ਅਧਾਰਤ ਹੈ। ਜਦ ਕਿਸੇ ਸਿੱਖ ਨੂੰ ਕੁਰਬਾਨੀ ਲਈ ਅਵਾਜ਼ ਮਾਰੀ ਜਾਂਦੀ ਹੈ ਤਾਂ ਉਹ ਖੁਸ਼ੀ ਖੁਸ਼ੀ ਮੌਤ ਰੂਪੀ ਹਨ੍ਹੇਰੇ ਵੱਲ ਅਗਰਸਰ ਹੁੰਦਾ ਹੈ, ਜਿਸ ਤਰ੍ਹਾਂ ਪਰਵਾਨਾ ਰੌਸ਼ਨੀ ਦੀ ਚਾਹ ਵਿਚ ਆਪਣੀ ਜਾਨ ਨਿਛਾਵਰ ਕਰ ਦੇਂਦਾ ਹੈ। ਸਿੱਖਾਂ ਦਾ ਇਤਿਹਾਸ ਸਚ ਲਈ ਕੁਰਬਾਨੀ ਦੇਣ ਵਾਲੀ ਅਮਰ ਭਾਵਨਾ ਨੂੰ ਦਰਸਾਂਦਾ ਹੈ। ਸਿੱਖ ਅਜਿਹੀ ਨਸਲ ਦੇ ਲੋਕ ਹਨ ਜੋ ਬਿਲਕੁਲ ਸਪੱਸ਼ਟ ਹਨ ਅਤੇ ਕਰਮਸ਼ੀਲਤਾ, ਲਗਨ, ਦਿਆ, ਹਮਦਰਦੀ ਤੇ ਪਿਆਰ ਵਿਚ ਵਿਸ਼ਵਾਸ ਰੱਖਦੇ ਹਨ।

ਸਿੱਖਾਂ ਨੂੰ ਕੀ ਨਹੀਂ ਕਰਨਾ ਚਾਹੀਦਾ

ਸਿੱਖਾਂ ਨੂੰ ਨਿਮਨ ਦਰਜ ਕੁਰੀਤੀਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

(1) ਸਿੱਖ ਨੂੰ ਆਪਣੇ ਰੋਮਾਂ ਦੀ ਬੇਅਦਬੀ ਨਹੀਂ ਕਰਨੀ ਚਾਹੀਦੀ। ਉਸ ਨੂੰ ਨਵੇਂ ਜੰਮੇ

ਬਾਲਕ ਦੇ ਕੇਸਾਂ ਬਾਰੇ ਇਹ ਧਾਰਨਾ ਮਨ ਵਿਚ ਬਿਲਕੁਲ ਨਹੀਂ ਲਿਆਣੀ ਚਾਹੀਦੀ ਕਿ ਉਸ ਦੇ ਜਨਮ ਵੇਲੇ ਦੇ ਵਾਲ ਸਵੱਛ ਨਹੀਂ ਹਨ। ਉਸ ਨੂੰ ਆਪਣੇ ਬੱਚਿਆਂ ਦੇ ਕੇਸ, ਭਾਵੇਂ ਹਾਲਾਤ ਕੁਝ ਵੀ ਕਿਉਂ ਨਾ ਹੋਣ, ਸਨਮਾਨ ਜਨਕ ਢੰਗ ਨਾਲ ਰੱਖਣੇ ਚਾਹੀਦੇ ਹਨ।

(2) ਉਸ ਨੂੰ ਮੁਸਲਮਾਨਾਂ ਦੀ ਰੀਤੀ ਅਨੁਸਾਰ ਹਲਾਲ ਕੀਤਾ ਮਾਸ ਨਹੀਂ ਖਾਣਾ ਚਾਹੀਦਾ।

(3) ਆਪਣੀ ਪਤਨੀ ਤੋਂ ਇਲਾਵਾ ਕਿਸੇ ਦੂਜੀ ਔਰਤ ਨਾਲ ਕਾਮਕ ਸਬੰਧਾਂ ਬਾਰੇ ਸੁਪਨੇ ਵਿਚ ਵੀ ਨਹੀਂ ਸੋਚਣਾ ਚਾਹੀਦਾ। ਇਸ ਤਰ੍ਹਾਂ ਦਾ ਸੰਜਮ ਉਸ ਨੂੰ ਅੱਛੇ ਇਖਲਾਕ ਵਾਲਾ ਤਾਂ ਬਣਾਵੇਗਾ ਹੀ ਸਗੋਂ ਅੱਜ ਕੱਲ ਜੋ ਏਡਜ਼ ਦੀ ਮਾਰੂ ਬੀਮਾਰੀ ਚਲੀ ਹੋਈ ਹੈ ਉਸ ਤੋਂ ਉਸ ਨੂੰ ਬਿਲਕੁਲ ਸੁਰਖਿੱਤ ਰੱਖੇਗਾ। ਆਪਣੀ ਧਰਮ ਪਤਨੀ ਤੋਂ ਇਲਾਵਾ ਬਾਕੀ ਸਾਰੀਆਂ ਔਰਤਾਂ ਉਸ ਲਈ ਉਸ ਦੀਆਂ ਬੇਟੀਆਂ, ਭੈਣਾਂ ਜਾਂ ਮਾਵਾਂ ਵਰਗੀਆਂ ਹਨ ਤੇ ਉਸ ਦੇ ਪਿਆਰ ਸਤਿਕਾਰ ਦੀਆਂ ਪਾਤਰ ਹਨ।

(4) ਉਸ ਨੂੰ ਤਮਾਕੂ ਜਾਂ ਕਿਸੇ ਹੋਰ ਨਸ਼ੀਲੀ ਵਸਤੂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ ਜੋ ਉਸ ਦੀ ਸਰੀਰਕ ਸ਼ਕਤੀ ਨੂੰ ਨਸ਼ਟ ਕਰੇ, ਜੋ ਉਸ ਦੀ ਜੇਬ ਨੂੰ ਕਮਜ਼ੋਰ ਕਰੇ ਜਾਂ ਬੁਰੀ ਤਰ੍ਹਾਂ ਉਸ ਦੀ ਸ਼ਖਸੀਅਤ ਨੂੰ ਪ੍ਰਭਾਵਿਤ ਕਰੇ ਅਤੇ ਸਮਾਜ ਵਿਚ ਉਸ ਦੀ ਛਵੀ ਨੂੰ ਬਰਾਬਾਦ ਕਰੇ। ਉਸਦੇ ਸਾਰੇ ਦਿਨ ਦਾ ਭੋਜਨ ਸਾਦਾ ਪਰ ਪੋਸ਼ਟਿਕ ਹੋਣਾ ਚਾਹੀਦਾ ਹੈ।

(5) ਸਿੱਖ ਨੂੰ ਆਪਣੀ ਪੁਤਰੀ ਤੇ ਪੁੱਤਰ ਵਿਚ ਭੇਦ ਭਾਵ ਨਹੀਂ ਰੱਖਣਾ ਚਾਹੀਦਾ ਅਤੇ ਦੋਨਾਂ ਦਾ ਪਾਲਣ ਪੋਸਣ ਬਰਾਬਰੀ ਦੇ ਅਧਾਰ ਤੇ ਕਰਨਾ ਚਾਹੀਦਾ ਹੈ।

(6) ਸਿੱਖ ਮਹਿਲਾ ਨੂੰ ਆਪਣਾ ਨੱਕ, ਕੰਨ ਆਦਿ ਵਿੰਨ ਕੇ ਗਹਿਣੇ ਆਦਿ ਪਾਣ ਦੀ ਲੋੜ ਨਹੀਂ । ਸਿੱਖ ਪੁਰਸ਼ ਤੇ ਇਸਤਰੀ ਨੂੰ ਕਿਸੇ ਦਿਖਾਵੇ ਵਾਲੇ ਜੀਵਨ ਵਿਚ ਨਹੀਂ ਪੈਣਾ ਚਾਹੀਦਾ। ਸਾਦਾ ਜੀਵਨ ਤੇ ਉਚੀ ਸੋਚ ਉਸ ਦੇ ਪਥ ਪ੍ਰਦਰਸ਼ਕ ਸ਼ਬਦ ਹੋਣੇ ਚਾਹੀਦੇ ਹਨ।

(7) ਉਸ ਨੂੰ ਆਪਣਾ ਉਲੂ ਸਿੱਧਾ ਕਰਨ ਲਈ ਕਿਸੇ ਹੋਰ ਦੇ ਅਧਿਕਾਰ ਨਹੀਂ ਖੋਹਣੇ ਚਾਹੀਦੇ। ਉਸ ਨੂੰ ਗਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਸਮਝ ਕੇ ਸਹਾਇਤਾ ਕਰਨੀ ਬਣਦੀ ਹੈ।

(8) ਸਿੱਖ ਨੂੰ ਨਾ ਕਦੇ ਚੋਰੀ ਕਰਨੀ, ਨਾ ਹੀ ਭੀਖ ਮੰਗਣੀ ਤੇ ਨਾ ਹੀ ਜੂਏ ਦਾ ਐਬ ਰੱਖਣਾ ਚਾਹੀਦਾ ਹੈ।

(9) ਕੋਈ ਸਿੱਖ ਆਪਣਾ ਸਿਰ ਨੰਗਾ ਨਹੀਂ ਰਖੇਗਾ ਅਤੇ ਸਿੱਖ ਔਰਤ ਘੁੰਡ ਨਹੀਂ ਕੱਢੇਗੀ।

(10) ਸਿੱਖ ਨੂੰ ਕਿਸੇ ਵੀ ਹਾਲਤ ਵਿਚ ਆਪਣੇ ਧਰਮ ਦੇ ਮਾਰਗ ਤੋਂ ਪਰੇ ਨਹੀਂ ਹਟਣਾ ਚਾਹੀਦਾ ਅਤੇ ਉਸ ਨੂੰ ਸਿੱਖ ਧਰਮ ਦੇ ਨਿਯਮਾਂ ਦੀ ਪਾਲਣਾ ਤੋਂ ਲੈ ਕੇ ਜੋ ਉਨ੍ਹਾਂ ਦੀ ਭਾਵਨਾ ਹੈ, ਉਸ ਨੂੰ ਵੀ ਗ੍ਰਹਿਣ ਕਰਨਾ ਚਾਹੀਦਾ ਹੈ।

(11) ਸਿੱਖ ਪੁਰਸ਼ ਜਾਂ ਔਰਤ ਨੂੰ ਜ਼ਾਤ-ਪਾਤ ਦੇ ਅਧਾਰ ਅਤੇ ਖਾਨਦਾਨ ਦੇ ਅਧਾਰ

ਕਾਰਨ ਵਿਆਹ ਬੰਧਨ ਵਿਚ ਬੰਨ੍ਹਣ ਲਈ ਹਿੱਚਕਚਾਹਟ ਨਹੀਂ ਹੋਣੀ ਚਾਹੀਦੀ। ਇਸ ਦਾ ਅਰਥ ਇਹ ਹੈ ਕਿ ਜ਼ਾਤ ਪਾਤ ਨੂੰ ਕੋਈ ਮਹੱਤਵ ਨਹੀਂ ਦੇਣਾ ਚਾਹੀਦਾ ਕਿਉਂਕਿ ਸਿੱਖ ਜ਼ਾਤ ਪਾਤ ਰਹਿਤ ਮਨੁੱਖ ਹਨ। ਵਿਆਹ ਆਪਣੇ ਹੀ ਧਰਮ ਵਿਚ ਕਰਵਾਣਾ ਚਾਹੀਦਾ ਹੈ ਅਤੇ ਅਨੰਦ ਕਾਰਜ ਵਿਧੀ ਅਨੁਸਾਰ ਸੰਪੰਨ ਹੋਣਾ ਚਾਹੀਦਾ ਹੈ । ਸਿੱਖ ਵਿਆਹ ਨੂੰ ਦੋ ਆਤਮਾਵਾਂ ਦਾ ਸਮੇਲ ਸਮਝਦੇ ਹਨ। ਭਾਵ **'ਏਕ ਜੋਤ ਦੋਏ ਮੂਰਤੀ'** ਵਾਲੀ ਪਵਿੱਤਰਤਾ ਤਲਾਕ ਦੇ ਅਵਸਰ ਨੂੰ ਘਟਾ ਦੇਂਦੀ ਹੈ, ਵਿਆਹ ਦੀ ਪਵਿੱਤਰਤਾ ਨੂੰ ਖੰਡਤ ਹੋਣ ਤੋਂ ਬਚਾਉਂਦੀ ਹੈ ਅਤੇ ਬੱਚਿਆਂ ਦੀਆਂ ਜ਼ਿੰਦਗੀਆਂ ਤੇ ਵੀ ਬਹੁਤ ਚੰਗਾ ਪ੍ਰਭਾਵ ਪਾਉਂਦੀ ਹੈ।

(12) ਕੋਈ ਵੀ ਸਿੱਖ ਆਪਣੇ ਪੁੱਤਰ ਜਾ ਪੁੱਤਰੀ ਦਾ ਵਿਆਹ ਪੈਸੇ ਨੂੰ ਸਾਹਮਣੇ ਰੱਖ ਕੇ ਨਹੀਂ ਕਰੇਗਾ।

(13) ਸਿੱਖਾਂ ਨੂੰ ਆਪਣੀਆਂ ਪੁੱਤਰੀਆਂ ਦੇ ਘਰ ਖਾਣਾ ਖਾਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ ਜੇ ਕਰ ਉਹ ਖਾਣਾ ਖਾਣ ਦੇ ਸਮੇਂ, ਉਨ੍ਹਾਂ ਦੇ ਘਰ ਹੋਣ।

(14) ਆਮ ਕਰਕੇ ਕੋਈ ਵੀ ਸਿੱਖ ਆਪਣੀ ਜੀਵਤ ਇਸਤਰੀ ਦੇ ਹੁੰਦਿਆਂ ਸੁੰਦਿਆਂ ਦੂਜੀ ਇਸਤਰੀ ਨਾਲ ਵਿਆਹ ਨਹੀਂ ਕਰੇਗਾ। ਇਹ ਕਾਨੂੰਨ ਦੇ ਵੀ ਉਲਟ ਹੈ।

(15) ਸਿੱਖ ਪੁਰਸ਼ ਤੇ ਇਸਤਰੀ ਵਿਚ ਇਸ ਗੱਲ ਵਿਚ ਕੋਈ ਬੰਦਸ਼ ਨਹੀਂ ਜੇਕਰ ਉਨ੍ਹਾਂ ਵਿਚੋਂ ਕਿਸੇ ਇਕ ਦੀ ਮੌਤ ਹੋ ਜਾਵੇ ਤਾਂ ਜੀਵਤ ਦੂਸਰਾ, ਦੂਜੀ ਸ਼ਾਦੀ ਕਰ ਲਵੇ। ਦੁਬਾਰਾ ਕੀਤੀ ਜਾਣ ਵਾਲੀ ਸ਼ਾਦੀ ਵੀ ਉਵੇਂ ਹੀ ਕੀਤੀ ਜਾਵੇਗੀ ਜਿਵੇਂ ਅਨੰਦ ਕਾਰਜ ਕੀਤਾ ਜਾਂਦਾ ਹੈ।

(16) ਕਿਸੇ ਵੀ ਸਿੱਖ ਨੂੰ ਮਾਨਵਤਾ ਦੀ ਕੀਤੀ ਜਾ ਰਹੀ ਸੇਵਾ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ ਕਿਉਂਕਿ ਛੋਟੀ ਤੋਂ ਛੋਟੀ ਸੇਵਾ ਨੂੰ ਵੀ ਸਿੱਖ ਧਰਮ ਵਿਚ ਬਹੁਤ ਉੱਚਾ ਸਥਾਨ ਦਿੱਤਾ ਜਾਂਦਾ ਹੈ। ਸਿੱਖ ਦਾ ਸਮੁੱਚਾ ਜੀਵਨ ਦੂਜਿਆਂ ਲਈ ਹਿੱਤਕਾਰੀ ਹੋਣਾ ਅਵੱਸ਼ਕ ਹੈ। ਸਿੱਖ ਰਵਾਇਤ ਅਨੁਸਾਰ ਸੇਵਾ ਕਰਨਾ ਤੇ ਸਿਮਰਨ ਕਰਨਾ ਉਸ ਦੇ ਧਰਮ ਦੇ ਅਧਾਰ ਸਤੰਭ ਹਨ।

ਸਿੱਖ ਦੇ ਪੰਥਕ ਜਾਂ ਸੰਗਠਕ ਪੱਖ

ਅਗਰ ਕਿਸੇ ਸਿੱਖ ਦੇ ਨਿੱਜੀ ਕਾਰਜ ਸਿੱਖ ਰੁਹ-ਰੀਤੀ ਦੇ ਅਨੁਸਾਰ ਹੋਣ ਤਾਂ ਨਿਰਸੰਦੇਹ ਉਹ ਸਿੱਖ ਪੰਥ ਦਾ ਲਾਹੇਵੰਦਾ ਅੰਗ ਹੋਵੇਗਾ। ਅਤੇ ਉਹ ਸਿੱਖ ਕੌਮੀ ਪੱਧਰ ਤੇ ਆਪਣੇ ਫਰਜ਼ਾਂ ਦੇ ਭੁਗਤਾਣ ਵਿਚ ਕਦੇ ਪਿੱਛੇ ਨਹੀਂ ਰਹੇ ਗਾ। ਉਹ ਆਪਣੇ ਜ਼ਾਤੀ ਲਾਭ ਵੀ ਆਪਣੀ ਕੌਮ ਦੀ ਆਭਾ ਵਧਾਉਣ ਲਈ ਨਿਛਾਵਰ ਕਰਨ ਲਈ ਵੀ ਪਿੱਛੇ ਨਹੀਂ ਰਹਿੰਦਾ। ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਲਕਸ਼ ਸਰਬੱਤ ਦੇ ਭਲੇ ਦੀ ਲੋਚਾ ਹੈ ਜਿਸ ਨੂੰ ਉਹ ਆਪਣੀ ਰੋਜ਼ ਦੀ ਅਰਦਾਸ ਵਿਚ ਦੁਹਰਾਂਦਾ ਹੈ ਜਦ ਉਹ ਇਹ ਕਹਿੰਦਾ ਹੈ, 'ਨਾਨਕ ਨਾਮ ਚੜ੍ਹਦੀ ਕਲਾ, ਤੁਹਾਡੇ ਭਾਣੇ ਸਰਬੱਤ ਦਾ ਭਲਾ'।

17

ਸਿੱਖ ਦੀ ਅਰਦਾਸ

ਪ੍ਰਾਥਨਾ ਜਾਂ ਅਰਦਾਸ ਦਾ ਸਿੱਖ ਧਰਮ ਵਿਚ ਮਹੱਤਵਪੂਰਣ ਅਸਥਾਨ ਹੈ। ਇਸ ਦਾ ਚੜ੍ਹਦੀਕਲਾ ਦੀ ਭਾਵਨਾ ਨਾਲ ਸਿੱਧਾ ਸਬੰਧ ਹੈ। ਕੋਈ ਵੀ ਸਿੱਖ ਉਸ ਸਮੇਂ ਜ਼ਰੂਰ ਅਰਦਾਸ ਕਰਦਾ ਹੈ ਜਦ ਉਹ ਅਕਾਲਪੁਰਖ ਦੀਆਂ ਸ਼ੁਭ ਕਾਮਨਾਵਾਂ ਪ੍ਰਾਪਤ ਕਰਨਾ ਚਾਹੁੰਦਾ ਹੈ। ਪਰ ਜਿਵੇਂ ਕਿ ਉਸ ਨੂੰ ਹਦਾਇਤ ਹੈ ਕਿ ਉਸ ਨੇ ਆਪਣੇ ਨਿਤਨੇਮ ਕਰਨ ਉਪਰੰਤ ਅਰਦਾਸ ਕਰ ਕੇ ਅਕਾਲਪੁਰਖ ਦੇ ਦਰਬਾਰ ਵਿਚ ਹਾਜ਼ਰੀ ਲਵਾਣੀ ਹੁੰਦੀ ਹੈ। ਇਹ ਕਰਮ ਦਿਨ ਵਿਚ ਦੋ ਵਾਰੀ ਕਰਨਾ ਜ਼ਰੂਰੀ ਹੈ। ਸਿੱਖ ਦੀ ਅਰਦਾਸ ਘੱਟ ਤੋਂ ਘੱਟ ਸ਼ਬਦਾਂ ਵਿਚ ਸਿੱਖ ਇਤਿਹਾਸ ਦਾ ਪੂਰਨ ਵਰਨਣ ਕਰਦੀ ਹੈ ਤੇ ਨਾਲ ਹੀ ਸਿੱਖ ਧਰਮ ਦੀਆਂ ਚੰਗੀਆਂ ਗੱਲਾਂ ਨੂੰ ਵੀ ਉਜਾਗਰ ਕਰਦੀ ਹੈ। ਇਹ ਸਿੱਖ ਇਤਿਹਾਸ ਦਾ ਇਕ ਅਜਿਹਾ ਕੈਪਸੂਲ ਹੈ ਜਿਸ ਵਿਚ ਸਿੱਖਾਂ ਦੀਆਂ ਲਾ-ਮਿਸਾਲ ਕੁਰਬਾਨੀਆਂ ਅਤੇ ਸਿੱਖ ਸਭਿਆਚਾਰ ਤੇ ਰੂਹ-ਰੀਤੀ ਦਾ ਉਲੇਖ ਹੈ ਅਤੇ ਸਿੱਖ ਦੇ ਜੀਵਨ ਲਕਸ਼ ਦੀ ਜਾਣਕਾਰੀ ਉਪਲੱਬਧ ਹੈ। ਇਹ ਅਰਦਾਸ ਕਰਨ ਵਾਲੇ ਸ਼ਰਧਾਲੂ ਵਿਚ ਨਵੀਂ ਸ਼ਕਤੀ, ਹਿੰਮਤ ਤੇ ਸਦਾਚਾਰਕ ਗੁਣਾਂ ਦਾ ਸੰਚਾਰ ਕਰਦੀ ਹੈ। ਸਿੱਖ ਦਾ ਕੋਈ ਵੀ ਕੰਮ ਉਸ ਸਮੇਂ ਤੱਕ ਪੂਰਾ ਨਹੀਂ ਸਮਝਿਆ ਜਾਂਦਾ ਜਦ ਤੱਕ ਅਰਦਾਸ ਦੁਆਰਾ ਅਕਾਲਪੁਰਖ ਦੀਆਂ ਸ਼ੁਭ ਕਾਮਨਾਵਾਂ ਨਾ ਲਈਆਂ ਗਈਆਂ ਹੋਣ ਜਾਂ ਸ਼ੁਕਰਾਨਾ ਨਾ ਅਦਾ ਕੀਤਾ ਗਿਆ ਹੋਵੇ। ਸਿੱਖ ਦੀ ਅਰਦਾਸ ਦੇ ਸ਼ਬਦ ਤੇ ਮਰਿਆਦਾ ਇਵੇਂ ਹੈ।

ਅਰਦਾਸ

ੴ ਵਾਹਿਗੁਰੂ ਜੀ ਕੀ ਫਤਿਹ

ਸ੍ਰੀ ਭਗੌਤੀ ਜੀ ਸਹਾਇ
ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10ਵੀਂ।
ਪ੍ਰਿਥਮ ਭਗੌਤੀ ਸਿਮਰ ਕੇ ਗੁਰੂ ਨਾਨਕ ਲਈ ਧਿਆਇ।
ਫਿਰ ਅੰਗਦ ਗੁਰ ਤੇ ਅਮਰ ਦਾਸ, ਰਾਮ ਦਾਸੈ ਹੋਇ ਸਹਾਇ।
ਅਰਜਨ ਹਰਗੋਬਿੰਦ ਨੋ ਸਿਮਰੋ ਸ੍ਰੀ ਹਰਿ ਰਾਇ।
ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ।
ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਭ ਥਾਈਂ ਹੋਏ ਸਹਾਏ। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਰਸ਼ਨ ਦੀਦਾਰ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ।

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿਠ ਕੀਤਾ, ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ, ਵਾਹਿਗੁਰੂ।

ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਸਿਖੀ ਕੇਸਾਂ ਸਵਾਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ, ਵਾਹਿਗੁਰੂ।

ਪ੍ਰਿਥਮੇ ਸਰੱਬਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ ਬਾਲੇ, ਬੋਲੋ ਜੀ, ਵਾਹਿਗੁਰੂ।

ਸਿਖਾਂ ਨੂੰ ਸਿਖੀ ਦਾਨ, ਕੇਸ ਦਾਨ, ਰਹਿਤ ਦਾਨ, ਵਿਵੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ, ਇਸ਼ਨਾਨ। ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ। ਸਿਖਾਂ ਦਾ ਮਨ ਨੀਵਾਂ, ਮਤ ਉਚੀ, ਮਤ ਦਾ ਰਾਖਾ ਆਪ ਵਾਹਿਗੁਰੂ, ਹੇ ਨਿਮਾਣਿਆਂ ਦੇ ਮਾਣ, ਸਚੇ ਪਿਤਾ ਵਾਹਿਗੁਰੂ ਆਪ ਜੀ ਦੇ ਹਜ਼ੂਰ....* ਅਰਦਾਸ ਹੈ ਜੀ, ਅਖਰ ਵਾਧਾ ਘਾਟਾ ਭੁਲ ਚੁਕ ਮਾਫ ਕਰਨੀ, ਸਰਬੱਤ ਦੇ ਕਾਰਜ ਰਾਸ ਕਰਨੇ। ਸਈ ਪਿਆਰੇ ਮੇਲਣਾ, ਜਿਨ੍ਹਾਂ ਮਿਲਿਆਂ ਆਪ ਜੀ ਦਾ ਨਾਮ ਚਿਤ ਆਵੇ, ਨਾਨਕ ਨਾਮ ਚੜ੍ਹਦੀ ਕਲਾ, ਤੁਹਾਡੇ ਭਾਣੇ ਸਰਬੱਤ ਦਾ ਭਲਾ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ।

ਸਿੱਖ ਦਾ ਇਹ ਅਟੂਟ ਵਿਸ਼ਵਾਸ ਤੇ ਨਿਸ਼ਚਾ ਹੈ ਕਿ ਸਚੀ ਅਰਦਾਸ ਵਿਅਰਥ ਨਹੀਂ ਜਾਂਦੀ। ਗੁਰਬਾਣੀ ਵਿਚ ਵੀ ਕਿਹਾ ਗਿਆ ਹੈ ਕਿ **'ਬਿਰਥੀ ਕਦੇ ਨਾ ਹੋਵੀਈ ਜਨ ਕੀ ਅਰਦਾਸਿ'** ਭਾਵ ਇਹ ਕਿ ਸਚੇ ਸ਼ਰਧਾਲੂ ਦੀ ਅਰਦਾਸ ਕਦੇ ਅਜਾਈਂ ਨਹੀਂ ਜਾਂਦੀ। ਪ੍ਰਮਾਤਮਾ ਕਦੇ ਵੀ ਉਸ ਵਿਅਕਤੀ ਨੂੰ ਨਿਰਾਸ਼ ਨਹੀਂ ਕਰਦਾ ਜੋ ਆਪਣੇ ਆਪ ਨੂੰ ਉਸ ਅੱਗੇ ਝੁਕਾ ਲੈਂਦਾ ਹੈ ਅਤੇ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਸਮਰਪਤ ਕਰ ਦੇਂਦਾ ਹੈ। ਇਸ ਲਈ ਹਰ ਇਕ ਸਿੱਖ ਇਸ ਗੱਲ ਤੋਂ ਭਲੀ ਭਾਂਤੀ ਪ੍ਰੀਚਤ ਹੈ ਕਿ ਅਰਦਾਸ ਲਈ ਦਿਆ, ਨਿਮਰਤਾ, ਅਤੂਟ ਵਿਸ਼ਵਾਸ, ਆਤਮ ਸਮਰਪਣ ਤੇ ਚੜ੍ਹਦੀ ਕਲਾ ਦੀ ਭਾਵਨਾ ਦਾ ਪਹਿਲੇ ਤੋਂ ਹੀ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਸਿੱਖ ਦੀ ਅਰਦਾਸ ਕੋਈ ਰਸਮੀ ਪ੍ਰਾਰਥਨਾ ਨਹੀਂ ਹੈ ਸਗੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਭਗਵਾਨ ਅੱਗੇ ਪੂਰਾ ਪੂਰਾ ਸਮਰਪਣ ਹੈ। ਇਹ ਵੀ ਉਚਤ ਹੈ ਕਿ ਸਿੱਖ ਦੀ ਅਰਦਾਸ ਨਿਜ ਸਵਾਰਥ ਤੋਂ ਉਤੇ ਉਠ ਕੇ ਮਾਨਵ ਹਿਤ ਲਈ ਹੋਵੇ ਤਾਂ ਵਧੇਰੇ ਉੱਤਮ ਹੈ।

* ਜਿਸ ਸਮੇਂ, ਸਥਿਤੀ ਜਾਂ ਬਾਣੀ ਨਾਲ ਸਬੰਧਤ ਅਰਦਾਸ ਹੋਵੇ, ਇਥੇ ਉਸ ਦਾ ਜ਼ਿਕਰ ਕੀਤਾ ਜਾਵੇ।

18

ਗੁਰਬਾਣੀ ਅਥਵਾ ਗੁਰੂ ਗ੍ਰੰਥ ਸਾਹਿਬ ਦੀ

ਮਨੁੱਖ ਜੋਤੀ ਲਈ ਮਹੱਤਤਾ

ਸਾਇੰਸ ਦੇ ਪਸਾਰੇ ਨੇ ਸ਼ਬਦ ਨੂੰ ਅਕਾਲਪੁਰਖ ਦਾ ਰੂਪ ਮੰਨਣਾ ਸ਼ੁਰੂ ਕਰ ਦਿੱਤਾ ਹੈ। ਗੁਰਬਾਣੀ ਇਸ ਸ਼ਬਦ ਦੀ ਸ਼ੁੱਧ ਫਾਰਮ ਕਹੀ ਜਾ ਸਕਦੀ ਹੈ। ਜਿਨ੍ਹਾਂ ਸਜਣਾਂ ਨੇ ਗੁਰਬਾਣੀ ਅਧਿਐਨ ਕੀਤਾ ਹੈ ਉਹ ਇਸ ਨਤੀਜੇ ਤੇ ਪਹੁੰਚ ਰਹੈ ਹਨ ਕਿ ਗੁਰਬਾਣੀ ਮਨ ਨੂੰ ਬਾਹਰ ਮੁਖੀ ਵਿਹਾਰ ਤੋਂ ਹੋੜ ਕੇ ਅੰਤਰ ਮੁਖੀ ਸ਼ਬਦ ਨਾਲ ਜੋੜਨ ਲਈ ਬਹੁਤ ਕਾਰਗਰ ਹੈ। ਇਸ ਬਾਰੇ ਕੁਝ ਗ਼ੈਰ-ਸਿੱਖ ਵਿਦਵਾਨਾਂ ਦੇ ਤਾਸਰਾਤ (ਅਨੁਭਵ) ਨਿਮਨ ਅਨੁਸਾਰ ਹਨ :-

ਬੰਗਾਲੀ ਲੇਖਕ ਜਨਿੰਦਰ ਮੋਹਨ ਦੀ 'ਗਣ ਗੀਤਾ'

ਬੰਗਾਲ਼ ਦੇ ਇਕ ਉਚ ਕੋਟੀ ਦੇ ਲੇਖਕ ਜਨਿੰਦਰ ਮੋਹਨ ਨੇ ਜਪੁਜੀ ਸਾਹਿਬ ਦਾ ਡੂੰਘਾ ਅਧਿਐਨ ਕੀਤਾ ਤੇ ਉਸ ਦਾ ਬੰਗਾਲੀ ਵਿਚ ਅਨੁਵਾਦ ਕਰਨ ਉਪਰੰਤ ਉਸ ਨੂੰ 'ਗਣ ਗੀਤਾ' ਭਾਵ 'ਮਨੁੱਖਤਾ ਦੀ ਗੀਤਾ' ਕਹਿ ਕੇ ਸਨਮਾਨਿਆ। ਜਪੁਜੀ ਸਾਹਿਬ ਬਾਰੇ ਆਪਣੇ ਵਿਚਾਰ ਦੇਂਦਿਆਂ ਹੋਇਆਂ ਉਸ ਨੇ ਕਿਹਾ ਕਿ ਜੇਕਰ ਕੇਵਲ 'ਜਪੁਜੀ ਸਾਹਿਬ ਨੂੰ ਹੀ ਆਮ ਲੋਕਾਂ ਤਕ ਪਹੁੰਚਾਇਆ ਜਾਵੇ ਤਾਂ ਦੇਸ਼ ਵਿਚ ਇਕ ਨਵਾਂ ਆਤਮਿਕ ਇਨਕਲਾਬ ਆ ਜਾਵੇਗਾ।'

ਸ੍ਰੀ ਐਨ. ਵੀ ਗੈਡਗਿਲ ਦਾ ਜਪੁਜੀ ਸਾਹਿਬ ਤੇ ਗੁਰਬਾਣੀ ਸਤਿਕਾਰ

ਸ੍ਰੀ ਗੈਡਗਿਲ ਦਾ ਨਾਂ ਇਕ ਸੁਪ੍ਰਸਿੱਧ ਨੇਤਾ ਅਤੇ ਵਿਦਿਆ ਸ਼ਾਸਤਰੀ ਵਜੋਂ ਸਾਰੇ ਭਾਰਤ ਵਿਚ ਜਾਣਿਆ ਜਾਂਦਾ ਹੈ। ਉਨ੍ਹਾਂ ਜਪੁਜੀ ਸਾਹਿਬ ਦਾ ਅਧਿਐਨ ਕੀਤਾ ਤੇ ਇਤਨੇ ਪਰਸੰਨ ਹੋਏ ਕਿ ਇਸ ਰੱਬੀ ਬਾਣੀ ਨੂੰ ਮਰਾਠੀ ਭਾਸ਼ਾ ਵਿਚ ਅਨੁਵਾਦ ਕਰਕੇ ਇਸ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਂਦਿਆਂ ਲਿਖਿਆ :

" Sikh religion considers work, honest work to be real worship. Tolerance is the very soul of Sikhism. There is no class or caste recognised by Sikhism and the institutions of *sangat* and *pangat* have both material and spiritual significance." Sikhism has spread all over Panjab in course of two centuries and if it had not come into conflict with the rulers of those days I have no doubt,it would have been accepted not only in India but even outside. Like Buddhism it has an eternal appeal to the down pressed and to the low.

Sikhism assumed a military aspect during the 17th century, but it was with a purpose to safeguard religious freedom and that transformation from the religion of the meek and humble community into a religion of heroes and warriors is due, in my humble opinion, to the preaching of equality of men by great saints and savants of Sikh community. **All their inspiration has flown from *Jap Ji Sahib*. It still remains the inspiration of not only of Sikhs but even of Hindus in Panjab and I have no doubt, many have also received that inspiration by reading *Japji Sahib* and *Granth Sahib*.**

ਉਕਤ ਲਿਖਤ ਦਾ ਸੰਖੇਪ ਪੰਜਾਬੀ ਭਾਵ ਇਵੇਂ ਹੈ : ਸਿੱਖ ਧਰਮ ਕੰਮ ਨੂੰ, ਨੇਕ ਕਿਰਤ ਨੂੰ ਅਸਲੀ ਪੂਜਾ ਸਮਝਦਾ ਹੈ। ਸਹਿਨਸ਼ੀਲਤਾ ਸਿੱਖ ਧਰਮ ਦੀ ਆਤਮਾ ਹੈ, ਜਿੰਦ ਜਾਨ ਹੈ। ਇਸ ਧਰਮ ਵਿਚ ਸ਼ੂਦ੍ਰੀਆਂ ਜਾਂ ਜ਼ਾਤਾਂ ਦੀ ਕੋਈ ਮਾਨਤਾ ਨਹੀਂ। ਸਭ ਇਕ ਸਮਾਨ ਹਨ ਅਤੇ ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਦੀ ਦੁਨਿਆਵੀ ਤੇ ਆਤਮਿਕ ਮਹੱਤਤਾ ਹੈ ਕਿਉਂਕਿ ਉਹ ਊਚ ਨੀਚ, ਜ਼ਾਤ ਪਾਤ ਦੀਆਂ ਹੱਦਾਂ ਮਿਟਾਉਂਦੀਆਂ ਹਨ। ਸਿੱਖ ਧਰਮ ਦੋ ਸਦੀਆਂ ਵਿਚ ਸਾਰੇ ਪੰਜਾਬ ਵਿਚ ਫੈਲ ਗਿਆ ਪਰ ਜੇ ਕਰ ਇਹ ਉਸ ਵੇਲੇ ਦੇ ਹੁਕਮਰਾਨਾਂ ਨਾਲ ਟੱਕਰ ਵਿਚ ਨਾ ਆਉਂਦਾ ਤਾਂ ਇਸ ਨੇ ਸਾਰੇ ਭਾਰਤ ਵਿਚ ਸਗੋਂ ਇਸ ਤੋਂ ਬਾਹਰ ਵੀ ਫੈਲ ਜਾਣਾ ਸੀ। ਬੁਧ ਧਰਮ ਵਾਂਗ ਇਸ ਧਰਮ ਵਿਚ ਵੀ ਦਲਿਤਾਂ ਤੇ ਲਿਤਾੜੇ ਲੋਕਾਂ ਬਾਰੇ ਮਹੱਤਵਪੂਰਣ ਤੇ ਸਦੀਵ ਪ੍ਰੇਮ ਭਾਵਨਾ ਹੈ। ਸਿੱਖ ਧਰਮ ਨੂੰ ਜੰਗਜੂ ਰੂਪ 17ਵੀਂ ਸਦੀ ਵਿਚ ਧਾਰਨਾ ਪਿਆ ਤਾਂ ਜੋ ਇਹ ਨਿਤਾਣੇ ਤੇ ਨਿਆਸਰੇ ਜਨ ਸਮੂਹ ਦੀ ਰਾਖੀ ਕਰ ਸਕੇ। ਇਵੇਂ ਇਸ ਨੇ ਕਮਜ਼ੋਰਾਂ ਨੂੰ ਸੂਰਬੀਰਾਂ ਵਿਚ ਪਰਵਰਤਿਤ ਕਰਨ ਦਾ ਕਾਰਨਾਮਾ ਕੀਤਾ। ਇਹ ਧਰਮ ਸਭ ਮਨੁੱਖਾਂ ਵਿਚ ਬਰਾਬਰੀ ਦਾ ਪਹਿਰੇਦਾਰ ਹੈ ਅਤੇ ਇਹ ਸਾਰੀ ਪ੍ਰੇਰਨਾ ਜਪੁਜੀ ਸਾਹਿਬ ਦੀ ਮਹਾਨ ਬਾਣੀ ਤੋਂ ਮਿਲਦੀ ਹੈ। ਇਹ ਬਾਣੀ ਅੱਜ ਵੀ ਸਿੱਖਾਂ ਦੀ ਹੀ ਨਹੀਂ ਸਗੋਂ ਪੰਜਾਬ ਦੇ ਹਿੰਦੂਆਂ ਦੀ ਵੀ ਪ੍ਰੇਰਨਾ ਸਰੋਤ ਹੈ। ਸਚ ਤਾਂ ਇਹ ਹੈ ਕਿ ਬਹੁਤ ਸਾਰੇ ਪੰਜਾਬੋਂ ਬਾਹਰ ਵਸਦੇ ਲੋਕਾਂ ਨੇ ਵੀ ਜਪੁਜੀ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਲਾਹੇਵੰਦੀ ਪ੍ਰੇਰਨਾ ਅਤੇ ਅਗਵਾਈ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਸਫਲ ਬਣਾਇਆ ਹੈ।

ਆ ਉਰਾਂ ਥਾਂ ਥਾਂ ਉੱਤੇ ਗਰਦਨ ਝੁਕਾਵਣ ਵਾਲਿਆ,
ਅਜ ਮੈਂ ਤੇਰੀ ਅਣਖ ਨੂੰ ਮ.ਗਰੂਰ ਹੁੰਦਾ ਵੇਖਣੈ।

ਤੇਰੇ ਨਿਰਬਲ ਡੌਲਿਆਂ ਵਿਚ ਪਾ ਕੇ ਹਿੰਮਤ ਦੀ ਕਣੀ,
ਤੇਰੇ ਹਥੋਂ ਦੇਸ਼ ਦਾ ਦੁਖ ਦੂਰ ਹੁੰਦਾ ਵੇਖਣੈ।

ਬਾਲ ਕੇ ਜੋਤੀ ਹਨੇਰੇ ਵਿਚ ਦਿਆ ਤੇ ਧਰਮ ਦੀ,
ਤੇਰੇ ਮਨ ਮੰਦਰ ਨੂੰ ਨੂਰੋ ਨੂਰ ਹੁੰਦਾ ਵੇਖਣੈ।

ਉਕਤ ਲੇਖਕਾਂ ਵਾਂਗ ਵਿਜੇ ਕ੍ਰਿਸ਼ਨ ਗੋਸਵਾਮੀ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਭਾਰਤ ਦੀ ਸਭ ਤੋਂ ਮਹਾਨ ਅਧਿਆਤਮਿਕ ਕਿਰਤ' ਕਹਿ ਕੇ ਆਪਣੀ ਸ਼ਰਧਾ

ਪ੍ਰਗਟਾਈ ਹੈ। ਗੁਰਬਾਣੀ ਜਾਂ ਗੁਰੂ ਗ੍ਰੰਥ ਸਾਹਿਬ ਦੀ ਅਜ਼ਮਤ ਵਿਚ ਗ਼ੈਰ-ਸਿੱਖ ਵੀਰਾਂ ਵਲੋਂ ਪ੍ਰਗਟਾਏ ਅਨੁਭਵਾਂ ਦੀ ਗੱਲ ਚਲ ਪਈ ਹੈ ਇਸ ਲਈ ਅਗਲੇ ਕੁਝ ਪੰਨਿਆਂ ਤੇ ਕੁਝ ਚੋਟੀ ਦੇ ਵਿਦਵਾਨਾਂ ਦੇ ਇਸ ਮਹਾਨ ਗ੍ਰੰਥ ਬਾਰੇ ਸ਼ਬਦ ਰੂਪ ਵਿਚ ਅਰਪਤ ਕੀਤੇ ਪੁਸ਼ਪ ਇਕ ਗੁਲਦਸਤੇ ਦੀ ਨਿਆਈਂ ਸੰਜੋਏ ਜਾਂਦੇ ਹਨ। ਇਨ੍ਹਾਂ ਨੂੰ ਵਾਚਣ ਤੇ ਪਾਠਕ ਜਨ ਖੁਦ ਹੀ ਮਹਿਸੂਸ ਕਰ ਲੈਣਗੇ ਕਿ ਗੁਰੂ ਗ੍ਰੰਥ ਸਾਹਿਬ ਵਿਚੋਂ ਕਿਤਨੀ ਪਵਿੱਤਰ, ਮੁਤਬਰਕ ਸੁਗੰਧੀ ਤੇ ਮਹਿਕ ਬਿਖਰ ਕੇ ਬ੍ਰਹਿਮੰਡ ਮੰਡਲ ਤਕ ਨੂੰ ਪਾਕੀਜ਼ਗੀ (ਪਵਿੱਤਰਤਾ) ਬਖਸ਼ ਰਹੀ ਹੈ।

ਡਾ. ਧਰਮ ਪਾਲ ਮੈਨੀ

..... ਗੁਰੂ ਗ੍ਰੰਥ ਸਾਹਿਬ ਮਧ ਕਾਲ ਦੇ ਭਾਰਤੀਆਂ ਦੀ ਵਿਚਾਰਧਾਰਾ ਦਾ ਸੱਚਾ ਪ੍ਰਤੀਨਿਧ ਹੈ। ਭਾਰਤੀ ਧਰਮ ਪ੍ਰੰਪਰਾ ਦੇ ਅਨੁਸਾਰ ਇਸ ਵਿਚ ਵੀ ਉਸੇ ਹੀ ਮਾਨਵੀ ਧਰਮ ਦੇ ਤੱਤ ਮਿਲਦੇ ਹਨ ਜਿਨ੍ਹਾਂ ਨੂੰ ਅਪਣਾਉਣ ਵਿਚ ਕਿਸੇ ਨੂੰ ਕੋਈ ਉਜ਼ਰ ਨਹੀਂ ਹੋ ਸਕਦਾ, ਜਿਸ ਦਾ ਪ੍ਰਚਾਰ ਕਰਨ ਨਾਲ ਕਿਸੇ ਦੀ ਇੱਜ਼ਤ ਹੱਤਕ ਨਹੀਂ ਹੁੰਦੀ। ਇਸ ਨੂੰ ਕਿਸੇ ਫਿਰਕੇ ਵਿਸ਼ੇਸ਼ ਦੇ ਘੇਰੇ ਵਿਚ ਬੰਦ ਨਹੀਂ ਕੀਤਾ ਜਾ ਸਕਦਾ, ਸਾਰੀ ਮਨੁੱਖਤਾ ਇਸ ਤੋਂ ਪ੍ਰੇਰਨਾ ਲੈ ਸਕਦੀ ਹੈ ਤੇ ਲੈਂਦੀ ਆਈ ਹੈ। ਕਈ ਸੌ ਸਾਲਾਂ ਦੇ ਧਾਰਮਿਕ ਸਾਹਿਤ ਦਾ ਇਹ ਚਾਨਣ ਮੁਨਾਰਾ ਰਿਹਾ ਹੈ। **ਅੱਜ ਦੇ ਵਿਗਿਆਨਕ ਤੇ ਬੌਧਕ ਜੁਗ ਵਿਚ ਵੀ ਇਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਧਰਮ ਤੋਂ ਬੇਮੁਖ ਹੋਣ ਤੋਂ ਬਚਾਉਂਦਾ ਰਹੇਗਾ। ਕੀ ਇਹ ਘਟ ਮਹੱਤਵ ਦੀ ਗੱਲ ਹੈ ਕਿ ਜੀਵਨ ਅਤੇ ਜਗਤ ਦੀਆਂ ਉਨ੍ਹਾਂ ਸਾਰੀਆਂ ਸਮਸਿਆਵਾਂ ਦੇ ਸਮਾਧਾਨ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਢੰਗ ਨਾਲ ਮਿਲਦੇ ਹਨ ਜਿਨ੍ਹਾਂ ਦੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਤੇ ਹਰ ਇਕ ਨੂੰ ਲੋੜ ਪੈਂਦੀ ਹੈ। ਗੁਰੂ ਗ੍ਰੰਥ ਸਾਹਿਬ ਇਸ ਲੌਕਿਕ ਧਰਾਤਲ ਤੇ ਪਰਲੌਕਿਕ ਜੀਵਨ ਜਾਚ ਦੀ ਚੰਗਿਆੜੀ ਸਾਡੇ ਮਨਾਂ ਵਿਚ ਚਮਕਾ ਦੇਦੇਂ ਹਨ।** (ਪੰਜਾਬੀ ਦੁਨੀਆ ਜਨਵਰੀ-ਫਰਵਰੀ 1965)

ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ॥
ਜਾ ਕਾ ਹਿਰਦਾ ਸੁਧ ਹੈ ਖੋਜ ਸਬਦ ਮੈਂ ਲੇ॥

ਡਾ. ਰੌਸ਼ਨ ਲਾਲ ਆਹੂਜਾ

. . . ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦਾਚਾਰਕ ਨੀਤੀ ਦੇ ਵਧੀਆ ਨਮੂਨੇ ਭਰੇ ਪਏ ਹਨ। ਦੇਸ਼ ਪਿਆਰ ਦੇ ਜਜ਼ਬੇ ਨਾਲ ਇਹ ਸਰਸ਼ਾਰ ਹੈ। ਸਮਾਜਵਾਦ ਤੇ ਸਾਂਝੀਵਾਲਤਾ ਦਾ ਬੀਜ ਇਸ ਵਿਚ ਫੁਟਦਾ ਨਜ਼ਰ ਆਉਂਦਾ ਹੈ। ਧਰਮ, ਰਾਸ਼ਟਰ, ਸਦਾਚਾਰ ਅਤੇ ਮਾਨਵਤਾ ਦੇ ਧਰੋਹੀਆਂ ਨੂੰ ਧਰੋਹੀ ਆਖਣ ਦੀ ਇਸ ਵਿਚ ਜੁਰਅੱਤ, ਵੰਗਾਰ ਤੇ ਨਿਡਰਤਾ ਹੈ। **ਗੁਰੂ ਗ੍ਰੰਥ ਸਾਹਿਬ ਅਜਿਹਾ ਸੀਤਲ ਤੇ ਮਿੱਠੇ ਜਲ ਦਾ ਚਸ਼ਮਾ ਹੈ ਜੋ ਨਿਰੰਤਰ ਵਗਦਾ ਰਹਿੰਦਾ ਹੈ ਅਤੇ ਜਿਸ ਦੇ ਸੇਵਨ ਨਾਲ ਹਜ਼ਾਰਾਂ ਦੁਖੀ ਰੂਹਾਂ ਨੂੰ ਸ਼ਾਂਤੀ ਮਿਲਦੀ ਰਹਿੰਦੀ ਹੈ।** ਇਸ ਵਿਚ ਅਣਗਿਣਤ ਹਿਰਦਿਆਂ ਦੀ ਸ਼ਰਧਾ ਦਾ ਸੰਚਾਰ ਹੈ ਤੇ ਇਸ ਦੇ ਰਾਗਾਂ ਵਿਚ ਅਣਗਿਣਤ ਭਾਵਾਂ ਦੀ ਥਰਥਰਾਂਦੀ ਗੁੰਜਾਰ ਹੈ। **ਅਜਿਹੇ ਅਦੁੱਤੀ, ਸਰੇਸ਼ਠ ਤੇ ਮਹਾਨ ਗ੍ਰੰਥ ਦਾ ਸਤਿਕਾਰ ਕਰਨਾ ਸਾਡਾ ਸਭਿਆਚਾਰਕ, ਸਾਹਿਤਕ, ਨਾਗਰਿਕ ਤੇ ਭਾਈਚਾਰਕ ਧਰਮ ਹੈ। ਇਸ ਪ੍ਰਤੀ ਬੇਮੁਖ**

ਹੋਣਾ ਭਾਰਤੀ ਸੰਸਕ੍ਰਿਤੀ ਨਾਲ ਧਰੋਹ ਕਰਨਾ ਹੈ ਜੋ ਉਜੱਡਪੁਣਾ ਤੇ ਮੂਰਖਤਾ ਹੈ।"
(ਗੁਰਦੁਆਰਾ ਗਜ਼ਟ, ਮਈ 1978)

ਡਾ. ਮਨਮੋਹਨ ਸਹਿਗਲ

. . . ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਮਾਣ ਸਾਢੇ ਤਿੰਨ ਸੌ ਸਾਲ (ਹੁਣ 396 ਸਾਲ) ਪੂਰਵ ਹੋਇਆ ਹੈ ਪਰ ਫਿਰ ਵੀ ਵਰਤਮਾਨ ਜੀਵਨ ਦੀਆਂ ਪਰਚੰਡ ਸਮਸਿਆਵਾਂ ਦਾ ਸੁਚਾਰੂ ਸਮਾਧਾਨ ਅਤੇ ਭਾਰਤੀ ਸੰਸਕ੍ਰਿਤੀ ਦਾ ਆਦਰਸ਼ ਸਰੂਪ ਇਸ ਵਿਚ ਦਰਿਸ਼ਟਮਾਨ ਹੈ। ਇਸੇ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਰਤ ਵਿਚ ਭਾਵਾਤਮਿਕ ਏਕਤਾ, ਪਰਸਪਰ ਪ੍ਰੇਮ ਅਤੇ ਮਾਨਵਤਾ ਦਾ ਪਰਚਾਰਕ ਗ੍ਰੰਥ ਮੰਨਦੇ ਹਾਂ। ਰੂੜੀਵਾਦਤਾ ਤੇ ਨਫਰਤ ਆਦਿ ਦੇ ਤੰਗ ਘੇਰੇ ਵਿਚੋਂ ਮੁਕਤ ਹੋ ਕੇ ਜਿਸ ਆਦਰਸ਼ਕ ਸਮਾਜ ਦੀ ਕਲਪਨਾ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੈ, ਉਹ ਭਾਰਤੀ ਸੰਸਕ੍ਰਿਤੀ ਦਾ ਸਮੁੱਚਾ ਦਰਿਸ਼ਟੀਕੋਣ ਕਹੀ ਜਾ ਸਕਦੀ ਹੈ। **ਭਗਤੀ ਤੇ ਸ਼ਕਤੀ ਦਾ ਗੌਰਵਮਈ ਸੁਮੇਲ ਜਿਹੜਾ ਕਿ ਭਾਰਤੀ-ਪੁਣੇ ਦੀ ਨਿਜੀ ਵਿਸ਼ੇਸ਼ਤਾ ਹੈ, ਗੁਰੂ ਗ੍ਰੰਥ ਸਾਹਿਬ ਵਿਚ ਪਰਤੱਖ ਤੇ ਸਪੱਸ਼ਟ ਦਿਸਦਾ ਹੈ।**

ਡੰਕਨ ਗਰੀਨਲੀਜ਼

.....ਇਹ ਬਿਲਕੁਲ ਠੀਕ ਕਿਹਾ ਗਿਆ ਹੈ ਕਿ **'ਗੁਰੂ ਗ੍ਰੰਥ ਸਾਹਿਬ ਭਾਰਤੀ ਵਿਚਾਰਧਾਰਾ ਦੀ ਕਰੀਮ ਹੈ।'** ਡੰਕਨ ਇਕ ਥਾਂ ਹੋਰ ਕਹਿੰਦਾ ਹੈ "ਗੁਰੂ ਗ੍ਰੰਥ ਸਾਹਿਬ, ਗੁਰੂ ਸਾਹਿਬਾਨ ਦੀ ਆਪਣੀ ਪੋਥੀ ਹੈ ਜਿਸ ਦੁਆਰਾ ਉਹ ਆਪਣੇ ਸ਼ਰਧਾਲੂਆਂ ਨਾਲ ਚਿਰ ਕਾਲਾਂ ਤੋਂ ਗੱਲਾਂ ਕਰਦੇ ਆ ਰਹੇ ਹਨ। ਇਸੇ ਲਈ ਇਸ ਗ੍ਰੰਥ ਨੂੰ ਗੁਰਬਾਣੀ ਵੀ ਕਿਹਾ ਜਾਂਦਾ ਹੈ ਜਿਸ ਦੇ ਅਰਥ ਹਨ, ਗੁਰੂ ਦੀ ਅਵਾਜ਼।" ਡੰਕਨ ਹੋਰ ਇਹ ਵੀ ਲਿਖਦਾ ਹੈ: "ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਤਨਾ ਜ਼ਿਆਦਾ ਅਧਿਐਨ ਕੀਤਾ ਉਤਨਾ ਹੀ ਵਧੇਰੇ ਮੇਰਾ ਪਿਆਰ ਉਨ੍ਹਾਂ ਪ੍ਰਤੀ ਵਧਦਾ ਗਿਆ। ਸੰਸਾਰ ਦੇ ਗ੍ਰੰਥਾਂ ਵਿਚ ਇਤਨੀ ਉਚਾਈ ਦਾ ਸਾਹਿਤ ਅਤੇ ਇਤਨੀ ਅਜ਼ੀਮ ਹਸਤੀ ਸ਼ਾਇਦ ਹੀ ਕਿਤੇ ਹੋਰ ਮਿਲੇਗੀ। ਇਸ ਵਿਚ ਕੋਈ ਸ਼ੱਕਾ ਨਹੀਂ ਕਿ ਇਹ ਸੰਸਾਰ ਦਾ ਸਭ ਤੋਂ ਮਹੱਤਵਪੂਰਣ ਕਾਵਿ ਹੈ। ਇਸ ਵਿਚ ਨੈਤਿਕਤਾ ਦੇ ਵਿਸ਼ੇ ਤੇ ਵਿਸ਼ੇਸ਼ ਰੂਪ ਵਿਚ ਲਿਖਿਆ ਗਿਆ ਹੈ। ਇਹ ਮਨੁੱਖ ਨੂੰ ਉਸ ਦੇ ਲਕਸ਼ ਤਕ ਪਹੁੰਚਾਂਦਾ ਹੈ। ਇਸ ਲਈ ਸਾਨੂੰ ਇਸਦੇ ਕਾਵਿ ਤੇ ਸੰਗੀਤ ਨੂੰ ਇਕਾਗਰ ਚਿਤ ਹੋ ਕੇ ਸੁਣਨਾ ਚਾਹੀਦਾ ਹੈ ਅਤੇ ਉਸ ਸੇਵਾ ਤੇ ਭਗਤੀ ਨਾਲ ਭਰਿਆ ਜੀਵਨ ਜੀਣ ਦੀ ਇੱਛਾ ਕਰਨੀ ਚਾਹੀਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਸਭ ਦੇ ਲਈ ਇਹ ਸੰਸਾਰ ਹਮੇਸ਼ਾ ਗੁਰੂ ਨਾਨਕ ਸਾਹਿਬ ਜੀ ਦਾ ਰਿਣੀ ਰਹੇਗਾ।"

ਪੋਥੀ ਪਰਮੇਸਰ ਕਾ ਥਾਨੁ॥ (ਸਾਰੰਗ ਮ-5-1226)

ਡੰਕਨ, ਸਿੱਖ ਧਰਮ ਬਾਰੇ ਆਪਣੇ ਵਿਚਾਰ ਵਿਅਕਤ ਕਰਨ ਲੱਗਿਆਂ ਇਹ ਲਿਖਣ ਵਿਚ ਖੁਸ਼ੀ ਮਹਿਸੂਸ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਧਰਮ ਦੀ ਨੀਂਹ ਬਹੁਤ ਸਾਰੇ ਸ਼ਹੀਦਾਂ ਨੇ ਆਪਣਾ ਖੂਨ ਦੇ ਕੇ ਰਖੀ ਤੇ ਫਿਰ ਇਸ ਨੂੰ ਮਜ਼ਬੂਤ ਤੇ ਪੱਕਾ ਕੀਤਾ। ਗਵਾਂਢੀਆਂ ਦੀ ਜ਼ਾਲਮਾਨਾ ਮੁਖਾਲਫਤ ਨੇ ਇਸ ਵਿਚਾਰ ਧਾਰਾ ਨੂੰ ਸ਼ਕਤੀ

ਪ੍ਰਦਾਨ ਕੀਤੀ ਅਤੇ ਇਸ ਨੂੰ ਇਸ ਯੋਗ ਬਣਾਇਆ ਕਿ ਇਹ ਇਕ ਬਹਾਦਰ ਤੇ ਮਰਦਾਵੀਂ ਕੌਮ ਦੇ ਰੂਪ ਵਿਚ ਅੱਜ ਦੇ ਨਵੇਂ ਸੰਸਾਰ ਵਿਚ ਉਭਰੇ ਤਾਂ ਜੋ ਇਹ ਅਜੋਕੇ ਜੀਵਨ ਦੇ ਬਦਲਵੇਂ ਹਾਲਾਤਾਂ ਵਿਚ ਅਗਲੀਆਂ ਆਉਣ ਵਾਲੀਆਂ ਪੀੜ੍ਹੀਆਂ ਦਰ ਪੀੜ੍ਹੀਆਂ ਨੂੰ ਗੁਰੂ ਸਾਹਿਬਾਨ ਦੇ ਪਵਿੱਤਰ ਬਚਨਾਂ ਦੀ ਸੋਝੀ ਕਰਵਾਂਦੀ ਰਹੇ (ਹਵਾਲਾ Gospel of Sri Guru Granth Sahib, 1960 Edition)

ਗੁਰ ਕੇ ਚਰਨ ਨਮਸਕਾਰਿ॥
ਭਵਜਲੁ ਉਤਰਹਿ ਪਾਰ॥ (ਪੰਨਾ-895)

ਪਰਲ ਐਸ. ਬੱਕ.

ਨੋਬਲ ਪੁਰਸਕਾਰ ਜੇਤੂ ਉਕਤ ਲੇਖਕਾ ਗੁਰੂ ਗ੍ਰੰਥ ਸਾਹਿਬ ਬਾਰੇ ਲਿਖੇ ਆਪਣੇ ਰਿਵਿਊ ਵਿਚ ਲਿਖਦੀ ਹੈ : . . . ਗੁਰੂ ਗ੍ਰੰਥ ਸਾਹਿਬ ਮਨੁੱਖ ਦੇ ਇਕੱਲਪੁਣੇ, ਉਸ ਦੀਆਂ ਇਛਾਵਾਂ, ਪਰਭਾਵਾਂ ਅਤੇ ਅਕਾਲਪੁਰਖ ਨਾਲ ਉਸਦੇ ਸੁਮੇਲ ਕਰਨ ਦੀ ਭੁਖ ਤੇ ਤਰਲੇ ਪਾਉਣ ਦੇ ਪ੍ਰਗਟਾਵੇ ਦੀ ਸਰੋਤ ਪੁਸਤਕ ਹੈ। ਮੈਂ ਹੋਰ ਵੱਡੇ ਵੱਡੇ ਧਰਮਾਂ ਦੀਆਂ ਧਾਰਮਿਕ ਰਚਨਾਵਾਂ ਪੜ੍ਹੀਆਂ ਹਨ ਪਰ ਮੈਨੂੰ ਉਨ੍ਹਾਂ ਵਿਚ ਦਿਲ ਤੇ ਮਨ ਨੂੰ ਪ੍ਰਭਾਵਿਤ ਕਰਨ ਵਾਲੀ ਇਤਨੀ ਸ਼ਕਤੀ ਨਹੀਂ ਲਗੀ ਜਿਤਨੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਇਹ ਬਾਣੀ ਲੰਮੀ ਹੋਣ ਦੇ ਬਾਵਜੂਦ ਵੀ ਬੜੀ ਗੁੰਦਵੀਂ ਹੈ ਤੇ ਪ੍ਰਮਾਤਮਾ ਦਾ ਸਭ ਤੋਂ ਉੱਤਮ ਤੇ ਪਵਿੱਤਰ ਸੰਕਲਪ ਉਭਾਰਦੀ ਹੈ ਅਤੇ ਮਨੁੱਖੀ ਸਰੀਰ ਦੀਆਂ ਅਮਲੀ ਲੋੜਾਂ ਦੇ ਐਨ ਅਨਕੂਲ ਹੈ। ਇਨ੍ਹਾਂ ਬਾਣੀਆਂ ਵਿਚ ਹੈਰਾਨੀ ਜਨਕ ਆਧੁਨਿਕਤਾ ਮੌਜੂਦ ਹੈ। ਕਮਾਲ ਦੀ ਗੱਲ ਇਹ ਹੈ ਕਿ ਭਾਵੇਂ ਇਹ ਗ੍ਰੰਥ 16ਵੀਂ ਸਦੀ ਵਿਚ ਲਿਖਿਆ ਗਿਆ ਹੈ ਫਿਰ ਵੀ ਇਵੇਂ ਲਗਦਾ ਹੈ ਜਿਵੇਂ ਇਹ ਅੱਜ ਦੇ ਹੀ ਯੁਗ ਦਾ ਕੋਈ ਗ੍ਰੰਥ ਹੋਵੇ। ਇਹ ਗ੍ਰੰਥ ਸਾਰੇ ਧਰਮਾਂ ਦੇ ਲੋਕਾਂ ਨਾਲ ਸਬੰਧਤ ਹੈ। ਇਸ ਰਾਹੀਂ ਅਸੀਂ ਇਸ ਤੋਂ ਵੀ ਪਰੇ ਦੇਖ ਸਕਦੇ ਹਾਂ ਜੋ ਸਾਡੇ ਸਾਰਿਆਂ ਨਾਲ ਸਬੰਧਿਤ ਹੈ। ਇਸ ਦਾ ਪ੍ਰਣਾਮ ਸਰਬ ਵਿਆਪੀ ਇਲਹਾਮ ਹੈ।"

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥ (ਮ-5, ਪੰਨਾ-628)

ਸ਼੍ਰੀ ਮਤੀ ਬਕ ਸਿੱਖ ਧਰਮ ਬਾਰੇ ਹੋਰ ਇਵੇਂ ਲਿਖਦੀ ਹੈ: "Sikhism is the crowning glory of all religions. In this dark age only Guru Nanak's message of love can save mankind and the world. None else than Guru Teg Bahadur gave his life to save another religion. **ਭਾਵ ਸਿੱਖ ਧਰਮ ਸਭ ਤੋਂ ਸਿਰਤਾਜ ਧਰਮ ਹੈ। ਇਸ ਹਨੇਰੇ ਯੁਗ (ਕਲਯੁਗ) ਵਿਚ ਗੁਰੂ ਨਾਨਕ ਦਾ ਪਿਆਰ ਦਾ ਸੰਦੇਸ਼ ਮਾਨਵਤਾ ਤੇ ਵਿਸ਼ਵ ਨੂੰ ਬਚਾ ਸਕਦਾ ਹੈ।** (2) ਗੁਰੂ ਤੇਗ਼ ਬਹਾਦਰ ਸਾਹਿਬ ਦੀ ਅਦੁੱਤੀ ਸ਼ਹੀਦੀ ਦੇ ਸਤਿਕਾਰ ਵਿਚ ਪਰਲ ਬਕ ਲਿਖਦੀ ਹੈ : ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਨਿੱਤਰਿਆ ਜੋ ਕਿਸੇ ਦੂਜੇ ਧਰਮ ਲਈ ਆਪਣੇ ਪਰਾਣਾਂ ਦੀ ਆਹੂਤੀ ਦੇਂਦਾ।"

ਸਤਿਗੁਰ ਅਪਨੇ ਕਉ ਬਲ ਜਾਈ॥
ਜਿਨਿ ਪੈਜ ਰਖੀ ਸਾਰੈ ਸੰਸਾਰਿ॥ (ਪੰਨਾ-821)

ਇਖਲਾਕ ਹੁਸੈਨ ਦਿਹਲਵੀ

. . . . ਪਵਿੱਤਰ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦੀ ਹੀ ਇਕ ਸਤਿਕਾਰ ਯੋਗ ਧਾਰਮਿਕ ਪੁਸਤਕ ਨਹੀਂ ਸਗੋਂ ਇਹ ਹਿੰਦੁਸਤਾਨ ਦਾ ਸਭ ਤੋਂ ਪ੍ਰਥਮ ਸੈਕੂਲਰ ਗ੍ਰੰਥ ਹੈ। . . . ਗੁਰੂ ਗ੍ਰੰਥ ਸਾਹਿਬ ਤੋਂ ਨਿਜੀ ਪਛਾਣ ਅਤੇ ਰੱਬੀ ਪਛਾਣ ਦੀ ਅਣਮੁਲੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਰੂਹਾਨੀਅਤ ਭਰੀ ਮਸਤੀ ਦਾ ਸਰੂਰ ਹਾਸਲ ਹੁੰਦਾ ਹੈ ਜਿਸ ਰਾਹੀਂ ਮਨੁੱਖ ਇਨਸਾਨ ਬਣ ਜਾਂਦਾ ਹੈ ਨਹੀਂ ਤਾਂ 'ਆਦਮੀ ਕੋ ਭੀ ਮੁਯੱਸਰ ਨਹੀਂ ਹੈ ਇਨਸਾਂ ਹੋਨਾ।'

(ਖੋਜ ਦਰਪਨ ਜਨਵਰੀ 1986)

ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਨਨਾ,
ਮਗਰ ਇਸ ਮੇਂ ਪੜਤੀ ਹੈ ਮਿਹਨਤ ਜ਼ਿਆਦਾ।

ਡਾ. ਮੁਹੰਮਦ ਯੂਫਸ ਅਬਾਸੀ

ਕਾਇਦੇ-ਆਜ਼ਮ ਯੂਨੀਵਰਸਿਟੀ ਇਸਲਾਮਾਬਾਦ, ਪਾਕਿਸਤਾਨ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ, ਡਾ. ਮੁਹੰਮਦ ਯੂਫਸ ਅਬਾਸੀ ਨੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਨਿਰਪੱਖ ਰਾਏ ਪ੍ਰਗਟ ਕਰਦਿਆਂ ਕਿਹਾ ਕਿ "ਗੁਰੂ ਗ੍ਰੰਥ ਸਾਹਿਬ ਵਿਸ਼ਵ ਗਿਆਨ ਦਾ ਖਜ਼ਾਨਾ ਹਨ। ਗੁਰਬਾਣੀ ਤਾਂ ਵਿਸ਼ਾਲ ਸਮੁੰਦਰ ਹੈ ਜਿਥੇ ਹਰ ਕਿਸੇ ਅਭਿਲਾਸ਼ੀ ਨੂੰ ਮਨ ਭਾਉਂਦੇ ਰਤਨ, ਹੀਰੇ, ਜਵਾਹਰਾਤ ਮਿਲ ਸਕਦੇ ਹਨ। ਅੱਜ ਵਿਸ਼ਵ ਨੂੰ ਇਕ ਧੁਰੇ ਨਾਲ ਜੁੜਨ ਦੀ ਲੋੜ ਹੈ। ਆਪਣੀ ਜ਼ਮੀਰ, ਜਿਸ ਦੀ ਆਵਾਜ਼ ਸੁਣ ਕੇ ਅਸੀਂ ਸਮੂਹ ਮੁਸੀਬਤਾਂ ਤੇ ਫਤਿਹ ਪਾ ਸਕਦੇ ਹਾਂ, ਗੁਰਬਾਣੀ ਉਸ ਵਲ ਸਾਡਾ ਮਾਰਗ ਦਰਸ਼ਨ ਕਰਦੀ ਹੈ।

ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਮ-3, ਪੰਨਾ-67)

ਮੁਗ਼ਲ ਬਾਦਸ਼ਾਹ ਅਕਬਰ

ਜਦ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਲਈ ਤਾਂ ਕਈਆਂ ਨੇ ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਅਕਬਰ ਦੇ ਕੰਨ ਭਰੇ ਕਿ ਇਸ ਗ੍ਰੰਥ ਵਿਚ ਮੁਸਲਮਾਨ ਪੀਰਾਂ ਤੇ ਹਿੰਦੂ ਦੇਵੀ ਦੇਵਤਿਆਂ ਦੇ ਵਿਰੁੱਧ ਬਹੁਤ ਕੁਝ ਲਿਖਿਆ ਗਿਆ ਹੈ। ਇਨ੍ਹਾਂ ਸ਼ਕਾਇਤਾਂ ਦੀ ਨਵਿਰਤੀ ਲਈ ਤੇ ਸਚ ਨੂੰ ਜਾਣਨ ਲਈ ਅਕਬਰ ਨੇ ਆਦਿ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਕੀਤਾ ਤੇ ਇਸ ਨਤੀਜੇ ਤੇ ਪੁਜਿਆ " ਇਹ ਗ੍ਰੰਥ ਵੱਡੇ ਸਤਿਕਾਰ ਦੇ ਯੋਗ ਹੈ।" ਗੁਰੂ ਅਰਜਨ ਦੇਵ ਜੀ ਨੂੰ ਇਸ ਮਹੱਤਵਪੂਰਣ ਕਾਰਜ ਲਈ ਅਕਬਰ ਨੇ ਸਤਿਕਾਰ ਵਜੋਂ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਹੱਥ ਸਿਰੋਪਾਓ ਭੇਜ ਕੇ ਆਪਣੀ ਸ਼ਰਧਾ ਵਿਅਕਤ ਕੀਤੀ। (ਹਵਾਲਾ ਐਨਸਾਈਕਲੋਪੀਡੀਆ ਆਫ ਸਿਖਇਜ਼ਮ, ਪੰਜਾਬੀ ਯੂਨੀਵਰਸਿਟੀ ਪਟਿਆਲਾ)

ਕਹੈ ਸੁੰਦਰੁ ਸੁਣਹੁ ਸੰਤਹੁ
ਸਭੁ ਜਗਤੁ ਪੈਰੀ ਪਾਇ ਜੀਉ॥ (ਪੰਨਾ-924)

ਸ੍ਰੀ ਸੁਰਿੰਦਰ ਨਾਥ ਸਾਬਕਾ ਰਾਜਪਾਲ ਪੰਜਾਬ

3 ਜਨਵਰੀ 1992 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਕ ਸਮਾਗਮ ਵਿਚ ਸ੍ਰੀ ਦਲਾਈ ਲਾਮਾ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦਤ ਰੂਪ ਦੀਆਂ 4 ਜਿਲਦਾਂ ਰਲੀਜ਼ ਕਰਦੇ ਸਮੇਂ ਇਸ ਮਹਾਨ ਗ੍ਰੰਥ ਨੂੰ ਮਾਨਵਤਾ ਨੂੰ ਸਮਪਰਤ ਕੀਤਾ। ਇਸ ਅਵਸਰ ਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਸੁਰਿੰਦਰ ਨਾਥ ਜੋ ਉਸ ਸਮੇਂ ਪੰਜਾਬ ਦੇ ਗਵਰਨਰ ਵੀ ਸਨ, ਨੇ ਕਿਹਾ, "ਜੇ ਲੋਕੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਅਮਲੀ ਜਾਮਾ ਪਹਿਨਾ ਦੇਣ ਤਾਂ ਕੋਈ ਖ਼ੂਨ ਖਰਾਬਾ, ਅਹਿੰਸਾ ਤੇ ਅਜਿਹੀਆਂ ਹੋਰ ਅਮਾਨਵੀ ਕਾਰਵਾਈਆਂ ਬਿਲਕੁਲ ਨਾ ਹੋਣ।"

ਅਮਲਾਂ ਤੇ ਹੋਣਗੇ ਨਬੇੜੇ ਕਿ ਜ਼ਾਤ ਕਿਸੇ ਪੁਛਣੀ ਨਹੀਂ।

ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ

ਸਵਾਮੀ ਜੀ ਭਾਰਤੀ ਧਰਮਾਂ ਤੇ ਸੰਸਕ੍ਰਿਤੀ ਦੇ ਬਹੁਤ ਵੱਡੇ ਮੰਨੇ ਪ੍ਰਮੰਨੇ ਸਕਾਲਰ ਸਨ ਜਿਨ੍ਹਾਂ ਨੇ ਵੇਦਾਂ, ਪੁਰਾਣਾਂ, ਸਿਮਰਤੀਆਂ ਤੇ ਉਪਨਿਸ਼ਦਾਂ ਆਦਿ ਉਤੇ ਮਹਾਨ ਖੋਜ ਕਰ ਕੇ ਪੁਸਤਕਾਂ ਲਿਖੀਆਂ। ਉਹ ਸਿੱਖ ਧਾਰਮਿਕ ਫਲਸਫਾ ਪੜ੍ਹ ਕੇ ਕਹਿੰਦੇ ਹਨ: **"ਜੀਵਨ ਭਰ ਸਾਧੂ ਸੰਤੋਂ ਕੀ ਸੰਗਤ ਕੀ, ਤਪ ਸਾਧੇ, ਤੀਰਥੋਂ ਕਾ ਭਰਮਣ ਕੀਆ ਅੰਤ ਇਸੀ ਨਿਸ਼ਚੇ ਪਰ ਪਹੁੰਚਾ ਹੂੰ ਕਿ ਜੋ ਕੁਛ ਗੁਰੂ ਘਰ ਮੇਂ ਹੈ, ਉਸ ਸੇ ਉੱਤਮ ਔਰ ਕਹੀਂ ਨਹੀਂ।"**

ਗੁਰ ਬਾਣੀ ਗਾਵਹ ਭਾਈ
ਓਹ ਸਫਲ ਸਦਾ ਸੁਖਦਾਈ॥ (ਸੋਰਠਿ ਮ-5, ਪੰਨਾ-629)

ਭੱਟ ਭਿੱਖਾ ਜੀ ਨੇ ਵੀ ਗੁਰੂ ਅਰਜਨ ਦੇਵ ਜੀ ਨਾਲ਼ ਮੇਲ ਮਿਲਾਪ ਕਰਕੇ ਆਪਣੀ ਅਧਿਆਤਮਿਕ ਤ੍ਰਿਪਤੀ ਕਰਦੇ ਸਮੇਂ ਇਹੋ ਜਿਹੇ ਹੀ ਸ਼ਬਦ ਕਹੇ ਸਨ ਜਿਹੋ ਜਹੇ ਸਵਾਮੀ ਜੀ ਨੇ ਉਪਰ ਫਰਮਾਏ ਹਨ। ਇਸ ਬਾਰੇ ਭਿੱਖਾ ਜੀ ਦਾ ਬੜਾ ਸਪੱਸ਼ਟ ਸਵਈਆ ਗੁਰੂ ਗ੍ਰੰਥ ਸਾਹਿਬ ਦੇ ਪੰਨਾ-1395/96 ਤੇ ਦਰਜ ਹੈ ਜਿਸ ਦੇ ਪ੍ਰਾਰੰਭਕ ਸ਼ਬਦ ਇਵੇਂ ਹਨ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥

ਸਿੱਖ ਜੀਵਨ ਜਾਚ ਦੀ ਘੋਖ ਕਰਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਸੰਦੇਸ਼ ਨੂੰ ਗ੍ਰਹਿਣ ਕਰਨ ਉਪਰੰਤ ਉਕਤ ਸਵਾਮੀ ਹੋਰਾਂ ਨੇ ਇੱਕ ਕਿਤਾਬ ਲਿਖੀ ਜਿਸ ਦਾ ਨਾਂ 'ਸਰਵੋਤਮ ਧਰਮ ਗ੍ਰੰਥ—ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਰਵੋਤਮ ਧਰਮ— ਖਾਲਸਾ ਪੰਥ' ਹੈ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਲਿਖਦੇ ਹਨ:..ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਹਾਂ ਕਲਿਆਣਕਾਰੀ ਬਾਣੀ ਹੈ ਕਿਉਂਕਿ ਇਸ ਦਾ ਸਦ ਉਪਦੇਸ਼ ਮਨੁੱਖ ਜਾਤੀ ਦੇ ਕਿਸੇ ਇਕ ਵਰਗ ਲਈ ਨਹੀਂ ਸਗੋਂ ਸਮੂਹ ਮਾਨਵਤਾ ਲਈ ਹੈ। ਇਸ ਵਿਚ ਕਿਸੇ ਇਕ ਵਰਗ ਦੇ ਹਿੱਤ ਨੂੰ ਮੁੱਖ ਰੱਖ ਕੇ ਕੋਈ ਕਪਟ ਰੂਪ ਕਰਮ ਕਾਂਡ ਨਹੀਂ ਮਿਲਦਾ ਸਗੋਂ ਮਨੁੱਖੀ ਜੀਵਨ ਦੀ ਸਫਲ ਪੂਰਣਤਾ ਲਈ ਅਤਿ ਸੁਗਮ ਮਾਰਗ ਦੱਸਿਆ ਹੈ।

(ਹਵਾਲਾ ਉਕਤ ਕਿਤਾਬ ਦਾ ਪੰਨਾ-40)

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

(ਮ-5, ਪੰਨਾ- 522)

ਗੁਰਮੰਤਰ

ਮੂਲ ਮੰਤਰ ਸਾਹਿਬ ਦੀ ਲਾਜਵਾਬ ਵਿਆਖਿਆ ਕਰਨ ਦੇ ਨਾਲ ਨਾਲ "ੴ ਸਤਿਗੁਰ ਪ੍ਰਸਾਦਿ" ਗੁਰ ਮੰਤਰ ਬਾਰੇ ਉਨ੍ਹਾਂ ਦੀ ਸੋਚ ਇਵੇਂ ਹੈ:

..... ਪਰ ਗੁਰਦੇਵ ਜੀ ਨੇ ਤਾਂ ਸਾਰੇ ਮੰਤਰਾਂ ਵਿਚੋਂ "ੴ ਸਤਿਗੁਰ ਪ੍ਰਸਾਦਿ" ਨੂੰ ਹੀ ਸਰਵੋਤਮ ਮੰਨਿਆ ਹੈ ਕਿਉਂਕਿ ਇਸ ਵਿਚ ਨਾਮ ਤੇ ਨਾਮੀ ਦੋਵੇਂ ਇੱਕਠੇ ਹੋ ਗਏ ਹਨ। ਸੋ ਜਾਪਕਾਂ ਨੂੰ ਏਸੇ ਮਹਾਂ ਮੰਤਰ ਦਾ ਸਿਮਰਨ ਕਰਨਾ ਚਾਹੀਦਾ ਹੈ। ਇਹੋ ਗੁਰ ਮੰਤਰ ਹੈ। ਅਜਿਹਾ ਸਰਵੋਤਮ ਮੰਤਰ ਗੁਰਬਾਣੀ ਤੋਂ ਬਿਨਾਂ ਹੋਰ ਕਿਸੇ ਗ੍ਰੰਥ ਵਿਚ ਨਹੀਂ ਮਿਲਦਾ।" (ਪੰਨਾ— 49)

ਸਵਾਮੀ, ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਹੁਪਖੀ ਅਛੂਤੇ ਫਲਸਫੇ ਦੀ ਅਜਿਹੇ ਤਰਕ ਤੇ ਸ਼ਰਧਾਮਈ ਢੰਗ ਨਾਲ ਵਿਆਖਿਆ ਕਰਦੇ ਹਨ ਜੋ ਪ੍ਰਭਾਵਸ਼ਾਲੀ ਤੇ ਵਿਲੱਖਣ ਹੈ ਅਤੇ ਉਨ੍ਹਾਂ ਦੇ ਹਿੱਸੇ ਹੀ ਆਈ ਹੈ।

. . . . ਪਸ਼ੂ ਪੰਛੀਆਂ ਵਿਚ ਜਨਮ ਪ੍ਰਧਾਨ ਹੁੰਦਾ ਹੈ ਇਸੇ ਕਰਕੇ ਉਹ ਆਪਣੇ ਜੀਵਨ ਵਿਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਕਰ ਸਕਦੇ ਪਰ ਮਨੁੱਖ ਜਾਤੀ ਤਾਂ ਇਸ ਦੇ ਉਲਟ ਕਰਮ ਪ੍ਰਧਾਨ ਹੈ ਇਸੇ ਕਰਕੇ ਮਨੁੱਖ ਸਤਿਸੰਗ ਜਾ ਕੁਸੰਗ, ਵਿਵੇਕ ਜਾਂ ਗੂੜ੍ਹਤਾ ਰਾਹੀਂ ਆਪਣੇ ਜੀਵਨ ਵਿਚ ਜਿੰਨਾ ਚਾਹੇ ਪਰੀਵਰਤਨ ਕਰ ਲੈਂਦਾ ਹੈ। ਸਾਨੂੰ ਕਿਸੇ ਮਨੁੱਖ ਦਾ ਮੁਲਅੰਕਣ ਉਸ ਦੇ ਚੰਗੇ ਜਾਂ ਮੰਦੇ ਕੰਮਾਂ ਅਨੁਸਾਰ ਕਰਨਾ ਚਾਹੀਦਾ ਹੈ, ਜਨਮ ਕਰਕੇ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹੋ ਵਿਚਾਰ ਹਨ।"

(ਪੰਨਾ-87)

ਗੁਰੂ ਗ੍ਰੰਥ ਸਾਹਿਬ ਬਾਰੇ ਉਨ੍ਹਾਂ ਦੀ ਨਿਸ਼ਠਾ ਤੇ ਸਤਿਕਾਰ ਨਿਮਨ ਕੁਝ ਸ਼ਬਦਾਂ ਵਿਚ ਕਿਵੇਂ ਫੁਟ ਫੁਟ ਪੈਂਦਾ ਹੈ, ਕਹਿੰਦੇ ਹਨ: . . . **ਆਦਿ ਗੁਰੂ ਗ੍ਰੰਥ ਸਾਹਿਬ ਨਾਲ ਵਿਰੋਧ ਕਰਨ ਵਾਲਾ ਕੋਈ ਭੀ ਵਿਅਕਤੀ ਸੁਖੀ ਨਹੀਂ ਰਹਿ ਸਕੇਗਾ। ਮੇਰਾ ਇਹ ਅਨੁਭਵ ਹੈ।"** (ਪੰਨਾ-107)

ਗੁਰੂ ਗ੍ਰੰਥ ਸਾਹਿਬ ਦੀ ਵੱਖ ਵੱਖ ਪੱਖਾਂ ਤੋਂ ਵਿਸ਼ੇਸ਼ਤਾ ਦੱਸਦਿਆਂ ਲਿਖਦੇ ਹਨ:

. . . . ਮੈਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵ ਉਚਮਤਾ ਇਸ ਪੱਖੋਂ ਦੱਸਣੀ ਚਾਹੁੰਦਾ ਹਾਂ ਕਿ ਉਸ ਮਹਾਨ ਗ੍ਰੰਥ ਨੇ ਕਿਸੇ ਵੀ ਦੇਵੀ ਦੇਵਤੇ ਨੂੰ ਪ੍ਰਭੂ ਨਹੀਂ ਮੰਨਿਆ, ਜਿਵੇਂ ਪੁਰਾਣਾਂ ਨੇ ਕੀਤਾ ਹੈ। ਹਰ ਪੁਰਾਣਕਾਰ ਨੇ ਆਪਣੇ ਹੀ ਦੇਵਤੇ ਨੂੰ ਰੱਬ ਬਣਾ ਦਿੱਤਾ ਤੇ ਬਾਕੀਆਂ ਨੂੰ ਉਸ ਦੇ ਨੌਕਰ ਚਾਕਰ। ਇਸ ਤਰ੍ਹਾਂ ਅਨੇਕ ਈਸ਼ਵਰੀ-ਵਾਦ ਨੇ ਭਾਰਤੀ ਭਾਈਚਾਰੇ ਵਿਚ ਭਿਆਨਕ ਫੁੱਟ ਪਾ ਦਿੱਤੀ ਜਿਸ ਦੇ ਫਲਸਰੂਪ ਭਾਰਤ ਨੂੰ ਅਤਿ ਛੋਟੀਆਂ ਛੋਟੀਆਂ ਕੌਮਾਂ ਦੀ ਲੰਮੀ ਗ਼ੁਲਾਮੀ ਸਹਿਣੀ ਪਈ। ਹੁਣ ਇਹ ਇਸ਼ਟ-ਅਨੇਕਤਾ (ਵੱਖ ਵੱਖ ਇਸ਼ਟਾਂ ਨੂੰ ਮੰਨਣ ਦੀ ਰੁਚੀ) ਰਾਸ਼ਟਰੀ ਏਕਤਾ ਦੇ ਰਾਹ

ਵਿਚ ਪ੍ਰਮੁੱਖ ਰੋੜਾ ਬਣੀ ਹੋਈ ਹੈ... ਪਰ ਗੁਰਬਾਣੀ ਦੇ ਰਚਣਹਾਰਿਆਂ ਨੇ ਕੇਵਲ ਸਚਿ-ਚਿਤ ਅਨੰਦ ਸਰੂਪ ਬ੍ਰਹਮ ਨੂੰ ਹੀ ਸਾਰੇ ਚਲੰਤ ਜਗਤ ਦਾ ਸੁਆਮੀ ਦੱਸਿਆ ਹੈ। ਸਿਰਮੌਰ ਸਤਾਧਾਰੀ ਹੋਣ ਕਾਰਨ ਵਾਹਿਗੁਰੂ ਦੇ ਸਿਮਰਨ ਤੇ ਉਸ ਦੀ ਉਪਾਸ਼ਨਾ ਆਦਿ ਦੀ ਪ੍ਰੇਰਨਾ ਕੀਤੀ ਹੈ। ਪੁਰਾਣਾਂ ਵਿਚ ਪੱਥਰ ਪੂਜਾ ਆਦਿ ਚਲਾਈਆਂ ਗਈਆਂ ਰੂੜ੍ਹ ਤੇ ਬਾਮ-ਮਾਰਗੀ ਪੂਜਾ ਵਿਧੀਆਂ ਦਾ ਜ਼ੋਰਦਾਰ ਖੰਡਨ ਕੀਤਾ ਤੇ ਸਰਬ-ਵਿਆਪੀ ਪ੍ਰਭੂ ਦੇ ਗਿਆਨ ਧਿਆਨ ਦਾ ਗਾਡੀ ਰਾਹ ਤੋਰਿਆ।" (ਪੁਸਤਕ ਪੰਨਾ-6)

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ (ਨਾਮਦੇਵ-ਪੰਨਾ-875)

ਗੁਰੂ ਗ੍ਰੰਥ ਸਾਹਿਬ ਨੂੰ ਜ਼ਿੰਦਗੀ ਦੇ ਹਰ ਖੇਤਰ ਵਿਚ ਲਾਸਾਨੀ ਸੇਧ ਦੇਣ ਦੇ ਸਮਰੱਥ ਹੋਣ ਕਾਰਨ, ਸਮਾਜ ਦੀ ਹਰ ਕੁਰੀਤੀ ਦਾ ਹੱਲ ਇਸ ਵਿਚੋਂ ਲਭ ਕੇ ਜੀਵਨ ਨੂੰ ਸੁਖੀ ਤੇ ਸਵੱਛ ਬਣਾਉਣ ਦੀ ਤਾਕੀਦ ਕਰਦੇ ਹੋਏ ਸਮਾਜ ਵਿਚ ਪ੍ਰਚਲਿਤ ਕੁਝ ਗੀਤਾਂ ਆਦਿ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਜ਼ਰੀਏ ਨਾਲ ਤੋਲਦੇ ਹਨ ਤੇ ਫਿਰ ਇਵੇਂ ਬੋਲਦੇ ਹਨ:

ਅਨੰਦ ਕਾਰਜ/ਵਿਆਹ

ਵਿਆਹ ਦੀ ਰਸਮ ਬਾਰੇ ਸਵਾਮੀ ਦੇ ਕਥਨ ਇਸ ਪ੍ਰਕਾਰ ਹਨ :- ... ਵਰਤਮਾਨ ਸਥਿਤੀ ਵਿਚ ਮੇਰੀ ਤਾਂ ਰਾਏ ਹੈ ਕਿ ਕੰਨਿਆ ਤੇ ਵਰ ਦੋਹਾਂ ਪਾਸਿਆਂ ਦੇ ਸਾਕ ਸੰਬੰਧੀ ਗੁਰਦਵਾਰੇ ਜਾ ਕੇ ਜਾਂ ਘਰ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਿਆਹ ਦੀ ਅਰਦਾਸ ਕਰਵਾ ਲੈਣ। ਇਹ ਸਰਵੋਤਮ ਵਿਆਹ ਸੰਸਕਾਰ ਹੈ . . ਸੰਸਾਰਕ ਤੇ ਅਧਿਆਮਿਕ ਮੰਡਲਾਂ ਵਿਚ ਸਹੀ ਸੇਧ ਦੇਣ ਯੋਗ ਲਾਵਾਂ ਅਤੇ ਅਨੰਦ ਸਾਹਿਬ ਦਾ ਪਾਵਨ ਪਾਠ ਹੁੰਦਾ ਹੈ।" (ਪੁਸਤਕ-ਪੰਨਾ-39)

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ
ਗੋਬਿੰਦ ਬਿਨੁ ਨਹੀ ਕੋਈ॥ (ਨਾਮਦੇਵ ਪੰਨਾ-485)

ਜ਼ਾਤ ਪਾਤ

ਜ਼ਾਤ ਪਾਤ ਦੀ ਸਦੀਆਂ ਤੋਂ ਚਲੀ ਆ ਰਹੀ ਕੁਰੀਤੀ ਦੇ ਸਮਾਧਾਨ ਬਾਰੇ ਸਵਾਮੀ ਗੁਰੂ ਗ੍ਰੰਥ ਸਾਹਿਬ ਦੀ ਟੇਕ ਲੈਂਦੇ ਹੋਏ ਕਹਿੰਦੇ ਹਨ :

. . . ਜ਼ਾਤ ਪਾਤ ਦੇ ਥੋਥੇ ਵਿਚਾਰਾਂ ਨੂੰ ਗੁਰਬਾਣੀ ਨੇ ਕਰੜੀ ਸੱਟ ਮਾਰੀ ਹੈ ਤੇ ਇਸ ਤਰ੍ਹਾਂ ਮਾਨਵ ਜਾਤੀ ਦੇ ਇਕ ਭਾਗ ਤੇ ਹੋ ਰਹੇ ਜ਼ੁਲਮ ਨੂੰ ਠਲ੍ਹ ਪਾਉਣ ਦਾ ਯਤਨ ਕੀਤਾ ਹੈ। ਗੁਰਦੇਵ ਨਾਨਕ ਨੇ ਆਪਣੇ ਆਪ ਨੂੰ ਨੀਵੇਂ ਵਰਗਾਂ ਦੇ ਹਮਸਾਇਆ ਤੇ ਹਮਸਫਰ ਦਸਿਆ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੇ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
(ਮ-1, ਪੰਨਾ-15)

..... ਸਵਾਮੀ ਨੇ ਜ਼ਾਤ ਪਾਤ ਨੂੰ ਜਨਮ ਦੇ ਅਧਾਰ ਤੇ ਨਾ ਮੰਨ ਕੇ ਚੰਗੇ ਮਾੜੇ ਕੰਮਾਂ ਦੇ ਅਧਾਰ ਤੇ ਮੰਨਣ ਦਾ ਸੰਕੇਤ ਵੀ ਕੀਤਾ ਹੈ।" (ਪੁਸਤਕ ਪੰਨਾ-52)

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤ ਸਾ ਪਤਿ ਹੈ ਜੇਹੇ ਕਰਮ ਕਮਾਇ॥

(ਮ-1, ਪੰਨਾ-1330)

ਸੱਚ ਤੇ ਅਧਾਰਤ ਜੀਵਨ

. . . ਗੁਰਮਤਿ ਵਿਚ ਕਰਮ ਕਾਂਡ ਦੀ ਥਾਂ ਸੱਚ ਤੇ ਅਧਾਰਤ ਕਰਮਾਂ ਅਤੇ ਅਮਲੀ ਜੀਵਨ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ।" (ਪੁਸਤਕ ਪੰਨਾ-54)

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਮ-1, ਪੰਨਾ-62)

ਮਹਿਲਾ ਵਰਗ ਲਈ ਬਰਾਬਰੀ

ਸੰਸਾਰ ਦੀ ਅਧੀ ਵਸੋਂ ਇਸਤਰੀ ਜ਼ਾਤ ਦੀ ਹੈ ਜਿਸ ਨੂੰ ਧਰਮਾਂ ਨੇ ਲਤਾੜਿਆ ਹੈ ਪਰ ਸਿੱਖੀ ਵਿਚ ਸਤਿਕਾਰਿਆ ਗਿਆ ਹੈ।

. . . ਜਿਵੇਂ ਗੁਰੂ ਗ੍ਰੰਥ ਸਾਹਿਬ ਨੇ ਨੀਵੀਆਂ ਜਾਤਾਂ ਨਾਲ ਧਰਮ ਗ੍ਰੰਥਾਂ ਰਾਹੀਂ ਕੀਤਾ ਜਾ ਰਿਹਾ ਅਨਿਆਂ ਰੋਕਿਆ ਇਵੇਂ ਇਸਤਰੀ ਜਾਤੀ ਦੇ ਹੱਕ ਵਿਚ ਵੀ ਅਵਾਜ਼ ਉਠਾਈ। ਇਥੇ ਪਤਨੀ ਨੂੰ ਪਤੀ ਦੇ ਕਾਰਜਾਂ ਵਿਚ ਸਮਾਨ ਹਿਸਾ ਲੈਣ ਵਾਲਾ ਵਿਅਕਤੀ ਮੰਨਿਆ ਹੈ। ਸਿਮਰਤੀਆਂ ਵਾਲਾ ਕੁਟਿਲ ਵਿਧਾਨ ਜੋ ਇਸਤਰੀ ਨੂੰ ਨਿੰਦਦਾ ਤੇ ਕੈਦੀਆਂ ਵਾਂਗ ਜੀਵਨ ਬਿਤਾਉਣ ਲਈ ਮਜਬੂਰ ਕਰਦਾ ਹੈ, ਨੂੰ, ਬੜੇ ਟੇਢੇ ਢੰਗਾਂ ਨਾਲ ਗੁਰੂ ਵਾਕਾਂ ਰਾਹੀਂ ਨਖਿਧਿਆ ਤੇ ਅਪਰਵਾਨ ਕੀਤਾ ਗਿਆ ਹੈ - (ਪੁਸਤਕ ਪੰਨਾ -52)

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਮ-1, ਪੰਨਾ-473)

ਕਰਮ ਯੋਗੀ

. . . ਗੁਰਦੇਵਾਂ ਨੇ ਸਾਨੂੰ ਰੂੜ੍ਹੀਗਤ ਪਰੰਪਰਾਵਾਂ ਦੇ ਪਿਛਲਗ ਹੋਣ ਦੀ ਥਾਂ ਵਿਵੇਕਮਈ ਬਿਰਤੀ ਵਾਲੇ ਕਰਮ ਯੋਗੀ ਹੋਣ ਦੀ ਪਰੇਰਨਾ ਕੀਤੀ ਹੈ। ਸਾਨੂੰ ਆਪਣੇ ਸ਼ੁਭਚਿੰਤਕ ਮਹਾਨਭਾਵਾਂ ਦੀ ਇੱਛਾ ਉਤੇ ਪੂਰੇ ਉਤਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ।" ਸਾਰੇ ਮਹੱਤਵਪੂਰਣ ਨੁਕਤਿਆਂ ਤੇ ਗੁਰੂ ਗ੍ਰੰਥ ਸਾਹਿਬ ਤੇ ਅਧਾਰਤ ਆਪਣੇ ਵਿਚਾਰ ਪ੍ਰਗਟ ਕਰਨ ਉਪਰੰਤ ਸਵਾਮੀ ਅੰਤ ਵਿਚ ਨਤੀਜਾ ਕੀ ਕੱਢਦੇ ਹਨ ?

. . . ਵੇਦਾਂ, ਸ਼ਾਸਤਰਾਂ, ਸਿਮਰਤੀਆਂ, ਸਮਸਤ ਸੂਤਰਾਂ ਨੂੰ, ਤੰਤਰਾਂ ਅਤੇ ਪੁਰਾਣਾਂ ਆਦਿ ਨੂੰ ਅਨੇਕ ਦੋਸ਼ਾਂ ਨਾਲ ਪ੍ਰਦੂਸ਼ਤ ਹੋਏ ਜਾਣਦੇ ਹੋਏ ਮੈਂ ਇਨ੍ਹਾਂ ਗ੍ਰੰਥਾਂ ਨੂੰ ਛਡ ਦਿੱਤਾ ਹੈ ਅਤੇ ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਲਕੁਲ ਮਿਲਾਵਟ ਰਹਿਤ ਜਾਣ ਕੇ ਅਤੇ ਮਨੁੱਖ ਮਾਤਰ ਦਾ ਹਿਤੈਸ਼ੀ ਮੰਨ ਕੇ ਮੈਂ ਇਸ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਗ੍ਰੰਥ ਮੰਨ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਗੁਰੂ ਨਾਨਕ ਜੀ ਦਾ ਸਿੱਖ ਮੰਨਦਾ ਹਾਂ, ਇਸ ਲਈ ਮੈਂ ਗੁਰੂ ਦਾ ਸਿੱਖ ਹਾਂ।"

ਸੋ ਗੁਰੂ ਸੋ ਸਿਖੁ ਹੈ ਭਾਈ
ਜਿਸ ਜੋਤੀ ਜੋਤਿ ਮਿਲਾਇ॥ (ਮ-3, ਪੰਨਾ-602)

ਹੋਰ ਲਿਖਦੇ ਹਨ :. .ਅੰਤ ਵਿਚ ਆਪ ਜੀ ਤੋਂ ਇਹੀ ਆਸ ਕਰਾਂਗਾ ਕਿ ਤੁਸੀਂ ਸਦਾ ਪਵਿੱਤਰ ਤੇ ਪਰਮ ਸ਼ੁਧ ਗੁਰਬਾਣੀ ਦਾ ਨਿਤਨੇਮ ਨਾਲ ਪਾਠ ਕਰਿਆ ਕਰੋ ਤੇ ਇਸ ਤੋਂ ਪ੍ਰੇਰਨਾ ਲੈ ਕੇ ਉਸ ਅਨੁਸਾਰ ਅਮਲ ਸਹਿਤ ਜੀਣਾ ਸਿਖੋ।"

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥ (ਪੰਨਾ-103)

ਕੀ ਇਹ ਆਪਣੇ ਆਪ ਵਿਚ ਕਮਾਲ ਦੀ ਗੱਲ ਨਹੀਂ ਕਿ ਇਸ ਜਾਗਰੂਪ ਦੰਡੀ ਸੰਨਿਆਸੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਦਰਸ਼ਨ ਤੇ ਅਮਲੀ ਜੀਵਨ ਸਿਧਾਂਤਾਂ ਦੀ ਉਚਤਾ ਨੂੰ ਸਰਬ ਸਰੇਸ਼ਠ ਮੰਨਦਿਆਂ ਹੋਇਆਂ ਆਪਣਾ ਧਰਮ ਹੀ ਬਦਲ ਕੇ ਸਿੱਖੀ ਸਰੂਪ ਗ੍ਰਹਿਣ ਕਰ ਲਿਆ ਅਤੇ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਸਿੱਖ ਦੇ ਰੂਪ ਵਿਚ 1980 ਵਿਚ ਅਕਾਲਪੁਰਖ ਦੇ ਚਰਨਾਂ ਵਿਚ ਆਪਣੀ ਹਾਜ਼ਰੀ ਜਾ ਲਵਾਈ।

ਜਲਨਿ ਬੁਝੀ ਸੀਤਲੁ ਹੋਇ ਮਨੂਆ॥ (ਪੰਨਾ-103)

ਬਾਵਾ ਬਿੰਦਾਬਨ

ਦਰਵੇਸ਼ ਫਕੀਰ, ਤਪੱਸਵੀ ਸਾਧੂ ਬਾਵਾ ਬਿੰਦਾਬਨ ਕਹਿੰਦਾ ਹੈ, "ਗੁਰੂ ਨਾਨਕ ਸ਼ਾਹ ਫਕੀਰ, ਹਿੰਦੂ ਕੇ ਗੁਰੂ ਮੁਸਲਮਾਨ ਕੇ ਪੀਰ। ਧੰਨ, ਧੰਨ, ਧੰਨ ਕਿਆ ਬਾਣੀ ਹੈ, ਸ਼ਰਬਤ ਦਾ ਘੁਟ ਹੈ, (ਅੰਮ੍ਰਿਤ ਬਾਣੀ ਅਮਿਉ ਰਸ) ਪੜ੍ਹਦੇ ਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ। ਤਿੰਨਾਂ ਤਾਪਾਂ ਦਾ ਨਾਸ਼ ਕਰਨ ਵਾਲੀ ਹੈ ਇਹ ਬਾਣੀ ਅਤੇ ਇਸ ਵਿਚ ਕਿਸੇ ਦੀ ਨਿੰਦਾ ਨਹੀਂ ਕੇਵਲ ਮਾਲਕ ਵਲ ਅਨੁਰਾਗ, ਸੁਰਤ ਸ਼ਬਦ ਦਾ ਮੇਲ ਅਤੇ ਗਿਆਨ ਹੈ। ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਕਰੋ। ਦੇਖੋ ਕੀ ਅਮੁਲ ਪਦਾਰਥ ਹੈ। ਮਹਾਰਾਜ ਸਤਯ ਹੈ, ਐਸੀ ਹੀ ਪ੍ਰਸੰਸਾ ਸਭ ਪਾਸੇ ਸੁਣੀ ਹੈ ਅਤੇ ਮੈਂ ਵੇਖਿਆ ਹੈ ਕਿ ਦੂਜੇ ਪੰਥਾਂ ਦੇ ਸਾਧੂ, ਬ੍ਰਾਹਮਣ, ਉਪਾਸ਼ਕ, ਗਿਆਨੀ ਸਭ ਗੁਰੂ ਦੀ ਬਾਣੀ ਦਾ ਪਾਠ ਕਰਦੇ ਹਨ।"

(ਬਿਹਾਰ ਬਿੰਦਾਬਨ ਪੰਨਾ 260-61, ਵਰਸ਼ 1915)

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਾਮ॥ (ਮ-5, ਪੰਨਾ-262)

ਸ੍ਰੀ ਠਾਕੁਰ ਦੇਸ ਰਾਜ

"ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਰੂਪੀ ਅੰਮ੍ਰਿਤ ਦੀ ਵਰਖਾ ਉਨ੍ਹਾਂ ਹੀ ਭਾਸ਼ਾਵਾਂ ਵਿਚ ਹੋਈ ਹੈ ਜੋ ਪੰਜਾਬ ਤੇ ਉੱਤਰ ਭਾਰਤ ਦੀ ਬੋਲਚਾਲ ਦੀਆਂ ਭਾਸ਼ਾਵਾਂ ਸਨ। ਇਸ ਕਾਰਨ ਹਿੰਦੂ ਜਾਤੀ ਵਿਧਰਮੀ ਹੋਣ ਤੋਂ ਬਚ ਗਈ। ਗੁਰੂ ਗ੍ਰੰਥ ਸਾਹਿਬ ਤੋਂ ਇੱਕ ਅਦਨੇ (ਛੋਟੇ) ਤੋਂ ਲੈ ਕੇ ਬਰਾਹਮਣ ਤਕ ਸਭਨਾਂ ਨੇ ਆਤਮਿਕ ਸ਼ਾਂਤੀ ਪ੍ਰਾਪਤ ਕੀਤੀ ਹੈ। ਇਹੀ ਨਹੀਂ ਹਜ਼ਾਰਾਂ ਮੁਸਲਮਾਨਾਂ ਨੇ ਵੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣ ਕੇ ਤੇ ਉਸ ਨੂੰ ਗ੍ਰਹਿਣ ਕਰਕੇ ਲਾਭ ਉਠਾਇਆ। ਉੱਤਰ ਭਾਰਤ ਦੇ ਪਤਨ ਵਲ ਵਧ ਰਹੇ

ਸਮਾਜ ਲਈ ਗੁਰੂ ਗ੍ਰੰਥ ਸਾਹਿਬ ਸਾਖਿਆਤ ਸੰਜੀਵਨੀ ਬੂਟੀ ਸਾਬਤ ਹੋਏ। . . ਗੁਰੂ ਗ੍ਰੰਥ ਸਾਹਿਬ ਦੁਆਰਾ ਭਾਰਤ ਦਾ ਇਕ ਧਰਮ, ਇਕ ਜਾਤੀ ਤੇ ਇਕ ਮਨ ਕਰ ਦੇਣ ਦਾ ਇਕ ਮਹਾਨ ਕਦਮ ਉਠਾਇਆ ਗਿਆ ਸੀ।''

(ਸਿੱਖ ਇਤਿਹਾਸ ਪੰਨਾ 590-91 ਵਰਸ਼ 1954)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

(ਮ-4, ਪੰਨ-982)

ਸ੍ਰੀ ਬੀ. ਐਸ. ਮੂਰਥੀ

ਕੁਝ ਚਿਰ ਹੋਇਆ ਸ੍ਰੀ ਬੀ. ਐਸ. ਮੂਰਥੀ ਜੋ ਕਿ ਇੰਦਰਾ ਗਾਂਧੀ ਸਰਕਾਰ ਵਿਚ ਸਿਹਤ ਰਾਜ ਮੰਤਰੀ ਸੀ ਨੇ ਇਕ ਪੁਸਤਕ 'ਅਪਰੈੱਸਡ ਐਂਡ ਡੀਪਰੈੱਸਡ' ਲਿਖੀ ਜਿਸ ਵਿਚ ਉਨ੍ਹਾਂ ਨੇ ਦਲਿਤ ਤੇ ਹਰੀਜਨ ਵਰਗ ਦੀਆਂ ਸਮਸਿਆਵਾਂ ਦਾ ਭਰਵਾਂ ਜ਼ਿਕਰ ਕੀਤਾ ਅਤੇ ਆਖਿਰ ਸਮਾਜ ਵਿਚ ਪਛੜੇ ਵੀਰਾਂ ਨੂੰ ਇਹ ਸੁਝਾਅ ਦਿੱਤਾ ਕਿ ਜੇਕਰ ਉਨ੍ਹਾਂ ਨੇ ਮਾਣ, ਇਜ਼ਤ ਤੇ ਸੰਤੁਲਤ ਭਾਈਚਾਰੇ ਵਾਲਾ ਜੀਵਨ ਜੀਣਾ ਹੈ ਤਾਂ ਉਹ ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਜਾਣ। ਇਸ ਤਰ੍ਹਾਂ ਉਹ ਸਦੀਆਂ ਤੋਂ ਚਲੀ ਆ ਰਹੀ ਉਚ ਨੀਚ ਦੀ ਬੀਮਾਰੀ ਤੋਂ ਬਚ ਜਾਣਗੇ।''

ਗੁਰੂ ਘਰ ਜਨਮ ਤੁਮਾਹਰੇ ਹੋਏ, ਜਾਤ ਵਰਣ ਸਭ ਖੋਏ॥

ਸ੍ਰੀ ਮੂਰਥੀ ਦੀ ਉਕਤ ਪੁਸਤਕ ਦੇ ਪੰਨਾ 203-204 ਦੀ ਸੰਖੇਪ ਟੂਕ ਪਾਠਕਾਂ ਦੀ ਨਜ਼ਰ ਹਾਜ਼ਰ ਹੈ। ''ਭਾਰਤ ਵਿਚ ਕਿਸੇ ਵੀ ਹੋਰ ਜ਼ਾਤ ਨਾਲੋਂ ਹਰੀਜਨਾਂ ਵਿਚ ਜਾਗ੍ਰਤੀ ਲਿਆਉਣ ਦੀ ਵਧੇਰੇ ਅਵਸ਼ਕਤਾ ਹੈ । ਕੇਵਲ ਸੁਧਾਰ ਨਾਲ ਉਨ੍ਹਾਂ ਦੀ ਬੇਹਤਰੀ ਨਹੀਂ ਹੋ ਸਕਦੀ। ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਹੀ ਉਨ੍ਹਾਂ ਨੂੰ ਉਠਾਉਣਾ ਪਵੇਗਾ। ਹਰੀਜਨ ਹੀ ਉਹ ਚਿੜੀਆਂ ਹਨ ਜਿਨ੍ਹਾਂ ਦਾ ਸ਼ਿਕਾਰ ਕਈ ਪੁਸ਼ਤਾਂ ਤੋਂ ਧਾਰਮਿਕ ਹੱਠ-ਧਰਮੀ, ਉਚ ਜਾਤੀ ਤੇ ਰਾਜਨੀਤਕ ਸਰਦਾਰੀ ਵਾਲਾ ਬਾਜ਼ ਕਰਦਾ ਆ ਰਿਹਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਚਿਤਵਿਆ ਸੀ, ਇਨ੍ਹਾਂ ਚਿੜੀਆਂ ਨੂੰ ਹੀ ਜਾਤਾਂ ਦੇ ਅਭਿਮਾਨ ਵਾਲੇ ਬਾਜ਼ਾਂ ਨਾਲ ਜੂਝਣਾ ਸਿਖਾਉਣਾ ਪਵੇਗਾ। ਜੇ ਹਰੀਜਨਾਂ ਵਿਚ ਰੰਚਕ ਮਾਤਰ ਵੀ ਸਵੈਮਾਨ ਦੀ ਭਾਵਨਾ ਰਹਿ ਗਈ ਹੈ, ਜੇ ਉਨ੍ਹਾਂ ਦੇ ਨੌਜਵਾਨ ਇਜ਼ਤ ਭਰਿਆ ਮੰਤਵਪੂਰਣ ਜੀਵਨ ਜੀਊਣ ਦੇ ਚਾਹਵਾਨ ਹਨ ਅਤੇ ਜੇ ਉਨ੍ਹਾਂ ਦੀਆਂ ਇਸਤਰੀਆਂ ਨੂੰ ਘੁਮੰਡੀ ਜ਼ਾਤ-ਅਭਿਮਾਨੀਆਂ ਵਲੋਂ ਕੀਤੀ ਜਾਂਦੀ ਬੇ-ਪਤੀ ਤੇ ਵਧੀਕੀ ਦੇ ਖਤਰੇ ਤੋਂ ਮੁਕਤ ਕਰਨਾ ਹੈ ਤਾਂ ਅਜਿਹਾ ਕਰਨ ਲਈ ਮਨ ਬਣਾਉਣਾ ਹਰੀਜਨਾਂ ਲਈ ਕੋਈ ਔਖੀ ਗੱਲ ਨਹੀਂ ਹੋਵੇਗੀ। ਇਹ ਕਿਹਾ ਗਿਆ ਹੈ ਕਿ ਖਾਲਸਾ ਪੰਥ ਨੂੰ ਆਪਣੇ ਤੇਜ ਪ੍ਰਤਾਪ ਤੇ ਸਿਖਰ ਤਕ ਪਹੁੰਚਾਉਣ ਵਾਲੀ ਤਲਵਾਰ ਲਈ ਫੌਲਾਦ ਗੁਰੂ ਨਾਨਕ ਸਾਹਿਬ ਵਲੋਂ ਹੀ ਦਿੱਤਾ ਗਿਆ ਸੀ। ਗੁਰੂ ਨਾਨਕ ਸਾਹਿਬ ਨੇ ਇਸੀ ਹਿੰਦੂ ਜਾਤੀ ਰੂਪੀ ਕੱਚੀ ਧਾਤ ਨੂੰ ਗਾਲ ਕੇ ਉਸ ਵਿਚੋਂ ਮਾਲਕਾਂ ਵਾਲੀ ਅਣਗਹਿਲੀ ਤੇ ਭਰਮ ਅਤੇ ਪੁਜਾਰੀਆਂ ਦੇ ਪਾਖੰਡ ਤੇ ਮਕਰ ਦੇ ਮਨੂਰ ਨੂੰ ਸਾੜ ਕੇ ਫੌਲਾਦ ਪ੍ਰਾਪਤ ਕੀਤਾ ਸੀ। ਹਰੀਜਨਾਂ ਰੂਪੀ ਇਸ ਕਚੀ ਧਾਤ ਦੇ ਵੱਡ-ਮੁਲੇ ਜ਼ਖੀਰੇ ਦੀ ਛੇਤੀ ਤੋਂ ਛੇਤੀ ਉਪਯੋਗੀ ਵਰਤੋਂ ਕਰਨ ਦੀ ਲੋੜ ਹੈ। ਹਰੀਜਨ ਵਿਚਲੀ ਨਿਰਾਸਤਾ ਤੇ ਭਾਂਜਵਾਦ ਦੇ ਕੋਥਰ ਨੂੰ ਕੱਢ ਕੇ ਭਾਰਤ ਵਿਚ ਸਥਿਤ ਮਨੁੱਖੀ ਫੌਲਾਦ

ਦੀ ਨਵੀਂ ਕਿਸਮ ਨੂੰ ਤਿਆਰ ਕਰਨ ਦੀ ਵੱਡੀ ਭਾਰੀ ਅਵਸ਼ਕਤਾ ਹੈ।

ਹਰੀਜਨਾਂ ਨੂੰ ਆਪਣੀ ਮੌਜੂਦਾ ਸਥਿਤੀ ਵਿਚ ਰਹਿਣ ਦੇਣਾ, ਮਨੁੱਖ ਜਾਤੀ ਦਾ ਵੱਡੀ ਮਾਤਰਾ ਵਿਚ ਐਵੇਂ ਬੇ-ਮਹਿਨੇ ਹੀ ਨੁਕਸਾਨ ਕਰ ਦੇਣ ਦੇ ਸਮਾਨ ਹੋਵੇਗਾ। ਜੇਕਰ ਹਰੀਜਨਾਂ ਨੂੰ ਯੋਗ ਰੂਪ ਵਿਚ ਜਥੇਬੰਦ ਕਰਕੇ ਸਿੱਖੀ ਦੇ ਕਲਾਧਾਰੀ ਰੂਪ ਵਿਚ ਪਰੋ ਲਿਆ ਜਾਵੇ ਤਾਂ ਨਿਸ਼ਚੇ ਹੀ ਇਹ ਲੋਕੀ ਭਾਰਤ ਨੂੰ ਚੰਗੀ ਤਰ੍ਹਾਂ ਤਰੱਕੀ ਦੇ ਰਾਹ 'ਤੇ ਤੋਰ ਕੇ ਦੁਨੀਆਂ ਵਿਚ ਉਨਤ ਦੇਸ਼ਾਂ ਦੇ ਤੁਲ ਲੈ ਜਾ ਸਕਦੇ ਹਨ। ਇਹ ਕੇਵਲ ਇਕ ਕਲਪਨਾ-ਮਈ ਚਿਤਰ ਦੀ ਉਸਾਰੀ ਨਹੀਂ, ਸਗੋਂ ਇਸ ਸੰਬੰਧੀ ਪ੍ਰਮਾਣ ਵੀ ਪੇਸ਼ ਹੈ।"

"ਭਾਰਤੀ ਵਿਹਾਰ ਅਨੁਸਾਰ ਨੀਵੇਂ ਤੋਂ ਨੀਵੇਂ ਮਨੁੱਖ ਭਾਵ ਇਕ ਸਫਾਈ ਮਜ਼ਦੂਰ ਜਾਂ ਚਮੜਾ ਕਮਾਣ ਵਾਲੇ ਨੂੰ ਕੇਵਲ ਘਰ ਬਾਹਰ ਤਿਆਗ ਕੇ ਇਕ ਵਾਰੀ ਗੁਰੂ ਵਲੋਂ ਬਖਸ਼ਿਸ਼ ਸਰੂਪ ਬਾਬਾ ਬੰਦਾ ਸਿਘ ਬਹਾਦਰ ਨਾਲ ਚਲਣ ਦੀ ਹੀ ਢਿੱਲ ਹੁੰਦੀ ਸੀ ਕਿ ਥੋੜੇ ਹੀ ਸਮੇਂ ਬਾਅਦ ਉਹ ਆਪਣੀ ਜਨਮ ਭੂਮੀ ਤੇ ਇੱਕ ਸਰਬ ਸਮਰੱਥ ਹੁਕਮਰਾਨ ਦੇ ਰੂਪ ਵਿਚ ਹੀ ਮੁੜਦਾ ਸੀ। ਜਦੋਂ ਹੀ ਉਹ ਇਲਾਕੇ ਦੀ ਜੂਹ ਵਿਚ ਪੈਰ ਰਖਦਾ,ਉਚੀਆਂ ਜਾਤੀਆਂ ਦੇ ਧਨਾਢ ਉਸ ਦੇ ਹੁਕਮਾਂ ਦੀ ਉਡੀਕ ਵਿਚ ਰਹਿੰਦੇ " (ਇਤਿਹਾਸਕਾਰ ਇਰਵਨ)

"ਭਾਵੇਂ ਇੰਜ ਤਾਂ ਅੱਜ-ਕਲ ਨਹੀਂ ਹੋ ਸਕਦਾ ਤੇ ਨਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਅਸੀਂ ਅਜ਼ਾਦ ਲੋਕਤੰਤਰ ਦੇ ਵਸਨੀਕ ਹਾਂ ਪਰ ਇਹ ਜ਼ਰੂਰੀ ਹੈ ਕਿ ਇਕ ਹਰੀਜਨ ਨੂੰ ਸਿੱਖ ਬਣ ਕੇ ਆਪਣੇ ਪਿੰਡ ਵੜਨ ਲਗਿਆਂ ਚਪਲਾਂ ਤੇ ਪਗੜੀ ਨਹੀਂ ਲਾਹੁਣੀ ਪਵੇਗੀ ਜਾਂ ਜਿਵੇਂ ਕਈ ਥਾਵਾਂ ਤੇ ਹੁੰਦਾ ਹੈ, ਉਸ ਨੂੰ ਆਪਣੀ ਕਮੀਜ਼ ਤੇ ਧੋਤੀ ਲਾਹ ਕੇ ਲੰਗੋਟੀ ਨਹੀਂ ਬੰਨ੍ਹਣੀ ਪਵੇਗੀ ਤੇ ਨਾ ਹੀ ਉਸ ਨੂੰ ਆਪਣੇ ਪਿੰਡ ਦੇ ਮੁੱਖੀਆ ਦੇ ਸਾਹਮਣੇ ਸਾਹਿਬ ਸਲਾਮ ਕਰਨ ਲਈ ਤਲਬ ਕੀਤਾ ਜਾ ਸਕੇਗਾ ਤੇ ਸਿੱਖ ਬਣ ਕੇ ਇਕ ਹਰੀਜਨ ਸਵੈਮਾਨ ਵਿਚ ਸਿਰ ਉਚਾ ਕਰਕੇ ਆਪਣੀ ਹੁਲਾਰੇ-ਮਈ ਚਾਲ ਵਿਚ ਤੁਰੇਗਾ।"

ਮੂਰਖੀ ਦੇ ਵਿਚਾਰਾਂ ਅਨੁਸਾਰ ਭਾਰਤ ਦੇ ਅਕਾਸ਼ ਮੰਡਲ ਵਿਚ ਪੰਚਸ਼ੀਲ ਦੇ ਸਫੇਦ ਕਬੂਤਰ ਨਿਸ਼ਚਿੰਤ ਭਾਵਨਾ ਨਾਲ ਤਾਂ ਹੀ ਉਡ ਸਕਦੇ ਹਨ ਜੇਕਰ ਉਨ੍ਹਾਂ ਦੀ ਰਾਖੀ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਫੇਦ ਬਾਜ਼ ਵੀ ਗਗਨ ਮੰਡਲ ਵਿਚ ਪਰਵਾਜ਼ਾਂ ਭਰਨ। ਇਸ ਦੇ ਕਥਨਾਂ ਅਨੁਸਾਰ ਨਿਰੀ ਪੁਰੀ ਨਿਮਾਣੀ ਸ਼ਾਂਤੀ ਦੇ ਕੋਈ ਅਰਥ ਨਹੀਂ, ਕੋਈ ਵੁਕਤ ਨਹੀਂ ਤੇ ਸ਼ਕਤੀ ਭਰੀ ਸ਼ਾਂਤੀ ਹੀ ਸਾਰਥਕ ਹੋ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਸ਼ਕਤੀਸ਼ਾਲੀ ਸ਼ਾਂਤੀ ਅਤੇ ਸੰਤ-ਸਿਪਾਹੀ ਦੇ ਸਰੂਪ ਤੇ ਅਧਾਰਤ ਹੈ, ਇਸ ਲਈ ਇਹ ਜੀਵਨ-ਜਾਚ ਪੂਰਨ ਕਾਮਲ ਹੈ ਤੇ ਕਾਰਗਰ ਵੀ।

ਗੁਰ ਪਰਸਾਦੀ ਪਰਮ ਪਦੁ ਪਾਏ। (ਪੰਨਾ-123)

ਡਾਕਟਰ ਰਾਧਾ ਕ੍ਰਿਸ਼ਨਨ

ਗ਼ੈਰ-ਸਿੱਖਾਂ ਵਲੋਂ ਪ੍ਰਗਟਾਏ ਅਜਿਹੇ ਭਾਵਪੂਰਵਕ ਸ਼ਬਦਾਂ ਵਲ ਧਿਆਨ ਦੇਣ ਤੇ ਇਸ ਗੱਲ ਦਾ ਅਹਿਸਾਸ ਹੋ ਜਾਣਾ ਚਾਹੀਦਾ ਹੈ ਕਿ ਸਿੱਖੀ ਇਕ ਅਜਿਹਾ ਧਰਮ ਹੈ ਜਿਹੜਾ ਸਾਰੀ ਮਨੁੱਖਤਾ ਲਈ ਹੈ। ਸਿੱਖ ਦੀ ਅਰਦਾਸ ਵਿਚ ਸਰਬੱਤ ਦੇ

ਭਲੇ ਦੀ ਗੱਲ ਹੁੰਦੀ ਹੈ। ਉਸ ਵਿਚ ਫਿਰਕਾਪ੍ਰਸਤੀ ਦੀ ਭਾਵਨਾ ਬਿਲਕੁਲ ਨਹੀਂ ਹੁੰਦੀ। ਉਹ ਅਕਾਲਪੁਰਖ ਦੀ ਬਖਸ਼ਿਸ਼ ਦਾ ਚਾਹਵਾਨ ਹੈ। ਸੇਵਾ ਤੇ ਸਿਮਰਨ ਉਸ ਦੇ ਜੀਵਨ ਦਾ ਲਕਸ਼ ਹਨ। ਦੁਨੀਆਂ ਵਿਚ ਵਿਚਰਦਿਆਂ ਹੋਇਆਂ ਨੇਕੀ ਦੀ ਕਾਰ ਕਰਨਾ ਉਸ ਦਾ ਮਨੋਰਥ ਹੈ ਅਤੇ ਉਸ ਨੂੰ ਸਮੇਂ ਸਮੇਂ ਅਤੇ ਹਰ ਸਮੇਂ ਅਗਵਾਈ ਦੇਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਾਇਮ ਹੈ ਜਿਸ ਬਾਰੇ ਭਾਰਤ ਦੇ ਨਾਮਵਰ ਦਾਰਸ਼ਨਿਕ ਸਾਬਕਾ ਰਾਸ਼ਟਰਪਤੀ ਸਵਰਗੀ ਡਾ. ਰਾਧਾ ਕ੍ਰਿਸ਼ਨਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਖੈਰਾਜਿ-ਅਕੀਦਤ ਵਜੋਂ ਇਹ ਸ਼ਬਦ ਕਹੈ ਕਿ **"ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਅਵਤਾਰਾਂ ਅਤੇ ਮਹਾਨ ਆਤਮਾਵਾਂ ਦੀ ਜੀਉਂਦੀ ਜਾਗਦੀ ਅਵਾਜ਼ ਹੈ।"** ਡਾਕਟਰ ਸਾਹਿਬ ਹੋਰ ਲਿਖਦੇ ਹਨ: ਗੁਰੂ ਗ੍ਰੰਥ ਸਾਹਿਬ ਵਿਚ ਬਹੁ-ਪ੍ਰਕਾਰੀ ਆਤਮਿਕ ਹੁਲਾਰੇ ਮਿਲਦੇ ਹਨ, ਪ੍ਰਮਾਤਮਾ ਦੀ ਪ੍ਰਾਪਤੀ ਦੇ ਬੜੇ ਨੇੜਤਾ ਪ੍ਰਾਪਤ ਪ੍ਰਭਾਵ ਮਿਲਦੇ ਹਨ ਅਤੇ ਨਾਲ ਹੀ ਰੱਬੀ ਪਿਆਰ ਨਾਲ ਭਰੀ ਪਈ ਬਾਣੀ ਉਪਲੱਬਧ ਹੁੰਦੀ ਹੈ।

ਪ੍ਰੋਫੈਸਰ ਆਰਨਲਡ ਤਿਆਨਬੀ

ਉਘਾ ਲੇਖਕ ਤੇ ਇਤਿਹਾਸਕਾਰ ਤਿਆਨਬੀ ਕਹਿੰਦਾ ਹੈ, "ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦੇ ਸਾਂਝੇ ਆਤਮਿਕ ਖਜ਼ਾਨਾ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਜਿਤਨਾ ਵਧ ਤੋਂ ਵਧ ਲੋਕਾਂ ਦੇ ਸਿਧੇ ਸੰਪਰਕ ਵਿੱਚ ਲਿਆਇਆ ਜਾ ਸਕੇ, ਲਿਆਇਆ ਜਾਵੇ। (ਹਵਾਲਾ From Sacred Writings of the Sikhs, A UNESCO Publication)

ਪੰਡਿਤ ਡੰਡੀ ਸਨਿਆਸੀ, ਸ੍ਰੀ ਕ੍ਰਿਸ਼ਨਾ ਮੂਰਥੀ, ਡਾ. ਰਾਧਾ ਕ੍ਰਿਸ਼ਨਨ, ਤਿਆਨਬੀ ਆਦਿ ਦੇ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਸਮਾਜ ਬਾਰੇ ਉਤਸ਼ਾਹੀ ਸ਼ਬਦ ਸੱਚਮੁਚ ਇਨ੍ਹਾਂ ਆਤਮਾਵਾਂ ਦੇ ਹਿਰਦਿਆਂ ਦੀਆਂ ਕੂਕਾਂ ਹਨ ਜੋ ਸਾਰੀ ਦੁਨੀਆ ਨੂੰ ਸੁਣਨੀਆਂ ਚਾਹੀਦੀਆਂ ਹਨ। ਜੇ ਕਰ ਹਾਲੇਂ ਤਕ ਇਹ ਨਹੀਂ ਸੁਣੀਆਂ ਗਈਆਂ ਤਾਂ ਇਸ ਦੇ ਸਭ ਤੋਂ ਵਧ ਕਸੂਰਵਾਰ ਉਹ ਸਿੱਖ ਹਨ ਜੋ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਸਿੱਖਾਂ ਦਾ ਹੀ ਗੁਰੂ ਸਮਝ ਕੇ ਸੰਤੁਸ਼ਟ ਹੋਏ ਬੈਠੇ ਰਹੇ ਹਨ। ਕਬੀਰ ਜੀ ਦੇ 541 ਸ਼ਬਦ ਸ਼ੁੱਧ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਕੀ ਅਸੀਂ ਯਤਨ ਕੀਤੇ ਹਨ ਕਿ ਘਟੋ ਘਟ ਕਬੀਰ ਪੰਥੀਆਂ ਨੂੰ ਤਾਂ ਇਹ ਕਹਿ ਕੇ ਆਪਣੇ ਨਾਲ ਰਲਾ ਸਕੀਏ ਕਿ ਅਸੀਂ ਵੀ ਕਬੀਰ ਸਾਹਿਬ ਦਾ ਉਤਨਾ ਹੀ ਸਤਿਕਾਰ ਕਰਦੇ ਹਾਂ ਜਿਤਨਾ ਕਿ ਉਹ ਕਰਦੇ ਹਨ। ਸੂਫੀ ਫਕੀਰ ਬਾਬਾ ਫਰੀਦ ਸ਼ਕਰ ਗੰਜ ਦੀ ਮਧੁਰ ਬਾਣੀ ਕਾਫ਼ੀ ਮਾਤਰਾ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ। ਜੋ ਸੂਫੀ ਮੁਸਲਮਾਨ ਵੀਰ ਅੱਜ ਵੀ ਹਜ਼ਰਤ ਬਾਬਾ ਫਰੀਦ ਤੇ ਚਿਸ਼ਤੀ ਅਕੀਦੇ ਦੇ ਧਾਰਨੀ ਹਨ ਕੀ ਉਨ੍ਹਾਂ ਨੂੰ ਅਸੀਂ ਦਸ ਸਕੇ ਹਾਂ ਕਿ ਅਸੀਂ ਫ਼ਰੀਦ ਜੀ ਦਾ ਸ਼ਾਇਦ ਉਨ੍ਹਾਂ ਨਾਲੋਂ ਵੀ ਵੱਧ ਇਹਤਰਾਮ (ਸਤਿਕਾਰ) ਕਰਦੇ ਹਾਂ। ਜੇਕਰ ਉਨ੍ਹਾਂ ਨੂੰ ਇਤਨਾ ਹੀ ਪਤਾ ਲਗ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਦੇ ਅਨੁਯਾਈ ਲੋਕ, ਮੁਸਲਮਾਨ ਸੂਫੀ ਦਰਵੇਸ਼ਾਂ ਦਾ ਅਕਹਿ ਸਤਿਕਾਰ ਕਰਦੇ ਹਨ ਤਾਂ ਉਨ੍ਹਾਂ ਦਾ ਸਾਡੇ ਪ੍ਰਤੀ ਦ੍ਰਿਸ਼ਟੀਕੋਨ ਹੀ ਬਦਲ ਜਾਵੇ। ਇਹੀ ਹਾਲ

ਰਵਿਦਾਸ ਪ੍ਰਮੀਆਂ ਦਾ ਹੈ, ਭੱਟ ਭਗਤਾਂ ਤੇ ਭੂਮ ਵੀਰਾਂ ਦੇ ਉਪਾਸ਼ਕਾਂ ਦਾ ਹੈ ਜਿਨ੍ਹਾਂ ਦੀ ਬਾਣੀ ਨੂੰ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਕਾਰਨ ਗੁਰੂ ਰੂਪ ਸਮਝਦੇ ਹਾਂ ਪਰ ਇਸ ਬਾਰੇ ਦੱਸਦੇ ਕਿਸੇ ਨੂੰ ਨਹੀਂ।

ਜੇ ਇਹ ਦੱਸਣ ਦਾ ਸਿਲਸਿਲਾ ਹੁਣ ਵੀ ਸ਼ੁਰੂ ਕਰ ਦਿੱਤਾ ਜਾਵੇ ਤਾਂ ਭਾਰਤ ਭਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸੱਚੇ ਅਦਬ ਸਤਿਕਾਰ ਤੇ ਉਪਾਸ਼ਨਾ ਦਾ ਬੜਾ ਵਿਸ਼ਾਲ ਵਾਤਾਵਰਨ ਪੈਦਾ ਹੋ ਸਕਦਾ ਹੈ ਤੇ ਮਾਨਵ ਸਮਾਜ ਵਿਚ ਅਧਿਆਤਮਿਕ ਇਨਕਲਾਬ ਆ ਸਕਦਾ ਹੈ। ਨਫ਼ਰਤ ਤੇ ਕਦੂਰਤ ਖਤਮ ਹੋ ਸਕਦੀ ਹੈ। ਇਹ ਪਵਿੱਤਰ ਕਾਰਜ ਅੱਜ ਦੇ ਜ਼ਮਾਨੇ ਵਿਚ ਬਹੁਤਾ ਮੁਸ਼ਕਲ ਵੀ ਨਹੀਂ ਰਿਹਾ ਕਿਉਂਕਿ ਸਾਇੰਸ ਦੀਆਂ ਬਹੁ-ਪਰਕਾਰੀ ਉਪਯੋਗੀ ਕਾਢਾਂ ਸਦਕਾ ਸਾਰਾ ਵਿਸ਼ਵ ਹੀ ਇਕ ਛੋਟਾ ਜਿਹਾ ਪਿੰਡ ਬਣ ਕੇ ਰਹਿ ਗਿਆ ਹੈ ਜਿਸ ਵਿਚ ਇਕ ਦੂਜੇ ਨਾਲ ਸੰਪਰਕ ਸਥਾਪਤ ਕਰਨਾ ਇਕ ਬੜੀ ਸਾਧਾਰਨ ਤੇ ਸੌਖੀ ਗੱਲ ਬਣ ਗਈ ਹੈ।

ਲੇਖਕ ਨੇ ਇਸ ਸਿਲਸਿਲੇ ਵਿਚ ਅਕਾਲਪੁਰਖ ਦੀ ਮਿਹਰ ਅਤੇ ਸੰਗਤਾਂ ਦੇ ਆਰਥਿਕ ਸਹਿਯੋਗ ਅਤੇ ਹਰ ਪ੍ਰਕਾਰ ਦੇ ਸਮਰਥਣ ਸਦਕਾ ਇਕ ਨਮਾਣਾ ਜਿਹਾ ਪ੍ਰੋਗਰਾਮ ਅੱਜ ਤੋਂ 8 ਸਾਲ ਪਹਿਲੇ ਆਰੰਭਿਆ ਸੀ ਜਿਸ ਦਾ ਨਾਂ **ਅਲੱਗ -ਸ਼ਬਦ-ਯੱਗ** ਰੱਖਿਆ ਗਿਆ ਹੈ ਜਿਸਨੂੰ ਹੁਣ **ਅਲੱਗ ਸ਼ਬਦ ਯੱਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.) ਲੁਧਿਆਣਾ** ਵਿੱਚ ਬਦਲ ਦਿੱਤਾ ਗਿਆ ਹੈ। ਇਸ ਪਿੱਛੇ ਧਾਰਨਾ ਇਹ ਹੈ ਕਿ ਜਿਵੇਂ ਖਾਣੇ ਦਾ ਲੰਗਰ ਹਰ ਗੁਰਦੁਆਰਾ ਸਾਹਿਬ ਵਿਚ ਹਰ ਪ੍ਰਕਾਰ ਦੇ ਪ੍ਰਾਣੀ ਲਈ ਉਪਲੱਬਧ ਹੈ ਅਤੇ ਉਹ ਬਿਲਕੁਲ ਮੁਫਤ ਛਕਾਇਆ ਜਾਂਦਾ ਹੈ ਅਤੇ ਉਹ ਲੰਗਰ ਮਨੁੱਖ ਦੇ ਸਰੀਰ ਨਾਲ ਸਬੰਧਤ ਹੈ ਇਸੇ ਤਰ੍ਹਾਂ ਸ਼ਬਦ ਦਾ ਲੰਗਰ ਵੀ ਹਰ ਇਕ ਲਈ ਮੁਫਤ ਹੋਣਾ ਚਾਹੀਦਾ ਹੈ ਜੋ ਉਸ ਦੀ ਆਤਮਾ ਨਾਲ ਸਬੰਧਤ ਹੈ। ਇਸ ਵਿਚਾਰ ਨੂੰ ਅਮਲੀ ਜਾਮਾ ਪਵਾਣ ਲਈ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਤੇ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖੀਆਂ ਆਪਣੀਆਂ 30 ਪੁਸਤਕਾਂ ਨੂੰ ਛਾਪ ਕੇ ਉਸੇ ਤਰ੍ਹਾਂ ਮੁਫਤ ਵੰਡਣ ਦਾ ਸਿਲਸਿਲਾ ਜਾਰੀ ਕੀਤਾ ਗਿਆ ਹੈ ਜਿਵੇਂ ਈਸਾਈ ਵੀਰ ਆਪਣੇ ਧਰਮ ਦੀ ਸਾਖ ਵਧਾਉਣ ਖਾਤਰ ਸਾਰੀ ਦੁਨੀਆ ਵਿਚ ਆਪਣਾ ਸਾਹਿਤ 100 ਸਾਲ ਤੋਂ ਵੱਧ ਸਮੇਂ ਤੋਂ ਛਾਪ ਕੇ ਵੰਡਦੇ ਚਲੇ ਆ ਰਹੇ ਹਨ। ਇਥੇ ਇਹ ਲਿਖਣ ਵਿਚ ਅਤਿਅੰਤ ਪ੍ਰਸੰਨਤਾ ਅਨੁਭਵ ਹੋ ਰਹੀ ਹੈ ਕਿ ਸਿੱਖ ਸੰਗਤਾਂ ਨੇ ਵਿਸ਼ੇਸ਼ ਕਰਕੇ ਅਤੇ ਆਮ ਪਾਠਕਾਂ ਨੇ ਆਮ ਕਰ ਕੇ ਗੁਰਮਤਿ ਸਾਹਿਤ ਮੁਫਤ ਵੰਡਣ ਦੇ ਇਸ ਪ੍ਰੋਗਰਾਮ ਨੂੰ ਬਹੁਤ ਸਲਾਹਿਆ ਹੈ ਅਤੇ ਆਪਣਾ ਯੋਗ ਆਰਥਿਕ ਤੇ ਇਖਲਾਕੀ ਸਮਰਥਣ ਬਖਸ਼ ਕੇ ਇਸ ਪ੍ਰੋਗਰਾਮ ਨੂੰ ਵਿਸ਼ਵ ਭਰ ਵਿਚ ਬਹੁਤ ਹੀ ਹਰਮਨ ਪਿਆਰਾ ਬਣਾ ਦਿੱਤਾ ਹੈ। ਇਸ ਪ੍ਰੋਗਰਾਮ ਤਹਿਤ ਵੰਡੇ ਜਾ ਰਹੇ ਗੁਰਮਤਿ ਸਾਹਿਤ ਨੇ ਦੇਸ਼ ਬਦੇਸ਼ਾਂ ਵਿਚ ਹਜ਼ਾਰਾਂ ਲੱਖਾਂ ਪਾਠਕਾਂ ਦੇ ਮਨਾਂ ਉੱਤੇ ਗੁਰਸਿੱਖੀ ਦੀ ਅਮਿਟ ਛਾਪ ਛੱਡੀ ਹੈ। ਪੂਰੇ ਯਤਨ ਕੀਤੇ ਗਏ ਸਨ ਕਿ ਸੰਗਤਾਂ ਦੇ ਸਹਿਯੋਗ ਨਾਲ ਇਸ ਨਿਸ਼ਕਾਮ ਰੂਪ ਵਿਚ ਕੀਤੇ ਜਾ ਰਹੇ ਸੇਵਾ ਕਾਰਜ ਨੂੰ ਖਾਲਸੇ ਦੇ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸੁਭਾਗੇ ਅਵਸਰ ਨਾਲ ਜੋੜਦਿਆਂ ਹੋਇਆਂ ਅਤੇ ਯਾਦਗਾਰੀ ਬਣਾਉਂਦੇ ਹੋਏ ਵਿਸ਼ਵ ਦੇ ਵੱਧ

ਤੋਂ ਵੱਧ ਮਨੁੱਖਾਂ ਨੂੰ ਸਿੱਖ ਧਰਮ ਦੇ ਲਾਜ਼ਮੀ ਗੁਣਾਂ ਤੋਂ ਪਰੀਚਤ ਕਰਵਾਣ ਲਈ ਉਨ੍ਹਾਂ ਨੂੰ ਗੁਰਮਤਿ ਸਾਹਿਤ ਉਨ੍ਹਾਂ ਦੀ ਹੀ ਭਾਸ਼ਾ ਵਿਚ ਮੁਫਤ ਵੰਡਿਆ ਜਾਵੇ। ਇਸ ਲਈ ਹਰ ਗੁਰਸਿੱਖ ਨੂੰ ਇਸ ਪ੍ਰੋਗਰਾਮ ਨੂੰ ਆਪਣਾ ਹੀ ਪ੍ਰੋਗਰਾਮ ਸਮਝਦੇ ਹੋਏ ਇਸਨੂੰ ਹੋਰ ਅੱਗੇ ਤੋਰਨ ਵਿਚ ਆਪਣੀ ਯੋਗ ਭੂਮਿਕਾ ਨਿਭਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਠੋਸ ਪ੍ਰਚਾਰ ਦੁਆਰਾ ਅਸੀਂ ਸਰਬੱਤ ਦਾ ਭਲਾ ਮੰਗਣ ਵਾਲੇ ਸਿੱਖ ਧਰਮ ਦੇ ਉਚੇ ਸੁਚੇ ਅਦਰਸ਼ਾਂ ਨੂੰ ਦੁਨੀਆਂ ਦੇ ਕੋਨੇ ਕੋਨੇ ਤਕ ਪਹੁੰਚਾ ਸਕੀਏ। ਵਕਤ ਸਾਥੋਂ ਅਜਿਹੀ ਸੇਵਾ ਦੀ ਮੰਗ ਕਰਦਾ ਹੈ ਕਿਉਂਕਿ ਅਸੀਂ ਇਹ ਜ਼ਰੂਰੀ ਪ੍ਰਚਾਰ ਨਾ ਕਰ ਕੇ ਬਹੁਤ ਸਾਰਾ ਸਮਾਂ ਗੱਵਾ ਕੇ ਬਹੁਤ ਪਿੱਛੇ ਰਹਿ ਗਏ ਹਾਂ ਅਤੇ ਵਿਸ਼ਵ ਭਾਈਚਾਰੇ ਵਿੱਚ ਆਪਣੀ ਯੋਗ ਪਹਿਚਾਣ ਵੀ ਨਹੀਂ ਬਣਾ ਸਕੇ। ਇਸੇ ਗੱਲ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਖਾਲਸੇ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ ਦੀ ਸ਼ਾਨ ਨੂੰ ਵਧੇਰੇ ਮਨਾਂ ਵਿਚ ਉਭਾਰਨ ਲਈ ਤੇ ਇਸ ਲਾਸਾਨੀ ਅਵਸਰ ਨੂੰ ਯਾਦਗਾਰੀ ਬਣਾਉਣ ਲਈ ਅਲੱਗ-ਸ਼ਬਦ-ਯੱਗ ਵਲੋਂ ਅਸੀਂ ਵੱਡੀ ਮਾਤਰਾ ਵਿਚ ਗੁਰਮਤਿ ਸਾਹਿਤ ਅਤੇ ਵਿਸ਼ੇਸ਼ ਕਰਕੇ ਇਸ ਅਵਸਰ ਨਾਲ ਸਬੰਧ ਰਖਦੀ ਨਵੀਂ ਲਿਖੀ ਪੁਸਤਕ 'ਖਾਲਸੇ ਦੀ ਸਿਰਜਨਾ, ਇਕ ਵਰਦਾਨ' ਨੂੰ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਲੱਖਾਂ ਦੀ ਗਿਣਤੀ ਵਿਚ ਛਪਵਾ ਕੇ ਵੰਡਿਆ ਹੈ ਅਤੇ ਸੰਗਤਾਂ ਦੇ ਮਹਾਨ ਸਹਿਯੋਗ ਨਾਲ ਇਹ ਸਿਲਸਿਲਾ ਹਾਲੇ ਕਈ ਸਾਲ ਹੋਰ ਚਲਦਾ ਰਹੇਗਾ ਤਾਂ ਕਿ ਦੁਨੀਆ ਦੇ ਨਾਗਰਿਕਾਂ ਨੂੰ ਪਤਾ ਲਗ ਸਕੇ ਕਿ ਖਾਲਸਾ ਕਿਆ ਉਤਮ ਮਨੁੱਖ ਹੈ ਜੋ ਸੰਤ ਵੀ ਹੈ ਤੇ ਸਿਪਾਹੀ ਵੀ। ਅਲੱਗ-ਸ਼ਬਦ-ਯੱਗ ਟਰੱਸਟ ਦੇ ਯੋਰਪ, ਅਮਰੀਕਾ ਤੇ ਕੈਨੇਡਾ ਜ਼ੋਨਾਂ ਨੇ ਵੀ ਅਣਥੱਕ ਲਗਨ ਤੇ ਸਹਿਯੋਗ ਸਦਕਾ ਗੁਰਮਤਿ ਸਾਹਿਤ ਨੂੰ ਮੁਫਤ ਵੰਡਣ ਦੇ ਕਾਰਜ ਨੂੰ ਬਹੁਤ ਵੱਡਾ ਬਲ ਪਰਦਾਨ ਕੀਤਾ ਹੈ। ਇਸ ਨਵੀਂ ਪੈਦਾ ਹੋਈ ਬੇਦਾਰੀ ਨੂੰ ਹੋਰ ਪ੍ਰਜਵੱਲਤ ਕਰਨ ਲਈ ਅਲੱਗ-ਸ਼ਬਦ-ਯੱਗ ਟਰੱਸਟ ਵਲੋਂ 2001 ਤੋਂ 2008 ਤੱਕ ਖਾਲਸੇਈ ਸ਼ਾਨ ਨੂੰ ਦਰਸਾਉਂਦੀਆਂ 9 ਹੋਰ ਮਹੱਤਵਪੂਰਨ ਸ਼ਤਾਬਦੀਆਂ ਜੋ ਨਿਮਨ ਅਨੁਸਾਰ ਹਨ, ਮਨਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ :

1) 2001 ਪ੍ਰਮਾਤਮਾ ਦੇ ਘਰ ਤੇ ਮਨੁੱਖਤਾ ਦੇ ਸਾਂਝੇ ਤੀਰਥ ਹਰਿਮੰਦਰ ਸਾਹਿਬ ਦੀ ਚੌਥੀ ਸਿਰਜਨਾ ਸ਼ਤਾਬਦੀ।

2) 2004 ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਪੰਜਵੀਂ ਪ੍ਰਕਾਸ਼ ਉਤਸਵ ਸ਼ਤਾਬਦੀ।

3) 2004 ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਦੀ ਚੌਥੀ ਸ਼ਤਾਬਦੀ।

4) 2004 ਵੱਡੇ ਸਾਹਿਬਜ਼ਾਦਿਆਂ ਦੀ ਤੀਜੀ ਸ਼ਹੀਦੀ ਸ਼ਤਾਬਦੀ

5) 2004 ਛੋਟੇ ਸਾਹਿਬਜ਼ਾਦਿਆਂ ਦੀ ਤੀਜੀ ਸ਼ਹੀਦੀ ਸ਼ਤਾਬਦੀ

6) 2004 ਮਾਤਾ ਗੁਜਰੀ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ।

7) 2006 ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ।

8) 2008 ਗੁਰੂ ਗ੍ਰੰਥ ਸਾਹਿਬ ਦੀ ਗੁਰਗਦੀ ਨਸ਼ੀਨੀ ਦੀ ਤੀਜੀ ਸ਼ਤਾਬਦੀ

9) 2008 ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤ ਸਮਾਉਣ ਦੀ ਤੀਜੀ ਸ਼ਤਾਬਦੀ।

ਇਨ੍ਹਾਂ ਸਾਰੇ ਅਵਸਰਾਂ ਨੂੰ ਪੂਰੀ ਸ਼ਾਨ ਸ਼ੌਕਤ ਤੇ ਸ਼ਰਧਾ ਭਾਵਨਾ ਨਾਲ ਮਨਾਉਣ ਲਈ ਵਿਉਂਤਾਂ ਉਲੀਕੀਆਂ ਜਾ ਰਹੀਆਂ ਹਨ। ਇਹ ਲਿਖਣ ਵਿੱਚ ਬੜੀ ਤਸੱਲੀ ਹੋ ਰਹੀ ਹੈ ਕਿ ਸੰਗਤਾਂ ਦੇ ਸਹਿਯੋਗ ਸਦਕਾ ਸ਼ਬਦ ਯੱਗ ਟਰੱਸਟ ਨੇ ਦਸੰਬਰ 2001 ਤਕ ਹਰਿਮੰਦਰ ਸਾਹਿਬ ਦੀ ਚੌਥੀ ਸਿਰਜਨਾ ਸ਼ਤਾਬਦੀ ਮਨਾਉਣ ਖਾਤਰ ਇਸ ਅਵਸਰ ਦੀ ਸ਼ਾਨ ਨੂੰ ਦੇਖਦਿਆਂ ਹੋਇਆਂ ਵਿਸ਼ੇਸ਼ ਤੌਰ ਤੇ ਸ਼ਰਧਾ ਪੂਰਵਕ ਲਿਖੀ ਪੁਸਤਕ 'ਹਰਿਮੰਦਰ ਦਰਸ਼ਨ' ਦੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ 51 ਡੀਲਕਸ ਐਡੀਸ਼ਨ ਛਾਪ ਕੇ ਵਿਸ਼ਵ ਭਰ ਵਿੱਚ ਵੰਡੇ ਹਨ ਜਿਸ ਨਾਲ ਪਾਠਕਾਂ ਅਤੇ ਸੰਗਤਾਂ ਨੂੰ ਬਹੁਤ ਖੁਸ਼ੀ ਹੋਈ ਹੈ। (ਆਮ ਕਰਕੇ ਇਕ ਐਡੀਸ਼ਨ ਵਿੱਚ 1000 ਕਾਪੀ ਹੁੰਦੀ ਹੈ) ਬਾਕੀ ਰਹਿੰਦੀਆਂ 8 ਹੋਰ ਸ਼ਤਾਬਦੀਆਂ ਨੂੰ ਵੀ ਇਸੇ ਸ਼ਰਧਾ ਭਾਵਨਾ, ਲਗਨ ਤੇ ਉਤਸ਼ਾਹ ਨਾਲ ਮਨਾਉਣ ਲਈ ਅਲੱਗ-ਸ਼ਬਦ-ਯੱਗ ਟਰੱਸਟ (ਰਜਿਸਟਰਡ) ਲੁਧਿਆਣਾ ਅਤੇ ਇਸ ਦੀਆਂ ਸਮੂਹ ਇਕਾਈਆਂ ਇਸ ਮਹੱਤਵਪੂਰਣ ਕਾਰਜ ਵਿੱਚ ਧਾਰਮਿਕ ਸੰਸਥਾਵਾਂ ਅਤੇ ਦਾਨੀ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਆਸ ਰਖਦੀਆਂ ਹਨ ਕਿਉਂਕਿ ਇਹ ਸੰਗਤਾਂ ਦਾ ਹੀ ਕਾਰਜ ਹੈ ਤੇ ਉਨ੍ਹਾਂ ਨੇ ਹੀ ਇਸਨੂੰ ਬਲ ਪਰਦਾਨ ਕਰਨਾ ਹੈ। ਇਸ ਲਈ ਸੰਗਤਾਂ ਦੇ ਹਰ ਪਰਕਾਰ ਦੇ ਹੁੰਗਾਰੇ ਦਾ ਅਸੀਂ ਭਰਪੂਰ ਸਵਾਗਤ ਕਰਾਂਗੇ।

ਉਕਤ 9 ਸ਼ਤਾਬਦੀਆਂ ਵਿੱਚੋਂ 2 ਸ਼ਤਾਬਦੀਆਂ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਹਨ। ਗੁਰੂ ਗ੍ਰੰਥ ਸਾਹਿਬ ਬਾਰੇ ਵੱਖ ਵੱਖ ਅਕੀਦਿਆਂ ਨਾਲ ਸੰਬੰਧਿਤ ਕਈ ਨਾਮਵਰ ਗ਼ੈਰ-ਸਿੱਖ ਪਰ ਸਨੇਹੀ ਸਜਣਾਂ ਦੇ ਸਤਿਕਾਰੀ ਬਚਨ ਪੜ੍ਹਨ ਨਾਲ ਹਰ ਮਨ ਵਿੱਚ ਇਹ ਵਿਚਾਰ ਜ਼ਰੂਰ ਉਤਪੰਨ ਹੋਣਗੇ ਕਿ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਮੋਟੀ ਮੋਟੀ ਜਾਣਕਾਰੀ ਦਾ ਤਾਂ ਪਾਠਕਾਂ ਨੂੰ ਪਤਾ ਲਗੇ ਕਿ ਇਸ ਮਹਾਨ ਗ੍ਰੰਥ ਨੂੰ ਕਿਨ੍ਹਾਂ ਕਾਰਨਾਂ ਕਰਕੇ ਪਰਮ ਸਰੇਸ਼ਠ ਤੇ ਸੈਕੂਲਰ ਕਿਹਾ ਗਿਆ ਹੈ? ਪਾਠਕਾਂ ਦੀ ਦਿਲਚਸਪੀ ਨੂੰ ਮੁੱਖ ਰਖਦੇ ਹੋਏ ਗੁਰੂ ਗ੍ਰੰਥ ਸਾਹਿਬ ਬਾਰੇ ਸੰਖੇਪ ਜਾਣਕਾਰੀ ਅੱਗੇ ਦਿੱਤੀ ਜਾਂਦੀ ਹੈ।

ਸੰਖੇਪ ਝਲਕ

ਸ਼ਬਦ ਗੁਰੂ -ਸ੍ਰੀ ਗ੍ਰੰਥ ਸਾਹਿਬ

ਸਰਬ ਮਨੁੱਖਤਾ ਦੇ ਸਰਬਪੱਖੀ ਕਲਿਆਣ ਹਿਤ ਅਕਾਲਪੁਰਖ ਵਾਹਿਗੁਰੂ ਦੀ ਅਪਾਰ ਮਿਹਰ ਸਦਕਾ ਸੱਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਅਤੀ ਮਹਾਨ ਸੰਪਾਦਨਾ ਪ੍ਰਯਤਨਾਂ ਨੇ ਇਸ ਸੰਸਾਰ ਦੀ ਤਪਦੀ ਲੋਕਾਈ ਨੂੰ ਜੁਗੋ ਜੁਗ ਅਟੱਲ ਤੇ ਸ਼ਬਦ ਗੁਰੂ ਦੇ ਰੂਪ ਵਿਚ 15 ਅਗਸਤ 1604 ਈ: ਨੂੰ ਲਾਸਾਨੀ ਗ੍ਰੰਥ ਸਾਹਿਬ ਦਾ ਇਲਾਹੀ ਵਰਦਾਨ ਬਖਸ਼ਿਆ ਜਿਸ ਨੂੰ ਪਹਿਲੇ ਆਦਿ ਗ੍ਰੰਥ ਸਾਹਿਬ ਦਾ ਨਾਂ ਦਿੱਤਾ ਗਿਆ। ਇਸ ਮਹਾਨ ਗ੍ਰੰਥ ਵਿਚ 6 ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਭਾਰਤ ਦੇ ਵੱਖ ਵੱਖ ਇਲਾਕਿਆਂ, ਧਰਮਾਂ, ਫਿਰਕਿਆਂ, ਭਾਸ਼ਾਵਾਂ, ਸੰਪਰਦਾਵਾਂ ਨਾਲ ਸਬੰਧਿਤ ਪ੍ਰਮਾਤਮਾ ਦੀ ਉਸਤਤ ਵਿਚ ਲੀਨ 15 ਭਗਤਾਂ, 11 ਅਰਸ਼ੀ ਭੱਟਾਂ ਤੇ 4 ਗੁਰੂ ਘਰ ਦੇ ਨਿਕਟ ਪ੍ਰੇਮੀਆਂ ਦੀ ਬਾਣੀ ਵੀ ਸੁਭਾਇਮਾਨ ਹੈ ਜਿਹੜੀ 31 ਰਾਗਾਂ ਦੀ ਇਕ ਬਝਵੀਂ ਤਰਤੀਬ ਅਤੇ 5872 ਸ਼ਬਦਾਂ ਦੇ ਅਕਾਰੀ ਸਰੂਪ ਵਿਚ **"ਧੁਰ ਕੀ ਬਾਣੀ"** ਦੇ ਰੂਪ ਵਜੋਂ ਸੰਸਾਰ ਵਿਚ ਵਿਦਮਾਨ ਹੋਈ। ਗੁਰੂ ਗ੍ਰੰਥ ਸਾਹਿਬ ਦਾ ਅਧਿਆਤਮਿਕ ਤੇ ਭਾਈਚਾਰਕ ਫਲਸਫਾ, ਕਿਸੇ ਇਕ ਫਿਰਕੇ, ਜ਼ਾਤ, ਬਰਾਦਰੀ, ਕਬੀਲੇ ਦੀ ਮਾਲਕੀ ਨਹੀਂ। ਗੁਰੂ ਅਰਜਨ ਦੇਵ ਜੀ ਵਲੋਂ ਦੱਸੇ ਅਨੁਸਾਰ ਗੁਰੂ ਗ੍ਰੰਥ ਰੂਪੀ ਥਾਲ ਵਿਚ ਪਈਆਂ ਚਾਰ ਬਹੁਮੁਲੀਆਂ ਵਸਤਾਂ ਸਤ, ਸੰਤੋਖ, ਵਿਚਾਰ ਤੇ ਨਾਮ ਅਜਿਹੀਆਂ ਹਨ ਜਿਹੜੀਆਂ ਮਾਨਵਤਾ ਦੇ ਪ੍ਰਗਾਸ ਦਾ ਅਧਾਰ ਹਨ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਸਰਬ ਵਿਆਪਕਤਾ, ਸਰਬੰਗਤਾ ਤੇ ਸਰਪਰਸਤੀ ਮਜ਼ਬੂਤ-ਮਿਲਤ ਤੇ ਦੇਸ਼ ਕਾਲ ਦੇ ਹੱਦ ਬੰਨੇ ਟਪ ਕੇ ਹਰ ਸਮੇਂ ਦੇ ਸਰਬ-ਪ੍ਰਕਾਰੀ ਜੀਵਾਂ ਵਾਸਤੇ ਸਦਾ ਸਦਾ ਲਈ ਅਗਵਾਈ ਕਰਤਾ ਹੈ। ਅਜਿਹੀ ਸਰਪਰਸਤੀ ਮਿਲਣਾ ਸਾਡੇ ਵੱਡੇ ਭਾਗਾਂ ਦੀ ਲਖਾਇਕ ਹੈ।

ਕਿਸੇ ਨੂੰ ਨਾਂ ਲੈ ਕੇ ਆਵਾਜ਼ ਮਾਰੋ ਤਾਂ ਉਹ ਅਗੋਂ ਜ਼ਰੂਰ ਬੋਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਅਕਾਲਪੁਰਖ ਦੇ ਨਾਵਾਂ, ਸਿਫਤਾਂ, ਗੁਣਾਂ ਤੇ ਸ਼ਕਤੀਆਂ ਦਾ ਵੱਖ ਵੱਖ ਢੰਗਾਂ ਨਾਲ ਵਰਨਣ ਕੀਤਾ ਗਿਆ ਹੈ। ਜੇ ਅਸੀਂ ਇਕ ਮਨ ਇਕ ਚਿਤ ਹੋ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੀਏ ਤਾਂ ਇਹ ਵੀ ਵਾਹਿਗੁਰੂ ਦਾ ਨਾਂ ਲੈ ਕੇ ਉਸਨੂੰ ਪੁਕਾਰਨ ਦੀ ਹੀ ਗੱਲ ਹੋਵੇਗੀ। ਸੱਚੇ ਦਿਲੋਂ ਪੁਕਾਰਨ ਦਾ ਸਾਡਾ ਨਿਸ਼ਚਾ ਹੋਣਾ ਚਾਹੀਦਾ ਹੈ ਫਿਰ ਮਿੱਠ ਬੋਲੜਾ ਸਜਣ ਸਾਡੀ ਅਵਾਜ਼ ਸੁਣ ਕੇ ਜ਼ਰੂਰ ਬੋਲੇਗਾ, ਬੋਹੜੇਗਾ ਤੇ ਸਾਡੇ ਨਾਲ ਗਲਾਂ ਕਰੇਗਾ। ਆਪਣਾ ਅੰਦਰਲਾ ਫੋਲ ਕੇ ਅਸੀਂ ਇਹੀ ਵੇਖਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਸਮੇਂ ਕੀ ਅਸੀਂ ਉਪਰੋਕਤ ਦਸੀ ਸ਼ਰਧਾਮਈ ਅਤੇ ਸਤਿਕਾਰੀ ਭਾਵਨਾ ਵਾਲੀ ਅਵਸਥਾ ਵਿਚ ਹੁੰਦੇ ਹਾਂ? ਅਫਸੋਸ ਦੀ

ਗੱਲ ਹੈ ਕਿ ਉੱਤਰ ਬਹੁਤੀਆਂ ਹਾਲਤਾਂ ਵਿੱਚ ਨਾ-ਪਖੀ ਹੀ ਹੁੰਦਾ ਹੈ। ਦੁਨਿਆਵੀ ਪਦਾਰਥਾਂ ਦੀ ਲਾਲਸਾ ਨੇ ਸਾਡੀਆਂ ਸਾਰੀਆਂ ਬਿਰਤੀਆਂ, ਸ਼ਕਤੀਆਂ ਤੇ ਰੁਚੀਆਂ ਨੂੰ ਲਗਦਾ ਹੈ ਰੱਬ ਤੋਂ ਬੇਮੁਖ ਜਿਹਾ ਕਰ ਦਿੱਤਾ ਹੈ ਜਿਸ ਦੇ ਨਤੀਜੇ ਵਜੋਂ ਧਰਮ, ਵਾਹਿਗੁਰੂ ਅਤੇ ਗੁਰੂ ਪ੍ਰਤੀ ਸਾਡਾ ਨਿਸ਼ਚਾ ਬਹੁਤ ਘਟ ਗਿਆ ਹੈ ਤੇ ਜਿਹੜਾ ਥੋੜ੍ਹਾ ਬਹੁਤਾ ਹੈ, ਉਹ ਵੀ ਬਸ ਵਪਾਰਕ ਕਿਸਮ ਦਾ ਹੀ ਹੈ। ਉਸ ਵਿਚ ਵੀ ਅੰਦਰੋਂ ਅੰਦਰ ਇਹੀ ਭਾਵਨਾ ਕੰਮ ਕਰ ਰਹੀ ਹੁੰਦੀ ਹੈ ਕਿ ਗੁਰੂ ਦਾ ਦਰਵਾਜ਼ਾ ਖਟ ਖਟਾ ਕੇ ਨਾਮ ਦੀ ਦਾਤ ਮੰਗਣ ਦੀ ਥਾਂ ਨਾਸ਼ਵਾਨ ਪਰ ਲੁਭਾਇਮਾਨ ਮਾਇਕ ਸਾਧਨਾਂ ਤੇ ਸੁੱਖਾਂ ਦੀ ਹੀ ਪ੍ਰਾਪਤੀ ਲਈ ਅਰਜੋਈਆਂ ਕੀਤੀਆਂ ਜਾਣ।

ਜੇ ਨੀਝ ਜਾਂ ਘੋਖ ਨਾਲ ਇਸ ਗੱਲ ਨੂੰ ਆਪਣੇ ਉਪਰ ਘਟਾ ਕੇ ਵੇਖੀਏ ਤਾਂ ਅਸੀਂ ਵੇਖਾਂਗੇ ਕਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਵੀ (ਕੁਝ ਵਿਰਲੇ ਸਿਦਕੀ ਸਿੱਖਾਂ ਨੂੰ ਛਡ ਕੇ) ਸਾਡਾ ਸਨੇਹ, ਪਿਆਰ, ਸਤਿਕਾਰ, ਬਿਲਕੁਲ ਰਸਮੀ ਤੇ ਵਣਜੀ ਕਿਸਮ ਦਾ ਹੀ ਜਾਪੇਗਾ। ਇਹ ਠੀਕ ਹੈ ਕਿ ਬਹੁਤ ਅਮੀਰ ਲੋਕਾਂ ਨੇ ਪ੍ਰਤਿਸ਼ਠਾ ਦੇ ਮਨੋਰਥ ਨਾਲ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਆਪਣੇ ਨਿਵਾਸ ਅਸਥਾਨਾਂ ਤੇ ਰੱਖਿਆ ਹੋਇਆ ਹੈ। ਸੇਵਾ ਸੰਭਾਲ ਲਈ ਅੰਸ਼ਕਾਲੀ ਸੇਵਾਦਾਰ ਵੀ ਮੌਜੂਦ ਹਨ। ਖੁਦ ਬਾਣੀ ਦਾ ਪਾਠ ਕਰਨਾ ਜਾਂ ਸਰਵਣ ਕਰਨਾ ਤਾਂ ਇਕ ਪਾਸੇ ਰਿਹਾ ਕਈ ਵਾਰੀ ਘਰ ਦੇ ਬੰਦਿਆਂ ਨੂੰ ਹਫਤਾ ਹਫਤਾ ਭਰ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਦੀ ਵੀ ਫੁਰਸਤ ਨਹੀਂ ਮਿਲਦੀ। ਹਾਂ, ਜਿਸ ਦਿਨ ਕੋਈ ਦਿਨ ਦਿਹਾੜਾ ਹੋਵੇ, ਘਰ ਵਿਚ ਖੁਸ਼ੀ ਗ਼ਮੀ ਹੋਵੇ ਜਾਂ ਵਪਾਰ ਦੀ ਦਸ਼ਾ ਠੀਕ ਨਾ ਦਿਸਦੀ ਹੋਵੇ, ਉਸ ਦਿਨ ਪਰਵਾਰ ਦੇ ਮੈਂਬਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਖੜੇ ਹੋ ਕੇ ਆਪਣੀ ਮਨੋਕਾਮਨਾ ਪੂਰੀ ਕਰਵਾਉਣ ਲਈ ਅਰਦਾਸ ਕਰਦੇ ਵੇਖੇ ਜਾ ਸਕਦੇ ਹਨ ਪਰ ਉਸ ਅਰਦਾਸ ਵਿਚ ਵੀ ਅਰਜੋਈ ਦੀ ਭਾਵਨਾ ਘਟ ਹੁੰਦੀ ਹੈ ਤੇ ਬਾਰ ਬਾਰ ਇਹੀ ਕਿਹਾ ਜਾਂਦਾ ਹੈ "ਸਚੇ ਪਾਤਸ਼ਾਹ ਜੀ ਸਾਡਾ ਫਲਾਣਾ ਕਾਰਜ ਨਿਰਵਿਘਨ ਸਮਾਪਤ ਹੋ ਜਾਵੇ, ਫਲਾਣੀ ਗੱਲ ਪੂਰੀ ਹੋ ਜਾਵੇ, ਬੀਮਾਰ ਨੂੰ ਦੇਹ ਅਰੋਗਤਾ ਮਿਲੇ ਆਦਿ ਆਦਿ।" ਸਾਰਾ ਕੁਝ ਇਵੇਂ ਬੋਲਿਆ ਜਾਂਦਾ ਹੈ ਜਿਵੇਂ ਕਿਸੇ ਮੁਆਇਦੇ ਦੀਆਂ ਸ਼ਰਤਾਂ ਦੁਹਰਾਈਆਂ ਜਾ ਰਹੀਆਂ ਹੋਣ ਜਾਂ ਕੋਈ ਮੰਗ ਪੱਤਰ ਪੜ੍ਹਿਆ ਜਾ ਰਿਹਾ ਹੋਵੇ। ਇਹ ਅਫਸੋਸ ਦੀ ਗੱਲ ਨਹੀਂ ਤਾਂ ਹੋਰ ਕੀ ਹੈ? ਕਿਤਨੇ ਵਿਵਹਾਰਕ ਤੇ ਵਪਾਰੀ ਨੁਕਤਾ-ਨਿਗਾਹ ਤੇ ਅਧਾਰਤ ਅਸੀਂ ਆਪਣੇ ਸਬੰਧ ਆਪਣੇ ਇਸ਼ਟ, ਆਪਣੇ ਗੁਰੂ, ਆਪਣੇ ਅਕਾਲਪੁਰਖ ਨਾਲ ਵਿਕਸਤ ਕਰ ਲਏ ਹਨ। ਇਹੀ ਕਾਰਨ ਹੈ ਸਾਡੀਆਂ ਅਰਦਾਸਾਂ ਨੂੰ ਫਲ ਘਟ ਲਗਦੇ ਹਨ। ਜੇ ਉਹ ਦਿਲੋਂ ਕੀਤੀਆਂ ਜਾਣ, ਨਿਸ਼ਚੇ ਅਤੇ ਸ਼ਰਧਾ ਦੀ ਬਿਨਾ ਤੇ ਕੀਤੀਆਂ ਜਾਣ ਤਾਂ ਹਥੇਲੀ ਤੇ ਸਰ੍ਹੋਂ ਜੰਮ ਸਕਦੀ ਹੈ। ਉਹ ਸੂਰਮੇ ਵੀ ਤਾਂ ਸਨ ਜਿਨ੍ਹਾਂ ਨੇ ਅਰਦਾਸਾਂ ਨਾਲ ਦਰਿਆ ਰੋਕ ਦਿਤੇ। ਸੱਚੇ ਦਿਲ ਤੋਂ ਨਿਕਲੀ ਹਰ ਬੇਨਤੀ ਜ਼ਰੂਰ ਪੂਰੀ ਹੁੰਦੀ ਹੈ ਪਰ ਮੁਸ਼ਕਲ ਤਾਂ ਇਹੀ ਹੈ ਕਿ ਸੱਚੇ ਦਿਲ ਤੋਂ ਅਰਦਾਸ ਬੜੀ ਮੁਸ਼ਕਲ ਨਾਲ ਨਿਕਲਦੀ ਹੈ ਕਿਉਂਕਿ ਹਰ ਵਕਤ ਤਾਂ ਦਿਲ, ਦਿਮਾਗ਼ ਝੂਠੇ ਪਸਾਰੇ ਵਿਚ ਹੀ ਗ਼ਲਤਾਨ ਰਹਿੰਦਾ ਹੈ।

ਸਰੂਪ ਦਾਸ ਕਰਤਾ ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਫਰਮਾਨ ਹੈ ਕਿ "ਗੁਰੂ ਗ੍ਰੰਥ ਸਾਹਿਬ ਦਾ ਪਾਠ ਮੇਰੇ ਸਾਥ ਬਾਤਾਂ ਕਰਨ ਸਮਾਨ ਹੈ।"

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਨਾਂਦੇੜ ਵਿਖੇ 1708 ਈ: ਵਿਚ ਗੁਰਿਆਈ ਸੌਂਪਦਿਆਂ ਹੋਇਆਂ ਇਹ ਹੀ ਫਰਮਾਇਆ ਸੀ ਕਿ "ਮੇਰੀ ਆਤਮਾ ਗ੍ਰੰਥ ਵਿਚ ਅਤੇ ਸਰੀਰ ਪੰਥ ਵਿਚ ਸਮੋ ਗਿਆ ਹੈ।" ਇਸ ਲਈ ਗੁਰੂ ਸਾਹਿਬ ਦੇ ਇਸ ਫਰਮਾਨ ਨੂੰ ਧਿਆਨ ਵਿਚ ਰਖਦੇ ਹੋਏ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋਣ ਲਗਿਆਂ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਮਹਾਨਤਮ ਸਰਬਪਖੀ ਸ਼ਕਤੀ ਦੇ ਸਾਹਮਣੇ ਖੜੇ ਹੋਏ ਹਾਂ। ਨਿਕੇ ਜਹੇ ਹਾਕਮ ਸਾਹਮਣੇ ਖੜਨਾ ਹੋਵੇ ਤਾਂ ਸਾਨੂੰ ਸਾਰੇ ਅਦਬ ਅਦਾਬ, ਹਲੀਮੀਆਂ ਤੇ ਖੁਸ਼ਾਮਦੀਆਂ ਆ ਜਾਂਦੀਆਂ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਰੱਬੀ ਜੋਤ ਦੇ ਸਤਿਕਾਰ ਵਿਚ ਕਈ ਵਾਰੀ ਅਸੀਂ ਬੜੇ ਅਣਵਾਕਫ ਤੇ ਗੈਰ-ਜ਼ਿੰਮੇਵਾਰ ਜਿਹੇ ਲਗਣ ਲਗ ਜਾਂਦੇ ਹਾਂ ਤੇ ਪਤਾ ਨਹੀਂ ਲਗਦਾ ਸਾਡੀ ਸਿਦਕੀ ਭਾਵਨਾ ਨੂੰ ਉਸ ਸਮੇਂ ਕੀ ਹੋ ਜਾਂਦਾ ਹੈ? ਲਗਪਗ ਚਾਰ ਸੌ ਸਾਲਾਂ ਤੋਂ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਪਏ ਹੋਣ ਦੇ ਬਾਵਜੂਦ ਵੀ ਸਾਨੂੰ ਗੁਰੂ ਨੂੰ ਸਤਿਕਾਰ ਅਰਪਤ ਕਰਨ ਦੀ ਠੀਕ ਤਰ੍ਹਾਂ ਜਾਚ ਨਹੀਂ ਆਈ। ਆਪਣੇ ਲਈ ਅਸੀਂ ਹਜ਼ਾਰਾਂ ਰੁਪਏ ਖਰਚ ਕਰਦੇ ਹਾਂ, ਪਰ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਲਗਿਆਂ ਅਸੀਂ ਨੋਟਾਂ ਦੇ ਭਰੇ ਹੋਏ ਬਟੂਏ ਵਿਚੋਂ ਵਿਸ਼ੇਸ਼ ਤੌਰ ਤੇ ਕੋਈ ਛੋਟਾ ਮੋਟਾ ਸਿੱਕਾ ਲੱਭ ਕੇ ਮੱਥਾ ਟੇਕਦੇ ਹਾਂ ਤੇ ਇਸ ਮਾਮੂਲੀ ਜਿਹੇ ਸਿਕੇ ਨੂੰ ਵੀ ਵਗ੍ਹਾ ਕੇ ਗੁਰੂ ਸਾਹਿਬ ਅੱਗੇ ਇਵੇਂ ਮਾਰਦੇ ਹਾਂ ਤਾਂ ਜੋ ਗੋਲਕ ਤੇ ਡਿਗਣ ਨਾਲ ਹੋਣ ਵਾਲੇ ਉਸ ਦੇ ਖੜਾਕ ਤੋਂ ਗੁਰੂ ਦੇ ਚਰਨਾਂ ਵਿਚ ਬੈਠੀ ਸਾਰੀ ਸੰਗਤ ਨੂੰ ਚੰਗੀ ਤਰ੍ਹਾਂ ਮਹਿਸੂਸ ਹੋ ਜਾਵੇ ਕਿ ਗੁਰੂ ਦਾ ਕੋਈ ਭਗਤ ਆਪਣੀ ਕਮਾਈ ਨੂੰ ਸਫਲਾ ਕਰਦਿਆਂ ਹੋਇਆਂ 'ਬੇਅੰਤ ਮਾਇਆ' ਆਪਣੇ ਗੁਰੂ ਨੂੰ ਭੇਟਾ ਕਰ ਰਿਹਾ ਹੈ। ਇਹ ਸਾਡੀ ਨਾਦਾਨੀ ਹੈ, ਹਉਮੈ ਹੈ, ਚੁਸਤੀ ਹੈ, ਅਵਗਿਆ ਹੈ ਜਾਂ ਚੱਜ ਅਚਾਰ ਦੀ ਅਣਵਾਕਫੀ ਪਰ ਜੋ ਕੁਝ ਵੀ ਹੈ, ਅਫਸੋਸਨਾਕ ਹੈ।

ਜਿਸ ਗੁਰੂ ਅੱਗੇ ਮੱਥਾ ਟੇਕ ਕੇ ਅਸੀਂ ਆਪਣਾ ਆਪ ਸਮਰਪਤ ਕਰਦੇ ਹਾਂ ਉਸ ਪ੍ਰਤੀ ਸ਼ਰਧਾ ਵੀ ਉਸੇ ਪ੍ਰਕਾਰ ਦੀ ਹੋਣੀ ਚਾਹੀਦੀ ਹੈ। ਇਸ ਤੋਂ ਮਤਲਬ ਇਹ ਨਹੀਂ ਕਿ ਚੜ੍ਹਾਵੇ ਵਿਚ ਵੱਡੀ ਰਕਮ ਹੀ ਚੜ੍ਹਾਈ ਜਾਵੇ। ਦਰ ਅਸਲ ਇਸ ਪ੍ਰਕਾਰ ਦੇ ਦਰਸ਼ਨੀ ਚੜ੍ਹਾਵੇ ਦੀ ਪ੍ਰਥਾ ਹੀ ਗ਼ਲਤ ਹੈ ਤੇ ਗੁਰਧਾਮਾਂ ਦੇ ਪ੍ਰਬੰਧਕਾਂ ਦੇ ਕਈ ਪ੍ਰਕਾਰ ਦੇ ਸਵਾਰਥਾਂ ਨੇ ਗੋਲਕ ਦਾ ਸਬੰਧ ਗੁਰੂ ਗ੍ਰੰਥ ਸਾਹਿਬ ਨਾਲ ਇਵੇਂ ਜੋੜ ਦਿੱਤਾ ਹੈ ਜਿਵੇਂ ਸੱਪ ਦਾ ਚੰਦਨ ਦੇ ਰੁੱਖ ਨਾਲ ਹੁੰਦਾ ਹੈ।

ਜੇ ਅਸੀਂ ਸਚਮੁਚ ਹੀ ਵਾਹਿਗੁਰੂ ਦੀ ਸ਼ਰਨ ਵਿਚ ਪੈ ਕੇ ਆਤਮਿਕ ਅਨੰਦ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟਾਈ ਭਾਵਨਾ ਨਾਲ ਜੁੜਨਾ ਪਵੇਗਾ। ਫੋਕਟ ਦੇ ਵਹਿਮਾਂ, ਭਰਮਾਂ, ਰਸਮਾਂ ਰਿਵਾਜਾਂ ਨਾਲ ਕੁਝ ਪ੍ਰਾਪਤੀ ਹੋਣ ਵਾਲੀ ਨਹੀਂ। ਇਵੇਂ ਜਾਂ ਤਾਂ ਸਾਡੀ ਨਾਸਤਿਕਤਾ ਵਧਦੀ ਹੈ ਜਾਂ ਹਉਮੈ। ਇਹ ਹਉਮੈ ਹੀ ਸਾਨੂੰ ਮੂਲ ਸਰੋਤ ਦੀ ਸੋਝੀ ਨਹੀਂ ਹੋਣ ਦੇਂਦੀ। ਇਸ ਲਈ ਆਪਣੀ ਹਉਮੈ ਨੂੰ ਮਾਰ ਕੇ ਗੁਰੂ ਦੇ ਲੜ ਲੱਗਣਾ ਜ਼ਰੂਰੀ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ (ਮ-3, ਪੰਨਾ-560)

ਅਜਿਹਾ ਕਰਨ ਲਈ ਸਾਨੂੰ ਆਪਣੀ ਮਤ ਤਿਆਗਣੀ ਪਵੇਗੀ ਕਿਉਂਕਿ

ਆਪਣੀ ਮਤ ਤੇ ਚਲਦਿਆਂ ਹੋਇਆਂ ਅਸੀਂ ਅਵੱਸ਼ ਹੀ ਆਤਮਘਾਤ ਵਲ ਵਧ ਰਹੇ ਹੋਵਾਂਗੇ। ਸਾਡਾ ਬਚਾਓ ਇਸ ਗੱਲ ਵਿਚ ਹੈ ਕਿ ਅਸੀਂ ਗੁਰੂ ਦੀ ਮਤ ਗ੍ਰਹਿਣ ਕਰੀਏ। ਗੁਰੂ ਗ੍ਰੰਥ ਸਾਹਿਬ ਦਾ ਹਰ ਸ਼ਬਦ ਸਾਡੀ ਜ਼ਿੰਦਗੀ ਵਿਚੋਂ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਦੁਸ਼ਟ ਪ੍ਰਭਾਵਾਂ ਨੂੰ ਨਸ਼ਟ ਕਰਕੇ ਨਾਮ ਸਿਮਰਨ, ਸੇਵਾ, ਸਬਰ, ਸੰਤੋਖ ਵਲ ਆਕਰਸ਼ਤ ਕਰਦਾ ਹੈ। ਇਸ ਲਈ ਜੇ ਅਸੀਂ ਆਪਣੇ ਆਪ ਨਾਲ ਵਫਾਦਾਰ ਹਾਂ ਤਾਂ ਸਾਨੂੰ ਹੰਕਾਰ ਦੇ ਪੰਛੀ ਨੂੰ ਕਾਬੂ ਕਰਨਾ ਹੋਵੇਗਾ ਜਿਹੜਾ ਕਾਮ ਤੇ ਕਰੋਧ ਰੂਪੀ ਖੰਭਾਂ ਨਾਲ ਉਡਦਾ ਹੈ ਅਤੇ ਮੋਹ ਰੂਪੀ ਟੰਗਾਂ ਦੇ ਸਹਾਰੇ ਚਲਦਾ ਫਿਰਦਾ ਹੈ। ਇਸ ਸਭ ਕੁਝ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਆਤਮਿਕ ਅਨੁਭਵ ਨਾਲ ਇਕ ਮਿਕ ਹੋਣਾ ਪਵੇਗਾ, ਨੇਕ ਕਿਰਤ ਕਮਾਈ ਲਈ ਜੂਝਣਾ ਪਵੇਗਾ, ਵੰਡ ਛਕਣ, ਦੂਜੇ ਦੀ ਮਦਦ ਕਰਨ, ਮਾਨਵਤਾ ਨੂੰ ਰੱਬ ਦਾ ਆਪਣਾ ਸਰੂਪ ਸਮਝ ਕੇ ਉਸ ਦੀ ਸੇਵਾ ਕਰਨ ਲਈ ਮੈਦਾਨ ਵਿਚ ਨਿਤਰਣਾ ਪਵੇਗਾ, ਸੇਵਾ ਤੇ ਸਿਮਰਨ ਦੇ ਸਾਗਰ ਵਿਚ ਚੁਭੀਆਂ ਲਗਾਉਣੀਆਂ ਪੈਣਗੀਆਂ। ਸਰੋਵਰ ਦੇ ਕੰਢੇ ਤੇ ਖੜੇ ਹੋਣ ਨਾਲ ਜੇ ਸਾਡੇ ਪਰਛਾਵੇਂ ਸਰੋਵਰ ਵਿਚ ਪੈਣ ਤਦ ਸਾਡੇ ਸਰੀਰ ਦਾ ਇਸ਼ਨਾਨ ਤਾਂ ਨਹੀਂ ਨਾ ਹੋ ਸਕਦਾ? ਇਸ ਲਈ ਕੰਢੇ ਤੇ ਖੜ੍ਹ ਕੇ ਪਰਛਾਵੇਂ ਦੇ ਮਾਧਿਅਮ ਨਾਲ ਰਸਮੀ ਇਸ਼ਨਾਨ ਦੀ ਥਾਂ ਸਰੋਵਰ ਵਿਚ ਉਤਰ ਪੈਣ ਨਾਲ ਹੀ ਗੱਲ ਬਣੇਗੀ। ਇਸ ਵਾਸਤੇ ਜੇ ਅਸੀਂ ਵਾਹਿਗੁਰੂ ਦੇ ਦਰਬਾਰ ਵਿਚ ਮ਼ਕਬੂਲੀਅਤ ਤੇ ਰਸਾਈ ਚਾਹੁੰਦੇ ਹਾਂ ਤਾਂ ਅਸੀਂ ਗੁਰਬਾਣੀ ਦੇ ਪਾਠ ਤੇ ਵਿਚਾਰ ਤੋਂ ਅਗਲੀ ਸਟੇਜ ਤੇ ਵੀ ਪਹੁੰਚੀਏ ਅਤੇ ਗੁਰਬਾਣੀ ਅਨੁਸਾਰ ਵਿਹਾਰ ਕਰ ਕੇ ਪਿਆਰ ਕਰਨਾ ਸਿਖੀਏ ਤੇ ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਨਿਸ਼ਚਾ ਪੈਦਾ ਕਰੀਏ ਜਿਸ ਦਾ ਵਰਨਣ ਕਬੀਰ ਜੀ ਨੇ ਨਿਮਨ ਪੰਗਤੀ ਵਿਚ ਕੀਤਾ ਹੈ:-

ਗੁਰ ਗੋਬਿੰਦ ਦੋਨੋ ਖੜੇ ਕਾ ਕੇ ਲਾਗੌਂ ਪਾਇ॥
ਬਲਿਹਾਰੀ ਗੁਰ ਆਪਣੇ ਜਿਨ ਗੋਬਿੰਦ ਦੀਆ ਮਿਲਾਏ॥

(ਗੁਰੂ ਗ੍ਰੰਥ ਸਾਹਿਬ ਵਿਚੋਂ ਨਹੀਂ)

ਗੁਰਬਾਣੀ ਵਿਚ ਇਸ ਪ੍ਰਥਾਏ ਅੰਕਤ ਹੈ:

ਹਉ ਵਾਰਿਆ ਆਪਣੇ ਗੁਰੂ ਕਉ
ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ॥ (ਪੰਨਾ-652)

ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਕਿਸੇ ਚੀਜ਼ ਦਾ ਵਿਚਾਰ ਸਾਡੇ ਮਸਤਕ ਤਕ ਪਹੁੰਚਦਾ ਹੈ ਪਰ ਉਸ ਦਾ ਸ਼ਰਧਾ ਪੂਰਬਕ ਪਿਆਰ ਤੇ ਸਤਿਕਾਰ ਹਿਰਦੇ ਰਾਹੀਂ ਰੋਮ ਰੋਮ ਵਿਚ ਸਮਾ ਜਾਂਦਾ ਹੈ। ਇਸ ਲਈ ਪ੍ਰਭੂ ਪ੍ਰਾਪਤੀ ਤੇ ਮਿਲਾਪ ਲਈ ਪਿਆਰ ਦੀ ਸਟੇਜ ਵੀ ਅਵਸ਼ਕ ਹੈ। ਸਿੱਖੀ ਦਾ ਮਾਰਗ ਤਾਂ ਹੈ ਹੀ ਪਿਆਰ ਦਾ ਮਾਰਗ। "**ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਯੋ।**" ਇਹ ਪ੍ਰੇਮ ਇਕ ਮਨੁੱਖ ਦਾ ਦੂਜੇ ਮਨੁੱਖ ਨਾਲ ਹੋਣਾ ਚਾਹੀਦਾ ਹੈ। ਇਕ ਧਾਰਮਿਕ ਅਕੀਦੇ ਵਾਲਿਆਂ ਦਾ ਦੂਜੇ ਅਕੀਦੇ ਵਾਲਿਆਂ ਨਾਲ ਹੋਣਾ ਚਾਹੀਦਾ ਹੈ ਕਿਉਂਕਿ ਕੋਈ ਵੀ ਧਰਮ ਆਪਸੀ ਪਿਆਰ ਤੇ ਸਨੇਹ ਹੀ ਸਖਾਉਂਦਾ ਹੈ ਨਫਰਤ ਤੇ ਈਰਖਾ ਦਵੈਤ ਨਹੀਂ। ਇਹ ਸਿਆਸੀ ਆਗੂਆਂ ਦੀ ਸਿਆਸੀ ਚਾਲ ਹੈ ਜੋ ਆਪਣੇ ਹਿਤ ਲਈ ਦੋ ਫਿਰਕਿਆਂ ਦੇ ਭੋਲੇ ਭਾਲੇ ਮਨੁੱਖਾਂ ਨੂੰ ਲੜਾ ਦੇਂਦੇ ਹਨ।

ਮਜ਼ੂਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ,
ਹਿੰਦੀ ਹੈਂ ਹਮ, ਵਤਨ ਹੈ, ਹਿੰਦੁਸਤਾਂ ਹਮਾਰਾ।

ਇਸ ਲਈ ਪਿਆਰ ਦੀ ਗੰਢ ਨੂੰ ਵਿਸ਼ਵ ਭਰ ਦੇ ਮਨੁੱਖਾਂ ਵਿਚ ਪੱਕੀ ਕਰਨ ਲਈ ਅਭਿਆਸ ਰੂਪ ਵਿਚ ਸਾਨੂੰ ਆਪਣੇ ਇਸ਼ਟ ਦੇ ਪਿਆਰ ਸਤਿਕਾਰ ਨੂੰ ਸਭ ਤੋਂ ਪਹਿਲੇ ਆਪਣੇ ਜੀਵਨ ਦੇ ਕਣ ਕਣ ਵਿਚ ਸਮਾਉਣਾ ਪਵੇਗਾ। ਫਲਸਰੂਪ ਸਾਨੂੰ ਬਾਣੀ ਵੀ ਦਿਮਾਗ ਦੇ ਨਾਲ ਨਾਲ ਹਿਰਦੇ ਦੁਆਰਾ ਪੜ੍ਹਨੀ ਚਾਹੀਦੀ ਹੈ। ਇਕ ਸ਼ਰਧਾਲੂ ਭਗਤ ਦੀ ਇਹੀ ਅਪਰੋਚ ਹੁੰਦੀ ਹੈ। ਇਸ ਭਾਵਨਾ ਦੇ ਧਾਰਨੀ ਲਈ ਗੁਰੂ ਉਸ ਤੋਂ ਦੂਰ ਨਹੀਂ ਹੋ ਸਕਦਾ ਸਗੋਂ ਉਹ ਤਾਂ ਉਸ ਦੇ ਅੰਗ ਸੰਗ ਹੈ। ਚਤੁਰਾਈ ਨਾਲ ਕਿਸੇ ਉਸ ਨੂੰ ਨਹੀਂ ਪਾਇਆ ਭਾਵੇਂ ਚਤੁਰ ਗਿਆਨੀ ਆਪਣੀ ਤੁਛ ਬੁੱਧੀ ਨਾਲ ਮਹਾਨ ਸ਼ਾਬਦਿਕ ਜੋਤ ਬਾਰੇ ਤੁਕੇ ਬਾਜ਼ੀਆਂ ਲਗਾ ਕੇ ਆਪਣਾ ਉਲੂ ਸਿੱਧਾ ਕਰਕੇ ਸਿਧੇ ਸਾਧੇ ਲੋਕਾਂ ਨੂੰ ਗੁਮਰਾਹ ਕਰਨ ਵਿਚ ਵੀ ਕਸਰ ਨਹੀਂ ਛਡਦੇ। ਉਹ ਗੋਲ ਦਾਇਰੇ ਦੇ ਸੈਂਟਰ ਵਿਚ ਤੀਰ ਮਾਰਨ ਦੀ ਸਮਰੱਥਾ ਤਾਂ ਨਹੀਂ ਰੱਖਦੇ ਕਿਉਂਕਿ ਇਸ ਵਿਚ ਬਹੁਤ ਮਿਹਨਤ, ਮਸ਼ੱਕਤ, ਤਰੱਦਦ ਤੇ ਸਾਧਨਾ ਦੀ ਲੋੜ ਪੈਂਦੀ ਹੈ ਪਰ ਉਹ ਇਸ ਕੰਮ ਲਈ ਸੌਖਾ ਰਸਤਾ ਜ਼ਰੂਰ ਲਭ ਲੈਂਦੇ ਹਨ। ਉਹ ਰਸਤਾ ਕੀ ਹੈ? ਗੱਲ ਸੌਖੀ ਹੈ। ਅਜਿਹੇ ਚਤੁਰ ਗਿਆਨੀ ਪਹਿਲੇ ਤੀਰ ਮਾਰਦੇ ਹਨ ਫਿਰ ਉਸਦੇ ਆਸ ਪਾਸ ਇਵੇਂ ਦਾਇਰਾ ਮਾਰ ਦੇਂਦੇ ਹਨ ਕਿ ਉਨ੍ਹਾਂ ਵਲੋਂ ਮਾਰਿਆ ਤੀਰ ਐਨ ਸੈਂਟਰ ਵਿਚ ਲੱਗਾ ਦਿਸਦਾ ਹੈ। ਇਹੀ ਉਨ੍ਹਾਂ ਦੀ ਚਤੁਰ ਪ੍ਰਾਪਤੀ ਹੈ। ਅਜਿਹੀ ਚਤੁਰਾਈ ਨਾਲ ਉਹ ਗੁਰਬਾਣੀ ਦੇ ਅਰਥ ਆਪਣੀ ਸੋਚ ਤੇ ਲੋੜ ਮੁਤਾਬਕ ਕੱਢ ਲੈਂਦੇ ਹਨ। ਅਜਿਹੇ ਗਿਆਨੀ ਦਰਅਸਲ ਤਸਕਰ ਹਨ, ਸਮਗਲਰ ਹਨ ਤੇ ਇਨ੍ਹਾਂ ਤੋਂ ਬਚਣਾ ਜ਼ਰੂਰੀ ਹੈ।

ਪਰ ਅਫਸੋਸ ਦੀ ਗੱਲ ਹੈ ਕਿ ਸਭ ਕੁਝ ਸਾਡੀਆਂ ਅੱਖਾਂ ਦੇ ਸਾਹਮਣੇ ਹੋ ਰਿਹਾ ਹੈ ਅਤੇ ਅਸੀਂ ਮੂਕ ਦਰਸ਼ਕ ਹੀ ਬਣੇ ਹੋਏ ਹਾਂ। ਜਿਥੇ ਤਕ ਵਾਹਿਗੁਰੂ ਦੀ ਹਸਤੀ ਦਾ ਸਬੰਧ ਹੈ ਉਸ ਬਾਰੇ ਤਾਂ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਉਸ ਨੇ ਤਾਂ ਸਾਡਾ ਵੈਰਾਗ ਦੇਖਣਾ ਹੈ ਜੋ ਅੰਤਰੀਵ ਤਰੰਗ ਹੈ, ਦੁਨੀਆ ਨੇ ਸਾਡਾ ਬਾਹਰਲਾ ਪ੍ਰਤਾਪ ਦੇਖਣਾ ਹੈ ਜਿਸ ਦਾ ਧਰਮ ਨਾਲ ਕੋਈ ਸਰੋਕਾਰ ਨਹੀਂ। ਇਸ ਲਈ ਸਾਨੂੰ ਸੋਚਣਾ ਇਹ ਚਾਹੀਦਾ ਹੈ ਕਿ ਅਸੀਂ ਕਿਸ ਪਾਸੇ ਵਲ ਵਧ ਰਹੇ ਹਾਂ। ਜੇ ਲੁਧਿਆਣੇ ਤੋਂ ਅੰਬਾਲੇ ਜਾਣਾ ਹੋਵੇ ਤੇ ਜਲੰਧਰ ਜਾਣ ਵਾਲੀ ਗੱਡੀ ਵਿਚ ਬੈਠ ਜਾਈਏ ਤਾਂ ਆਪਣੀ ਨਦਾਨੀ ਜਾਂ ਅਗਿਆਨਤਾ ਕਾਰਨ ਸਮੇਂ ਤੇ ਪੈਸੇ ਦੀ ਬਰਬਾਦੀ ਦੇ ਬਾਵਜੂਦ ਅਸੀਂ ਅੰਬਾਲੇ ਪਹੁੰਚਣ ਦੀ ਆਪਣੀ ਮੰਜ਼ਲ ਤੋਂ ਹੋਰ ਦੂਰ ਹੋ ਜਾਵਾਂਗੇ। ਇਸ ਲਈ ਬੜੀ ਸੁਚੇਤਤਾ, ਸਾਵਧਾਨੀ ਤੋਂ ਕੰਮ ਲੈਣਾ ਜ਼ਰੂਰੀ ਹੈ। ਡੰਗ ਟਪਾਊ ਵਪਾਰੀ ਕਿਸਮ ਦੇ ਗੁਰੂ ਸਾਨੂੰ ਆਪਣੀ ਮੰਜ਼ਲ ਤੋਂ ਦੂਰ ਤਾਂ ਲੈ ਜਾ ਸਕਦੇ ਹਨ, ਸਾਡਾ ਸਮਾਂ ਨਸ਼ਟ ਕਰ ਸਕਦੇ ਹਨ, ਸਾਡਾ ਪੈਸਾ ਠਗ ਸਕਦੇ ਹਨ ਪਰ ਸਾਨੂੰ ਸਹਾਈ ਸਿਧ ਨਹੀਂ ਹੋ ਸਕਦੇ। ਇਨ੍ਹਾਂ ਦੀ ਸਾਰੀ ਕਾਰਵਾਈ ਨਿਜ ਸਵਾਰਥ ਤੇ ਹੀ ਅਧਾਰਤ ਹੈ। ਵਾਹਿਗੁਰੂ ਨਾਲ ਇਨ੍ਹਾਂ ਦਾ ਕੁਝ ਵੀ ਲੈਣਾ ਦੇਣਾ ਨਹੀਂ ਹੈ। ਇਸ ਲਈ ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਸ਼ਬਦ ਗੁਰੂ ਦੇ ਲੜ ਲਗਣ ਵਿਚ ਹੀ ਸਾਡਾ ਕਲਿਆਨ ਹੈ ਤੇ ਭਟਕਣਾ ਤੋਂ ਮੁਕਤੀ ਵੀ। ਮੌਕਾ ਹੈ ਆਓ ਆਪਾ ਚੀਨੀਏ ਤੇ ਗੁਰੂ ਦੇ ਲੜ ਲਗੀਏ। ਗੁਰੂ ਗ੍ਰੰਥ ਸਾਹਿਬ ਵਲ ਪੂਰੀ ਨੇਕ ਨੀਤੀ ਨਾਲ ਪਰਤਣ ਵਿਚ ਹੀ ਸਾਡਾ ਹਿੱਤ ਹੈ ਕਿਉਂਕਿ ਇਹ ਅਜਿਹੇ ਬਹੁਮੁਲੇ ਇਲਾਹੀ ਪਰਵਚਨਾਂ ਦਾ

ਖਜ਼ਾਨਾ ਹੈ ਜਿਸ ਨੂੰ ਗ੍ਰਹਿਣ ਕਰਨ ਨਾਲ ਸਾਡੀ ਤ੍ਰਿਸ਼ਨਾ ਮੁਕ ਸਕਦੀ ਹੈ ਅਤੇ ਅਸੀ ਇਕ ਸੰਤੁਲਤ ਤੇ ਬਾਮਕਸਦ ਜੀਵਨ ਜੀਣ ਜੋਗੇ ਹੋ ਸਕਦੇ ਹਾਂ। ਗੁਰੂ ਦੀ ਅਜਿਹੀ ਸੰਗਤ ਮਾਣਨਾ ਪਲ ਪਲ ਦਾ ਕਰਮ ਹੈ ਜਿਸ ਨੂੰ ਖੰਡ ਖੰਡ ਕਰਕੇ ਪ੍ਰਾਪਤ ਕਰਨ ਦੀ ਰੁਚੀ ਨੂੰ ਅਲਵਿਦਾ ਹੀ ਕਹਿਣਾ ਪਵੇਗਾ ਤੇ ਗੁਰੂ ਗ੍ਰੰਥ ਸਾਹਿਬ ਇਸ ਖੇਤਰ ਵਿਚ ਵੀ ਸਾਨੂੰ ਸਹਾਈ ਹੋਣਗੇ। ਜਿਨ੍ਹਾਂ ਨੇ ਦਿਲ ਤੇ ਆਤਮਾ ਦੀਆਂ ਗਹਿਰਾਈਆਂ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ, ਰਹਿਬਰ ਜਾਂ ਇਵੇਂ ਕਹਿ ਲਵੋ ਰੱਬ ਸਮਝਿਆ ਹੈ, ਉਨ੍ਹਾਂ ਦਾ ਇਸ ਵਿਚ ਨਿਸ਼ਚਾ ਵੀ ਇਤਨਾ ਤੀਬਰ, ਸ਼ਕਤੀਸ਼ਾਲੀ, ਘਨਿਸ਼ਟ ਤੇ ਪਰਪੱਕ ਹੈ।

ਗੁਰੂ ਅਰਜਨ ਦੇਵ ਜੀ ਨੇ ਜਦ ਆਦਿ ਗ੍ਰੰਥ ਸਾਹਿਬ ਨੂੰ ਹਰਿਮੰਦਰ ਸਾਹਿਬ ਵਿਖੇ ਸੁਭਾਇਮਾਨ ਕੀਤਾ ਤਾਂ ਇਸ ਪਵਿੱਤਰ ਗ੍ਰੰਥ ਨੂੰ ਪਰਮੇਸ਼ਰ ਦਾ ਰੂਪ ਸਮਝਿਆ। ਉਹ ਰਾਤ ਵੇਲੇ ਖੁਦ ਜਿਸ ਪਲੰਘ ਉਤੇ ਆਦਿ ਗ੍ਰੰਥ ਸਾਹਿਬ ਬਿਰਾਜਮਾਨ ਹੁੰਦੇ ਸਨ ਉਸ ਦੇ ਨਾਲ ਹੀ ਜ਼ਮੀਨ ਤੇ ਲੇਟ ਕੇ ਰਾਤ ਕਟਦੇ ਸਨ ਹਾਲਾਂ ਕਿ ਉਸ ਸਮੇਂ ਗੁਰੂ ਅਰਜਨ ਦੇਵ ਜੀ ਸਾਖਿਆਤ ਰੱਬੀ ਰੂਪ ਗੁਰੂ ਸਨ ਅਤੇ ਆਦਿ ਗ੍ਰੰਥ ਸਾਹਿਬ ਉਸ ਵਕਤ ਤਕ ਗੁਰਗਦੀ ਤੇ ਸ਼ਸ਼ੋਭਤ ਨਹੀਂ ਸਨ ਹੋਏ। ਪਰ ਗੁਰੂ ਅਰਜਨ ਦੇਵ ਜੀ ਮਹਾਰਾਜ ਜਾਣਦੇ ਸਨ ਕਿ ਇਹ ਇਲਾਹੀ ਬਾਣੀ ਦਾ ਸਰੂਪ ਮਾਨਵਤਾ ਦਾ ਗੁਰੂ ਬਣ ਕੇ ਸਾਰੀ ਲੋਕਾਈ ਦੇ ਤਪਦੇ ਮਨਾਂ ਨੂੰ ਸ਼ਾਂਤ ਕਰੇਗਾ। ਇਸ ਲਈ ਗੁਰੂ ਸਾਹਿਬ ਦੇ ਦਿਲ ਵਿਚ ਆਦਿ ਗ੍ਰੰਥ ਸਾਹਿਬ ਦਾ ਸਤਿਕਾਰ ਅਦੁਤੀ ਸੀ, ਪਿਆਰ ਲਾਮਿਸਾਲ ਸੀ ਤੇ ਸ਼ਰਧਾ ਅਪਰੰਮ ਅਪਾਰ ਸੀ।

ਉਕਤ ਕੁਝ ਇਕ ਕਥਨਾਂ ਤੋਂ ਭਲੀ ਭਾਂਤ ਕੰਠ ਹੋ ਜਾਣਾ ਚਾਹੀਦਾ ਹੈ ਕਿ ਅਕਾਲ ਰੂਪ ਸ਼ਬਦ ਗੁਰੂ ਮਾਨਵਤਾ ਦਾ ਸਰਬ ਪ੍ਰੀਐ ਰਹਿਬਰ ਹੈ ਤੇ ਪੂਰੀ ਸ਼ਰਧਾ ਭਾਵਨਾ ਨਾਲ ਇਸ ਦੇ ਲੜ ਲਗਣਾ ਖੁਸ਼ ਕਿਸਮਤੀ ਦੀ ਨਿਸ਼ਾਨੀ ਹੈ।

ਆਤਮਿਕ ਖੇਤਰ ਵਿਚ ਖੇੜਾ ਪਰਦਾਨ ਕਰਨ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਸ਼ਾਈ, ਧਾਰਮਿਕ, ਸਭਿਆਚਾਰਕ ਤੇ ਸੰਸਕ੍ਰਿਤਕ ਪੱਖਾਂ ਤੋਂ ਰਾਸ਼ਟਰੀ ਏਕਤਾ ਅਤੇ ਮਾਨਵੀ ਏਕਤਾ ਦੇ ਪਰਮਾਣਾਂ ਨਾਲ ਲਬਰੇਜ਼ ਗ੍ਰੰਥ ਹੈ ਜਿਸ ਦੀ ਬਦੌਲਤ ਸਾਰਾ ਭਾਰਤ ਵਰਸ਼ ਕਈ ਤਰੀਕਿਆਂ ਨਾਲ ਇਸ ਦੀ ਮਾਲਾ ਵਿਚ ਪਰੋਇਆ ਚਲਿਆ ਆ ਰਿਹਾ ਹੈ। ਇਸ ਵਿਚ ਸ਼ਰਧਾਮਈ ਅਕੀਦਤ ਨਾ ਰਖਣ ਵਾਲਾ ਪਾਠਕ ਵੀ ਇਸ ਦੀ ਬਾਣੀ ਵਿਚ ਆਏ ਸ਼ਬਦਾਂ ਕਰ ਕੇ ਮਰਾਠੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਪੰਜਾਬੀ ਤੇ ਹੋਰ ਅਨੇਕਾਂ ਭਾਸ਼ਾਵਾਂ ਦੇ ਦਰਸ਼ਨ ਕਰ ਕੇ ਭਾਸ਼ਾਈ ਪਖੋਂ ਦੇਸ਼ ਨਾਲ ਹੋਰ ਘਨਿਸ਼ਟ ਤੇ ਨੇੜੇ ਦੀ ਸਾਂਝ ਪਾ ਲੈਂਦਾ ਹੈ।

ਰਾਸ਼ਟਰੀ ਏਕਤਾ ਲਈ ਦੂਜੇ ਧਰਮਾਂ ਦਾ ਪਿਆਰ ਸਤਿਕਾਰ ਹੋਣਾ ਲਾਜ਼ਮੀ ਜੁਜ਼ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਅਕੀਦੇ ਨਾਲ ਮੇਲ ਖਾਂਦੇ ਦੂਜੇ ਧਰਮਾਂ ਦੇ 30 ਮਹਾਂਪੁਰਖਾਂ ਦੀ ਬਾਣੀ ਹੋਣ ਕਾਰਨ ਇਸ ਤੋਂ ਵਧ ਸ਼ਕਤੀ ਨਾਲ ਰਾਸ਼ਟਰੀ ਭਾਵਨਾ ਜਗਾਉਣ ਵਾਲਾ ਹੋਰ ਕੋਈ ਗ੍ਰੰਥ ਨਹੀਂ ਤੇ ਨਾ ਹੀ ਕੋਈ ਸਾਹਿਤ ਹੈ। ਇਸ ਵਿਚ ਚੰਗੇ ਮੁਸਲਮਾਨ, ਚੰਗੇ ਬਰਾਹਮਣ, ਚੰਗੇ ਕਾਜ਼ੀ, ਚੰਗੇ ਗਿਆਨੀ, ਚੰਗੇ ਸਾਧਕ, ਚੰਗੇ ਯੋਗੀ ਦੇ ਵਸਫ ਦਸ ਕੇ ਉਨ੍ਹਾਂ ਦੀ ਜੋ ਪਰਿਭਾਸ਼ਾ ਕੀਤੀ ਗਈ ਹੈ ਉਹ ਆਦਰਸ਼ਕ ਹੈ, ਅਣਮੋਲ ਹੈ। ਇਥੇ ਹੀ ਬੱਸ ਨਹੀਂ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ 31 ਰਾਗਾਂ ਦਾ ਵਰਨਣ ਹੈ ਉਹ ਵੀ ਸਮੁੱਚੇ ਭਾਰਤ ਦੇ ਸੰਗੀਤਕ ਖੇਤਰਾਂ ਦੀ ਬੇਤਰੀਨ ਤਰਜਮਾਨੀ ਕਰਦੇ ਹਨ।

ਸੂਫੀਆਂ ਦੇ ਮਨ ਪਸੰਦ ਰਾਗ ਜਿਵੇਂ ਆਸਾ, ਸੂਹੀ ਤੇ ਬਿਲਾਵਲ; ਰਾਜਪੂਤਾਂ ਦਾ ਰਾਗ ਮਾਰੂ , ਗੁਜਰਾਂ ਦਾ ਰਾਗ ਗੂਜਰੀ ਅਤੇ ਸਿਧਾਂ ਦਾ ਰਾਗ ਰਾਮਕਲੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਆਪਣਾ ਸਥਾਨ ਪਾ ਕੇ ਮਾਨਵਤਾ ਦੀ ਗੂਹੜੀ ਸਾਂਝ ਦੇ ਪਰਤੀਕ ਹੋ ਕੇ ਇਕ ਅਨੋਖੀ ਮਿਸਾਲ ਪੇਸ਼ ਕਰਦੇ ਹਨ। ਸਚ ਤਾਂ ਇਹ ਹੈ ਕਿ ਇਸ ਬਹੁ ਮੁਲੇ ਗ੍ਰੰਥ ਵਿਚੋਂ ਮਨੁੱਖੀ ਏਕੇ ਦੇ ਭਰਪੂਰ ਦਰਸ਼ਨ ਹੁੰਦੇ ਹਨ। ਇਹ ਸਾਰਾ ਕੁਝ ਜਾਣ ਕੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਉਹ ਸਭ ਕੁਝ ਬਹੁਤਾਤ ਵਿਚ ਮੌਜੂਦ ਹੈ ਜੋ ਮਨੁੱਖ ਨੂੰ ਸਰਬ ਪਖੀ ਕਾਮਲ ਇਨਸਾਨ ਬਣਾਨ ਲਈ ਲੋੜੀਂਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਲਾਸਾਨੀ ਸਰੂਪ ਦੇ ਅਧਿਐਨ ਪਿਛੋਂ ਨਾਮਵਰ ਭਾਸ਼ਾ ਵਿਗਿਆਨੀ ਡਾ. ਸੀਤਾ ਰਾਮ ਬਾਹਰੀ ਬੜੇ ਰੋਚਕ ਢੰਗ ਨਾਲ ਇਸ ਮਹਾਨ ਗੁਰਬਾਣੀ ਪ੍ਰਤੀ ਆਪਣੀ ਸ਼ਰਧਾ ਦੇ ਫੁੱਲ ਅਰਪਤ ਕਰਦਿਆਂ ਕਹਿੰਦਾ ਹੈ "ਜੇਕਰ ਕਦੇ ਭਾਰਤ ਨੇ ਕੋਈ ਸਾਂਝੀ ਭਾਸ਼ਾ ਅਪਣਾਈ ਤਾਂ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੁਖਮਨੀ ਸਾਹਿਬ ਵਾਲੀ ਭਾਸ਼ਾ ਹੋਵੇਗੀ। ਇਕ ਗੱਲ ਹੋਰ ਇਹ ਕਿ ਜੇਕਰ ਕੋਈ ਵਿਅਕਤੀ ਸੁਖਮਨੀ ਸਾਹਿਬ ਨੂੰ ਉਚ ਪਾਏ ਦੀ ਧਾਰਮਿਕ ਕਿਰਤ ਕਹਿ ਕੇ ਉਸ ਅੱਗੇ ਸਿਰ ਨਾ ਵੀ ਨਿਵਾਏ ਤਦ ਵੀ ਉਸ ਨੂੰ ਇਸ ਦੇ ਸਾਹਿਤਕ ਸੁਆਦ ਤੇ ਆਤਮਿਕ ਬੁਲੰਦੀ ਅੱਗੇ ਸਿਰ ਝੁਕਾਉਣਾ ਹੀ ਪਵੇਗਾ।"

ਨਾਨਕੁ ਬੋਲੈ ਅੰਮ੍ਰਿਤ ਬਾਣੀ॥ (ਮ-1, ਪੰਨਾ-877)

ਭਾਰਤ ਦਾ ਮਹਾਨ ਸਪੂਤ ਪ੍ਰੋ : ਪੂਰਨ ਸਿੰਘ, ਜਿਸ ਨੂੰ ਪੰਜਾਬ ਦਾ ਛੇਵਾਂ ਦਰਿਆ ਵੀ ਕਿਹਾ ਜਾਂਦਾ ਹੈ ਗੁਰੂ ਗ੍ਰੰਥ ਸਾਹਿਬ ਦੀ ਅਜ਼ਮਤ (ਵਡਿਤਣ) ਵਿਚ ਲਿਖਦਾ ਹੈ : **"ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਆਸਰੇ ਸਭ ਵਿਵਹਾਰਕ ਖੇਡ ਹੈ। ਜਿੰਦ ਜਾਨ ਵਾਲਾ ਐਸਾ ਕੋਈ ਫਕੀਰ ਨਹੀਂ ਜਿਹੜਾ ਗੁਰਬਾਣੀ ਦੇ ਰਾਜ਼ ਦਾ ਕਾਇਲ ਨਹੀਂ ਪਰ ਸਤਿਗੁਰਾਂ ਦੇ ਸਿੱਖਾਂ ਨੂੰ ਗੁਰਬਾਣੀ ਸਾਧਾਰਨ ਸਾਹਿਤ ਰੂਪ ਵਿਚ ਨਹੀਂ ਦਿਸਦੀ, ਅਸੀਂ ਤਾਂ ਇਸ ਬਾਣੀ ਦੇ ਬੱਚੇ ਹਾਂ ਅਤੇ ਇਸ ਤੋਂ ਬਿਨਾਂ ਜੀ ਹੀ ਨਹੀਂ ਸਕਦੇ। ਸਾਡੀਆਂ ਨਾੜਾਂ ਤੇ ਦਿਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਲਹੂ ਚਲਦਾ ਹੈ। ਅਸੀਂ ਇਸ ਬਾਣੀ ਦੇ ਸਾਜੇ ਹੋਏ ਹਾਂ, ਇਹ ਬਾਣੀ ਸਾਡੀ ਕਰਤਾਰ ਹੈ।"**

ਗੁਰਬਾਣੀ ਵਰਤੀ ਜਗ ਅੰਤਰਿ
ਇਸੁ ਬਾਣੀ ਤੇ ਹਰਿਨਾਮੁ ਪਾਇਦਾ॥ (ਮ-3, ਪੰਨਾ-1066)

Spirit of Oriental Poetry ਨਾਮੀ ਆਪਣੀ ਪੁਸਤਕ ਵਿਚ ਅਣਦਿਸਦੇ ਵਾਹਿਗੁਰੂ ਨਾਲ ਅਟੁੱਟ ਪ੍ਰੀਤ ਗੰਢੀ ਰਖਣ ਦੀ ਜੁਗਤ-ਜਾਚ ਦਸਣ ਵਾਲੇ ਗੁਰੂ ਗ੍ਰੰਥ ਸਾਹਿਬ ਬਾਰੇ ਪ੍ਰੋ: ਪੂਰਨ ਸਿੰਘ ਹੋਰ ਲਿਖਦਾ ਹੈ : (1) *Guru Granth Sahib* is thus the deathless song of the pilgrims on their way to Golden Temple. The song that the father has written for his sons. The song is unending, every page of creation is new life and inspiration, so is *Guru Granth Sahib.* (Page-96) (2) The *Guru Granth Sahib* is the history of Sikh soul and its translation is to come through the social reconstruction of human society as

the Khalsa, where men shall reign in love and not in hatred. It is significant that none of ten Gurus ever wrote a line of prose, what they did is poetry & music. Their whole lives are ten long songs. The people they treated are poems, the epic description of their inner state giving a glimpse of their imminence of personality. (Guru Gobind Singh-Page 95) (3) *Guru Granth Sahib* is not full of repetition, it has thousand blank pages with the one song of His heart copied out on every page. ਭਾਵ (1) "ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਸ਼ਰਧਾਲੂ ਯਾਤਰੂਆਂ ਦਾ ਮੌਤ-ਰਹਿਤ ਸਦੀਵੀ ਗੀਤ ਹੈ ਜਿਹੜੇ ਸੁਨਹਿਰੀ ਮੰਦਰ (ਪ੍ਰਭੂ ਧਾਮ) ਦੀ ਜ਼ਿਆਰਤ ਤੇ ਨਿਕਲੇ ਹਨ। ਇਹ ਗੀਤ ਉਹ ਹੈ ਜੋ ਅਕਾਲਪੁਰਖ ਪਿਤਾ ਨੇ ਆਪਣੇ ਬੱਚਿਆਂ ਲਈ ਲਿਖਿਆ ਹੈ। ਇਹ ਗੀਤ ਕਦੇ ਵੀ ਸਮਾਪਤ ਨਾ ਹੋਣ ਵਾਲਾ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਹਰ ਪੰਨੇ ਤੇ ਨਵੀਂ ਜ਼ਿੰਦਗੀ ਤੇ ਪਰੇਰਨਾ ਦੀ ਝਲਕ ਮਿਲਦੀ ਹੈ।" (2) "ਗੁਰੂ ਗ੍ਰੰਥ ਸਾਹਿਬ ਸਿੱਖ ਆਤਮਾ ਦਾ ਪੂਰਨ ਇਤਿਹਾਸ ਹੈ ਅਤੇ ਇਸ ਦੀ ਤਰਜਮਾਨੀ ਖਾਲਸੇ ਦੇ ਰੂਪ ਵਿਚ ਮਾਨਵੀ ਸੁਸਾਇਟੀ ਦੀ ਪੁਨਰ ਉਸਾਰੀ ਵਜੋਂ ਸਾਹਮਣੇ ਆਉਂਦੀ ਹੈ ਜਿਸ ਵਿਚ ਮਨੁੱਖ ਪਿਆਰ ਨਾਲ ਰਹਿੰਦਾ ਹੈ ਨਫਰਤ ਵਿਚ ਨਹੀਂ। ਇਹ ਗੱਲ ਬੜੀ ਮਹੱਤਵਪੂਰਣ ਹੈ ਕਿ ਦਸ ਗੁਰੂ ਸਾਹਿਬਾਨ ਵਿਚੋਂ ਕਿਸੇ ਨੇ ਵੀ ਇਕ ਲਾਈਨ ਵਾਰਤਕ ਦੀ ਨਹੀਂ ਲਿਖੀ, ਜੋ ਕੁਝ ਉਨ੍ਹਾਂ ਉਚਰਿਆ ਹੈ ਉਹ ਕਵਿਤਾ ਤੇ ਸੰਗੀਤ ਹੈ। ਉਨ੍ਹਾਂ ਦੇ ਸਮੁੱਚੇ ਜੀਵਨ ਦਸ ਲੰਮੇ ਲੰਮੇ ਗੀਤ ਹਨ। ਜਿਨ੍ਹਾਂ ਲੋਕਾਂ ਨਾਲ ਉਨ੍ਹਾਂ ਦਾ ਵਾਹ ਰਿਹਾ ਹੈ ਉਹ ਅਜਿਹੀਆਂ ਕਵਿਤਾਵਾਂ ਸਨ ਜਿਨ੍ਹਾਂ ਵਿਚ ਅੰਦਰੂਨੀ ਸਥਿਤੀ ਦਾ ਵਰਣਨ ਮਹਾਂ ਕਾਵਿ ਦੇ ਰੂਪ ਵਿਚ ਕੀਤਾ ਗਿਆ ਹੈ ਤੇ ਜਿਨ੍ਹਾਂ ਤੋਂ ਸ਼ਖਸੀਅਤ ਦੇ ਬੇਤਰੀਨ ਤੇ ਭਰਵੇਂ ਝਲਕਾਰੇ ਮਿਲਦੇ ਹਨ।" (3) "ਗੁਰੂ ਗ੍ਰੰਥ ਸਾਹਿਬ ਵਿਚ ਦੁਹਰਾਓ ਨਹੀਂ ਹੈ। ਇਸ ਵਿਚ ਹਜ਼ਾਰਾਂ ਖਾਲੀ ਪੰਨੇ ਹਨ ਜਿਨ੍ਹਾਂ ਤੇ ਇਕੋ ਅਕਾਲਪੁਰਖ ਦੇ ਪਵਿੱਤਰ ਹਿਰਦੇ ਦਾ ਗੀਤ ਲਿਖਿਆ ਹੋਇਆ ਹੈ ਅਤੇ ਜਿਸ ਦੀ ਨਕਲ ਹਰ ਪੰਨੇ ਤੇ ਕੀਤੀ ਗਈ ਹੈ।" ਇਹ ਹੈ ਇਕ ਗੁਰਸਿੱਖ ਦੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਨੂਠੀ ਸ਼ਰਧਾ। ਲਿਖਤ ਦਾ ਅੱਖਰ ਅੱਖਰ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਦੁੱਤੀ ਸਤਿਕਾਰ ਵਿਚ ਭਿਜਿਆ ਤੇ ਭਰਿਆ ਪਿਆ ਹੈ।

ਅੰਤ ਵਿਚ ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਵਿਥਾਂ ਮਿਟਾਉਣ ਵਾਲੇ, ਸਾਂਝੀਵਾਲਤਾ ਵਧਾਉਣ ਵਾਲੇ, ਆਤਮਿਕ ਕਲਿਆਣ ਲਈ ਸਿਧਾਂਤ ਸਮਝਾਉਣ ਵਾਲੇ ਇਸ ਸ਼ਾਬਦਿਕ ਗੁਰੂ ਵਿਚ ਅਥਾਹ ਨਿਸਚਾ ਰਖਣ ਨਾਲ ਇਨਸਾਨੀ ਜੀਵਨ ਵਿਚ ਸਮਾ ਰਹੀ ਪੀੜਾ ਸਹਿਜੇ ਹੀ ਹਰ ਸਕਦੀ ਹੈ ਤੇ ਮਨੁੱਖ ਮਾਤਰ ਆਪਣੇ ਅਨੰਦਮਈ ਮੂਲ ਸਰੋਤ ਨਾਲ ਜੁੜ ਸਕਦਾ ਹੈ। ਮਾਨਵਤਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਇਹ ਕਿਤਨੀ ਮਹਾਨ ਦੇਣ ਹੈ ਪਰ ਕੀ ਇਹ ਅਕਿਰਤਘਣਤਾ ਨਹੀਂ ਕਿ ਸਿੱਖੀ ਸਰੂਪ ਧਾਰਨ ਕਰਕੇ ਵੀ ਕੁਝ ਅਖੌਤੀ ਪੜ੍ਹਾਕੂ ਇਸ ਰੱਬੀ ਜੋਤ ਬਾਰੇ ਕੁਝ ਘਟੀਆ ਤੇ ਅਸਭਯ ਘੁੰਨਤਰਾਂ ਕੱਢ ਕੇ ਆਪਣੇ ਅੰਦਰ ਦੇ ਦੀਵਾਲੀਏਪੰਨ ਦਾ ਪਰਦਰਸ਼ਨ ਕਰਨ ਵਿੱਚ ਵੀ ਸ਼ਰਮ ਮਹਿਸੂਸ ਨਹੀਂ ਕਰ ਰਹੇ। ਵਾਹਿਗੁਰੂ ਉਨ੍ਹਾਂ ਨੂੰ ਸੁਮੱਤ ਬਖਸ਼ਣ।

ਮਾਧੋ ਹਮ ਐਸੇ ਤੂ ਐਸਾ

ਗੁਰੂ ਗ੍ਰੰਥ ਸਾਹਿਬ ਬਾਰੇ

ਕੁਝ ਹੋਰ ਰੌਚਕ ਜਾਣਕਾਰੀ

ਗੁਰੂ ਅਰਜਨ ਦੇਵ ਜੀ ਨੇ ਸਿੱਖ ਕੌਮ ਨੂੰ ਸੰਗਠਤ ਕਰਨ ਵਿਚ ਬਹੁਤ ਉਦਮ ਕੀਤੇ। ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਵਿਚ ਹਰਿਮੰਦਰ ਉਸਰਵਾਇਆ। ਇਸ ਦੇ ਚਾਰ ਦਰਵਾਜ਼ੇ ਰੱਖ ਕੇ ਇਸ ਨੂੰ ਸਭ ਧਰਮਾਂ ਦਾ ਸਾਂਝਾ ਤੀਰਥ ਬਣਾ ਦਿੱਤਾ। ਇਸ ਦੀ ਨੀਂਹ ਇਕ ਮੁਸਲਮਾਨ ਸੂਫੀ ਦਰਵੇਸ਼ ਮੀਆਂ ਮੀਰ ਪਾਸੋਂ ਰਖਵਾ ਕੇ ਉਸ ਸਮੇਂ ਕਟੜਪੁਣੇ ਵਿਚ ਜਲ ਰਹੀ ਲੋਕਾਈ ਨੂੰ ਉਦਾਰਚਿਤਤਾ ਤੇ ਫਰਾਖਦਿਲੀ ਦਾ ਸਬਕ ਪੜ੍ਹਾਇਆ। ਗੁਰੂ ਗ੍ਰੰਥ ਸਾਹਿਬ ਵਿਚ ਹਰ ਧਰਮ, ਮਜ਼ਹਬ, ਕੌਮ ਤੇ ਇਲਾਕੇ ਦੇ ਮਹਾਂਪੁਰਸ਼ਾਂ ਦੀ ਬਾਣੀ ਇੱਕਠੀ ਕਰਨ ਉਪਰੰਤ ਉਸ ਦੀ ਸੰਪਾਦਨਾ ਕਰਕੇ 'ਆਦਿ ਗ੍ਰੰਥ' ਦੀ ਸਿਰਜਨਾ ਕੀਤੀ। 'ਪੋਥੀ ਪਰਮੇਸਰ ਕਾ ਥਾਨੁ' ਨਾਮੀ ਇਹ ਪਵਿੱਤਰ ਆਦਿ ਗ੍ਰੰਥ, 15 ਅਗਸਤ 1604 ਈ: ਨੂੰ ਸੰਪੂਰਨ ਹੋਇਆ। ਭਾਈ ਬਨੋ ਨੇ ਲਾਹੌਰ ਜਾ ਕੇ ਇਸ ਦੀ ਜਿਲਦ ਬੰਦੀ ਕਰਵਾਈ। ਬਾਬਾ ਬੁੱਢਾ ਜੀ ਨੇ ਇਸ ਪਵਿੱਤਰ ਗ੍ਰੰਥ ਨੂੰ ਆਪਣੇ ਸੀਸ ਤੇ ਸ਼ਸ਼ੋਭਤ ਕੀਤਾ ਅਤੇ ਗੁਰੂ ਅਰਜਨ ਦੇਵ ਜੀ ਖੁਦ ਚੌਰ ਸਾਹਿਬ ਦੀ ਸੇਵਾ ਕਰਦੇ ਰਹੇ ਅਤੇ ਇਵੇਂ ਇਕ ਸ਼ਾਨਦਾਰ ਨਗਰ ਕੀਰਤਨ ਦੀ ਸ਼ਕਲ ਵਿਚ ਇਹ ਆਦਿ ਗ੍ਰੰਥ ਸਾਹਿਬ ਰਾਮਸਰ ਤੋਂ ਹਰਿਮੰਦਰ ਸਾਹਿਬ ਵਿਚ ਪਰਵੇਸ਼ ਹੋਏ ਅਤੇ 30 ਅਗਸਤ 1604 ਈ: ਨੂੰ ਇਸ ਇਲਾਹੀ ਗ੍ਰੰਥ ਦਾ ਪਹਿਲੀ ਵਾਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਕਾਸ਼ ਹੋਇਆ। ਪ੍ਰਥਮ ਗ੍ਰੰਥੀ ਭਾਈ ਬੁੱਢਾ ਜੀ ਨੇ ਪਹਿਲਾ ਹੁਕਮਨਾਮਾ ਲਿਆ। ਜੋ ਫਰਮਾਨ ਉਸ ਸਮੇਂ ਨਿਕਲਿਆ, ਉਹ ਇਸ ਪ੍ਰਕਾਰ ਹੈ :-

ਸੂਹੀ ਮਹਲਾ 5

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ (ਡਰ)॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ।।
ਨਵਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ॥.....

(ਪੰਨਾ-783)

ਆਦਿ ਗ੍ਰੰਥ ਸਾਹਿਬ ਦੇ ਇਸ ਪ੍ਰਥਮ ਹੁਕਮਨਾਮੇ ਦਾ ਇਤਨੇ ਨੇੜੇ ਦਾ ਸੁਮੇਲ ਉਸ 'ਪਵਿੱਤਰ ਸਰੋਵਰ' 'ਹਰਿਮੰਦਰ' ਤੇ 'ਸੰਤਾਂ ਦੇ ਕਾਰਜ' ਨਾਲ ਦੇਖ ਕੇ ਸੰਗਤਾਂ ਵਿਸਮਾਦ ਵਿਚ ਆ ਗਈਆਂ ਅਤੇ ਸਭ ਨੇ ਇਵੇਂ ਮਹਿਸੂਸ ਕੀਤਾ ਕਿ ਸਭ ਕੁਝ ਵਾਹਿਗੁਰੂ ਆਪ ਹੀ ਕਰ ਤੇ ਕਰਵਾ ਰਹੇ ਹਨ। ਇਵੇਂ ਆਦਿ ਗ੍ਰੰਥ ਸਾਹਿਬ ਦੇ ਹਰਿਮੰਦਰ ਸਾਹਿਬ ਵਿਚ ਇਸ ਸਤਿਕਾਰੀ ਭਾਵਨਾ ਨਾਲ ਬਿਰਾਜਮਾਨ ਹੋ ਜਾਣ ਨਾਲ ਵਿਸ਼ਵ ਦੇ ਅਧਿਆਤਮਿਕ ਇਤਿਹਾਸ ਵਿਚ ਇਕ ਅਹਿਮ ਘਟਨਾ ਵਾਪਰੀ। ਹਰ ਰੋਜ਼ ਰਾਤ ਨੂੰ ਜਦ ਆਦਿ ਗ੍ਰੰਥ ਸਾਹਿਬ ਦਾ ਸੁਖ ਆਸਨ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਸੁਖ ਆਸਨ ਵਾਲੇ ਪਲੰਘ ਦੇ ਨਾਲ ਥਲੇ ਜ਼ਮੀਨ ਤੇ ਹੀ ਲੇਟ ਜਾਂਦੇ ਤੇ ਇਸ ਤਰ੍ਹਾਂ ਖੁਦ ਅਕਾਲਪੁਰਖ ਦਾ ਰੂਪ ਹੋਣ ਦੇ ਬਾਵਜੂਦ ਵੀ ਉਹ ਆਦਿ ਗ੍ਰੰਥ ਸਾਹਿਬ ਦਾ ਬੇਹਦ ਸਤਿਕਾਰ ਕਰਦੇ। ਉਹ ਜਾਣੀ ਜਾਣ ਸਨ ਤੇ ਜਾਣਦੇ ਸਨ ਕਿ ਕੁਝ ਸਮਾਂ ਪਾ ਕੇ ਇਹੀ ਪਰਮੇਸ਼ਰ ਰੂਪੀ ਪੋਥੀ ਮਾਨਵਤਾ ਦਾ ਜੁਗੋ ਜੁਗ ਅਟੱਲ ਗੁਰੂ ਬਣਕੇ ਉਸ ਦਾ ਪਥ ਪਰਦਰਸ਼ਨ ਕਰਿਆ ਕਰੇਗੀ। ਇਸ ਲਈ ਉਨ੍ਹਾਂ ਨੇ ਆਪਣੇ ਹਿਰਦੇ ਦੀਆਂ ਡੂੰਘਾਈਆਂ ਤੋਂ ਇਸ ਹੋਣ ਵਾਲੇ ਸ਼ਬਦ ਗੁਰੂ ਦਾ ਅਦਬ ਸਤਿਕਾਰ ਆਪ ਕੀਤਾ ਤੇ ਸੰਗਤਾਂ ਤੋਂ ਵੀ ਕਰਵਾਇਆ। ਇਸ ਪ੍ਰਥਮ ਪ੍ਰਕਾਸ਼ ਦਿਵਸ ਨੂੰ ਸਿੱਖ ਜਗਤ ਵਿੱਚ ਬੜੇ ਚਾਵਾਂ ਤੇ ਮਲਹਾਰਾਂ ਨਾਲ ਮਨਾਇਆ ਜਾਂਦਾ ਹੈ। ਸਮੂਹ ਸਿੱਖ ਸੰਗਤਾਂ 2004 ਈ. ਵਿਚ ਇਸ ਪਵਿੱਤਰ ਅਵਸਰ ਦੀ ਚਾਰ ਸੌਵੀਂ ਵਰ੍ਹੇ ਗੰਢ ਮਨਾਉਣਗੀਆਂ। ਇਸ ਬਾਰੇ ਵਿਸ਼ਵ ਪੱਧਰ ਤੇ ਪ੍ਰੋਗਰਾਮ ਹੁਣ ਤੋਂ ਹੀ ਉਲੀਕੇ ਜਾਣੇ ਚਾਹੀਦੇ ਹਨ ਤਾਂ ਕਿ ਸੰਸਾਰ ਭਰ ਵਿਚ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਵਧ ਸਕੇ ਤੇ ਦੁਨੀਆ ਦਾ ਆਤਮਿਕ ਕਲਿਆਨ ਹੋ ਸਕੇ। ਅਲੱਗ ਸ਼ਬਦ ਯੱਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.) ਲੁਧਿਆਣਾ ਇਸ ਅਵਸਰ ਦੀ ਵਿਸ਼ਵ ਵਿਆਪੀ ਮਹੱਤਤਾ ਨੂੰ ਦੇਖਦਿਆਂ ਹੋਇਆਂ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਇਕ ਦਰਜਨ ਉੱਚ ਪਾਏ ਦੀਆਂ ਗੁਰਮਤਿ ਪੁਸਤਕਾਂ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿੱਚ ਛਾਪ ਕੇ ਤਿਆਰ ਕਰ ਚੁੱਕਾ ਹੈ ਅਤੇ 9 ਤਾਂ ਇਸ ਸਮੇਂ ਵੰਡੀਆਂ ਵੀ ਜਾ ਰਹੀਆਂ ਹਨ। ਬਹੁਤ ਵੱਡੀ ਮਾਤਰਾ ਵਿੱਚ ਹੋਰ ਅਜਿਹਾ ਸਾਹਿਤ ਛਾਪ ਕੇ ਵੰਡਣ ਦਾ ਟਰੱਸਟ ਦਾ ਪ੍ਰੋਗਰਾਮ ਹੈ।

ਆਦਿ ਗ੍ਰੰਥ ਸਾਹਿਬ ਵਿਚੋਂ ਦੂਜਾ ਇਤਿਹਾਸਕ ਹੁਕਮਨਾਮਾ 7 ਅਕਤੂਬਰ 1708 ਨੂੰ ਨਾਦੇੜ ਵਿਖੇ ਉਸ ਸਮੇਂ ਲਿਆ ਗਿਆ ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਆਦਿ ਗ੍ਰੰਥ ਨੂੰ ਗੁਰੂ ਦੀ ਪਦਵੀ ਨਾਲ ਸ਼ੋਭਨੀਕ ਕਰਕੇ ਇਨ੍ਹਾਂ ਅੱਗੇ ਆਪਣਾ ਸੀਸ ਨਿਵਾਇਆ ਤੇ ਇਨ੍ਹਾਂ ਨੂੰ ਸ੍ਰੀ ਗੁਰੂ ਸਾਹਿਬ ਦਾ ਸਨਮਾਨਜਨਕ ਦਰਜਾ ਦੇ ਕੇ ਆਪਣੀ ਆਤਮਾ ਗੁਰੂ ਗ੍ਰੰਥ ਸਾਹਿਬ ਵਿਚ ਸਮੋ ਦਿੱਤੀ ਤੇ ਸਗੀਰ ਖਾਲਸਾ ਪੰਥ ਵਿਚ ਵਲੀਨ ਕਰ ਦਿੱਤਾ। ਉਸ ਵਕਤ ਗੁਰੂ ਗ੍ਰੰਥ ਸਾਹਿਬ ਵਿਚੋਂ ਜੋ ਹੁਕਮਨਾਮਾ ਨਿਕਲਿਆ ਉਸ ਦੇ ਬੋਲ ਇਸ ਪ੍ਰਕਾਰ ਹਨ :-

ਮਾਰੂ ਮ-5

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥

ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥
ਅਬ ਮੋਹਿ ਜੀਵਨ ਪਦਵੀ ਪਾਈ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ
ਸੰਤਨ ਕੀ ਸਰਣਾਈ॥ ਰਹਾਉ॥. . . . . (ਪੰਨਾ-1000)

ਇਸ ਹੁਕਮਨਾਮੇ ਦੇ ਬੋਲ ਵੀ ਮੌਕੇ ਮੁਤਾਬਕ ਕਿਤਨੇ ਢੁਕਵੇਂ ਹਨ ਜਿਵੇਂ ਕਿ ਅਕਾਲਪੁਰਖ ਖੁਦ ਆਪਣਾ ਫਰਮਾਨ ਜਾਰੀ ਕਰ ਰਹੇ ਹਨ ਤੇ ਮਾਨਵਤਾ ਨੂੰ 'ਹਰਿ ਹਰਿ ਕੀਰਤਨ' ਗਾਣ ਦਾ ਉਪਦੇਸ਼ ਦੇ ਰਹੇ ਹਨ ਜਿਸ ਦਾ ਬਹੁ-ਪਰਕਾਰੀ ਸਰੂਪ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਖੁਦ ਹਨ। ਇਸ ਅਵਸਰ ਤੇ ਗੁਰੂ ਗੋਬਿਦ ਸਿੰਘ ਜੀ ਮਹਾਰਾਜ ਨੇ 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ' ਦੀ ਤਾਕੀਦ ਕੀਤੀ ਤੇ ਜੋਤੀ ਜੋਤ ਸਮਾ ਗਏ।

ਜੋਤੀ ਜੋਤ ਰਲੀ
ਸੰਪੂਰਣ ਥੀਆ ਰਾਮ॥ (ਪੰਨਾ-885)

ਸ਼ਬਦ ਨਖੇੜ :

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਸ਼ਬਦਾਂ ਦਾ ਨਖੇੜ

1. 6 ਸਿੱਖ ਗੁਰੂ ਸਾਹਿਬਾਨ ਦੀ ਬਾਣੀ ਦਾ ਵੇਰਵਾ:

1. ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ	974 ਸ਼ਬਦ
2. ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ	62 ਸ਼ਬਦ
3. ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ	907 ਸ਼ਬਦ
4. ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ (30 ਰਾਗਾਂ ਵਿਚ ਬਾਣੀ ਰਚੀ)	679 ਸ਼ਬਦ
5. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ (30 ਰਾਗਾਂ ਵਿਚ ਬਾਣੀ ਰਚੀ)	2218 ਸਬਦ
6. ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ	116 ਸ਼ਬਦ
(31ਵੇਂ ਰਾਗ ਜੈ ਜੈਵੰਤੀ ਵਿਚ ਵੀ ਬਾਣੀ ਰਚੀ)	
ਜੋੜ=4956 ਸ਼ਬਦ	

2. 15 ਭਾਰਤੀ ਭਗਤਾਂ ਦੀ ਬਾਣੀ

ਭਾਰਤ ਦੇ ਵੱਖ ਵੱਖ ਇਲਾਕਿਆਂ, ਧਰਮਾਂ, ਜ਼ਾਤਾਂ, ਅਕੀਦਿਆਂ ਦੇ ਧਾਰਨੀ 15 ਭਗਤਾਂ ਦੀ ਬਾਣੀ ਦਾ ਵੇਰਵਾ ਨਿਮਨ ਅਨੁਸਾਰ ਹੈ :-

1. ਬਾਬਾ ਸ਼ੇਖ ਫਰੀਦ ਸਾਹਿਬ ਜੀ	116 ਸ਼ਬਦ
2. ਭਗਤ ਜੈ ਦੇਵ ਸਾਹਿਬ ਜੀ	2 ਸ਼ਬਦ
3. ਭਗਤ ਤਰਲੋਚਨ ਸਾਹਿਬ ਜੀ	4 ਸ਼ਬਦ
4. ਭਗਤ ਨਾਮ ਦੇਵ ਸਾਹਿਬ ਜੀ	61 ਸ਼ਬਦ
5. ਭਗਤ ਰਾਮਾ ਨੰਦ ਸਾਹਿਬ ਜੀ	1 ਸ਼ਬਦ
6. ਭਗਤ ਕਬੀਰ ਸਾਹਿਬ ਜੀ	541 ਸਬਦ
7. ਭਗਤ ਰਵਿਦਾਸ ਸਾਹਿਬ ਜੀ	40 ਸ਼ਬਦ
8. ਭਗਤ ਸੈਣ ਸਾਹਿਬ ਜੀ	1 ਸ਼ਬਦ
9. ਭਗਤ ਧੰਨਾ ਸਾਹਿਬ ਜੀ	3 ਸ਼ਬਦ
10. ਭਗਤ ਪੀਪਾ ਸਾਹਿਬ ਜੀ	1 ਸ਼ਬਦ
11. ਭਗਤ ਪਰਮਾਨੰਦ ਸਾਹਿਬ ਜੀ	1 ਸ਼ਬਦ
12. ਭਗਤ ਸੂਰਦਾਸ ਸਾਹਿਬ ਜੀ	1 ਸ਼ਬਦ

(ਮਹਾਨ ਕੋਸ਼ ਵਿਚ ਭਗਤ ਸੂਰਦਾਸ ਜੀ ਦੇ ਸ਼ਬਦਾਂ ਦੀ ਗਿਣਤੀ 2 ਦਿੱਤੀ ਗਈ

ਹੈ ਜੋ ਠੀਕ ਨਹੀਂ ਜਾਪਦੀ ਕਿਉਂਕਿ ਸੂਰਦਾਸ ਜੀ ਦੇ ਨਾਂ ਹੇਠ ਲਿਖਿਆ ਦੂਜਾ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਹੋਇਆ ਹੈ)

13. ਭਗਤ ਭੀਖਨ ਸਾਹਿਬ ਜੀ — 2 ਸ਼ਬਦ

(ਇਹ ਘੁੜਾਮ ਨਿਵਾਸੀ ਦਰਵੇਸ਼ ਭੀਖਮ ਸ਼ਾਹ ਨਹੀਂ ਹਨ)

14. ਭਗਤ ਸਧਨਾ ਸਾਹਿਬ ਜੀ — 1 ਸ਼ਬਦ

15. ਭਗਤ ਬੇਣੀ ਸਾਹਿਬ ਜੀ — 3 ਸ਼ਬਦ

ਜੋੜ= 778 ਸ਼ਬਦ

3. ਗੁਰੂ ਘਰ ਦੇ ਪ੍ਰੇਮੀ 4 ਗੁਰਸਿੱਖ ਸਾਹਿਬਾਨ ਦੀ ਬਾਣੀ

1. ਭਾਈ ਮਰਦਾਨਾ ਸਾਹਿਬ ਜੀ — 3. ਸ਼ਬਦ

(ਕੁਝ ਲੋਕੀਂ ਇਹ ਤਿੰਨ ਸ਼ਬਦ ਗੁਰੂ ਨਾਨਕ ਸਾਹਿਬ ਦੇ ਸਮਝਦੇ ਹਨ ਪਰ ਅਸਲ ਵਿਚ ਇਹ ਮਰਦਾਨਾ ਜੀ ਦੇ ਹੀ ਹਨ)

2. ਰਬਾਬੀ ਬਲਵੰਡ ਸਾਹਿਬ ਜੀ — 5 ਸ਼ਬਦ

3. ਰਬਾਬੀ ਸੱਤਾ ਸਾਹਿਬ ਜੀ — 3 ਸ਼ਬਦ

4. ਬਾਬਾ ਸੁੰਦਰ ਸਾਹਿਬ ਜੀ — 6 ਸ਼ਬਦ

ਜੋੜ= 17 ਸ਼ਬਦ

4. 11 ਅਰਸ਼ੀ ਭੱਟਾਂ ਦੀ ਬਾਣੀ

1. ਭੱਟ ਕਲ੍ਹ ਸਹਾਰ ਸਾਹਿਬ ਜੀ ਜਾਂ ਟੱਲ ਜੀ — 54 ਸ਼ਬਦ

(ਕੁਝ ਅਨੁਸਾਰ ਇਹੀ ਗਿਣਤੀ 56 ਸ਼ਬਦ ਹੈ।)

2. ਭੱਟ ਗਯੰਦ ਸਾਹਿਬ ਜੀ — 13 ਸ਼ਬਦ

3. ਭੱਟ ਭਿੱਖਾ ਸਾਹਿਬ ਜੀ — 2 ਸ਼ਬਦ

4. ਭੱਟ ਕੀਰਤ ਸਾਹਿਬ ਜੀ — 8 ਸ਼ਬਦ

5. ਭੱਟ ਮਥੁਰਾ ਸਾਹਿਬ ਜੀ — 12 ਸ਼ਬਦ

6. ਭੱਟ ਜਾਲਪ ਸਾਹਿਬ ਜੀ — 5 ਸ਼ਬਦ

7. ਭੱਟ ਸਲ੍ਹ ਸਾਹਿਬ ਜੀ — 3 ਸ਼ਬਦ

8. ਭੱਟ ਭਲ੍ਹ ਸਾਹਿਬ ਜੀ — 1. ਸ਼ਬਦ

9. ਭੱਟ ਬਲ੍ਹ ਸਾਹਿਬ ਜੀ — 5 ਸ਼ਬਦ

10. ਭੱਟ ਹਰਿਬੰਸ ਸਾਹਿਬ ਜੀ — 2 ਸ਼ਬਦ

11. ਭੱਟ ਨਲ੍ਹ ਸਾਹਿਬ ਜੀ — 16 ਸ਼ਬਦ

ਜੋੜ=121 ਸ਼ਬਦ

(ਕੁਝ ਵਿਦਵਾਨ ਇਨ੍ਹਾਂ 121 ਸ਼ਬਦਾਂ ਨੂੰ 123 ਸ਼ਬਦਾਂ ਵਿਚ ਵੰਡਦੇ ਹਨ।

ਸ਼ਬਦਾਂ ਦਾ ਸਮੁਚਾ ਜੋੜ=4956+778+17+121=5872

ਇਹ ਸਾਰੀ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 1430 ਪੰਨਿਆਂ ਵਿਚ ਸੁਭਾਇਮਾਨ ਹੈ। ਭਾਈ ਕਾਹਨ ਸਿੰਘ ਨਾਭਾ ਇਸ ਸਾਰੀ ਬਾਣੀ ਦੇ 5868 ਸ਼ਬਦ ਦੱਸਦੇ ਹਨ।

ਰਾਗ ਨਾਦ :

ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਰਾਗਾਂ ਦੇ ਨਾਂ ਤੇ ਵੇਰਵਾ

ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 30, 30 ਰਾਗਾਂ ਵਿਚ ਬਾਣੀ ਰਚੀ ਹੈ। ਇੱਕਤੀਵਾਂ ਰਾਗ ਜੈਜਾਵੰਤੀ, ਗੁਰੂ ਤੇਗ਼ ਬਹਾਦਰ ਜੀ ਨੇ ਵਰਤਿਆ ਹੈ। ਜਿਥੋਂ ਤਕ ਰਾਗਾਂ ਦੀ ਚੋਣ ਦਾ ਸੰਬੰਧ ਹੈ ਬਹੁਤ ਭੜਕੀਲੇ ਤੇ ਬਹੁਤ ਠੰਡੇ ਪਰਕਾਰ ਦੇ ਰਾਗਾਂ ਨੂੰ ਗੁਰਬਾਣੀ ਵਿਚ ਵਰਤਣ ਤੋਂ ਸੰਕੋਚ ਕੀਤਾ ਗਿਆ ਹੈ ਤਾਂ ਜੋ ਮਨੁੱਖੀ ਮਨ ਨਾ ਤਾਂ ਬਹੁਤਾ ਉਤੇਜਤ ਤੇ ਨਾ ਹੀ ਬਹੁਤਾ ਨਿਰਜਿੰਦ ਜਿਹੀ ਅਵਸਥਾ ਵਿਚ ਚਲਿਆ ਜਾਵੇ। ਇਨ੍ਹਾਂ ਰਾਗਾਂ ਦਾ ਮਨੋਰਥ ਆਤਮਾ ਨੂੰ ਅਨੰਤ ਪ੍ਰਮਾਤਮਾ ਦੀ ਯਾਦ ਵਿਚ ਹੁਲਾਰਾ ਦੇਣਾ ਹੈ ਅਤੇ ਆਤਮਾ ਨੂੰ ਰਾਗ ਤੇ ਸੰਗੀਤ ਦੇ ਮਧੁਰ ਪ੍ਰਭਾਵ ਸਦਕਾ ਅਨੰਦ ਤੇ ਇਕ ਸੁਰਤਾ ਦੀ ਸਥਿਤੀ ਵਿਚ ਲਿਆਉਣਾ ਹੈ। ਗੁਰਬਾਣੀ ਦੇ ਸ਼ਬਦ ਜਦ ਰਾਗਾਂ ਵਿਚ ਗਾਏ ਜਾਂਦੇ ਹਨ ਤਾਂ ਉਹ ਸਰੀਰ ਵਿਚ ਕੰਪਣ ਪੈਦਾ ਕਰਦੇ ਹਨ ਅਤੇ ਹੌਲੀ ਹੌਲੀ ਸੁਰਤ ਨੂੰ ਸਮਾਧੀ ਵਿਚ ਬਦਲ ਦੇਂਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ 1 ਤੋਂ 8 ਤਕ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਹੈ ਜੋ ਕਿ ਰਾਗ ਤੋਂ ਮੁਕਤ ਹੈ। ਪੰਨਾ 13 ਤਕ ਦੀ ਬਾਣੀ ਕਿਸੇ ਵਿਸ਼ੇਸ਼ ਰਾਗ ਵਿਚ ਨਹੀਂ। ਸਭ ਤੋਂ ਵੱਧ ਬਾਣੀ ਰਾਗ ਗਉੜੀ ਵਿਚ ਹੈ। ਸਾਰੇ ਰਾਗਾਂ ਦਾ ਤਤਕਰਾ ਨਿਮਨ ਅਨੁਸਾਰ ਹੈ।

1. ਰਾਗ ਸਿਰੀ ਰਾਗੁ	ਪੰਨਾ 14 ਤੋਂ 93
2. ਰਾਗੁ ਮਾਝ	94 ਤੋਂ 137 ਤਕ
	ਤੇ ਵਾਰ ਮਾਝ ਕੀ 137 ਤੋਂ 150 ਤਕ
3. ਰਾਗੁ ਗਉੜੀ (ਸਭ ਤੋਂ ਵਧ ਬਾਣੀ ਇਸ ਰਾਗ ਵਿਚ ਹੈ)	
	ਪੰਨਾ 12 ਤੋਂ 13 ਅਤੇ 151 ਤੋਂ 346 ਤਕ
4. ਰਾਗੁ ਆਸਾ	ਪੰਨਾ 8 ਤੋਂ 12 ਤੱਕ ਅਤੇ 347 ਤੋਂ 488 ਤਕ
5. ਰਾਗੁ ਗੂਜਰੀ	489 ਤੋਂ 526 ਤਕ
6. ਰਾਗੁ ਦੇਵ ਗੰਧਾਰੀ	527 ਤੋਂ 536 ਤਕ
7. ਰਾਗੁ ਬਿਹਾਗੜਾ	537 ਤੋਂ 547 ਤਕ
	ਤੇ ਬਿਹਾਗੜੇ ਕੀ ਵਾਰ 548 ਤੋਂ 556 ਤਕ

8. ਰਾਗੁ ਵਡ ਹੰਸੁ	557 ਤੋਂ 585 ਤਕ
ਤੇ ਵਡਹੰਸ ਕੀ ਵਾਰ	586 ਤੋਂ 594 ਤਕ
9. ਰਾਗੁ ਸੋਰਠਿ	595 ਤੋਂ 659 ਤਕ
10. ਰਾਗੁ ਧਨਾਸਰੀ	660 ਤੋਂ 695 ਤਕ
11. ਰਾਗੁ ਜੈਤਸਰੀ	696 ਤੋਂ 710 ਤਕ
12. ਰਾਗੁ ਟੋਡੀ	711 ਤੋਂ 718 ਤਕ
13. ਰਾਗੁ ਬੈਰਾੜੀ	719 ਤੋਂ 720 ਤਕ
14. ਰਾਗੁ ਤਿਲੰਗ	721 ਤੋਂ 727 ਤਕ
15. ਰਾਗੁ ਸੂਹੀ	728 ਤੋਂ 794 ਤਕ
16. ਰਾਗੁ ਬਿਲਾਵਲੁ	795 ਤੋਂ 858 ਤਕ
17. ਰਾਗੁ ਗੌਂਡ	859 ਤੋਂ 875 ਤਕ
18. ਰਾਗੁ ਰਾਮਕਲੀ	876 ਤੋਂ 974 ਤਕ
19. ਰਾਗੁ ਨਟ ਨਾਰਾਇਨ	975 ਤੋਂ 983 ਤਕ
20. ਰਾਗੁ ਮਾਲੀ ਗਉੜਾ	984 ਤੋਂ 988 ਤਕ
21. ਰਾਗੁ ਮਾਰੂ	989 ਤੋਂ 1106 ਤਕ
22. ਰਾਗੁ ਤੁਖਾਰੀ	1107 ਤੋਂ 1117 ਤਕ
23. ਰਾਗੁ ਕੇਦਾਰਾ	1118 ਤੋਂ 1124 ਤਕ
24. ਰਾਗੁ ਭੈਰਉ	1125 ਤੋਂ 1167 ਤਕ
25. ਰਾਗੁ ਬਸੰਤ	1168 ਤੋਂ 1196 ਤਕ
26. ਰਾਗੁ ਸਾਰੰਗ	1197 ਤੋਂ 1253 ਤਕ
27. ਰਾਗੁ ਮਲਾਰ	1254 ਤੋਂ 1293 ਤਕ
28. ਰਾਗੁ ਕਾਨੜਾ	1294 ਤੋਂ 1318 ਤਕ
29. ਰਾਗੁ ਕਲਿਆਨ	1319 ਤੋਂ1326 ਤਕ
30. ਰਾਗੁ ਪ੍ਰਭਾਤੀ	1327 ਤੋਂ 1351 ਤਕ
31. ਰਾਗੁ ਜੈਜਾਵੰਤੀ	1352 ਤੋਂ 1353 ਤੱਕ

ਇਸ ਰਾਗ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਮਿਲਦੀ ਹੈ। ਸਭ ਤੋਂ ਘੱਟ ਬਾਣੀ ਇਸੀ ਰਾਗ ਵਿਚ ਹੈ।

ਕੁਝ ਬਾਣੀ ਇਨ੍ਹਾਂ 31 ਰਾਗਾਂ ਤੋਂ ਇਲਾਵਾ ਵੀ ਹੈ, ਜਿਹੜੀ ਵਾਰਾਂ, ਸਲੋਕਾਂ, ਗਾਥਾਂ, ਮੁਦਾਵਣੀ, ਰਾਗ ਮਾਲਾ ਆਦਿ ਵਿਚ ਹੈ। (ਪੰਨਾ 1353 ਤੋਂ 1430 ਤਕ)

ਧੁਨੀਆਂ

ਕੁਝ ਇਤਿਹਾਸਕਾਰਾਂ ਤੇ ਸੰਪਰਦਾਈ ਗਿਆਨੀਆਂ ਦਾ ਵਿਚਾਰ ਹੈ ਕਿ ਵਾਰਾਂ ਉਤੇ 9 ਧੁਨੀਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਚੜ੍ਹਾਈਆਂ ਹਨ ਪਰ ਇਹ

ਗੱਲ ਦਰੁਸਤ ਨਹੀਂ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹ ਧੁਨੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹੀ ਰਾਗੀਆਂ ਨੂੰ ਗਾਉਣ ਦੀ ਧਾਰਨਾ ਦਸਣ ਦੇ ਮਨੋਰਥ ਨਾਲ ਲਿਖੀਆਂ ਹਨ।

ਘਰ

ਗੁਰਬਾਣੀ ਵਿਚ 1 ਤੋਂ 17 ਘਰ ਦਿਤੇ ਗਏ ਹਨ। (ਘਰ, ਤਾਲ ਜਾਂ ਸੁਰ ਦੇ ਟਿਕਾਣੇ ਦਾ ਨੰਬਰ ਹੈ)

ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਬਾਰੇ

ਭਾਈ ਗੁਰਦਾਸ ਬੀੜ

1. ਗੁਰੂ ਅਰਜਨ ਦੇਵ ਜੀ ਵਲੋਂ ਰਾਮ ਸਰ ਦੇ ਕੰਢੇ ਤੇ ਲਿਖਵਾਈ ਪ੍ਰਥਮ ਬੀੜ ਦਾ ਨਾਂ ਭਾਈ ਗੁਰਦਾਸ ਵਾਲੀ ਬੀੜ ਕਰਕੇ ਪ੍ਰਸਿਧ ਹੈ ਜਿਸ ਨੂੰ ਕਰਤਾਰਪੁਰੀ ਬੀੜ ਵੀ ਕਹਿੰਦੇ ਹਨ। ਇਸ ਸਰੂਪ ਦੀ ਜਿਲਦ ਕਿਤਾਬੀ ਹੈ ਤੇ ਇਸ ਦੇ ਕੁਲ 975 ਪਤਰੇ ਹਨ। ਪਤਰਾ 541 ਤੇ ਛੇਵੇਂ ਪਾਤਸ਼ਾਹ ਦੇ ਪਵਿੱਤਰ ਹਸਤਾਖਰ ਹੋਏ ਹਨ।

ਭਾਈ ਬੰਨੋ ਬੀੜ

2. ਇਕ ਹੋਰ ਬੀੜ ਭਾਈ ਬੰਨੋ ਦੀ ਬੀੜ ਦੇ ਨਾਂ ਨਾਲ ਪ੍ਰਸਿਧ ਹੋਈ ਜਿਹੜੀ ਭਾਈ ਬੰਨੋ ਨੇ ਅਮ੍ਰਿਤਸਰ ਤੋਂ ਲਾਹੌਰ ਪ੍ਰਥਮ ਬੀੜ ਨੂੰ ਜਿਲਦ ਚੜ੍ਹਾਉਣ ਲਈ ਲੈ ਜਾਂਦਿਆਂ ਹੋਇਆਂ ਉਸ ਦੀ ਨਕਲ ਕਰਕੇ ਆਪਣੇ ਪਾਸ ਰਖ ਲਈ ਸੀ। ਉਸ ਵਿਚ ਉਨ੍ਹਾਂ ਕੁਝ ਵਾਧੇ ਵੀ ਕੀਤੇ ਜਿਸ ਕਰਕੇ ਇਹ ਪਰਮਾਣਕ ਨਹੀਂ। ਇਹ ਬੀੜ ਭਾਈ ਬਨੋ ਦੇ ਉਤ੍ਰਾਧਕਾਰੀਆਂ ਪਾਸ ਹੈ।

ਦਮਦਮੀ ਬੀੜ

3. ਇਹ ਬੀੜ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਉਸ ਸਮੇਂ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਜਦ ਗੁਰੂ ਸਾਹਿਬ ਨੂੰ ਮੰਗਣ ਤੇ ਵੀ ਧੀਰ ਮਲੀਆਂ ਨੇ ਅਸਲੀ ਪ੍ਰਥਮ ਬੀੜ ਅੰਮ੍ਰਿਤਸਰ ਤੋਂ ਨਾ ਦੇ ਭੇਜੀ। ਸੰਮਤ 1818 ਵਿੱਚ ਕੁਪ ਰਹੀੜੇ ਦੀ ਜੰਗ, ਜਿਹੜੀ ਸਿੰਘਾਂ ਤੇ ਅਹਿਮਦ ਸ਼ਾਹ ਅਬਦਾਲੀ ਵਿਚਕਾਰ ਹੋਈ ਤੇ ਜਿਸ ਨੂੰ ਵੱਡਾ ਘੱਲੂਘਾਰਾ ਵੀ ਕਹਿੰਦੇ ਹਨ, ਦੌਰਾਨ ਇਹ ਬੀੜ ਖਾਲਸਾ ਦਲ ਹੱਥੋਂ ਜਾਂਦੀ ਰਹੀ ਪਰ ਇਸ ਤੋਂ ਪਹਿਲਾਂ ਇਸ ਦੇ ਬਹੁਤ ਸਾਰੇ ਪਰਮਾਣਤ ਉਤਾਰੇ ਹੋ ਚੁਕੇ ਸਨ।

ਕੁਝ ਲੇਖਕਾਂ ਨੇ ਲਿਖਿਆ ਹੈ ਕਿ ਇਹ ਬੀੜ ਕਾਬਲ ਵਿਚ ਹੈ ਪਰ ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਵਿਚ ਇਸ ਬਾਰੇ ਲਿਖਦੇ ਹਨ ਕਿ ਉਨ੍ਹਾਂ ਸਰਕਾਰ ਰਾਹੀਂ ਇਸ ਗੱਲ ਦੀ ਖੋਜ ਕਰਵਾਈ ਜਿਸ ਤੋਂ ਪਤਾ ਲਗਿਆ ਹੈ ਕਿ ਇਹ ਬੀੜ ਕਾਬਲ ਵਿਚ ਨਹੀਂ ਹੈ।

ਡਿਠੇ ਸਭੇ ਥਾਵ:

ਸਿਫਤੀ ਦਾ ਘਰ ਸ੍ਰੀ ਅੰਮ੍ਰਿਤਸਰ

ਸੰਸਾਰ ਵਿਚ ਜਿਥੇ ਕਿਧਰੇ ਵੀ ਕੋਈ ਸਿੱਖ ਰਹਿ ਰਿਹਾ ਹੈ ਉਸ ਦੀ ਪਰਬਲ ਤਾਂਘ ਬਣੀ ਰਹਿੰਦੀ ਹੈ ਕਿ ਜ਼ਿੰਦਗੀ ਵਿਚ ਘਟੋ ਘਟ ਇਕ ਵਾਰੀ ਤਾਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਹੋ ਜਾਣ। ਉਂਜ ਉਹ ਇਸ ਇੱਛਾ ਦੀ ਪੂਰਤੀ ਲਈ ਆਪਣੀ ਨਿਤ ਦੀ ਅਰਦਾਸ ਵਿਚ ਅਕਾਲਪੁਰਖ ਅੱਗੇ ਅਰਜੋਈ ਕਰਦਾ ਰਹਿੰਦਾ ਹੈ। ਉਸ ਲਈ ਇਸ ਅਸਥਾਨ ਤੋਂ ਪਵਿੱਤਰ ਅਸਥਾਨ ਸੰਸਾਰ ਭਰ ਵਿਚ ਕੋਈ ਨਹੀਂ ਕਿਉਂਕਿ ਇਹੀ ਸੁਭਾਗੀ ਭੂਮੀ ਹੈ ਜਿਥੇ ਅੱਠ ਸਿੱਖ ਗੁਰੂ ਸਾਹਿਬਾਨ ਦੇ ਚਰਨ ਪਏ ਹਨ, ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਤੇ ਫਿਰ ਪ੍ਰਥਮ ਪਰਕਾਸ਼ ਹੋਇਆ ਹੈ। ਇਸ ਸਥਾਨ ਦੀ ਪੁਰਾਤਨ ਸਮਿਆਂ ਵਿਚ ਪ੍ਰਾਪਤ ਕੀਤੀ ਮਹੱਤਤਾ ਬਾਰੇ ਲਿਖਿਆ ਮਿਲਦਾ ਹੈ ਕਿ ਮਹਾਤਮਾ ਬੁਧ ਇਥੇ ਕੁਝ ਦੇਰ ਰੁਕੇ ਤੇ ਉਨ੍ਹਾਂ ਇਸ ਸਥਾਨ ਬਾਰੇ ਫਰਮਾਇਆ ਕਿ ਭਿਕਸ਼ੂਆਂ ਵਲੋਂ ਨਿਰਵਾਣ ਪ੍ਰਾਪਤੀ ਲਈ ਇਹ ਜਗ੍ਹਾ ਹਾਲੇਂ ਤਕ ਦੇਖੀਆਂ ਸਾਰੀਆਂ ਜਗ੍ਹਾਂ ਨਾਲੋਂ ਵਧ ਉਤਮ ਹੈ। ਬੁਧ ਜੀ ਦੇ ਇਨ੍ਹਾਂ ਬਚਨਾਂ ਸਦਕਾ ਇਸ ਸਥਾਨ ਨੂੰ ਕੁਝ ਮਹਾਨਤਾ ਮਿਲੀ ਪਰ ਬੁਧ ਧਰਮ ਦੇ ਭਾਰਤ ਵਿਚੋਂ ਪਤਣ ਹੋਣ ਨਾਲ ਇਥੋਂ ਬੋਧੀ ਪ੍ਰਭਾਵ ਵੀ ਜ਼ਾਇਲ ਹੋ ਗਿਆ ਤੇ ਇਹ ਧਰਤੀ ਫਿਰ ਗ਼ੈਰ-ਆਬਾਦ ਜਹੀ ਹੋ ਗਈ। ਇਵੇਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਇਹ ਜਗ੍ਹਾ ਇਕ ਵਾਰੀ ਫਿਰ ਜੰਗਲ ਤੇ ਸੁਨਸਾਨ ਸੀ। (ਹਵਾਲਾ Golden Temple History by SGPC)

ਗੁਰੂ ਨਾਨਕ ਸਾਹਿਬ ਇਥੇ 1532 ਈ. ਵਿਚ ਪਧਾਰੇ ਤੇ ਇਸ ਦਾ ਸ਼ਾਂਤ ਵਾਤਾਵਰਣ ਉਨ੍ਹਾਂ ਨੂੰ ਬਹੁਤ ਭਾਇਆ। ਇਥੇ ਇਕ ਤਲਾਅ ਸੀ ਜਿਸ ਨੂੰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੱਡਾ ਤੇ ਡੂੰਘਾ ਕਰਵਾਇਆ ਤੇ ਇਸ ਦਾ ਨਾਂ ਅੰਮ੍ਰਿਤਸਰ (ਅੰਮ੍ਰਿਤ ਦਾ ਸਰੋਵਰ ਰੱਖਿਆ)। ਇਸ ਦੇ ਆਸ ਪਾਸ ਸਿੱਖ ਸੰਗਤਾਂ ਤੇ ਹੋਰ ਵਿਓਪਾਰੀਆਂ ਨੇ ਆਪਣੀ ਅਬਾਦੀ ਕਰ ਲਈ, ਉਸ ਨੂੰ ਵੀ ਅੰਮ੍ਰਿਤਸਰ ਕਿਹਾ ਜਾਣ ਲਗ ਪਿਆ। ਇਸ ਤਰ੍ਹਾਂ ਮੌਜੂਦਾ ਸ਼ਹਿਰ ਅੰਮ੍ਰਿਤਸਰ ਉਸ ਥਾਂ ਤੇ ਵਿਸ਼ਵ ਦੇ ਅਧਿਆਤਮਿਕ ਨਕਸ਼ੇ ਤੇ ਉਭਰ ਕੇ ਸਾਹਮਣੇ ਆਇਆ ਜਿਸ ਨੂੰ ਸ਼ੁਰੂ ਸ਼ੁਰੂ ਵਿਚ 'ਚਕ ਗੁਰੂ ਕਾ' ਕਰਕੇ ਜਾਣਿਆ ਜਾਂਦਾ ਸੀ ਤੇ ਜਿਸ ਲਈ ਥਾਂ 700 ਅਕਬਰੀ ਮੁਹਰਾਂ ਦੇ ਕੇ ਖਰੀਦੀ ਗਈ ਸੀ। ਅੰਮ੍ਰਿਤਸਰ ਸਰੋਵਰ ਦੀ ਖੁਦਾਈ ਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਗੁਰੂ ਰਾਮਦਾਸ ਜੀ ਨੇ 1573 ਈ. ਵਿਚ ਅਰੰਭ ਕਰਵਾਈ। ਅਗਲੇ ਸਾਲ ਗੁਰੂ ਅਮਰਦਾਸ ਸਾਹਿਬ ਜੋਤੀ ਜੋਤ ਸਮਾ ਗਏ ਜਿਸ ਕਰਕੇ ਕੁਝ ਦੇਰ ਲਈ ਇਹ ਕਾਰ ਸੇਵਾ ਰੁਕ ਗਈ। 1576 ਈ: ਵਿਚ ਦੋਬਾਰਾ ਕਾਰਜ ਜ਼ੋਰਾਂ ਸ਼ੋਰਾਂ ਨਾਲ ਅਰੰਭ ਹੋਇਆ ਅਤੇ 13 ਸਾਲ ਦੇ ਸਮੇਂ ਮਗਰੋਂ ਕਾਰਜ ਦੀ ਸੰਪਨੰਤਾ ਹੋਈ। ਸੇਵਾ ਕਰਦਿਆਂ ਹਰ ਸਮੇਂ ਸੰਗਤਾਂ ਵਿਚ ਵਿਸ਼ੇਸ਼ ਉਮਾਹ ਦੇਖਿਆ ਜਾਂਦਾ ਸੀ। ਇਸ ਸਮੇਂ ਤਕ ਗੁਰ ਗਦੀ ਤੇ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਦੇ ਰੂਪ ਵਿਚ ਬਿਰਾਜਮਾਨ ਹੋ ਚੁਕੇ ਸਨ।

ਉਨ੍ਹਾਂ ਨੇ ਇਸ ਪਾਵਨ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ (ਰਬ ਦਾ ਘਰ) ਬਣਵਾਇਆ ਜਿਸ ਦਾ ਨੀਂਹ ਪੱਥਰ ਮੁਸਲਮਾਨ ਦਰਵੇਸ਼ ਮੀਆਂ ਮੀਰ ਜੀ ਨੇ ਜਨਵਰੀ 1589 ਈ. ਵਿਚ ਰਖਿਆ ਤੇ 1601 ਵਿਚ ਇਹ ਕਾਰਜ ਮੁਕੰਮਲ ਹੋਇਆ। ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਜਵੇਂ ਪਾਤਸ਼ਾਹ ਨੇ 1604 ਈ. ਵਿਚ ਸੰਪੂਰਣ ਕਰਵਾਈ ਤੇ ਅਗਲੇ ਕੁਝ ਦਿਨਾਂ ਵਿਚ ਭਾਵ 30 ਅਗਸਤ 1604 ਨੂੰ ਆਦਿ ਗ੍ਰੰਥ ਸਾਹਿਬ ਨੂੰ ਸਾਰੇ ਸ਼ਹਿਰ ਵਿਚ ਇਕ ਨਗਰ ਕੀਰਤਨ ਦੇ ਰੂਪ ਵਿਚ ਲਿਜਾ ਕੇ ਹਰਿਮੰਦਰ ਵਿਚ ਬਿਰਾਜਮਾਨ ਕੀਤਾ ਗਿਆ। ਇਸ ਤਰ੍ਹਾਂ ਸਿੱਖ ਕੌਮ ਨੂੰ ਇਕ ਪਵਿੱਤਰ ਸ਼ਹਿਰ, ਜਿਸ ਵਿਚ ਵਾਹਿਗੁਰੂ ਦਾ ਆਪਣਾ ਧਾਮ ਹੈ, ਪ੍ਰਾਪਤ ਹੋਇਆ ਅਤੇ ਇਲਾਹੀ ਬਾਣੀ ਦਾ ਆਤਮਿਕ ਸ਼ੁਧੀ ਪ੍ਰਦਾਨ ਕਰਨ ਵਾਲਾ ਗ੍ਰੰਥ ਵੀ ਬਖਸ਼ਸ਼ ਦੇ ਰੂਪ ਵਿਚ ਮਿਲਿਆ।

ਸਿੱਖ ਮਹਾਰਾਜਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਦੀ ਆਭਾ ਵਿਚ ਹੋਰ ਨਿਖਾਰ ਲਿਆਉਣ ਕਾਰਨ ਇਸ ਇਮਾਰਤ ਦੇ ਉਤਲੇ ਅੱਧ ਤੇ ਸੋਨੇ ਦੇ ਪਤਰੇ ਲਗਵਾਏ ਜਿਨ੍ਹਾਂ ਤੇ 162 ਸੇਰ ਸੋਨਾ ਲੱਗਾ ਤੇ ਥਲਵੇਂ ਅਧ ਤੇ ਸੰਗਮਰਮਰ ਦੀਆਂ ਮੀਨਾਕਾਰੀ ਕੀਤੀਆਂ ਸਲੈਬਾਂ ਲਗਵਾਈਆਂ। ਅੰਦਰ ਮੀਨਾਕਾਰੀ ਤੇ ਚਿਤਰਕਾਰੀ ਦਾ ਅਦਭੁਤ ਕਾਰਜ ਕਰਵਾ ਕੇ ਇਸ ਅਸਥਾਨ ਨੂੰ ਦੁਨੀਆ ਦਾ ਇਕ ਦਿਲਕਸ਼ ਸਥਾਨ ਬਣਾਉਣ ਦੀ ਸੇਵਾ ਨਿਭਾਈ। 27 ਸਾਲਾਂ ਵਿਚ ਇਹ ਕਾਰਜ 1881 ਬਿਕਰਮੀ ਨੂੰ ਪੂਰਾ ਹੋਇਆ। ਹੁਣ ਮੁਖ ਕਰਕੇ ਇੰਗਲੈਂਡ ਦੀਆਂ ਸੰਗਤਾਂ ਨੇ ਸਤ ਕੁਇੰਟਲ ਸੋਨਾ ਲਗਾ ਕੇ ਸੋਨੇ ਦੇ ਨਵੇਂ ਪਤਰੇ ਹਰਿਮੰਦਰ ਸਾਹਿਬ ਤੇ ਚੜ੍ਹਾਉਣ ਦੀ ਸੇਵਾ ਕੀਤੀ ਹੈ। 3 ਫਰਵਰੀ 1995 ਨੂੰ ਪ੍ਰਾਰੰਭ ਹੋਇਆ ਇਹ ਸੇਵਾ ਕਾਰਜ 1999 ਦੀ ਵਿਸਾਖੀ ਤਕ ਸੰਪੂਰਨ ਹੋ ਗਿਆ ਜਦ ਖਾਲਸਾ ਪੂਰੀ ਸੱਜ ਧੱਜ ਨਾਲ ਆਪਣਾ 300ਵਾਂ ਪਰਕਾਸ਼ ਦਿਹਾੜਾ ਮਨਾ ਰਿਹਾ ਸੀ। ਇਕ ਅਨੁਮਾਨ ਅਨੁਸਾਰ ਸੋਨੇ ਦੀਆਂ 24 ਪਰਤਾਂ ਵਾਲੀਆਂ ਇਨ੍ਹਾਂ ਪਲੇਟਾਂ ਦੀ ਚਮਕ ਦਮਕ ਤੇ ਆਭਾ ਅਗਲੇ ਚਾਰ ਸੌ ਸਾਲ ਤਕ ਬਣੀ ਰਹੇਗੀ। ਪਰ ਹੈਰਾਨੀ ਦੀ ਗੱਲ ਹੈ ਕਿ ਕੁਝ ਪਲੇਟਾਂ ਦੀ ਚਮਕ ਦਮਕ ਲਗਣ ਨਾਲ ਹੀ ਕੁਝ ਮੱਧਮ ਪਈ ਜਾਪਣ ਲੱਗ ਪਈ ਹੈ, ਜਿਸ ਨੂੰ ਇਹ ਸੇਵਾ ਨਿਭਾਉਣ ਵਾਲੇ ਜੱਥੇ ਦੇ ਪ੍ਰਬੰਧਕਾਂ ਨੇ ਵੀ ਜ਼ਰੂਰ ਮਹਿਸੂਸ ਕੀਤਾ ਹੋਵੇਗਾ।

ਸੇਵਾ ਨਾਲ ਸਦੀਆਂ ਤੋਂ ਸੁਸੱਜਤ, ਸਿਮਰਨ ਨਾਲ ਪਰੀ ਪੂਰਨ ਪ੍ਰਮਾਤਮਾ ਦੇ ਇਸ ਰਮਣੀਕ ਸਹਿਜ ਧਾਮ ਨਾਲ ਜੁੜੇ ਅਲੌਕਿਕ ਇਤਿਹਾਸ ਵੱਲ ਝਾਤੀ ਮਾਰਦਿਆਂ ਹੋਇਆਂ, ਇਸ ਦੇ ਪੁਨੀਤ ਤੇ ਮਨਮੋਹਣੇ ਵਾਤਾਵਰਣ ਨੂੰ ਮਨ ਵਿਚ ਸ਼ਸ਼ੋਭਤ ਕਰਦਿਆਂ ਹੋਇਆਂ, ਇਸ ਦੇ ਸਵਰਨ ਮਈ ਤੇ ਮੀਨਾ ਜੜ੍ਹਤ ਲਾ-ਮਿਸਾਲ ਸਰੂਪ ਦੀ ਆਭਾ ਨੂੰ ਨੇਤਰਾਂ ਨਾਲ ਨਿਹਾਰਦਿਆਂ ਹੋਇਆਂ, ਇਸ ਦੀ ਜਗਮਗਾਉਂਦੀ ਤੇ ਪੁਰਨੂਰ ਦਿੱਖ ਦਾ ਵਾਸਤਵਕ ਆਨੰਦ ਮਾਣਦਿਆਂ ਹੋਇਆਂ, ਇਹ ਅਤੀ ਪਵਿਤਰ ਅਸਥਾਨ ਸਹਿਜ ਸੁਭਾਏ ਹੀ ਸਿੱਖ ਕੌਮ ਦੀ ਸਦੀਵ ਕਾਲ ਤੱਕ ਸ਼ੋਭਨੀਕ ਰਹਿਣ ਵਾਲੀ ਮਾਣਜਨਕ ਟਰਾਫੀ ਹੈ ਜਾਂ ਤੇਜੱਸਵੀ ਸੁਵੀਨਰ ਹੈ ਅਤੇ ਇਹ ਗੌਰਵਮਈ ਸੁਵੀਨਰ ਉਸ ਸਭ ਕੁਝ ਦਾ ਦਸਤਾਵੇਜ਼ੀ ਸਬੂਤ ਹੈ, ਪ੍ਰਮਾਣ ਪੱਤਰ ਹੈ, ਸਨਮਾਨ ਸਨੱਦ ਹੈ ਜੋ ਕੁਝ ਵੀ ਸਿੱਖ ਕੌਮ ਪਾਸ ਪਰਦਰਸ਼ਤ ਕਰਨ ਯੋਗ ਹੈ, ਲਾਜਵਾਬ ਹੈ, ਅਤੀ ਸੁੰਦਰ ਹੈ, ਸੁਹਾਵਣਾ ਹੈ, ਸ਼ਲਾਘਾ ਜਨਕ ਹੈ, ਤੇ ਸਤਿਕਾਰਨ ਯੋਗ ਹੈ।

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ (ਪੰਨਾ-1362)

ਗੋਲਡਨ ਟੈਂਪਲ (ਦਰਬਾਰ ਸਾਹਿਬ) ਨਾਲ ਜੁੜਿਆ ਸਤਿਕਾਰ

ਸਿੱਖ ਲਈ ਦਸ ਗਰੂ ਸਾਹਿਬਾਨ ਰੱਬੀ ਸਰੂਪ ਹਨ। ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦਾ ਸ਼ਾਬਦਿਕ ਸਰੂਪ ਹੈ ਜਿਸ ਵਿਚ ਦਸ ਗੁਰੂ ਸਾਹਿਬਾਨ ਦੀ ਆਤਮਾ ਬਿਰਾਜਮਾਨ ਹੈ। ਉਂਜ ਤਾਂ ਜਿਥੇ ਵੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੈ ਉਹ ਅਸਥਾਨ ਸਿੱਖ ਲਈ ਪੂਜਨੀਕ ਹੈ ਪਰ ਹਰਿਮੰਦਰ ਸਾਹਿਬ ਜਿਸ ਨੂੰ ਗੋਲਡਨ ਟੈਂਪਲ, ਦਰਬਾਰ ਸਾਹਿਬ ਜਾਂ ਸਵਰਨ ਮੰਦਰ ਸਾਹਿਬ ਵੀ ਕਿਹਾ ਜਾਂਦਾ ਹੈ, ਹਰ ਸਿੱਖ ਲਈ ਕਈ ਕਾਰਨਾਂ ਕਰਕੇ ਪਰਮ ਸਰੇਸ਼ਠ ਸਤਿਕਾਰਯੋਗ ਤੀਰਥ ਹੈ। ਹਰ ਸਿੱਖ ਨਿਤ ਦੀ ਅਰਦਾਸ ਵਿਚ ਅੰਮ੍ਰਿਤਸਰ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਲੋਚਦਾ ਹੈ। ਇਹ ਹਰਿਮੰਦਰ ਸਾਹਿਬ ਇਕ ਅਜਿਹਾ ਪਵਿੱਤਰ ਧਾਮ ਹੈ ਜਿਥੇ ਪਿਛਲੇ ਚਾਰ ਸੌ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕੀਰਤਨ ਜਾਂ ਪਾਠ ਹੁੰਦਾ ਚਲਾ ਆ ਰਿਹਾ ਹੈ ਜਿਸ ਦੀ ਬਦੌਲਤ ਪਰੀਸਰ ਦਾ ਸਾਰਾ ਵਾਤਾਵਰਣ ਗੁਰਬਾਣੀ ਤਰੰਗਾਂ ਅਤੇ ਅਕਾਲਪੁਰਖ ਦੇ ਲਾਸਾਨੀ ਨਾਮ ਨਾਲ ਚਾਰਜ ਹੋਇਆ ਪਿਆ ਹੈ। ਹਾਲਾਤ ਭਾਵੇਂ ਕੁਝ ਵੀ ਕਿਉਂ ਨਾ ਹੋਣ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਭੂ ਉਪਾਸ਼ਨਾ ਤੋਂ ਇਲਾਵਾ ਇਕ ਅੱਖਰ ਵੀ ਨਹੀਂ ਬੋਲਿਆ ਜਾ ਸਕਦਾ ਅਤੇ ਇਥੇ ਤਕ ਕਿ ਖਾਲਸੇਈ ਜੈਕਾਰਾ **'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ'** ਵੀ ਨਹੀਂ ਗਜਾਇਆ ਜਾ ਸਕਦਾ ਕਿਉਂਕਿ ਇਹ ਜੰਗੀ ਜੈਕਾਰਾ ਹੈ ਤੇ ਜੋਸ਼ ਦਵਾਣ ਵਾਲਾ ਹੈ।

ਇਸ ਪਵਿੱਤਰ ਸਥਾਨ ਤੋਂ ਸਿੱਖ ਸਿਧਾਂਤਾਂ ਦੀ ਇਨ ਬਿੰਨ ਪਾਲਣਾ ਕਰਨ ਦੀ ਹਰ ਸਿੱਖ ਨੂੰ ਅਮਲੀ ਟਰੇਨਿੰਗ ਮਿਲਦੀ ਰਹਿੰਦੀ ਹੈ। ਹੋਰ ਨੇਕ ਕੀਮਤਾਂ ਕਦਰਾਂ ਦੇ ਨਾਲ ਨਾਲ ਸੇਵਾ ਤੇ ਸਿਮਰਨ ਨੂੰ ਸਿੱਖ ਚਜ-ਅਚਾਰ ਦੇ ਮੂਲ ਥੰਮ੍ਹ ਸਮਝਿਆ ਜਾਂਦਾ ਹੈ। ਸਿਮਰਨ ਦੀ ਖੁਰਾਕ ਨੂੰ ਹਜ਼ਮ ਕਰਨ ਲਈ ਸੇਵਾ ਦੀ ਐਕਸਰਸਾਈਜ਼ ਕਰਨੀ ਅਤੀ ਜ਼ਰੂਰੀ ਹੈ ਅਤੇ ਹਰਿਮੰਦਰ ਸਾਹਿਬ ਵਿਚ ਹਰ ਸਮੇਂ ਇਨ੍ਹਾਂ ਦੋਨੋ ਨੇਕ ਭਾਵਨਾਵਾਂ ਤੇ ਅਮਲ ਹੁੰਦਾ ਵੇਖਿਆ ਜਾ ਸਕਦਾ ਹੈ ।

ਹਰਿਮੰਦਰ ਸਾਹਿਬ ਇਕ ਅਜਿਹਾ ਵਰਸੋਇਆ ਹੋਇਆ ਪੁਨੀਤ ਪ੍ਰਾਰਥਨਾ ਘਰ ਹੈ ਜਿਥੇ ਹਰ ਸਮੇਂ ਸਾਧ ਸੰਗਤ ਜੁੜਦੀ ਅਤੇ ਪ੍ਰਭੂ ਜਸ ਗਾਉਂਦੀ ਹੈ । ਕੋਈ ਵੀ ਮਨੁੱਖ ਭਾਵੇਂ ਉਸ ਦਾ ਆਪਣਾ ਅਕੀਦਾ ਕੁਝ ਵੀ ਕਿਉਂ ਨਾ ਹੋਵੇ, ਇਸ ਸੰਗਤ ਦਾ ਸਾਂਝੀਦਾਰ ਬਣ ਸਕਦਾ ਹੈ। ਇਹ ਪਵਿੱਤਰ ਸੰਗਤ ਮਾਨਣ ਨਾਲ ਮਨ ਨਿਰਮਲ ਹੁੰਦਾ ਹੈ ਤੇ ਕਿਲਵਿਖ (ਪਾਪ) ਖਤਮ ਹੋ ਜਾਂਦੇ ਹਨ।

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ
ਮੈਲੁ ਖੋਈ ਕੋਟਿ ਅਘ (ਪਾਪ) **ਹਰੇ ਨਿਰਮਲ ਭਏ ਚੀਤਾ-** (ਪੰਨਾ-809)

ਜਾਂ

ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸਿ ਤਰਿਆ (ਪੰਨਾ-495)

ਉਂਜ ਤਾਂ ਸਾਰੇ ਹੀ ਗੁਰਦਵਾਰਿਆਂ ਵਿਚ ਗੁਰੂ ਕੇ ਲੰਗਰ ਦੀ ਪ੍ਰਥਾ ਪ੍ਰਚਲਤ ਹੈ ਪਰ ਦਰਬਾਰ ਸਾਹਿਬ ਵਿਖੇ ਹਜ਼ਾਰਾਂ ਯਾਤਰੂ ਜਾਂ ਗਰਜ਼ਮੰਦ ਸਜਣ ਰੋਜ਼ ਲੰਗਰ ਛਕਦੇ ਹਨ। ਰਾਤ ਬਹੁਤ ਦੇਰ ਤਕ ਪੰਗਤਾਂ ਸਜਦੀਆਂ ਹਨ ਤੇ ਹਰ ਇਕ ਨੂੰ ਗੁਰੂ ਦਾ

ਲੰਗਰ ਅਟੁਟ ਵਰਤਾਇਆ ਜਾਂਦਾ ਹੈ। ਇਹ ਲੰਗਰ ਦੀ ਪ੍ਰਥਾ ਆਪਣੇ ਆਪ ਵਿਚ ਬੜੀ ਮਹੱਤਵਪੂਰਨ, ਵਿਲਖਣ ਤੇ ਜ਼ਾਤਾਂ ਪਾਤਾਂ ਵਿਚ ਕਟੇ ਫਟੇ ਸਮਾਜ ਲਈ ਤਾਂ ਇਕ ਵਰਦਾਨ ਹੈ ਜੋ ਸਿੱਖਾਂ ਦੇ ਹਿਸੇ ਹੀ ਆਈ ਹੈ। ਇਸ ਸਾਂਝੇ ਲੰਗਰ ਕਾਰਨ ਸਿੱਖ ਹਰ ਸਮੇਂ ਸੁਤੇ ਸਿਧ ਹੀ ਜਥੇਬੰਦਕ ਰੂਪ ਵਿਚ ਇਕ ਦੂਸਰੇ ਨਾਲ ਜੁੜੇ ਹੋਏ ਹਨ ਤੇ ਇਹ ਗੁਰੂ ਦੇ ਲੰਗਰ ਦੀ ਅਟੁਟ ਸਾਂਝ ਉਨ੍ਹਾਂ ਨੂੰ ਹਮੇਸ਼ਾ ਸਰਬ ਮਾਨਵਤਾ ਨਾਲ ਅਰੁਕ, ਅਮਿਟ, ਅਮੁਕ ਸਾਂਝ ਪ੍ਰਦਾਨ ਕਰਨ ਦੇ ਰੂਪ ਵਿਚ ਸਹਾਈ ਸਿੱਧ ਹੁੰਦੀ ਹੈ।

ਹਰਿਮੰਦਰ ਸਾਹਿਬ ਪ੍ਰਤੀ ਹਰ ਸਿੱਖ ਦੇ ਦਿਲ ਵਿਚ ਅਗਾਧ ਸ਼ਰਧਾ ਤੇ ਪਿਆਰ ਦਾ ਇੱਕ ਕਾਰਨ ਇਹ ਵੀ ਹੈ ਕਿ ਇਸ ਪਵਿੱਤਰ ਧਰਤੀ, ਜਿਸ ਤੇ ਇਹ ਪ੍ਰਭੂ ਦਾ ਸੱਚ ਖੰਡ ਸਾਜਿਆ ਗਿਆ ਹੈ, ਨੂੰ, 10 ਵਿਚੋਂ ਅੱਠ ਗੁਰੂ ਸਾਹਿਬਾਨ ਦੀ ਚਰਨ ਛੂਹ ਪ੍ਰਾਪਤ ਹੈ। ਇਸ ਤੋਂ ਵੀ ਵਧੀਆ ਗੱਲ ਇਹ ਵੀ ਹੋਈ ਹੈ ਕਿ ਚੌਥੇ ਤੇ ਪੰਜਵੇਂ ਸਤਿਗੁਰਾਂ ਨੇ ਆਪਣੇ ਕਰ ਕਮਲਾਂ ਨਾਲ ਇਸ ਪਰੀਸਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਸੇਵਾ ਕਰ ਕੇ ਇਸਦੀ ਸ਼ੋਭਾ ਵਧਾਈ ਹੈ। ਇਸ ਸਭ ਕੁਝ ਦੇ ਨਾਲ ਨਾਲ ਪਵਿੱਤਰ ਸਰੋਵਰ ਵਿਚ ਇਸ਼ਨਾਨ ਸਿੱਖ ਦੀ ਦਲਿਦਰੀ ਦੂਰ ਕਰਕੇ ਉਸ ਨੂੰ ਮਾਨਸਿਕ ਤੇ ਸਰੀਰਕ ਤੌਰ ਤੇ ਵੀ ਚੁਸਤ ਦਰੁਸਤ ਕਰ ਦੇਂਦਾ ਹੈ ਜਿਸ ਨਾਲ ਉਹ ਨਾਮ ਰਸ ਗ੍ਰਹਿਣ ਕਰਨ ਵਿਚ ਵਧੇਰੇ ਤਤਪਰ ਹੋ ਜਾਂਦਾ ਹੈ।

ਰਾਮਦਾਸ ਸਰੋਵਰਿ ਨਾਤੇ ਸਭਿ ਉਤਰੇ ਪਾਪ ਕਮਾਤੇ॥ (ਪੰਨਾ-625)

ਇਨ੍ਹਾਂ ਕੁਝ ਇਕ ਕਾਰਨਾਂ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖਾਂ ਲਈ 'ਰਬ ਦਾ ਘਰ' ਸਚਖੰਡ ਹੋਣ ਦੀ ਮਹਾਨਤਾ ਰੱਖਦਾ ਹੈ। ਇਸ ਲਈ ਸਿੱਖਾਂ ਦੇ ਦਿਲ ਵਿਚ ਇਸ ਅਸਥਾਨ ਪ੍ਰਤੀ ਬੇਪਨਾਹ ਪ੍ਰੇਮ ਹੋਣਾ ਤਾਂ ਸੁਭਾਵਿਕ ਗੱਲ ਹੈ ਪਰ ਕਈ ਗ਼ੈਰ-ਸਿੱਖ ਵੀਰਾਂ ਨੇ ਵੀ ਇਸ ਅਸਥਾਨ ਤੋਂ ਆਪਣੀਆਂ ਮਨ ਦੀਆਂ ਮੁਰਾਦਾਂ ਸੁਤੇ ਸਿਧ ਪੂਰੀਆਂ ਹੁੰਦੇ ਵੇਖ ਕੇ ਇਸ ਪ੍ਰਤੀ ਆਪਣਾ ਨਿੱਘਾ ਸਤਿਕਾਰ ਪ੍ਰਗਟਾਇਆ ਹੈ ਤੇ ਇਸ ਦੀ ਅਜ਼ਮਤ ਨਾਲ ਆਪਣੀ ਸਾਂਝ ਪਾ ਕੇ ਉਹ ਗੁਰੂ ਘਰ ਦੀਆਂ ਖੁਸ਼ੀਆਂ ਦੇ ਪਾਤਰ ਬਣੇ ਹਨ। ਕੁਝ ਇਕ ਗ਼ੈਰ- ਸਿੱਖ ਸਜਣਾਂ ਦੇ ਗੋਲਡਨ ਟੈਂਪਲ ਬਾਰੇ ਤਾਸਰਾਤ (ਅਨੁਭਵ) ਦੇਣੇ ਵਿਸ਼ੇ ਦੀ ਸੀਮਾ ਵਿਚ ਰਹਿਣ ਦੀ ਹੀ ਗੱਲ ਹੋਵੇਗੀ।

ਮਾਈਕਲ ਐਡਵਰਡਜ਼ ਤੇ ਗੋਲਡਨ ਟੈਂਪਲ

ਮਾਈਕਲ ਮਨੁੱਖਤਾ ਨੂੰ ਸੁਚੇਤ ਕਰਦਿਆਂ ਲਿਖਦਾ ਹੈ ਕਿ "ਗੋਲਡਨ ਟੈਂਪਲ ਨੂੰ ਇਮਾਰਤ ਨਾ ਸਮਝਿਆ ਜਾਵੇ, ਇਹ ਜੀਉਂਦੀ ਜਾਗਦੀ ਕੌਮ ਨੂੰ ਹਰਕਤ ਦੇਣ ਵਾਲੀ ਕਲਾ ਹੈ।"

ਇਸੇ ਤਰ੍ਹਾਂ ਇਕ ਇਟੈਲੀਅਨ ਚਿਤਰਕਾਰ ਜਦ ਗੋਲਡਨ ਟੈਂਪਲ ਦਾ ਚਿਤਰ ਬਣਾ ਰਿਹਾ ਸੀ ਤਾਂ ਉਸ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਆਮ ਕਰ ਕੇ ਜਦ ਮੈਂ ਕੋਈ ਚਿਤਰ ਬਣਾਉਂਦਾ ਹਾਂ ਤਾਂ ਉਸ ਉਤੇ ਰੌਸ਼ਨੀ ਬਾਹਰੋਂ ਪੈਂਦੀ ਹੈ ਪਰ ਹਰਿਮੰਦਰ ਸਾਹਿਬ ਦਾ ਚਿਤਰ ਬਣਾਣ ਲਗਿਆਂ ਮੈਨੂੰ ਬੇਹੱਦ ਹੈਰਾਨੀ ਹੋਈ ਕਿ ਇਹ ਰੌਸ਼ਨੀ ਗੋਲਡਨ ਟੈਂਪਲ ਦੇ ਅੰਦਰੋਂ ਪੈ ਰਹੀ ਸੀ। ਇਹ ਇਸ ਅਸਥਾਨ ਦੀ ਅਦਭੁਤ ਹਸਤੀ ਦਾ ਜੀਂਦਾ ਜਾਗਦਾ ਸਬੂਤ ਹੈ।

ਲੰਡਨ ਦਾ ਮਿਸਟਰ ਵਿਕ ਗੋਲਡਨ ਟੈਂਪਲ ਵਿਚ

ਇਕ ਵਾਰੀ ਮੈਂ ਲੰਡਨ ਦੇ ਕਿੰਗਸਟਨ ਇਲਾਕੇ ਵਿਚੋਂ ਲੰਘ ਰਿਹਾ ਸੀ ਕਿ ਇਕ ਨੌਜਵਾਨ ਗੋਰੇ ਨੇ ਮੈਨੂੰ ਰੁਕਣ ਲਈ ਕਿਹਾ। ਮੈਂ ਉਸ ਨੂੰ ਕਾਰਨ ਪੁਛਿਆ ਤਾਂ ਉਸ ਕਿਹਾ ਕਿ ਉਹ ਮੇਰੇ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦਾ ਹੈ ਕਿਉਂਕਿ ਉਸ ਦਾ ਮਨ ਇਵੇਂ ਕਰਨ ਨੂੰ ਬਹੁਤ ਕਰ ਰਿਹਾ ਹੈ। ਮੈਂ ਵੀ ਕੋਈ ਬਹੁਤ ਰੁਝਿਆ ਹੋਇਆ ਨਹੀਂ ਸੀ ਇਸ ਲਈ ਉਸ ਦੇ ਘਰ ਜਾ ਕੇ ਕੁਝ ਸਮਾਂ ਉਸ ਨਾਲ ਬਿਤਾਉਣ ਲਈ ਰਾਜ਼ੀ ਹੋ ਗਿਆ। ਉਸ ਨੌਜਵਾਨ ਗੋਰੇ ਦਾ ਸੰਖੇਪ ਜਿਹਾ ਨਾਂ 'ਵਿਕ' ਸੀ। ਵਿਕ ਦੇ ਘਰ ਦੇ ਪ੍ਰਥਮ ਕਮਰੇ ਵਿਚ ਵੜਦਿਆਂ ਸਾਰ ਮੈਂ ਸਾਹਮਣੇ ਦੀਵਾਰ ਤੇ ਹਰਿਮੰਦਰ ਸਾਹਿਬ ਦੀ ਇਕ ਬਹੁਤ ਵੱਡੀ ਸਾਰੀ ਫੋਟੋ ਲਗੀ ਦੇਖੀ ਜਿਹੜੀ ਮੈਨੂੰ ਇਕ-ਡੇਢ ਸਾਲ ਦੇ ਇੰਗਲੈਂਡ ਦੇ ਕਿਆਮ ਦੌਰਾਨ ਕਿਸੇ ਸਿੱਖ ਜਾਂ ਪੰਜਾਬੀ ਦੇ ਘਰ 1974-75 ਵਿਚ ਦੇਖਣ ਦਾ ਮੌਕਾ ਨਹੀਂ ਸੀ ਮਿਲਿਆ। ਗੋਰੇ ਵਿਕ ਦੇ ਘਰ ਗੋਲਡਨ ਟੈਂਪਲ ਦੀ ਇਤਨੀ ਵੱਡੀ ਤਸਵੀਰ ਲੱਗੀ ਦੇਖ ਕੇ ਮੈਂ ਅੰਦਾਜ਼ਾ ਲਗਾਇਆ ਕਿ ਵਿਕ ਸ਼ਾਇਦ ਮੇਰੇ ਕੋਲੋਂ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਲੈਣਾ ਚਾਹੁੰਦਾ ਹੈ ਜਿਸ ਲਈ ਇਸ ਨੇ ਮੈਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਹੈ। ਮੈਂ ਬੜੇ ਚਾਅ ਨਾਲ ਫੋਟੋ ਅੱਗੇ ਸਿਰ ਨਿਵਾਇਆ ਤੇ ਸਤਿਕਾਰ ਵਿਚ ਮੇਰੇ ਨੇਤਰ ਨਮ ਹੋ ਗਏ।

ਵਿਕ ਮੈਨੂੰ ਉਸੇ ਕਮਰੇ ਵਿਚ ਛਡ ਕੇ ਚਾਹ ਪਾਣੀ ਦੇ ਪ੍ਰਬੰਧ ਲਈ ਘਰ ਦੇ ਰਸੋਈ ਖਾਨੇ ਵਿਚ ਚਲਾ ਗਿਆ। ਜਦ ਉਹ ਕੁਝ ਸਮੇਂ ਮਗਰੋਂ ਮੇਰੇ ਵਾਲੇ ਕਮਰੇ ਵਿਚ ਪਰਤਿਆ ਤਾਂ ਮੈਂ ਉਸ ਸਮੇਂ ਦਰਬਾਰ ਸਾਹਿਬ ਵਾਲੀ ਫੋਟੋ ਨੂੰ ਬੜੀ ਸ਼ਰਧਾ ਤੇ ਸਤਿਕਾਰੀ ਭਾਵਨਾ ਨਾਲ ਦੇਖ ਰਿਹਾ ਸਾਂ। ਇਸ ਹਾਲਤ ਵਿਚ ਵੇਖ ਕੇ ਵਿਕ ਨੇ ਮੇਰੇ ਤੇ ਸਵਾਲ ਕਰਦਿਆਂ ਪੁਛਿਆ ਕਿ ਮੈਨੂੰ ਇਸ ਫੋਟੋ ਵਿਚੋਂ ਕੀ ਨਜ਼ਰ ਆ ਰਿਹਾ ਹੈ? ਉੱਤਰ ਵਿਚ ਮੈਂ ਰਸਮੀ ਤੌਰ ਤੇ ਉਸ ਨੂੰ ਦੱਸਿਆ ਕਿ ਮੈਨੂੰ ਲਗਦਾ ਹੈ ਕਿ ਕਈ ਚਿਰਾਂ ਪਿਛੋਂ ਮੈਂ ਦਰਬਾਰ ਸਾਹਿਬ ਵਿਚ ਬੈਠਾ ਹੋਇਆ ਕੀਰਤਨ ਸੁਣ ਰਿਹਾ ਹਾਂ। ਵਿਕ ਨੇ ਮੇਰੀ ਗੱਲ ਟੋਕਦਿਆਂ ਹੋਇਆਂ ਸਪੱਸ਼ਟ ਰੂਪ ਵਿਚ ਕਿਹਾ ਕਿ ਇਵੇਂ ਗੱਲ ਨਹੀਂ ਬਣਨੀ, ਤੂੰ ਸੱਚ ਸੱਚ ਦਸ ਕਿ ਤੈਨੂੰ ਕੀਰਤਨ ਦੀਆਂ ਧੁਨਾਂ ਸੁਣਾਈ ਦੇ ਰਹੀਆਂ ਹਨ ਜਾਂ ਤੂੰ ਰਸਮੀ ਤੌਰ ਤੇ ਹੀ ਇਹ ਕੁਝ ਮੈਨੂੰ ਕਹਿ ਰਿਹਾ ਏਂ? ਮੈਂ ਦੇਖਿਆ ਉਹ ਕਾਫੀ ਸੰਜੀਦਗੀ ਨਾਲ ਗੱਲ ਕਰ ਰਿਹਾ ਸੀ। ਮੈਂ ਸਪਸ਼ਟਤਾ ਦਾ ਦਾਮਨ ਫੜਦਿਆਂ ਉਸ ਨੂੰ ਕਿਹਾ ਕਿ ਮੈਨੂੰ ਬਸ ਇਹ ਤਸਵੀਰ ਹੀ ਨਜ਼ਰ ਆ ਰਹੀ ਹੈ ਤੇ ਬਾਕੀ ਜੋ ਕੁਝ ਮੈਂ ਕਹਿ ਰਿਹਾ ਹਾਂ ਉਹ ਖਿਆਲੀ ਗੱਲ ਹੈ। ਪਰ ਮੈਂ ਵਿਕ ਨੂੰ ਪੁਛਿਆ ਕਿ ਕੀ ਤੈਨੂੰ ਇਸ ਤਸਵੀਰ ਵਿਚੋਂ ਮੇਰੇ ਨਾਲੋਂ ਕੁਝ ਵਧ ਨਜ਼ਰ ਆਉਂਦਾ ਹੈ? ਉੱਤਰ ਵਿਚ ਉਸ ਨੇ ਬੜੀ ਨਿਮਰਤਾ ਤੇ ਪ੍ਰੇਮ ਭਾਵ ਨਾਲ ਕਿਹਾ ਕਿ ਇਹ ਫੋਟੋ ਮੇਰੇ ਲਈ ਫੋਟੋ ਨਹੀਂ ਸਗੋਂ ਸਾਖਿਆਤ ਦਰਬਾਰ ਸਾਹਿਬ ਹਨ। ਮੈਂ ਇਸ਼ਨਾਨ ਪਾਣੀ ਕਰ ਕੇ ਧੂਪ ਅਗਰਬਤੀ ਲਗਾ ਕੇ ਜਦ ਫੋਟੋ ਅੱਗੇ ਵਿਛੇ ਇਸ ਕਾਲੀਨ ਉਤੇ ਚੌਕੜਾ ਮਾਰ ਕੇ ਅੱਖਾਂ ਬੰਦ ਕਰ ਕੇ ਬੈਠ ਜਾਂਦਾ ਹਾਂ ਤੇ ਆਪਣੇ ਮਨ ਨੂੰ ਇਕਾਗਰ ਚਿਤ ਕਰਦਾ ਹਾਂ ਤਾਂ ਸਚਮੁਚ ਮੈਨੂੰ ਦਰਬਾਰ ਸਾਹਿਬ ਵਿਚ ਹੋ ਰਹੇ ਕੀਰਤਨ ਦੇ ਬੋਲ ਸੁਣਾਈ ਦੇਂਦੇ ਹਨ ਅਤੇ ਸਤ ਮਿੰਟ ਤਕ ਮੈਂ ਆਪਣੀ ਬਿਰਤੀ ਨੂੰ ਇਵੇਂ ਟਿਕਾ ਸਕਦਾ ਹਾਂ। ਮੈਂ ਪੰਜਾਬੀ ਨਹੀਂ ਜਾਣਦਾ ਪਰ ਮੈਂ ਉਥੇ ਚਲ ਰਹੇ ਕੀਰਤਨ ਦੇ ਸ਼ਬਦ, ਜੋ ਮੇਰੇ ਕੰਨਾਂ ਵਿਚ ਪੈਂਦੇ ਨੇ, ਤੈਨੂੰ ਰੋਮਨ ਅਖਰਾਂ ਵਿਚ ਲਿਖ ਕੇ ਦੇ ਸਕਦਾ

ਹਾਂ ਤੇ ਤੂੰ ਆਪਣੀ ਤਸੱਲੀ ਲਈ ਫੋਨ ਕਰ ਕੇ ਉਨ੍ਹਾਂ ਦੇ ਸਹੀ ਜਾਂ ਗ਼ਲਤ ਹੋਣ ਬਾਰੇ ਤਸਦੀਕ ਕਰ ਸਕਦਾ ਏਂ। ਵਿਕ ਦੀ ਇਹ ਗੱਲ ਸੁਣ ਕੇ ਮੈਂ ਮੂਕ ਹੋ ਗਿਆ। ਮੇਰੇ ਮਨ ਵਿਚ ਆਇਆ ਕਿ 'ਵਿਸਕੀ ਦੇ ਘਰ ਲੰਡਨ' ਵਿਚ ਰਹਿਣ ਵਾਲੇ ਇਸ ਗੋਰੇ ਨੂੰ 'ਸਿਫਤੀ ਦੇ ਘਰ-ਅੰਮ੍ਰਿਤਸਰ' ਦੇ ਦਰਬਾਰ ਸਾਹਿਬ ਨਾਲ ਇਤਨਾ ਸਨੇਹ ਕਿਵੇਂ ਹੋ ਗਿਆ ਕਿ ਉਸ ਦੀ ਲਿਵ ਉਥੇ ਜਾ ਜੁੜੀ ਹੈ।

ਮੈਂ ਵਿਕ ਨੂੰ ਕਿਹਾ ਕਿ ਮੇਰੀ ਇਹ ਹਿੰਮਤ ਨਹੀਂ ਪੈ ਸਕਦੀ ਕਿ ਮੈਂ ਤੇਰਾ ਇਮਤਿਹਾਨ ਲਵਾਂ ਕਿਉਂਕਿ ਮੈਂ ਉਸ ਖੇਤਰ ਤੋਂ ਕੋਹਾਂ ਦੂਰ ਹਾਂ ਜਿਥੇ ਤੂੰ ਵਿਚਰ ਰਿਹਾ ਏਂ। ਪਰ ਮੈਂ ਉਸ ਨੂੰ ਬੇਨਤੀ ਕੀਤੀ ਕਿ ਜੇ ਉਹ ਮੁਨਾਸਬ ਸਮਝਦਾ ਹੈ ਤਾਂ ਮੈਨੂੰ ਇਤਨਾ ਜ਼ਰੂਰ ਦੱਸਣ ਦੀ ਕ੍ਰਿਪਾਲਤਾ ਕਰੇ ਕਿ ਇਹ ਨਾਯਾਬ ਪ੍ਰਾਪਤੀ ਤੇ ਮਿਹਰ ਉਸ ਤੇ ਹੋਈ ਕਿਵੇਂ? ਵਿਕ ਨੇ ਝਕਦਿਆਂ ਝਕਦਿਆਂ ਦੱਸਿਆ ਕਿ ਕੁਝ ਚਿਰ ਪਹਿਲੇ ਮੈਂ ਹੋਰ ਦੋਸਤਾਂ ਨਾਲ ਵਿਸ਼ਵ ਟੂਰ ਤੇ ਗਿਆ ਤੇ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਇਕ ਹੋਟਲ ਵਿਚ ਆਪਣੇ ਸਾਥੀ ਦੋਸਤਾਂ ਸਮੇਤ ਠਹਿਰਿਆ। ਜਦ ਅਸੀਂ ਲਾਹੌਰ ਤੋਂ ਭਾਰਤ ਦੇ ਸ਼ਹਿਰ ਅੰਮ੍ਰਿਤਸਰ ਵਿਚ ਦਾਖਲ ਹੋਣਾ ਸੀ ਤਾਂ ਮੇਰੇ ਹੋਟਲ ਦੇ ਮੁਸਲਮਾਨ ਬੁਜ਼ਰਗ ਬਹਿਰੇ ਨੇ ਆਪਣੀ ਜੇਬ ਵਿਚੋਂ ਕੁਝ ਪੈਸੇ ਕੱਢ ਕੇ ਮੈਨੂੰ ਦਿਤੇ ਤੇ ਬੜੀ ਆਜਜ਼ੀ ਨਾਲ ਕਿਹਾ ਕਿ ਸਾਹਿਬ ਅੱਜ ਜਦ ਤੁਸੀਂ ਭਾਰਤ ਜਾਓਗੇ ਤਾਂ ਪਹਿਲੇ ਹੀ ਸ਼ਹਿਰ ਅੰਮ੍ਰਿਤਸਰ ਵਿਖੇ ਰਾਤ ਨੂੰ ਤੁਹਾਨੂੰ ਗੋਲਡਨ ਟੈਂਪਲ ਦੇ ਦਰਸ਼ਨ ਕਰਵਾਣ ਲਈ ਲੈ ਜਾਇਆ ਜਾਵੇਗਾ। ਤੁਸੀਂ ਕਿਰਪਾ ਕਰਕੇ ਮੇਰੇ ਇਹ ਪੈਸੇ ਉਥੇ ਮੱਥਾ ਟੇਕ ਦੇਣਾ। ਵਿਕ ਕਹਿੰਦਾ ਹੈ ਮੈਂ ਉਸ ਤੋਂ ਪੁਛਿਆ ਕਿ ਉਹ ਉਸ ਅਸਥਾਨ ਨਾਲ ਕਿਵੇਂ ਸਬੰਧਤ ਹੈ? ਤਾਂ ਉਸ ਮੁਸਲਮਾਨ ਵੇਟਰ ਨੇ ਕਿਹਾ ਕਿ ਉਂਜ ਤਾਂ ਉਹ ਸਿੱਖਾਂ ਦਾ ਅਸਥਾਨ ਹੈ ਪਰ ਵਾਸਤਵ ਵਿਚ ਉਹ ਸਭ ਦਾ ਸਾਂਝਾ ਤੀਰਥ ਹੈ।

ਉਸ ਵੇਟਰ ਨੇ ਹੋਰ ਕਿਹਾ ਕਿ ਮੈਂ ਅੰਮ੍ਰਿਤਸਰ ਤੋਂ ਉਜੜ ਕੇ ਲਾਹੌਰ ਆਇਆ ਹਾਂ। ਮੁਸਲੰਮਾਨ ਹੋ ਕੇ ਵੀ ਮੈਂ ਹਰ ਰੋਜ਼ ਅੰਮ੍ਰਿਤਸਰ ਦਰਬਾਰ ਸਾਹਿਬ ਜਾਂਦਾ ਸਾਂ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦਾ ਰਿਹਾ ਹਾਂ। ਦੇਸ਼ ਦੇ ਬਟਵਾਰੇ ਨੇ ਮੇਰਾ ਕਾਬ੍ਹਾ (ਹਰਿਮੰਦਰ ਸਾਹਿਬ) ਮੈਥੋਂ ਖੋਹ ਲਿਆ ਹੈ ਪਰ ਪਿਆਰ ਤੇ ਨਿਸਚਾ ਤਾਂ ਸਰਹੱਦਾਂ ਦਾ ਗ਼ੁਲਾਮ ਨਹੀਂ। ਇਥੇ ਲਾਹੌਰ ਵਿਖੇ ਰਹਿ ਕੇ ਵੀ ਮੈਂ ਆਪਣੇ ਫੁਰਸਤ ਦੇ ਸਮੇਂ ਖਿਆਲੀ ਉਡਾਰੀ ਮਾਰ ਕੇ ਦਰਬਾਰ ਸਾਹਿਬ ਪਹੁੰਚ ਜਾਂਦਾ ਹਾਂ ਤੇ ਉਥੇ ਦੇ ਆਤਮਿਕ ਨਜ਼ਾਰਿਆਂ ਦਾ ਆਨੰਦ ਲੈਂਦਾ ਹਾਂ। ਵਿਕ ਨੇ ਦੱਸਿਆ ਕਿ ਜਦ ਮੈਂ ਉਸ ਮੁਸਲਮਾਨ ਬਜ਼ੁਰਗ ਦੀਆਂ ਗੱਲਾਂ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ ਤਾਂ ਉਸ ਬੜੇ ਨਿੰਮ੍ਹੇ ਪਰ ਪੁਰਜੋਸ਼ ਲਹਿਜੇ ਵਿਚ ਮੈਨੂੰ ਸਲਾਹ ਦਿੱਤੀ ਕਿ ਮੈਂ ਵੀ ਗੋਲਡਨ ਟੈਂਪਲ ਦੇ ਦਰਸ਼ਨਾਂ ਸਮੇਂ ਇਕ ਟੂਰਸਟ ਦੀਆਂ ਨਜ਼ਰਾਂ ਤੋਂ ਉਤੇ ਉਠ ਕੇ ਇਕ ਸ਼ਰਧਾਲੂ ਦੇ ਦ੍ਰਿਸ਼ਟੀਕੋਨ ਨਾਲ ਉਸ ਅਸਥਾਨ ਦੀ ਜ਼ਿਆਰਤ ਕਰਾਂ। ਇਵੇਂ ਕਰਨ ਨਾਲ ਮੇਰੇ ਮਨ ਨੂੰ ਬੇਹੱਦ ਤਸਕੀਨ (ਸ਼ਾਂਤੀ) ਮਿਲੇਗੀ ਤੇ ਆਤਮਾ ਨੂੰ ਖੇੜਾ ਪ੍ਰਦਾਨ ਹੋਵੇਗਾ।

ਮੈਂ ਬਜ਼ੁਰਗ ਬਾਬੇ ਦੀਆਂ ਗੱਲਾਂ ਨੂੰ ਦਿਲ ਵਿਚ ਗੰਢ ਮਾਰ ਕੇ ਰੱਖ ਲਿਆ। ਸ਼ਾਮ ਨੂੰ ਅੰਮ੍ਰਿਤਸਰ ਪਹੁੰਚੇ। ਰਾਤ ਨੂੰ ਨਿਸ਼ਚਤ ਪ੍ਰੋਗਰਾਮ ਅਨੁਸਾਰ ਅਸੀਂ ਦਰਬਾਰ ਸਾਹਿਬ ਜਾਣਾ ਸੀ। ਮੇਰੇ ਅੰਦਰ ਉਥੇ ਜਾਣ ਲਈ ਬਹੁਤ ਉਮਾਹ ਤੇ ਚਾਅ ਸੀ। ਮੈਂ ਦਰਬਾਰ

ਸਾਹਿਬ ਦੇ ਬਾਹਰ ਪਹੁੰਚ ਕੇ ਇਕ ਛੋਟੀ ਕੇਸਰੀ ਦਸਤਾਰ ਖਰੀਦ ਕੇ ਦੁਕਾਨਦਾਰ ਤੋਂ ਸਿਰ ਤੇ ਬੰਨਵਾ ਲਈ ਤੇ ਮੇਰੇ ਬਾਕੀ ਸਾਥੀਆਂ ਨੇ ਆਪਣੇ ਸਿਰ ਰੁਮਾਲਾਂ ਨਾਲ ਢੱਕ ਲਏ। ਘੰਟਾ ਘਰ ਵਾਲੀ ਦਰਸ਼ਨੀ ਡਿਓਡੀ ਦੁਆਰਾ ਅਸੀਂ ਗੋਲਡਨ ਟੈਂਪਲ ਦੀ ਪਰਕਰਮਾ ਵਿਚ ਪ੍ਰਵੇਸ਼ ਕੀਤਾ। ਮੈਂ ਮਾਨਸਿਕ ਤੇ ਆਤਮਿਕ ਤੌਰ ਤੇ ਪਹਿਲਾਂ ਹੀ ਇਸ ਸੁਖਤ ਯਾਤਰਾ ਲਈ ਤਿਆਰ ਸਾਂ ਪਰ ਜਿਉਂ ਹੀ ਮੈਂ ਡਿਓਡੀ ਦੀਆਂ ਕੁਝ ਪੌੜੀਆਂ ਉੱਤਰ ਕੇ ਟੈਂਪਲ ਵੱਲ ਝਾਤੀ ਮਾਰੀ ਤਾਂ ਮੇਰੇ ਅੰਦਰ ਇੱਕ ਇਲਾਹੀ ਪ੍ਰਕਾਸ਼ ਪ੍ਰਜਵਲਤ ਹੋ ਗਿਆ ਜਿਸ ਕਾਰਨ ਮੈਂ ਵਿਸਮਾਦ ਵਰਗੀ ਹਾਲਤ ਵਿਚ ਆ ਗਿਆ। ਮੇਰੇ ਬਾਕੀ ਸਾਥੀ ਗਾਈਡ ਨਾਲ ਗਲਾਂ ਬਾਤਾਂ ਕਰਦੇ ਫੋਟੂਆਂ ਖਿਚਦੇ ਖਿਚਾਂਦੇ ਰਹੇ ਪਰ ਮੈਂ ਤਾਂ ਪਹਿਲੀ ਨਜ਼ਰੇਂ ਖੁਦ ਹੀ ਗੋਲਡਨ ਟੈਂਪਲ ਵਿਚ ਵਿਦਮਾਨ ਪਰੀਪੂਰਨ ਅਡਿੱਠ ਅਗਮੀ ਸ਼ਕਤੀ ਵਲ ਖਿਚਿਆ ਗਿਆ। ਜਦ ਦਰਬਾਰ ਸਾਹਿਬ ਅੰਦਰ ਮੱਥਾ ਟੇਕਣ ਲਈ ਪਹੁੰਚਿਆ ਤਾਂ ਮੈਨੂੰ ਸਾਰਾ ਬ੍ਰਹਿਮੰਡ ਨਾਦ ਤੇ ਵਿਸਮਾਦ ਦੀ ਮੁਦਰਾ ਵਿਚ ਵਾਹਿਗੁਰੂ ਦੇ ਜਸ ਗਾਉਂਦਾ ਪ੍ਰਤੀਤ ਹੋਇਆ। ਮੇਰੇ ਸਾਥੀ ਮੱਥਾ ਟੇਕ ਕੇ ਇਧਰ ਉਧਰ ਕੁਝ ਨਾ ਕੁਝ ਦੇਖਦੇ ਰਹੇ ਪਰ ਮੈਂ ਉਨ੍ਹਾਂ ਤੋਂ ਵੱਖ ਹੋ ਕੇ ਕੀਰਤਨ ਸੁਣਨ ਬੈਠ ਗਿਆ। ਇਵੇਂ ਲਗਦਾ ਸੀ ਮੈਨੂੰ ਹਰ ਗੱਲ ਸਮਝ ਆ ਰਹੀ ਹੈ। ਇਕ ਲਿਹਾਜ਼ ਨਾਲ ਮੈਂ ਅਕਾਲਪੁਰਖ ਨਾਲ ਅਭੇਦ ਜਿਹਾ ਹੋ ਗਿਆ ਮਹਿਸੂਸ ਕਰ ਰਿਹਾ ਸਾਂ।

ਆਖਿਰ ਦੀਵਾਨ ਦੀ ਸਮਾਪਤੀ ਦਾ ਸਮਾਂ ਆਇਆ। ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿਚ ਸੁਭਾਇਮਾਨ ਕਰਕੇ ਸੁਖ ਅਸਥਾਨ ਵਲ ਲਿਜਾਇਆ ਜਾਣ ਲਗ ਪਿਆ। ਸ਼ਰਧਾਲੂ ਸਿੱਖ ਪਾਲਕੀ ਸਾਹਿਬ ਨੂੰ ਮੋਢਾ ਦੇ ਕੇ ਆਪਣੇ ਇਸ਼ਟ ਪ੍ਰਤੀ ਆਪਣਾ ਸਤਿਕਾਰ ਅਰਪਤ ਕਰ ਰਹੇ ਸਨ। ਮੈਂ ਲਾਈਨ ਤੋਂ ਬਾਹਰ ਖੜਾ ਪਾਲਕੀ ਸਾਹਿਬ ਦੇ ਨਾਲ ਨਾਲ ਚਲ ਰਿਹਾ ਸਾਂ ਤੇ ਮੇਰੇ ਦਿਲ ਵਿਚ ਸਤਿਕਾਰ ਸਹਿਤ ਇਹ ਭਾਵਨਾ ਪੈਦਾ ਹੋਈ ਕਿ ਜੇ ਮੈਂ ਵੀ ਸਿੱਖ ਹੁੰਦਾ ਤਾਂ ਸ਼ਾਇਦ ਮੋਢਾ ਦੇ ਕੇ ਇਸ ਸ਼ਬਦ-ਗੁਰੂ ਪ੍ਰਤੀ ਆਪਣਾ ਸਤਿਕਾਰ ਸਰੀਰਿਕ ਤੌਰ ਤੇ ਵਿਅਕਤ ਕਰ ਸਕਦਾ। ਹਾਲੇਂ ਇਹ ਗੱਲ ਮੇਰੇ ਮਨ ਵਿਚ ਹੀ ਸੀ ਕਿ ਵਾਰੀ ਦਿਵਾਣ ਵਾਲਾ ਸੇਵਾਦਾਰ ਮੇਰੇ ਵਲ ਥੋੜ੍ਹਾ ਵਧਿਆ ਤੇ ਉਸ ਨੇ ਮੈਨੂੰ ਅੱਗੇ ਕਰਕੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਲਈ ਲਾ ਦਿੱਤਾ। ਫਿਰ ਕੀ ਸੀ, ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਜੋ ਖੁਸ਼ੀ ਉਸ ਸਮੇਂ ਮੇਰੇ ਮਨ ਵਿਚ ਸੀ ਨਾ ਤਾਂ ਮੈਂ ਉਸ ਨੂੰ ਬਿਆਨ ਕਰ ਸਕਦਾ ਹਾਂ ਤੇ ਸ਼ਬਦਾਂ ਦੇ ਅਭਾਸ ਕਾਰਨ ਨਾ ਹੀ ਲਿਖ ਕੇ ਪ੍ਰਗਟਾ ਸਕਦਾ ਹਾਂ, ਬਸ ਗੁੰਗੇ ਦੀ ਮਠਿਆਈ ਵਾਲੀ ਗੱਲ ਸੀ।

ਜਦ ਸਾਰੀ ਸੇਵਾ ਸਮਾਪਤ ਹੋਈ ਤਾਂ ਸਰੀਰਕ ਤੌਰ ਤੇ ਵਾਪਸ ਹੋਟਲ ਜਾ ਕੇ ਵੀ ਆਤਮਿਕ ਤੌਰ ਤੇ ਮੈਂ ਉਸ ਪਵਿੱਤਰ ਅਸਥਾਨ ਵਿਚ ਹੀ ਟਿਕਿਆ ਹੋਇਆ ਸੀ। ਅਗਲੇ ਦਿਨ ਅਸੀਂ ਅੱਗੇ ਜਾਣਾ ਸੀ ਤੇ 20 ਦਿਨ ਭਾਰਤ ਦਰਸ਼ਨ ਕਰਨਾ ਸੀ। ਮੈਂ ਆਪਣੇ ਸਾਥੀਆਂ ਤੇ ਪ੍ਰਬੰਧਕਾਂ ਨੂੰ ਕਿਹਾ ਕਿ ਜਿਤਨੇ ਦਿਨ ਉਨ੍ਹਾਂ ਭਾਰਤ ਵਿਚ ਵਿਚਰਨਾ ਹੈ ਉਤਨੇ ਦਿਨ ਮੈਂ ਅੰਮ੍ਰਿਤਸਰ ਹੀ ਰਹਾਂਗਾ। ਉਹ ਮੰਨ ਗਏ ਤੇ ਇਸ ਤਰ੍ਹਾਂ 20 ਦਿਨ ਮੈਂ ਉਸ ਸਵਰਗ ਧਾਮ ਵਿਚ ਸਾਰਾ ਸਾਰਾ ਦਿਨ ਬਤਾਉਂਦਾ ਤੇ ਇਵੇਂ ਮਹਿਸੂਸ ਹੋਣ ਲੱਗ ਪਿਆ ਕਿ ਮੈਂ ਤੇ ਉਸ ਅਸਥਾਨ ਦਾ ਵਾਤਾਵਰਣ ਆਪਸ ਵਿਚ ਇਕਮਿਕ ਹੋ ਗਏ ਹਾਂ। ਇਸ ਤਰ੍ਹਾਂ ਗੋਲਡਨ ਟੈਂਪਲ ਨਾਲ ਮੇਰੀ ਲਗਨ ਅਭੇਦਤਾ ਦੀ ਹੱਦ ਤਕ

ਪਹੁੰਚ ਗਈ। ਇਥੇ ਲੰਡਨ ਆ ਕੇ ਵੀ ਮੈਂ ਉਸ ਸ਼ੁਭ ਅਸਥਾਨ ਨਾਲ ਆਤਮਿਕ ਤੌਰ ਤੇ ਜੁੜਿਆ ਰਿਹਾ ਤੇ ਮੇਰੀ ਇਕਾਗਰਤਾ (Concentration) ਬਣਦੀ ਗਈ ਤੇ ਅੱਜ ਮੈਂ ਉਸ ਦੇ ਸਹਾਰੇ ਸਤ ਮਿੰਟ ਤੱਕ ਉਥੇ ਹੁੰਦਾ ਕੀਰਤਨ ਸੁਣ ਸਕਦਾ ਹਾਂ। ਵਿਕ ਦੀਆਂ ਇਹ ਗੱਲਾਂ ਭਾਵੇਂ ਕੋਈ ਮੰਨੇ ਜਾਂ ਨਾ ਪਰ ਮੇਰੀ ਇਹ ਹਿੰਮਤ ਨਹੀਂ ਕਿ ਅੱਜ ਵੀ ਇਨ੍ਹਾਂ ਤੇ ਕੋਈ ਕਿੰਤੂ ਕਰ ਸਕਾਂ। ਗੁਰਬਾਣੀ ਵਿਚ ਥਾਂ ਪਰ ਥਾਂ ਉਲੇਖ ਹੈ ਕਿ ਵਾਹਿਗੁਰੂ ਸਭ ਕੁਝ ਕਰਨ ਤੇ ਸਮਰੱਥ ਹੈ। ਨਿਸ਼ਚੇ ਨਾਲ ਸਭ ਦੇ ਬੇੜੇ ਪਾਰ ਹੋ ਜਾਂਦੇ ਹਨ। ਹਾਂ ਮੈਂ ਇਤਨਾ ਵਿਕ ਨੂੰ ਜ਼ਰੂਰ ਕਿਹਾ ਕਿ ਇਤਨਾ ਕੁਝ ਪਾ ਕੇ ਤੂੰ ਸਿੱਖ ਕਿਉਂ ਨਹੀਂ ਬਣ ਜਾਂਦਾ? ਇਸ ਦੇ ਉੱਤਰ ਵਿਚ ਉਸ ਦੱਸਿਆ ਕਿ ਉਸ ਨੇ ਸਿੱਖ ਧਰਮ ਦਾ ਕਾਫੀ ਅਧਿਐਨ ਕੀਤਾ ਹੈ। ਉਹ ਆਪਣੇ ਕਰਮਾਂ, ਅਕੀਦਿਆਂ ਤੇ ਧਾਰਨਾਵਾਂ ਵਿਚ ਪੂਰਨ ਸਿੱਖ ਹੈ ਪਰ ਇੰਗਲੈਂਡ ਵਿਚ ਕਈ ਸਿੱਖਾਂ ਦੇ ਮਾਇਆ ਦੀ ਪ੍ਰਾਪਤੀ ਬਾਰੇ ਚੰਗੇ ਮੰਦੇ ਹੀਲੇ ਦੇਖ ਕੇ ਉਸ ਦਾ ਹੀਆ ਨਹੀਂ ਪੈਂਦਾ ਕਿ ਉਹ ਵੀ ਸਿੱਖ ਸਜੇ।

ਵਿਕ ਦੀ ਉਕਤ ਦਾਸਤਾਨ ਗੋਲਡਨ ਟੈਂਪਲ ਦੀ ਇਸ ਗ਼ੈਰ- ਸਿੱਖ ਸ਼ਰਧਾਲੂ ਦੇ ਮਨ ਵਿਚ ਜੋ ਸ਼ਰਧਾ ਦਾ ਪ੍ਰਗਟਾਵਾ ਕਰਦੀ ਹੈ, ਉਹ ਸਾਡੇ ਸਾਰਿਆਂ ਲਈ ਵੀ ਬਹੁਤ ਪ੍ਰੇਰਨਾ ਜਨਕ ਹੈ ਅਤੇ ਹਲੂਣਾ ਦੇਂਦੀ ਕਿ ਅਸੀਂ ਵੀ ਆਪਣੀਆਂ ਬਿਰਤੀਆਂ ਨੂੰ ਸ਼ੁਧ ਕਰਕੇ ਇਕਾਗਰ ਕਰਨ ਵਲ ਉਦਮਸ਼ੀਲ ਹੋਈਏ, ਵਾਹਿਗੁਰੂ ਦੀ ਕ੍ਰਿਪਾ ਹੋਣ ਵਿਚ ਦੇਰ ਨਹੀਂ ਲਗਦੀ।

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥ (ਮ-3 ਪੰਨਾ-149)

ਉਸ ਤੋਂ ਮਗਰਲੀਆਂ ਆਪਣੀਆਂ ਇੰਗਲੈਂਡ ਫੇਰੀਆਂ ਸਮੇਂ ਮੈਂ ਇਕ ਵਾਰੀ ਵਿਸ਼ੇਸ਼ ਸਮਾਂ ਕੱਢ ਕੇ ਵਿਕ ਨੂੰ ਲਭ ਕੇ ਮਿਲਣਾ ਚਾਹਿਆ ਪਰ ਬੜੀ ਪੁਛ ਤਾਛ ਤੇ ਛਾਣ ਬੀਣ ਕਰਨ ਉਪਰੰਤ ਮੈਨੂੰ ਇਤਨਾ ਹੀ ਪਤਾ ਲਗ ਸਕਿਆ ਕਿ ਇਸ ਨਾਂ ਦਾ ਇਕ ਨੌਜਵਾਨ ਕਦੇ ਕਿੰਗਸਟਨ ਦੇ ਇਲਾਕੇ ਵਿਚ ਰਹਿੰਦਾ ਸੀ ਪਰ ਸ਼ਾਦੀ ਕਰਵਾਉਣ ਉਪਰੰਤ ਉਹ ਸ਼ਾਇਦ ਇਟਲੀ ਵਿਚ ਸੈਟਲ ਹੋ ਗਿਆ ਹੈ। ਵਿਕ ਦੀ ਆਤਮਿਕ ਉਚਤਤਾ ਨੂੰ ਧਿਆਨ ਵਿਚ ਰਖਦਿਆਂ ਮੈਂ ਇਹੀ ਕਹਿ ਸਕਦਾ ਹਾਂ ਕਿ ਉਹ ਜਿਥੇ ਵੀ ਰਹਿੰਦਾ ਹੋਵੇਗਾ ਉਸ ਦਾ ਮਸਤਕ ਗੋਲਡਨ ਟੈਂਪਲ ਅੱਗੇ ਹਰ ਰੋਜ਼ ਪੂਰੀ ਸ਼ਰਧਾ ਤੇ ਸਤਿਕਾਰ ਵਿਚ ਜ਼ਰੂਰ ਝੁਕਦਾ ਹੋਵੇਗਾ।

ਸ੍ਰੀ ਵਿਕ ਦੀ ਉਕਤ ਘਟਨਾ ਪੜ੍ਹ ਕੇ ਹੋ ਸਕਦਾ ਹੈ ਕਈ ਸਜਣਾਂ ਦੇ ਮਨਾਂ ਵਿਚ ਇਸ ਦੇ ਸਹੀ ਹੋਣ ਬਾਰੇ ਕੁਝ ਸ਼ੰਕੇ ਉਤਪੰਨ ਹੋਣ ਤੇ ਉਹ ਇਹ ਵੀ ਸਮਝਦੇ ਹੋਣ ਕਿ ਅਜਿਹਾ ਹੋਣਾ ਅਸੰਭਵ ਹੈ, ਇਸ ਲਈ ਇਸ ਵਿਚਾਰ ਨੂੰ ਸਾਫ ਕਰਨ ਹਿਤ ਲਿਖਿਆ ਜਾਂਦਾ ਹੈ ਕਿ ਟੈਲੀਪੈਥੀ ਰਾਹੀਂ ਵੀ ਦੂਰ ਬੈਠੇ ਵਿਅਕਤੀ ਦੇ ਮਨ ਦੇ ਪ੍ਰਭਾਵਾਂ ਦੀ ਸੋਝੀ ਹੋ ਜਾਣਾ ਸਾਇੰਸਦਾਨਾਂ ਵਲੋਂ ਵੀ ਮੰਨਿਆ ਜਾ ਚੁੱਕਾ ਹੈ। ਇਸ ਗੱਲ ਦੀ ਹੋਰ ਵਿਆਖਿਆ ਤੇ ਪਰੋੜਤਾ ਕਰਨ ਹਿੱਤ ਸਿੱਖ ਇਤਿਹਾਸ ਵਿਚੋਂ ਕੁਝ ਹਵਾਲੇ ਦੇਣੇ ਲਾਭਦਾਇਕ ਸਿਧ ਹੋ ਸਕਦੇ ਹਨ।

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਕੀਰਤਪੁਰ ਸਾਹਿਬ ਵਿਚ ਮੁਕੀਮ (ਠਹਿਰੇ) ਸਨ। ਉਨ੍ਹਾਂ ਨੇ ਆਪਣੇ ਇਕ ਸੇਵਕ ਭਾਈ ਗੋਂਦਾ ਨੂੰ ਕਾਬਲ ਭੇਜਿਆ। ਭਾਈ

ਗੋਂਦਾ ਗੁਰੂ ਸਾਹਿਬ ਦੀ ਹਸਤੀ ਵਿਚ ਇਤਨੀ ਸ਼ਰਧਾ ਰੱਖਦਾ ਸੀ ਕਿ ਉਹ ਉਨ੍ਹਾਂ ਤੋਂ ਇਕ ਪਲ ਵੀ ਦੂਰ ਨਹੀਂ ਸੀ ਰਹਿ ਸਕਦਾ ਪਰ ਗੁਰੂ ਦੇ ਹੁਕਮ ਨੂੰ ਟਾਲਣ ਦੀ ਵੀ ਉਹ ਮਜਾਲ ਨਹੀਂ ਸੀ ਕਰ ਸਕਦਾ। ਇਸ ਲਈ ਉਹ ਕਾਬਲ ਤਾਂ ਚਲਾ ਗਿਆ ਪਰ ਉਥੇ ਜਾ ਕੇ ਨਿਤ ਗੁਰੂ ਸਾਹਿਬ ਵਲ ਹੀ ਆਪਣਾ ਧਿਆਨ ਜੋੜੀ ਰਖਦਾ ਤੇ ਆਪਣਾ ਸਮਾਂ ਲੰਘਾਦਾ ਰਿਹਾ। ਇਕ ਦਿਨ ਉਹ ਗੁਰੂ ਦੇ ਦਰਸ਼ਨਾਂ ਤੇ ਪਰਵਚਨਾਂ ਲਈ ਬਿਹਬਲ ਹੋ ਗਿਆ ਤੇ ਜਦ ਉਸਨੂੰ ਮਿਲਾਪ ਦਾ ਹੋਰ ਕੋਈ ਚਾਰਾ ਨਜ਼ਰ ਨਾ ਆਇਆ ਤਾਂ ਚੌਕੜਾ ਮਾਰ ਕੇ ਇਕਾਗਰ ਚਿਤ ਹੋ ਕੇ ਗੁਰੂ ਅਰਾਧਨਾ ਵਿਚ ਲੀਨ ਹੋ ਗਿਆ। ਇਸ ਅੰਤਰ-ਧਿਆਨ ਅਵਸਥਾ ਵਿਚ ਉਸਨੂੰ ਲਗਿਆ ਕਿ ਉਹ ਕੀਰਤਪੁਰ ਸਾਹਿਬ ਪਹੁੰਚ ਗਿਆ ਹੈ ਤੇ ਗੁਰੂ ਸਾਹਿਬ ਦੇ ਸਨਮੁਖ ਸਾਖਿਆਤ ਬੈਠਾ ਉਨ੍ਹਾਂ ਦੇ ਚਰਨ ਸਪਰਸ਼ ਕਰ ਕੇ ਉਨ੍ਹਾਂ ਦੇ ਬਚਨ ਸਰਵਣ ਕਰ ਰਿਹਾ ਹੈ।

ਗੁਰੂ ਸਾਹਿਬ ਨੇ ਆਪਣੇ ਸਿੱਖ ਦੇ ਮਿਲਾਪ ਦੀ ਤੀਬਰ ਤਾਂਘ ਦੀ ਤ੍ਰਿਪਤੀ ਕਰਨ ਹਿੱਤ ਆਪਣੀ ਮਿਹਰ ਦੁਆਰਾ ਉਸ ਦੇ ਹਿਰਦੇ ਵਿਚ ਆਪਣੀ ਪਰਜਵਲਤ ਜੋਤੀ ਪਰਚੰਡ ਕਰ ਦਿਤੀ। ਫਿਰ ਕੀ ਸੀ ਸੇਵਕ ਬਹੁਤ ਦੇਰ ਤਕ ਗੁਰੂ ਸਾਹਿਬ ਦੀ ਸੰਗਤ ਦਾ ਭਰਪੂਰ ਆਨੰਦ ਮਾਣਦਾ ਰਿਹਾ ਤੇ ਨਿਹਾਲ ਹੁੰਦਾ ਗਿਆ। ਆਖਿਰ ਜਦ ਸਿੱਖ ਤ੍ਰਿਪਤ ਹੋ ਗਿਆ ਤਾਂ ਉਸ ਨੇ ਗੁਰੂ ਸਾਹਿਬ ਦੇ ਚਰਨ ਸਪਰਸ਼ ਕਰ ਕੇ ਬੇਨਤੀ ਕੀਤੀ ਕਿ ਹਜ਼ੂਰ ਮੈਂ ਆਪ ਜੀ ਦਾ ਇਸ ਪਰਉਪਕਾਰ ਲਈ ਸਦਾ ਸਦਾ ਲਈ ਰਿਣੀ ਰਹਾਂਗਾ, ਹੁਣ ਆਪ ਜੀ ਦੇ ਖਾਣਾ ਖਾਣ ਦਾ ਸਮਾਂ ਹੋ ਗਿਆ ਹੈ ਇਸ ਲਈ ਆਪ ਜੀ ਪ੍ਰਸ਼ਾਦਿ ਛਕੋ ਤੇ ਆਪਣੇ ਨਿਮਾਣੇ ਸੇਵਕ ਨੂੰ ਆਗਿਆ ਬਖਸ਼ੋ। ਇਸ ਬੇਨਤੀ ਤੇ ਵੀ ਭਾਈ ਗੋਂਦਾ ਨੇ ਮਹਿਸੂਸ ਕੀਤਾ ਕਿ ਗੁਰੂ ਸਾਹਿਬ ਦੀ ਬਿਰਤੀ ਕਈ ਚਿਰ ਨਾ ਟੁਟੀ ਤੇ ਇਵੇਂ ਸੇਵਕ ਇਲਾਹੀ ਵਿਸਮਾਦ ਵਿਚ ਦਰਸ਼ਨਾਂ ਦਾ ਅੰਮ੍ਰਿਤ ਰਸ ਭੁੰਚਦਾ ਰਿਹਾ। ਅੰਤ ਗੁਰੂ ਸਾਹਿਬ ਨੇ ਉਸ ਦੇ ਅੰਤਰ ਆਤਮੇ ਨੂੰ ਸਮਝਾਂਦਿਆਂ ਹੋਇਆਂ ਫਰਮਾਇਆ ਕਿ ਆਤਮਿਕ ਸਾਂਝ ਦੇ ਮੁਕਾਬਲੇ ਵਿਚ ਸਰੀਰਕ ਸਾਂਝ ਨਿਗੁਣੀ ਹੈ। ਕੇਵਲ ਸਰੀਰਕ ਸਬੰਧ ਤਾਂ ਆਤਮਿਕ ਵਿਕਾਸ ਵਿਚ ਰੁਕਾਵਟ ਦਾ ਕਾਰਨ ਬਣਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਦੇ ਦਰਸ਼ਨਾਂ ਤੇ ਪਰਵਚਨਾਂ ਦੀ ਰਹਿਮਤ ਪਾ ਕੇ ਭਾਈ ਗੋਂਦਾ ਦੀ ਚੌਕੜੀ ਵੀ ਖੁਲ੍ਹੀ ਤੇ ਉਹ ਪਹਿਲੇ ਨਾਲੋਂ ਬਹੁਤ ਬਦਲਿਆ ਹੋਇਆ, ਵਧੇਰੇ ਸੰਤੁਸ਼ਟ ਤੇ ਸਹਿਜ ਸੁਭਾ ਵਾਲਾ ਇਨਸਾਨ ਬਣਿਆ ਹੋਇਆ ਸੀ ਤੇ ਇਸ ਤ੍ਰਰਾਂ ਉਸ ਦੀ ਸਰੀਰਕ ਰੂਪ ਵਿਚ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਇਛਾ ਸ਼ਾਂਤ ਹੋ ਗਈ।

ਦਿਲ ਕੇ ਆਈਨੇ ਮੇਂ ਹੈ ਤਸਵੀਰੇ ਯਾਰ,
ਜਬ ਜ਼ਰਾ ਗਰਦਨ ਝੁਕਾਈ ਦੇਖ ਲੀ॥

ਸੰਤ ਬਾਬਾ ਨੰਦ ਸਿੰਘ

ਇਕ ਹੋਰ ਘਟਨਾ ਦਾ ਸੰਖੇਪ ਵਰਨਣ ਪੇਸ਼ ਹੈ। ਸੰਤ ਨੰਦ ਸਿੰਘ ਕਲੇਰਾਂ ਵਾਲਿਆਂ ਨੇ ਇਕ ਦਿਨ ਆਪਣਿਆਂ ਸੇਵਕਾਂ ਨੂੰ ਕਿਹਾ ਕਿ ਅੱਜ ਉਨ੍ਹਾਂ ਦੇ ਅਧਿਆਪਕ ਨੇ ਉਨ੍ਹਾਂ ਨੂੰ ਮਿਲਣ ਆਉਣਾ ਹੈ ਇਸ ਲਈ ਉਹ ਉਨ੍ਹਾਂ ਦੇ ਸਤਿਕਾਰ ਵਜੋਂ ਡੇਰੇ ਤੋਂ ਬਾਹਰ ਖੜ੍ਹ ਕੇ ਉਨ੍ਹਾਂ ਦੀ ਉਡੀਕ ਕਰਨਗੇ। ਕੁਝ ਮਿੰਟਾਂ ਮਗਰੋਂ ਉਨ੍ਹਾਂ ਦੇ ਅਧਿਆਪਕ ਆ ਗਏ ਤੇ ਉਨ੍ਹਾਂ ਨੂੰ ਮਿਲਣ ਲਗਿਆਂ ਸੰਤ ਹੋਰਾਂ

ਕਿਹਾ ਕਿ ਉਹ ਉਨ੍ਹਾਂ ਦੇ ਇਸਤਕਬਾਲ (ਸਤਿਕਾਰ) ਲਈ ਆਪ ਅੱਗੇ ਖੜੇ ਹਨ। ਅਧਿਆਪਕ ਨੇ ਇਸ ਗੱਲ ਦਾ ਧੰਨਵਾਦ ਕੀਤਾ ਤੇ ਨਾਲ ਹੀ ਪੁਛਿਆ ਕਿ ਤੁਹਾਨੂੰ ਕਿਵੇਂ ਪਤਾ ਸੀ ਕਿ ਮੈਂ ਆ ਰਿਹਾ ਹਾਂ? ਇਸ ਦੇ ਉੱਤਰ ਵਿਚ ਸੰਤ ਨੇ ਫਰਮਾਇਆ ਕਿ ਉਨ੍ਹਾਂ ਨੂੰ ਆਪ ਦਾ ਸੁਨੇਹਾ ਪ੍ਰਾਪਤ ਹੋਇਆ ਹੈ। ਅਧਿਆਪਕ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਉਸ ਨੇ ਤਾਂ ਕੋਈ ਸੁਨੇਹਾ ਨਹੀਂ ਭੇਜਿਆ ਸਗੋਂ ਕਈ ਕਾਰਨਾਂ ਕਰ ਕੇ ਇਸ ਮਿਲਣੀ ਨੂੰ ਬਹੁਤ ਗੁਪਤ ਰੱਖ ਕੇ ਉਹ ਘਰੋਂ ਚਲਿਆ ਹੈ। ਸੰਤ ਜੀ ਨੇ ਇਸ ਗੱਲ ਦੇ ਉੱਤਰ ਵਿਚ ਫਿਰ ਫਰਮਾਇਆ ਕਿ ਸੁਨੇਹਾ ਤਾਂ ਤੁਸੀ ਜ਼ਰੂਰ ਘਲਿਆ ਹੈ ਪਰ ਸ਼ਾਇਦ ਤੁਸੀ ਭੁੱਲ ਗਏ ਹੋ। ਤੁਸੀਂ ਘਰੋਂ ਚਲਣ ਲਗਿਆਂ ਇਤਨੇ ਵਜੇ ਅਰਦਾਸ ਕੀਤੀ ਕਿ ਅਕਾਲਪੁਰਖ ਜੀ ਮੈਂ ਨੰਦ ਸਿੰਘ ਨੂੰ ਮਿਲਣ ਚਲਿਆਂ ਹਾਂ, ਮੇਲ ਜ਼ਰੂਰ ਕਰਾ ਦੇਣਾ। ਇਸੇ ਲਈ ਹੀ ਤਾਂ ਮੈਂ ਆਪਣੇ ਸਾਰੇ ਕਾਰਜ ਛਡ ਕੇ ਤੁਹਾਡੇ ਸਨਮਾਨ ਲਈ ਡੇਰਿਉਂ ਬਾਹਰ ਆ ਖੜਾ ਹੋਇਆ ਹਾਂ। ਇਹ ਗੱਲ ਸੁਣ ਕੇ ਅਧਿਆਪਕ ਨੂੰ ਖੁਸ਼ੀ ਭਰੀ ਸੋਝੀ ਹੋਈ ਤੇ ਉਸ ਨੂੰ ਆਪਣੇ 'ਸ਼ਿਸ਼' ਦੀ ਆਤਮਿਕ ਉਚਤਾ ਤੇ ਭਾਰੀ ਮਾਣ ਹੋਇਆ।

ਭਾਈ ਦੇਵੀ ਲਾਲ ਦੀ ਘਟਨਾ

ਇਤਿਹਾਸ ਵਿਚ ਅਜਿਹੀਆਂ ਕਈ ਘਟਨਾਵਾਂ ਦਾ ਵਰਨਣ ਮਿਲਦਾ ਹੈ ਪਰ ਕੇਵਲ 'ਕਲਗੀਧਰ ਚਮਤਕਾਰ' ਦੇ ਹਵਾਲੇ ਵਿਚ ਭਾਈ ਦੇਵੀ ਲਾਲ ਦੀ ਇਕ ਵਿਥਿਆ ਦਾ ਸੰਖੇਪ ਜਿਹਾ ਜ਼ਿਕਰ ਕਰ ਕੇ ਗੱਲ ਨੂੰ ਸਮਾਪਤ ਕਰਾਗਾਂ। ਇਹ ਦੇਵੀ ਲਾਲ ਪਹਾੜੀਆ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਭਗਤ ਸੀ ਜਿਸ ਕਰਕੇ ਪਹਾੜੀ ਰਾਜਿਆਂ ਨੂੰ ਇਸ ਦੀ ਹੋਂਦ ਖਟਕਦੀ ਸੀ। 'ਕਲਗੀਧਰ ਚਮਤਕਾਰ' ਅਨੁਸਾਰ ਰਾਜਿਆਂ ਨੇ ਇਸ ਨੂੰ ਪਕੜ ਲਿਆ ਤੇ ਇਕ ਦਰੱਖਤ ਨਾਲ ਬੰਨ੍ਹ ਕੇ ਇਸ ਦੀਆਂ ਅੱਖਾਂ ਵਿੱਚ ਕਿਲ ਠੋਕ ਦਿਤੇ। ਸੇਵਕ ਇਸ ਬਿਪਤਾ ਸਮੇਂ ਆਪਣੇ ਗੁਰੂ ਦੇ ਚਰਨਾਂ ਵਲ ਧਿਆਨ ਧਰ ਕੇ ਉਨ੍ਹਾਂ ਨੂੰ ਯਾਦ ਕਰਦਾ ਹੈ। ਉਧਰ ਗੁਰੂ ਸਾਹਿਬ ਦੀਵਾਨ ਵਿਚ ਬਿਰਾਜਮਾਨ ਸਨ। ਸੰਗਤ ਨੇ ਦੇਖਿਆ ਕਿ ਗੁਰੂ ਸਾਹਿਬ ਦੇ ਚਰਨਾਂ ਵਿਚੋਂ ਖੂਨ ਨਿਕਲਿਆ ਤੇ ਥੱਲੇ ਡਿਗਣ ਲਗ ਪਿਆ। ਸੰਗਤ ਬਹੁਤ ਹੈਰਾਨ ਹੋਈ ਤੇ ਇਸ ਦਾ ਕਾਰਨ ਪੁਛਿਆ। ਗੁਰੂ ਸਾਹਿਬ ਨੇ ਫਰਮਾਇਆ ਕਿ ਉਨ੍ਹਾਂ ਦਾ ਇਕ ਸੇਵਕ ਪੀੜਾ ਵਿਚ ਗਰਸਤ ਹੈ ਤੇ ਉਨ੍ਹਾਂ ਦੇ ਚਰਨਾਂ ਵਿਚ ਧਿਆਨ ਜੋੜ ਕੇ ਉਨ੍ਹਾਂ ਨੂੰ ਯਾਦ ਕਰ ਰਿਹਾ ਹੈ ਇਸ ਲਈ ਉਹ ਉਸ ਦੀ ਪੀੜ ਦੇ ਭਾਈਵਾਲ ਬਣਕੇ ਉਸ ਦੀ ਪੀੜਾ ਨਿਵਾਰ ਰਹੇ ਹਨ।

ਉਕਤ ਸਾਰੀਆਂ ਘਟਨਾਵਾਂ ਵਿਕ ਦੀ ਆਤਮਿਕ ਅਵਸਥਾ ਦੀ ਪੁਸ਼ਟੀ ਕਰਦੀਆਂ ਹਨ। ਦਰਅਸਲ ਧਰਮ ਦਾ ਖੇਤਰ ਨਿਸਚੇ, ਸਬਰ, ਸੰਤੋਖ, ਭਰੋਸੇ, ਵਿਸ਼ਵਾਸ ਤੇ ਸਿਮਰਨ ਦਾ ਖੇਤਰ ਹੈ। ਇਸ ਖੇਤਰ ਵਿਚ ਬਹੁਤੀ ਦਲੀਲ ਤੇ ਨੁਕਤਾ ਚੀਨੀ ਮਨੁੱਖ ਨੂੰ ਕਈ ਵਾਰੀ ਮੁਖ ਆਸ਼ੇ ਤੋਂ ਭਟਕਾ ਦੇਂਦੀ ਹੈ ਜਿਸ ਨਾਲ ਗੱਲ ਨਹੀਂ ਬਣਦੀ।

ਸ੍ਰੀ ਵਿਕ ਨੂੰ ਹਰਿਮੰਦਰ ਸਾਹਿਬ ਤੋਂ ਰੱਬੀ ਨੂਰ ਦੀ ਪ੍ਰਾਪਤੀ ਹੋਈ ਤੇ ਉਹ ਆਤਮਿਕ ਤੌਰ ਤੇ ਮਾਲਾ ਮਾਲ ਹੋ ਗਿਆ। ਵਾਹਿਗੁਰੂ ਨੇ ਆਪਣੇ ਸੇਵਕ ਤੇ ਮਿਹਰ ਕਰਕੇ ਨਾਮ ਰਸ ਦਾ ਖਜ਼ਾਨਾ ਲੁਟਾ ਦਿੱਤਾ ਤੇ ਮਿਹਰਾਂ ਦੀ ਛਹਿਬਰ ਲਗਾ ਦਿੱਤੀ। ਉਹ ਕਿਤਨਾ ਵਡ ਭਾਗੀ ਸੀ ਕਿ ਪਲਾਂ ਪਲਾਂ ਵਿਚ ਪ੍ਰਭੂ ਦੀ ਮਿਹਰ ਸਦਕਾ ਉਸਦੇ ਪ੍ਰੇਮ

ਵਿਚ ਵਲੀਨ ਹੋ ਗਿਆ। ਸੁਖਮਨੀ ਦੇ ਨਿਮਨ ਸਲੋਕ ਅਨੁਸਾਰ ਵਾਹਿਗੁਰੂ ਉਸ ਤੇ ਤੁਠਾ:

ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖੁ ਵਡਭਾਗੀ ਹੇ॥ (ਪੰਨਾ-286)

ਹਰਿਮੰਦਰ ਤੋਂ ਇਤਨਾ ਕੁਝ ਸੁਤੇ ਸਿਧ ਹੀ ਪ੍ਰਾਪਤ ਕਰਨ ਦੇ ਬਾਵਜੂਦ ਉਸ ਨੇ ਸਿਖੀ ਸਰੂਪ ਧਾਰਨ ਨਹੀਂ ਕੀਤਾ। ਇਸ ਬਾਰੇ ਉਸ ਦੇ ਅਨੁਭਵ ਉਤੇ ਦਸੇ ਜਾ ਚੁਕੇ ਹਨ ਪਰ ਇਸ ਅਸਥਾਨ ਦੀ ਮਹੱਤਤਾ ਹੀ ਇਹੀ ਹੈ ਕਿ ਨਿਸਚੇ ਨਾਲ ਦਰਸ਼ਨਾਂ ਲਈ ਆਏ ਹਰ ਪ੍ਰਾਣੀ ਦੀ ਮਨੋਕਾਮਨਾ ਪੂਰੀ ਹੁੰਦੀ ਹੈ। ਇਹੋ ਜਿਹੇ ਹਜ਼ਾਰਾਂ ਕੇਸ ਸਾਹਮਣੇ ਆ ਚੁਕੇ ਹਨ।

ਬਦੇਸ਼ੀ ਮਹਿਲਾ ਦਾ ਹਰਿਮੰਦਰ ਦਰਸ਼ਨਾਂ ਸਦਕਾ ਸਿੱਖ ਸਜਣਾ

ਅਜਿਹੀ ਹੀ ਇਕ ਵਚਿਤਰ ਘਟਨਾ ਹਾਲੈਂਡ ਦੀ ਵਸਨੀਕ ਡਚ ਔਰਤ ਡੇਲ ਗੋਲਡੀ ਦੀ ਹੈ ਜੋ ਹਾਲੈਂਡ ਵਿਚ ਜੰਮੀ ਪਲੀ ਤੇ ਵੱਡੀ ਹੋਈ। ਇੰਡੋਨੇਸ਼ੀਆ ਵਿਚ ਵਿਆਹੀ ਆਉਣ ਕਾਰਨ ਉਥੇ ਰਿਹਾਇਸ਼ ਪਜ਼ੀਰ ਹੋਈ ਪਰ ਉਸ ਦੇ ਮਨ ਵਿਚ ਬਚਪਨ ਤੋਂ ਹੀ ਇਕ ਸੰਕਲਪ ਸਰਗਰਮ ਰੂਪ ਵਿਚ ਜੀਵਤ ਸੀ ਤੇ ਉਹ ਇਹ ਸੀ ਕਿ ਸੰਸਾਰ ਵਿਚ ਉਹ ਕਿਹੜਾ ਧਰਮ ਹੈ ਜੋ ਸਭ ਤੋਂ ਉਤਮ ਹੈ? ਵੈਸੇ ਤਾਂ ਹਰ ਧਰਮ ਉਤਮ ਹੈ ਕਿਉਂਕਿ ਉਹ ਮਨੁੱਖ ਮਾਤਰ ਨੂੰ ਪ੍ਰਭੂ ਮਾਰਗ ਵਲ ਲੈ ਜਾਂਦਾ ਹੈ ਪਰ ਇਹ ਬੀਬੀ ਨਿਰਪੱਖ ਹੋ ਕੇ ਕਿਸੇ ਨਤੀਜੇ ਤੇ ਪਹੁੰਚਣਾ ਚਾਹੁੰਦੀ ਸੀ। ਆਪਣੇ ਮਨ ਵਿਚੋਂ ਉਠੇ ਇਸ ਵੇਗ ਨੂੰ ਤਸੱਲੀਪੂਰਵ ਢੰਗ ਨਾਲ ਸ਼ਾਂਤ ਕਰਨ ਹਿਤ ਉਸ ਨੇ ਦੁਨੀਆਂ ਦੇ ਪ੍ਰਮੁੱਖ ਧਰਮਾਂ ਦਾ ਡੂੰਘਾ ਅਧਿਐਨ ਕੀਤਾ ਤੇ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਦੇ ਅਮਲੀ ਜੀਵਨ ਨੂੰ ਵੀ ਦੇਖਿਆ, ਭਾਂਪਿਆ, ਘੋਖਿਆ। ਤੀਰਥ ਸਥਾਨਾਂ ਦਾ ਭਰਮਣ ਕਰ ਕੇ ਉਥੇ ਪ੍ਰਚਲਤ ਰਹਿਤ ਮਰਿਆਦਾਵਾਂ ਦੀ ਪਰਖ ਕੀਤੀ। ਜਦ ਉਸ ਨੇ ਸਿੱਖ ਧਰਮ ਦਾ ਅਧਿਐਨ ਕੀਤਾ ਤਾਂ ਉਸ ਦਾ ਮਨ ਇਸ ਦੇ ਪ੍ਰਮੁਖ ਅਸੂਲਾਂ ਨੂੰ ਜਾਣਨ ਤੇ ਕੁਝ ਟਿਕ ਗਿਆ। ਉਹ ਹੋਰ ਜਾਣਕਾਰੀ ਲਈ ਅੰਮ੍ਰਿਤਸਰ ਦਰਬਾਰ ਸਾਹਿਬ ਆ ਗਈ। ਇਥੇ ਆ ਕੇ ਉਸ ਨੇ ਗੁਰਬਾਣੀ ਕੀਰਤਨ, ਵੱਖ-ਵੱਖ ਮਨੁੱਖਾਂ ਵਿਚ ਸੰਗਤੀ ਪਿਆਰ ਤੇ ਆਪਸੀ ਬਰਾਬਰੀ ਦੇ ਸਾਖਿਆਤ ਦਰਸ਼ਨ ਕੀਤੇ। ਚਲ ਰਹੀ ਨਿਸ਼ਕਾਮ ਸੇਵਾ ਨੇ ਉਸ ਨੂੰ ਬਹੁਤ ਤਸਕੀਨ ਦਿੱਤੀ ਤੇ ਬਿਨਾ ਭੇਦ ਭਾਵ ਤੋਂ ਇਕੋ ਲੰਗਰ ਵਿਚ, ਸੰਗਤ ਪੰਗਤ ਵਿਚ ਅਮੀਰ ਗਰੀਬ ਲੋਕਾਂ ਨੂੰ ਲੰਗਰ ਛਕਦਿਆਂ ਦੇਖ ਕੇ ਤਾਂ ਉਹ ਗਦ ਗਦ ਹੋ ਗਈ। ਪੰਗਤ ਵਿਚ ਇਕੋ ਜਿਹਾ ਲੰਗਰ ਛਕਣ ਸਮੇਂ ਇਹ ਪਛਾਣਨਾ ਮੁਸ਼ਕਲ ਸੀ ਕਿ ਕੌਣ ਹਿੰਦੂ ਹੈ ਤੇ ਕੌਣ ਮੁਸਲਮਾਨ, ਸਿੱਖ, ਈਸਾਈ ਜਾਂ ਅਧਰਮੀ। ਗੋਲਡੀ ਇਹ ਵੇਖ ਕੇ ਇਸ ਨਿਰਣੇ ਤੇ ਪਹੁੰਚੀ ਕਿ ਸਿੱਖ ਸਰਬੱਤ ਦਾ ਭਲਾ ਮੰਗਦਾ ਵੀ ਹੈ, ਚਾਹੁੰਦਾ ਵੀ ਹੈ ਤੇ ਕਰਦਾ ਵੀ ਹੈ ਅਤੇ ਇਸ ਦਾ ਇਤਿਹਾਸ ਦਸਦਾ ਹੈ ਕਿ ਇਸ ਭਾਵਨਾ ਨੂੰ ਬਰਕਰਾਰ ਰਖਣ ਲਈ ਇਹ ਸਿਤਮ-ਜ਼ਰੀਫ ਤੇ ਧਾੜਵੀ ਨਾਲ ਅੜਦਾ ਵੀ ਹੈ ਤੇ ਜਾਨ ਹੂਲ ਕੇ ਲੜਦਾ ਵੀ ਹੈ। ਸਿੱਖ ਧਰਮ ਕਥਨੀ ਤੇ ਕਰਨੀ ਵਿਚ ਪੂਰਾ ਹੈ। ਹਰ ਸਿੱਖ ਚੰਗੀ ਤਰ੍ਹਾਂ ਜਾਣਦਾ ਹੈ ਕਿ ਹਰਕਤ ਵਿਚ ਬਰਕਤ ਹੈ ਇਸ ਲਈ ਨੇਕ ਕਾਰ-ਵਿਹਾਰ ਵਾਸਤੇ ਉਹ ਹਮੇਸ਼ਾ ਸਰਗਰਮ ਤੇ ਉਦਮਸ਼ੀਲ

ਰਹਿੰਦਾ ਹੈ। ਗੋਲਡਨ ਟੈਂਪਲ ਵਿਚ ਬਿਤਾਏ ਪਲ ਦੋ ਪਲ ਨੇ ਗੋਲਡੀ ਦਾ ਕਾਇਆ ਕਲਪ ਕਰ ਦਿੱਤਾ। ਇਸ ਲਈ ਉਸ ਨੇ ਇਹ ਐਲਾਨ ਹੀ ਨਹੀਂ ਕੀਤਾ ਕਿ ਸਿੱਖ ਧਰਮ ਸਭ ਤੋਂ ਸਰੇਸ਼ਠ ਧਰਮ ਹੈ ਸਗੋਂ 20 ਨਵੰਬਰ 1925 ਨੂੰ ਉਹ ਅੰਮ੍ਰਿਤ ਛਕ ਕੇ ਸਿੰਘ ਸਜ ਕੇ ਗੋਲਡੀ ਤੋਂ ਸਰਦਾਰਨੀ ਭਗਵਾਨ ਕੌਰ ਬਣ ਗਈ।

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ-266)

ਗੋਲਡਨ ਟੈਂਪਲ ਅਤੇ ਇਸ ਪਵਿੱਤਰ ਪਰੀਸਰ ਦੇ ਦਰਸ਼ਨ ਕਰਕੇ ਜੋ ਸੁਤੇ ਸਿਧ ਉਸ ਦੇ ਮੂੰਹ ਚੋਂ ਨਿਕਲਿਆ ਉਹ ਇਸ ਪਰਕਾਰ ਹੈ। **'ਸ੍ਰੀ ਹਰਿਮੰਦਰ ਸਾਹਿਬ ਦੀ ਅਜ਼ਮਤ ਨੇ ਮੇਰੇ ਦਿਲ ਨੂੰ ਖਰੀਦ ਲਿਆ ਹੈ। ਇਥੇ ਚਲ ਰਹੇ ਨਿਤ ਦੇ ਕਾਰਜ ਕਰਮ ਨੇ ਮੇਰੇ ਮਨ ਨੂੰ ਪਹਿਲੀ ਨਜ਼ਰੇਂ ਪੂਰਨ ਸ਼ਾਂਤੀ ਤੇ ਤੱਸਲੀ ਦਿੱਤੀ ਹੈ। ਸ੍ਰੀ ਦਰਬਾਰ ਸਾਹਿਬ ਦੀ ਲਾਸਾਨੀ ਸ਼ਾਨ ਤੇ ਰੂਹਾਨੀ ਕਸ਼ਿਸ਼ ਨੇ ਮੈਨੂੰ ਇਹ ਨਿਸ਼ਚਾ ਕਰਨ ਲਈ ਮਜਬੂਰ ਕੀਤਾ ਹੈ ਕਿ ਮੇਰੇ ਵਾਸਤੇ ਸਭ ਤੋਂ ਚੰਗਾ ਧਰਮ ਸਿੱਖ ਧਰਮ ਹੀ ਹੈ। ਸ੍ਰੀ ਹਰਿਮੰਦਰ ਸਾਹਿਬ ਨੇ ਮੇਰਾ ਦਿਲ ਜਿੱਤ ਲਿਆ ਹੈ।''**

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥
(ਪੰਨਾ-991)

ਅਖਬਾਰ ਨਵੀਸਾਂ ਵਲੋਂ ਪੁਛੇ ਜਾਣ ਤੇ ਕਿ ਕੀ ਤੁਸੀਂ ਇਹ ਧਰਮ ਕਿਸੇ ਹੋਰ ਮਕਸਦ ਜਾਂ ਦਬਾਓ ਹੇਠ ਆ ਕੇ ਤਾਂ ਨਹੀਂ ਧਾਰਨ ਕੀਤਾ, ਦੇ ਉੱਤਰ ਵਿਚ ਗੋਲਡੀ (ਸਰਦਾਰਨੀ ਭਗਵਾਨ ਕੌਰ) ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਉੱਤਰ ਦਿੱਤਾ, "ਸਿਖ ਧਰਮ ਧਾਰਨ ਕਰਨਾ ਮੇਰੇ ਸੁਤੰਤਰ ਅਧਿਐਨ ਦਾ ਨਤੀਜਾ ਹੈ ਤੇ ਇਹ ਅਕਾਲਪੁਰਖ ਦੀ ਅਪਰਮ ਅਪਾਰ ਕਿਰਪਾ, ਮਿਹਰ ਤੇ ਬਖਸ਼ਿਸ਼ ਦਾ ਪਰਤਾਪ ਹੈ ਕਿ ਮੈਂ ਇਸ ਨਾਦਰ ਰਹੁ-ਰੀਤੀ ਨੂੰ ਆਤਮਿਕ ਸ਼ਾਂਤੀ ਗ੍ਰਹਿਣ ਕਰਨ ਹਿਤ ਧਾਰਨ ਕਰ ਸਕੀ ਹਾਂ। ਇਸ ਪਿੱਛੇ ਮੇਰੀ ਕੋਈ ਵੀ ਕਿਸੇ ਪਰਕਾਰ ਦੀ ਦੁਨਿਆਵੀ ਗਰਜ਼ਮੰਦੀ ਕੰਮ ਨਹੀਂ ਕਰ ਰਹੀ। ਮੈਂ ਗੋਲਡਨ ਟੈਂਪਲ ਦੀ ਆਭਾਰੀ ਹਾਂ ਜਿਸ ਦੇ ਦਰਸ਼ਨਾਂ ਨੇ ਪਹਿਲੀ ਨਜ਼ਰੇਂ ਮੇਰਾ ਕਾਇਆ ਕਲਪ ਕਰ ਦਿੱਤਾ ਹੈ। A fine example of 'Love at first sight.'

ਉਕਤ ਘਟਨਾ ਨੂੰ ਵਾਚਣ ਉਪਰੰਤ ਇਹ ਗੱਲ ਹੋਰ ਦ੍ਰਿੜ ਤੇ ਸੁਦ੍ਰਿੜ ਹੁੰਦੀ ਹੈ ਕਿ ਰਬ ਦੀ ਮਿਹਰ ਪ੍ਰਾਪਤ ਕਰਨ ਲਈ ਕੇਵਲ ਕਰਮਾਂ ਦੇ ਹਿਸਾਬ ਕਿਤਾਬ ਦੀ ਮੁਥਾਜੀ ਵਿਚ ਫਸੇ ਰਹਿਣਾ ਬਹੁਤਾ ਜ਼ਰੂਰੀ ਨਹੀਂ। ਜੇ ਨਦਰ ਸਵੱਲੀ ਹੋ ਜਾਵੇ ਤਾਂ ਪਲਾਂ ਪਲਾਂ ਵਿਚ ਪਾਰ ਉਤਾਰਾ ਹੋ ਸਕਦਾ ਹੈ। ਭਾਵਨਾ ਵਿਚ ਪਵਿੱਤਰਤਾ, ਇਰਾਦੇ ਵਿਚ ਦਰਿੜ ਪਕਿਆਈ ਤੇ ਉਤਸ਼ਾਹ ਵਿਚ ਸਭ ਕੁਝ ਆਪਣੇ ਸਤਿਗੁਰਾਂ ਅੱਗੇ ਅਰਪਤ ਕਰ ਕੇ ਅੰਨਦ ਪ੍ਰਾਪਤ ਕਰਨ ਦੀ ਲੋਚਾ ਦਾ ਹੋਣਾ ਜ਼ਰੂਰੀ ਹੈ, ਫਿਰ ਬੇੜੇ ਪਾਰ ਹਨ। ਰਸਮੀ ਗਲਾਂ ਬਾਤਾਂ ਤਾਂ ਬਸ ਕਾਗਜ਼ ਦੇ ਫੁੱਲਾਂ ਨੂੰ ਸੁੰਘਣ ਸਮਾਨ ਹਨ ਜੋ ਨਿਰ-ਗੰਧ ਤੇ ਨਿਰ-ਜਿੰਦ ਹਨ।

ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥ (ਪੰਨਾ-286)

ਦਰਬਾਰ ਸਾਹਿਬ ਦੀ ਲਾਗ ਬੁਕ ਵਿਚ ਇੰਦਰਾਜ ਤੇ ਹੋਰ ਕਥਨ

ਦਰਬਾਰ ਸਾਹਿਬ ਵਿਖੇ ਜਦ ਕੋਈ ਬਹੁਤ ਹੀ ਮਹੱਤਵਪੂਰਣ ਵਿਅਕਤੀ ਦਰਸ਼ਨਾਂ ਲਈ ਆਉਂਦਾ ਹੈ ਤਾਂ ਜੇਕਰ ਉਹ ਚਾਹੇ ਤਦ ਇਸ ਪੁਨੀਤ ਅਸਥਾਨ ਬਾਰੇ ਆਪਣੇ ਅਨੁਭਵ ਇਕ ਲਾਗ ਬੁਕ (ਯਾਤਰੂ ਰਜਿਸਟਰ) ਵਿਚ ਅੰਕਤ ਕਰ ਸਕਦਾ ਹੈ ਜੋ ਦਰਬਾਰ ਸਾਹਿਬ ਦੇ ਸੂਚਨਾ ਦਫ਼ਤਰ ਵਿਚ ਪਈ ਹੁੰਦੀ ਹੈ। ਕੁਝ ਪ੍ਰਮੁਖ ਸੱਜਣਾਂ ਦੇ ਨਮੂਨੇ ਮਾਤਰ ਸ਼ਬਦ ਨਿਮਨ ਦਰਜ ਹਨ ਜੋ ਉਸ ਲਾਗ ਬੁਕ ਵਿਚੋਂ ਲਏ ਗਏ ਹਨ। ਕੋਸ਼ਿਸ਼ ਇਹੀ ਕੀਤੀ ਗਈ ਹੈ ਕਿ ਨਵੇਂ ਨਵੇਂ ਵਿਚਾਰਾਂ ਵਾਲੀਆਂ ਟੂਕਾਂ ਹੀ ਦਰਜ ਕੀਤੀਆਂ ਜਾਣ।

ਸ੍ਰੀ ਅਟੱਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਭਾਰਤ

ਸ੍ਰੀ ਵਾਜਪਾਈ ਨੇ ਵੀ ਪਹਿਲੀ ਵਾਰੀ ਪ੍ਰਧਾਨ ਮੰਤਰੀ ਦਾ ਪਦ ਗ੍ਰਹਿਣ ਕਰਨ ਉਪਰੰਤ 18.6.96 ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਦੀ ਵਿਸ਼ੇਸ਼ ਯਾਤਰਾ ਕੀਤੀ। ਦਰਬਾਰ ਸਾਹਿਬ ਬਾਰੇ ਉਨ੍ਹਾਂ ਜੋ ਆਪਣੇ ਅਨੁਭਵ ਪ੍ਰਗਟਾਏ ਹਨ, ਉਹ ਇਵੇਂ ਹਨ: ਅੱਜ ਦਰਬਾਰ ਸਾਹਿਬ ਵਿਖੇ ਆਪਣਾ ਡੂੰਘਾ ਸਤਿਕਾਰ ਪ੍ਰਗਟ ਕਰਦੇ ਸਮੇਂ ਮੈਂ ਆਪਣੀ ਸ਼ਰਧਾ ਦੇ ਫੁਲ ਅਰਪਤ ਕੀਤੇ ਜਿਸ ਨਾਲ ਮੈਨੂੰ ਬੇਹਦ ਆਨੰਦ ਪ੍ਰਾਪਤ ਹੋਇਆ। ਮੈਂ ਤਾਂ ਇਸ ਫੇਰੀ ਨੂੰ ਸ਼ਰਧਾਮਈ ਤੀਰਥ ਯਾਤਰਾ ਸਮਝਦਾ ਹਾਂ। ਮੈਂ ਸਾਰੇ ਗੁਰੂ ਸਾਹਿਬਾਨ ਦੇ ਪਵਿਤਰ ਚਰਨਾਂ ਤੇ ਆਪਣਾ ਸੀਸ ਨਿਵਾਉਂਦਾ ਹਾਂ। ਭਗਤੀ ਤੇ ਸ਼ਕਤੀ ਦਾ ਜੋ ਪਵਿਤਰ ਸੰਦੇਸ਼ ਉਨ੍ਹਾਂ ਦਿੱਤਾ ਹੈ, ਉਹ ਸਾਰੇ ਭਾਰਤੀਆਂ ਦਾ ਪਥ ਪਰਦਰਸ਼ਨ ਕਰਦਾ ਰਹੇਗਾ।

ਦੂਸਰੀ ਦਫਾ ਪ੍ਰਧਾਨ ਮੰਤਰੀ ਪਦ ਗ੍ਰਹਿਣ ਕਰਨ ਤੇ ਸ੍ਰੀ ਅਟੱਲ ਬਿਹਾਰੀ ਵਾਜਪਾਈ 27.4.1998 ਨੂੰ ਫਿਰ ਦਰਬਾਰ ਸਾਹਿਬ ਆਪਣਾ ਸਤਿਕਾਰ ਅਰਪਤ ਕਰਨ ਤੇ ਬਖਸ਼ਸ਼ਾਂ ਪ੍ਰਾਪਤ ਕਰਨ ਆਏ।

ਸ੍ਰੀ ਇੰਦਰ ਕੁਮਾਰ ਗੁਜਰਾਲ ਸਾਬਕਾ ਪ੍ਰਧਾਨ ਮੰਤਰੀ ਭਾਰਤ

ਪ੍ਰਧਾਨ ਮੰਤਰੀ ਬਣਨ ਤੇ ਸ੍ਰੀ ਇੰਦਰ ਕੁਮਾਰ ਗੁਜਰਾਲ 4.5.1997 ਨੂੰ ਦਰਬਾਰ ਸਾਹਿਬ ਮੱਥਾ ਟੇਕਣ ਅਤੇ ਅਕਾਲਪੁਰਖ ਦਾ ਸ਼ੁਕਰਾਨਾ ਅਦਾ ਕਰਨ ਆਏ। ਉਨ੍ਹਾਂ ਆਪਣੀ ਸ਼ਰਧਾ ਮਈ ਯਾਤਰਾ ਦੇ ਅਨੁਭਵ ਲਾਗ ਬੁਕ ਵਿਚ ਇਵੇਂ ਅੰਕਤ ਕੀਤੇ ਹਨ: ਇਸ ਮਹਾਨ ਅਸਥਾਨ ਤੇ ਆਪਣੀ ਨਿਮਾਣੀ ਸ਼ਰਧਾ ਅਰਪਤ ਕਰਨ ਵਿਚ ਅਤੇ ਦਰਬਾਰ ਸਾਹਿਬ ਮਹਾਰਾਜ ਅੱਗੇ ਅਰਦਾਸ ਕਰਨ ਵਿਚ ਮੈਨੂੰ ਡੂੰਘੇ ਆਤਮਿਕ ਆਨੰਦ ਦਾ ਅਹਿਸਾਸ ਹੋਇਆ ਹੈ। ਮੈਂ ਸਮੁੱਚੀ ਭਾਰਤੀ ਕੌਮ ਅਤੇ ਸਾਰੇ

ਪੰਜਾਬੀਆਂ ਦੀ ਭਲਾਈ, ਸਰਬਪੱਖੀ ਖੁਸ਼ਹਾਲੀ ਅਤੇ ਆਪਸੀ ਪਿਆਰ ਲਈ ਪ੍ਰਾਰਥਨਾ ਕਰਦਾ ਹਾਂ। ਮੈਂ ਸਤਿਗੁਰਾਂ ਅੱਗੇ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਉਹ ਮੇਰੀ ਇਹ ਅਰਦਾਸ ਪ੍ਰਵਾਨ ਕਰਨ।

ਸ੍ਰੀ ਐਚ. ਡੀ. ਦੇਵਗੌੜਾ ਸਾਬਕਾ ਪ੍ਰਧਾਨ ਮੰਤਰੀ ਭਾਰਤ

ਸ੍ਰੀ ਐਚ. ਡੀ. ਦੇਵਗੌੜਾ ਪ੍ਰਧਾਨ ਮੰਤਰੀ ਬਣਦੇ ਸਾਰ ਹੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਤੇ ਇਸ ਅਦਭੁਤ ਪਵਿੱਤਰ ਅਸਥਾਨ ਦੇ ਦਰਸ਼ਨ ਕਰਕੇ ਗਦ ਗਦ ਹੋ ਗਏ। ਉਹ ਲਿਖਦੇ ਹਨ: ਇਸ ਪੁਨੀਤ ਧਾਰਮਿਕ ਅਸਥਾਨ ਦੇ ਦਰਸ਼ਨ ਕਰਨ ਵਿਚ ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਅਤੇ ਪ੍ਰਾਪਤ ਹੋਈਆਂ ਬਖਸ਼ਸ਼ਾਂ ਨਾਲ ਨਿਹਾਲ ਹੋ ਗਿਆ ਹਾਂ। ਇਨ੍ਹਾਂ ਦਰਸ਼ਨਾਂ ਤੇ ਬਖਸ਼ਸ਼ਾਂ ਨੇ ਮੈਨੂੰ ਉਤਸ਼ਾਹ ਤੇ ਮਜ਼ਬੂਤੀ ਪ੍ਰਦਾਨ ਕੀਤੀ ਹੈ ਤਾ ਕਿ ਮੈਂ ਆਪਣੇ ਮਹਾਨ ਦੇਸ਼ ਦੀ ਯੂਨਟੀ ਨੂੰ ਬਣਾਈ ਰੱਖਣ ਲਈ ਸਮਰਪਤ ਭਾਵਨਾ ਨਾਲ ਕਾਰਜ ਕਰ ਸਕਾਂ।

ਭਾਰਤ ਦੇ ਸਾਬਕਾ ਵਿਦਿਆ ਮੰਤਰੀ ਸ੍ਰੀ ਪੀ. ਚੰਦਰਾ

ਸ੍ਰੀ ਚੰਦਰਾ ਨੇ ਦਰਬਾਰ ਸਾਹਿਬ ਦੇ ਦਰਸ਼ਨਾਂ ਉਪਰੰਤ ਲਾਗ ਬੁਕ ਵਿਚ ਲਿਖਿਆ: My visit to world famous Golden temple today is an exhilarating experience. Every nook & corner of this holy shrine speaks of history... It is not only clean but cleanse the souls of the visitors as well. ਅਰਥਾਤ ਵਿਸ਼ਵ ਪ੍ਰਸਿਧ ਸਵਰਨ ਮੰਦਰ ਦੀ ਮੇਰੀ ਅੱਜ ਦੀ ਯਾਤਰਾ ਮੇਰੇ ਲਈ ਇਕ ਅਨੰਦਮਈ ਤਜਰਬਾ ਹੈ। ਇਸ ਪਵਿੱਤਰ ਧਾਮ ਦੀ ਹਰ ਨੁਕਰ ਵਿਚ ਇਤਿਹਾਸ ਦੇ ਨਾਦ ਸੁਣਾਈ ਦੇਂਦੇ ਹਨ। ਇਹ ਪਾਵਨ ਅਸਥਾਨ ਆਪ ਹੀ ਸਾਫ ਸੁਥਰਾ ਨਹੀਂ ਸਗੋਂ ਇਹ ਯਾਤਰੂਆਂ ਦੀਆਂ ਆਤਮਾਵਾਂ ਨੂੰ ਵੀ ਸਾਫ ਸੁਥਰਾ ਤੇ ਸਵੱਛ ਕਰ ਦੇਂਦਾ ਹੈ।

ਬਾਰੁਲ ਇਸਲਾਨ—ਚੀਫ ਜਸਟਸ, ਅਸਾਮ

ਮੈਂ ਆਪਣੀ ਅਗਾਧ ਸ਼ਰਧਾ ਹਰਿਮੰਦਰ ਸਾਹਿਬ ਅੱਗੇ ਤੇ ਮਹਾਨ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਅੱਗੇ ਪ੍ਰਗਟ ਕਰਦਾ ਹਾਂ। ਸਿੱਖ ਧਰਮ ਵਾਸਤਵਕ ਵਿਚ ਸੱਚ ਦਾ ਨਚੋੜ ਹੈ, ਖੁਸ਼ਬੂ ਹੈ।

ਮਿਸ ਐਨੋ— ਰੋਮ

ਗੋਲਡਨ ਟੈਂਪਲ ਦੇ ਦਰਸ਼ਨ ਕਰਨ ਉਪਰੰਤ ਇਸ ਮਹਾਨ ਅਸਥਾਨ ਬਾਰੇ ਕੁਝ ਵੀ ਨਹੀਂ ਲਿਖਣਾ ਚਾਹੀਦਾ ਕਿਉਂਕਿ ਇਵੇਂ ਕਰਨਾ ਇਸ ਬੇਨਜ਼ੀਰ ਅਸਥਾਨ ਦੀ ਸਰਬੰਗੀ ਖੂਬਸੂਰਤੀ ਨੂੰ ਹੱਦਾਂ ਵਿਚ ਬੰਨ੍ਹਣ ਵਾਲੀ ਕਾਰਵਾਈ ਹੋਵੇਗੀ।

ਅਦਲਾ ਤਿਰਵਾਸੇ—ਇਟਲੀ

ਮੈਂ ਤੁਹਾਡੇ ਪ੍ਰਮਾਤਮਾ ਨੂੰ ਬਹੁਤ ਪਸੰਦ ਕਰਦੀ ਹਾਂ-ਇਹ ਮੇਰਾ ਵੀ ਤਾਂ ਹੋ ਸਕਦਾ ਹੈ।

ਜਾਨ ਥਾਮਸਨ ਤੇ ਲੇਡੀ ਥਾਮਸਨ—(ਸਾਬਕਾ ਬਰਤਾਨਵੀ ਹਾਈ ਕਮਿਸ਼ਨਰ)

ਇਸ ਹਰਿਮੰਦਰ ਸਾਹਿਬ ਨੂੰ ਸ਼ਾਂਤੀ ਦਾ ਘਰ ਤੇ ਆਤਮਿਕ ਭਾਵਨਾ ਵਾਲਾ ਸਥਾਨ ਪਾਇਆ। ਇਸ ਦੀ ਖੂਬਸੂਰਤੀ ਅੱਖਾਂ ਉਤੇ ਡਾਢਾ ਪ੍ਰਭਾਵ ਛਡਦੀ ਹੈ ਪਰ ਇਸ ਤੋਂ ਵੀ ਵਧ ਉਹ ਪ੍ਰਭਾਵ ਹੈ ਜੋ ਇਹ ਅਸਥਾਨ ਆਤਮਾ ਉਤੇ ਪਾਉਂਦਾ ਹੈ।

ਇੰਗਲੈਂਡ ਦੇ ਮੌਜੂਦਾ ਹਾਈ ਕਮਿਸ਼ਨਰ ਸ੍ਰੀ ਡੇਵਡ ਗੋਰ ਬੂਥ

ਸ਼ਰਧਾ ਅਤੇ ਖੂਬਸੂਰਤੀ ਦਾ ਇਤਨਾ ਵਧੀਆ ਨਜ਼ਾਰਾ ਮੈਂ ਪਹਿਲੇ ਸ਼ਾਇਦ ਹੀ ਕਿਧਰੇ ਦੇਖਿਆ ਹੋਵੇਗਾ ਜੋ ਮੈਂ ਦਰਬਾਰ ਸਾਹਿਬ ਆ ਕੇ ਵੇਖਿਆ ਹੈ।

ਡੇਵਿਡ ਕਾਰਟਰ, ਯੂ. ਕੇ. ਦੇ ਐਕਟਿੰਗ ਹਾਈ ਕਮਿਸ਼ਨਰ

ਮੈਂ ਸਿੱਖ ਧਰਮ ਦੀ ਸਰਬ-ਪੱਖੀ ਵਿਆਪਕਤਾ ਦਾ ਬਹੁਤ ਸਤਿਕਾਰ ਕਰਦਾ ਹਾਂ ਤੇ ਇਸ ਨੂੰ ਪਸੰਦ ਕਰਦਾ ਹਾਂ। ਇਸ ਲਈ ਇਸ ਅਤੀ ਸੁੰਦਰ ਅਸਥਾਨ ਤੇ ਆ ਕੇ ਉਕਤ ਅਨੁਭਵ ਹੋਰ ਪਰਪੱਕ ਹੁੰਦੇ ਹਨ। ਇਹ ਤਾਂ ਜੀਂਦਾ ਜਾਗਦਾ ਮਹਾਨ ਸਮਾਰਕ ਹੈ ਜਿਸਦੇ ਦਰਸ਼ਨ ਨਾਲ ਆਤਮਾ ਨੂੰ ਆਨੰਦ ਮਿਲਦਾ ਹੈ।

ਸਰਦਾਰ ਅਲੀ ਅਹਿਮਦ—ਲਾਹੌਰ, ਪਾਕਿਸਤਾਨ

ਸ੍ਰੀ ਗੁਰਦਵਾਰਾ ਸਾਹਿਬ ਦੀ ਦੂਜੀ ਵਾਰ ਜ਼ਿਆਰਤ (ਯਾਤਰਾ) ਕੀਤੀ। ਮਨ ਪ੍ਰਸੰਨ ਹੋਇਆ। ਇਹ ਰੂਹਾਨੀ ਮਰਕਜ਼ (ਕੇਂਦਰ) ਸਦਾ ਰੌਸ਼ਨ ਰਹੇਗਾ।

ਓ. ਵਾਸ਼ਬਰਨ—ਅਮਰੀਕਾ

ਇਸ ਖੂਬਸੂਰਤ ਹਰਿਮੰਦਰ ਦੇ ਦਰਸ਼ਨ ਕਰਕੇ ਅਸੀਂ ਨਿਹਾਲ ਹੋ ਗਏ। ਇਸ ਦਾ ਵਾਤਾਵਰਣ ਬਹੁਤ ਹੀ ਪਵਿੱਤਰ ਹੈ।

ਹਰੀ ਜੈ ਸਿੰਘ ਸੰਪਾਦਕ ਟ੍ਰਿਬਿਊਨ, ਚੰਡੀਗੜ੍ਹ

ਇਹ ਤਾਂ ਅਕਾਲਪੁਰਖ ਵਿਚ ਸ਼ਰਧਾ, ਉਸ ਨਾਲ ਪ੍ਰੇਮ ਤੇ ਧਰਮ ਦੀ ਪਵਿੱਤਰ ਯਾਤਰਾ ਹੈ। ਦਰਬਾਰ ਸਾਹਿਬ ਦੇ ਦਰਸ਼ਨਾਂ ਨਾਲ ਮੈਨੂੰ ਬਹੁਤ ਸਾਰੀ ਅੰਦਰੂਨੀ ਸ਼ਕਤੀ ਪ੍ਰਾਪਤ ਹੋਈ ਹੈ।

ਸ੍ਰੀ ਜੇ ਐਮ ਠਾਕੋਰ-ਅਹਿਮਦਾਬਾਦ

ਮੈਂ ਤੇ ਮੇਰਾ ਪਰਿਵਾਰ ਅਤੇ ਮਿੱਤਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਤੇ ਵਿਸਾਖੀ ਦੇ ਸ਼ੁਭ ਦਿਹਾੜੇ ਇਸ ਸ਼ੋਭਨੀਕ ਦਰਬਾਰ ਦੇ ਦਰਸ਼ਨ ਕਰ ਕੇ ਪ੍ਰਸੰਨ ਹੋਏ ਹਾਂ। ਬਹੁਤ ਵੱਡੀ ਗਿਣਤੀ ਵਿਚ ਸੰਗਤ ਦੇ ਦਰਸ਼ਨ ਕਰਕੇ ਬਹੁਤ ਚੰਗਾ ਲੱਗਾ। ਇਸ ਅਸਥਾਨ ਤੇ ਭਰਪੂਰ ਸ਼ਾਂਤੀ ਹੈ।

ਮਿਸਟਰ ਤੇ ਸ਼੍ਰੀਮਤੀ ਲਿਡਇਸਡ—ਬਰਮਿੰਘਮ

ਇਸ ਪੁਨੀਤ ਅਸਥਾਨ ਦੇ ਦਰਸ਼ਨ ਕਰਕੇ ਮਨ ਨੂੰ ਬਹੁਤ ਖੇੜਾ ਪ੍ਰਦਾਨ ਹੋਇਆ। ਇਹ ਮਨ ਨੂੰ ਟੁੰਬਣ ਵਾਲਾ ਖੂਬਸੂਰਤ ਤਜਰਬਾ ਸੀ।

ਵੋਲ ਕਰ ਵਾਇਸ—ਅਰਜਨਟਾਈਨਾ

ਇਸ ਤੋਂ ਪਹਿਲਾਂ ਨਾ ਤਾਂ ਇਹੋ ਜਿਹਾ ਪਵਿੱਤਰ ਧਾਰਮਿਕ ਅਸਥਾਨ ਹੀ ਦੇਖਿਆ ਹੈ ਅਤੇ ਨਾ ਹੀ ਖੁਸ਼ ਰਹਿਣੇ ਤੇ ਸਹਿਯੋਗੀ ਮਨੁੱਖ।

ਤਲਤ ਕੋਊਲੇ (ਤੁਰਕੀ ਦਾ ਰਾਜਦੂਤ)

ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਕੇ ਬਹੁਤ ਪ੍ਰਭਾਵਤ ਹੋਇਆ ਹਾਂ। ਸਾਰਾ ਕੁਝ ਬਹੁਤ ਹੀ ਜ਼ਾਬਤਾ-ਬਧ ਤੇ ਅਨੁਸ਼ਾਸਨ ਵਿਚ ਬਝਿਆ ਵੇਖਿਆ। ਮੈਂ ਆਪਣੀ ਇਸ ਪਵਿੱਤਰ ਧਾਮ ਦੀ ਯਾਤਰਾ ਨੂੰ ਸਦਾ ਸਦਾ ਲਈ ਯਾਦ ਰਖਾਂਗਾ ਅਤੇ ਜਦ ਤਕ ਮੈਂ ਭਾਰਤ ਵਿਚ ਆਪਣੇ ਅਹੁਦੇ ਤੇ ਹਾਂ ਇਸ ਅਸਥਾਨ ਤੇ ਦੋਬਾਰਾ ਹਾਜ਼ਰੀ ਭਰ ਕੇ ਮੈਨੂੰ ਦਿਲੀ ਮਸੱਰਤ (ਖੁਸ਼ੀ) ਹੋਵੇਗੀ।

ਸ਼੍ਰੀ ਯੂਲੀ ਵੋਜ਼ੋਨਟਸੋਲ—(ਸਾਬਕਾ ਸੋਵੀਅਤ ਸੰਘ ਦਾ ਭਾਰਤ ਵਿਚ ਸਫੀਰ)

ਕਮਿਊਨਿਸਟ ਦੇਸ਼ ਦੇ ਉਕਤ ਸਫੀਰ ਦੇ ਗੋਲਡਨ ਟੈਂਪਲ ਬਾਰੇ ਕਥਨ ਇਵੇਂ ਹਨ: ਮੈਂ ਇਹ ਦੇਖ ਕੇ ਬਹੁਤ ਪ੍ਰਭਾਵਤ ਹੋਇਆ ਹਾਂ ਕਿ ਵਿਸ਼ਵ ਦੇ ਇਸ ਮਹੱਤਵਪੂਰਣ ਧਾਰਮਿਕ ਸਥਾਨ ਵਿਖੇ ਰਵਾਇਤਾਂ ਦੇ ਖਜ਼ਾਨੇ ਨੂੰ ਕਿਸ ਵਧੀਆ ਢੰਗ ਵਿਚ ਸੰਭਾਲ ਕੇ ਰਖਿਆ ਗਿਆ ਹੈ।

ਸਰਹਦੀ ਗਾਂਧੀ, ਖਾਨ ਅਬਦੁਲ ਗ਼ੁਫਾਰ ਖਾਨ

ਸਰਹੱਦੀ ਗਾਂਧੀ ਸ੍ਰੀ ਅਬਦੁਲ ਗ਼ੁਫਾਰ ਖਾਂ ਜਦ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਉਨ੍ਹਾਂ ਨੇ ਇਸ ਪਵਿਤਰ ਸਥਾਨ ਬਾਰੇ ਕਿਹਾ: "ਇਹ ਪਾਕੀਜ਼ਾ ਸਥਾਨ ਹਰ ਉਸ ਯਾਤਰੂ ਨੂੰ ਮਾਨਸਿਕ ਅਤੇ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ ਜਿਹੜਾ ਨਿਮਰਤਾ ਤੇ ਸ਼ਰਧਾ ਨਾਲ ਦਰਸ਼ਨਾਂ ਲਈ ਆਉਂਦਾ ਹੈ। ਘਟੋ ਘੱਟ ਮੈਂ ਇਸ ਸਿਲਸਿਲੇ ਵਿਚ ਬਾਬਰਕਤ (ਚੰਗੇ ਭਾਗਾਂ ਵਾਲਾ) ਹਾਂ।

ਸ੍ਰੀ ਮਿਸ਼ਰਾ

ਉਤਰੀ ਰੇਲਵੇ ਦੇ ਭੂਤ ਪੂਰਵ ਜਨਰਲ ਮੈਨੇਜਰ ਸ੍ਰੀ ਮਿਸ਼ਰਾ ਅਨੁਸਾਰ, ਇਸ ਅਸਥਾਨ ਦੇ ਦਰਸ਼ਨ ਕਰਕੇ ਜੋ ਸ਼ਬਦ ਮੂੰਹ ਵਿਚੋਂ ਆਪ ਮੁਹਾਰੇ ਨਿਕਲਦੇ ਹਨ, ਉਹ ਹਨ "Wonderful as all one can say" ਭਾਵ ਮਨੁੱਖ ਆਪ ਮੁਹਾਰੇ ਕਹਿ ਉਠਦਾ ਹੈ "ਕਮਾਲ ਹੈ, ਆਫਰੀਨ"

ਪਰਸੀ ਬਰਾਊਨ

ਪ੍ਰਸਿੱਧ ਆਰਕੀਟੈਕਟ ਪਰਸੀ ਬਰਾਊਨ ਦੇ ਅਨੁਭਵ ਹਨ ਕਿ ਦਰਬਾਰ

ਸਾਹਿਬ ਵਿਚ ਧਾਰਮਿਕ ਭਾਵਨਾਵਾਂ, ਸੰਗਮਰਮਰ ਅਤੇ ਸ਼ੀਸ਼ੇ ਵਰਗੀਆਂ ਬੇਜਾਨ ਚੀਜ਼ਾਂ ਵਿਚ ਵੀ ਸਪੱਸ਼ਟ ਤੌਰ ਤੇ ਝਲਕਦੀਆਂ ਦਿਸਦੀਆਂ ਹਨ।

ਸ੍ਰੀ ਸੁਭਰਾਮਨੀਅਮ

ਇਕ ਵਿਸ਼ਿਸ਼ਟ ਪਤਵੰਤਾ ਸ੍ਰੀ ਐਸ. ਸੀ. ਸੁਭਰਾਮਨੀਅਮ ਦਰਬਾਰ ਸਾਹਿਬ ਦੇ ਦਰਸ਼ਨਾਂ ਮਗਰੋਂ ਆਪਣੇ ਭਾਵ ਇਵੇਂ ਪ੍ਰਗਟ ਕਰਦਾ ਹੈ "After visiting the Golden Temple one forgets religion and one can only think of God and sacrifices made by so many to preserve our culture." ਸਾਧਾਰਣ ਸ਼ਬਦਾਂ ਵਿਚ ਸ੍ਰੀ ਸੁਬਰਾਮਨੀਅਮ ਦੇ ਵਿਚਾਰ ਇਵੇਂ ਬਣਦੇ ਹਨ: "ਸਵਰਨ ਮੰਦਰ ਦੇ ਦਰਸ਼ਨ ਕਰਕੇ ਮਨੁੱਖ ਧਰਮ ਨੂੰ ਭੁੱਲ ਜਾਂਦਾ ਹੈ ਅਤੇ ਉਹ ਕੇਵਲ ਵਹਿਗੁਰੂ ਬਾਰੇ ਸੋਚਦਾ ਹੈ ਜਾਂ ਉਨ੍ਹਾਂ ਕੁਰਬਾਨੀਆਂ ਬਾਰੇ ਜਿਹੜੀਆਂ ਸਾਨੂੰ ਬਹੁਤ ਸਾਰਿਆਂ ਨੂੰ ਆਪਣੀ ਸੰਸਕ੍ਰਿਤੀ ਨੂੰ ਸਾਂਭੀ ਰਖਣ ਲਈ ਕਰਨੀਆਂ ਪਈਆਂ।"

ਸਾਬਕਾ ਰਾਸ਼ਟਰਪਤੀ ਡਾ. ਵੀ. ਵੀ. ਗਿਰੀ

ਡਾ. ਵੀ. ਵੀ. ਗਿਰੀ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਨੇ 1969 ਵਿਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਉਤਸਵ ਦੇ ਉਪਲਕਸ਼ ਤੇ ਦਰਬਾਰ ਸਾਹਿਬ ਵਿਚ ਅਤਿ ਆਧੁਨਿਕ ਨਵੇਂ ਲਗੇ ਲਾਈਟ ਸਿਸਟਮ ਦੇ ਉਦਘਾਟਨ ਸਮੇਂ ਕਿਹਾ ਸੀ ਕਿ ਗੋਲਡਨ ਟੈਂਪਲ ਪਰੀਸਰ ਵਿਚ ਲਗਾਈਆਂ ਗਈਆਂ ਖੂਬਸੂਰਤ ਰੌਸ਼ਨੀਆਂ ਉਸ ਰੌਸ਼ਨੀ ਦਾ ਕੀ ਮੁਕਾਬਲਾ ਕਰ ਸਕਦੀਆਂ ਹਨ ਜੋ ਇਕ ਧਾਰਮਿਕ ਵਿਅਕਤੀ ਨੂੰ ਇਸ ਰਬ ਦੇ ਘਰ 'ਚ ਦਰਸ਼ਨ ਕਰਕੇ ਪ੍ਰਾਪਤ ਹੁੰਦੀ ਹੈ।

ਲਾਰਡ ਡਲਹੌਜ਼ੀ ਤੇ ਹਰਿਮੰਦਰ ਸਾਹਿਬ

ਜਿਥੇ ਹਰ ਵਿਅਕਤੀ ਨੇ ਦਰਬਾਰ ਸਾਹਿਬ ਦੇ ਦਰਸ਼ਨਾਂ ਉਪਰੰਤ ਆਪਣੀ ਖੁਸ਼ੀ ਅਤੇ ਇਸ ਸਥਾਨ ਬਾਰੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੈ, ਉਥੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੇ ਕਥਨਾਂ ਵਿਚ ਅਭਿਮਾਨਤਾ ਦੀ ਬੂ ਵੀ ਦਿਸਦੀ ਹੈ। ਪੰਜਾਬ ਤੇ ਕਬਜ਼ਾ ਕਰਨ ਮਗਰੋਂ ਉਹ ਜਦ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਇਆ ਤੇ ਇਹ ਕਹਿਣੋਂ ਨਾ ਰੁਕ ਸਕਿਆ। One of the beautiful things--interior gorgeous.....Every thing which gold & marble could do, was done. There was a time when British soldier could not move safely in the street of Amritsar but now the situation is so favourably changed for us that the Governor General is standing at the holiest ground of Golden Temple surrounded by the *Granthis,* salaming him. ਉਕਤ ਲਿਖਤ ਦਾ ਪੰਜਾਬੀ ਅਨੁਵਾਦ ਇਸ ਪਰਕਾਰ ਹੈ।" ਇਹ ਬਹੁਤ ਹੀ ਖੂਬਸੂਰਤ ਅਸਥਾਨ ਹੈ। ਇਸ ਦਾ ਅੰਦਰੂਨੀ ਹਿੱਸਾ ਸ਼ਾਨਦਾਰ ਹੈ। ਜੋ ਕੁਝ ਸੋਨਾ ਤੇ ਸੰਗਰਮਰ ਕਿਸੇ ਚੀਜ਼ ਦੀ ਖੂਬਸੂਰਤੀ ਵਧਾਣ ਵਿਚ

ਕਰ ਸਕਦੇ ਹਨ, ਉਹ ਇਥੇ ਹੋਇਆ ਪਿਆ ਹੈ।" ਇਥੇ ਤਕ ਤਾਂ ਲਾਰਡ ਡਲਹੌਜ਼ੀ ਦੇ ਸ਼ਬਦ ਵਾਜਬ ਹਨ ਪਰ ਇਸ ਤੋਂ ਅੱਗੇ ਜੋ ਉਹ ਬੋਲਿਆ ਹੈ ਉਸ ਵਿਚ ਨਵੀਂ ਨਵੀਂ ਪ੍ਰਾਪਤ ਹੋਈ ਪੰਜਾਬ ਦੀ ਹੁਕਮਰਾਨੀ ਦੀ ਬੂ ਤੇ ਹਉਮੈ ਦਾ ਖੁਲ੍ਹਮ ਖੁਲਾ ਪ੍ਰਗਟਾਵਾ ਹੈ। ਉਹ ਕਹਿੰਦਾ ਹੈ, "ਇਕ ਸਮਾਂ ਸੀ ਜਦ ਕੋਈ ਬਰਤਾਨਵੀ ਸਿਪਾਹੀ ਅੰਮ੍ਰਿਤਸਰ ਦੀਆਂ ਗਲੀਆਂ ਵਿਚੋਂ ਲੰਘਣ ਲੱਗਿਆਂ ਆਪਣੇ ਆਪ ਨੂੰ ਸੁਰੱਖਿਅਤ ਅਨੁਭਵ ਨਹੀਂ ਸੀ ਕਰਦਾ ਪਰ ਅੱਜ ਹਾਲਾਤ ਸਾਡੇ ਹੱਕ ਵਿਚ ਇਤਨੇ ਤਬਦੀਲ ਹੋ ਗਏ ਹਨ ਕਿ ਗਵਰਨਰ ਜਨਰਲ ਗੋਲਡਨ ਟੈਂਪਲ ਦੇ ਸਭ ਤੋਂ ਪਵਿੱਤਰ ਅਸਥਾਨ ਤੇ ਖੜਾ ਹੈ ਤੇ ਗ੍ਰੰਥੀ ਉਸ ਦੀ ਅਰਦਲ ਵਿਚ ਖੜੇ ਉਸ ਨੂੰ ਸਲਾਮਾਂ ਕਰ ਰਹੇ ਹਨ।" ਰਬ ਦੇ ਘਰ ਵਿਚ ਜਾ ਕੇ ਵੀ ਅਭਿਮਾਨੀ ਡਲਹੌਜ਼ੀ ਨੂੰ ਹਲੀਮੀ ਨਹੀਂ ਸੁੱਝੀ ਸਗੋਂ ਉਸ ਨੇ ਆਪਣੀ ਹੈਂਕੜ ਨੂੰ ਹੀ ਹਵਾ ਦੇਣ ਵਿਚ ਫਖਰ ਮਹਿਸੂਸ ਕੀਤਾ ਹੈ।

ਲਾਰਡ ਆਕਲੈਂਡ

ਡਲਹੌਜ਼ੀ ਤੋਂ ਪਹਿਲੇ ਗਵਰਨਰ ਜਨਰਲ ਲਾਰਡ ਆਕਲੈਂਡ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਜਾ ਕੇ ਗੋਲਡਨ ਟੈਂਪਲ ਵਿਚ ਆਪਣਾ ਸਤਿਕਾਰ ਵਿਅਕਤ ਕੀਤਾ ਤੇ ਕਿਹਾ ਸੀ। "I am amused by the sight of the temple, its beauty and decorative illumination". ਉਸਦੀ ਭੈਣ ਨੇ ਹੋਰ ਲਿਖਿਆ ਕਿ He sat by the side of Maharaja and watched the proceedings with interest and listened to *Gurbani Kirtan* with fullest concentration. ਇਸ ਅੰਗਰੇਜ਼ੀ ਲਿਖਤ ਦਾ ਪੰਜਾਬੀ ਰੂਪ ਹੇਠਾਂ ਦਿੱਤਾ ਜਾਂਦਾ ਹੈ: ਮੈਂ ਸਵਰਨ ਮੰਦਰ, ਇਸ ਦੀ ਖੂਬਸੂਰਤੀ ਤੇ ਸਜਾਵਟੀ ਦੀਪ ਮਾਲਾ ਨੂੰ ਦੇਖ ਕੇ ਪ੍ਰਸੰਨ ਹੋ ਗਿਆ ਹਾਂ।" ਲਾਰਡ ਆਕਲੈਂਡ ਦੀ ਭੈਣ ਨੇ ਇਸ ਬਾਰੇ ਹੋਰ ਲਿਖਿਆ ਕਿ ਲਾਰਡ ਆਕਲੈਂਡ ਮਹਾਰਾਜਾ ਰਣਜੀਤ ਸਿੰਘ ਹੋਰਾਂ ਨਾਲ ਦਰਬਾਰ ਸਾਹਿਬ ਵਿਚ ਬੈਠਿਆ ਅਤੇ ਪੂਰੀ ਦਿਲਚਸਪੀ ਨਾਲ ਸਾਰੀ ਕਾਰਵਾਈ ਦੇਖਦਾ ਰਿਹਾ ਅਤੇ ਪੂਰਨ ਇਕਾਗਰਤਾ ਨਾਲ ਉਸ ਨੇ ਗੁਰਬਾਣੀ ਕੀਰਤਨ ਦਾ ਰਸ ਮਾਣਿਆ।

ਲਾਇਲਡ ਟਕਰ—ਕੈਨੇਡਾ

"ਬੜੀ ਸਹਿਨਸ਼ੀਲਤਾ ਵਾਲਾ ਧਰਮ ਹੈ ਸਿੱਖ ਧਰਮ ਜਿਹੜਾ ਬਹੁਤ ਸਾਰੀ ਮਾਨਵਤਾ ਨੂੰ ਕਲਾਵੇ ਵਿਚ ਲਿਆ ਹੋਇਆ ਦਿਸਦਾ ਹੈ।"

ਮਾਰਗਰੇਟ ਗੁਡਵਿਲ—ਇੰਗਲੈਂਡ

"ਮੈਂ ਹਾਲੇਂ ਤਕ ਜੋ ਕੁਝ ਵੀ ਵੇਖਿਆ ਹੈ ਉਸ ਵਿਚੋਂ ਇਸ ਅਸਥਾਨ ਨੇ ਮੈਨੂੰ ਸਭ ਤੋਂ ਵਧ ਅਕਰਸ਼ਤ ਤੇ ਪ੍ਰਭਾਵਤ ਕੀਤਾ ਹੈ।"

ਨਿਕ ਨਿਊਬਰੀ—ਇੰਗਲੈਂਡ

ਸ਼ਾਂਤੀ ਨਾਲ ਤੇ ਸ਼ਾਂਤ ਚਿਤ ਚੁਪ ਚਾਪ ਬੈਠ ਕੇ ਆਨੰਦ ਮਾਣਨ ਲਈ ਇਹ

ਦੁਨੀਆ ਦੀ ਸਭ ਤੋਂ ਵਧ ਸੰਪੂਰਣ, ਕਾਮਲ ਤੇ ਮੁਕੰਮਲ ਜਗ੍ਹਾ ਹੈ।"

ਲਾਰਕੀਓਵ ਆਨਾ—ਅਮਰੀਕਾ

"ਖੂਬਸੂਰਤ, ਬਹੁਤ ਖੂਬਸੂਰਤ, ਬਹੁਤ ਹੀ ਖੂਬਸੂਰਤ। ਵਾਹ ਵਾਹ!"

ਗਰਲਾਰਡ ਤੇ ਵਾਚਤੀ—ਅਸਟਰੇਲੀਆ

"ਇਹ ਅਸਥਾਨ ਇਤਨਾ ਸੁੰਦਰ ਹੈ ਕਿ ਇਸ ਦਾ ਵਰਨਣ ਕਰਨਾ ਅਸੰਭਵ ਹੈ। ਇਹ ਧਰਮ ਬਹੁਤ ਹੀ ਅਕਲਮੰਦੀ ਭਰਿਆ ਹੈ ਅਤੇ ਇਸ ਦੇ ਅਨੁਯਾਈ ਬੇਹੱਦ ਦਿਆਵਾਨ ਤੇ ਮਿਹਰਬਾਨ ਹਨ।"

ਸਿਸਟਰ ਇਊਜੀਨ—ਅਸਟਰੇਲੀਆ

ਇਹ ਗੁਰਧਾਮ ਸਚੇ ਭਰਾਤਰੀ ਭਾਵ ਦੀ ਖੂਬਸੂਰਤ ਵਿਆਖਿਆ ਤੇ ਪਰਦਰਸ਼ਨ ਕਰਦਾ ਹੈ।

ਹਰਨਗੀ—ਅਸਟਰੇਲੀਆ

" ਰਬ ਇਥੇ ਵਾਸ ਕਰਦਾ ਹੈ।"

ਹਰਿ ਮੰਦਰ ਮਹਿ ਹਰਿ ਵਸੈ
ਸਰਬ ਨਿਰੰਤਰਿ ਸੋਇ॥ (ਮ-3, ਪੰਨਾ=1346)

ਡਾ. ਐਲਵਿਕ ਰੋਜਰ—ਅਮਰੀਕਾ

"ਗੋਲਡਨ ਟੈਂਪਲ ਬਹੁਤ ਹੀ ਸੁੰਦਰ ਤੇ ਮਨ ਮੋਹਣਾ ਹੈ। ਜਦ ਮੈਂ ਇਸ ਵਿਚ ਪਰਵੇਸ਼ ਕੀਤਾ, ਕੀਰਤਨ ਸੰਗੀਤ ਸੁਣਿਆ, ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਵੇਖਿਆ ਤਾਂ ਮੈਨੂੰ ਲਗਿਆ ਕਿ ਮੈਂ ਪਹਿਲੀ ਵਾਰੀ ਧਰਮ ਦਾ ਇਤਨਾ ਡੂੰਘਾ ਤਜਰਬਾ ਕਰ ਰਿਹਾ ਹਾਂ। ਸਿੱਖ ਧਰਮ ਅਜਿਹਾ ਹੈ ਜਿਸਨੂੰ ਸਿੱਖਣ ਲਈ ਮੈਂ ਪੂਰੇ ਪਰਯਤਨ ਕਰਾਂਗਾ। ਮੈਂ ਇਥੇ ਦੇ ਲੋਕਾਂ ਦਾ ਸਨੇਹ ਦੇਖ ਕੇ ਵੀ ਦੰਗ ਰਹਿ ਗਿਆ ਹਾਂ।"

ਡੀ. ਕਾਕਬਰਗ ਤੇ ਸਾਥੀ—ਇੰਗਲੈਂਡ

"ਅਸੀਂ ਦਰਬਾਰ ਸਾਹਿਬ ਦੀ ਸਰਾਂ ਵਿਚ ਠਹਿਰੇ ਅਤੇ ਲੰਗਰ ਵਿਚ ਪਰਸ਼ਾਦਾ ਛਕਿਆ। ਅਸੀਂ ਦੇਖਿਆ ਹਜ਼ਾਰਾਂ ਯਾਤਰੂਆਂ ਨੂੰ ਠਹਿਰਾਣ ਦੀ ਸੁਵਿਧਾ ਦਿੱਤੀ ਜਾ ਰਹੀ ਹੈ ਅਤੇ ਮੁਫਤ ਲੰਗਰ ਦਾ ਪ੍ਰਬੰਧ ਮੌਜੂਦ ਹੈ। ਇਹ ਇਕ ਬਹੁਤ ਹੀ ਵੱਡੀ ਗੱਲ ਹੈ। ਇਹ ਧਰਮ ਅਸਥਾਨ ਸਚ ਮੁਚ ਨਿਰਾਲਾ ਅਤੇ ਮਹੱਤਵਪੂਰਣ ਹੈ।"

ਮਰਬਿਟ ਸਨਜ਼—ਅਸਟਰੇਲੀਆ

"ਇਹ ਇਸ ਅਸਥਾਨ ਦੀ ਮੇਰੀ ਪਹਿਲੀ ਫੇਰੀ ਨਹੀਂ। ਮੈਂ ਜਦ ਵੀ ਭਾਰਤ ਆਉਂਦਾ ਹਾਂ ਤਾਂ ਅਪਣਾ ਸਤਿਕਾਰ ਅਰਪਤ ਕਰਨ ਅਤੇ ਬਖਸ਼ਸ਼ਾਂ ਪ੍ਰਾਪਤ ਕਰਨ ਇਥੇ ਜ਼ਰੂਰ ਆਉਂਦਾ ਹਾਂ।"

ਸ੍ਰੀ ਬੀ. ਸੀ. ਚਕਰਵਰਥੀ ਹੈਦਰ, ਦਿਲੀ

"ਸਿੱਖ ਧਰਮ ਇਕ ਅਮਲੀ ਧਰਮ ਹੈ ਤੇ ਮਨੁੱਖਤਾ ਲਈ ਸੁਹਣੀ ਉਦਾਹਰਨ ਹੈ।"

ਸ੍ਰੀ. ਯੂ. ਪਰਸ਼ਾਦ—ਬਿਹਾਰ

"ਇਹ ਇਕ ਉਤਸ਼ਾਹੀ ਤੇ ਜਲਵਾ ਅਫਰੋਜ਼ (ਰਮਣੀਕ) ਸਥਾਨ ਹੈ। ਇਥੇ ਖੜ ਕੇ ਇਵੇਂ ਲਗਦਾ ਹੈ ਕਿ ਰੱਬ ਦੇ ਸਨਮੁਖ ਖੜੇ ਹੋਏ ਹਾਂ ਅਤੇ ਰਬੀ ਸ਼ਕਤੀ ਤੇ ਧਰਮ ਦੀ ਸ਼ਾਨ ਦਾ ਆਨੰਦ ਮਾਣ ਰਹੇ ਹਾਂ।

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ॥
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥ (ਮ-5, ਪੰਨਾ-542)

ਇਕ ਮੁਸਲਮਾਨ ਬਜ਼ੁਰਗ ਯਾਤਰੂ ਦੇ ਅਨੁਭਵ

ਅਜ ਤੋਂ ਤਕਰੀਬਨ 60 ਸਾਲ ਪਹਿਲੇ ਦੀ ਗੱਲ ਹੈ ਇਕ ਮੁਸਲਮਾਨ ਬਜ਼ੁਰਗ ਯਾਤਰੂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਇਆ। ਉਸ ਨੇ ਕਾਫੀ ਦੇਰ ਬੈਠ ਕੇ ਉਥੇ ਬਾਣੀ ਸਰਵਣ ਕੀਤੀ। ਜਦ ਹਰਿਮੰਦਰ ਸਾਹਿਬ ਅੰਦਰੋਂ ਨਿਕਲ ਕੇ ਬਾਹਰ ਆਇਆ ਤਾਂ ਆਪਣਾ ਆਪਾ ਜ਼ਬਤ ਵਿਚ ਨਾ ਰਖ ਸਕਿਆ ਤੇ ਕਹਿਣ ਲੱਗਾ "ਕਈ ਅਵਤਾਰ ਇਸ ਧਰਤੀ ਤੇ ਆਏ ਤੇ ਚਲੇ ਗਏ, ਗੁਰੂ ਨਾਨਕ ਸਾਹਿਬ ਵੀ 1469 ਈ. ਵਿਚ ਇਸ ਧਰਤੀ ਤੇ ਪੈਦਾ ਹੋਏ ਪਰ ਜੋਤੀ ਜੋਤ ਨਹੀਂ ਸਮਾਏ। ਕੀਰਤਨ ਰੂਪ ਵਿਚ ਉਹ ਹਮੇਸ਼ਾਂ ਹਮੇਸ਼ਾਂ ਲਈ ਹਰਿਮੰਦਰ ਸਾਹਿਬ ਵਿਚ ਬਿਰਾਜਮਾਨ ਹਨ ਤੇ ਸਾਡਾ ਪਥ ਪਰਦਰਸ਼ਨ ਕਰ ਰਹੇ ਹਨ। (ਇਸ ਕਥਨ ਦਾ ਹਵਾਲਾ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਨੇ ਵੀ ਕੀਤਾ ਹੈ)

ਹੀਥਰੋ ਹਵਾਈ ਅੱਡੇ ਤੇ ਗੋਰੀ ਕਰਮਚਾਰੀ ਤੇ ਹਰਿਮੰਦਰ

ਜੋ ਵੀ ਵਿਦੇਸ਼ੀ ਯਾਤਰੂ ਗੋਲਡਨ ਟੈਂਪਲ ਦੇ ਦਰਸ਼ਨ ਕਰ ਕੇ ਜਾਂਦਾ ਹੈ ਤਾਂ ਉਸ ਦੇ ਆਪਣੇ ਦੇਸ਼ ਵਿਚ ਜੇਕਰ ਉਸ ਨੂੰ ਕੋਈ ਪੱਗੜੀ ਦਾਹੜੀ ਵਾਲਾ ਸਰਦਾਰ ਮਿਲਦਾ ਹੈ ਤਾਂ ਉਹ ਉਸ ਨੂੰ ਆਮ ਕਰਕੇ ਹੈਲੋ ਸਿੰਘ ਕਹਿ ਕੇ ਬੁਲਾਂਦਾ ਹੈ ਤੇ ਫਿਰ ਆਪਣੀ ਦਰਬਾਰ ਸਾਹਿਬ ਦੀ ਫੇਰੀ ਬਾਰੇ ਦੋ ਚਾਰ ਸ਼ਬਦ ਜ਼ਰੂਰ ਕਹਿ ਜਾਂਦਾ ਹੈ ਜਿਵੇਂ "Singh your Golden Temple, wonderful" "Really majestic" "Gracious, God's, abode etc etc". ਭਾਵ ਇਹ ਹੈ ਕਿ ਤੁਹਾਡਾ ਗੋਲਡਨ ਟੈਂਪਲ ਕਮਾਲ ਦਾ ਸਥਾਨ ਹੈ, ਸ਼ਹਾਨਾ ਹੈ, ਪਵਿੱਤਰ ਹੈ, ਬੇਹਤਰੀਨ ਹੈ ਅਤੇ ਪਰਮਾਤਮਾ ਦਾ ਘਰ ਹੈ। ਇਸੇ ਸਿਲਸਲੇ ਵਿਚ ਮੈਂ ਅਗਸਤ 1983 ਦੀ ਇਕ ਘਟਨਾ ਦਾ ਸੰਖੇਪ ਜਿਹਾ ਵਰਨਣ ਕਰਨਾ ਚਾਹੁੰਦਾ ਹਾਂ। ਮੈਂ ਲੰਡਨ ਦੇ ਹੀਥਰੋ ਏਅਰ ਪੋਰਟ ਤੋਂ ਭਾਰਤ ਆਉਣ ਲਈ ਆਪਣਾ ਸਾਮਾਨ ਕਾਊਂਟਰ ਤੇ ਬੈਠੀ ਗੋਰੀ ਲੜਕੀ ਨੂੰ ਸੌਂਪ ਰਿਹਾ ਸੀ ਤਾਂ ਉਸ ਨੇ ਗੱਲਾਂ ਗੱਲਾਂ ਵਿਚ ਮੈਨੂੰ ਪੁਛਿਆ ਕਿ ਮੈਂ ਕਿਥੇ ਜਾ ਰਿਹਾ ਹਾਂ। ਮੈਂ ਬੋਲਿਆ ਭਾਰਤ ਜਾ ਰਿਹਾ ਹਾਂ ਤੇ ਅੰਮ੍ਰਿਤਸਰ ਲੈਂਡ ਕਰਾਂਗਾ। ਮੇਰੇ ਇਤਨਾ ਕੁਝ ਕਹਿਣ ਤੇ ਹੀ ਉਹ ਇਕ ਦਮ ਚੌਂਕ ਕੇ ਬੋਲੀ "ਉਹ ਅੰਮ੍ਰਿਤਸਰ ਜਿਥੇ ਗੋਲਡਨ ਟੈਂਪਲ ਹੈ? ਮੈਂ ਕਿਹਾ "ਹਾਂ ਉਹੀ।"

ਉਸ ਫਿਰ ਕਿਹਾ ਕਿਤਨਾ ਪਵਿੱਤਰ ਸਥਾਨ ਹੈ, ਯਾਦ ਕਰਦਿਆਂ ਹੀ ਮਨ ਵਿਚ ਸ਼ਾਂਤੀ ਆ ਜਾਂਦੀ ਹੈ। ਉਸ ਪੁਨੀਤ ਸਥਾਨ ਤੇ ਜਾ ਕੇ ਸਿੰਘ ਮੇਰਾ ਵੀ ਸਤਿਕਾਰ ਪ੍ਰਗਟ ਕਰੀਂ। ਜਦੋਂ ਉਸ ਨੇ ਕਪਿੰਊਟਰ ਵਲ ਦੇਖਿਆ ਤਾਂ ਮੇਰਾ ਸਮਾਨ ਨਿਰਧਾਰਤ ਵਜ਼ਨ ਤੋਂ ਅੱਠ ਕਿਲੋ ਜ਼ਿਆਦਾ ਸੀ। ਤਾਂ ਉਹ ਲੜਕੀ ਹੱਸ ਪਈ ਤੇ ਕਹਿਣ ਲੱਗੀ ਕੋਈ ਗੱਲ ਨਹੀਂ, ਸਿੰਘ ਤੂੰ ਪਵਿੱਤਰ ਅਸਥਾਨ ਤੇ ਜਾ ਰਿਹਾ ਏਂ ਇਸ ਲਈ ਮੈਂ ਇਸ ਵਾਧੂ ਸਮਾਨ ਲਈ ਤੇਰੇ ਕੋਲੋਂ ਕੁਝ ਵੀ ਵਾਧੂ ਚਾਰਜ ਨਹੀਂ ਕਰਾਂਗੀ। ਉਸ ਦੀ ਇਸ ਗੱਲ ਤੋਂ ਮੈਨੂੰ ਗੋਲਡਨ ਟੈਂਪਲ ਬਾਰੇ ਇਕ ਹੋਰ-ਸਿੱਖ ਯਾਤਰੂ ਲੜਕੀ ਦੇ ਮਨ ਵਿਚ ਜੋ ਭਾਵਨਾ ਸੀ, ਉਸ ਦੇ ਲਾਜਵਾਬ ਦਰਸ਼ਨ ਹੋਏ ਅਤੇ ਮੇਰੇ ਕਹਿਣ ਦੇ ਬਾਵਜੂਦ ਵੀ ਉਸ ਨੇ ਵਾਧੂ ਭਾਰ ਦਾ ਕਿਰਾਇਆ ਇਹ ਕਹਿ ਕੇ ਚਾਰਜ ਨਾ ਕੀਤਾ ਕਿ ਇਤਨਾ ਕੁਝ ਛੱਡ ਦੇਣਾ ਉਸ ਦੇ ਇਖਤਿਆਰਾਂ ਵਿਚ ਹੈ। ਉਕਤ ਘਟਨਾ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗੋਲਡਨ ਟੈਂਪਲ ਦੇ ਦਰਸ਼ਨ ਦੀਦਾਰਿਆਂ ਦੀ ਯਾਦ ਤੇ ਸਤਿਕਾਰੀ ਭਾਵਨਾ ਹਰ ਜ਼ਿਆਰਤ ਕਰਨ ਵਾਲੇ ਦੇ ਮਨ ਮੰਦਰ ਵਿਚ ਸਦਾ ਸਦਾ ਲਈ ਸ਼ਕਤੀਸ਼ਾਲੀ ਰੂਪ ਵਿਚ ਅਵਸ਼ ਹੀ ਜੀਵਤ ਰਹਿੰਦੀ ਹੈ।

ਹਰਿਮੰਦਰ ਸਾਹਿਬ ਵਿਚ ਵਾਪਰਿਆ ਕੁਦਰਤੀ ਚਮਤਕਾਰ

ਜਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖ਼ਤਮ ਹੋ ਗਿਆ ਅਤੇ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਤਾਂ ਈਸਾਈ ਮਤ ਦੇ ਤੇਜ਼ ਪਰਚਾਰ ਸਦਕਾ, ਸਰਕਾਰੀ ਲਾਲਚ ਤੇ ਕੁਝ ਦਬਾਅ ਕਾਰਨ ਬਹੁਤ ਸਾਰੇ ਲੋਕੀ ਸਿੱਖ ਧਰਮ ਨੂੰ ਤਿਲਾਂਜਲੀ ਦੇ ਕੇ ਈਸਾਈ ਮਤ ਵਿਚ ਬੜੀ ਤੇਜ਼ੀ ਨਾਲ ਪਰਵੇਸ਼ ਕਰਨ ਲਗ ਪਏ। ਈਸਾਈ ਪਰਚਾਰਕ ਇਸ ਰੁਝਾਨ ਤੋਂ ਬਹੁਤ ਉਤਸ਼ਾਹਤ ਹੋਏ ਤੇ ਉਨ੍ਹਾਂ ਨੇ ਇਸ ਕਿਸਮ ਦੀ ਹਵਾ ਫੈਲਾ ਦਿੱਤੀ ਕਿ ਸਿੱਖ ਧਰਮ ਹੁਣ ਲਗਪਗ ਖ਼ਤਮ ਹੀ ਹੋਣ ਵਾਲਾ ਹੈ। ਜਿਹੜੇ ਲੋਕੀ ਹਾਲੇਂ ਵੀ ਸਿੱਖੀ ਸਰੂਪ ਵਿਚ ਸਨ ਉਹ ਇਸ ਗੱਲ ਤੋਂ ਬਹੁਤ ਚਿੰਤਾਤਰ ਸਨ ਕਿ ਕੀ ਕੀਤਾ ਜਾਵੇ, ਕੌਮ ਨੂੰ ਇਸ ਰੁਝਾਨ ਤੋਂ ਕਿਵੇਂ ਤੋੜਿਆ ਜਾਵੇ ਕਿ ਸਤਿਗੁਰਾਂ ਨੇ ਆਪ ਮਿਹਰ ਕਰ ਦਿੱਤੀ ਅਤੇ ਇਕੋ ਘਟਨਾ ਨੇ ਕੌਮ ਦਾ ਮਨੋਬਲ ਤਕੜਾ ਕਰ ਦਿੱਤਾ। ਹਰਿਮੰਦਰ ਸਾਹਿਬ ਵਿਖੇ 30 ਅਪ੍ਰੈਲ ਨੂੰ ਅੰਮ੍ਰਿਤ ਵੇਲੇ 4.30 ਵਜੇ ਇਕ ਅਦਭੁਤ ਕੌਤਕ ਵਾਪਰਿਆ ਜਿਸ ਦਾ ਵਰਨਣ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਡੀ ਦੇ ਖੱਬੇ ਪਾਸੇ ਜਿਥੇ ਘੜਿਆਲ ਲਗਿਆ ਹੋਇਆ ਹੈ ਉਸ ਦੇ ਲਗਪਗ ਉਪਰ ਸੋਨੇ ਦੇ ਇਕ ਪੁੜੇ ਤੇ ਉਕਰਿਆ ਪਿਆ ਹੈ ਤੇ ਇਸ ਵਿਚ ਗੋਲੀਆਂ ਦੇ ਨਿਸ਼ਾਨ ਵੀ ਲਗੇ ਹੋਏ ਹਨ। ਇਸ ਪਤਰੇ ਤੇ ਜੋ ਕੁਝ ਲਿਖਿਆ ਹੋਇਆ ਹੈ ਉਹ ਇਨ ਬਿੰਨ ਇਵੇਂ ਹੈ:

ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੁਦਰਤੀ ਚਮਤਕਾਰ

"ਸਭਨਾਂ ਦੀ ਗਯਾਤ ਲਈ ਦੱਸਿਆ ਜਾਂਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ 30 ਅਪ੍ਰੈਲ 1877 ਨੂੰ ਸਵੇਰੇ ਦੇ 4.30 ਵਜੇ ਇਕ ਅਜਬ ਖੇਲ ਵਰਤਿਆ। ਕੋਈ ਚਾਰ ਕੁ ਸੌ ਪ੍ਰੇਮੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੀਰਤਨ ਦਾ ਆਨੰਦ ਲੈ ਰਹੇ ਸਨ ਜਦ ਕਿ ਅਚਨਚੇਤ ਹੀ ਬਿਜਲੀ ਦੀ ਲਿਸ਼ਕ ਦਿਸੀ। ਉਹ ਇਕ ਵੱਡੀ ਰੌਸ਼ਨੀ ਦੀ ਸ਼ਕਲ ਵਿਚ ਪਹਾੜ ਦੀ ਬਾਹੀ ਦੇ ਦਰਵਾਜ਼ੇ ਵਿਚੋਂ ਆਈ ਤੇ ਠੀਕ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੇ ਸਾਹਮਣੇ ਗੋਲਾ ਜਿਹਾ ਬਣਕੇ ਫਟੀ ਅਤੇ ਚਾਨਣ ਹੀ ਚਾਨਣ ਕਰਕੇ ਦਖਣੀ ਦਰਵਾਜ਼ੇ ਥਾਣੀ ਇਕ ਰੌਸ਼ਨੀ ਦੀ ਲੀਕ ਹੋਕੇ ਨਿਕਲ ਗਈ।

ਭਾਵੇਂ ਇਸ ਦੇ ਫਟਣ ਸਮੇਂ ਬੜੀ ਭਿਆਨਕ ਤੇ ਜ਼ੋਰ ਦੀ ਅਵਾਜ਼ ਆਈ ਪਰ ਅੰਦਰ ਬੈਠੇ ਕਿਸੇ ਪ੍ਰੇਮੀ, ਅਮਾਰਤ ਜਾਂ ਚੀਜ਼ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਾ ਪੁੱਜਾ।

ਇਸ ਅਲੌਕਿਕ ਦ੍ਰਿਸ਼ ਨੂੰ ਸਭ ਲੋਕੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਆਪਣਾ ਕੌਤਕ ਦਸਦੇ ਹਨ।'' ਹੈ ਵੀ ਇਹ ਇਕ ਸਾਖਿਆਤ ਕੌਤਕ ਹੀ ਕਿਉਂਕਿ ਅੰਮ੍ਰਿਤ ਵੇਲੇ ਸਾਢੇ ਚਾਰ ਵਜੇ ਇਹ ਰੌਸ਼ਨੀ ਆਈ ਕਿਥੋਂ ਜਦ ਕਿ 30 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਸੂਰਜ ਸਵੇਰੇ 5 ਵੱਜ ਕੇ 39 ਮਿੰਟ ਤੇ ਚੜ੍ਹਦਾ ਹੈ। ਜਦ ਸਾਢੇ ਚਾਰ ਵਜੇ ਸੂਰਜ ਹੀ ਨਹੀਂ ਚੜ੍ਹਿਆ ਅਤੇ ਉਸ ਨੇ ਹਾਲੇਂ ਇਕ ਘੰਟਾ ਤੇ 9 ਮਿੰਟਾਂ ਮਗਰੋਂ ਚੜ੍ਹਨਾ ਹੈ, ਤਦ ਇਸ ਰੌਸ਼ਨੀ ਦੇ ਗੋਲੇ ਦਾ ਬਣਨਾ ਇਕ ਕਰਿਸ਼ਮਾ ਹੀ ਕਿਹਾ ਜਾ ਸਕਦਾ ਹੈ। ਵਿਗਿਆਨੀ ਇਸ ਦਾ ਕੋਈ ਸਪੱਸ਼ਟੀਕਰਨ ਦੇਣ ਤਾਂ ਉਹ ਵਖਰੀ ਗੱਲ ਹੋਵੇਗੀ। ਇਸ ਕੌਤਕ ਨਾਲ ਸਮੁੱਚੀ ਕੌਮ ਨੂੰ ਨਵਾਂ ਉਤਸ਼ਾਹ ਪ੍ਰਾਪਤ ਹੋਇਆ ਅਤੇ ਕੌਮ ਨੂੰ ਨਵੇਂ ਸਿਰਿਓਂ ਸ਼ਕਤੀਸ਼ਾਲੀ ਬਣਾਉਣ ਦੀਆਂ ਵਿਉਂਤਾਂ ਬਣਨ ਲਗ ਪਈਆਂ, ਸਿੰਘ ਸਭਾ ਲਹਿਰ ਸਰਗਰਮ ਹੋਈ ਅਤੇ ਈਸਾਈਆਂ ਦੇ ਮਨਸੂਬੇ ਬੇਅਸਰ ਹੋਣੇ ਸ਼ੁਰੂ ਹੋ ਗਏ। ਇਵੇਂ ਹਨੇਰੇ ਵਿਚ ਪ੍ਰਗਟਿਆ ਇਹ ਰੌਸ਼ਨੀ ਦਾ ਗੋਲਾ ਫਟਕੇ ਸਿੱਖ ਕੌਮ ਦਾ ਰਾਹ ਰੁਸ਼ਨਾ ਗਿਆ ਤੇ ਆਸ਼ਾ ਦੀ ਇਕ ਨਵੀਂ ਕਿਰਨ ਜਗਾਅ ਗਿਆ।

ਗੋਲਡਨ ਟੈਂਪਲ ਪ੍ਰਤੀ ਅਫ਼ਗਾਨੀਆਂ ਦਾ ਹਵਾਈ ਸਤਿਕਾਰ

1981 ਦੇ ਜੂਨ ਮਹੀਨੇ ਦੀ 28 ਤਰੀਖ ਦੀ ਗੱਲ ਹੈ। ਸਵੇਰੇ 7 ਵਜੇ ਅਫ਼ਗਾਨ ਏਅਰ ਵੇਜ਼ ਦੇ ਜਹਾਜ਼ ਨੇ ਰਾਜਾ ਸਾਂਸੀ ਹਵਾਈ ਅੱਡੇ ਤੋਂ ਉਡਾਨ ਭਰਦਿਆਂ ਹੀ ਅੰਮ੍ਰਿਤਸਰ ਸ਼ਹਿਰ ਵਲ ਰੁਖ ਕਰ ਲਿਆ। ਹਾਲੇਂ ਬਹੁਤਾ ਉਚਾ ਨਹੀਂ ਸੀ ਹੋਇਆ ਕਿ ਉਹ ਗੋਲਡਨ ਟੈਂਪਲ ਕੰਪਲੈਕਸ ਦੀਆਂ ਪਰਕਰਮਾਂ ਦੇ ਆਲੇ-ਦੁਆਲੇ ਇਕ ਖੰਭ ਨੀਵਾਂ ਤੇ ਦੂਜਾ ਉਚਾ ਕਰਕੇ ਪਰਕਰਮਾ ਕਰਨ ਮਗਰੋਂ ਉਚਾ ਹੋਣਾ ਸ਼ੁਰੂ ਹੋ ਗਿਆ। ਬਾਰੀ ਦੇ ਨਾਲ ਬੈਠਾ ਹੋਣ ਕਾਰਨ ਮੈਨੂੰ ਦਰਬਾਰ ਸਾਹਿਬ ਦੇ ਅਕਾਸ਼ ਤੋਂ ਦਰਸ਼ਨ ਕਰਨ ਦਾ ਪਹਿਲੀ ਵਾਰੀ ਅਵਸਰ ਮਿਲਿਆ। ਸੱਚਮੁਚ ਬੜਾ ਅਲੌਕਿਕ ਨਜ਼ਾਰਾ ਸੀ ਥਲੇ। ਇਵੇਂ ਲਗਦਾ ਸੀ ਕਿ ਕੋਈ ਸੱਚਖੰਡ ਸਜਿਆ ਹੋਵੇ। ਜਦੋਂ ਹਵਾਈ ਜਹਾਜ਼ ਆਪਣੀ ਪੂਰੀ ਉਚਾਣ ਤੇ ਜਾਣ ਮਗਰੋਂ ਕਾਬਲ ਵੱਲ ਵੱਧਣਾ ਸ਼ੁਰੂ ਹੋ ਗਿਆ ਤਾਂ ਮੁਸਾਫਰਾਂ ਨੂੰ ਨਾਸ਼ਤਾ ਦਿੱਤਾ ਜਾਣ ਲੱਗਾ।

ਜਦ ਹਵਾਈ ਪਰਚਾਲਕਾ ਮੇਰੇ ਪਾਸ ਨਾਸ਼ਤਾ ਲੈ ਕੇ ਆਈ ਤਾਂ ਮੈਂ ਉਸ ਨੂੰ ਕਿਹਾ ਕਿ ਦਰਬਾਰ ਸਾਹਿਬ ਦੇ ਹਵਾਈ ਦਰਸ਼ਨ ਕਰਵਾਉਣ ਲਈ ਕੈਪਟਨ ਨੂੰ ਮੇਰਾ ਧੰਨਵਾਦ ਪਹੁੰਚਾ ਦੇਣਾ। ਇਸ ਦੇ ਉੱਤਰ ਵਿਚ ਏਅਰ ਹੋਸਟਸ ਨੇ ਮੈਨੂੰ ਦੱਸਿਆ ਕਿ ਹਵਾਈ ਜਹਾਜ਼ ਦਾ ਅਫ਼ਗਾਨ ਕੈਪਟਨ ਖੁਦ ਵੀ ਗੋਲਡਨ ਟੈਂਪਲ ਪ੍ਰਤੀ ਬਹੁਤ ਸਤਿਕਾਰੀ ਸ਼ਰਧਾ ਰੱਖਦਾ ਹੈ। ਜਦ ਸਾਡੀ ਟੀਮ ਇਸ ਪਾਇਲਟ ਦੀ ਅਗਵਾਈ ਹੇਠ ਅੰਮ੍ਰਿਤਸਰ ਦੀ ਫਲਾਈਟ ਤੇ ਆਉਂਦੀ ਹੈ ਤਾਂ ਅਸੀਂ ਹਰ ਹਾਲਤ ਵਿਚ ਰਾਤ ਨੂੰ

ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਹਾਂ ਤੇ ਇਕ ਸ਼ਰਧਾਵਾਨ ਸ਼ਰਧਾਲੂ ਵਾਂਗ ਵਾਹਿਗੁਰੂ ਤੋਂ ਸ਼ੁਭ ਕਾਮਨਾ ਦੀ ਯਾਚਨਾ ਕਰਦੇ ਹਾਂ। ਸਵੇਰੇ ਜਦ ਜਹਾਜ਼ ਅੰਮ੍ਰਿਤਸਰ ਤੋਂ ਉਡਾਨ ਭਰਦਾ ਹੈ ਤਾਂ ਕੈਪਟਨ ਗੋਲਡਨ ਟੈਂਪਲ ਪ੍ਰਤੀ ਆਪਣਾ ਸਤਿਕਾਰ ਵਿਅਕਤ ਕਰਨ ਹਿਤ ਇਸ ਸਾਰੇ ਪਵਿੱਤਰ ਕੰਪਲੈਕਸ ਦੀ ਹਵਾਈ ਪਰਕਰਮਾ ਕਰਦਾ ਹੈ। ਉਹ ਇਸ ਦੌਰਾਨ ਜਹਾਜ਼ ਨੂੰ ਬਿਲਕੁਲ ਟੇਡਾ ਰੱਖ ਕੇ ਸਲੂਟ ਮਾਰਨ ਦੀ ਮੁਦਰਾ ਵਿਚ ਜਹਾਜ਼ ਦਾ, ਆਪਣਾ, ਕਰਿਊ ਦਾ ਤੇ ਮੁਸਾਫਰਾਂ ਦਾ ਸਤਿਕਾਰ ਗੋਲਡਨ ਟੈਂਪਲ ਪ੍ਰਤੀ ਅਰਪਤ ਕਰਦਾ ਹੈ। ਅਜਿਹਾ ਕਰਦੇ ਹੋਏ ਉਸ ਨੂੰ ਤੇ ਸਾਨੂੰ ਸਾਰਿਆਂ ਨੂੰ ਬਹੁਤ ਖੁਸ਼ੀ ਹੁੰਦੀ ਹੈ ਅਤੇ ਇਸ ਕਰਮ ਨਾਲ ਸਾਡੇ ਮਨ ਮੰਦਰ ਵਿਚ ਇਸ ਅਦਭੁਤ ਤੀਰਥ ਸਥਾਨ ਬਾਰੇ ਪਵਿਤਰਤਾ ਨਾਲ ਗੁੰਦੇ ਵਿਚਾਰ ਸਾਰਾ ਸਾਰਾ ਦਿਨ ਉਤਪੰਨ ਹੁੰਦੇ ਰਹਿੰਦੇ ਹਨ। ਇਸ ਫਲਾਈਟ ਦੀ ਸਾਨੂੰ ਹਮੇਸ਼ਾ ਤਾਂਘ ਰਹਿੰਦੀ ਹੈ। ਉਸ ਦੇ ਇਹ ਸ਼ਬਦ ਸੁਣ ਕੇ ਮੇਰੀ ਆਤਮਾ ਜੋ ਪਹਿਲੇ ਹੀ ਦਰਬਾਰ ਸਾਹਿਬ ਦੇ ਹਵਾਈ ਦਰਸ਼ਨ ਕਰ ਕੇ ਗਦ ਗਦ ਹੋਈ ਪਈ ਸੀ, ਨੂੰ ਹੋਰ ਬਲ ਪਰਦਾਨ ਹੋਇਆ। ਮੇਰੇ ਅੰਦਰ ਇਹ ਨਿਸ਼ਚਾ ਹੋਰ ਪਰਬਲ ਹੋ ਗਿਆ ਕਿ ਧਰਮ ਨਿਸ਼ਚੇ ਤੇ ਅਧਾਰਤ ਜੀਵਨ ਜਾਚ ਹੈ। ਜੇ ਨਿਸ਼ਚਾ ਨਹੀਂ ਤਾਂ ਸਭ ਕੁਝ ਰਸਮੀ ਤੇ ਬੇਮਹਿਨੀ ਹੈ ਤੇ ਨਿਸ਼ਚੇ ਵਾਲੇ ਦੇ ਬੇੜੇ ਪਾਰ ਹਨ।

ਉਸਤਿਤ ਬਰਨਿ ਨ ਸਕੀਐ ਸਦ ਸਦ ਕੁਰਬਾਨਾ॥ (ਮ-3, ਪੰਨਾ-556)

ਗੋਲਡਨ ਟੈਂਪਲ ਦਾ ਸ਼ਰਧਾਲੂ ਬਜ਼ੁਰਗ

ਗੱਲ ਨਿਸ਼ਚੇ ਦੀ ਚਲ ਰਹੀ ਹੈ ਤੇ ਇਸ ਨੂੰ ਨਿਮਨ ਘਟਨਾ ਦੇ ਵਰਨਣ ਨਾਲ ਅੱਗੇ ਤੋਰਨਾ ਚਾਹੁੰਦਾ ਹਾਂ:- ਕੁਝ ਸਾਲ ਪਹਿਲੇ ਦੀ ਗੱਲ ਹੈ ਮੈਂ ਅੰਮ੍ਰਿਤ ਵੇਲੇ ਚਾਰ ਕੁ ਵਜੇ ਸਰੋਵਰ ਸਾਹਿਬ ਵਿਚ ਇਸ਼ਨਾਨ ਕਰਨ ਉਪਰੰਤ ਦਰਬਾਰ ਸਾਹਿਬ ਕੀਰਤਨ ਸੁਣ ਰਿਹਾ ਸਾਂ। ਸਭ ਸੰਗਤਾਂ ਪੂਰੀ ਨਿਸ਼ਠਾ ਨਾਲ ਅੰਮ੍ਰਿਤ ਵੇਲੇ ਦੇ ਰਸ ਭਿੰਨੇ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਅਚਾਨਕ ਮੇਰੀ ਨਜ਼ਰ ਕੀਰਤਨੀ ਸਿੰਘਾਂ ਦੇ ਬਿਲਕੁਲ ਪਿੱਛੇ ਪਰ ਮੇਰੇ ਤੋਂ ਅੱਗੇ ਬੈਠੇ ਇਕ ਬਜ਼ੁਰਗ ਵੱਲ ਪਈ ਜਿਸ ਦੀ ਮੈਂ ਕੇਵਲ ਪਿਠ ਹੀ ਦੇਖ ਸਕਦਾ ਸਾਂ। ਮੈਂ ਦੇਖਿਆ ਕਿ ਉਸ ਨੇ ਜੋ ਖੱਦਰ ਦਾ ਕੁੜਤਾ ਪਾਇਆ ਹੋਇਆ ਹੈ ਉਸ ਦੀ ਹਾਲਤ ਬਹੁਤ ਖਸਤਾ ਹੈ ਅਤੇ ਉਸ ਉਤੇ ਕਈ ਰੰਗ ਬਰੰਗੀਆਂ ਘਸਮੈਲੀਆਂ ਟਾਕੀਆਂ ਵੀ ਲਗੀਆਂ ਹੋਈਆਂ ਹਨ। ਉਹ ਬਜ਼ੁਰਗ ਚੌਕੜਾ ਲਗਾ ਕੇ, ਸਿਰ ਸੁਟ ਕੇ ਅਡੌਲ ਚਿਤ ਬੈਠਾ ਕੀਰਤਨ ਵਿਚ ਲੀਨ ਜਾਪਦਾ ਸੀ।

ਮੇਰੇ ਮਨ ਵਿਚ ਆਇਆ ਕਿ ਇਹ ਕਿਤਨੀ ਸ਼ਰਧਾ ਨਾਲ ਗੁਰਬਾਣੀ ਸਰਵਣ ਕਰ ਰਿਹਾ ਹੈ, ਵਾਹਿਗੁਰੂ ਦਾ ਬੜਾ ਤੱਪਸਵੀ ਸੇਵਕ ਲੱਗਦਾ ਹੈ ਪਰ ਹੈਰਾਨਗੀ ਦੀ ਗੱਲ ਹੈ ਕਿ ਵਾਹਿਗੁਰੂ ਨਾਲ ਇਤਨੇ ਡੂੰਘੇ ਰੂਪ ਵਿਚ ਜੁੜੇ ਹੋਣ ਦੇ ਬਾਵਜੂਦ ਵੀ ਉਸ ਨੇ ਇਸ ਨੂੰ ਇਕ ਚੰਗੀ ਜਿਹੀ ਕਮੀਜ਼ ਤਕ ਵੀ ਨਹੀਂ ਦਿੱਤੀ ਜਿਸ ਨਾਲ ਇਹ ਇੱਜ਼ਤਦਾਰੀ ਨਾਲ ਆਪਣਾ ਤਨ ਢੱਕ ਕੇ ਅਕਾਲਪੁਰਖ ਦੇ ਇਸ ਦਰਬਾਰ ਵਿਚ ਹਾਜ਼ਰੀ ਭਰ ਸਕੇ। ਇਹ ਗੱਲ ਸੋਚ ਕੇ ਮੈਂ ਕੁਝ ਬੇਚੈਨ ਜਿਹਾ ਹੋਇਆ ਤੇ ਆਪਣੇ ਮਨ ਵਿਚ ਫੈਸਲਾ ਕੀਤਾ ਕਿ ਜਦੋਂ ਇਹ ਬਜ਼ੁਰਗ ਇਥੋਂ ਉਠੇਗਾ ਤਾਂ ਮੈਂ ਇਸ ਨੂੰ ਕੁੜਤੇ

ਪਜਾਮੇ ਲਈ ਕੁਝ ਮਾਇਆ ਦੇ ਕੇ ਬੇਨਤੀ ਕਰਾਂਗਾ ਕਿ ਉਹ ਕਪੜਿਆਂ ਦਾ ਇਕ ਨਵਾਂ ਜੋੜਾ ਸਵਾ ਲਵੇ। ਇਹ ਸਭ ਕੁਝ ਸੋਚ ਕੇ ਮੇਰਾ ਧਿਆਨ ਕੀਰਤਨ ਤੋਂ ਉਖੜ ਗਿਆ ਅਤੇ ਮੈਂ ਉਸ ਵਕਤ ਦੀ ਉਡੀਕ ਕਰਨ ਲਗ ਪਿਆ ਜਦ ਉਹ ਬਜ਼ੁਰਗ ਦਰਬਾਰ ਸਾਹਿਬ ਤੋਂ ਉਠੇ ਤੇ ਮੈਂ ਆਪਣੇ ਮਨ ਦੀ ਇੱਛਾ ਪੂਰੀ ਕਰ ਸਕਾਂ। ਵਕਤ ਬੀਤਦਾ ਗਿਆ ਪਰ ਉਹ ਸੱਜਣ ਅਡੋਲ, ਅਹਿੱਲ ਹੀ ਰਿਹਾ। ਇਸ ਦੌਰਾਨ ਗੁਰੂ ਮਹਾਰਾਜ ਦੇ ਸਰੂਪ ਦੀ ਤਸ਼ਰੀਫ ਆਵਰੀ ਹੋਈ, ਹੁਕਮ ਨਾਮਾ ਲਿਆ ਗਿਆ, ਅਰਦਾਸਾ ਹੋਇਆ, ਇਸ ਸਭ ਕੁਝ ਦੇ ਮਗਰੋਂ ਉਹ ਫਿਰ ਪਹਿਲੇ ਵਰਗੀ ਹਾਲਤ ਵਿਚ ਪਹੁੰਚ ਗਿਆ। ਕੁਝ ਹੋਰ ਸਮਾਂ ਬੀਤਿਆ ਤੇ ਸਾਢੇ ਪੰਜ ਵਜ ਗਏ। ਮੈਂ ਹੋਰ ਬੇਚੈਨ ਹੋਣ ਲੱਗ ਪਿਆ ਕਿਉਂਕਿ ਮੈਂ ਰੈੱਸਟ ਹਾਊਸ ਵਿਚ ਜਾ ਕੇ ਤਿਆਰ ਹੋਣਾ ਸੀ ਤੇ ਸਵੇਰੇ ਅੱਠ ਵਜੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਭਰਤੀ ਕੀਤੇ ਜਾਣ ਵਾਲੇ ਉਮੀਦਵਾਰਾਂ ਦੀ ਇੰਟਰਵਿਊ ਲੈਣੀ ਸੀ। ਪਰ ਮੈਂ ਕੀ ਕਰਦਾ ਮੇਰੇ ਮਨ ਦਾ ਸੰਕਲਪ ਮੈਨੂੰ ਟਿਕਣ ਨਹੀਂ ਸੀ ਦੇ ਰਿਹਾ ਤੇ ਉਧਰ ਉਹ ਬਜ਼ੁਰਗ ਉਠਣਾ ਤਾਂ ਇਕ ਪਾਸੇ ਰਿਹਾ, ਹਿਲਣ ਦਾ ਵੀ ਨਾਂ ਨਹੀਂ ਸੀ ਲੈ ਰਿਹਾ। ਆਖਿਰ ਮੈਂ, ਆਪਣੇ ਮਨ ਨਾਲ ਆਪਣੇ ਲਈ ਛੇ ਵਜੇ ਤੱਕ ਦਾ ਸਮਾਂ ਮਿਥ ਲਿਆ ਕਿ ਜੇ ਕਰ ਉਹ ਛੇ ਵਜੇ ਤੱਕ ਉਠ ਪਿਆ ਤਾਂ ਠੀਕ ਹੈ, ਵਰਨਾ ਮੈਂ ਉਸ ਨੂੰ ਮਿਲੇ ਬਿਨਾਂ ਮਜਬੂਰਨ ਚਲਾ ਜਾਵਾਂਗਾ।

ਕੁਝ ਦੇਰ ਮਗਰੋਂ ਜਦ ਘੜੀ ਨੇ ਛੇ ਵਜਾਏ ਤਾਂ ਉਹ ਬਜ਼ੁਰਗ ਯਕਦਮ ਉਠ ਪਿਆ। ਮੈਂ ਵੀ ਸ਼ੁਕਰ ਕੀਤਾ। ਉਹ ਲਾਗਲੇ ਦਰਵਾਜ਼ੇ ਵਿਚੋਂ ਬਾਹਰ ਨਿਕਲ ਕੇ ਹਰਿ ਕੀ ਪਉੜੀ ਵੱਲ ਚੱਲ ਪਿਆ ਜਿਧਰ ਸੰਗਤ ਅੰਮ੍ਰਿਤ ਲੈਣ ਜਾਂਦੀ ਹੈ ਤੇ ਮੈਂ ਵੀ ਹਿੰਮਤ ਕਰਕੇ ਉਸ ਦੇ ਪਿੱਛੇ ਪਿੱਛੇ ਤੁਰ ਪਿਆ। ਜਦ ਮੈਂ ਉਸ ਦੇ ਬਰਾਬਰ ਹੋਇਆ ਤਾਂ ਉਸ ਨੇ ਮੇਰੇ ਵਲ ਦੇਖੇ ਬਿਨਾਂ ਮੇਰੇ ਮੋਢੇ ਤੇ ਹੱਥ ਰੱਖ ਕੇ ਕਿਹਾ, "ਆ ਭਈ ਦਾਨੀ ਪੁੱਤਰਾ, ਦੋ ਘੰਟੇ ਹੋ ਗਏ ਹਨ ਨਾ ਤਾਂ ਤੂੰ ਆਪ ਕੀਰਤਨ ਸੁਣਿਆ ਹੈ ਤੇ ਨਾ ਹੀ ਮੈਨੂੰ ਸੁਣਨ ਦਿੱਤਾ ਹੀ। ਹਾਂ ਕਰ ਲੈ ਇੱਛਾ ਪੂਰੀ, ਲੈ ਦੇ ਮੈਨੂੰ ਕੁੜਤਾ ਪਜਾਮਾ"। ਉਸ ਮਹਾਂਪੁਰਸ਼ ਦੇ ਇਹ ਬਚਨ ਸੁਣ ਕੇ ਮੈਂ ਹੱਕਾ ਬੱਕਾ ਰਹਿ ਗਿਆ। ਆਪਣੀ ਜ਼ਿੰਦਗੀ ਵਿਚ ਇਹ ਜਾਣਨ ਦਾ ਮੇਰਾ ਪਹਿਲਾ ਹੀ ਤਜਰਬਾ ਸੀ ਕਿ ਕੋਈ ਵਿਅਕਤੀ ਆਪਣੀ ਅੰਦਰਲੀ ਸ਼ਕਤੀ ਨਾਲ ਕਿਸੇ ਦੂਜੇ ਦੇ ਵਿਚਾਰਾਂ ਨੂੰ ਬਿਨ ਬੋਲਿਆਂ ਜਾਣ ਲਵੇ। ਇਸ ਹਾਲਤ ਵਿਚ ਬਸ ਜੋ ਮੈਂ ਕਰ ਸਕਿਆ ਉਹ ਇਹ ਹੀ ਸੀ ਕਿ ਮੈਂ ਉਸ ਬਜ਼ੁਰਗ ਦੇ ਗੋਡਿਆਂ ਨੂੰ ਸਤਿਕਾਰ ਨਾਲ ਹੱਥ ਲਗਾਇਆ। ਉਨ੍ਹਾਂ ਪਿਆਰ ਨਾਲ ਮੈਨੂੰ ਗਲਵੱਕੜੀ ਵਿਚ ਲਿਆ, ਸ਼ਾਬਾਸ਼ ਦਿੱਤੀ ਕਿਉਂਕਿ ਉਨ੍ਹਾਂ ਦੇ ਕਹਿਣ ਮੁਤਾਬਕ ਮੇਰੀ ਭਾਵਨਾ ਮਾੜੀ ਨਹੀਂ ਸੀ।

ਕੁਝ ਦੇਰ ਉਹ ਮੈਨੂੰ ਅਸੀਸਾਂ ਭਰੇ ਸ਼ਬਦਾਂ ਨਾਲ ਨਵਾਜਦੇ ਰਹੇ ਪਰ ਇਹ ਪ੍ਰਤੀਤ ਕਰ ਕੇ ਕਿ ਉਹ ਹਸਮੁਖ ਸੱਜਣ ਹਨ, ਮੈਂ ਉਨ੍ਹਾਂ ਨੂੰ ਕਹਿ ਹੀ ਦਿੱਤਾ ਕਿ ਬਾਬਾ ਜੀ ਮੇਰਾ ਇਹ ਸ਼ੰਕਾ ਤਾਂ ਨਵਿਰਤ ਕਰ ਹੀ ਦਿਓ ਕਿ ਰੱਬ ਨੇ ਤੁਹਾਨੂੰ ਟਾਕੀਆਂ ਵਾਲਾ ਕੁੜਤਾ ਹੀ ਕਿਉਂ ਦਿੱਤਾ ਹੈ ਜਦ ਕਿ ਤੁਸੀਂ ਉਸ ਦੇ ਇਤਨੇ ਸ਼ਰਧਾਵਾਨ ਭਗਤ ਹੋ? ਕੀ ਉਹ ਆਪਣੇ ਭਗਤਾਂ ਤੇ ਰੀਝਣ ਵਿਚ ਸੰਕੋਚ ਕਰਦਾ ਹੈ? ਇਸ ਤੇ ਉਨ੍ਹਾਂ ਬਜ਼ੁਰਗਾਂ ਨੇ ਕਿਹਾ,

"ਅਜਿਹਾ ਨਹੀਂ ਪੁੱਤਰ, ਸਗੋਂ ਇਸ ਅਸਥਾਨ ਵਿਚ ਤਾਂ ਇਤਨੀ ਸ਼ਕਤੀ ਹੈ ਕਿ ਮੈਲੀਆਂ ਤੋਂ ਮੈਲੀਆਂ ਆਤਮਾਵਾਂ ਵੀ ਧੋਤੀਆਂ ਜਾਂਦੀਆਂ ਹਨ ਤੇ ਨਿਰਛਲ ਹੋ ਜਾਂਦੀਆਂ ਹਨ, ਬਸ ਨਿਸ਼ਚੇ ਦੀ ਲੋੜ ਹੈ। ਮੇਰੇ ਵਲੋਂ ਲਾਡ ਨਾਲ ਖਹਿੜਾ ਕਰਨ ਤੇ ਉਨ੍ਹਾਂ ਟਾਕੀਆਂ ਵਾਲੇ ਕੁੜਤੇ ਦਾ ਭੇਦ ਖੋਲ੍ਹਿਆ ਤੇ ਕਹਿਣ ਲੱਗੇ ਕਿ ਮੈਂ ਬਚਪਨ ਤੋਂ ਹੀ ਨਿਸ਼ਚੇ ਤੇ ਪਿਆਰ ਦੀ ਭਾਵਨਾ ਨਾਲ ਇਥੇ ਆਉਂਦਾ ਸਾਂ। ਉਸ ਸਮੇਂ ਮੇਰੇ ਸਿਰ ਤੇ ਕੇਸ ਨਹੀਂ ਸਨ, ਇਸ ਕਾਰਨ ਮੈਨੂੰ ਰੁਮਾਲ ਨਾਲ ਆਪਣਾ ਸਿਰ ਢੱਕ ਕੇ ਆਉਣਾ ਪੈਂਦਾ ਸੀ। ਹਰ ਰੋਜ਼ ਦੀ ਸਿਰ ਢੱਕਣ ਦੀ ਇਸ ਕਵਾਇਦ ਕਾਰਨ ਮੇਰਾ ਹਰ ਵਕਤ ਇਸੇ ਗੱਲ ਵਿਚ ਹੀ ਧਿਆਨ ਰਹਿੰਦਾ ਕਿ ਕਿਧਰੇ ਰੁਮਾਲ ਨਾ ਡਿਗ ਪਵੇ ਤੇ ਸਿਰ ਨੰਗਾ ਨਾ ਹੋ ਜਾਵੇ। ਸੋ ਇਸ ਸਮੱਸਿਆ ਦੇ ਹਲ ਲਈ ਮੈਂ ਪੂਰਨ ਕੇਸ ਰੱਖ ਕੇ ਦਸਤਾਰ ਸਜਾ ਲਈ। ਇਵੇਂ ਮੈਨੂੰ ਵਧੇਰੇ ਆਤਮਿਕ ਬਲ ਪਰਦਾਨ ਹੋਇਆ ਅਤੇ ਮੇਰੇ ਮਨ ਤੇ ਗੁਰਬਾਣੀ ਦੀ ਰੰਗਤ ਚੜਨ ਤੇ ਮੈਂ ਕੁੜਤੇ ਤੇ ਇੱਕ ਟਾਕੀ ਠੋਕ ਦਿੱਤੀ। ਫਿਰ ਲਾਲਚ ਵੱਸ ਵਿੱਚ ਹੋਇਆ ਤਾਂ ਕੁੜਤੇ ਤੇ ਦੂਜੀ ਟਾਕੀ ਲੱਗ ਗਈ। ਇਵੇਂ ਕਰਦਿਆਂ ਕਰਦਿਆਂ ਅੱਜ ਮੈਂ 11 ਟਾਕੀਆਂ ਲਾ ਚੁੱਕਾ ਹਾਂ। ਮੈਂ ਹਾਸੇ ਵਿਚ ਕਿਹਾ ਜਾਂ ਇਵੇਂ ਨਾ ਕਹਿ ਲਈਏ ਕਿ ਰੱਬ ਦੀ ਦਿੱਤੀ ਵਰਦੀ ਤੇ ਤਰੱਕੀ ਦੇ ਗਿਆਰਾਂ ਤਮਗ਼ੇ ਲਗਾ ਕੇ ਤੁਸੀਂ ਇਸ ਨੂੰ ਸਜਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮੈਂ ਜਦ ਵੀ ਦਰਬਾਰ ਸਾਹਿਬ ਆਉਂਦਾ ਹਾਂ ਇਹੋ ਕੁੜਤਾ ਪਾ ਕੇ ਆਉਂਦਾ ਹਾਂ। ਇਹ ਮੈਨੂੰ ਤਾਕੀਦ ਕਰਦਾ ਰਹਿੰਦਾ ਹੈ ਕਿ ਕਿਤਨਾ ਪੈਂਡਾ ਮੈਂ ਤਹਿ ਕਰ ਚੁੱਕਾ ਹਾਂ ਤੇ ਹੋਰ ਅੱਗੇ ਚਲਣ ਲਈ ਮੋਰਚਾ ਸਰਗਰਮ ਰੱਖਣਾ ਪਵੇਗਾ।

ਮੈਂ ਉਨ੍ਹਾਂ ਦੇ ਬਚਨ ਸੁਣਦਾ ਗਿਆ ਪਰ ਜਲਦੀ ਹੀ ਉਨ੍ਹਾਂ ਨੇ ਆਪਣੇ ਕੰਨਾਂ ਨੂੰ ਫੜ ਲਿਆ। ਮੈਨੂੰ ਉਹ ਆਪਣੀ ਭਾਰੀ ਹੋਈ ਅਵਾਜ਼ ਵਿਚ ਕਹਿਣ ਲੱਗੇ," ਗਲਾਂ ਗਲਾਂ ਵਿਚ ਲੁਟ ਕੇ ਲੈ ਗਿਆ ਏਂ। ਇਹ ਗੱਲ ਤੈਨੂੰ ਸੁਣਾ ਕੇ ਮੇਰੀ ਹਉਮੈ ਜਾਗਣ ਲੱਗੀ ਹੈ। ਹੁਣ ਤੂੰ ਜਾ ਪਰ ਇਹ ਗੱਲ ਕਿਸੇ ਨਾਲ ਨਾ ਕਰੀਂ। ਨਾਮ ਜਪਿਆ ਕਰ ਤੇ ਇਸ ਦਵਾਰੇ ਤੇ ਸੱਚੀ ਲਗਨ ਨਾਲ ਆਇਆ ਕਰ। ਦੁਨਿਆਵੀ ਖਹਿਸ਼ਾਂ ਨੂੰ ਬਹੁਤ ਪਰੇ ਦੁਨੀਆ ਵਿਚ ਹੀ ਸੁਟ ਕੇ। ਇਸ ਸਵਰਗਧਾਮ ਵਿਚ ਪਰਵੇਸ਼ ਕਰਨ ਲਗਿਆਂ ਸਾਨੂੰ ਸਾਰਿਆਂ ਨੂੰ ਇਵੇਂ ਮਹਿਸੂਸ ਹੋਣਾ ਚਾਹੀਦਾ ਹੈ ਕਿ ਅਸੀਂ ਵਾਹਿਗੁਰੂ ਦੇ ਮਹਿਲਾਂ ਵਿਚ ਹਾਂ ਤੇ ਬੈਕੁੰਠਾਂ ਦੇ ਭਾਗੀ ਬਣ ਗਏ ਹਾਂ।"

ਅੰਮ੍ਰਿਤਸਰ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸ ਹੋਹੈ॥ (ਮ-5, ਪੰਨਾ-493)

ਕਈ ਚਿਰ ਤਾਂ ਮੈਂ ਉਨ੍ਹਾਂ ਮਹਾਂ ਪੁਰਸ਼ਾਂ ਨਾਲ ਹੋਈ ਇਹ ਗੱਲ ਬਾਤ ਸਿਰਫ ਆਪਣੇ ਤਕ ਹੀ ਸੀਮਤ ਰਖੀ ਰਖੀ ਪਰ ਇਕ ਦਿਨ ਮੈਨੂੰ ਆਪਣੇ ਪਿਤਾ ਜੀ ਨਾਲ ਚਲ ਰਹੀ ਇਕ ਗੱਲ ਬਾਤ ਦੌਰਾਨ ਆਪਣੇ ਪਰਮਾਣ ਨੂੰ ਪਰਪੱਕ ਕਰਨ ਲਈ ਇਸ ਗੱਲ ਦਾ ਹਵਾਲਾ ਦੇਣਾ ਹੀ ਪਿਆ। ਗੱਲ ਸੁਣ ਕੇ ਉਨ੍ਹਾਂ ਦੇ ਨੇਤਰਾਂ ਤੋਂ ਛਮਾਂ ਛਮ ਪਾਣੀ ਚਲਣ ਲਗ ਪਿਆ। ਉਨ੍ਹਾਂ ਵੀ ਮੈਨੂੰ ਗਲਵਕੜੀ ਵਿਚ ਲਿਆ ਤੇ ਕਿਹਾ ਕਿ ਤੂੰ ਭਾਗਾਂ ਵਾਲਾ ਏਂ ਕਿ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਤੈਨੂੰ ਹਰਿਮੰਦਰ ਸਾਹਿਬ ਵਿਚ ਹੋਏ ਹਨ। ਤੇਰੀ ਆਪਣੀ ਕਮਾਈ ਤਾਂ ਕੁਝ ਨਹੀਂ ਪਰ ਉਸ ਅਸਥਾਨ ਤੇ ਜਿਥੇ ਪਿਛਲੇ ਕਈ ਸੌ ਸਾਲਾਂ ਤੋਂ ਦਿਨ ਰਾਤ ਪ੍ਰਭੂ ਜਸ ਗਾਇਨ ਹੋ ਰਿਹਾ ਹੈ, ਦੇ ਪਰਭਾਵ ਸਦਕਾ

ਨੂੰ ਅਜਿਹੀਆਂ ਪ੍ਰਭੂ ਵਿਚ ਲੀਨ ਹੋਈਆਂ ਸ਼ਖਸੀਅਤਾਂ ਦੇ ਦਰਸ਼ਨ ਹੋਏ ਹਨ।

ਮੈਂ ਉਨ੍ਹਾਂ ਤੋਂ ਪੁਛਿਆ ਕਿ ਮੈਂ ਇਸ ਗੱਲ ਨੂੰ ਉਨ੍ਹਾਂ ਨੂੰ ਦਸ ਕੇ ਕੀ ਉਨ੍ਹਾਂ ਬਜ਼ੁਰਗਾਂ ਦੇ ਕਹੇ ਦਾ ਪਾਲਣ ਨਾ ਕਰਨ ਵਿੱਚ ਕੋਤਾਹੀ ਕੀਤੀ ਹੈ ਜਿਸ ਬਾਰੇ ਉਨ੍ਹਾਂ ਨੇ ਮੈਨੂੰ ਹਦਾਇਤ ਕੀਤੀ ਸੀ ਕਿ ਮੈਂ ਇਹ ਗੱਲ ਕਿਸੇ ਅੱਗੇ ਨਾ ਕਰਾਂ? ਪਰ ਪਿਤਾ ਜੀ ਨੇ ਮੈਨੂੰ ਇਹ ਕਹਿ ਕੇ ਧਰਵਾਸ ਦਿੱਤਾ ਕਿ ਹਰ ਉਹ ਗੱਲ ਜਿਸ ਨਾਲ ਕਿਸੇ ਦੂਸਰੇ ਵਿਚ ਵਾਹਿਗੁਰੂ ਦੇ ਘਰ ਪ੍ਰਤੀ ਨਿਸਚਾ ਬਣੇ, ਜੇ ਬਣਿਆ ਹੋਵੇ ਤੇ ਹੋਰ ਪਰਪੱਕ ਹੋਵੇ ਤਾਂ ਉਸ ਗੱਲ ਨੂੰ ਦੂਜਿਆਂ ਤਕ ਲੈ ਜਾਣ ਦਾ ਕੋਈ ਹਰਜ ਨਹੀਂ। ਮਹਾਂਪੁਰਸ਼ ਕਿਉਂਕਿ ਆਪਣੀ ਨਿਜੀ ਸ਼ੋਭਾ ਤੇ ਮਹਾਨਤਾ ਨਹੀਂ ਚਾਹੁੰਦੇ, ਇਸ ਲਈ ਉਹ ਇਸ ਵਡਿਆਈ ਤੋਂ ਬਚਣ ਲਈ ਆਪਣੀ ਮਹਿਮਾ ਕਰਵਾਣ ਤੋਂ ਸੰਕੋਚ ਕਰਨ ਹਿਤ ਹੀ ਵਰਜਦੇ ਹਨ। ਮੇਰੇ ਉਤੇ ਪਿਤਾ ਜੀ ਦੀ ਦਲੀਲ ਦਾ ਅਸਰ ਹੋਇਆ। ਗੁਰਬਾਣੀ ਤੇ ਗੋਲਡਨ ਟੈਂਪਲ ਪ੍ਰਤੀ ਮੇਰਾ ਸਤਿਕਾਰ ਹੋਰ ਪਰਬਲ ਹੋਇਆ ਤੇ ਹੁਣ ਜਦ ਸਵੇਰੇ ਚਾਰ ਵਜੇ ਰੇਡੀਓ ਤੇ ਦਰਬਾਰ ਸਾਹਿਬ ਤੋਂ ਕੀਰਤਨ ਸੁਣਦਾ ਹਾਂ ਤਾਂ ਇਹ ਘਟਨਾ ਕਈ ਵਾਰੀ ਫਿਰ ਤਾਜ਼ਾ ਹੋ ਜਾਂਦੀ ਹੈ।

ਕੁਝ ਚਿਰ ਹੋਇਆ ਇਕ ਮਾਤਾ ਜੀ ਜੋ ਲੜਕਿਆਂ ਦੇ ਕਾਲਜ ਲੁਧਿਆਣੇ ਪਾਸ ਰਹਿੰਦੇ ਹਨ, ਮੈਨੂੰ ਮੇਰੇ ਘਰ ਮਿਲਣ ਲਈ ਆਏ। ਉਨ੍ਹਾਂ ਗਲਾਂ ਗਲਾਂ ਵਿਚ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਟਾਕੀਆਂ ਵਾਲੇ ਉਹ ਬਜ਼ੁਰਗ ਹਾਲੇ ਵੀ ਜੀਵਤ ਹਨ ਅਤੇ ਅੱਜ ਕਲ ਅਮਰੀਕਾ ਵਿਚ ਰਹਿ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਬਜ਼ੁਰਗਾਂ ਨੇ ਇਹ ਸਾਰੀ ਵਿਥਿਆ ਅਖਬਾਰਾਂ ਤੇ ਕਿਤਾਬਾਂ ਵਿਚ ਛਪੀ ਪੜ੍ਹ ਲਈ ਹੈ ਤੇ ਕਹਿੰਦੇ ਸਨ ਕਿ ਲਿਖਣ ਵਾਲਾ ਆਖਰ ਲਿਖਣ ਤੋਂ ਨਹੀਂ ਟਲਿਆ। ਮੈਂ ਉਨ੍ਹਾਂ ਮਾਤਾ ਜੀ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਉਨ੍ਹਾਂ ਬਜ਼ੁਰਗਾਂ ਦਾ ਅਮਰੀਕਾ ਦਾ ਸਿਰਨਾਵਾਂ ਉਨ੍ਹਾਂ ਨੂੰ ਪਤਾ ਲਗ ਸਕੇ ਤਾਂ ਮੈਨੂੰ ਜ਼ਰੂਰ ਦਸਣਾ। ਜੇ ਇੱਕ ਵਾਰੀ ਹੋਰ ਮੇਲ ਹੋ ਜਾਣ ਤਾਂ ਆਪਣੇ ਧੰਨ ਭਾਗ ਸਮਝਾਂਗਾ। ਅਜਿਹੀਆਂ ਸ਼ਖਸੀਅਤਾਂ ਮਾਨਵਤਾ ਦਾ ਮਾਣ ਹਨ।

ਰੱਬ ਦਾ ਪਿਆਰ ਜ਼ਾਤ ਪਾਤ ਨਹੀਂ ਦੇਖਦਾ, ਧਰਮ ਕਰਮ ਨਹੀਂ ਨਹੀਂ ਦੇਖਦਾ, ਰੂਪ ਰੰਗ ਨਹੀਂ ਦੇਖਦਾ, ਜਦ ਮਿਹਰ ਹੋਣ ਲਗਦੀ ਹੈ ਤਾਂ ਕੌਡੇ ਰਾਕਸ਼ ਵਰਗੇ ਵੀ ਤਰ ਜਾਂਦੇ ਹਨ ਤੇ ਸਜਣ ਠਗ ਦਾ ਵੀ ਪਾਰ ਉਤਾਰਾ ਹੋ ਜਾਂਦਾ ਹੈ। ਗੁਰਸਿੱਖੀ ਵਿਚ ਕਰਮ ਧਰਮ ਦੀ ਗੱਲ ਤੇ ਠੀਕ ਹੈ, ਜ਼ੋਰ ਦਿੱਤਾ ਗਿਆ ਹੈ ਪਰ ਇਸ ਦੇ ਨਾਲ ਨਾਲ ਬਖਸ਼ਿਸ਼, ਨਦਰਿ, ਮਿਹਰ, ਪਰਸਾਦਿ ਦੇ ਇਲਾਹੀ ਛੱਟਿਆਂ ਭਰੀ ਭਰਪੂਰ ਵਰਸ਼ਾ ਦਾ ਵੀ ਥਾਂ ਪਰ ਥਾਂ ਵਰਨਣ ਹੋਣ ਕਾਰਨ ਸਾਨੂੰ ਅਕਾਲਪੁਰਖ ਦੀ ਇਸ ਅਪਾਰ ਕਿਰਪਾ ਲਈ ਵੀ ਸਦਾ ਅਰਜ਼ਗੋ ਰਹਿਣਾ ਚਾਹੀਦਾ ਹੈ, ਕੀ ਪਤਾ ਕਿਸ ਵਕਤ ਨਦਰਿ ਨਿਹਾਲ ਹੋ ਜਾਵੇ।

ਨੀਚਹ ਊਚ ਕਰੈ ਮੇਰਾ ਗੋਬਿੰਦ॥
ਕਾਹੂ ਤੇ ਨ ਡਰੈ॥ (ਭਗਤ ਰਵਿਦਾਸ, ਪੰਨਾ-1106)

ਗੋਲਡਨ ਟੈਂਪਲ ਬਾਰੇ ਜਿਤਨਾ ਵੀ ਪੜ੍ਹਦੇ ਜਾਓ ਰੌਚਕਤਾ ਵਧਦੀ ਹੀ ਜਾਂਦੀ ਹੈ। ਅੰਤ ਵਿਚ ਕੁਝ ਕੁ ਸਜਣਾਂ ਦੇ ਕੁਝ ਹੋਰ ਅਨੁਭਵ ਦੇ ਕੇ ਇਸ ਚੈਪਟਰ ਨੂੰ ਸੰਪੰਨ ਕਰਾਂਗੇ।

ਜੇ. ਏ. ਰੈਡੀ ਕਰਨਲ—ਆਂਧਰਾ

ਇਹ ਅਸਥਾਨ ਸਚਮੁਚ ਬੜਾ ਉਤਸ਼ਾਹ ਵਰਧਕ ਹੈ। ਇਥੇ ਹਰ ਇਕ ਪਾਸ ਇਕੋ ਮਾਟੋ ਅਮਲੀ ਰੂਪ ਵਿਚ ਦੇਖਣ ਨੂੰ ਮਿਲਿਆ ਹੈ ਤੇ ਉਹ ਹੈ 'ਸੇਵਾ' ।

ਲੋਸ਼ਰ-ਹੈਨਬੈਲ—ਜਰਮਨੀ

ਇਹ ਪਹਿਲਾ ਸਥਾਨ ਹੈ ਜਿਥੇ ਹਰ ਧਰਮ ਦਾ ਹਰ ਵਿਅਕਤੀ ਆ ਕੇ ਪਰਾਰਥਨਾ ਕਰ ਸਕਦਾ ਹੈ। ਇਥੇ ਆ ਕੇ ਇਹ ਅਹਿਸਾਸ ਬਦੋ ਬਦੀ ਉਭਰ ਆਉਂਦਾ ਹੈ ਕਿ ਅਸੀਂ ਸਾਰੇ ਮਨੁੱਖ ਆਪਸ ਵਿਚ ਭਰਾ ਭਰਾ ਹਾਂ।

ਸਯਦ ਅਬਦੁਲਾ ਬੁਖਾਰੀ, ਸ਼ਾਹੀ ਅਮਾਮ ਜਾਮਾ ਮਸਜਦ—ਦਿਲੀ

ਅੱਜ ਮੈਂ ਪਵਿੱਤਰ ਦਰਬਾਰ ਸਾਹਿਬ ਦੀ ਜ਼ਿਆਰਤ ਕੀਤੀ ਹੈ। ਇਸ ਪਵਿੱਤਰ ਯਾਤਰਾ ਨਾਲ ਮੈਨੂੰ ਬਹੁਤ ਮਸੱਰਤ ਹੋਈ ਹੈ ਤੇ ਮੈਂ ਆਪਣੇ ਆਪ ਨੂੰ ਸਨਮਾਨਤ ਸਮਝਦਾ ਹਾਂ। ਇਹ ਯਾਤਰਾ ਮੇਰੇ ਲਈ ਇਕ ਯਾਦਗਾਰੀ ਮੌਕਾ ਹੈ।

ਵੈਕਟਾ ਚਾਲਮ—ਕਲਕਤਾ

ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਇਕ ਅਨੁਭੂਤੀ ਭਰਿਆ ਉਤਮ ਤਜਰਬਾ ਹੈ। ਇਸ ਨੇ ਮੈਨੂੰ ਇਹ ਮਹਿਸੂਸ ਕਰਵਾ ਦਿੱਤਾ ਹੈ ਕਿ ਸਿੱਖ ਧਰਮ ਵੱਖ ਵੱਖ ਧਰਮਾਂ ਵਿਚ ਕੋਈ ਭਿੰਨ ਭੇਦ ਨਹੀਂ ਰਖਦਾ ਅਤੇ ਇਥੇ ਇਹ ਪਰਤੱਖ ਦਿਸਦਾ ਹੈ ਕਿ ਰਬ ਦੀਆਂ ਨਜ਼ਰਾਂ ਵਿਚ ਸਭ ਬਰਾਬਰ ਹਨ।

ਮਿਸਟਰ ਟਾਸ—ਇੰਗਲੈਂਡ

ਗੋਲਡਨ ਟੈਂਪਲ ਦੇ ਦਰਸ਼ਨ ਕਰ ਕੇ ਮੈਨੂੰ ਬੇਹੱਦ ਖੁਸ਼ੀ ਹੋਈ ਹੈ। ਮਹਾਂਯੁਧ ਸਮੇਂ ਮੈਂ ਕਈ ਸਾਲ ਸਿੱਖ ਫੌਜੀਆਂ ਨਾਲ ਸੀ। ਉਹ ਮੇਰੇ ਨਾਲ ਦਰਬਾਰ ਸਾਹਿਬ ਬਾਰੇ ਬਹੁਤ ਗਲਾਂ ਕਰਦੇ ਸਨ ਇਸ ਲਈ ਮੇਰੇ ਮਨ ਵਿਚ ਆਇਆ ਕਿ ਇਸ ਮਹਾਨ ਤੀਰਥ ਦੇ ਖੁਦ ਦਰਸ਼ਨ ਕਰ ਕੇ ਨਿਹਾਲ ਹੋਵਾਂ। ਅੱਜ ਉਹ ਖੁਸ਼ੀਆਂ ਭਰੀ ਘੜੀ ਮੈਨੂੰ ਨਸੀਬ ਹੋਈ ਹੈ।

ਐਨ ਪਾਸਤੂ ਖੋਵ—ਨਵੀਂ ਦਿਲੀ

ਮੈਂ ਬਹੁਤ ਪ੍ਰਭਾਵਤ ਹੋਇਆ ਹਾਂ। ਉਹ ਹੱਥ ਕਿਤਨੇ ਪਿਆਰੇ ਤੇ ਹੁਨਰਮੰਦ ਹਨ ਜਿਨ੍ਹਾਂ ਇਹ ਸ਼ਾਨਦਾਰ ਯਾਦਗਾਰ ਉਸਾਰੀ ਹੈ ਜੋ ਕਲਾ, ਇਮਾਰਤ-ਕੁਸ਼ਲਤਾ ਅਤੇ ਕੌਮੀ ਹੁਨਰਮੰਦੀ ਦਾ ਡਾਢਾ ਸੁਹਣਾ ਪ੍ਰਗਟਾਵਾ ਕਰ ਰਹੀ ਹੈ।

ਵਾਲਟਰ ਤੇ ਰੁਥਬੰਦ—ਲੰਡਨ

ਹਰਿਮੰਦਰ ਸਾਹਿਬ ਦੇ ਅਲੌਕਿਕ ਦਰਸ਼ਨਾਂ ਤੋਂ ਬਿਨਾ ਸਾਡੀ ਭਾਰਤ ਫੇਰੀ ਅਧੂਰੀ ਰਹਿਣੀ ਸੀ। ਇਹ ਤੀਰਥ ਅਸਥਾਨ ਸ਼ਾਂਤੀ ਦਾ ਸਰੋਤ ਹੈ ਅਤੇ ਇਸ ਦੇ ਦਰਸ਼ਨਾਂ ਤੇ ਜ਼ਿਆਰਤ ਨਾਲ ਸ਼ਾਂਤੀ ਦੀ ਸਦੀਵ ਭਾਵਨਾ ਮਨਾਂ ਵਿਚ ਉਜਾਗਰ ਹੋ ਗਈ ਹੈ।

ਹੈ ਪਰਤੱਖ ਪਰਮਾਣ ਦੀ ਲੋੜ ਕੀ ਏ
ਸਰ (ਸਰੋਵਰ) ਵਿਚ ਸਿਰਜਿਆ ਜੋ ਘਰ ਬਾਰ ਤੇਰਾ

ਤੇਰੀ ਸਹੁੰ ਤਿਰਲੋਕੀ ਪਈ ਮੰਨਦੀ ਏ
ਸਚਖੰਡ ਦਾ ਨਕਸ਼ਾ ਦਰਬਾਰ ਤੇਰਾ

ਰਾਮ ਦਾਸ ਸਤਿਗੁਰ ਬਲਿਹਾਰ ਤੈਥੋਂ
ਜਗ ਤੇ ਕਾਰਨਾਮਾ ਅਲੌਕਾਰ ਤੇਰਾ

ਦਰ ਤੇ ਆਏ ਦਾ ਨਕਸ਼ਾ ਹੀ ਬਦਲ ਦੇਂਦੈ
ਸਚ-ਖੰਡ ਦਾ ਨਕਸ਼ਾ ਦਰਬਾਰ ਤੇਰਾ

ਹਰਿਮੰਦਰ ਸਾਹਿਬ ਬਾਰੇ ਵਿਚਿਤਰ ਅਨੁਭਵ

ਉਤਲੇ ਕੁਝ ਪੰਨਿਆਂ ਵਿਚ ਹਰਿਮੰਦਰ ਸਾਹਿਬ ਬਾਰੇ ਵੱਖ ਵੱਖ ਦਰਸ਼ਕਾਂ, ਸ਼ਰਧਾਲੂਆਂ ਤੇ ਯਾਤਰੂਆਂ ਦੇ ਅਨੁਭਵ ਪੜ੍ਹਨ ਉਪਰੰਤ ਹੁਣ ਇਸ ਸਚਖੰਡ ਬਾਰੇ ਸੰਖੇਪ ਰੂਪ ਵਿਚ ਕੁਝ ਹੋਰ ਰੌਚਕਤਾਵਾਂ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰਦੇ ਹਾਂ।

ਕਿਸੇ ਰਾਜੇ ਦੇ ਮਹਿਲ ਵਿਚ ਜਾਓ, ਕੋਰਟ, ਕਚਹਿਰੀ ਜਾਂ ਅਦਾਲਤ ਵਿਚ ਜਾਓ, ਤੁਹਾਨੂੰ ਇਹ ਇਮਾਰਤਾਂ ਜ਼ਮੀਨ ਦੀ ਆਮ ਸਤਹ ਤੋਂ ਉਚੀਆਂ ਬਣੀਆਂ ਮਿਲਣ ਗੀਆਂ ਅਤੇ ਕੁਝ ਪੌੜੀਆਂ ਚੜ੍ਹ ਕੇ ਹੀ ਅੰਦਰ ਜਾਣਾ ਪਵੇਗਾ। ਇਸ ਦਾ ਮਤਲਬ ਉਸ ਇਮਾਰਤ ਦੇ ਵਰਤਣ ਵਾਲੇ ਦੀ ਸਮਾਜ ਵਿਚ ਪਰਤਿਭਾ ਪ੍ਰਗਟਾਉਣਾ ਵੀ ਹੋ ਸਕਦਾ ਹੈ। ਪਰ ਦੁਨੀਆ ਵਿਚ ਇਕੋ ਸਚਖੰਡੀ ਤੀਰਥ ਦਰਬਾਰ ਸਾਹਿਬ ਹੀ ਐਸਾ ਹੈ ਜਿਸ ਵਿਚ ਪਰਵੇਸ਼ ਕਰਨ ਲਗਿਆਂ ਕਈ ਪੌਹੜੀਆਂ ਥਲੇ ਉਤਰਨਾ ਪੈਂਦਾ ਹੈ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਪ੍ਰਭੂ ਦੇ ਘਰ ਵਿਚ ਦਾਖਲ ਹੋਣ ਲਗਿਆਂ ਮਨ ਨੀਵਾਂ ਕਰ ਕੇ ਆਉਣਾ ਹੀ ਸੋਭਦਾ ਹੈ। ਉਚਾ ਘੁਮੰਡ, ਵਡਾ-ਪਣ, ਹਉਮੈ, ਮਾਣ ਮੁਰਾਤਬਾ ਨਾਲ ਲੈ ਕੇ ਇਸ ਘਰ ਵਿਚ ਦਾਖਲ ਹੋਣ ਨਾਲ ਮਨ ਦੀ ਮੈਲ ਨਹੀਂ ਉਤਰਦੀ ਤੇ ਜਦ ਤਕ ਮਨ, ਆਤਮਾ ਤੇ ਕਰਮ ਸਵੱਛ ਨਾ ਹੋਣ, ਯਾਤਰਾ ਨਿਸਫਲ ਹੈ, ਪ੍ਰਯਤਨ ਫੋਕਟ ਹਨ ਤੇ ਪ੍ਰਭੂ ਰਸਾਈ ਅਸੰਭਵ ਹੈ।

ਹਰਿਮੰਦਰ ਸਾਹਿਬ ਪਵਿੱਤਰ ਸਰੋਵਰ ਦੇ ਵਿਚਕਾਰ ਸੁਭਾਇਮਾਨ ਹੈ। ਇਵੇਂ ਲਗਦਾ ਹੈ ਜਿਵੇਂ ਜਲ ਵਿਚ ਕੰਵਲ ਦਾ ਫੁੱਲ ਖਿੜਿਆ ਹੋਵੇ। ਇਹ ਮਨੁੱਖ ਲਈ ਪਰਤੱਖ ਇਸ਼ਾਰਾ ਹੈ ਕਿ ਉਸ ਨੇ ਵੀ ਇਸ ਸੰਸਾਰ ਵਿਚ ਕੰਵਲ ਦੇ ਫੁਲ ਦੀ ਨਿਆਈਂ ਅਲੇਪ ਹੀ ਰਹਿਣਾ ਹੈ।

ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਇਸ ਗੱਲ ਦੇ ਸੂਚਕ ਹਨ ਕਿ ਉਹ ਚੌਹਾਂ ਦਿਸ਼ਾਵਾਂ ਦੇ ਲੋਕਾਂ ਦਾ ਸਾਂਝਾ ਤੀਰਥ ਹੈ ਭਾਵ ਇਸ ਵਿਚ ਹਰ ਕੋਈ ਬਿਨਾਂ ਇਮਤਿਆਜ਼ (ਭੇਦ ਭਾਵ) ਆ ਕੇ ਆਪਣੀ ਸ਼ਰਧਾ, ਸਤਿਕਾਰ ਤੇ ਪਿਆਰ ਪ੍ਰਗਟ ਕਰ ਸਕਦਾ ਹੈ। ਪਰ ਕਮਾਲ ਦੀ ਗੱਲ ਇਹ ਹੈ ਕਿ ਦਰਸ਼ਨੀ ਡਿਓਡੀ ਇਕੋ ਹੈ ਜਿਸ ਦਾ ਭਾਵ ਇਹ ਹੈ ਕਿ ਸਭ ਨੂੰ ਕੁਝ ਮੁਢਲੀਆਂ ਗੱਲਾਂ ਦਾ ਖਿਆਲ ਰਖ ਕੇ ਹੀ ਅੰਦਰ

ਆਉਣਾ ਪਵੇਗਾ। ਉਹ ਗਲਾਂ ਕੀ ਹਨ? ਮਾਨਵਤਾ ਨਾਲ ਪਿਆਰ, ਦੂਜੇ ਨਾਲ ਹਮਦਰਦੀ, ਸੱਚ ਨਾਲ ਸਨੇਹ, ਸਿਮਰਨ ਲਈ ਉਮਾਹ ਤੇ ਸੇਵਾ ਪ੍ਰਤੀ ਨਿਸ਼ਕਾਮ ਲਗਨ। ਹਰ ਧਰਮ ਇਨ੍ਹਾਂ ਵਡਮੁਲੀਆਂ ਕੀਮਤਾਂ ਕਦਰਾਂ ਦੀ ਪਰਪੱਕਤਾ ਲਈ ਕਰਮਸ਼ੀਲ ਹੈ ਅਤੇ ਦਰਸ਼ਨੀ ਡਿਉਡੀ ਵਿਚੋਂ ਪਰਵੇਸ਼ ਇਨ੍ਹਾਂ ਉਚ ਕਦਰਾਂ ਪ੍ਰਤੀ ਸੁਚੇਤਤਾ ਨੂੰ ਇਕ ਵਾਰੀ ਫਿਰ ਮਨ ਵਿਚ ਦੁਹਰਾਂਦਾ ਹੈ। ਦਰਸ਼ਨੀ ਡਿਓਡੀ ਤੋਂ ਦਰਬਾਰ ਸਾਹਿਬ ਅੰਦਰ ਪਰਵੇਸ਼ ਕਰਨ ਤੱਕ 84 ਕਦਮ ਚਲਣਾ ਪੈਂਦਾ ਹੈ ਤੇ ਇਵੇਂ ਇਸ ਰਾਹ ਤੇ ਚਲਣ ਨਾਲ 84 ਦੇ ਗੇੜ ਤੋਂ ਮੁਕਤੀ ਮਿਲਦੀ ਹੈ। ਭਾਵ ਹਰਿਮੰਦਰ ਸਾਹਿਬ ਵਿਚ ਜਿਸ ਬਾਣੀ ਦਾ ਗਾਇਨ ਨਿਰੰਤਰ ਰੂਪ ਵਿਚ ਹੋ ਰਿਹਾ ਹੈ, ਉਸ ਨੂੰ ਹਿਰਦੇ ਵਿਚ ਵਸਾਉਣ ਨਾਲ ਤੇ ਉਸ ਉੱਤੇ ਅਮਲ ਕਰਨ ਨਾਲ ਜੀਵਨ ਵਿਚ ਕਰਮਸ਼ੀਲ ਰਹਿ ਕੇ ਮੁਕਤੀ ਪ੍ਰਾਪਤ ਹੋ ਸਕਦੀ ਹੈ। ਇਸੇ ਲਈ ਗੁਰਸਿੱਖੀ ਨੂੰ ਜੀਵਨ-ਮੁਕਤ ਫਿਲਾਸਫੀ ਵਾਲਾ ਧਰਮ ਕਿਹਾ ਗਿਆ ਹੈ।

ਹਰਿਮੰਦਰ ਸਾਹਿਬ ਨੂੰ ਸਚਖੰਡ ਜਾਂ ਰਬ ਦਾ ਘਰ ਕਿਹਾ ਗਿਆ ਹੈ । ਦਿਬ ਦਰਿਸ਼ਟੀ ਰਖਣ ਵਾਲੀਆਂ ਕਈ ਸੁੱਚੀਆਂ ਰੂਹਾਂ ਨੇ ਇਸ ਗੱਲ ਦੀ ਪਰੋੜਤਾ ਵੀ ਕੀਤੀ ਹੈ ਪਰ ਇਕ ਕਵੀ ਹਰਦਾਸ ਆਪਣੀ ਕਵਿਤਾ ਵਿਚ ਰੱਬ ਦੇ ਇਸ ਪਾਕ ਨਿਵਾਸ ਸਥਾਨ ਬਾਰੇ ਸੁਹਣੇ ਢੰਗ ਨਾਲ ਆਪਣੇ ਅਨੁਭਵ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ:-

ਅੰਮ੍ਰਿਤਸਰ ਬੈਕੁੰਠ ਕੌ, ਤੋਲਿਓ ਹਰਿ ਹਰਦਾਸ
ਗੌਰਾ (ਭਾਰਾ) ਸੋ ਧਰਤੀ ਰਿਹੈ, ਹੌਲਾ ਚੜਿਓ ਆਕਾਸ

ਭਾਵ ਇਹ ਕਿ ਰਬ ਨੇ ਦੋ ਬੈਕੁੰਠ ਆਪਣੇ ਲਈ ਬਣਾਏ ਜਿਨ੍ਹਾਂ ਨੂੰ ਵਾਹਿਗੁਰੂ ਦੇ ਸੇਵਕ ਕਵੀ ਹਰਦਾਸ ਨੇ ਵਾਹਿਗੁਰੂ ਦੇ ਹੁਕਮ ਨਾਲ ਤੋਲਿਆ ਹੈ। ਜਿਹੜਾ ਭਾਰਾ ਤੇ ਵਧੀਆ ਸਚਖੰਚ ਸੀ ਉਹ ਧਰਤੀ ਤੇ ਅੰਮ੍ਰਿਤਸਰ ਵਿਖੇ ਰਹਿ ਗਿਆ ਅਤੇ ਜਿਹੜਾ ਇਸ ਤੋਂ ਕੁਝ ਹੌਲਾ ਸੀ ਉਹ ਪਰਮਾਤਮਾ ਦੀ ਨਿਜੀ ਵਰਤੋਂ ਲਈ ਅਕਾਸ਼ ਤੇ ਚੜ੍ਹ ਗਿਆ।

ਸ਼ਾਇਰ ਹਰਦਾਸ ਦੀ ਸੋਚ ਅਤੇ ਹਰਿਮੰਦਰ ਸਾਹਿਬ ਦੀ ਮਹਾਨਤਾ ਬਾਰੇ ਉਸ ਦੇ ਜਜ਼ਬਾਤ ਕਲਮ ਬਿਆਨੀ ਦੀ ਸੀਮਾਂ ਤੋਂ ਪਰੇ ਦੀ ਗੱਲ ਬਣ ਗਏ ਹਨ। ਉਂਜ ਵੀ ਇਹ ਸਾਇੰਸ ਦਾ ਅਸੂਲ ਹੈ ਕਿ ਭਾਰੀ ਚੀਜ਼ ਧਰਤੀ ਵਲ ਖਿਚੀ ਆਉਂਦੀ ਹੈ ਤੇ ਹਲਕੀ ਅਕਾਸ਼ ਵਿਚ ਜਾਣ ਨੂੰ ਲੋਚਦੀ ਹੈ। ਹਰਦਾਸ ਦੇ ਮਨੋਭਾਵਾਂ ਦੀ ਰੌਸ਼ਨੀ ਵਿਚ ਅਸੀਂ ਕਿਤਨੇ ਭਾਗਸ਼ਾਲੀ ਹਾਂ ਜਿਨ੍ਹਾਂ ਨੂੰ ਵਧੀਆ ਸਚ ਖੰਡ ਅੰਮ੍ਰਿਤਸਰ ਦੀ ਪਾਵਨ ਪੁਨੀਤ ਧਰਤੀ ਤੇ ਹੀ ਨਸੀਬ ਹੋ ਗਿਆ ਹੈ ਪਰ ਫਿਰ ਵੀ ਕਈ ਮਨੁੱਖ ਅਜਿਹੇ ਵੇਖਣ ਵਿਚ ਆਏ ਹਨ ਜੋ ਨਾਦਾਨੀ ਕਰਕੇ ਜਾਂ ਆਪਣੇ ਸਵਾਰਥੀ ਹਿਤਾਂ ਕਰਕੇ ਇਸ ਅਸਥਾਨ ਦੇ ਤੇਜ ਪਰਤਾਪ ਨੂੰ ਪੂਰੀ ਸੁਚਮਤਾ ਪਰਦਾਨ ਕਰਨ ਵਿਚ ਅਵਗਿਆ ਕਰ ਜਾਂਦੇ ਹਨ। ਇਸ ਸਬੰਧੀ ਅਗਲੇ ਪੰਨਿਆਂ ਤੇ ਕੇਵਲ ਇਕ ਘਟਨਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜੋ ਲੇਖਕ ਨਾਲ ਦਰਬਾਰ ਸਾਹਿਬ ਵਿਖੇ 1980 ਵਿਚ ਵਾਪਰੀ।

25

1980 ਦੀ ਘਟਨਾ :

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥

ਜਿਵੇਂ ਕਿ ਪਹਿਲੇ ਵੀ ਸੰਖੇਪ ਰੂਪ ਵਿਚ ਲਿਖਿਆ ਜਾ ਚੁੱਕਾ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖਾਂ ਲਈ ਅਤਿਅੰਤ ਸ਼ਰਧਾ ਦਾ ਅਸਥਾਨ ਹੈ ਜਿਸ ਦੇ ਦਰਸ਼ਨ ਇਨਸ਼ਾਨ ਸੰਸਾਰ ਵਿਚ ਕਿਧਰੇ ਵੀ ਰਹਿ ਰਿਹਾ ਸਿੱਖ ਦੋਵੇਂ ਵੇਲੇ ਲੋਚਦਾ ਹੈ ਅਤੇ ਇਸ ਲੋਚਾ ਦੀ ਪੂਰਤੀ ਲਈ ਅਕਾਲਪੁਰਖ ਅੱਗੇ ਅਰਦਾਸ ਰੂਪ ਵਿਚ ਅਰਜੋਈ ਕਰਦਾ ਰਹਿੰਦਾ ਹੈ। ਇਸ ਮਹਾਨ ਤੀਰਥ ਦੇ ਸ਼ਰਧਾ, ਪਿਆਰ, ਅਦੁਤੀ ਸਤਿਕਾਰ ਅਤੇ ਨਿਮਰਤਾ ਨਾਲ ਦਰਸ਼ਨ ਕਰਨ ਸਮੇਂ ਮੈਂ ਜਦ ਵੀ ਉਥੇ ਹਾਜ਼ਰੀ ਭਰੀ, ਇਕ ਗੱਲ ਨੇ ਮੈਨੂੰ ਹਮੇਸ਼ਾ ਬੋਝਲ ਕੀਤਾ ਤੇ ਉਹ ਹੈ ਰਾਤ ਦੀ ਚੌਕੀ ਜਿਹੜੀ ਇਕ ਮਹੰਤ ਹੋਰੀ ਕਰਦੇ ਹਨ। ਉਸ ਚੌਕੀ ਵਿਚ ਸ਼ਬਦ ਗਾਇਨ ਹੁੰਦਾ ਹੈ, ਮਸ਼ਾਲ ਲੈ ਕੇ ਸੰਗਤਾਂ ਪਰਕਰਮਾ ਕਰਦੀਆਂ ਹਨ।

ਇਥੇ ਤਕ ਤਾਂ ਸਾਰਾ ਕੁਝ ਠੀਕ ਹੈ ਪਰ ਮਹੰਤ ਦੇ ਪੈਰਾਂ ਤੇ ਲੋਕਾਂ ਵਲੋਂ ਅੱਧਾ ਧੁੰਦ ਮੱਥਾ ਟੇਕਣ ਦੀ ਪਰਵਿਰਤੀ ਜਿਹੜੀ ਇਸ ਚੌਕੀ ਸਾਹਿਬ ਦਾ ਸ਼ਾਇਦ ਮੂਲ ਧੁਰਾ ਬਣ ਗਈ ਹੈ, ਬਹੁਤ ਸਾਰੇ ਸਿੱਖਾਂ ਨੂੰ ਨਹੀਂ ਭਾਉਂਦੀ। ਕੁਝ ਦਿਨ ਪਹਿਲੇ ਮੈਂ ਇਸ ਚੌਕੀ ਸਾਹਿਬ ਨਾਲ ਸਾਰੀ ਪਰਕਰਮਾ ਕੀਤੀ ਅਤੇ ਨੋਟ ਕੀਤਾ ਕਿ 67 ਵਿਅਕਤੀਆਂ ਨੇ ਮਹੰਤ ਦੇ ਚਰਨਾਂ ਤੇ ਮੱਥਾ ਟੇਕਿਆ। ਚੌਕੀ ਦੀ ਸਮਾਪਤੀ ਮਗਰੋਂ ਮੈਂ ਮਹੰਤ ਨੂੰ ਮਿਲਿਆ ਅਤੇ ਬੇਨਤੀ ਕੀਤੀ ਕਿ ਉਹ ਮਥਾ ਟੇਕਣ ਵਾਲੀ ਸੰਗਤ ਨੂੰ ਇਵੇਂ ਕਰਨ ਤੋਂ ਹੋੜ ਦੇਣ ਕਿਉਂਕਿ ਗੁਰੂ ਰਾਮਦਾਸ ਪਾਤਸ਼ਾਹ ਦੇ ਦਰਬਾਰ ਵਿਚ ਬੰਦੇ ਦੇ ਪੈਰਾਂ ਤੇ ਬੰਦਾ ਮਥਾ ਟੇਕਦਾ ਸੋਭਦਾ ਨਹੀਂ ਕਿਉਂਕਿ ਇਸ ਸਤਿਕਾਰ ਦੇ ਸਵਾਮੀ ਕੇਵਲ ਗੁਰਦੇਵ ਪਿਤਾ ਹੀ ਹਨ, ਪਰ ਮਹੰਤ ਨੂੰ ਮੇਰੀ ਇਹ ਗੱਲ ਪਸੰਦ ਨਾ ਆਈ ਅਤੇ ਉਨ੍ਹਾਂ ਨੇ ਪੂਰੇ ਜਲਾਲ ਵਿਚ ਕਿਹਾ ਕਿ ਲੋਕੀਂ ਉਨ੍ਹਾਂ ਨੂੰ ਮੱਥਾ ਨਹੀਂ ਟੇਕਦੇ ਸਗੋਂ ਜਿਸ ਸਮੇਂ ਉਹ ਚੌਕੀ ਤੇ ਚੜ੍ਹੇ ਹੋਏ ਹੁੰਦੇ ਹਨ ਉਨ੍ਹਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਪ ਬਿਰਾਜਮਾਨ ਹੁੰਦੇ ਹਨ ਅਤੇ ਇਵੇਂ ਉਨ੍ਹਾਂ ਨੂੰ ਮਥਾ ਟੇਕ ਕੇ ਲੋਕੀਂ ਸਤਿਗੁਰਾਂ ਨੂੰ ਆਪਣਾ ਸਤਿਕਾਰ ਅਰਪਤ ਕਰਦੇ ਹਨ।

ਮੈਨੂੰ ਇਹ ਗੱਲ ਬੇਲੋੜੀ ਤੇ ਓਪਰੀ ਜਾਪੀ। ਮੈਂ ਮਹੰਤ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਹਰਿਗੋਬਿੰਦ ਸਾਹਿਬ ਤਾਂ ਸਦਾ ਸਾਡੇ ਸ਼ਾਰਿਆਂ ਦੇ ਅੰਗ ਸੰਗ ਹਨ ਫਿਰ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਚੌਕੀ ਸਾਹਿਬ ਵੇਲੇ ਤੁਹਾਡੇ ਵਿਚ ਸਮਾਉਣ ਦੀ ਕੀ ਲੋੜ ਹੈ? ਉਨ੍ਹਾਂ ਕਿਹਾ ਕਿ ਉਹ ਪਿਛਲੇ 60 ਸਾਲਾਂ ਤੋਂ ਲਗਾਤਾਰ ਇਸ ਚੌਕੀ ਦੀ ਸੇਵਾ

ਕਰ ਰਹੇ ਹਨ ਅਤੇ ਸਤਿਗੁਰਾਂ ਨੇ ਉਨ੍ਹਾਂ ਨੂੰ ਵਰ ਦਿੱਤਾ ਹੋਇਆ ਹੈ ਕਿ ਜੇ ਕੋਈ ਬੰਦਾ ਚੌਕੀ ਦੇ ਕਾਰਜ ਵਿਚ ਖਲਲ ਪਾਏਗਾ, ਉਹ ਭਸਮ ਹੋ ਜਾਏਗਾ। ਮੈਂ ਫਿਰ ਬੇਨਤੀ ਕੀਤੀ ਕਿ ਮੇਰਾ ਖਲਲ ਪਾਉਣ ਦਾ ਮਨੋਰਥ ਨਹੀਂ, ਮੈਂ ਆਪਣੇ ਗੁਰੂ ਸਾਹਿਬਾਨ ਵਿਚ ਅਥਾਹ ਸ਼ਰਧਾ ਰਖਦਾ ਹਾਂ, ਗੁਰ ਦੀ ਸ਼ਾਨ ਵਿਚ ਆਪਣੀ ਜਾਨ ਤਕ ਕੁਰਬਾਨ ਕਰ ਦੇਣੀ ਇਕ ਮਾਮੂਲੀ ਗੱਲ ਸਮਝਦਾ ਹਾਂ ਪਰ ਮੈਨੂੰ ਇਹ ਚੰਗਾ ਨਹੀਂ ਲਗਦਾ ਕਿ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਾਨ ਤੀਰਥ ਉਤੇ ਦੇਹ ਧਾਰੀ ਗੁਰੂ ਵਰਗੀ ਹਸਤੀ ਉਭਰ ਰਹੀ ਹੋਵੇ।

ਇਸ ਤੇ ਉਹ ਮਹੰਤ ਹੋਰ ਰੋਹਬ ਨਾਲ ਬੋਲੇ-"ਲੋਕੀਂ ਉਨ੍ਹਾਂ ਨੂੰ ਮਥਾ ਨਹੀਂ ਟੇਕਦੇ ਸਗੋਂ ਉਸ ਸ਼ਬਦ ਦੇ ਸਤਿਕਾਰ ਵਜੋਂ ਮਥਾ ਟੇਕਦੇ ਹਨ ਜਿਹੜਾ ਉਹ ਚੌਕੀ ਵੇਲੇ ਗਾਇਨ ਕਰ ਰਹੇ ਹੁੰਦੇ ਹਨ।" ਮੈਂ ਆਪਣੀ ਅਸਹਿਮਤੀ ਪ੍ਰਗਟ ਕਰਦਿਆਂ ਅਰਜ਼ ਕੀਤੀ ਕਿ ਪਰਕਰਮਾ ਦੀ ਹਰ ਨੁੱਕਰ ਵਿਚ ਗੁਰਬਾਣੀ ਦਾ ਕੀਰਤਨ ਹਰ ਸਮੇਂ ਸੁਣਾਈ ਦੇ ਰਿਹਾ ਹੁੰਦਾ ਹੈ। ਫਿਰ ਤੁਹਾਡੇ ਉਚਾਰਨ ਦੀ ਕੀ ਵਿਸ਼ੇਸ਼ਤਾ ਹੈ ਕਿ ਲੋਕੀਂ ਬਦੋਬਦੀ ਤੁਹਾਡੇ ਪੈਰਾਂ ਉਪਰ ਆ ਡਿਗਦੇ ਹਨ ਜਦ ਕਿ ਅਸਲੀਅਤ ਤਾਂ ਇਹ ਹੈ ਕਿ ਤੁਹਾਡਾ ਸ਼ਬਦ ਪੜ੍ਹਨ ਦਾ ਲਹਿਜਾ ਇਸ ਤਰ੍ਹਾਂ ਦਾ ਓਪਰਾ ਜਿਹਾ ਹੈ ਕਿ ਆਮ ਵਿਅਕਤੀ ਨੂੰ ਤਾਂ ਤੁਹਾਡੇ ਵਲੋਂ ਪੜ੍ਹੇ ਜਾ ਰਹੇ ਸ਼ਬਦ ਦੀ ਇਕ ਤੁਕ ਤਕ ਵੀ ਸਮਝ ਨਹੀਂ ਆਉਂਦੀ।

ਜਿਉਂ ਜਿਉਂ ਗੱਲ ਵਧਦੀ ਗਈ ਮਹੰਤ ਦੀ ਘਬਰਾਹਟ ਵਿਚ ਵੀ ਵਾਧਾ ਹੋਣਾ ਸ਼ੁਰੂ ਹੋ ਗਿਆ ਅਤੇ ਫਿਰ ਉਨ੍ਹਾਂ ਗੱਲਬਾਤ ਦਾ ਲਹਿਜਾ ਬਦਲ ਕੇ ਮੈਨੂੰ ਕਿਹਾ ਕਿ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਆਪਣੇ ਦਰਬਾਰ ਦਾ ਚਪੜਾਸੀ ਥਾਪਿਆ ਹੈ, ਸੰਗਤਾਂ ਆਪਣੀਆਂ ਅਰਜ਼ੀਆਂ (ਬੇਨਤੀਆਂ) ਮੈਨੂੰ ਦਸਦੀਆਂ ਹਨ, ਮੈਂ ਅਰਦਾਸ ਦੇ ਰੂਪ ਵਿਚ ਗੁਰੂ ਜੀ ਅੱਗੇ ਪੇਸ਼ ਕਰ ਦਿੰਦਾ ਹਾਂ ਅਤੇ ਜੋ ਵੀ ਉਹ ਜਵਾਬ ਦਿੰਦੇ ਹਨ ਸੰਗਤਾਂ ਨੂੰ ਦਸ ਦੇਂਦਾ ਹਾਂ। ਇਹ ਗੱਲ ਸੁਣ ਕੇ ਮੇਰੇ ਮਨ ਦੀ ਹਾਲਤ ਬਹੁਤ ਚਿੰਤਾਤੁਰ ਹੋਈ। ਹੁਣ ਮੈਨੂੰ ਕਿਆਸ ਹੋ ਚੁਕਾ ਸੀ ਕਿ ਇਹ ਸੇਵਾ ਭਾਵਨਾ ਨਾਲ ਕੀਤੀ ਜਾ ਰਹੀ ਆਰਤੀ ਜਾਂ ਚੌਕੀ ਨਹੀਂ, ਇਸ ਪਿੱਛੇ ਗੁਰੂ ਦੇ ਨਾਂ ਤੇ ਕੀਤੀ ਜਾ ਰਹੀ ਕੋਈ ਦੁਕਾਨਦਾਰੀ ਵੀ ਜਾਪਦੀ ਹੈ। ਉਨ੍ਹਾਂ ਮੈਨੂੰ ਕਿਹਾ, ਲਾਚੀ ਬੇਰ ਗੁਰਦਵਾਰੇ ਦੇ ਸਾਹਮਣੇ ਚਲੋ, ਆਪਣੇ ਮਨ ਦੀ ਮੁਰਾਦ ਮੈਨੂੰ ਦਸ ਦਿਓ ਤੇ ਮੈਂ ਹੁਣੇ ਗੁਰੂ ਜੀ ਅੱਗੇ ਅਰਦਾਸ ਦੇ ਰੂਪ ਵਿਚ ਪੇਸ਼ ਕਰ ਦਿੰਦਾ ਹਾਂ।

ਮੈਂ ਇਸ ਗੱਲ ਨੂੰ ਨਿਰਾ ਪਾਖੰਡ ਸਮਝਿਆ, ਪਰ ਕਿਹਾ, ਚਲੋ ਮੈਂ ਚਲਦਾ ਹਾਂ। ਫਿਰ ਉਨ੍ਹਾਂ ਪੁਛਿਆ ਤੁਸੀਂ ਗੁਰੂ ਜੀ ਤੋਂ ਕੀ ਚਾਹੁੰਦੇ ਹੋ, ਮੈਂ ਉਨ੍ਹਾਂ ਨੂੰ ਕੀ ਕਹਾਂ? ਮੈਂ ਕਿਹਾ ਉਨ੍ਹਾਂ ਨੂੰ ਮੇਰੀ ਤਰਫੋਂ ਬੇਨਤੀ ਕਰੋ ਕਿ ਭਟਕਿਆ ਹੋਇਆ ਇਕ ਨਿਮਾਣਾ ਜਿਹਾ ਸਿੱਖ ਤੁਹਾਡੇ ਦਰਸ਼ਨਾਂ ਦੀ ਤੀਬਰ ਲੋਚਾ ਵਿਚ ਵਿਆਕੁਲ ਹੈ, ਕਿਰਪਾ ਕਰੋ ਤੇ ਦਰਸ਼ਨ ਦਿਓ। ਮਹੰਤ ਮੇਰੀ ਇਸ ਇਛਾ ਤੇ ਹੈਰਾਨ ਜਹੇ ਹੋ ਗਏ ਤੇ ਕਹਿਣ ਲੱਗੇ ਕਿ ਗੁਰੂ ਸਾਹਿਬ ਸਭ ਮੁਰਾਦਾਂ ਪੂਰੀਆਂ ਕਰਦੇ ਹਨ, ਤੁਸੀਂ ਨੌਕਰੀ ਮੰਗੋ, ਮਕਾਨ ਮੰਗੋ, ਪੁਤਰ ਮੰਗੋ, ਮਾਣ ਮੁਰਾਤਬਾ ਮੰਗੋ, ਮੈਂ ਯਕੀਨ ਦਿਵਾਂਦਾ ਹਾਂ ਕਿ ਗੁਰੂ ਹਰਿਗੋਬਿੰਦ ਜੀ ਵਲੋਂ ਤੁਹਾਨੂੰ ਇਹ ਸਭੇ ਦਾਤਾਂ ਪ੍ਰਾਪਤ ਹੋਣਗੀਆਂ। ਮੈਂ ਉਨ੍ਹਾਂ ਦੀ

ਪੇਸ਼ਕਸ਼ ਠੁਕਰਾਂਦਿਆਂ ਮਹੰਤ ਨੂੰ ਯਾਦ ਦਿਵਾਇਆ ਕਿ ਸਿੱਖ ਗੁਰੂ ਸਾਹਿਬਾਨ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਅਕਾਲਪੁਰਖ ਦੇ ਨਾਮ ਸਾਹਮਣੇ ਹੇਚ ਦਸਦੇ ਹਨ ਫਿਰ ਤੁਸੀਂ ਗੁਰੂ ਹਰਿਗੋਬਿੰਦ ਜੀ ਦਾ ਨਾਂ ਲੈ ਕੇ ਸੰਗਤ ਦਾ ਇਨ੍ਹਾਂ ਪ੍ਰਤੀ ਮੋਹ ਕਿਉਂ ਵਧਾ ਰਹੇ ਹੋ? ਜਵਾਬ ਵਿਚ ਮਹੰਤ ਜੀ ਨੇ ਇਹੀ ਕਿਹਾ ਕਿ ਸਭ ਕੁਝ ਅਕਾਲਪੁਰਖ ਦੇ ਹੁਕਮ ਵਿਚ ਹੋ ਰਿਹਾ ਹੈ, ਮੈਂ ਆਪ ਕੁਝ ਨਹੀਂ ਕਰ ਰਿਹਾ।

ਮੈਨੂੰ ਸਖਤ ਅਫਸੋਸ ਹੋਇਆ ਕਿ ਇਕ ਆਦਮੀ ਜਿਹੜਾ 60 ਸਾਲ ਤੋਂ ਲਗਾਤਾਰ ਗੁਰੂ ਦੀ ਚੌਕੀ ਭਰ ਰਿਹਾ ਹੈ ਉਹ ਇਤਨਾ ਵੀ ਨਹੀਂ ਜਾਣ ਸਕਿਆ ਕਿ ਉਹ ਆਪਣੇ ਅਜਿਹੇ ਕਰਮਾਂ ਸਦਕਾ ਸਾਡੇ ਸਤਿਗੁਰੂ ਦੀ ਵਡਿਆਈ ਨੂੰ ਕਿਤਨੀ ਨੀਵੀਂ ਹੱਦ ਤਕ ਲੈ ਆਇਆ ਹੈ। ਮਹੰਤ ਦੀ ਇਸ ਸੋਚ ਨੂੰ ਦੇਖਣ ਮਗਰੋਂ ਮੈਂ ਆਪਣਾ ਵਤੀਰਾ ਬਦਲਿਆ ਅਤੇ ਜ਼ਰਾ ਜ਼ੋਰ ਨਾਲ ਕਿਹਾ ਕਿ ਮੈਂ ਸੰਗਤ ਨੂੰ ਤੁਹਾਡੇ ਪੈਰਾਂ ਤੇ ਮਥਾ ਨਹੀਂ ਟੇਕਣ ਦੇਣਾ ਇਸ ਪਿੱਛੇ ਭਾਵੇਂ ਮੈਨੂੰ ਕੋਈ ਵੀ ਪਰੇਸ਼ਾਨੀ ਤੇ ਨਿਰਾਦਰੀ ਹੀ ਕਿਉਂ ਨਾ ਉਠਾਣੀ ਪਵੇ। ਤੁਹਾਡੇ ਪ੍ਰਤੀ ਕੀਤੇ ਮੱਥਾ ਟੇਕਣ ਦੇ ਇਸ ਕਰਮ ਦਵਾਰਾ ਹਜ਼ਾਰਾਂ ਭੋਲੇ-ਭਾਲੇ ਯਾਤਰੂ, ਦੇਹਧਾਰੀ ਗੁਰੂਆਂ ਨੂੰ ਮੱਥਾ ਟੇਕਣ ਦੀ ਗੁੜ੍ਹਤੀ ਇਥੋਂ ਹਰ ਰੋਜ਼ ਲੈ ਕੇ ਜਾਂਦੇ ਹੋਣਗੇ।

ਮੈਂ ਮਹੰਤ ਨੂੰ ਮੱਥਾ ਟੇਕਣ ਵਾਲੇ ਕਈ ਲੋਕਾਂ ਤੋਂ ਪੁਛਿਆ ਕਿ ਤੁਸੀਂ ਮਹੰਤ ਨੂੰ ਮਥਾ ਕਿਉਂ ਟੇਕਿਆ ਹੈ ਤਾਂ ਉਨ੍ਹਾਂ ਵਿਚੋਂ ਕੁਝ ਨੇ ਕਿਹਾ ਕਿ "ਅਸੀਂ ਗੁਰੂ ਰਾਮਦਾਸ ਸਤਿਗੁਰੂ ਜੀ ਦੇ ਦਰਬਾਰ ਵਿਚ ਦਰਸ਼ਨਾਂ ਲਈ ਆਏ ਹਾਂ, ਮਨ ਵਿਚ ਬੜੀ ਸ਼ਰਧਾ ਹੈ। ਇਥੇ ਸਿਆਣੇ ਸਿਆਣੇ ਤੇ ਪੜ੍ਹੇ ਲਿਖੇ ਲੋਕੀਂ ਮਹੰਤ ਹੋਰਾਂ ਨੂੰ ਮਥਾ ਟੇਕ ਰਹੇ ਸਨ, ਅਸੀਂ ਸਮਝਿਆ ਕੋਈ ਪਹੁੰਚੇ ਹੋਏ ਸੰਤ ਹਨ ਕਿਧਰੇ ਮੱਥਾ ਨਾ ਟੇਕ ਕੇ ਸਾਡੀ ਯਾਤਰਾ ਵਿਚ ਕੋਈ ਕਮੀ ਹੀ ਨਾ ਰਹਿ ਜਾਵੇ। ਮੈਂ ਮਹੰਤ ਨੂੰ ਇਹ ਗੱਲ ਵੀ ਦਸੀ ਅਤੇ ਕਿਹਾ ਇਸ ਦਰਬਾਰ ਸਾਹਿਬ ਵਿਚ ਤੁਹਾਡੇ ਪੈਰਾਂ ਤੇ ਮਥਾ ਟੇਕਣਾ ਤੁਹਾਡੇ ਲਈ ਪਾਪ ਹੈ ਕਿਉਂਕਿ ਸੰਗਤ ਭੋਲੀ ਭਾਲੀ ਤੇ ਸ਼ਰਧਾਲੂ ਹੈ। ਪਰ ਮਹੰਤ ਉਤੇ ਮੇਰੇ ਕਹਿਣ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਸੀ ਪੈ ਰਿਹਾ।.....

ਆਖਿਰ ਗੁਰੂ ਨੇ ਮਿਹਰ ਕੀਤੀ ਤੇ ਗੱਲਬਾਤ ਦਾ ਰੁਖ ਛਿਨਾਂ ਪਲਾਂ ਵਿਚ ਬਦਲ ਗਿਆ। ਉਧਰ ਦਰਬਾਰ ਸਾਹਿਬ ਤੋਂ ਰਾਤ ਦੇ ਅੰਤਲੇ ਵਾਕ ਨੂੰ ਲੈਣ ਦੀ ਕਾਰਵਾਈ ਸ਼ੁਰੂ ਹੋਣ ਲਗ ਪਈ। ਮੈਂ ਮਹੰਤ ਨੂੰ ਕਿਹਾ ਕਿ ਇਸ ਅਸਥਾਨ ਤੇ ਬਹੁਤ ਸਾਰੇ ਫੈਸਲੇ ਗੁਰੂ ਮਹਾਰਾਜ ਦੇ ਵਾਕਾਂ ਨਾਲ ਵੀ ਹੋਏ ਹਨ ਇਸ ਲਈ ਸਾਨੂੰ ਵੀ ਉਸ ਦੇ ਹੁਕਮ ਅਨੁਸਾਰ ਹੀ ਚਲਣਾ ਚਾਹੀਦਾ ਹੈ। ਉਹ ਮੇਰੀ ਇਸ ਗੱਲ ਤੇ ਰਾਜ਼ੀ ਹੋ ਗਏ। ਪਤਾ ਨਹੀਂ ਕਿਵੇਂ ਉਸ ਵੇਲੇ ਮੇਰੇ ਮੂੰਹੋਂ ਇਹ ਸ਼ਬਦ ਨਿਕਲੇ ਕਿ ਮਹੰਤ ਜੀ ਮੇਰੀ ਆਤਮਾ ਇਹ ਕਹਿ ਰਹੀ ਹੈ ਕਿ ਗੁਰੂ ਮਹਾਰਾਜ ਜੀ ਤੁਹਾਨੂੰ ਇਹ ਹੁਕਮ ਦੇਣਗੇ ਕਿ ਭਗਤਾ ਪਿੱਛੇ ਜੋ ਕੁਝ ਹੋ ਗਿਆ ਹੈ ਸੋ ਹੋ ਗਿਆ, ਪਰ ਅੱਗੇ ਲਈ ਬੰਦਾ ਬਣ ਜਾ। ਉਹ ਹਸ ਪਏ ਤੇ ਕਹਿਣ ਲਗੇ ਜੇ ਗੁਰੂ ਮਹਾਰਾਜ ਦੀ ਇਹ ਖੁਸ਼ੀ ਹੈ ਤਾਂ ਮੈਂ ਮੱਥਾ ਟਿਕਾਉਣਾ ਬੰਦ ਕਰ ਦੇਵਾਂਗਾ ਕਿਉਂਕਿ ਮੈਂ ਤਾਂ ਸਮਝਦਾ ਹਾਂ ਕਿ ਲੋਕੀ ਮੈਨੂੰ ਮੱਥਾ ਨਹੀਂ ਟੇਕਦੇ ਗੁਰੂ ਹਰਗੋਬਿੰਦ ਸਾਹਿਬ ਨੂੰ ਜਾਂ ਸ਼ਬਦ ਨੂੰ ਮਥਾ ਟੇਕਦੇ ਹਨ। ਉਧਰ

ਵਾਕ ਪ੍ਰਾਰੰਭ ਹੋ ਗਿਆ ਜਿਸ ਦੇ ਸ਼ੁਰੂ ਦੇ ਬੋਲ ਇਵੇਂ ਸਨ:

ਸੋਰਠਿ ਮਹਲਾ 5 ॥
ਗਈ ਬਹੋੜੁ ਬੰਦੀ ਛੋੜੁ ਨਿਰੰਕਾਰ ਦੁਖਦਾਰੀ॥
ਕਰਮੁ ਨ ਜਾਣਾ ਧਰਮੁ ਨਾ ਜਾਣਾ ਲੋਭੀ ਮਾਇਆਧਾਰੀ॥ (ਪੰਨਾ-624)

ਪਹਿਲੀ ਪੰਗਤੀ ਤੇ ਹੀ ਮੰਹਤ ਵਿਚ ਕਾਫੀ ਹਲਚਲ ਹੋ ਗਈ। ਮੈਨੂੰ ਇਤਨਾ ਜ਼ਰੂਰ ਲਗਿਆ ਕਿ ਹੁਕਮ ਉਨ੍ਹਾਂ ਦੇ ਉਲਟ ਜਾ ਰਿਹਾ ਹੈ। ਚੌਥੀ ਪੰਜਵੀਂ ਪੰਗਤੀ ਵਿਚ ਗੁਰੂ ਜੀ ਨੇ ਸਪੱਸ਼ਟ ਫਰਮਾਇਆ : **"ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥"** ਮੰਹਤ ਨੇ ਅਤੇ ਮੈਂ ਜਦ ਇਹ ਪੰਗਤੀ ਸੁਣੀ ਤਾਂ ਮੇਰੇ ਨੇਤਰ ਸੱਜਲ ਹੋ ਗਏ ਤੇ ਮਹੰਤ ਵੀ ਆਪਣੇ ਮੂੰਹ ਤੇ ਚਪੇੜਾਂ ਮਾਰਨ ਲਗ ਪਏ। ਉਨ੍ਹਾਂ ਨੂੰ ਹੁਕਮਨਾਮੇ ਦੀ ਹਰ ਪੰਗਤੀ ਦੁਆਰਾ ਆਪਣੇ ਆਪ ਤੇ ਲਾਹਨਤਾਂ ਪੈਂਦੀਆਂ ਪਰਤੀਤ ਹੋਈਆਂ। ਮੈਂ ਉਨ੍ਹਾਂ ਨੂੰ ਢਾਰਸ ਦਿੱਤਾ ਤੇ ਉਹ ਪਛਤਾਵੇ ਦੀ ਮੁਦਰਾ ਵਿਚ ਹੀ ਆਪਣੀ ਐਨਕ ਲਾਹ ਕੇ ਆਪਣੇ ਅਥਰੂਆਂ ਨੂੰ ਪੂੰਝਣ ਲਗ ਪਏ। ਇਸ ਤੋਂ ਮਗਰੋਂ ਉਨ੍ਹਾਂ ਦੀ ਵਾਰਤਾਲਾਪ ਦਾ ਲਹਿਜਾ ਬਦਲ ਗਿਆ। ਉਹ ਗੁਰੂ ਦੇ ਕੂਕਰ ਬਣ ਗਏ, ਪਲਾਂ ਪਲਾਂ ਵਿਚ ਉਨ੍ਹਾਂ ਅੰਦਰ ਨਿਮਰਤਾ ਪਰਵੇਸ਼ ਕਰ ਗਈ। ਗੁਰੂ ਹਰਿਗੋਬਿੰਦ ਸਾਹਿਬ ਦੀ ਅਕਾਲ ਤਖਤ ਤੇ ਲਗੀ ਵੱਡੀ ਫੋਟੋ ਵਲ ਹੱਥ ਜੋੜ ਕੇ ਕਹਿਣ ਲਗੇ - ਅਕਾਲ ਪੁਰਖ ਜੀਉ! ਇਸ ਭੁੱਲਣਹਾਰ ਨੂੰ ਰਾਹੇ ਪਾਇਆ ਜੇ, ਮੈਂ ਤੁਹਾਡਾ ਧੰਨਵਾਦੀ ਹਾਂ। ਗੱਲ ਇਥੇ ਨਹੀਂ ਮੁਕੀ ਉਨ੍ਹਾਂ ਅਕਾਲ ਤਖਤ ਅੱਗੇ ਖੜ ਕੇ ਅਰਦਾਸ ਕੀਤੀ ਕਿ ਉਹ ਅੱਗੇ ਤੋਂ ਕਿਸੇ ਕੋਲੋਂ ਮੱਥਾ ਨਹੀਂ ਟਿਕਵਾਉਣਗੇ ਅਤੇ ਸੰਗਤ ਨੂੰ ਬੇਨਤੀ ਕਰਨਗੇ ਕਿ ਉਹ ਉਨ੍ਹਾਂ ਨੂੰ ਕੇਵਲ ਫਤਹਿ ਬੁਲਾਵੇ। ਮੈਂ ਖੁਸ਼ ਸਾਂ ਕਿ ਗੁਰੂ ਨੇ ਆਪ ਸਹਾਈ ਹੋ ਕੇ ਮਨ ਦੀ ਦੁਬਿਧਾ ਦੂਰ ਕਰ ਦਿੱਤੀ।

ਕੁਝ ਦਿਨਾਂ ਮਗਰੋਂ ਮੈਂ ਅੰਮ੍ਰਿਤਸਰ ਗਿਆ। ਪਿਛਲੇ ਦਿਨੀਂ ਬੀਤੀ ਉਕਤ ਘਟਨਾ ਦਾ ਅਸਰ ਦੇਖਣ ਲਈ ਮੈਂ ਫਿਰ ਚੌਕੀ ਦੇ ਨਾਲ ਨਾਲ ਸਾਂ। ਕੀ ਵੇਖਿਆ ਕਿ ਜਿਹੜਾ ਵੀ ਸੱਜਣ ਮਹੰਤ ਨੂੰ ਮੱਥਾ ਟੇਕਣ ਲਈ ਅੱਗੇ ਵਧਦਾ, ਮਹੰਤ ਤਰ੍ਹਬਕ ਕੇ ਦੋ ਤਿੰਨ ਕਦਮ ਪਿੱਛੇ ਹਟ ਜਾਂਦੇ। ਪਰ ਇਤਨੀ ਜਲਦੀ ਇਤਨੀ ਦੇਰ ਦੀ ਪਈ ਪਿਰਤ ਕਿਵੇਂ ਟੁਟ ਸਕਦੀ ਹੈ? ਹਾਂ ਇਤਨਾ ਜ਼ਰੂਰ ਸੀ ਕਿ ਜੋ ਵਾਅਦਾ ਮਹੰਤ ਹੋਰਾਂ ਨੇ ਅਰਦਾਸ ਰੂਪ ਵਿਚ ਕੀਤਾ ਸੀ ਉਹ ਪੂਰਾ ਕਰ ਰਹੇ ਸਨ। ਮੈਂ ਸੋਚਿਆ ਹੁਣ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪ ਸੰਕੋਚ ਕਰੀਏ ਤੇ ਆਪਣੇ ਗੁਰਾਂ ਪ੍ਰਤੀ ਸ਼ਰਧਾ ਤੇ ਸਤਿਕਾਰ ਨੂੰ ਮਾਮੂਲੀ ਮਨੁੱਖਾਂ ਦੇ ਪੈਰਾਂ ਤੇ ਮੱਥੇ ਟੇਕ ਟੇਕ ਕੇ ਠੇਸ ਨਾ ਪਹੁੰਚਾਈਏ। ਗੁਰੂ ਦੇ ਸਿੱਖ ਦਾ ਸੀਸ ਤਾਂ ਅਕਾਲਪੁਰਖ ਅੱਗੇ ਹੀ ਝੁਕਦਾ ਹੈ ਪਰ ਅਸੀਂ ਆਪਣੀ ਅਲਪ ਤੇ ਕੋਝੀ ਸੋਚ ਨਾਲ ਮਨੁੱਖ ਨੂੰ ਖੁਦਾਈ ਦਰਜਾ ਦੇ ਦਿੰਦੇ ਹਾਂ-

ਝੁਕਤੇ ਹੈਂ ਆਦਮੀ ਹੀ ਕੇ ਕਦਮੋਂ ਪੈ ਆਦਮੀ
ਇਸ ਪਰ ਭੀ ਲੋਗ ਕਹਿਤੇ ਹੈਂ ਕਿ ਬੰਦਾ ਖੁਦਾ ਨਹੀਂ। -ਜਿਗਰ ਜਾਲੰਧਰੀ

26

ਸਿੱਖੀ ਸਰੂਪ ਤੇ ਗੁਰੂ ਜੋਤਾਂ

ਗੈਰ-ਸਿੱਖਾਂ ਵਲੋਂ ਸਿੱਖੀ, ਸਿੱਖ ਗੁਰੂ ਸਾਹਿਬਾਨ ਅਤੇ ਹਰਿਮੰਦਰ ਸਾਹਿਬ ਬਾਰੇ ਇਤਨੇ ਸ਼ਰਧਾਮਈ ਸ਼ਬਦ ਪੜ੍ਹਨ ਉਪਰੰਤ ਹਰ ਪਾਠਕ ਦੇ ਮਨ ਵਿਚ ਇਸ ਇਛਾ ਦਾ ਪ੍ਰਗਟ ਹੋਣਾ ਇਕ ਸੁਭਾਵਿਕ ਗੱਲ ਹੈ ਕਿ ਉਨ੍ਹਾਂ ਗੁਣਾਂ ਦਾ ਸੰਖੇਪ ਜਿਹਾ ਵਰਨਣ ਵੀ ਇਥੇ ਕਰ ਦਿੱਤਾ ਜਾਵੇ ਜਿਹੜੇ ਦਸ ਗੁਰੂ ਸਾਹਿਬਾਨ ਨੇ 239 ਸਾਲ ਦਾ ਅਮਲੀ ਜੀਵਨ ਜੀ ਕੇ ਸਿੱਖ ਨੂੰ ਦਰਿੜ ਕਰਵਾਏ ਹਨ। ਇਸ ਸੰਬੰਧੀ ਅੰਸ਼ ਮਾਤਰ ਵੇਰਵਾ ਇਵੇਂ ਹੈ :-

ਚੜਿਆ ਸੋਧਣ ਧਰਤ ਲੁਕਾਈ॥

ਗੁਰੂ ਨਾਨਕ ਦੇਵ ਸਾਹਿਬ ਜੀ (1469 ਤੋਂ 1539 ਈ.)

ਅਕਾਲਪੁਰਖ ਦੀ ਮਿਹਰ ਸਦਕਾ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਪੰਦਰਵੀਂ ਸਦੀ ਦੇ ਦੂਜੇ ਅੱਧ ਵਿਚ ਇਕ ਗੀਤ ਦੀ ਨਿਆਈਂ ਇਸ ਸੰਸਾਰ ਵਿਚ ਪਧਾਰੇ ਤੇ ਆਪਣੇ ਮਿਠੇ ਪਰ ਇਨਕਲਾਬੀ ਬੋਲਾਂ ਨਾਲ ਲੋਕਾਂ ਦੇ ਹਿਰਦਿਆਂ ਨੂੰ ਸਵੱਛ ਕੀਤਾ ਤੇ ਉਨ੍ਹਾਂ ਦੇ ਮਨਾਂ ਦੀ ਮੈਲ ਧੋ ਦਿੱਤੀ। ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਦਾ ਸਰਬ ਮਾਨਵੀ ਮਿਸ਼ਨ ਇਕ ਫੁੱਲ ਦੇ ਭਾਂਤੀ ਸੰਸਾਰ ਵਿਚ ਖਿੜਿਆ ਜਿਸ ਨੇ ਭਾਰਤੀ ਵਾਤਾਵਰਣ ਨੂੰ ਨਿਰਮਲ ਤੇ ਖੁਸ਼ਬੂਦਾਰ ਕਰ ਦਿੱਤਾ। ਉਨ੍ਹਾਂ ਨੇ ਆਪਣੇ ਬੋਲਾਂ ਅਤੇ ਮਧੁਰ ਪੁਰਦਲੀਲ ਬਚਨਾਂ ਦੁਆਰਾ ਲੋਕਾਂ ਦਾ ਮੂੰਹ ਦੇਵੀ ਦੇਵਤਿਆਂ, ਭਰਮਾਂ, ਵਹਿਮਾਂ ਤੇ ਫੋਕਟ ਕਰਮਾਂ ਤੋਂ ਭੰਵਾ ਕੇ ਅਕਾਲਪੁਰਖ ਵਲ ਕਰਨ ਦਾ ਲਾਮਿਸਾਲ ਕਾਰਨਾਮਾ ਸੰਪੂਰਣ ਕੀਤਾ। ਇਕ ਪਾਸੇ ਮਨੁੱਖ ਦਾ ਨਾਤਾ ਅਕਾਲਪੁਰਖ ਨਾਲ ਜੋੜਿਆ ਅਤੇ ਦੂਜੇ ਪਾਸੇ ਮਨੁੱਖ ਦੀ ਮਨੁੱਖ ਨਾਲ ਸਮਤੁਲਤਾ ਤੇ ਬਰਾਬਰੀ ਦੇ ਅਧਾਰ ਤੇ ਸਾਂਝ ਪਵਾਈ ਤਾਂ ਜੋ ਭਰਾਤਰੀ ਭਾਵ ਅਤੇ **'ਏਕੁ ਪਿਤਾ ਏਕਸ ਕੇ ਹਮ ਬਾਰਿਕ'** ਦੀ ਭਾਵਨਾ ਉਜਾਗਰ ਹੋ ਕੇ ਆਪਸੀ ਪਿਆਰ ਤੇ ਪਰਸਪਰ ਸਨੇਹ ਪਰਫੁਲਤ ਹੋਵੇ। ਇਸੇ ਤਰ੍ਹਾਂ ਹੋਰ ਗਲਾਂ ਦੇ ਨਾਲ ਨਾਲ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਹੁਪੱਖੀ ਉਪਦੇਸ਼ਾਂ ਸਦਕਾ ਆਪਣੇ ਅਕੀਦੇ ਦੇ ਪੈਰੋਕਾਰਾਂ ਨੂੰ ਵੰਡ ਛਕਣ, ਨੇਕ ਕਿਰਤ ਕਰਨ ਤੇ ਨਾਮ ਜਪਣ ਦਾ ਸੰਦੇਸ਼ ਹੀ ਨਹੀਂ ਦਿੱਤਾ ਸਗੋਂ ਉਸ ਤੇ ਬਾਕਾਇਦਾ ਅਮਲ ਵੀ ਕਰਵਾਇਆ। ਸਮਾਜ ਵਿਚ ਪਰਚਲਤ ਕਈ ਭੈੜੀਆਂ ਕੁਰੀਤੀਆਂ ਨੂੰ ਨਿੰਦਿਆ ਤੇ ਲੋਕਾਂ ਨੂੰ ਉਨ੍ਹਾਂ ਤੋਂ ਨਜਾਤ ਦਿਲਵਾਈ। ਸਦੀਆਂ ਤੋਂ ਚਲੀ ਆ ਰਹੀ ਔਰਤ ਦੀ ਮੰਦਹਾਲੀ ਵਿਰੁਧ ਅਵਾਜ਼ ਬੁਲੰਦ ਕਰਕੇ ਉਸ ਦੀ ਦਸ਼ਾ ਤੇ ਦਿਸ਼ਾ ਸੰਵਾਰਨ ਦੇ ਠੋਸ ਉਪਰਾਲੇ ਕੀਤੇ ਤੇ ਉਸ ਨੂੰ ਰਾਜਿਆਂ ਰਾਣਿਆਂ ਦੀ ਜਨਨੀ ਕਹਿ ਕੇ ਸਨਮਾਨਿਆ, ਸਤਿਕਾਰਿਆ ਤੇ ਉਭਾਰਿਆ। ਦੇਸ਼ ਬਦੇਸ਼ਾਂ ਦਾ ਲਗਾਤਾਰ 24 ਸਾਲ ਰਟਨ ਕਰਕੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਹੀ ਭਾਸ਼ਾ ਵਿੱਚ ਉਚ ਪਾਏ ਦੀ ਇਖਲਾਕੀ, ਅਧਿਆਤਮਿਕ ਤੇ ਸਦਾਚਾਰਕ ਕੀਮਤਾਂ ਕਦਰਾਂ

ਤੇ ਅਧਾਰਤ ਜੀਵਨ-ਜਾਚ ਸਖਾਈ ਤੇ ਗ੍ਰਿਹਸਤੀ ਜੀਵਨ ਨੂੰ ਭਰਪੂਰ ਮਾਣ ਸਤਿਕਾਰ ਬਖਸ਼ਿਆ। ਉੱਚ ਨੀਚ ਜ਼ਾਤਾਂ ਕਰਕੇ ਲੀਰੋ ਲੀਰ ਹੋਏ ਪਏ ਸਮਾਜ ਨੂੰ ਆਪਣੇ ਇਨਕਲਾਬੀ ਬਚਨਾਂ ਨਾਲ ਸੀਤਾ, ਸਰੋਂ ਉਸ ਨੂੰ ਨਵਾਂ ਰੂਪ ਪਰਦਾਨ ਕੀਤਾ ਜਿਸ ਦਾ ਅਧਾਰ ਸਮਾਨਤਾ ਨੂੰ ਰਖਿਆ। ਚੰਗੇ ਕਰਮਾਂ ਨੂੰ ਪਰਧਾਨਤਾ ਬਖਸ਼ੀ ਤੇ ਸਚ ਅਚਾਰ ਵਾਲੇ ਜੀਵਨ ਨੂੰ ਤਰਜੀਹ ਦੇਂਦਿਆਂ ਇਸ ਨੂੰ ਸਭ ਤੋਂ ਉਤਮ ਗਰਦਾਨਿਆ। ਆਪਣੇ ਸਰਬ ਵਿਆਪੀ ਤੇ ਉੱਚ ਪਾਏ ਦੇ ਉਪਦੇਸ਼ਾਂ ਕਰਕੇ ਸਮੂਹ ਮਾਨਵ ਨਸਲ ਦੇ ਗੁਰੂ ਤੇ ਰਹਿਬਰ ਅਖਵਾਏ।

ਗੁਰੂ ਸਾਹਿਬ ਦੇ ਉਕਤ ਦੱਸੇ ਤੇ ਇਨ੍ਹਾਂ ਤੋਂ ਇਲਾਵਾ ਹੋਰ ਬੇਸ਼ੁਮਾਰ ਇਨਕਲਾਬੀ ਕਰਮਾਂ ਸਦਕਾ ਸਦੀਆਂ ਤੋਂ ਵਹਿਮਾਂ ਭਰਮਾਂ ਵਿਚ ਜਕੜੇ ਭਾਰਤੀ ਸਮਾਜ ਦਾ ਕਾਇਆ ਕਲਪ ਹੋਣਾ ਪ੍ਰਾਰੰਭ ਹੋ ਗਿਆ ਜਿਸ ਨੂੰ ਦੇਖ ਕੇ ਰੂੜ੍ਹੀਵਾਦੀ ਲੋਟੂ ਆਗੂ ਬੁਖਲਾ ਤੇ ਘਬਰਾ ਗਏ। ਕਵੀ ਨੇ ਇਸ ਸਥਿਤੀ ਨੂੰ ਇਵੇਂ ਬਿਆਨਿਆ ਹੈ।

ਆਰਫੋਂ ਕੋ ਹੈਰਤ, ਓਰ ਮੁਨਕਤੋਂ ਕੋ ਸਕਤਾ (ਬੇਹੋਸ਼ੀ)
ਹਰ ਦਿਲ ਮੇਂ ਛਾ ਰਹਾ ਹੈ, ਰੋਹਬੇ ਜਮਾਲ ਨਾਨਕ।

ਭਾਵ ਇਹ ਕਿ ਜੋ ਗੁਰੂ ਸਾਹਿਬ ਦੇ ਵਿਚਾਰਾਂ ਦੇ ਸਮਰਥਕ ਸਨ ਉਨ੍ਹਾਂ ਨੂੰ ਵੀ ਬਾਬੇ ਨਾਨਕ ਵਲੋਂ ਚਲਾਈ "ਉਲਟੀ ਰੀਤ" ਵੇਖ ਕੇ ਖੁਸ਼ੀ ਭਰੀ ਹੈਰਾਨੀ ਹੋਈ ਅਤੇ ਜੋ ਇਨ੍ਹਾਂ ਨਵੇਂ ਵਿਚਾਰਾਂ ਦੇ ਵਿਰੋਧੀ ਸਨ ਉਹ ਤਾਂ ਇਨ੍ਹਾਂ ਦੀ ਚੜ੍ਹਤ ਦੇਖ ਕੇ ਸੁਨ ਹੀ ਹੋ ਗਏ, ਬੇਹੋਸ਼ ਹੋ ਗਏ, ਘਬਰਾ ਗਏ। ਇਵੇਂ ਗੁਰੂ ਨਾਨਕ ਦੇਵ ਜੀ ਦੀ ਅਜ਼ੀਮ ਸ਼ਖਸੀਅਤ ਦਾ ਪ੍ਰਭਾਵ ਹਰ ਇਕ ਦੇ ਦਿਲ (ਉਨ੍ਹਾਂ ਦੇ ਸਮਰਥਕਾਂ ਤੇ ਵਿਰੋਧੀਆਂ ਦੋਹਾਂ) ਤੇ ਛਾ ਗਿਆ। ਬਸ ਕੁਝ ਹੀ ਸਮੇਂ ਵਿਚ ਇਵੇਂ ਮਹਿਸੂਸ ਹੋਣ ਲਗ ਪਿਆ ਜਿਵੇਂ:

ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ॥ (ਪੰਨਾ-611)

ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥

ਗੁਰੂ ਅੰਗਦ ਦੇਵ ਸਾਹਿਬ ਜੀ (1504-1552 ਈ.)

ਸਿੱਖ ਦੀ ਸ਼ਖਸੀਅਤ ਦੇ ਨਿਰਮਾਣ ਦਾ ਕਾਰਜ ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਸੰਭਾਲਿਆ। ਉਨ੍ਹਾਂ ਨੇ ਆਪਣੇ ਗੁਰਗੱਦੀ ਕਾਲ (1539-52) ਵਿਚ ਸਿੱਖ ਦੇ ਜੀਵਨ ਵਿਚ ਆਗਿਆਕਾਰਤਾ, ਸਬਰ, ਹੌਸਲਾ ਤੇ ਸਹਿਨਸ਼ੀਲਤਾ ਦਾ ਮਾਦਾ ਭਰਿਆ ਜੋ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਰਜਵੇਂ ਰੂਪ ਵਿਚ ਪਰਦਾਨ ਕੀਤਾ ਸੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਲਿਖਤੀ ਰੂਪ ਵਿਚ ਪਸਾਰ ਕੀਤਾ। ਉਨ੍ਹਾਂ ਨੇ ਆਪਣੇ ਸੇਵਕ ਭਾਈ ਪੈੜੇ ਮੋਖੇ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਮਹੱਤਵਪੂਰਣ ਜੀਵਨ ਬਿਰਤਾਂਤ ਲਿਖਵਾਏ। ਇਸ ਵਿਚ ਭਾਈ ਬਾਲਾ ਜੀ ਦੀ ਵੀ ਮਦਦ ਲਈ ਜੋ ਗੁਰੂ ਨਾਨਕ ਦੇਵ ਜੀ ਨਾਲ ਕਾਫੀ ਸਮਾਂ ਰਹੇ। ਇਸੇ ਕਰਕੇ ਇਸ ਜਨਮ ਸਾਖੀ ਨੂੰ ਭਾਈ ਬਾਲੇ ਦੀ ਜਨਮ ਸਾਖੀ ਵੀ ਕਿਹਾ ਜਾਣ ਲੱਗ ਪਿਆ। ਗੁਰੂ ਅੰਗਦ ਦੇਵ ਜੀ ਨੇ ਹੋਰ ਕਮਾਲ ਇਹ ਕੀਤੀ ਕਿ ਗੁਰੂ ਨਾਨਕ ਦੇਵ ਦੇ ਅਧਿਆਤਮਿਕ ਗਿਆਨ ਨੂੰ ਗਰੀਬ ਤੇ ਲਿਤਾੜੇ ਵਰਗ ਤਕ ਪਹੁੰਚਾ ਕੇ ਇਸ ਵਰਗ

ਦੀ ਦੁਰਦਸ਼ਾ ਬਦਲਣ ਲਈ ਇਨਕਲਾਬੀ ਪਰਯਤਨ ਕੀਤੇ। ਗੁਰਮੁਖੀ ਲਿਪੀ ਨੂੰ ਸੰਵਾਰਿਆ ਤੇ ਪ੍ਰਫੁਲਤ ਕੀਤਾ। ਇਸ ਨਾਲ ਨਵਾਂ ਗੁਰਸਿੱਖ ਧਾਰਮਿਕ ਫਲਸਫਾ ਆਮ ਲੋਕਾਂ ਦੀ ਜ਼ਬਾਨ ਵਿਚ ਆਮ ਲੋਕਾਂ ਤਕ ਪਹੁੰਚਣ ਲਗ ਪਿਆ। ਸਾਧਾਰਣ ਕਿਸਮ ਦੇ ਮਨੁੱਖ ਲਈ ਵੀ ਉਚੇਰੇ ਗਿਆਨ ਪ੍ਰਾਪਤੀ ਦੇ ਨਵੇਂ ਰਾਹ ਖੁਲ੍ਹ ਗਏ। ਇਵੇਂ ਬ੍ਰਾਹਮਣਵਾਦ ਦੀ ਸਦੀਆਂ ਤੋਂ ਚਲੀ ਆ ਰਹੀ ਚੌਧਰ ਨੂੰ ਆਂਚ ਆਵਣ ਲਗੀ ਪਰ ਆਮ ਜਨਤਾ ਇਸ ਬਹੁਮੁਲੇ ਗਿਆਨ ਤੋਂ ਬਹੁਤ ਖੁਸ਼ ਹੋਈ ਤੇ ਗੁਰੂ ਅੰਗਦ ਦੇਵ ਜੀ ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਦੀ ਭਾਵਨਾ ਰੱਖਣ ਲਗ ਪਈ। ਗੁਰੂ ਸਾਹਿਬ ਨੇ ਲੰਗਰ ਦੀ ਪ੍ਰੰਪਰਾ ਨੂੰ ਸ਼ਕਤੀ ਪ੍ਰਦਾਨ ਕੀਤੀ ਤੇ ਆਪਣੇ ਮਹਿਲ ਬੀਬੀ ਖੀਵੀ ਜੀ ਨੂੰ ਸੰਗਤਾਂ ਲਈ ਲੰਗਰ ਤਿਆਰ ਕਰਨ ਦੀ ਸੇਵਾ ਸੌਂਪੀ ਜੋ ਉਨ੍ਹਾਂ ਡਾਢੇ ਸੁਹਣੇ ਢੰਗ ਨਾਲ ਨਿਭਾਈ। ਗੁਰੂ ਸਾਹਿਬ ਦੇ ਇਸ ਅਦੁਤੀ ਕਰਮ ਕਰਕੇ ਵੀ ਸਭ ਮਨੁੱਖ ਛੋਟੇ ਵੱਡੇ ਹੋਣ ਦੇ ਭੇਦ ਭਾਵ ਭੁਲ ਕੇ ਲੰਗਰ ਪੰਗਤ ਵਿਚ ਸੰਗਤ ਰੂਪ ਬਣ ਕੇ ਇਕ ਸਮਾਨ ਹੋਣ ਲਗ ਪਏ। ਇਵੇਂ ਤਫਰਕੇ ਵਾਲੇ ਬੇਰਹਿਮ ਸਮਾਜ ਦੀਆਂ ਨੀਹਾਂ ਹਿਲਣੀਆਂ ਸ਼ੁਰੂ ਹੋ ਗਈਆਂ ਤੇ ਹਰ ਪਾਸੇ ਗੁਰੂ ਸਾਹਿਬ ਦੀ ਜੈ ਜੈ ਕਾਰ ਹੋਣ ਲਗ ਪਈ।

ਤੇਰੀ ਉਪਮਾ ਤੋਹਿ ਬਨਿ ਆਵੈ॥

ਗੁਰੂ ਅਮਰਦਾਸ ਜੀ (1479-1574 ਈ.)

ਨਿਤਾਂਣਿਆਂ ਦੇ ਤਾਣ ਤੇ ਨਿਮਾਣਿਆਂ ਦੇ ਮਾਣ ਤੀਜੇ ਸਤਿਗੁਰੂ, ਗੁਰੂ ਅਮਰਦਾਸ ਜੀ ਨੇ ਗੁਰਗਦੀ ਤੇ ਬਿਰਾਜਮਾਨ ਹੋ ਕੇ ਉਚ ਨੀਚ ਦੀਆਂ ਦੀਵਾਰਾਂ ਤੋੜਨ ਲਈ ਹੋਰ ਡਾਢੇ ਪਰਹਾਰ ਕੀਤੇ। ਸੰਗਤ ਪੰਗਤ ਦੀ ਪ੍ਰਥਾ ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ ਜਿਸ ਦੇ ਫਲਸਰੂਪ ਮਨੁੱਖੀ ਬਰਾਬਰੀ ਦਾ ਅਮਲੀ ਪੈਗ਼ਾਮ ਪ੍ਰੱਤਖ ਦਿਸਣ ਲਗ ਪਿਆ ਤੇ ਰਾਜੇ ਰਾਣੇ ਇਕੋ ਪੰਗਤ ਵਿਚ ਬੈਠ ਕੇ ਲੰਗਰ ਦਾ ਆਨੰਦ ਮਾਣਨ ਲਗ ਪਏ। ਗੱਲ ਇਥੇ ਹੀ ਨਹੀਂ ਮੁਕੀ। ਮਹਿਲਾ ਵਰਗ ਦੇ ਉਥਾਨ ਦੀ ਲਹਿਰ ਨੂੰ ਬੜੀ ਦ੍ਰਿੜਤਾ ਨਾਲ ਅੱਗੇ ਤੋਰਦਿਆਂ ਹੋਇਆਂ ਸਤਿਗੁਰਾਂ ਨੇ ਸਤੀ ਦੀ ਭੈੜੀ ਰਸਮ ਦੇ ਖਿਲਾਫ ਵੀ ਡਟ ਕੇ ਪ੍ਰਚਾਰ ਕੀਤਾ। ਵਿਧਵਾ ਵਿਆਹ ਦੀ ਆਗਿਆ ਦਿੱਤੀ ਅਤੇ ਇਥੋਂ ਤਕ ਕਿ ਮਹਿਲਾ ਵਰਗ ਨੂੰ ਧਰਮ ਦਾ ਪਰਚਾਰਕ ਬਣਾਇਆ। ਥਾਪੇ ਗਏ 146 ਪਰਚਾਰਕਾਂ ਵਿਚੋਂ 52 ਔਰਤਾਂ ਸਨ ਅਤੇ ਕਸ਼ਮੀਰ ਤੇ ਕਾਬਲ ਪ੍ਰਾਂਤਾਂ ਦੀਆਂ ਤਾਂ ਪਰਚਾਰ ਪ੍ਰਮੁੱਖ ਵੀ ਬੀਬੀਆਂ ਹੀ ਸਨ। ਗੁਰੂ ਸਾਹਿਬ ਨੇ ਮੰਜੀ ਪ੍ਰਥਾ ਆਰੰਭ ਕੀਤੀ ਤੇ 22 ਮੰਜੀਆਂ ਸਥਾਪਤ ਕੀਤੀਆਂ। ਇਕ ਮੰਜੀ ਬਰਦਾਰ ਉਨ੍ਹਾਂ ਦਾ ਮੁਸਲਮਾਨ ਸੇਵਕ ਅਲਾਯਾਰ ਖਾਨ ਸੀ ਤੇ ਦੋ ਮੰਜੀਆਂ ਤੇ ਦੋ ਦੰਪਤੀ ਜੋੜੇ ਥਾਪੇ ਗਏ ਜਿਨ੍ਹਾਂ ਦਾ ਨਾਂ ਸਚਨ-ਸਚ ਤੇ ਮਥੋ-ਮੁਰਾਰੀ ਸੀ।

ਇਨ੍ਹਾਂ ਮੰਜੀ ਬਰਦਾਰਾਂ ਨੇ ਗੁਰੂ ਸਾਹਿਬ ਦੀ ਅਗਵਾਈ ਵਿਚ ਵਿਧੀ ਪੂਰਵਕ ਧਰਮ ਪਰਚਾਰ ਦੀ ਪ੍ਰਪਾਟੀ ਚਲਾਈ। ਗੁਰੂ ਸਾਹਿਬ ਨੇ ਪਰਦੇ ਤੋਂ ਵੀ ਔਰਤ ਨੂੰ ਮੁਕਤ ਕੀਤਾ ਤੇ ਗ੍ਰਹਸਤੀ ਜੀਵਨ ਦੀ ਪਵਿੱਤਰਤਾ ਵਿਚ ਬਹੁਪੱਖੀ ਵਾਧਾ ਕਰਕੇ ਮਰਦ ਤੇ ਔਰਤ ਨੂੰ ਹਰ ਖੇਤਰ ਵਿਚ ਬਰਾਬਰ ਦਾ ਸਾਥੀ ਬਣਾ ਦਿੱਤਾ। ਗੋਇੰਦਵਾਲ ਨਗਰ ਤੇ

ਉਸ ਵਿਚ ਬਾਵਲੀ ਸਾਹਿਬ ਦੀ ਉਸਾਰੀ ਕਰਵਾ ਕੇ ਸਿੱਖਾਂ ਨੂੰ ਇਕ ਥਾਂ ਇੱਕਠਾ ਹੋਣ ਲਈ ਇਕ ਕੇਂਦਰ ਬਖਸ਼ਿਆ ਅਤੇ ਨਵੀਂ ਰੌਸ਼ਨੀ ਨਾਲ ਹਰ ਕਿਸੇ ਦਾ ਕਾਇਆ ਕਲਪ ਕੀਤਾ। ਬਾਵਲੀ ਤੇ ਬਾਣੀ ਦੀ ਇਹ ਮਹਤੱਤਾ ਬਣ ਗਈ ਕਿ ਬਾਵਲੀ ਦੇ ਪਵਿੱਤਰ ਜਲ ਨਾਲ ਸਰੀਰ ਪਵਿੱਤਰ ਕਰੋ ਤੇ ਬਾਣੀ ਦੇ ਪਵਿੱਤਰ ਸੰਪਰਕ ਵਿਚ ਆ ਕੇ ਆਤਮਾ ਪਵਿੱਤਰ ਕਰੋ।ਮੁਖ ਮਕਸਦ ਇਹ ਹੀ ਸੀ ਕਿ ਸਾਰੇ ਮਨੁੱਖ ਚਾਹੇ ਹਿੰਦੂ ਹੋਣ ਜਾਂ ਮੁਸਲਮਾਨ, ਸੰਗਤੀ ਰੂਪ ਵਿਚ ਬਿਨਾ ਭੇਦ ਭਾਵ ਤੋਂ ਇਕੋ ਥਾਂ ਤੇ ਇਸ਼ਨਾਨ ਕਰਨ ਤੇ ਇਕੋ ਥਾਂ ਤੇ ਲੰਗਰ ਛਕਣ ਛਕਾਣ ਤਾਂ ਜੋ ਆਪਸੀ ਪਿਆਰ ਅਤੇ ਮਾਨਵੀ ਭਾਈਚਾਰਾ ਵਧੇ।

ਨਾਮ ਕੀ ਬਡਾਈ ਦਈ ਗੁਰੂ ਰਾਮਦਾਸ ਕਉ॥

ਗੁਰੂ ਰਾਮਦਾਸ ਜੀ (1534-1581 ਈ.)

ਗੁਰੂ ਰਾਮਦਾਸ ਜੀ ਨੇ ਸੇਵਾ ਤੇ ਸਿਮਰਨ ਨੂੰ ਸਿੱਖ ਵਿਚ ਸੰਚਿਤ ਕਰਕੇ ਉਸ ਨੂੰ ਦੂਜੇ ਪ੍ਰਤੀ ਹਮਦਰਦੀ ਭਰਿਆ ਵਿਹਾਰ ਕਰਨ ਦੀ ਜਾਚ ਦਸੀ ਤੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰਖੀ। ਇਨ੍ਹਾਂ ਨੇ ਮਸੰਦਾਂ ਦੀ ਪਰਪਾਟੀ ਵੀ ਚਲਾਈ ਜੋ ਗੁਰੂ ਘਰ ਲਈ ਦਸਵੰਧ ਇੱਕਤਰ ਕਰਦੇ ਤੇ ਗੁਰੂ ਘਰ ਦੀ ਸੋਚ ਦੇ ਪ੍ਰਚਾਰ ਦਾ ਕਾਰਜ ਵੀ ਨਿਭਾਉਂਦੇ। ਗੁਰੂ ਜੀ ਨੇ ਆਪਣੀ ਬਾਣੀ ਸ਼ੁਧ ਪੰਜਾਬੀ ਵਿਚ ਲਿਖੀ ਤਾਂ ਜੋ ਆਮ ਭਾਸ਼ਾ ਜਾਣਨ ਵਾਲਾ ਹਰ ਮਨੁੱਖ ਇਸ ਤੋਂ ਲਾਭ ਉਠਾ ਸਕੇ। ਜਦ ਪੰਡਿਤਾਂ ਨੇ ਇਨ੍ਹਾਂ ਤੋਂ ਪੁਛਿਆ ਕਿ ਉਨ੍ਹਾਂ ਨੇ ਆਪਣੀ ਧਾਰਮਿਕ ਬਾਣੀ ਸੰਸਕ੍ਰਿਤ ਵਿਚ ਕਿਉਂ ਨਹੀਂ ਲਿਖੀ ਜੋ ਅਧਿਆਤਮਿਕ ਫਲਸਫੇ ਨੂੰ ਲਿਖਣ ਲਈ ਮੰਨੀ ਪਰਮੰਨੀ ਭਾਸ਼ਾ ਹੈ ਤਾਂ ਗੁਰੂ ਸਾਹਿਬ ਨੇ ਫਰਮਾਇਆ ਕਿ ਸੰਸਕ੍ਰਿਤ ਵਿਦਵਾਨਾਂ ਦੀ ਭਾਸ਼ਾ ਹੈ ਇਸ ਨੂੰ ਸਿਖਣ ਵਿਚ ਬਹੁਤ ਮਿਹਨਤ ਦੀ ਲੋੜ ਹੈ। ਨੀਵੀਆਂ ਜਾਤਾਂ ਵਾਲੇ ਚਾਹੁੰਦੇ ਹੋਏ ਵੀ ਕਈ ਬੰਦਸ਼ਾਂ ਕਾਰਨ ਇਸ ਨੂੰ ਸਿੱਖ ਨਹੀਂ ਸਕਦੇ। ਅਜਿਹਾ ਕਰਨਾ ਉਨ੍ਹਾਂ ਲਈ ਪਾਪ ਵੀ ਸਮਝਿਆ ਜਾਂਦਾ ਹੈ। ਇਸ ਲਈ ਸੰਸਕ੍ਰਿਤ ਤਾਂ ਇਕ ਖੂਹ ਦੇ ਸਮਾਨ ਹੋ ਕੇ ਰਹਿ ਗਈ ਹੈ ਜਿਸ ਵਿਚੋਂ ਬੜੀ ਔਖ ਝਲ ਕੇ ਥੋੜ੍ਹਾ ਜਿਹਾ ਪਾਣੀ ਕੱਢਿਆ ਜਾ ਸਕਦਾ ਹੈ ਜੋ ਹਰ ਕਿਸੇ ਦੀ ਪਿਆਸ ਤ੍ਰਿਪਤ ਨਹੀਂ ਕਰ ਸਕਦਾ। ਇਸ ਦੇ ਉਲਟ ਮਾਤ ਭਾਸ਼ਾ ਪੰਜਾਬੀ ਵਰਖਾ ਦਾ ਜਲ ਹੈ ਜੋ ਹਰ ਪਾਸੇ ਬਹੁਤਾਤ ਵਿਚ ਹੁੰਦਾ ਹੈ ਤੇ ਜਿਸ ਤੋਂ ਹਰ ਕੋਈ ਆਪਣੀ ਹਰ ਪਰਕਾਰ ਦੀ ਲੋੜ ਪੂਰੀ ਕਰ ਸਕਦਾ ਹੈ। ਇਸ ਲਈ ਮਾਤ ਭਾਸ਼ਾ ਵਿਚ ਅਧਿਆਤਮਿਕ ਸਾਹਿਤ ਲਿਖਣਾ ਸਰਬ ਮਾਨਵਤਾ ਦੇ ਹਿਤ ਵਿਚ ਹੋਵੇਗਾ। ਕਿਤਨੀ ਕਰਾਂਤੀਕਾਰੀ ਤੇ ਦੂਰ ਦਰਿਸ਼ਟਤਾ ਵਾਲੀ ਸੋਚ ਦੇ ਸਵਾਮੀ ਸਨ ਗੁਰੂ ਰਾਮਦਾਸ ਜੀ।

ਗੁਰ ਅਰਜੁਨ ਸਿਰਿ ਛਤ੍ਰ ਆਪਿ ਪਰਮੇਸਰਿ ਦੀਅਉ॥

ਗੁਰੂ ਅਰਜਨ ਦੇਵ ਜੀ (1563-1606 ਈ.)

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਦੇ ਕੇ ਸਿੱਖ ਦੀ ਹਸਤੀ ਵਿਚ ਸਵੈ-ਤਿਆਗ ਤੇ ਕੁਰਬਾਨੀ ਦਾ ਮਾਦਾ ਉਭਾਰਿਆ। ਆਦਿ

ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖ ਨੂੰ 'ਅਹਿਲੇ ਗ੍ਰੰਥ' ਬਣਾ ਦਿੱਤਾ ਅਤੇ ਕਮਾਲ ਦੀ ਗੱਲ ਇਹ ਵੀ ਕੀਤੀ ਕਿ ਇਸ ਮਹਾਨ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਹਿੰਦੂ, ਮੁਸਲਮਾਨ ਭਗਤਾਂ, ਫਕੀਰਾਂ, ਸੂਫੀਆਂ, ਭੂਮਾ ਤੇ ਭੱਟਾਂ ਦੀ ਬਾਣੀ ਨੂੰ ਵੀ ਸਤਿਕਾਰੀ ਸਥਾਨ ਬਖਸ਼ਿਆ। ਸਿੱਖ ਸੇਵਕਾਂ ਵਿਚੋਂ ਵੀ ਚਾਰ ਦੀ ਬਾਣੀ ਨੂੰ ਇਸ ਮਹਾਨ ਗ੍ਰੰਥ ਵਿਚ ਸ਼ਾਮਲ ਕਰਕੇ ਇਸ ਦਾ ਰੁਤਬਾ ਸਰਬ ਮਾਨਵੀ ਗ੍ਰੰਥ ਵਾਲਾ ਕਰ ਦਿੱਤਾ। ਹਰਿਮੰਦਰ ਸਾਹਿਬ ਵਰਗਾ ਲਾਮਿਸਾਲ ਤੀਰਥ ਸਿਰਜ ਕੇ ਆਪਣੇ ਸਿੱਖਾਂ ਨੂੰ 'ਅਹਿਲੇ ਮੁਕਾਮ' ਬਣਾ ਦਿੱਤਾ ਅਤੇ ਭਰਵੀਂ ਮਾਤਰਾ ਵਿਚ ਠੇਠ ਪੰਜਾਬੀ ਵਿਚ ਉਚ ਪਧਰੀ ਇਲਾਹੀ ਬਾਣੀ ਰਚ ਕੇ ਭਾਰਤੀਆਂ ਨੂੰ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ 'ਅਹਿਲੇ ਜ਼ਬਾਨ' ਕਰ ਦਿੱਤਾ। ਗੁਰੂ ਸਾਹਿਬ ਨੇ ਧਰਮ ਪ੍ਰਚਾਰ ਹਿਤ ਗੁਰੂ ਰਾਮਦਾਸ ਸਾਹਿਬ ਵਲੋਂ ਮਸੰਦਾਂ ਦੀ ਚਲਾਈ ਪਰਪਾਟੀ ਨੂੰ ਪਰਪੱਕ ਤੋਂ ਸੰਗਠਿਤ ਕੀਤਾ ਤੇ ਉਨ੍ਹਾਂ ਨੂੰ ਦਸਵੰਧ ਉਗਰਾਹੁਣ ਦੀ ਆਗਿਆ ਵੀ ਕੀਤੀ। ਮੁਸਲਮਾਨ ਸੂਫੀ ਸੰਤ ਮੀਆਂ ਮੀਰ ਜੀ ਤੋਂ ਦਰਬਾਰ ਸਾਹਿਬ ਦੀ ਨੀਂਹ ਰਖਵਾ ਕੇ ਇਸ ਪਵਿੱਤਰ ਸਥਾਨ ਨੂੰ ਮਾਨਵਤਾ ਦਾ ਮੱਕਾ ਬਣਾ ਦਿੱਤਾ ਜਿਥੇ ਹਰ ਕੋਈ ਹਾਜ਼ਰੀਆਂ ਭਰ ਕੇ ਆਪਣੀ ਆਤਮਾ ਨੂੰ ਪੁਨੀਤ ਕਰ ਸਕਦਾ ਹੈ। ਜ਼ਿੰਦਗੀ ਦੇ ਹਰ ਖੇਤਰ ਵਿੱਚ ਪਿਆਰ ਦਾ ਪਸਾਰਾ ਕਰ ਕੇ ਮਨੁੱਖੀ ਮਨ ਨੂੰ ਸੁਹਿਰਦਤਾ ਪਰਦਾਨ ਕੀਤੀ।

ਜੋ ਰਬੀ ਪਿਆਰ ਕੇ ਜਲਵੋਂ ਕੋ, ਹਿਰਦੋਂ ਮੇਂ ਬਸਾਇਆ ਕਰਤੇ ਹੈਂ,
ਅਲਾਹ ਕੀ ਰਹਿਮਤ ਕੇ ਬਾਦਲ, ਉਨ ਲੋਗੋਂ ਪੈ ਸਾਇਆ ਕਰਤੇ ਹੈਂ।

ਅਰਜਨ ਕਾਇਆ ਪਲਟ ਕੇ ਮੂਰਤਿ ਹਰਿ ਗੋਬਿੰਦ ਸੰਵਾਰੀ॥

ਗੁਰੂ ਹਰਿਗੋਬਿੰਦ ਸਾਹਿਬ (1595-1644 ਈ.)

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪ੍ਰਭਾਵਤ ਹੋ ਕੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਗੁਰਗਦੀ ਕਾਲ (1606-1644 ਈ.) ਦੌਰਾਨ, ਸਿੱਖਾਂ ਨੂੰ ਇਨਸਾਫ ਪਸੰਦੀ ਲਈ ਜੂਝਣ ਦਾ ਸਬਕ ਪੜ੍ਹਾਇਆ। ਇਸ ਦੀ ਪੂਰਤੀ ਲਈ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਅੰਗੀਕਾਰ ਕੀਤੀਆਂ। ਮਸੰਦਾਂ ਨੂੰ ਹਦਾਇਤ ਕੀਤੀ ਕਿ ਉਹ ਅੱਗੇ ਤੋਂ ਹੋਰ ਚੀਜ਼ਾਂ ਦੀ ਥਾਂ ਉਨ੍ਹਾਂ ਨੂੰ ਹਥਿਆਰ ਤੇ ਘੋੜੇ ਭੇਂਟ ਕਰਿਆ ਕਰਨ। ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਅੰਮ੍ਰਿਤਸਰ ਵਿਚ ਕਿਲ੍ਹਾ ਬਣਵਾਇਆ ਤੇ ਸ਼ਹਿਰ ਦੀ ਫਸੀਲ ਬੰਦੀ ਕਰਵਾਈ। ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ ਤੇ ਫੌਜ ਦੀ ਸਿਰਜਨਾ ਕਰਕੇ ਸਿੱਖਾਂ ਦਾ ਕਾਇਆ ਕਲਪ ਕਰਨਾ ਆਰੰਭ ਦਿੱਤਾ। ਇਨ੍ਹਾਂ ਉਪਰਾਲਿਆਂ ਸਦਕਾ ਭਗਤੀ ਨਾਲ ਸ਼ਕਤੀ ਦਾ ਸੁਮੇਲ ਹੋਣਾ ਸ਼ੁਰੂ ਹੋਇਆ। ਗੁਰੂ ਸਾਹਿਬ ਨੇ ਜ਼ਾਲਮ ਮੁਗ਼ਲਾਂ ਨਾਲ ਯੁੱਧ ਲੜੇ ਤੇ ਜਿੱਤਾਂ ਪ੍ਰਾਪਤ ਕੀਤੀਆਂ ਜਿਸ ਨਾਲ ਸਿੱਖਾਂ ਦੇ ਹੌਂਸਲੇ ਬੁਲੰਦ ਹੋ ਗਏ। ਇਵੇਂ ਮੁਗ਼ਲਾਂ ਦੇ ਜਬਰ ਵਿਰੁਧ ਡਟਣ ਦਾ ਬਿਗਲ ਵਜ ਗਿਆ।

ਗੁਰੂ ਸਾਹਿਬ ਨੇ ਜ਼ੁਲਮ ਦੇ ਵਿਰੁਧ ਆਪਣੇ ਸਿੱਖਾਂ ਦੇ ਹੱਥ ਵਿਚ ਕਿਰਪਾਨ ਫੜਾ ਕੇ ਉਨ੍ਹਾਂ ਨੂੰ 'ਅਹਿਲੇ ਸ਼ਮਸ਼ੀਰ' ਤਾਂ ਬਣਾ ਦਿੱਤਾ ਪਰ ਇਸ ਸ਼ਮਸ਼ੀਰ ਦੀ ਕਿਸੇ

ਕਰੋਧ ਵਿਚ ਜਾਂ ਬਦਲੇ ਦੀ ਭਾਵਨਾ ਵਿਚ ਵਰਤੋਂ ਕਰਨ ਤੋਂ ਉਨ੍ਹਾਂ ਨੇ ਸਖਤ ਮਨਾਹੀ ਕਰ ਦਿਤੀ। ਹਾਂ ਇਤਨਾ ਜ਼ਰੂਰ ਹੋਇਆ ਕਿ ਪਹਿਲੇ ਗੁਰੂ ਸਾਹਿਬਾਨ ਨੇ ਜਿਥੇ ਆਪਣੇ ਸਿੱਖਾਂ ਨੂੰ ਹਰ ਪਰਕਾਰ ਦੇ ਸਮਾਜਿਕ ਤੇ ਸਭਿਆਚਾਰਕ ਜੀਵਨ ਵਿਚ ਉਚ ਪਾਏ ਦੀ ਧਾਰਮਿਕ ਜ਼ਿੰਦਗੀ ਜੀਣ ਦੀ ਜਾਚ ਦਸੀ, ਉਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਨੂੰ ਆਪਣੇ ਧਰਮ ਦੀ ਰਾਖੀ ਕਰਨ ਤੇ ਆਪਣੀ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਆਜ਼ਾਦਾਨਾ ਰੂਪ ਵਿਚ ਜੀਣ ਦਾ ਵਲ ਸਿਖਾਇਆ ਤਾਂ ਜੋ ਕੋਈ ਉਨ੍ਹਾਂ ਨੂੰ ਜਬਰ ਨਾਲ ਮਿਟਾ ਨਾ ਸਕੇ। ਇਸ ਨਵੀਂ ਦਲੇਰਨਾ ਨੀਤੀ ਦਾ ਅੱਗੇ ਜਾ ਕੇ ਬਹੁਤ ਚੰਗਾ ਪ੍ਰਭਾਵ ਪਿਆ। ਸਿੱਖਾਂ ਨੇ ਆਪਣੀ ਸੁਰੱਖਿਆ ਕਰਨ ਵਿਚ ਹੀ ਕਾਮਯਾਬੀ ਪ੍ਰਾਪਤ ਨਹੀਂ ਕੀਤੀ ਸਗੋਂ ਦੇਸ਼ ਨੂੰ ਵੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਨਜਾਤ ਦਵਾਈ। ਗੁਰੂ ਸਾਹਿਬ ਦਾ ਸਮਕਾਲੀ ਇਤਿਹਾਸਕਾਰ ਮੁਹਸਨ ਫਾਨੀ ਜਿਥੇ ਇਹ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਤੋਂ ਸੁਹਣਾ ਮਨੁੱਖ ਇਸ ਧਰਤੀ ਤੇ ਪਹਿਲੇ ਨਹੀਂ ਚਲਿਆ ਫਿਰਿਆ ਹੋਣਾ, ਉਥੇ ਉਹ ਇਸ ਗੱਲ ਨੂੰ ਵੀ ਸਪੱਸ਼ਟ ਸ਼ਬਦਾਂ ਵਿਚ ਅੰਕਤ ਕਰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਦੀ ਗ੍ਰਹਿਣ ਕੀਤੀ ਕਿਰਪਾਨ ਗੁਸੇ ਵਿਚ ਆ ਕੇ ਕਦੇ ਵੀ ਮਿਆਨੋਂ ਬਾਹਰ ਨਹੀਂ ਕੱਢੀ ਗਈ।

ਦੋ ਪਰਕਾਰ ਦੀਆਂ ਕਿਰਪਾਨਾਂ ਗ੍ਰਹਿਣ ਕਰਨਾ ਭਾਵੇਂ ਉਸ ਸਮੇਂ ਗੁਰੂ ਸਾਹਿਬ ਲਈ ਇਕ ਅਵਸ਼ਕਤਾ ਬਣ ਗਈ ਸੀ ਫਿਰ ਵੀ ਗੁਰੂ ਸਾਹਿਬ ਦੇ ਅਧਿਆਤਮਿਕ ਗੱਦੀ ਤੇ ਬਿਰਾਜਮਾਨ ਹੋਣ ਕਾਰਨ ਤੇ ਉਚ ਆਤਮਿਕ ਅਵਸਥਾ ਦੇ ਮਾਲਕ ਹੋਣ ਕਾਰਨ ਉਹ ਬਹੁਤਾ ਸਮਾਂ ਨਾਮ ਸਿਮਰਨ ਤੇ ਬਾਣੀ ਪੜ੍ਹਨ ਸੁਣਨ ਵਿਚ ਹੀ ਲੀਨ ਰਹਿੰਦੇ। ਕਹਿੰਦੇ ਹਨ ਕਿ ਉਹ ਆਪਣੇ ਇਕ ਸਿੱਖ ਭਾਈ ਗੋਪਾਲਾ ਪਾਸੋਂ ਬਾਣੀ ਪਾਠ ਸੁਣ ਰਹੇ ਸਨ ਤੇ ਸਿੱਖ ਬੜੀ ਸ਼ਰਧਾ ਤੇ ਇਕਾਗਰ ਮਨ ਨਾਲ ਪਾਠ ਕਰ ਰਿਹਾ ਸੀ। ਇਵੇਂ ਲਗ ਰਿਹਾ ਸੀ ਜਿਵੇਂ ਅੰਮ੍ਰਿਤ ਵਰਸ਼ਾ ਹੋ ਰਹੀ ਹੋਵੇ। ਜਿਓਂ ਜਿਓਂ ਉਹ ਪਾਠ ਕਰਦਾ ਜਾਂਦਾ ਗੁਰੂ ਸਾਹਿਬ ਆਪਣੇ ਚਰਨ ਗੱਦੀ ਤੋਂ ਉਠਾ ਕੇ ਜ਼ਮੀਨ ਵਲ ਵਧਾਂਦੇ ਜਾਂਦੇ। ਉਹ ਉਸ ਸਿੱਖ ਦੇ ਸ਼ਰਧਾ ਵਿਚ ਆ ਕੇ ਪਾਠ ਕਰਨ ਦੇ ਰਸ ਤੋਂ ਇਤਨੇ ਪ੍ਰਭਾਵਤ ਹੋਏ ਕਿ ਉਸ ਨੂੰ ਆਪਣੀ ਗੱਦੀ ਤਕ ਸੌਂਪ ਦੇਣ ਲਈ ਉਨ੍ਹਾਂ ਨੇ ਮਨ ਬਣਾ ਲਿਆ ਤੇ ਇਸ ਨਿਸਚੇ ਦੀ ਪੂਰਤੀ ਲਈ ਉਹ ਉਸ ਲਈ ਆਪਣੀ ਗੱਦੀ ਖਾਲੀ ਕਰਨ ਲਗ ਪਏ। ਪਰ ਅਚਾਨਕ ਉਹ ਸਾਵਧਾਨ ਹੋ ਕੇ ਚੌਕੜਾ ਮਾਰ ਕੇ ਗੱਦੀ ਤੇ ਫਿਰ ਕੁਸ਼ਲ ਰੂਪ ਵਿਚ ਸ਼ੋਭਤ ਹੋ ਗਏ। ਪਾਠ ਦੇ ਸੰਪੰਨ ਹੋ ਜਾਣ ਤੇ ਉਨ੍ਹਾਂ ਪਾਠ ਕਰ ਰਹੇ ਸਿੱਖ ਨੂੰ ਉਸ ਦੇ ਪਾਠ ਕਰਨ ਦੇ ਢੰਗ ਤੇ ਉਸ ਦੀ ਇਕਾਗਰ ਚਿਤਤਾ ਦੀ ਵਧਾਈ ਦੇਂਦਿਆਂ ਫਰਮਾਇਆ ਕਿ ਉਹ ਤਾਂ ਉਸ ਦੇ ਪਾਠ ਕਰਨ ਦੇ ਢੰਗ ਤੋਂ ਪਰਸੰਨ ਹੋ ਕੇ ਗਦੀ ਹੀ ਉਸ ਨੂੰ ਸੌਂਪ ਦੇਣਾ ਚਾਹੁੰਦੇ ਸਨ ਪਰ ਯਕਾਯਕ ਉਸਦੀ ਬਿਰਤੀ ਤਾਂ ਕੇਵਲ ਘੋੜੇ ਦੀ ਪ੍ਰਾਪਤੀ ਦੀ ਲੋਚਾ ਕਰ ਬੈਠੀ, ਇਸ ਲਈ ਸਾਨੂੰ ਦੋਬਾਰਾ ਆਪਣਾ ਆਸਨ ਗ੍ਰਹਿਣ ਕਰਨਾ ਪਿਆ। ਇਸ ਗੱਲ ਤੋਂ ਪਰਤੀਤ ਹੁੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜਿਥੇ ਉਚ ਪਾਏ ਦੇ ਯੋਧੇ ਤੇ ਸੂਰਬੀਰ ਸਨ, ਉਥੇ ਲਾਸਾਨੀ ਬਾਣੀ ਰਸੀਆ ਸਨ ਤੇ ਗੁਰੂ ਹੋ ਕੇ ਵੀ ਉਹ ਬਾਣੀ ਦਾ ਧੁਰ ਅੰਤਰ ਆਤਮੇ ਤੋਂ ਅਕਹਿ ਸਤਿਕਾਰ ਕਰਦੇ ਸਨ। ਉਨ੍ਹਾਂ ਦੇ ਦਿਲ ਵਿਚ ਬਾਕੀ ਧਰਮਾਂ ਦਾ ਵੀ ਪੂਰਾ ਪੂਰਾ ਸਤਿਕਾਰ ਸੀ। ਜੇ ਉਨ੍ਹਾਂ ਨੇ ਸਿੱਖ

ਧਾਰਮਿਕ ਸਥਾਨ ਅਤੇ ਅਕਾਲ ਤਖਤ ਸਾਹਿਬ ਦਾ ਨਿਰਮਾਣ ਕਰਵਾ ਕੇ ਜਸ ਖਟਿਆ ਹੈ ਤਾਂ ਉਨ੍ਹਾਂ ਨੇ ਬੜੇ ਪਿਆਰ ਨਾਲ ਮਸਜਦਾਂ ਦਾ ਵੀ ਨਿਰਮਾਣ ਕਰਵਾ ਕੇ ਸਿੱਖਾਂ ਨੂੰ ਧਾਰਮਿਕ ਫਰਾਖ ਦਿਲੀ ਦਾ ਵੀ ਅਮਲੀ ਉਪਦੇਸ਼ ਦਿੱਤਾ ਹੈ (ਹਵਾਲਾ ਗੁਰਦਵਾਰਾ ਗਜ਼ਟ ਦਸੰਬਰ 1980 ਅੰਗਰਜ਼ੀ ਸੈਕਸ਼ਨ ਪੰਨਾ 12)। ਇਹੀ ਕਾਰਨ ਹੈ ਕਿ ਜਦ ਕਦੇ ਵੀ ਸਿੱਖਾਂ ਨੇ ਕਿਸੇ ਪਾਸੇ ਹਮਲਾ ਕੀਤਾ ਤਾਂ ਉਥੇ ਉਨ੍ਹਾਂ ਦੂਜੇ ਧਰਮਾਂ ਦੇ ਅਸਥਾਨਾਂ ਦਾ ਪੂਰਾ ਪੂਰਾ ਸਤਿਕਾਰ ਕੀਤਾ। ਮਿਸਲਾਂ ਦੇ ਕਾਲ ਵਿਚ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਸ ਨੀਤੀ ਤੇ ਇਤਨੀ ਸਖਤੀ ਨਾਲ ਪਹਿਰਾ ਦਿੱਤਾ ਗਿਆ ਕਿ ਹਰ ਇਤਿਹਾਸਕਾਰ ਸਿੱਖਾਂ ਦੀ ਇਸ ਬੇਨਜ਼ੀਰ ਅਧਿਆਤਮਿਕ, ਇਖਲਾਕੀ ਤੇ ਸਤਿਕਾਰੀ ਭਾਵਨਾ ਦੀ ਤਾਰੀਫ ਕੀਤੇ ਬਿਨਾਂ ਨਹੀਂ ਰਿਹਾ।

ਹਲਤੁ ਪਲਤੁ ਸਵਾਰਿਓਨ ਨਿਹਚਲ ਦਿਤੀਅਨੁ ਜਾਇ॥

ਗੁਰੂ ਹਰਿ ਰਾਏ ਸਾਹਿਬ (1630-1661 ਈ:)

ਸਤਵੇਂ ਗੁਰੂ, ਗੁਰੂ ਹਰਿ ਰਾਏ ਸਾਹਿਬ ਨੇ ਸਿੱਖਾਂ ਵਿਚ ਤਰਸ ਤੇ ਦਯਾ ਵਰਗੇ ਦੈਵੀ ਗੁਣਾਂ ਦਾ ਭਰਵਾਂ ਸੰਚਾਰ ਕੀਤਾ ਤਾਂ ਜੋ ਇਹ ਮਾਨਵ ਸੇਵਾ ਦੇ ਮਹਾਨ ਉਦੇਸ਼ ਤੋਂ ਥਿੜਕ ਨਾ ਜਾਣ। ਸਿੱਖ ਸਿਧਾਂਤਾਂ ਦੇ ਪਰਚਾਰ ਹਿਤ ਭਾਈ ਭਗਵਾਨ, ਭਾਈ ਫੇਰੂ ਤੇ ਭਾਈ ਗੋਂਦਾ ਨੂੰ ਵੱਖ ਵੱਖ ਇਲਾਕਿਆਂ ਵਿਚ ਭੇਜਿਆ। ਆਪ ਨੇ ਇਸੇ ਮਨੋਰਥ ਨਾਲ ਮਾਲਵੇ ਦੇ ਇਲਾਕੇ ਦਾ ਰਟਨ ਕੀਤਾ। ਆਪਣੇ ਪੁਤਰ ਰਾਮ ਰਾਏ ਨੂੰ ਗੁਰਬਾਣੀ ਦੇ ਇਕ ਅਖਰ ਵਿਚ ਅਦਲਾ ਬਦਲੀ ਕਰਨ ਦੀ ਅਵਗਿਆ ਕਾਰਨ ਗੁਰਗਦੀ ਤੋਂ ਵੰਚਤ ਕਰਕੇ ਇਹ ਦਰਿੜ ਕਰਵਾਇਆ ਕਿ ਕੋਈ ਚਾਹੇ ਕਿਤਨਾ ਹੀ ਵੱਡਾ ਕਿਉਂ ਨਾ ਹੋਵੇ, "**ਧੁਰ ਕੀ ਬਾਣੀ**" ਵਿਚੋਂ ਨਾਂ-ਮਾਤਰ ਅਦਲਾ ਬਦਲੀ ਕਰਨ ਦਾ ਵੀ ਹੱਕ ਨਹੀਂ ਰਖਦਾ।

ਕੋਮਲ ਚਿਤ ਦਯਾ ਦੀ ਮੂਰਤੀ ਸਤਵੇਂ ਪਾਤਸ਼ਾਹ ਦੀ ਇਸ ਦ੍ਰਿੜ ਇਰਾਦਗੀ ਨੇ ਗੁਰਬਾਣੀ ਵਿਚ ਕਿਸੇ ਪਰਕਾਰ ਦੀ ਕਿਸੇ ਸਟੇਜ ਤੇ ਰਲ ਗਡ ਕਰਨ ਦੀ ਪਰਵਿਰਤੀ ਨੂੰ ਸਦਾ ਸਦਾ ਲਈ ਮੌਤ ਦੀ ਨੀਂਦ ਸਵਾ ਦਿੱਤਾ। ਗੁਰੂ ਹਰਿ ਰਾਏ ਸਾਹਿਬ ਦੇ ਜੀਵਨ ਨੂੰ ਵੇਖ ਕੇ ਉਨ੍ਹਾਂ ਦੇ ਸਿੱਖਾਂ ਨੂੰ ਕਈ ਮਹੱਤਵਪੂਰਣ ਉਪਦੇਸ਼ ਸੁਤੇ ਸਿੱਧ ਹੀ ਪ੍ਰਾਪਤ ਹੁੰਦੇ ਰਹਿੰਦੇ। ਇਕ ਵਾਰੀ ਉਨ੍ਹਾਂ ਦੇ ਚੋਗੇ ਨਾਲ ਲਗ ਕੇ ਕੁਝ ਫੁਲ ਟੁਟ ਕੇ ਜ਼ਮੀਨ ਤੇ ਗਿਰ ਗਏ। ਗੁਰੂ ਪਾਤਸ਼ਾਹ ਨੂੰ ਬੇਕਸੂਰੇ ਫੁੱਲਾਂ ਤੇ ਬੜਾ ਤਰਸ ਆਇਆ ਤੇ ਫਿਰ ਸਾਰੀ ਉਮਰ ਆਪਣੇ ਚੋਗੇ ਨੂੰ ਇਤਨਾ ਸੰਭਾਲ ਕੇ ਰਖਿਆ ਤਾਂਕਿ ਉਸ ਤੋਂ ਕਿਸੇ ਨੂੰ ਵੀ ਜਾਣੇ ਅਣਜਾਣੇ ਵਿਚ ਦੁੱਖ ਨਾ ਹੋਵੇ। ਜਿਹੜਾ ਸਤਿਗੁਰੂ ਫੁਲਾਂ ਨਾਲ ਅਨਿਆਂ ਹੋਇਆ ਨਹੀਂ ਦੇਖ ਸਕਦਾ ਉਹ ਮਾਨਵਤਾ ਵਿਚ ਹਰ ਸਮੇਂ ਸਦਭਾਵਨਾ, ਪਿਆਰ, ਸਨੇਹ ਤੇ ਪਰਸਪਰ ਪਿਆਰ ਦੇ ਛੱਟਿਆਂ ਦਾ ਖੁੱਲ੍ਹਾ ਡੁੱਲ੍ਹਾ ਵਰਦਾਨ ਕਰਨੋਂ ਪਿੱਛੇ ਕਿਵੇਂ ਹਟ ਸਕਦਾ ਹੈ? ਗੁਰੂ ਸਾਹਿਬ ਦੀ ਇਸ ਕੋਮਲ ਬਿਰਤੀ ਨੂੰ ਭਾਂਪਦਿਆਂ ਹੋਇਆਂ ਹੀ ਸ਼ਾਇਦ ਉਨ੍ਹਾਂ ਦੇ ਦਾਦਾ, ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਤਾਕੀਦ ਕੀਤੀ ਸੀ ਕਿ ਉਨ੍ਹਾਂ ਨੇ ਕਿਰਪਾਨ ਦੇ ਪ੍ਰਯੋਗ ਦਾ ਸੰਕੋਚ ਕਰਨਾ ਹੈ ਅਤੇ ਪਿਆਰ ਦਾ ਪਸਾਰਾ ਕਰਨਾ ਹੈ। ਸਤਿਗੁਰੂ ਹਰਿ ਰਾਏ ਸਾਹਿਬ ਨੇ ਗੁਰੂ ਬਾਬੇ ਦੇ ਬਚਨਾਂ ਨੂੰ ਸਾਰੀ ਜ਼ਿੰਦਗੀ ਫੁੱਲ ਚੜਾਏ ਭਾਵੇਂ ਕਿ ਉਨ੍ਹਾਂ ਆਪਣੇ ਪਾਸ 2100 ਗੁਰ-ਸਿੱਖ ਜਵਾਨਾਂ ਦੀ ਸ਼ਸਤਰ-ਬੱਧ ਫ਼ੌਜ ਵੀ

ਰਖੀ ਹੋਈ ਸੀ। ਗੁਰੂ ਸਾਹਿਬ ਨੇ ਮਾਨਵਤਾ ਦੀ ਸੇਵਾ ਹਿਤ ਆਪਣੀ ਰਿਹਾਇਸ਼-ਗਾਹ (ਨਿਵਾਸ ਸਥਾਨ) ਦੇ ਨਾਲ ਇਕ ਵਿਸ਼ਾਲ ਡਿਸਪੈਨਸਰੀ ਵੀ ਖੋਹਲ ਰਖੀ ਸੀ ਜਿਸ ਤੋਂ ਹਰ ਕਿਸੇ ਨੂੰ ਮੁਫ਼ਤ ਇਲਾਜ ਮਿਲਦਾ ਸੀ।

ਗੁਰੂ ਹਰਿਕ੍ਰਿਸਨ ਧਿਆਈਐ ਜਿਸ ਡਿਠੈ ਸਭ ਦੁਖ ਜਾਏ॥

ਗੁਰੂ ਹਰਿਕ੍ਰਿਸ਼ਨ ਸਾਹਿਬ (1656-1664 ਈ:)

ਅਠਵੇਂ ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੇ 8 ਸਾਲ ਦੀ ਛੋਟੀ ਜਿਹੀ ਉਮਰ ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ "ਬਾਬਾ ਬਕਾਲਾ" ਦਾ ਇਸ਼ਾਰਾ ਦੇ ਕੇ ਆਪਣਾ ਰਹਿਨੁਮਾ ਚੁਣਨ ਦਾ ਵੱਲ ਸਿਖਾਇਆ। ਦੁਖੀਆਂ, ਬੀਮਾਰਾਂ ਦੀ ਸੇਵਾ ਕਰਨ ਵਿਚ ਆਪਣੀ ਜਾਨ ਤੱਕ ਵਾਰ ਦੇਣ ਦਾ ਸਬਕ ਸਿਖਾ ਕੇ ਆਪਣੇ ਸਿੱਖਾਂ ਵਿਚ ਤਿਆਗਮਈ ਬੇਲਾਗ ਸੇਵਾ ਦੀ ਰਵਾਇਤ ਦੀ ਨਵੀਂ ਰੂਹ ਫੂਕੀ। ਦਿੱਲੀ ਵਿਚ ਪਈ ਪਲੇਗ ਸਮੇਂ ਆਪਣੇ ਸਿੱਖਾਂ ਨਾਲ ਵੱਧ ਚੜ੍ਹਕੇ ਰੋਗੀਆਂ ਦੀ ਸੇਵਾ ਕੀਤੀ। ਹਜ਼ਾਰਾਂ ਜਾਨਾਂ ਇਨ੍ਹਾਂ ਦੇ ਉਦਮ ਕਰਕੇ ਬਚੀਆਂ। ਸਿੱਖਾਂ ਨੂੰ ਮਹਿਸੂਸ ਹੋਇਆ ਕਿ ਦੁੱਖ ਵਿਚ ਕਿਸੇ ਦੂਸਰੇ ਦੀ ਸੇਵਾ ਕਰਨ ਦਾ ਕੀ ਆਨੰਦ ਹੈ। ਇਵੇਂ ਸਹੀ ਅਰਥਾਂ ਵਿਚ ਗੁਰੂ ਹਰਿਕ੍ਰਿਸ਼ਨ ਜੀ ਨੇ ਆਧੁਨਿਕ ਰੈਡ ਕਰਾਸ ਦੇ ਜਜ਼ਬੇ ਨੂੰ ਪਰਕਾਸ਼ਮਾਨ ਕੀਤਾ।

ਲੜਕੀਆਂ ਨੂੰ ਜਨਮ ਸਮੇਂ ਮਾਰ ਦੇਣ ਵਾਲੇ ਹੱਤਿਆਰਿਆਂ ਵਿਰੁਧ ਫਰਮਾਨ ਜਾਰੀ ਕੀਤਾ ਤੇ ਹਦਾਇਤ ਕੀਤੀ ਕਿ ਕੁੜੀ ਮਾਰਾਂ ਨਾਲ ਸਬੰਧ ਨਹੀਂ ਰਖਣੇ। ਮਸੰਦ ਪ੍ਰਣਾਲੀ ਵਿਚ ਵਿਗਾੜ ਦੇ ਵਾਧੇ ਨੂੰ ਦੇਖਦਿਆਂ ਹੋਇਆਂ ਹੁਕਮ ਕੀਤਾ ਕਿ ਭੇਟਾ ਮਸੰਦਾਂ ਨੂੰ ਨਹੀਂ ਦੇਣੀ ਸਗੋਂ ਸਿੱਖਾਂ ਦੁਆਰਾ ਘਲਣੀ ਹੈ। ਆਗਰੇ ਦੇ ਬਸੰਤ ਪੰਡਿਤ ਨੇ ਆਪਣੇ ਸਰੀਰ ਦੇ ਕੋਹੜ ਦੀ ਨਵਿਤਰੀ ਲਈ ਅਰਦਾਸ ਕੀਤੀ ਤਾਂ ਫਰਮਾਇਆ " ਪੰਡਿਤ ਜੀ ਸਰੀਰ ਦੇ ਅੰਦਰ ਜੋ ਜ਼ਾਤ ਪਾਤ ਦਾ ਕੋਹੜ ਫੈਲ ਕੇ ਸਾਰੇ ਭਾਰਤ ਵਰਸ਼ ਨੂੰ ਬੀਮਾਰ ਕਰ ਰਿਹਾ ਹੈ ਉਸ ਦਾ ਇਲਾਜ ਕਰੋ। ਉਸ ਨੂੰ ਆਪਣੇ ਬਚਨਾਂ ਨਾਲ ਨਾ ਫੈਲਾਓ।" ਲਾਲ ਚੰਦ ਪੰਡਿਤ ਦਾ ਹੰਕਾਰ ਤੋੜ ਕੇ ਗੀਤਾ ਦੇ ਅਰਥ 'ਛਜੂ ਗੁੰਗੇ' ਤੋਂ ਕਰਵਾ ਕੇ ਇਸ ਅਭਿਮਾਨੀ ਦਾ ਭਰਮ ਤੋੜਿਆ ਤੇ ਫਰਮਾਇਆ "ਹੰਕਾਰ ਵਾਹਿਗੁਰੂ ਨੂੰ ਨਹੀਂ ਭਾਵੰਦਾ।"

ਤੇਗ ਬਹਾਦਰ ਸੀ ਕਿਰਿਆ ਕਰੀ ਨਾ ਕਿਨਹ ਆਨ॥

ਗੁਰੂ ਤੇਗ਼ ਬਹਾਦਰ ਸਾਹਿਬ (1621-1675 ਈ:)

ਨੌਵੇਂ ਗੁਰੂ, ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਸਾਨੂੰ ਠੰਡਾ ਸੁਭਾਅ ਰਖਣ, ਦੁੱਖ ਸੁੱਖ ਵਿਚ ਇਕ ਸਮਾਨ ਰਹਿਣ, ਨਾ ਕਿਸੇ ਤੋਂ ਡਰਨ ਤੇ ਨਾ ਕਿਸੇ ਨੂੰ ਡਰਾਉਣ ਅਤੇ ਹਰ ਹਾਲਤ ਵਿਚ ਮਾਨਸਿਕ ਸ਼ਾਂਤੀ ਨੂੰ ਪਰਮ ਸਰੇਸ਼ਠ ਅਵਸਥਾ ਵਿਚ ਰਖਣ ਦੇ ਵੱਡਮੁਲੇ ਉਪਦੇਸ਼ ਦੇ ਕੇ, ਕੌਮ ਦੀ ਸ਼ਖਸੀਅਤ ਨੂੰ ਸੰਤੁਲਤ ਕਰਦਿਆਂ ਦੂਜੇ ਦੇ ਹਿੱਤਾਂ ਲਈ ਆਪਾ ਵਾਰਨ ਦੀ ਭਾਵਨਾ ਨੂੰ ਪਰਪੱਕ ਕੀਤਾ। ਦੇਸ਼ ਤੋਂ ਆਪਣੀ ਜਾਨ ਕੁਰਬਾਨ ਕਰਕੇ ਭਾਰਤ ਦੀ ਇੱਜ਼ਤ ਬਚਾਈ ਤੇ ਹਿੰਦ ਦੀ ਚਾਦਰ ਅਖਵਾਏ।

ਸੰਜੋਗ ਦੀ ਗੱਲ ਹੈ ਕਿ ਇਨ੍ਹਾਂ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਨ ਲਈ ਬਾਬਾ

ਬਕਾਲਾ ਵਿਖੇ ਇਕ ਸ਼ਾਹ (ਮਖਣ ਸ਼ਾਹ) ਨੇ ਇਨ੍ਹਾਂ ਨੂੰ ਲਭ ਕੇ ਪ੍ਰਗਟ ਕੀਤਾ ਅਤੇ 1675 ਈ: ਵਿਚ ਚਾਂਦਨੀ ਚੌਕ ਵਿਚ ਇਨ੍ਹਾਂ ਦੀ ਸ਼ਹੀਦੀ ਸਮੇਂ ਇਨ੍ਹਾਂ ਦੇ ਧੜ ਨੂੰ ਇਕ ਹੋਰ ਸ਼ਾਹ (ਲਖੀ ਸ਼ਾਹ) ਨੇ ਆਪਣੀ ਜਾਨ ਹੂਲ ਕੇ ਸੰਭਾਲਿਆ ਤੇ ਸਸਕਾਰ ਕਰਨ ਵਿਚ ਸਫਲ ਹੋਇਆ। ਇਸ ਘਟਨਾ ਨੂੰ ਕਵੀ ਆਪਣੀ ਕਵਿਤਾ ਵਿਚ ਇਵੇਂ ਲਿਖਦਾ ਹੈ:-

ਇਕ ਸ਼ਾਹ ਨੇ ਸ਼ਾਹਾਂ ਦੇ ਸ਼ਾਹ ਨੂੰ
ਜਗ ਦੇ ਅੰਦਰ ਇੰਜ ਪ੍ਰਗਟਾਇਆ
ਗੁਰੂ ਲਾਧੋ ਰੇ, ਗੁਰੂ ਲਾਧੋ ਰੇ
ਕੋਠੇ ਚੜ ਉਸ ਰੌਲਾ ਪਾਇਆ

ਇਕ ਸ਼ਾਹ ਨੇ ਸ਼ਾਹਾਂ ਦੇ ਸ਼ਾਹ ਨੂੰ
ਧੜ ਵਿਚ ਦਿੱਲੀ ਇੰਜ ਛੁਪਾਇਆ
ਆਪਣੇ ਹਥੀਂ ਆਪਣੇ ਸਾਹਮਣੇ
ਗੁਰੂ ਸਰੀਰ ਨੂੰ ਲਾਂਬੂ ਲਾਇਆ।

ਇਕ ਸ਼ਾਹ ਨੇ ਸਤਿਗੁਰ ਨੂੰ ਪ੍ਰਗਟਾਇਆ
ਇਕ ਸ਼ਾਹ ਨੇ ਸਤਿਗੁਰ ਨੂੰ ਛੁਪਾਇਆ
ਉਸ ਵੀ ਆਪਣਾ ਫਰਜ਼ ਨਿਭਾਇਆ
ਉਸ ਵੀ ਆਪਣਾ ਫਰਜ਼ ਨਿਭਾਇਆ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਮਹਾਨ ਬਲੀਦਾਨੀ ਪਿਤਾ ਦੀ ਸ਼ਹੀਦੀ ਤੇ ਆਪਣੀ ਸ਼ਰਧਾ ਭਰੇ ਬਚਨ ਉਨ੍ਹਾਂ ਪ੍ਰਤੀ ਪ੍ਰਗਟਾਂਦੇ ਹੋਏ ਫਰਮਾਇਆ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਕਾਰਨ ਇਸ ਜਹਾਨ ਵਿਚ ਤਾਂ ਹਾਹਾਕਾਰ ਮਚ ਗਈ ਹੈ ਪਰ ਅਕਾਲਪੁਰਖ ਦੇ ਦਰਬਾਰ ਵਿਚ ਉਨ੍ਹਾਂ ਦੀ ਜੈ ਜੈ ਕਾਰ ਦੇ ਜੈਕਾਰੇ ਬੁਲੰਦ ਹੋ ਰਹੇ ਹਨ।

ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ॥

ਗੁਰੂ ਗੋਬਿੰਦ ਸਿੰਘ ਸਾਹਿਬ (1666-1708 ਈ:)

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੱਖ ਨੂੰ ਸਿੰਘ ਸੂਰਮਾ ਬਣਾ ਦਿੱਤਾ, ਜਿਸ ਵਿਚ ਸਵਾ ਲੱਖ ਨਾਲ ਜੂਝਣ ਦੀ ਸ਼ਕਤੀ ਉਮਡ ਪਈ। ਅੰਮ੍ਰਿਤ ਪਾਨ ਕਰਨ ਪਿੱਛੋਂ 'ਸਿੰਘ' ਅਕਾਲਪੁਰਖ ਦੀ ਫੌਜ ਬਣ ਕੇ ਖਾਲਸਾ ਅਖਵਾਉਣ ਲਗੇ। ਇਹ ਖਾਲਸਾ ਬਦੀ ਨੂੰ ਸਿੰਘਾਰਨ ਲਈ, ਜ਼ਾਲਮ ਦੇ ਨਾਪਾਕ ਮਨਸੂਬਿਆਂ ਨੂੰ ਠਲ੍ਹ ਪਾਉਣ ਲਈ ਇਵੇਂ ਤਤਪਰ ਹੋਇਆ ਕਿ ਦੇਸ਼ ਕੌਮ ਦੀ ਆਨ ਸ਼ਾਨ ਲਈ ਤੇ ਦੂਜੇ ਦੇ ਹਿੱਤਾਂ ਦੀ ਰਖਵਾਲੀ ਲਈ, ਮਾਨਵਤਾ ਵਿਚ ਧਰਮ ਦੇ ਪਸਾਰੇ ਲਈ ਇਸ ਨੇ ਮਰ ਮਿਟਣ ਨੂੰ ਇਕ ਖੇਡ ਸਮਝਣਾ ਸ਼ੁਰੂ ਕਰ ਦਿੱਤਾ ਅਤੇ ਇਵੇਂ ਮੌਤ ਦੇ ਡਰ ਤੋਂ ਸਦਾ ਲਈ ਨਜਾਤ ਪਾ ਲਈ। ਗੁਰੂ ਸਾਹਿਬ ਦੇ ਬੇਸ਼ੁਮਾਰ ਕਾਰਨਾਮਿਆਂ ਤੇ ਅਕਹਿ ਸੂਰਮਗਤੀ ਦੇ ਬਾਵਜੂਦ ਜਿਨ੍ਹਾਂ ਦਾ ਕੁਝ ਕੁਝ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ, ਉਹ ਸਦਾ ਆਪਣੇ

ਆਪ ਨੂੰ ਪਰਮ ਪੁਰਖ ਦਾ ਦਾਸ ਸਮਝਦੇ ਰਹੇ। ਇਹ ਉਨ੍ਹਾਂ ਦੇ ਅਜ਼ੀਮ-ਉਲ-ਸ਼ਾਨ ਕਿਰਦਾਰ ਦਾ ਇਕ ਅਨੋਖਾ ਪਰ ਅਣਗੌਲਿਆ ਪੱਖ ਹੀ ਰਿਹਾ ਜਿਸ ਨੂੰ ਉਭਾਰਨ ਖਾਤਰ ਨਿਮਨ ਕੁਝ ਲਾਈਨਾਂ ਲਿਖਣਾ ਜ਼ਰੂਰੀ ਜਾਪਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਪਰਮ ਪੁਰਖ ਦੇ ਦਾਸ ਦੇ ਰੂਪ ਵਿਚ

ਵੱਡੇ ਤੋਂ ਵੱਡਾ ਲੇਖਕ ਵੀ ਜਦ ਭਾਰਤ ਦੇ ਮਹਾਨ ਸਪੂਤ, ਮਾਨਵਤਾ ਦੇ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਪੱਖੀ, ਸਰਬੰਗੀ, ਅਸੀਮ ਅਤੇ ਰੂਹਾਨੀ ਤੌਰ ਤੇ ਉਚੀ, ਇਖਲਾਕੀ ਤੌਰ ਤੇ ਸੁੱਚੀ ਸ਼ਖਸੀਅਤ ਦਾ ਵਰਨਣ ਆਪਣੀ ਸ਼ਕਤੀਸ਼ਾਲੀ ਕਲਮ ਤੇ ਰੌਸ਼ਨ ਦਿਮਾਗ਼ੀ ਬਲ ਨਾਲ ਕਰਨ ਦਾ ਉਪਰਾਲਾ ਕਰਦਾ ਹੈ ਤਾਂ ਇਤਨੀ ਲਾਸਾਨੀ ਤੇ ਪਰਤਾਪੀ ਸ਼ਖਸੀਅਤ ਦਾ ਯੋਗ ਖਾਕਾ ਖਿਚਣ ਵਿਚ ਅਸਮਰਥਾ ਦਾ ਸਾਹਮਣਾ ਕਰਦਿਆਂ ਹੋਇਆਂ ਉਸ ਨੂੰ ਆਪਣੀ ਉਹੀ ਸ਼ਕਤੀਸ਼ਾਲੀ ਕਲਮ ਨਿਮਾਣੀ ਜਿਹੀ ਤੇ ਦਿਮਾਗ ਦੀ ਰੌਸ਼ਨ-ਖਿਆਲੀ ਹੀਣ, ਹਲੀਮ, ਆਜਜ਼, ਆਤਰ ਤੇ ਨਿਤਾਣੀ ਜਿਹੀ ਦਿਸਣ ਲਗ ਪੈਂਦੀ ਹੈ। 42 ਸਾਲ ਦੀ ਛੋਟੀ ਜਿਹੀ ਸੰਸਾਰੀ ਆਯੂ ਵਿਚ ਰੱਬੀ ਨੂਰ ਗੁਰੂ ਗੋਬਿੰਦ ਸਿੰਘ ਜੀ ਨੇ ਇਨਸਾਨੀ ਜੀਵਨ ਦੇ ਹਰ ਪੱਖ ਨੂੰ ਇਸ ਢੰਗ ਨਾਲ ਸੰਵਾਰਿਆ, ਸਜਾਇਆ ਅਤੇ ਵਿਕਸਤ ਕੀਤਾ ਕਿ ਉਸ ਨੂੰ ਦੇਖਣ ਸੁਣਨ ਅਤੇ ਘੋਖਣ ਵਾਲਾ ਚਕਰਤ ਹੋਏ ਬਿਨਾਂ ਨਹੀਂ ਰਹਿ ਸਕਦਾ। ਇਸ ਲਈ ਜਿਸ ਜਿਸ ਨੇ ਵੀ ਉਨ੍ਹਾਂ ਦੇ ਪਰਉਪਕਾਰੀ ਤੇ ਹਿਤਕਾਰੀ ਕਾਰਨਾਮਿਆਂ ਤੇ ਝਾਤ ਮਾਰੀ ਉਸ ਨੇ ਖਿਰਾਜਿ ਅਕੀਦਤ ਵਜੋਂ ਉਨ੍ਹਾਂ ਦੇ ਸਤਿਕਾਰ ਵਿਚ ਸਿਰ ਨਿਵਾਇਆ ਅਤੇ ਆਪਣੇ ਢੰਗ ਨਾਲ ਸ਼ਰਧਾ ਦੇ ਪੁਸ਼ਪ ਅਰਪਤ ਕਰਨ ਦੇ ਨਿਮਾਣੇ ਪ੍ਰਯਤਨ ਕੀਤੇ। ਸੰਖੇਪ ਰੂਪ ਵਿਚ ਕੁਝ ਅਜਿਹੀਆਂ ਪੁਸ਼ਪ ਲੜੀਆਂ ਇਸ ਪ੍ਰਕਾਰ ਹਨ।

ਇਕ ਇਤਿਹਾਸਕਾਰ ਮੁਹੰਮਦ ਲਤੀਫ ਅਨੁਸਾਰ "ਗੁਰੂ ਗੋਬਿੰਦ ਸਿੰਘ ਜੀ ਬਤੌਰ ਇਨਸਾਨ ਮਹਾਨ ਸਨ, ਬਤੌਰ ਜੰਗਜੂ ਮਹਾਨਤਮ ਸਨ ਅਤੇ ਬਤੌਰ ਦਾਰਸ਼ਨਿਕ ਅਜਿਹੇ ਰੂਹਾਨੀ ਰਹਿਬਰ ਸਨ ਜਿਨ੍ਹਾਂ ਦਾ ਸਾਨੀ ਕੋਈ ਨਹੀਂ ਸੀ। ਉਹ ਵਿਸ਼ਵ ਮੰਚ ਤੇ ਜ਼ਾਬਤਾ ਪਰਦਾਨ ਕਰਨ ਵਾਲੇ ਪ੍ਰਸ਼ਾਸਕ ਸਨ, ਗੋਸ਼ਟੀਆਂ ਅਤੇ ਉੱਘੇ ਵਿਦਵਾਨਾਂ ਦੀ ਬੈਠਕ ਵਿਚ ਬੇਨਜ਼ੀਰ ਕਵੀ ਸਨ, ਮਸਨਦ (ਗਦੀ) ਤੇ ਸ਼ਸ਼ੋਭਤ ਸੱਚੇ ਪਾਤਸ਼ਾਹ ਸਨ, ਰਣਭੂਮੀ ਵਿਚ ਮਹਾਂ ਬਲੀ ਯੋਧੇ ਸਨ ਅਤੇ ਖਾਲਸੇ ਦੀ ਸੰਗਤ ਵਿਚ ਫਕੀਰ ਦਰਵੇਸ਼ ਸਨ। ਇਨ੍ਹਾਂ ਦੀ ਕਿਰਪਾ ਸਦਕਾ ਹੀ ਆਪ ਹੁਦਰੇ, ਬੇਲਗਾਮ ਲੋਕ ਇਕ ਜਥੇਬੰਦੀ ਵਿਚ ਪਰੋਏ ਗਏ ਅਤੇ ਲਿਤਾੜੇ ਤੇ ਪਛਾੜੇ ਲੋਕੀ ਵੱਡੇ ਯੋਧੇ ਤੇ ਨਾਮਵਰ ਸੂਰਮੇ ਬਣਕੇ ਉਭਰੇ।

(2) ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਤਮ ਹਸਤੀ ਦੇ ਹਰ ਇਕ ਗੁਣ ਦੇ ਸ਼ੈਦਾਈ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਾਨ ਵਿਚ ਬਹੁਤ ਕੁਝ ਲਿਖਿਆ ਹੈ ਪਰ ਉਨ੍ਹਾਂ ਦਾ ਗੁਰੂ ਸਾਹਿਬ ਪ੍ਰਤੀ ਲਿਖਿਆ ਨਿਮਨ ਸ਼ੇਅਰ ਸ਼ਹਾਨਾ ਗੁਰੂ ਸਾਹਿਬ ਦੀ ਫਕੀਰਾਨਾ ਜ਼ਿੰਦਗੀ ਤੇ ਕਿਤਨੀ ਰੌਸ਼ਨੀ ਪਾਉਂਦਾ ਹੈ :-

ਗਾਹੇ ਸੂਫੀ ਗਾਹੇ ਜ਼ਾਹਦ ਗਾਹੇ ਕਲੰਦਰ ਮੇਸ਼ਵਦ
ਰੰਗ ਹਾਏ ਮੁਖਤਲਿਫ ਦਾਰਦ ਬੁਤੇ ਅਯਾਰੇ ਮਾ

ਅਰਥਾਤ ਮੇਰਾ ਪ੍ਰੀਤਮ ਮਾਹੀ ਕਦੇ ਤਾਂ ਫਕੀਰ ਬਣ ਜਾਂਦਾ ਹੈ ਕਦੇ ਦਰਵੇਸ਼ੀ ਰੂਪ ਬਣਾ ਲੈਂਦਾ ਹੈ। ਉਸ ਦੇ ਰੂਪਾਂ ਦਾ ਪਤਾ ਲਾਉਣਾ ਔਖਾ ਹੈ।

(3) ਉੱਚ ਪਾਏ ਦਾ ਨਾਮਵਰ ਮੁਸਲਮਾਨ ਕਵੀ ਅਲਾ ਯਾਰ ਖਾਂ ਯੋਗੀ ਕਵਿਤਾ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਪ੍ਰਤੀ ਪੁਥਾ ਜੰਗਨਾਮਾ (ਜੰਗੇ ਸ਼ਹੀਦਾਂ) ਲਿਖਦਿਆਂ ਉਨ੍ਹਾਂ ਦੀ ਅਜ਼ੀਮ ਸ਼ਖਸੀਅਤ ਦਾ ਵਰਨਣ ਇਵੇਂ ਕਰਦਾ ਹੈ :-

ਇਨਸਾਫ ਗਰ ਕਰੇ ਜੋ ਜ਼ਮਾਨਾ ਤੋ ਯਕੀਂ ਹੈ
ਕਹਿ ਦੇਗਾ ਕਿ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਕਰਤਾਰ ਕੀ ਸੋਗੰਧ ਵਾ ਨਾਨਕ ਕੀ ਕਸਮ ਹੈ
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ, ਵੁਹੀ ਕਮ ਹੈ।

ਹਰ ਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ
ਸਤਿਗੁਰ ਕੇ ਲਿਖੋਂ ਵਸਫ ਕਹਾਂ ਤਾਬੇ ਰਕਮ ਹੈ?
ਇਕ ਆਂਖ ਸੇ ਕਿਆ ਬੁਲਬਲਾ ਕੁਲ ਬਹਿਰ ਕੋ ਦੇਖੇ
ਸਾਹਿਲ ਕੋ, ਯਾ ਮਝਧਾਰ ਕੋ, ਯਾ ਲਹਿਰ ਕੋ ਦੇਖੇ

ਹੋਰ ਲਿਖਦਾ ਹੈ :-

ਯਾਕੂਬ ਕੋ ਯੂਸਫ ਕੇ ਬਿਛੜਨੇ ਨੇ ਰੁਲਾਇਆ
ਸਾਬਰ ਕੋਈ ਕਮ ਐਸਾ ਰਸੂਲ ਹੈ ਆਇਆ।
ਕਟਵਾ ਕੇ ਪਿਸਰ (ਪੁੱਤਰ) ਚਾਰ
ਇਕ ਆਂਸੂ ਭੀ ਨਾ ਹੋ ਗਿਰਾਇਆ।
ਰੁਤਬਾ ਗੁਰੂ ਗੋਬਿੰਦ ਸਿੰਘ ਨੇ
ਰਿਸ਼ੀਓਂ ਕਾ ਬੜਾਇਆ।

(4) ਸੂਫੀ ਕਵੀ ਕਿਬਰੀਆ ਖਾਂ ਵੀ ਆਪਣੇ ਵਖਰੇ ਅੰਦਾਜ਼ ਨਾਲ ਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਵਿਅਕਤ ਕਰਦਿਆਂ ਕਹਿੰਦਾ ਹੈ :-

ਕਿਆ ਦਸਮੇਸ਼ ਪਿਤਾ ਤੇਰੀ ਬਾਤ ਕਹੂੰ ਜੋ ਤੂਨੇ ਪਰਉਪਕਾਰ ਕੀਏ
ਇਕ ਖਾਲਸ ਖਾਲਸਾ ਪੰਥ ਸਜਾ, ਜ਼ਾਤੋਂ ਕੇ ਭੇਦ ਨਿਕਾਲ ਦੀਏ
ਉਸ ਤੇਗ ਕੇ ਬੇਟੇ ਤੇਗ ਪਕੜ, ਦੁਖੀਓਂ ਕੇ ਕਾਟ ਜੰਜਾਲ ਦੀਏ
ਉਸ ਮੁਲਕੋਂ-ਵਤਨ ਕੀ ਖਿਦਮਤ ਮੇਂ, ਕਈਂ ਬਾਪ ਦੀਆ, ਕਈਂ ਲਾਲ ਦੀਏ

(5) ਪੰਜਾਬੀ ਦਾ ਪ੍ਰਸਿੱਧ ਲੋਕ ਕਵੀ ਸਵਰਗਵਾਸੀ ਕਰਤਾਰ ਸਿੰਘ ਬਲੱਗਣ ਗੁਰੂ ਸਾਹਿਬ ਦੇ ਮਹਾਂਬਲੀ ਹੋਣ ਦਾ ਵਰਨਣ ਕਿਤਨੇ ਅਨੋਖੇ ਪਰ ਦਿਲਕਸ਼ ਅੰਦਾਜ਼ ਵਿਚ ਕਰਦਾ ਹੈ:-

ਚਿੜੀਆਂ ਜਿਸ ਦੀਆਂ ਬਾਜ਼ਾਂ ਤੋਂ ਹੋਣ ਭਾਰੂ
ਉਸ ਦੇ ਸਿੰਘਾਂ ਦੀ ਕਿੰਨੀ ਕੁ ਸ਼ਾਨ ਹੋਸੀ

ਸਵਾ ਲੱਖ ਨਾਲ ਇਕ ਲੜਾਣ ਵਾਲਾਂ
ਕਲਗੀਧਰ ਖੁਦ ਕਿਡਾ ਬਲਵਾਨ ਹੋਸੀ?

ਰੱਬੀ ਨੂਰ ਗੁਰੂ ਗੋਬਿੰਦ ਸਿੰਘ ਸਾਹਿਬ ਸਰਬ ਸਰੇਸ਼ਠ ਸਿਫਤਾਂ, ਵਸਫਾਂ ਤੇ ਸ਼ਕਤੀਆਂ ਦੇ ਧਾਰਨੀ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਪਰਮ ਪੁਰਖ ਦਾ ਦਾਸ ਦਸਦੇ ਹਨ। ਜੇਕਰ ਉਨ੍ਹਾਂ ਨੂੰ ਕੋਈ ਸਤਿਕਾਰ ਵਜੋਂ ਸਲਾਮ ਕਰਦਾ ਤਾਂ ਉਸ ਲਈ ਉਨ੍ਹਾਂ ਦਾ ਉਪਦੇਸ਼ ਇਹ ਹੁੰਦਾ ਕਿ ਵਾਹਿਗੁਰੂ ਹੀ **'ਹਮੇਸ਼ੁਲ ਸਲਾਮ ਹੈ, ਸਮਸਤੁਲ ਕਲਾਮ ਹੈ** (ਜਾਪ ਸਾਹਿਬ) ਇਸ ਲਈ ਸਲਾਮ ਸਤਿਕਾਰ ਉਸ ਵਾਹਿਗੁਰੂ ਨੂੰ ਹੀ ਸੋਭਦਾ ਹੈ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਵਾਕ ਸੰਗਤਾਂ ਦੇ ਮੂੰਹ ਤੋਂ ਸੁਣਦੇ ਸਾਰ ਸੱਚੇ ਪਿਤਾ ਅਕਾਲ ਉਸਤਤ ਵਲ ਸਿਰ ਨਗੂੰ ਹੋ ਜਾਂਦੇ ਤੇ ਕਹਿੰਦੇ:-

ਧੰਨ ਧੰਨ ਤਾ ਕੋ ਭਾਖੀਐ,
ਜਾ ਕੋ ਜਗਤ ਗੁਲਾਮ॥

ਇਸ ਤੋਂ ਵਧ ਆਪਣੇ ਪ੍ਰੀਤਮ ਪ੍ਰਤੀ ਪਿਆਰ ਕੀ ਹੋ ਸਕਦਾ ਹੈ? ਜੋ ਕੋਈ ਸਤਿਕਾਰ ਵਿਚ ਆ ਕੇ ਉਨ੍ਹਾਂ ਨੂੰ ਨਮਸਕਾਰ ਕਰਦਾ ਤਾਂ ਵੀ ਉਨ੍ਹਾਂ ਦੇ ਬਚਨ ਹੁੰਦੇ:

ਨਮਸਕਾਰ ਤਿਸ ਹੀ ਕੋ ਹਮਾਰੀ॥
ਸਕਲ ਪਰਜਾ ਜਿਨਿ ਆਪ ਸਵਾਰੀ॥ (ਕਬਿਯੋਬਾਚ ਬੇਨਤੀ॥ਚੌਪਈ)

(6) ਪਾਤਸ਼ਾਹਾਂ ਦੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਦੀ ਨਿਮਰਤਾ ਦਾ ਵਰਨਣ ਕਵੀ 'ਸਬਰੀ' ਨੇ ਆਪਣੀ ਨਿਮਨ ਨਜ਼ਮ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਇਵੇਂ ਪੇਸ਼ ਕੀਤਾ ਹੈ:-

ਢਹਿੰਦੇ ਦੇਸ਼ ਦਾ ਜਦੋਂ ਸਹਾਰਾ ਨਹੀਂ ਸੀ
ਉਦੋਂ ਪਿਤਾ ਇਸ ਦੇਸ਼ ਤੋਂ ਵਾਰਿਆ ਮੈਂ

ਮਾਤਾ ਗੁਜਰੀ ਸਰਹੰਦ ਦੇ ਵਿਚ ਗੁਜ਼ਰੀ
ਸਮਾਂ ਗੁਜ਼ਰਿਆ ਜਿਵੇਂ ਗੁਜ਼ਾਰਿਆ ਮੈਂ

ਚਾਰ ਪੁੱਤਰ ਸਨ ਬਖਸ਼ੇ ਪਰਮਾਤਮਾ ਨੇ
ਜੋੜਾ ਜੋੜਾ ਕਰਕੇ ਉਹ ਵੀ ਵਾਰਿਆ ਮੈਂ

ਮੈਨੂੰ ਮਤ ਸ਼ਹਿਨਸ਼ਾਹ ਤੁਸੀ ਕਹੋ ਸਿਖੋ
ਕਿਸ਼ਤਾਂ ਵਿਚ ਤਾਂ ਕਰਜ਼ਾ ਉਤਾਰਿਆ ਮੈਂ

ਇਲਾਹੀ ਸ਼ਕਤੀ ਹੁੰਦਿਆਂ ਹੋਇਆਂ ਆਪਣੇ ਆਪ ਨੂੰ ਹਲੀਮ ਤੇ ਦਾਸ ਕਹਿਣਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਲਾਸਾਨੀ ਜੀਵਨ ਦਾ ਇਕ ਪੱਖ ਹੈ। ਖੁਦ ਲਿਖਦੇ ਹਨ:-

ਜੋ ਹਮ ਕੋ ਪਰਮੇਸਰ ਉਚਰਿਹੈ ਤੇ ਸਭ ਨਰਕ ਕੁੰਡ ਮਹਿ ਪਰਿਹੈ
ਮੋ ਕੋ ਦਾਸੁ ਤਵਨ ਕਾ ਜਾਨੋ ਯਾ ਮੈਂ ਭੇਦ ਨਾ ਰੰਚ ਪਛਾਨੋ
ਮੈਂ ਹੋ ਪਰਮ ਪੁਰਖ ਕੋ ਦਾਸਾ ਦੇਖਨ ਆਯੋ ਜਗਤ ਤਮਾਸਾ॥

(ਬਚਿਤ੍ਰ ਨਾਟਕ)

(7) ਆਪਣੇ ਸੇਵਕਾਂ ਨੂੰ ਖੁਦ ਅੰਮ੍ਰਿਤ ਛਕਾਂਦੇ ਹਨ ਤੇ ਫਿਰ ਬੇਨਤੀ ਕਰ ਕੇ ਉੰਨ੍ਹਾਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਹਨ। ਉਨ੍ਹਾਂ ਦੇ ਇਸ ਅਸਚਰਜ ਕਰਮ ਨੂੰ ਦੇਖਦਿਆਂ ਹੀ ਭਾਈ ਗੁਰਦਾਸ ਦੂਜੇ ਨੇ ਉਨ੍ਹਾਂ ਬਾਰੇ ਲਿਖਿਆ ਸੀ:

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ...

ਇਥੇ ਹੀ ਬਸ ਨਹੀਂ ਚੋਜੀ ਪਿਤਾ ਦੇ ਨਿਮਨ ਬੋਲਾਂ ਤੋਂ ਉਨ੍ਹਾਂ ਦੀ ਨਿਮਰਤਾ ਤੇ ਹਲੀਮੀ ਦੀ ਜੋ ਝਲਕ ਮਿਲਦੀ ਹੈ ਉਹ ਵਿਸ਼ਵ ਦੇ ਧਾਰਮਿਕ ਇਤਿਹਾਸ ਦੇ ਕਿਸੇ ਹੋਰ ਪੰਨੇ ਤੇ ਅੰਕਤ ਨਹੀਂ। ਆਪਣੇ ਸਿੱਖਾਂ ਵਲ ਇਸ਼ਾਰਾ ਕਰਕੇ ਬਚਨ ਕਰਦੇ ਹਨ:

ਇਨੀ ਹੀ ਕੀ ਕਿਰਪਾ ਕੇ ਸਜੇ ਹਮ ਹੈਂ॥
ਨਹੀ ਮੋ ਸੋ ਗਰੀਬ ਕਰੋਰ ਪਰੇ॥ (ਦਸਮ ਗ੍ਰੰਥ)

ਕਮਾਲ ਦੀ ਗੱਲ ਹੈ ਕਿ ਇਹ ਸ਼ਬਦ ਉਸ ਅਨਮੋਲ ਸ਼ਖਸੀਅਤ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹਨ ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣਾ ਸੁਤ (ਪੁਤਰ) ਬਣਾ ਕੇ ਇਸ ਸੰਸਾਰ ਦੇ ਕਲਿਆਣ ਹਿਤ ਭੇਜਿਆ ਹੈ।

(8) ਇਕ ਹੋਰ ਕਵੀ ਸ਼ਰਮ ਸਿੰਘ ਉਨ੍ਹਾਂ ਦੀ ਹਸਤੀ ਨੂੰ ਇਉਂ ਕਲਮਬੰਦ ਕਰਨ ਦੇ ਉਪਰਾਲੇ ਕਰਦਾ ਹੈ:-

ਖਬਰ ਸਰਹੰਦ ਸੇ ਆਨਾ, ਸੁਨ ਕਰ ਤੇਰਾ ਯਿਹ ਫਰਮਾਨਾ,
ਅਮਾਨਤ ਥੀ ਅਦਾ ਹੋ ਗਈ, ਤੇਰੇ ਈਸਾਰ ਕੇ ਸਦਕੇ।

ਤੇਰੇ ਸਰਬੰਸ ਸਾਰੇ ਨੇ, ਪੀਏ ਪਿਆਲੇ ਸ਼ਹਾਦਤ ਕੇ,
ਮੇਰੇ ਸਰਬੰਸ ਦਾਨੀ, ਮੈਂ ਤੇਰੇ ਪਰਵਾਰ ਕੇ ਸਦਕੇ।

ਅਗਰ ਬਖਸ਼ੇ ਤੋ ਕਰਮ ਤੇਰਾ, ਨਾ ਬਖਸ਼ੇ ਤੋ ਸ਼ਕਾਇਤ ਕਿਆ,
ਤੇਰੇ ਇਕਰਾਰ ਕੇ ਸਦਕੇ, ਤੇਰੇ ਇਨਕਾਰ ਕੇ ਸਦਕੇ।

ਗੁਰੂ ਗ੍ਰੰਥ ਕੋ ਦੇ ਗਦੀ, ਸਿਰ ਨਹੁੰ ਕਰ ਕੀਆ ਸਜਦਾ,
ਬਚਾਇਆ ਨਕਲੀ ਗੁਰੂਓਂ ਸੇ, ਤੇਰੇ ਉਪਕਾਰ ਕੇ ਸਦਕੇ....।

ਚੜ੍ਹਦੀਕਲਾ ਦੇ ਅਲੰਬਰਦਾਰ, ਨੀਚਿਆਂ ਨੂੰ ਉਚਾ ਕਰਨ ਵਾਲੇ, ਰੰਗਰੇਟੇ ਨੂੰ ਗੁਰੂ ਕਾ ਬੇਟਾ ਐਲਾਨਣ ਵਾਲੇ, ਕੇਸਾਂ ਨੂੰ ਗੁਰੂ ਦੀ ਮੋਹਰ ਦਾ ਰੁਤਬਾ ਬਖਸ਼ਣ ਵਾਲੇ ਕਲਗੀਧਰ ਦਸਮੇਸ਼ ਪਿਤਾ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਮੁਰਦਾ ਕੌਮ ਵਿਚ ਸ਼ੇਰਾਂ ਵਾਲੀ ਸ਼ਕਤੀ ਸੰਚਤ ਕਰ ਦਿੱਤੀ ਤੇ ਆਪਣੇ ਇਲਾਹੀ ਕਾਰਨਾਮਿਆਂ ਨਾਲ ਭਾਰਤੀਆਂ ਦੀ ਅਕਲ ਤੇ ਸ਼ਕਲ ਦੋਨੋਂ ਬਦਲ ਕੇ ਰੱਖ ਦਿੱਤੇ। ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਸਾਹਿਬ ਨੇ 'ਨਿਮਾਣੀਆਂ ਚਿੜੀਆਂ ਨੂੰ ਸ਼ਾਹੀ ਬਾਜ਼ਾਂ ਤੇ ਲਪਕ ਕੇ ਉਨ੍ਹਾਂ ਦਾ ਸ਼ਿਕਾਰ ਕਰਨ ਦੀ ਵਲਗਤ ਦੱਸੀ।

ਦੇਹਿ ਸਿਵਾ ਬਰਿ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ॥
(ਚੰਡੀ ਚਰਿਤ੍ਰ)

ਉਨ੍ਹਾਂ ਦਾ ਪਵਿੱਤਰ ਨਿਸ਼ਾਨਾ ਸੀ ਤੇ ਇਸ ਨਿਸ਼ਾਨੇ ਨੂੰ ਸਾਹਮਣੇ ਰਖਦੇ ਹੋਏ ਮਨੁੱਖੀ ਏਕਤਾ ਦੇ ਅਦੁਤੀ ਅਲੰਬਰਦਾਰ ਗੁਰੂ ਗੋਬਿੰਦ ਸਿੰਘ ਐਲਾਨੀਆ ਫਰਮਾਂਦੇ ਹਨ:-

ਹਿੰਦੂ ਤੁਰਕ ਕਉ ਰਾਫਜ਼ੀ ਇਮਾਮ ਸਾਫੀ॥
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥

ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ॥
ਏਕ ਹੀ ਸਰੂਪ ਸਭੈ ਏਕੈ ਜੋਤ ਜਾਨਬੋ॥ (ਅਕਾਲ ਉਸਤਤਿ)

ਗੁਰੂ ਸਾਹਿਬ ਲਈ ਨਾ ਕੋਈ ਵੈਰੀ ਸੀ ਤੇ ਨਾ ਹੀ ਕੋਈ ਬਿਗਾਨਾ ਸੀ। ਉਨ੍ਹਾਂ ਦਾ ਸੰਘਰਸ਼ ਜ਼ੁਲਮ ਦੇ ਖਿਲਾਫ ਸੀ, ਤੇ ਜ਼ੁਲਮ ਕਰਨ ਵਾਲਾ ਭਾਵੇਂ ਕੋਈ ਵੀ ਕਿਉਂ ਨਾ ਹੋਵੇ। ਮੁਗ਼ਲ ਅਤਿਆਚਾਰਾਂ, ਜ਼ੁਲਮਾਂ ਤੇ ਵਧੀਕੀਆਂ ਨੂੰ ਜਿਸ ਅਸਰਦਾਰ ਢੰਗ ਨਾਲ ਉਨ੍ਹਾਂ ਨੇ ਰੋਕਿਆ ਉਸ ਦਾ ਜ਼ਿਕਰ ਇਤਿਹਾਸ ਵਿਚ ਸੁਨਹਿਰੀ ਅਖਰਾਂ ਵਿਚ ਸਦਾ ਹੁੰਦਾ ਰਹੇਗਾ।

ਤਲਵਾਰ, ਗੁਫਤਾਰ, ਮਾਲਾ ਤੇ ਕਲਮ ਦੇ ਧਨੀ, ਚੜ੍ਹਦੀਕਲਾ ਦੇ ਅਲੰਬਰਦਾਰ, ਹੱਕ ਇਨਸਾਫ ਲਈ ਜੂਝਣ ਵਾਲੇ ਮਾਨਵ ਹਿਤੈਸ਼ੀ, ਨਿਮਾਣਿਆਂ, ਨਿਤਾਣਿਆਂ ਅਤੇ ਬੇਆਸਰਿਆਂ ਦੀ ਬਾਂਹ ਫੜਨ ਵਾਲੇ ਸਖੀ ਸਰਵਰ, ਗਊ ਗਰੀਬ ਤੇ ਮਜ਼ਲੂਮਾਂ ਦੇ ਬੇਖੌਫ ਰਖਿਅਕ, ਦੇਸ਼ ਕੌਮ ਦੀ ਆਨ ਸ਼ਾਨ ਲਈ ਸਰਬੰਸ ਵਾਰਨ ਵਾਲੇ ਲਾਸਾਨੀ ਬਲੀਦਾਨੀ, ਉਚੇ ਸੁਚੇ ਧਾਰਮਿਕ, ਸਮਾਜਿਕ ਤੇ ਇਖਲਾਕੀ ਜੀਵਨ ਦੀ ਅਮਲੀ ਜਾਚ ਦਸਣ ਵਾਲੇ ਅਦੁਤੀ ਦਾਰਸ਼ਨਿਕ, ਨਾ ਕਾਹੂੰ ਸੇ ਦੋਸਤੀ ਨ ਕਾਹੂੰ ਸੇ ਬੈਰ ਦੀ ਭਾਵਨਾ ਵਿਚ ਵਿਚਰਨ ਵਾਲੇ ਮਹਾਨ ਤਿਆਗੀ, ਚਿੜੀਆਂ ਤੋਂ ਬਾਜ਼ ਤੁੜਾਉਣ ਤੇ ਸਵਾ ਲਾਖ ਸੇ ਏਕ ਲੜਾਣ ਵਾਲੇ ਕਰਾਮਾਤੀ ਯੋਧੇ, ਸੱਚੇ ਪਰੇਮ ਤੇ ਨਿਸ਼ਕਾਮ ਸੇਵਾ ਦੇ ਮਾਰਗ ਦੇ ਪਥ ਪਰਦਰਸ਼ਕ ਪਰਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਦੇਣਾ ਸਰਬ ਮਨੁੱਖਤਾ ਕਦੇ ਵੀ ਨਹੀਂ ਦੇ ਸਕਦੀ, ਬਸ ਉਨ੍ਹਾਂ ਦੀਆਂ ਕਰਨੀਆਂ ਅਗੇ ਆਪਣਾ ਸੀਸ ਨਿਵਾ ਕੇ ਆਪਣਾ ਸਤਿਕਾਰ ਹੀ ਅਰਪਤ ਕਰ ਸਕਦੀ ਹੈ। ਅਜਿਹੇ ਮਹਾਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸਦ ਸਦ ਪ੍ਰਨਾਮ ਜਿਨ੍ਹਾਂ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਸਿੱਖਾਂ ਨੂੰ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਾਉਂਦਿਆਂ ਹੋਇਆਂ ਆਪਣਾ ਸਰੀਰ ਪੰਥ ਵਿਚ ਅਤੇ ਆਤਮਾ ਗੁਰੂ ਗ੍ਰੰਥ ਵਿਚ ਬਿਰਾਜਮਾਨ ਕਰ ਦਿੱਤੀ।

ਅਜਿਹੀ ਲੰਬੀ ਤੇ ਸ਼ਕਤੀਸ਼ਾਲੀ ਟ੍ਰੇਨਿੰਗ, ਨਿਰੰਤਰ ਅਗਵਾਈ, ਨਿਕਟਤਮ ਸਰਪ੍ਰਸਤੀ ਅਤੇ ਅਖੰਡ ਪ੍ਰਪੱਕਤਾ ਗ੍ਰਹਿਣ ਕਰਕੇ ਸਿੱਖ ਅਜਿਹਾ ਇਨਸਾਨ ਹੋ ਕੇ ਸਾਹਮਣੇ ਆਇਆ ਜਿਹੜਾ ਸੰਤ ਵੀ ਸੀ ਤੇ ਸਿਪਾਹੀ ਵੀ। ਉਸ ਦੇ ਹੱਥ ਕਾਰ ਵਲ ਸਨ ਤੇ ਚਿਤ ਦਾਤਾਰ ਵਲ। ਉਹ ਦਿਆ, ਇਨਸਾਫ ਤੇ ਪਿਆਰ ਦੀ ਮੂਰਤੀ ਵੀ ਸੀ ਪਰ ਅਨਿਆਂ, ਜ਼ੁਲਮ ਤੇ ਨਾ-ਇਨਸਾਫੀ ਵਿਰੁਧ ਡਟਣ ਵਾਲੀ ਫੌਲਾਦੀ ਦੀਵਾਰ ਵੀ। ਗੁਰੂ ਗੋਬਿੰਦ ਸਿੰਘ ਜੀ ਦਾ ਨੀਲਾ ਘੋੜਾ ਸਿੱਖ ਲਈ ਨੀਲੇ ਗਗਨ ਦੀ ਵਿਸ਼ਾਲਤਾ ਦਾ ਸੂਚਕ ਚਿੰਨ੍ਹ ਹੈ ਅਤੇ ਸਫੇਦ ਬਾਜ਼ ਅਥਾਹ ਸ਼ਕਤੀ ਦੇ ਸ਼ਾਂਤਮਈ ਪ੍ਰਯੋਗ ਦਾ ਪ੍ਰਤੀਕ। ਜਦ ਦੁਨੀਆਂ ਦੇ ਲੋਕਾਂ ਨੇ ਉਕਤ ਗੁਣਾਂ ਵਾਲੇ ਗੁਰਸਿੱਖ ਦਾ

ਮੁਕਾਬਲਾ ਜਰਮਨੀ ਦੇ ਦਾਰਸ਼ਨਕ ਨਿਸ਼ਤੇ ਵਲੋਂ ਨਿਰਮਤ ਕੀਤੇ ਸੁਪਰ-ਮੈਨ ਨਾਲ ਕੀਤਾ ਤਾਂ ਸੁਪਰ ਮੈਨ ਆਪਣੇ ਚੰਡਾਲੀ ਤੇ ਦਿਆ ਰਹਿਤ ਲਛਣਾਂ ਸਦਕਾ, ਔਰਤ ਪ੍ਰਤੀ ਨਿਰਦਈ ਹੋਣ ਦੇ ਕੋਹਝੇ ਅਭਿਆਸ ਕਰਕੇ, ਗੁਰੂ ਸਾਹਿਬ ਵਲੋਂ ਸਾਜੇ ਸੰਤ-ਸਿਪਾਹੀ ਖਾਲਸੇ ਦੇ ਮੁਕਾਬਲੇ ਵਿਚ ਬਿਲਕੁਲ ਨਹੀਂ ਟਿਕ ਸਕਿਆ।

ਉਕਤ ਦਸੇ ਅਦੁੱਤੀ ਤੇ ਗੁਣਾਤਮਿਕ ਖਜ਼ਾਨੇ ਦੀ ਹੋਂਦ ਵਿਚ ਅਸੀਂ ਵਡਭਾਗੇ ਹਾਂ ਅਤੇ ਇਸ ਗੱਲ ਤੇ ਬਜਾ ਮਾਣ ਕਰ ਸਕਦੇ ਹਾਂ ਕਿ ਸਾਰੀ ਦੁਨੀਆਂ ਦੇ ਨਾਲ ਨਾਲ ਅਸੀਂ ਇਸ ਦੇ ਪ੍ਰਥਮ ਵਾਰਸ ਹਾਂ। ਇਸ ਹਾਲਤ ਵਿਚ ਸਾਡੇ ਤੇ ਇਹ ਫਰਜ਼ ਆਇਦ ਹੁੰਦਾ ਹੈ ਕਿ ਗੁਰਸਿੱਖੀ ਦੇ ਮਹਾਨ ਅਸੂਲਾਂ ਨੂੰ ਵਿਸ਼ਵ ਦੇ ਹਰ ਜੀਵ ਤਕ ਪਹੁੰਚਾ ਕੇ ਉਸ ਦੇ ਭਟਕਦੇ ਮਨ ਨੂੰ ਧਰਵਾਸ ਦਵਾਈਏ। ਜੇਕਰ ਅਸੀਂ ਗੁਰ ਆਸ਼ੇ ਅਨੁਸਾਰ ਜੀਵਨ ਬਤੀਤ ਕਰਕੇ ਦੁਨੀਆਂ ਸਾਹਮਣੇ ਮਿਸਾਲ ਪੇਸ਼ ਕਰ ਸਕਦੇ ਹਾਂ ਤਾਂ ਅਸੀਂ ਮੁਬਾਰਕਬਾਦ ਦੇ ਮੁਸੱਤਹਕ (ਹੱਕਦਾਰ) ਹਾਂ ਅਤੇ ਜੇਕਰ ਸਾਡੇ ਜੀਵਨ ਵਿਚ ਵਿਸ਼ੇ ਵਿਕਾਰਾਂ ਕਰਕੇ ਅਧਿਆਤਮਿਕ ਤੇ ਭਾਈਚਾਰਕ ਕਦਰਾਂ ਵਿਚ ਗਿਰਾਵਟ ਜਾਂ ਨਿਘਰਵਾਂਪੰਨ ਆ ਰਿਹਾ ਹੈ ਤਾਂ ਸਾਨੂੰ ਚਿੰਤਾਤੁਰ ਹੋਣਾ ਚਾਹੀਦਾ ਹੈ ਕਿਉਂਕਿ ਉਸ ਹਾਲਤ ਵਿਚ ਅਸੀਂ ਘਾਟੇ ਵਾਲਾ ਸੌਦਾ ਕਰ ਰਹੇ ਹੋਵਾਂਗੇ। ਹਰ ਇਕ ਪ੍ਰਾਣੀ ਆਪਣਾ ਮੁਲੰਕਣ ਆਪ ਕਰੇ ਕਿ ਉਹ ਕਿਸ ਪਾਸੇ ਵੱਲ ਜਾ ਰਿਹਾ ਹੈ ਅਤੇ ਉਸ ਦੀ ਜੀਵਨ ਪਧਰ ਉਸ ਹੱਦ ਤਕ ਤਾਂ ਜ਼ਰੂਰ ਹੀ ਪੁਹੰਚੇ ਜਿਸ ਦਾ ਜ਼ਿਕਰ ਦੂਜੇ ਧਰਮਾਂ ਦੇ ਲੋਕਾਂ ਨੇ ਸਿੱਖੀ ਜੀਵਨ ਦੀ ਝਲਕ ਦੇਖ ਦੇ ਆਪਣੀਆਂ ਲਿਖਤਾਂ ਜਾਂ ਬਚਨਾਂ ਦੁਆਰਾ ਵਿਅਕਤ ਕਰਕੇ ਕੌਮ ਨੂੰ ਵਡਿਆਇਆ ਹੈ ਤੇ ਸਿੱਖੀ ਨੂੰ ਮਹਾਨ ਧਰਮ ਸਮਝ ਕੇ ਇਸ ਵਿਚ ਮਾਨਵਤਾ ਦੇ ਸਰਬਪੱਖੀ ਕਲਿਆਣ ਦੀ ਆਸ਼ਾਵਾਨ ਕਿਰਨ ਦੇਖੀ ਹੈ। ਸਾਰੀ ਵਿਥਿਆ ਦਾ ਸਾਰੰਸ਼ ਇਹ ਹੈ ਕਿ ਸਾਡੇ ਲਈ **''ਸਵਾਸ ਸਵਾਸ ਸਿਮਰੋ ਗੋਬਿੰਦੁ''** ਇਲਾਹੀ ਫਰਮਾਨ ਹੈ। **''ਸਿਖੀ ਕੇਸਾਂ ਸਵਾਸਾਂ ਨਾਲ ਨਿਭੇ''** ਸਾਡੀ ਭਰਪੂਰ ਤਾਂਘ ਹੈ। **''ਸੀਸ ਜਾਏ ਤਾਂ ਜਾਏ ਪਰ ਸਿਖੀ ਸਿਦਕ ਨਾ ਜਾਏ''** ਸਾਡਾ ਆਦਰਸ਼ ਹੈ। **''ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ'** ਸਾਡਾ ਵਿਹਾਰ ਹੈ। **''ਘਾਲਿ ਖਾਇ ਕਿਛ ਹਥਹੁ ਦੇਹਿ''** ਸਾਡੀ ਵਿਲੱਖਣਤਾ ਹੈ। **''ਜਿਥੇ ਸੁਖ ਹੈ ਉਥੇ ਸਿਖੀ ਨਹੀਂ''** ਸਾਡੀ ਕਰਮਸ਼ੀਲਤਾ ਹੈ। **''ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ''** ਸਾਡੀ ਕਾਰਜ ਵਿਧੀ ਹੈ। **''ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ''** ਸਾਡਾ ਇਖਲਾਕ ਹੈ ਅਤੇ **''ਏਕੁ ਪਿਤਾ ਏਕਸ ਕੇ ਹਮ ਬਾਰਿਕ''** ਦੀ ਭਾਵਨਾ ਉਜਾਗਰ ਕਰਨਾ ਸਾਡਾ ਨਿਸ਼ਾਨਾ ਹੈ ਜਿਸ ਦੀ ਪ੍ਰਾਪਤੀ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨਿਰੰਤਰ ਅਗਵਾਈ ਪ੍ਰਾਪਤ ਕਰਕੇ ਕਰਨੀ ਹੈ। ਉਕਤ ਸਭ ਕੁਝ ਨੂੰ ਆਪਣੇ ਜੀਵਨ ਦਾ ਮਾਰਗ ਦਰਸ਼ਨ ਬਣਾਉਣਾ ਖੰਡੇ ਦੀ ਧਾਰ ਤੇ ਚਲਣ ਦੇ ਤੁਲ ਹੈ। ਇਸ ਸਭ ਕੁਝ ਨੂੰ ਦੇਖਦਿਆਂ ਹੋਇਆਂ ਹੀ ਸ਼ਾਇਦ ਕਵੀ ਨੇ ਸਿੱਖੀ ਦੀ ਪ੍ਰੀਭਾਸ਼ਾ ਇਵੇਂ ਕੀਤੀ ਹੈ -

ਸੂਲੀਆਂ ਤੇ ਚੜ੍ਹੀ ਹੋਈ ਤੀਰਾਂ ਨਾਲ ਵਿੰਨੀ ਹੋਈ।
ਅਜੇ ਵੀ ਜੋ ਹੱਸਦੀ ਹੈ ਮਾਨੋ ਇਹੀ ਸਿੱਖੀ ਹੈ।
ਵਾਹ ਵਾਹ ਇਹੀ ਸਿਖੀ ਹੈ ਬਲਿਹਾਰੇ ਇਹੀ ਸਿਖੀ ਹੈ।

ਕੁਝ ਇਸੇ ਤਰ੍ਹਾਂ ਦੇ ਪ੍ਰਭਾਵਾਂ ਦਾ ਪ੍ਰਗਟਾਵਾ ਕਰਦਿਆਂ ਪ੍ਰਸਿੱਧ ਪੰਜਾਬੀ ਸ਼ਾਇਰ ਸਵਰਗਵਾਸੀ ਪ੍ਰੋ. ਮੋਹਨ ਸਿੰਘ ਨੇ ਆਪਣੀ ਇਕ ਲੰਮੀ ਕਵਿਤਾ "ਸਿਖੀ ਦੀ ਸ਼ਾਨ" ਵਿਚ ਕਿਹਾ ਸੀ –

ਉਹ ਕਿਹੜਾ ਬੂਟਾ ਏ? ਜੋ ਹਰ ਥਾਂ ਪਲਦਾ ਏ।
ਆਰੇ ਦੇ ਦੰਦਿਆਂ ਤੇ, ਰੰਬੀ ਦੀਆਂ ਧਾਰਾਂ ਤੇ
ਖ਼ੈਬਰ ਦਿਆਂ ਦਰਿਆਂ ਵਿਚ ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ, ਲੱਖੀ ਦੇ ਜੰਗਲ ਵਿਚ,
ਰੋੜਾਂ ਵਿਚ ਰਕੜਾਂ ਵਿਚ, ਬੰਜਰਾਂ ਵਿਚ ਝਖੜਾਂ ਵਿਚ
ਗੜ੍ਹਿਆਂ ਵਿਚ ਮੀਹਾਂ ਵਿਚ, ਸਰਹੰਦ ਦੀਆਂ ਨੀਹਾਂ ਵਿਚ,
ਜਿਥੇ ਵੀ ਲਾ ਦਈਏ,ਉਥੇ ਹੀ ਪਲਦਾ ਏ,
ਜਿਤਨਾ ਇਹ ਛਾਂਗ ਦਈਏ, ਉਤਨਾ ਇਹ ਫਲਦਾ ਏ,

ਉਹ ਕਿਹੜਾ ਬੂਟਾ ਏ? ਭੁਖਿਆਂ ਤਰਹਾਇਆਂ ਨੂੰ,
ਜੋ ਫਲ ਖਵਾਂਦਾ ਏ, ਥਕਿਆਂ ਤੇ ਟੁਟਿਆਂ ਨੂੰ ਛਾਂ ਵਿਚ ਸਵਾਂਦਾ ਏ,
ਜਿਹੜਾ ਵੀ ਸ਼ਰਨ ਲਵੇ ਉਸ ਤਾਈਂ ਬਚਾਂਦਾ ਏ।
ਜੇ ਝਖੜ ਆ ਜਾਵੇ, ਜੇ ਹਨ੍ਹੇਰੀ ਆ ਜਾਵੇ,
ਅਬਦਾਲੀ ਆ ਜਾਵੇ, ਕੋਈ ਨਾਦਰ ਆ ਜਾਵੇ
ਮਾਸੂਮ ਗੁਟਾਰਾਂ ਨੂੰ ਬੇਦੋਸ਼ੀਆਂ ਚਿੜੀਆਂ ਨੂੰ
ਬੇਲੋਸੀਆਂ ਘੁੱਗੀਆਂ ਨੂੰ ਕੂੰਜਾਂ ਦੀਆਂ ਡਾਰਾਂ ਨੂੰ
ਇਹ ਤੁਰਤ ਛੁਪਾ ਲੈਂਦਾ ਇਹ ਆਲ੍ਹਣੇ ਪਾ ਲੈਂਦਾ
ਤੇ ਜਾਨ ਨੂੰ ਹੂਲ ਕੇ ਵੀ ਤੇ ਰਾਖਾ ਬਣ ਬਹਿੰਦਾ
ਜਿਥੇ ਦਿਲ ਇਸ ਦਾ ਏ, ਜਿਥੇ ਸਿਰ ਇਸ ਦਾ ਏ, ਉਹ ਥਾਂ ਉਚੇਰੀ ਏ,
ਉਹ ਖੁਲ੍ਹੀ ਹਵਾ ਵਿਚ ਏ, ਉਹ ਖਾਸ ਖੁਦਾ ਵਿਚ ਏ,
ਜਿਥੇ ਨਾ ਵੈਰ ਕੋਈ ਜਿਥੇ ਨਾ ਗ਼ੈਰ ਕੋਈ

ਕੀ ਹੋਇਆ ਪਿਆਰੇ ਜੋ ਅਜ ਸ਼ਾਖਾਂ ਏਸ ਦੀਆਂ
ਅਜ ਲਗਰਾਂ ਏਸ ਦੀਆਂ, ਆਪੋ ਵਿਚ ਤਿੜਕ ਪਈਆਂ,
ਕੋਈ ਪੂਰਬ ਚਲੀ ਗਈ, ਕੋਈ ਪਛਮ ਚਲੀ ਗਈ,
ਕੋਈ ਪਿੰਡੀ ਮਲ ਬੈਠੀ, ਕੋਈ ਭੈਣੀ ਮਲ ਬੈਠੀ
ਪਰ ਮੁਢ ਤਾਂ ਇਕੋ ਏ, ਪਰ ਖੂਨ ਤੇ ਸਾਂਝਾ ਏ

ਉਹ ਕਿਹੜਾ ਬੂਟਾ ਏ? ਹਰ ਥਾਂ ਜੋ ਪਲਦਾ ਏ
ਇਹ ਬੂਟਾ ਸਿਖੀ ਦਾ ਹਰ ਥਾਂ ਜੋ ਪਲਦਾ ਏ।

ਉਕਤ ਕਵਿਤਾ ਵਿਚ ਪ੍ਰੋ. ਮੋਹਨ ਸਿੰਘ ਮਾਹਿਰ ਨੇ ਸਿੱਖੀ ਦੇ ਬੂਟੇ ਦੇ ਕੁਝ ਅਜਿਹੇ ਵਸਫ ਦਸੇ ਹਨ ਜਿਨ੍ਹਾਂ ਤੇ ਹਰ ਕੋਈ ਮਾਣ ਕਰ ਸਕਦਾ ਹੈ।

ਰਾਬਿੰਦਰ ਨਾਥ ਟੈਗੋਰ ਨੇ ਵੀ ਬੰਦਾ ਸਿੰਘ ਬਹਾਦਰ ਦੀ ਉਪਮਾ ਵਿਚ ਲਿਖੀ

ਕਵਿਤਾ ਵਿਚ ਸਿੱਖੀ ਦੇ ਅਜੀਬ ਕੁਰਬਾਨੀ ਭਰੇ ਜਜ਼ਬਾਤਾਂ ਦਾ ਜੋ ਦਿਲ ਹਿਲਾ ਦੇਣ ਵਾਲਾ ਖਾਕਾ ਖਿਚਿਆ ਹੈ ਆਓ ਜ਼ਰਾ ਉਸ ਤੇ ਵੀ ਝਾਤੀ ਮਾਰ ਲਈਏ। ਟੈਗੋਰ ਦੀ ਮੂਲ ਬੰਗਾਲੀ ਲਿਖਤ ਨੂੰ ਸ. ਮਨੋਹਰ ਸਿੰਘ ਮਾਰਕੋ ਨੇ ਸਰਲ ਪੰਜਾਬੀ ਵਿਚ ਇਵੇਂ ਬਿਆਨਿਆ ਹੈ :

1. *ਦਿੱਲੀ ਵਿਚ ਸਿਰਕਢਵਾਂ ਮੁ਼ਗਲਾਂ ਦਾ ਦਰਬਾਰ*
ਸੁਤਿਆਂ ਨੀਂਦਰ ਸ਼ਾਹ ਦੀ ਉਚਟ ਜਾਏ ਸੌ ਵਾਰ
ਇਹੋ ਜਿਹਾ ਕੋਈ ਭੈ ਸੀ ਉਸ ਦੇ ਦਿਲ ਵਿਚਕਾਰ
ਹੁਕਾਂ ਬਣ ਬਣ ਲੁਛਦੀ ਚੇਤਨਤਾ ਹਰ ਵਾਰ।

2. *ਖ਼ਬਰੇ ਕਿਹੜੀ ਅੱਗ ਨੇ ਲੂਹਿਆ ਉਸ ਦਾ ਦਿਲ*
ਅਭੜਵਾਹੇ ਭੁੜਕਦਾ ਤਪਿਆ ਵਾਂਗੂ ਸਿਲ੍ਹ
ਦਿੱਲੀ ਦੇ ਅਕਾਸ਼ ਤੋਂ ਆਉਂਦਾ ਜਾਪੇ ਸੇਕ
ਸ਼ਾਹ ਦਾ ਹਿਰਦਾ ਡੋਲਦਾ ਮੌਲਾ ਤੇਰੀ ਟੇਕ।

3. *ਪੰਜ ਪਾਣੀਆਂ ਦੀ ਧਰਤ ਤੇ ਰਤ ਦੀਆਂ ਨਦੀਆਂ ਵਹਿਣ*
ਕਿਸੇ ਸੁਚੇ ਆਦਰਸ਼ ਲਈ ਸਿੱਖ ਤਸੀਹੇ ਸਹਿਣ
ਜੁਸੇ ਲਿਬੜੇ ਲਹੂ ਸੰਗ, ਸ਼ੁਕਰ ਸ਼ੁਕਰ ਪਏ ਕਹਿਣ
ਸਿਦਕਵਾਨ ਮਰਜੀਵੜੇ ਭਾਣੇਂ ਅੰਦਰ ਰਹਿਣ।

4. *ਮੁ਼ਗਲਾਂ ਦੇ ਸੰਗ ਇਨ੍ਹਾਂ ਨੇ ਦਿੱਤਾ ਆਡਾ ਲਾ।*
ਹਿਰਦੇ ਰਖ ਕੇ ਸਿਦਕ ਨੂੰ ਸਤਿਗੁਰ ਲਿਆ ਧਿਆ।
ਸੀਸ ਸਜਾਏ ਅੰਮੜੀਆਂ ਲਹੂ ਦੇ ਟਿਕੇ ਲਾ
ਕਿਹੋ ਜਿਹੇ ਇਹ ਸਿੱਖ ਨੇ ਕੀ ਇਨ੍ਹਾਂ ਦੇ ਚਾਅ?

5. *ਭੰਭਟ ਵਾਂਗੂੰ ਮਚਲਦੇ ਸੜਦਾ ਵੇਖ ਚੌਫੇਰ*
ਪਾਲਾਂ ਬੰਨ੍ਹ ਬੰਨ੍ਹ ਜੂਝਦੇ ਜ਼ਰਾ ਨਾ ਲਾਂਦੇ ਦੇਰ
ਕਰਨ ਮਖੌਲਾਂ ਮੌਤ ਨੂੰ ਝੁੱਕਣ ਵਾਂਗੂੰ ਸ਼ੇਰ
ਜਿਧਰ ਵੇਖਣ ਘੂਰ ਕੇ ਮਚਦਾ ਜਾਏ ਹਨੇਰ।

6. *ਰਣ ਵਿਚ ਕੁਦ ਪਏ ਸੂਰਮੇ ਹਥ ਪੱਖੀ ਵਾਰ*
ਫੜ ਲਏ ਵੈਰੀ ਗਿਚੀਉਂ ਪਹਿਲੀ ਝੁਟੀ ਮਾਰ
ਜ਼ਹਿਰੀ ਸੱਪ 'ਤੇ ਝਪਟਦਾ ਜਾਕੂ ਬਾਜ਼ ਉਡਾਰ
ਪੰਜਿਆਂ ਵਿਚ ਨਪੀੜ ਕੇ ਪਟਕੇ ਮੂੰਹ ਦੇ ਭਾਰ।

7. *ਅਣਗਿਣਤ ਜਹੀ ਫ਼ੌਜ ਸੀ, ਗਿਣਤੀ ਦੇ ਕੁਝ ਸਿੱਖ*
ਸੰਗਲਾਂ ਦੇ ਵਿਚ ਨੂੜ ਕੇ ਕਰ ਲਏ ਘੇਰੇ ਵਿਚ
ਲਹੂ ਦੇ ਲੀੜੇ ਲਿਬੜੇ, ਤਨ ਤੇ ਘਾਓ ਅਨੇਕ
ਢਿਡੀ ਲੂਸਣ ਆਂਦਰਾਂ ਮਨ ਵਿਚ ਉਸ ਦੀ ਟੇਕ।

8. ਵੈਰੀ ਉਤੇ ਟੁਟ ਪਿਆ ਬੰਦਾ ਸਿੰਘ ਦਲੇਰ
ਮੁਗਲਾਂ ਆ ਕੇ ਨਰੜਿਆ ਪਿੰਜਰੇ ਅੰਦਰ ਸ਼ੇਰ
ਬੰਦੀ ਕਰ ਲਿਆ ਸੂਰਮਾ ਚਾਰੇ ਪਾਸੋਂ ਘੇਰ
ਦਿੱਲੀ ਵਲ ਨੂੰ ਟੁਰ ਪਏ ਵਜ ਗਏ ਡੰਕੇ ਫੇਰ।

9. ਸੈਨਾ ਚਾਲੇ ਪਾ ਲਏ ਦਿੱਲੀ ਸ਼ਹਿਰ ਦੇ ਵਲ
ਚਲਣ ਜਿਵੇਂ ਹਨੇਰੀਆਂ ਕੋਈ ਨਾ ਸਕੇ ਠਲ੍ਹ
ਸਤ ਸੌ ਸਿੱਖ ਸੀ ਕੈਦ ਵਿਚ ਸੰਗਲਾਂ ਲਈਆਂ ਵਲ
ਇਕ ਘਿਨਾਉਣਾ ਦ੍ਰਿਸ਼ ਸੀ ਇਕ ਅਨੌਖੀ ਗਲ।

10. ਨੇਜ਼ੇ ਦੀ ਹਰ ਨੋਕ 'ਤੇ ਇਕ ਇਕ ਸਿੱਖ ਦਾ ਸੀਸ
ਲਹੂ ਦੀਆਂ ਧਾਰਾਂ ਚੋ ਰਹੀਆਂ, ਤਕਿਆਂ ਉਠਦੀ ਚੀਸ
ਸੰਗਲੀਂ ਜਕੜੇ ਕੈਦੀਆਂ ਮੂੰਹੋਂ ਕਢੀ ਵਾਜ
ਬਹੁੜੀਂ ਸਚੇ ਪਾਤਸ਼ਾਹ ਰਖੀਂ ਪੰਥ ਦੀ ਲਾਜ।

11. ਦਿੱਲੀ ਚਾਂਦਨੀ ਚੌਕ ਵਿਚ ਜੁੜੇ ਤਮਾਸ਼ਬੀਨ
ਸਿੱਖਾਂ ਦਾ ਇਹ ਕਾਫਲਾ ਚੋਖਾ ਸਾਹ-ਸਤ ਹੀਣ
ਦਿਸਣ ਨੂੰ ਮੰਦਹਾਲੀਆ ਅੰਦਰੋਂ ਪਰ ਲਿਵਲੀਨ
ਫਤਹ ਗਜਾਂਦਾ ਗੁਰੂ ਦੀ, ਭਾਣੇ ਦੇ ਅਧੀਨ।

12. ਵੇਖਣ ਵਾਲੇ ਦਸਦੇ ਬੜੀ ਅਨੌਖੀ ਗੱਲ
ਕੈਦੀਆਂ ਵਿਚ ਤਕਰਾਰ ਸੀ, ਲਹਿਰ ਪਈ ਇਕ ਚਲ
ਹਰ ਕੋਈ ਪਹਿਲ ਉਡੀਕਦਾ ਵਧ ਕੇ ਹੋਣੀ ਵਲ
'ਜਾਇ ਮਿਲਾਂ ਤਿਨਾਂ ਸਜਣਾ' ਹੋਵੇ ਜਨਮ ਸਫਲ।

13. ਚਲ ਪਿਆ ਚੱਕਰ ਮੌਤ ਦਾ ਕਾਤਲ ਕਰਦਾ ਵਾਰ
ਇਕ ਜੈਕਾਰਾ ਗੂੰਜਦਾ ਚਲਦੀ ਜਦ ਤਲਵਾਰ
ਸਿੱਖ ਕਟੀਂਦੇ ਜਾ ਰਹੇ ਵਧਦੇ ਵਾਰੋ ਵਾਰ
ਸਤ ਦਿਨਾਂ ਦੀ ਖੇਡ ਸੀ ਸੱਤ ਸੌ ਹੀ ਸਰਦਾਰ।

14. ਹੁਣ ਹੋਣੀ ਹੱਥ ਆ ਗਿਆ ਬੰਦਾ ਸਿੰਘ ਮਹਾਨ
ਉਸ ਦੇ ਨਿਕੇ ਬਾਲ ਨੂੰ ਸਾਹਵੇਂ ਕੀਤਾ ਆਣ
ਕਾਜ਼ੀ ਕਹਿੰਦਾ ਸਿੰਘ ਜੀ, ਇਹ ਪਕੜੋ ਕਿਰਪਾਨ
ਕਟੋ ਇਸ ਦੇ ਸੀਸ ਨੂੰ ਇਹ ਸ਼ਾਹੀ ਫਰਮਾਨ।

15. ਦੁਨੀਆਦਾਰੀ ਵੇਸਤੇ ਪੁੱਤਰ ਹੈਨ ਨਿਸ਼ਾਨ
ਜੋ ਕੋਈ ਝਿੜਕੇ ਇਨ੍ਹਾਂ ਨੂੰ ਕਢੀਏ ਉਸ ਦੀ ਜਾਨ
ਪੁੱਤਰ ਨੂੰ ਝਟਕਾਣ ਦਾ ਇਹ ਕੈਸਾ ਇਮਤਹਾਨ
ਜਿਹੜੀਆਂ ਚਿਤ ਨਾ ਚੇਤੇ ਸਨ, ਉਹੀ ਹੋਈਆਂ ਆਣ।

16. ਬੰਦੇ ਚੁਕ ਕੇ ਬਾਲ ਨੂੰ ਪਹਿਲਾਂ ਕੀਤਾ ਪਿਆਰ
ਫਿਰ ਉਸ ਨੂੰ ਸਮਝਾਇਆ ਸਿੱਖੀ ਦਾ ਕਿਰਦਾਰ
ਤੇਰੇ ਵਰਗੇ ਬਾਲ ਸਨ, ਫ਼ਤਹ ਸਿੰਘ, ਜੋਝਾਰ
'ਖੇਤ ਜੋ ਮਾਂਡਿਉ ਸੂਰਮਾ, ਅਬ ਜੂਝਣ ਦੀ ਵਾਰ'।

17. ਫ਼ਤਹ ਗਜਾਈ ਬਾਲ ਨੇ ਹੁਣ ਹੋਇਆ ਸੁਰਜੀਤ
ਜਾਨ ਜਾਏ ਤਾਂ ਜਾਣ ਦੇ ਇਹ ਸਿੱਖ ਦੀ ਹੈ ਰੀਤ
ਸ਼ੁਭ ਕਰਮਾਂ ਦਾ ਧਾਰਨੀ ਨਿਸਚੈ ਹੋਵੇ ਜੀਤ
ਜਾਇ ਮਿਲਾਂ ਤਿਨਾਂ ਸਜਣਾਂ ਟੂਟੇ ਨਾਹੀ ਪ੍ਰੀਤ।

18. ਕਾਜ਼ੀ ਹੋਇਆ ਕਰੋਧਵਾਨ ਝਲ ਨ ਸਕਿਆ ਝਾਲ
ਕੀਤਾ ਵਾਰ ਜੱਲਾਦ ਨੇ ਤੜਫਣ ਲੱਗਾ ਬਾਲ
ਸਫਲ ਨਾ ਤਾਂ ਵੀ ਹੋ ਸਕੀ ਹੋਣੀ ਦੀ ਇਹ ਚਾਲ
ਲੁਸ ਲੁਸ ਉਛਲਣ ਆਂਦਰਾਂ, ਧਰਤੀ ਲਾਲੋ ਲਾਲ।

19. ਲਿਖਿਆ ਏ ਇਤਿਹਾਸ ਵਿਚ ਬੰਦਾ ਰਿਹਾ ਅਹਿੱਲ
ਕੋਹੇ ਗਏ ਇਸ ਬਾਲ ਦਾ ਲੁਸ ਲੁਸ ਕਰਦਾ ਦਿਲ
ਪਿਉ ਦੇ ਮੂੰਹ ਵਿਚ ਪਾਇਆ ਤਾਂ ਜੋ ਜਾਵੇ ਡੋਲ
ਇਸ ਕਰੜੀ ਅਜ਼ਮੈਸ਼ ਵਿਚ ਬੰਦਾ ਰਿਹਾ ਅਡੋਲ
ਰੋਵੇਗਾ ਇਤਿਹਾਸ ਵੀ ਆਪਣੇ ਪੰਨੇ ਫੋਲ।

20. ਐਸਾ ਭਿਆਨਕ ਦ੍ਰਿਸ਼ ਸੀ, ਵੇਖਣ ਵਾਲੇ ਕਹਿਣ
ਨਾਲ ਜੰਬੂਰਾਂ ਨੋਚਦੇ ਪਹਿਲਾਂ ਕਢੇ ਨੈਣ
ਲਾਲੰ ਸੁਲਾਖਾਂ ਕੀਤੀਆਂ ਇਕ ਇਕ ਅੰਗ ਜਲਾਣ
ਫ਼ਤਹ ਗਜਾਈ ਸਿੱਖ ਨੇ ਤਨ ਚੋਂ ਉਡੇ ਪ੍ਰਾਣ।

21. ਗਗਨ ਦਮਾਮਾ ਬਾਜਿਓ ਪਰਿਓ ਨੀਸਾਨੇ ਘਾਉ
ਖੇਤ ਜੋ ਮਾਂਡਿਓ ਸੂਰਮਾ ਅਬ ਜੂਝਨ ਕੋ ਚਾਉ
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੈ ਖੇਤੁ।

ਭਾਈ ਗੁਰਦਾਸ ਜੀ ਨੇ ਵੀ ਸਿੱਖੀ ਦੀ ਮਹਿੰਮਾ ਵਿਚ 22 ਪਉੜੀਆਂ ਦੀ 28ਵੀਂ ਵਾਰ ਲਿਖੀ ਹੈ ਜਿਸ ਵਿਚ "**ਵਾਲਹੁੰ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਅਤਿ ਤਿਖੀ**" ਵਾਲੇ ਸ਼ਬਦ ਵਿਚ ਸਿੱਖੀ ਸਰੂਪ ਦੇ ਅਮੋਲਕ ਗੁਣਾਂ ਦਾ ਡਾਢਾ ਸੁਹਣਾ ਵਖਿਆਨ ਕਰ ਕੇ ਇਹ ਸਪੱਸ਼ਟ ਕੀਤਾ ਹੈ ਕਿ ਗੁਰਸਿੱਖੀ ਦੀ ਦਾਤ ਪਾਉਣਾ ਮਨੁੱਖ ਦੇ ਪਰਮ ਸਰੇਸ਼ਠ ਭਾਗਾਂ ਦੀ ਨਿਸ਼ਾਨੀ ਹੈ। ਸਤਿਗੁਰ ਤੁਠੇ ਤਾਂ ਹੀ ਇਸ ਅਨਮੋਲ ਦਾਤ ਦਾ ਆਨੰਦ ਮਾਣਿਆ ਜਾ ਸਕਦਾ ਹੈ।

ਉਪਰੋਕਤ ਸਾਰੀ ਲਿਖਤ ਦੀ ਰੌਸ਼ਨੀ ਵਿਚ ਸਰ ਇਕਬਾਲ ਦਾ ਲਿਖਿਆ ਨਿਮਨ

ਸ਼ੇਅਰ ਇਵੇਂ ਲਗਦਾ ਹੈ ਕਿ ਜਿਵੇਂ ਸਦੀਆਂ ਤੋਂ ਚਲੇ ਆ ਰਹੇ ਸਿੱਖੀ ਦੇ ਉਦਮਾਂ ਦੀ ਕਦਰਸ਼ਨਾਸੀ ਵਿਚ ਹੀ ਲਿਖਿਆ ਹੋਵੇ।

ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,
ਸਦੀਓਂ ਰਹਾ ਹੈ ਦੁਸ਼ਮਨ ਦੌਰੇ ਜ਼ਮਾਂ ਹਮਾਰਾ।

ਬਾਵਜੂਦ ਇਸ ਦੇ ਕਿ ਸਿੱਖੀ ਤੇ ਬਹੁਤ ਭੀੜਾਂ ਆਈਆਂ ਹਨ ਅਤੇ ਹੁਣ ਕੇਸ ਕਟਵਾਉਣ ਦਾ ਬਜਰ ਵਾਰ ਆਪਣੀ ਹੀ ਪਨੀਰੀ ਵਲੋਂ ਵਿਸਰ ਭੋਲੇ ਵਿਚ ਹੋਣ ਲਗ ਪਿਆ ਹੈ ਜਿਸ ਨੂੰ ਠੱਲ੍ਹ ਪਾਉਣ ਲਈ ਸੁਚੇਤ ਉਦਮਾਂ ਦੀ ਲੋੜ ਹੈ। ਗੁਰਸਿੱਖੀ ਸਰਬ ਮਨੁੱਖਤਾ ਲਈ ਬੇਤਰੀਨ ਧਰਮ ਹੈ। ਇਸ ਲਈ ਇਸ ਨੂੰ ਸ਼ੁੱਧ ਰੂਪ ਵਿਚ ਪ੍ਰਫੁਲਤ ਕਰਨ ਵਾਸਤੇ ਸਾਨੂੰ ਹਰ ਜਾਇਜ਼ ਤੇ ਯੋਗ ਹੀਲਾ ਵਸੀਲਾ ਵਰਤਣਾ ਚਾਹੀਦਾ ਹੈ। ਹਾਲਤ ਚਿੰਤਾ ਜਨਕ ਹੋਣ ਦੇ ਬਾਵਜੂਦ ਵੀ ਸੁਧਰਨ ਲਾਇਕ ਹੈ ਇਵੇਂ ਹੀ ਜਿਵੇਂ ਇਕਬਾਲ ਨੇ ਨਿਮਨ ਲਿਖਤ ਸ਼ੇਅਰ ਵਿਚ ਪ੍ਰਗਟਾਵਾ ਕੀਤਾ ਹੈ :

ਨਹੀਂ ਹੈ ਨਾ-ਉਮੀਦ ਇਕਬਾਲ ਅਪਨੀ ਕਸ਼ਤਿ ਵੀਰਾਂ ਸੇ,
ਜ਼ਰਾ ਨਮ ਹੋ ਤੋ ਯਿਹ ਮੱਟੀ, ਬਹੁਤ ਜ਼ਰਖੇਜ਼ ਹੈ ਸਾਕੀ।

ਯੋਗ ਪਰਚਾਰ, ਉਤਮ ਕਿਰਦਾਰ, ਸੁਚੇ ਵਿਹਾਰ ਨਾਲ ਸਿੱਖੀ ਦੀ ਕਰੜੀ ਹੋ ਚੁੱਕੀ ਧਰਤੀ ਨੂੰ ਗਿੱਲਾ ਤੇ ਨਰਮ ਕਰਕੇ ਬਹੁਤ ਉਪਜਾਊ ਬਣਾਇਆ ਜਾ ਸਕਦਾ ਹੈ, ਗੁਰੂ ਮਿਹਰ ਕਰਨ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹ॥

ਪੁਸਤਕ ਰਿਵੀਊ

ਪਰਾਇਆਂ ਦੇ ਅਨੁਮਾਨ : ਸਿੱਖੀ ਮਹਾਨ

ਹੁਣ (ਗ਼ੈਰ-ਸਿੱਖਾਂ ਦੇ ਅਨੁਮਾਨ : ਸਿੱਖੀ ਮਹਾਨ)

ਲੇਖਕ : ਸਰੂਪ ਸਿੰਘ ਅੱਲਗ
ਪ੍ਰਕਾਸ਼ਕ : ਮੈਸਰਜ਼ ਗਰੀਨ ਸਾਈਕਲ ਇੰਡਸਟਰੀ, ਲੁਧਿਆਣਾ।
ਮੁੱਲ : ਮੁਫਤ
ਪੰਨੇ : 162

"ਜਪੁਜੀ ਦਾ ਟੀਕਾ ਕਰਦਿਆਂ ਪੱਖਪਾਤੀ ਨਾ ਹੋਈਂ ਕਿਉਂਕਿ ਇਹ ਬਾਣੀ ਉਸ ਗੁਰੂ ਨਾਨਕ ਦੇਵ ਜੀ ਦੀ ਰਚੀ ਹੈ ਜਿਸ ਨੇ ਵੱਡੇ ਤੋਂ ਵੱਡੇ ਮੁਸਲਮਾਨ ਨਾਲੋਂ ਵੀ ਇਸਲਾਮ ਨੂੰ ਜਾਣਿਆ ਹੈ"। ਇਕ ਵਾਰੀ ਇਵੇਂ ਸਰ ਮੁਹੰਮਦ ਇਕਬਾਲ ਨੇ ਜਪੁਜੀ ਦਾ ਤਰਜਮਾ ਕਰਨ ਵਾਲੇ ਆਪਣੇ ਮਿੱਤਰ ਹਬੀਬ ਨੂੰ ਕਿਹਾ ਸੀ।

"'ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ" ਹੀ ਬ੍ਰਹਮੰਡ ਗਾਣ (Cosmic anthem) ਬਣੇਗਾ ਜੇ ਕਰ ਜਗਤ ਨੇ ਕੋਈ ਬ੍ਰਹਮੰਡ ਗਾਣ ਕਦੇ ਅਪਣਾਇਆ"। ਇਹ ਪ੍ਰਭਾਵ ਲਿਆ ਸੀ ਰਬਿੰਦਰ ਨਾਥ ਟੈਗੋਰ ਤੇ ਵਿਨੋਭਾ ਭਾਵੇ ਨੇ ਗੁਰੂ ਨਾਨਕ ਦੇਵ ਜੀ ਦੀ ਆਰਤੀ ਦਾ ਸ਼ਬਦ ਸੁਣ ਕੇ।

' ਇਕੋ ਵੇਲੇ ਜੇ ਕਿਸੇ ਨੇ ਗੁਰੂ ਨਾਨਕ ਦੇਵ ਜੀ ਵਾਲੀ ਮਿਠਤ ਨੀਵੀਂ, ਈਸਾ ਜੀ ਵਰਗੀ ਤਰਸ ਭਰੀ ਤੱਕਣੀ, ਬੁਧ ਸਾਹਿਬ ਵਰਗਾ ਡੁਲ੍ਹ ਡੁਲ੍ਹ ਪੈਂਦਾ ਜੋਸ਼, ਸ਼੍ਰੀ ਕ੍ਰਿਸ਼ਨ ਜੀ ਵਰਗਾ ਸੂਰਜ ਵਤ ਭਖਦਾ ਚਿਹਰਾ, ਰਾਮ ਚੰਦਰ ਜੀ ਵਰਗੀ ਮਰਿਆਦਾ ਪਰਸ਼ੋਤਮਤਾ ਤੇ ਸ਼ਾਹਾਂ ਵਾਲੀ ਸ਼ਾਨ ਦੇਖਣੀ ਹੋਵੇ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰੇ।" ਸਾਧੂ ਟੀ. ਐਲ. ਵਾਸਵਾਨੀ ਨੇ ਕਲਗੀਧਰ ਦਾ ਜੀਵਨ ਪੜ੍ਹ ਲਿਖਿਆ ਸੀ। "ਐਸੇ ਸਿੱਖ ਗੁਰੂ ਨੇ ਤਿਆਰ ਕਰ ਦਿਤੇ ਸਨ ਕਿ ਉਹ ਸ਼ੇਰਾਂ ਨੂੰ ਉਨ੍ਹਾਂ ਦੀ ਗ਼ਾਰ ਵਿੱਚ ਜਾ ਲਲਕਾਰਨ ਦੀ ਜੁਰਅਤ ਰਖਦੇ ਸਨ। ਸਿੱਖ ਵਿਚ ਜੁਰਅਤ ਵੀ ਇੰਤਹਾ (ਸਿਖਰਾਂ) ਦੀ ਹੈ ਤੇ ਜੇਰਾ ਵੀ ਅਥਾਹ ਹੈ"। ਕਨਿੰਘਮ ਨੇ ਸਿੱਖਾਂ ਨੂੰ ਨੇੜਿਓਂ ਤਕ ਕੇ ਲਿਖਿਆ ਸੀ।

ਨੀਹਾਂ ਵਿੱਚ ਚਿਣੇ ਜਾਂਦੇ ਸਾਹਿਬਜ਼ਾਦਿਆਂ ਨੂੰ ਆਜ਼ਾਦੀ ਦੇ ਦਸਤਾਵੇਜ਼ ਤੇ ਲਹੂ ਨਾਲ ਦਸਤਖਤ ਕਰਨ ਵਾਲੇ ਸ਼ਹੀਦ ਗਿਣਨਾ ਚਾਹੀਦਾ ਹੈ, ਇਹ ਸੁਝਾਅ ਦੌਲਤ ਰਾਏ ਨੇ ਪ੍ਰਗਟਾਇਆ।

ਸਟਾਲਨ ਦੀ ਇਕ ਪੁਛ ਕਿ ਗਰੀਬ ਅਮੀਰ ਦਾ ਪਾੜ, ਉਚ ਨੀਚ ਦਾ ਫਰਕ ਤੁਸੀ ਕਿਵੇਂ ਮਿਟਾਉਗੇ? ਤਾਂ ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ ਸੀ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਮੇਟਿਆ ਸੀ।

"ਗੁਰੂ ਗ੍ਰੰਥ ਸਾਹਿਬ ਪੜ੍ਹਦੇ ਪੜ੍ਹਦੇ ਮੇਰੀ ਇਕੱਲ, ਇਕਾਂਤ ਵਿਚ ਬਦਲ ਜਾਂਦੀ ਹੈ।" ਇਹ ਵਿਚਾਰ ਨੋਬਿਲ ਪ੍ਰਾਈਜ਼ ਜੇਤੂ ਪਰਲ ਐੱਸ ਬੱਕ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਿਆਂ ਲਿਖੇ ਸਨ।

"ਪਛਮ ਦੇ ਲੋਕੋ ਮੈਂ ਐਸਾ ਧਰਮ ਪੂਰਬ ਵਲੋਂ ਲੈ ਕੇ ਆਇਆ ਹਾਂ ਜੋ ਸਿਧਾ-ਸਾਦਾ ਤੇ ਸਰਲ ਹੈ ਜਿਸ ਵਿਚ ਬਨਾਵਟ ਨੂੰ ਕੋਈ ਥਾਂ ਨਹੀਂ, ਜਿਸ ਵਿਚ ਬੁਤ ਪ੍ਰਸਤੀ, ਪੰਖਡ, ਜ਼ਾਤ-ਪਾਤ, ਵਿਧਵਾ ਨੂੰ ਸਤੀ ਕਰਨਾ, ਇਸਤਰੀ ਨੂੰ ਗ਼ੁਲਾਮ ਬਣਾਉਣਾ, ਸ਼ਰਾਬ ਤੇ ਹੋਰ ਨਸ਼ਿਆਂ ਦਾ ਵਰਤਣਾ, ਤਮਾਕੂ ਪੀਣਾ, ਕੁੜੀਆਂ ਦਾ ਮਾਰਨਾ, ਨਿੰਦਾ ਕਰਨੀ ਮਨ੍ਹਾ ਹਨ। ਹਿੰਦੂਆਂ ਵਾਂਗ ਤੀਰਥਾਂ ਤੇ ਦਰਿਆਵਾਂ ਦੀ ਯਾਤਰਾ ਦਾ ਜ਼ੋਰਦਾਰ ਖੰਡਨ ਹੈ ਅਤੇ ਬੰਦ ਕੀਤਾ ਹੈ ਅਤੇ ਵਫਾਦਾਰੀ, ਕੀਤੇ ਨੂੰ ਜਾਣਨਾ, ਦਾਨ ਦੇਣਾ, ਨਿਆਂ, ਨਿਮਰਤਾ, ਸਚਾਈ, ਦਿਆਨਤਦਾਰੀ ਅਤੇ ਹੋਰ ਸਭ ਤਰ੍ਹਾਂ ਦੀਆਂ ਇਖਲਾਕੀ ਤੇ ਭਾਈਚਾਰਕ ਖੂਬੀਆਂ ਧਾਰਨ ਕਰਨ ਦਾ ਹੁਕਮ ਕਰਦਾ ਹੈ"। ਇਹ ਮੈਕਾਲਫ ਨੇ ਸਿੱਖ ਰਿਲੀਜਨ ਦੀਆਂ ਛੇ ਜਿਲਦਾਂ ਦੇ ਮੁੱਖ-ਬੰਦ ਵਿਚ ਲਿਖਿਆ ਸੀ।

ਟਾਇਨਬੀ ਨੂੰ " ਖੁਲ੍ਹੀ ਦਾਹੜੀ ਵਾਲਾ ਸਿੱਖ " ਸਭ ਤੋਂ ਸੁਹਣਾ ਲੱਗਾ ਸੀ ਜਦ ਉਹ ਪੰਜਾਬ ਵਿਚ ਆਇਆ ਸੀ।

ਚਰਚਲ ਵਰਗੇ ਸਿਆਸਤਦਾਨ ਨੇ ਕਿਹਾ ਸੀ ਕਿ ਸਿੱਖਾਂ ਦਾ ਸਾਡੇ ਤੇ ਬਹੁਤ ਕਰਜ਼ਾ ਹੈ। ਇਹ ਅੰਗਰੇਜ਼ਾਂ ਨੂੰ ਉਤਾਰਨਾ ਚਾਹੀਦਾ ਹੈ।

ਕਾਜ਼ੀ ਨੂਰ ਮੁਹੰਮਦ ਮਜਬੂਰ ਹੋਇਆ ਸੀ ਇਹ ਕਹਿਣ ਤੇ ਕਿ ਧੰਨ ਹਨ ਸਿੱਖ ਜੋ ਨਾ ਤਾਂ ਬੇ-ਹਥਿਆਰੇ ਤੇ ਹਮਲਾ ਕਰਦੇ ਹਨ ਤੇ ਨਾ ਹੀ ਡਿਗੇ ਤੇ ਵਾਰ ਅਤੇ ਇਸ ਤੋਂ ਵੀ ਵਧ ਇਹ ਕਿ ਉਹ ਨਾ ਹੀ ਕਿਸੇ ਔਰਤ ਦੇ ਗਹਿਣੇ ਤਕ ਨੂੰ ਹੱਥ ਲਗਾਉਂਦੇ ਹਨ।

"ਦਰਬਾਰ ਸਾਹਿਬ ਨੂੰ ਇਮਾਰਤ ਨਾ ਸਮਝਿਆ ਜੇ, ਇਹ ਜਿਉਂਦੀ ਜਾਗਦੀ ਕੌਮ ਨੂੰ ਹਰਕਤ ਦੇਣ ਵਾਲੀ ਕਲਾ ਹੈ।" ਇਵੇਂ ਮਾਈਕਲ ਐਡਵਰਡਜ਼ ਨੇ ਕਿਹਾ ਸੀ।

ਐਸੇ ਖੂਬਚਸੂਰਤ ਖਿਆਲਾਂ ਦਾ ਗੁਲਦਸਤਾ ਹੈ ਇਹ ਹੱਥਲੀ ਪੁਸਤਕ ਜਿਸ ਨੂੰ ਸਰਦਾਰ ਸਰੂਪ ਸਿੰਘ ਅਲੱਗ ਨੇ 'ਪਰਾਇਆਂ ਦੇ ਅਨੁਮਾਨ ਸਿੱਖੀ ਮਹਾਨ' ਦਾ ਨਾਂ ਦੇ ਕੇ ਸੁਹਣੇ ਕਾਗਜ਼ ਤੇ ਅੱਛੀ ਛਪਵਾਈ ਕਰਵਾਕੇ ਸਭ ਤੋਂ ਨਿਰਾਲੀ ਗੱਲ ਇਹ ਕਿ ਭਰਾਵਾਂ ਦੀ ਕਿਰਤ ਕਮਾਈ ਵਿਚੋਂ ਛਾਪ ਕੇ ਮੁਫਤ ਪੰਥ ਦੇ ਹਵਾਲੇ ਕੀਤਾ ਹੈ। ਪੁਸਤਕ ਮੁਫਤ ਵੰਡਣ ਦੀ ਜੋ ਪਿਰਤ ਸਰਦਾਰ ਅਲੱਗ ਨੇ ਪਾਈ ਹੈ ਇਸ ਤੇ ਉਹੀ ਹੀ ਇਕੱਲਾ ਟੁਰ ਸਕਦਾ ਹੈ। ਵਡੀਆਂ ਵਡੀਆਂ ਸੰਸਥਾਵਾਂ ਵੀ ਜਿਨ੍ਹਾਂ ਪਾਸ ਸਾਲਾਨਾ ਪੱਕੀਆਂ ਆਮਦਨਾਂ ਹਨ, ਉਹ ਵੀ ਇਤਨਾ ਕੁਝ ਨਹੀਂ ਕਰਦੀਆਂ। ਲਾਗਤ ਮੁੱਲ ਤਾਂ ਉਹ ਵੀ ਰੱਖਦੀਆਂ ਹਨ। ਸੋ ਸਰਦਾਰ ਸੂਰਪ ਸਿੰਘ ਅਲੱਗ ਤੇ ਉਨ੍ਹਾਂ ਦੇ ਭਰਾਵਾਂ ਨੂੰ ਵਧਾਈ ਦੇਣੀ ਹੈ ਜਿਨ੍ਹਾਂ ਵਪਾਰੀਆਂ ਕਾਰਖਾਨੇਦਾਰਾਂ, ਉਦਯੋਗਪਤੀਆਂ ਨੂੰ ਸੁੱਚਜੀ ਸੇਧ ਦਿੱਤੀ ਹੈ।

ਸਰਦਾਰ ਸਰੂਪ ਸਿੰਘ ਅਲੱਗ ਨੇ ਜਿਤਨੀਆਂ ਵੀ ਪੁਸਤਕਾਂ ਲਿਖੀਆਂ ਹਨ ਉਨ੍ਹਾਂ ਨੂੰ ਪਰਚਾਰ ਹਿਤ ਮੁਫਤ ਹੀ ਵੰਡਿਆ ਹੈ। ਕੇਸ ਪਰਸੰਗ (ਕੇਸ ਗੁਰੂ ਕੀ ਮੋਹਰ)

"ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ" ਬਾਰੇ ਮੈਨੂੰ ਪਤਾ ਹੈ ਕਿ ਹਰ ਘਰ ਪੜ੍ਹੀਆਂ ਵੀ ਗਈਆਂ ਹਨ ਅਤੇ ਅੱਗੇ ਪੜ੍ਹਵਾਈਆਂ ਵੀ ਗਈਆਂ ਹਨ। 'ਸਿੱਖੀ ਮਹਾਨ' ਦੀ ਪੁਸਤਕ ਨੂੰ ਪੜ੍ਹ ਕੇ ਵਾਰ ਵਾਰ ਮੈਨੂੰ ਮਹਿਸੂਸ ਹੁੰਦਾ ਰਿਹਾ ਹੈ ਕਿ ਅਸੀਂ ਆਪਣੇ ਵਿਰਸੇ ਨੂੰ ਸੰਭਾਲਣ ਵਿਚ ਇਤਨੇ ਅਵੇਸਲੇ ਕਿਉਂ ਹਾਂ? ਇਤਨਾ ਜਵਾਨ ਧਰਮ ਹੋਣ ਦੇ ਬਾਵਜੂਦ ਹਰ ਥਾਂ ਤੇ ਗ਼ਲਤ ਫਹਿਮੀ ਦਾ ਸ਼ਿਕਾਰ ਕਿਉਂ ਹੋ ਜਾਂਦਾ ਹੈ? ਰਹਿਤ ਦੀ ਰਛਿਆ ਲਈ ਹਰ ਥਾਵੇਂ ਇਸ ਨੂੰ ਲੜਾਈ ਕਿਉਂ ਲੜਨੀ ਪੈ ਰਹੀ ਹੈ? ਇਸ ਸਿੱਖੀ ਮਹਾਨ ਨੂੰ ਕਿਹੜੀ ਬਿਮਾਰੀ ਹੈ ਜੋ ਘੁਣ ਵਾਂਗ ਲਗ ਗਈ ਹੈ? ਸਰਦਾਰ ਸਰੂਪ ਸਿੰਘ ਅਲੱਗ ਨੇ ਸਾਨੂੰ ਸਾਰਿਆਂ ਨੂੰ ਝੰਜੋੜ ਕੇ ਜਗਾਇਆ ਹੈ। ਮੈਂ ਇਹ ਜ਼ਰੂਰ ਚਾਹਵਾਂਗਾ ਕਿ ਉਹ ਇਸ ਪੁਸਤਕ ਨੂੰ ਕੁਝ ਹੋਰ ਛੋਟਾ ਕਰਕੇ ਦੇਣ ਤਾਂ ਕਿ ਪੇਪਰ ਬੈਕ ਵਿਚ ਛਾਪ ਕੇ ਅੰਗਰੇਜ਼ੀ, ਹਿੰਦੀ ਵਿਚ ਉਲਥਾਕੇ ਘਟੋ ਘੱਟ ਹਰ ਸਕੂਲ ਕਾਲਜ ਲਾਇਬਰੇਰੀ ਵਿਚ ਇਸ ਨੂੰ ਜ਼ਰੂਰ ਪਹੁੰਚਾਇਆ ਜਾਵੇ। ਜੇ ਅੱਲਗ ਜੀ ਖੇਚਲ ਨਾ ਸਮਝਣ ਤਾਂ ਇਕ ਕਾਰਜ ਹੋਰ ਵੀ ਕਰਨ ਕਿ ਸਾਰੇ ਹਵਾਲਿਆਂ ਦਾ ਥਹੁ ਪਤਾ ਵੀ ਦੇ ਦੇਣ ਤਾਂ ਕਿ ਖੋਜੀ ਅਸਲ ਦਾ ਵੀ ਸਵਾਦ ਲੈ ਸਕਣ ਜਿਵੇਂ ਬਹੁਤੀ ਥਾਵੇਂ ਉਨ੍ਹਾਂ ਪੂਰੇ ਹਵਾਲੇ ਦਿਤੇ ਹਨ।

ਪ੍ਰਿ: ਸਤਿਬੀਰ ਸਿੰਘ
ਪਟਿਆਲਾ

31.01.1993

ਰਿਵੀਊ ਪੰਜਾਬੀ ਟ੍ਰਿਬਿਊਨ 7.2.93

ਪਰਾਇਆਂ ਦੇ ਅਨੁਮਾਨ
ਹੁਣ (ਗ਼ੈਰ ਸਿੱਖਾਂ ਦੇ ਅਨੁਮਾਨ)

ਸਿੱਖੀ ਮਹਾਨ

ਸ੍ਰੀ ਸਰੂਪ ਸਿੰਘ ਅਲੱਗ ਨੇ ਇਸ ਗੱਲ ਦਾ ਮਾਣ ਖੱਟਿਆ ਹੈ ਕਿ ਉਸ ਨੇ ਸੰਸਾਰ ਪ੍ਰਸਿੱਧ ਵਿਅਕਤੀਆਂ, ਇਤਿਹਾਸਕਾਰਾਂ, ਚਿੰਤਕਾਂ, ਬੁਧੀ ਜੀਵੀਆਂ ਤੇ ਹੁਕਮਰਾਨਾਂ ਦੇ ਸਿੱਖਾਂ ਬਾਰੇ ਵਿਚਾਰਾਂ ਨੂੰ ਇਸ ਪੁਸਤਕ ਵਿਚ ਇਕੱਠਾ ਕਰ ਕੇ ਇਕ ਪਰਮਾਣਿਕ ਦਸਤਾਵੇਜ਼ ਬਣਾ ਦਿੱਤਾ ਹੈ।

ਇਸ ਤੋਂ ਇਲਾਵਾ ਵਿਦੇਸ਼ੀ ਅਖਬਾਰਾਂ ਵਿਚ ਸਿੱਖਾਂ ਬਾਰੇ ਬਹੁਤ ਥਾਈਂ ਬੜੇ ਪ੍ਰਸੰਸਾਜਨਕ ਵਿਚਾਰ ਦਿਤੇ ਗਏ ਹਨ ਅਤੇ ਵਿਦੇਸ਼ਾਂ ਵਿਚ ਸਿੱਖਾਂ ਦੀ ਚੜ੍ਹਤ ਨੂੰ ਵੀ ਸ੍ਰੀ ਅਲੱਗ ਨੇ ਮਿਸਾਲਾਂ ਦੇ ਕੇ ਪੇਸ਼ ਕੀਤਾ ਹੈ, ਜਿਸ ਤੋਂ ਹਰ ਬਸ਼ਰ ਨੂੰ ਜਾਣੂੰ ਹੋਣਾ ਜ਼ਰੂਰੀ ਹੈ।

ਇਸ ਪੁਸਤਕ ਨੂੰ ਗੁਰਮਤਿ ਸਾਹਿਤ ਦਾ ਇਕ ਅਨਮੋਲ ਖਜ਼ਾਨਾ ਕਿਹਾ ਜਾ ਸਕਦਾ ਹੈ ਜਿਸ ਲਈ ਸ: ਅਲੱਗ ਅਵੱਸ਼ ਹੀ ਵਧਾਈ ਦੇ ਪਾਤਰ ਹਨ।

ਬਲਜੀਤ ਸਿੰਘ ਬਲੀ
ਚੰਡੀਗੜ੍ਹ

ਰਿਵਿਊ ਅਖਬਾਰ: ਅੱਜ ਦੀ ਆਵਾਜ਼, ਜਲੰਧਰ

ਪੁਸਤਕ ਦਾ ਨਾਂ

ਪਰਾਇਆਂ ਦੇ ਅਨੁਮਾਨ : ਸਿੱਖੀ ਮਹਾਨ

ਹੁਣ (ਗੈਰ ਸਿੱਖਾਂ ਦੇ ਅਨੁਮਾਨ : ਸਿੱਖੀ ਮਹਾਨ)

ਭੇਟਾ--ਮੁਫ਼ਤ ਮਿਤੀ: 7. 2. 1994

ਸ: ਸਰੂਪ ਸਿੰਘ ਅਲੱਗ ਇਕ ਵਿਖਿਆਤ ਵਿਦਾਵਾਨ ਹਨ। ਉਹ ਭਾਰਤੀ ਸੰਸਕ੍ਰਿਤੀ, ਸਭਿਆਚਾਰ ਤੇ ਭਾਸ਼ਾਵਾਂ ਨਾਲ ਸੰਬਧਤ ਵਿਸ਼ਵ ਪੱਧਰ ਦੇ ਸੈਮੀਨਾਰਾਂ ਤੇ ਕਾਨਫਰੰਸਾਂ ਵਿੱਚ ਕਈ ਵਾਰੀ ਭਾਰਤ ਦੀ ਨੁਮਾਇੰਦਗੀ ਕਰ ਕੇ ਨਾਮਣਾ ਖੱਟ ਚੁਕੇ ਹਨ। ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਬਾਰੇ ਉਨ੍ਹਾਂ ਦੇ ਬਹੁਤ ਹੀ ਖੋਜ ਭਰੇ ਲੇਖ ਬੜੀ ਦਿਲਚਸਪ ਸ਼ੈਲੀ ਵਿੱਚ ਲਿਖੇ ਹੋਏ ਪਾਠਕ ਪਿਛਲੇ 25 ਸਾਲਾਂ ਤੋਂ ਪੜ੍ਹਦੇ ਆ ਰਹੇ ਹਨ। ਡਾਇਰੈਕਟਰ ਦੇ ਉੱਚ ਅਹੁਦੇ ਤੋਂ ਹੁਣੇ ਜਿਹੇ ਰਿਟਾਇਰ ਹੋਣ ਉਪਰੰਤ ਉਨ੍ਹਾਂ ਨੇ ਤਨੋਂ, ਮਨੋਂ ਤੇ ਧਨੋਂ ਆਪਣੀ ਕਲਮ ਨੂੰ ਮਾਨਵਤਾ ਦੀ ਬਹੁਪੱਖੀ ਉਨਤੀ ਲਈ ਬੜੀ ਸ਼ਰਧਾਮਈ ਭਾਵਨਾ ਨਾਲ ਵਰਤਣ ਦਾ ਜੋ ਬੀੜਾ ਚੁਕਿਆ ਹੈ ਉਸ ਦੀਆਂ ਧੂੰਮਾਂ ਸਾਰੇ ਸੰਸਾਰ ਵਿੱਚ ਸੁਣਾਈ ਦੇਣ ਲੱਗ ਪਈਆਂ ਹਨ। ਉਂਜ ਤਾਂ ਉਨ੍ਹਾਂ ਨੇ ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਤੇ ਸਿੱਖ ਰਹੁ-ਰੀਤੀ ਤੇ ਲੱਗਪੱਗ ਦੋ ਦਰਜਨ ਪੁਸਤਕਾਂ ਲਿਖੀਆਂ ਹਨ ਪਰ ਉਨ੍ਹਾਂ ਦੀਆਂ ਤਿੰਨ ਪੁਸਤਕਾਂ (1) ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ (2) ਪਰਾਇਆਂ ਦੇ ਅਨੁਮਾਨ-ਸਿੱਖੀ ਮਹਾਨ ਅਤੇ (3) ਕੇਸ ਪ੍ਰਸੰਗ ਵਿਸ਼ਵ ਪ੍ਰਸਿੱਧ ਪੁਸਤਕਾਂ ਹਨ ਜਿਨ੍ਹਾਂ ਦੀ ਚਰਚਾ ਹਰ ਖੇਤਰ ਵਿੱਚ ਹੈ। ਇਹ ਪੁਸਤਕਾਂ ਕਿਸ਼ਤਾਂ ਵਿੱਚ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਛੱਪ ਰਹੀਆਂ ਹਨ ਤੇ ਕੌਮ ਦਾ ਮਾਣ ਵਧਾ ਰਹੀਆਂ ਹਨ।

ਪਰਾਇਆਂ ਦੇ ਅਨੁਮਾਨ-ਸਿੱਖੀ ਮਹਾਨ ਸਰਦਾਰ ਅਲੱਗ ਦੀ ਅਜਿਹੀ ਲਾਜਵਾਬ ਪੁਸਤਕ ਹੈ ਜਿਸ ਤੇ ਹਰ ਕੋਈ ਮਾਣ ਕਰ ਸਕਦਾ ਹੈ। ਇਸ ਵਿਚ ਉਨ੍ਹਾਂ ਨੇ ਗ਼ੈਰ-ਸਿੱਖ ਸੱਜਣਾਂ ਦੇ ਗੁਰਸਿੱਖੀ ਬਾਰੇ ਉਚੇਰੇ ਬਚਨ ਕਲਮਬੰਦ ਕਰਕੇ ਬੜੇ ਨਿਰਪੱਖ ਰੂਪ ਵਿੱਚ ਇਸ ਗੱਲ ਦਾ ਉਲੇਖ ਕੀਤਾ ਹੈ ਕਿ ਇਹ ਜੀਵਨ-ਜਾਚ ਬਹੁਤ ਉੱਤਮ ਤੇ ਲਾ-ਮਿਸਾਲੀ ਪ੍ਰਕਾਰ ਦੀ ਹੈ। ਪੁਸਤਕ ਦਾ ਇੱਕ ਇਕ ਪੰਨਾ ਸੁੱਚੇ ਮੋਤੀਆਂ ਨਾਲ ਜੜ੍ਹਿਆ ਹੋਇਆ ਹੈ। ਸਮੁੱਚੀ ਪੁਸਤਕ ਪੜ੍ਹਨ ਉਪਰੰਤ ਸਿਰ ਸ: ਅਲੱਗ ਦੇ ਸਤਿਕਾਰ ਵਿੱਚ ਝੁਕ ਜਾਂਦਾ ਹੈ ਤੇ ਇਸ ਗੱਲ ਵਿੱਚ ਵੀ ਕਿ ਸਿੱਖੀ ਕਿਤਨੀ ਮਹਾਨ ਹੈ। ਜੇਕਰ ਅਸੀਂ ਪੁਸਤਕ ਵਿੱਚ ਸਿੱਖੀ ਦੀਆਂ ਦੱਸੀਆਂ ਖ਼ੂਬੀਆਂ ਅਨੁਸਾਰ ਜੀਵਨ ਜੀ ਕੇ ਸੰਸਾਰ ਵਿੱਚ ਵਿਚਰੀਏ ਤਾਂ ਅਵਸ਼ ਹੀ ਸਮੁੱਚਾ ਸੰਸਾਰ ਸਿੱਖੀ ਕਿਰਦਾਰ ਨੂੰ ਸਲਾਹੁੰਦਿਆਂ ਹੋਇਆਂ ਇਸ ਦੀ ਨਕਲ ਕਰਨ ਵਿਚ ਖੁਸ਼ੀ ਮਹਿਸੂਸ ਕਰੇਗਾ। ਸ: ਅਲੱਗ ਦੀ ਇਸ ਘਾਲਣਾ ਲਈ ਉਨ੍ਹਾਂ ਦੀ ਜਿਤਨੀ ਵੀ ਤਾਰੀਫ ਕੀਤੀ ਜਾਵੇ ਥੋੜ੍ਹੀ ਹੈ। ਇਹੋ ਜਿਹੀ ਪੁਸਤਕ ਨਾ ਪਹਿਲੇ ਲਿਖੀ ਗਈ ਹੈ ਤੇ ਸ਼ਾਇਦ ਨਾ ਹੀ ਅਗਲੇ 50 ਸਾਲਾਂ ਵਿੱਚ ਹੋਰ

ਲਿਖੀ ਜਾਵੇਗੀ। ਸ: ਅਲੱਗ ਨੇ ਇਸ ਇਕੱਲੀ ਰਚਨਾ ਨਾਲ ਸਿੱਖ ਇਤਿਹਾਸਕਾਰਾਂ ਤੇ ਵਿਦਵਾਨਾਂ ਵਿੱਚ ਆਪਣਾ ਸਿਰਮੌਰ ਨਾਂ ਬਣਾ ਲਿਆ ਹੈ। ਮੈਨੂੰ ਉਨ੍ਹਾਂ ਵੀਆਂ ਉਕਤ ਦੱਸੀਆਂ ਤਿੰਨੇ ਪੁਸਤਕਾਂ ਪੜ੍ਹਨ ਦਾ ਅਵਸਰ ਮਿਲਿਆ ਹੈ। ਪੜ੍ਹ ਕੇ ਮਨ ਅਸ਼-ਅਸ਼ ਕਰ ਉੱਠਦਾ ਹੈ, ਆਤਮਾ ਖਿੜ ਜਾਂਦੀ ਹੈ ਤੇ ਮਾਨਸਿਕ ਤ੍ਰਿਪਤੀ ਛੱਲ੍ਹ ਛੱਲ੍ਹ ਪੈਂਦੀ ਹੈ।

ਸ: ਅਲੱਗ ਨੇ ਮਨੁੱਖਤਾ ਦੀ ਇੱਕ ਹੋਰ ਅਜਿਹੀ ਸੇਵਾ ਵੀ ਕੀਤੀ ਹੈ ਜਿਸ ਦਾ ਕੋਈ ਹੋਰ ਸਾਨੀ ਨਹੀਂ ਹੋ ਸਕਦਾ। ਉਹ ਆਪਣੀਆਂ ਦੁਰਲੱਭ ਪੁਸਤਕਾਂ ਲਿਖਣ ਉਪਰੰਤ ਆਪਣੇ, ਆਪਣੇ ਪਰਿਵਾਰ ਦੇ, ਭੈਣਾਂ ਭਰਾਵਾਂ, ਯਾਰਾਂ ਦੋਸਤਾਂ ਤੇ ਸਾਕ ਸਬੰਧੀਆਂ ਦੇ ਮਾਇਕ ਸਾਧਨਾਂ ਨਾਲ ਛਪਵਾ ਕੇ ਪਾਠਕਾਂ ਵਿੱਚ ਇਨ੍ਹਾਂ ਨੂੰ ਮੁਫਤ ਵੰਡਦੇ ਹਨ। ਕਿਤਾਬ ਦੀ ਸ਼ਕਲ ਸੂਰਤ, ਟਾਈਟਲ, ਕਾਗਜ਼ ਤੇ ਜਿਲਦ ਵੇਖ ਕੇ ਬੰਦਾ ਦੰਗ ਰਹਿ ਜਾਂਦਾ ਹੈ। ਫਿਰ ਅਜਿਹੀ ਕਿਤਾਬ ਨੂੰ ਜਿਸ ਦੀ ਮਾਰਕੀਟ ਕੀਮਤ ਘਟੋ ਘੱਟ 400/- ਰੁਪੇ ਹੋਵੇਗੀ ਨੂੰ, ਉਹ ਬੇਹਤਰੀਨ ਪੈਕਿੰਗ ਕਰਕੇ ਪਾਠਕਾਂ ਤੱਕ ਮੁਫਤ ਭੇਜਦੇ ਹਨ ਤੇ ਡਾਕ ਖਾਰਚਾ ਵੀ ਆਪਣੇ ਕੋਲੋਂ ਬਰਦਾਸ਼ਤ ਕਰਦੇ ਹਨ। ਕੌਣ ਮਾਈ ਦਾ ਲਾਲ ਸ: ਅਲੱਗ ਤੋਂ ਬਿਨਾਂ ਅਜਿਹਾ ਕੰਮ ਕਰ ਸਕਦਾ ਹੈ? ਇਹ ਚੈਲੇਂਜ ਹੈ ਉਨ੍ਹਾਂ ਲੇਖਕਾਂ ਤੇ ਸੰਸਥਾਵਾਂ ਨੂੰ ਜੋ ਕੌਮ ਦੇ ਲੱਖਾਂ ਕਰੋੜਾਂ ਰੁਪਏ ਧਾਰਮਿਕ ਸਾਹਿਤ ਬਹੁਤ ਮਹਿੰਗਾ ਵੇਚ ਵੇਚ ਕੇ ਆਪਣੀਆਂ ਤਜੋਰੀਆਂ ਵਿੱਚ ਪਾ ਚੁੱਕੀਆਂ ਹਨ। ਸ: ਅਲੱਗ ਦੇਸ਼ ਕੌਮ ਦਾ ਮਾਣ ਹਨ ਤੇ ਉਨ੍ਹਾਂ ਦੀ ਇਹ ਨਿਵੇਕਲੀ ਤੇ ਉਲੇਖਣਯੋਗ ਅਲੱਗ ਪਰਕਾਰ ਦੀ ਸੇਵਾ ਦਾ ਕੋਈ ਮੁੱਲ ਨਹੀਂ।

ਇਹ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਦੀਆਂ ਪੁਸਤਕਾਂ ਦੀ ਉਪਯੋਗਤਾ ਨੂੰ ਦੇਖਦਿਆਂ ਹੋਇਆਂ ਜਲੰਧਰ ਦੀਆਂ ਸੰਗਤਾਂ ਨੇ ਉਨ੍ਹਾਂ ਦੀਆਂ ਦੁਰਲਭ ਪੁਸਤਕਾਂ ਨੂੰ ਆਪਣੇ ਸਾਧਨਾਂ ਨਾਲ ਛਪਵਾ ਕੇ ਵੀ ਸੰਗਤਾਂ ਵਿੱਚ ਮੁਫਤ ਵੰਡਣ ਦਾ ਬੀੜਾ ਚੁਕਿਆ ਹੈ। ਵਕਤ ਦੀ ਮੰਗ ਹੈ ਕਿ ਸ: ਅਲੱਗ ਦੇ ਹੱਥ ਮਜ਼ਬੂਤ ਕਰਨ ਹਿੱਤ ਤੇ ਇਹ ਆਲੀਸ਼ਾਨ ਸਾਹਿਤ ਪਾਠਕਾਂ ਤੱਕ ਮੁਫਤ ਪਹੁੰਚਾਉਣ ਹਿੱਤ ਅਸੀਂ ਉਨ੍ਹਾਂ ਦੀ ਵੱਧ ਤੋਂ ਵੱਧ ਸਹਾਇਤਾ ਕਰੀਏ ਤਾਂ ਜੋ ਇਹ ਸ਼ਬਦ-ਯਗ ਚੱਲਦਾ ਹੀ ਰਹੇ। ਸਾਡੇ ਇਸ ਸਹਿਯੋਗ ਦੇ ਜਲਦੀ ਹੀ ਖੂਬਸੂਰਤ ਸਿਟੇ ਸਾਡੇ ਸਾਹਮਣੇ ਹੋਣਗੇ।

ਡਾ. ਸਿਮਰਜੀਤ ਸਿੰਘ
ਜਲੰਧਰ

ਰੋਜ਼ਾਨਾ ਪੰਜਾਬੀ ਟ੍ਰਿਬਿਊਨ 12-1-94

ਗਿਆਨ ਅਤੇ ਨਿਮਰਤਾ ਦਾ ਸੁਮੇਲ
ਸਰੂਪ ਸਿੰਘ ਅਲੱਗ

ਅੱਜ ਕਲ ਕੋਈ ਵੀ ਪੰਜਾਬੀ ਦਾ ਪਰਚਾ ਜਾਂ ਅਖਬਾਰ ਚੁੱਕ ਲਵੋ, ਇਕ ਪੁਸਤਕ "ਪਰਾਇਆਂ ਦੇ ਅਨੁਮਾਨ ਸਿੱਖੀ ਮਹਾਨ" ਬਾਰੇ ਉਸ ਵਿਚ ਜ਼ਰੂਰ ਕੁਝ ਨਾ ਕੁਝ ਪੜ੍ਹਨ ਨੂੰ ਮਿਲ ਜਾਵੇਗਾ। ਇਸ ਉਤੇ ਰਿਵਿਊ ਛਪ ਰਹੇ ਹਨ, ਪਾਠਕਾਂ ਦੇ ਵਿਚਾਰ ਛਪ ਰਹੇ ਹਨ ਤੇ ਇਸ ਨੂੰ ਕਿਸ਼ਤਾਂ ਦੇ ਰੂਪ ਵਿਚ ਲੜੀਵਾਰ ਛਾਪਿਆ ਜਾ ਰਿਹਾ ਹੈ। ਇਹ ਪੁਸਤਕ ਲੇਖਕ ਵਲੋਂ ਆਪਣੇ ਖਰਚੇ ਤੇ ਛਪਵਾ ਕੇ ਮੁਫਤ ਵੰਡੀ ਜਾ ਰਹੀ ਹੈ। ਮਜ਼ੇ ਦੀ ਗੱਲ ਇਹ ਕਿ ਡਾਕ ਖਰਚ ਵੀ ਲੇਖਕ ਦੇ ਜ਼ਿੰਮੇ ਹੈ। ਲੇਖਕ ਲੁਧਿਆਣਾ ਸ਼ਹਿਰ ਦਾ ਵਸਨੀਕ ਹੈ -ਸਰੂਪ ਸਿੰਘ ਅਲੱਗ।

ਜਦ ਇਨ੍ਹਾਂ ਤੱਥਾਂ ਦੀ ਜਾਣਕਾਰੀ ਹੋਈ, ਤਾਂ ਮਨ ਨੇ ਕਿਹਾ-ਕੋਈ ਕਾਰਖਾਨੇਦਾਰ ਹੋਣੈ, ਪੈਸੇ ਦੀ ਤੋਟ ਨਹੀਂ ਹੋਣੀ ਨਹੀਂ ਤੇ ਅੱਜ ਦੇ ਜ਼ਮਾਨੇ ਵਿੱਚ ਤਾਂ ਤੀਹ ਪੈਂਤੀ ਰੁਪਏ ਦੀ ਕਿਤਾਬ ਖਰੀਦ ਕੇ ਪੜ੍ਹਨੀ ਵੀ ਸਮਰੱਥਾ ਤੋਂ ਬਾਹਰ ਦੀ ਗੱਲ ਏ। ਹਜ਼ਾਰਾਂ ਰੁਪਏ ਪੱਲਿਉਂ ਖਰਚ ਕੇ, ਪੁਸਤਕ ਛਪਵਾ ਕੇ ਕਿਹੜਾ ਮਾਈ ਦਾ ਲਾਲ ਦੂਰ-ਦਰਾਜ਼ ਬੈਠੇ ਪਾਠਕਾਂ ਤੱਕ ਮੁਫ਼ਤ ਪੁਚਾ ਸਕਦਾ ਹੈ? ਜ਼ਰੂਰ ਕੋਈ ਉਦਯੋਗਪਤੀ ਹੋਣੈ।

ਪਰ ਮੇਰਾ ਸੁਭਾਗ ਕਿ ਦਿੱਲੀ ਵਿਖੇ ਹੋਈ "ਵਿਸ਼ਵ ਪੰਜਾਬੀ ਕਾਨਫਰੰਸ" ਵਿਚ ਇਸ ਲੇਖਕ ਨਾਲ ਮੇਲ ਹੋ ਗਿਆ। ਪਤਾ ਲਗਾ ਕਿ ਉਹ ਤਾਂ ਸਰਕਾਰੀ ਨੌਕਰ ਹਨ। ਪੰਜਾਬ ਰਾਜ ਬਿਜਲੀ ਬੋਰਡ ਦੇ ਜਾਇੰਟ ਡਾਇਰੈਕਟਰ।

ਏਡਾ ਵੱਡਾ ਅਹੁਦਾ ਤੇ ਇਹ ਅਤਿ ਸਾਦਾ ਜਿਹੇ ਕਪੜੇ? ਪੈਂਟ ਕਮੀਜ਼ ਤੇ ਸਿਰ ਤੇ ਕਾਲੀ ਪੱਗ। ਬਿਲਕੁਲ ਹੀ ਸਾਧਾਰਨ ਜਹੇ ਵਿਅਕਤੀ ਦਾ ਪ੍ਰਭਾਵ । ਬਹੁਤਾ ਅਗਲੇ ਨੂੰ ਸੁਣਨ ਵਾਲਾ ਤੇ ਆਪ ਘਟ ਕਹਿਣ ਵਾਲਾ, ਨਿਮਰ ਤੇ ਧੀਰਜਵਾਨ।

ਸ੍ਰੀ ਅਲੱਗ ਕਈ ਵਿਸ਼ਿਆਂ ਦੇ ਐਮ. ਏ. ਦੋ 'ਚ ਆਨਰਜ਼, ਚਹੁੰ ਵਿਦੇਸ਼ੀ ਜ਼ਬਾਨਾਂ ਦੇ ਡਿਪਲੋਮਾ ਹੋਲਡਰ ਹਨ। ਸਾਊਥਹੈਂਪਟਨ ਇੰਗਲੈਂਡ ਵਿਖੇ ਅਧਿਆਪਨ ਕਾਰਜ ਨਾਲ ਸਬੰਧਤ ਰਹੇ ਹਨ। ਬਾਰਾਂ ਕਹਿੰਦੀਆਂ ਕਹਾਉਂਦੀਆਂ ਸੰਸਾਥਾਵਾਂ ਦੇ ਪ੍ਰਧਾਨ/ਸੰਚਾਲਕ/ਸਲਾਹਕਾਰ, ਸਕੱਤਰ ਤੇ ਸਰਪ੍ਰਸਤ ਹਨ। 'ਸਿੱਖੀ ਮਹਾਨ' ਪੁਸਤਕ ਤੋਂ ਇਲਾਵਾ ਉਹ 'ਕੇਸ ਪ੍ਰਸੰਗ' ਤੇ ਪੰਜਾਬੀ ਅੰਗਰੇਜ਼ੀ ਕੋਸ਼ ਆਦਿ ਕਈ ਹੋਰ ਪੁਸਤਕਾਂ ਵੀ ਪਾਠਕਾਂ ਨੂੰ ਦੇ ਚੁੱਕੇ ਹਨ। ਇਹ ਪੁਸਤਕਾਂ ਸੱਚੀ ਲਗਨ, ਡੂੰਘੀ ਖੋਜ ਤੇ ਸਪੱਸ਼ਟ ਮਨ ਨਾਲ ਲਿਖੀਆਂ ਗਈਆਂ ਹਨ। ਹੈਰਾਨੀ ਹੁੰਦੀ ਹੈ ਕਿ ਲੇਖਕ ਨੂੰ ਏਨੇ ਲੋੜੀਂਦੇ ਹਵਾਲੇ ਤੇ ਤੱਥ ਢੂੰਡ ਕੱਢਣ ਲਈ ਵਕਤ ਕਿਥੋਂ ਲਭਦਾ ਹੈ?

ਸ੍ਰੀ ਸਰੂਪ ਸਿੰਘ ਅਲੱਗ ਨਿੱਘੀ ਤੇ ਮਿੱਠੀ ਸ਼ਖਸੀਅਤ ਦੇ ਮਾਲਕ ਹਨ। ਸਰਲ ਸੁਭਾਅ, ਪਲਾਂ ਵਿਚ ਹੀ ਅਗਲੇ ਵਿਚ ਰਚ ਮਿਚ ਜਾਣ ਵਾਲੇ, ਸੁਲਝੇ ਹੰਢੇ ਵਰਤੇ ਇਨਸਾਨ, ਮਿਠ ਬੋਲੜੇ ਤੇ ਨਿਮਰਤਾ ਅਤੇ ਗਿਆਨ ਦੇ ਭੰਡਾਰ ਹਨ।

ਤਰਲੋਕ ਮਨਸੂਰ (ਕਹਾਣੀਕਾਰ)
ਨੈਨੀਤਾਲ (ਯੂ.ਪੀ.)

ਰੋਜ਼ਾਨਾ ਜਗ ਬਾਣੀ 27-2-94 ਅਤੇ ਅਜੀਤ 29-3-94

ਇਕ ਸੰਸਥਾ ਇਕ ਸੰਕਲਪ

ਸਰੂਪ ਸਿੰਘ ਅਲੱਗ

ਕਈ ਮਨੁੱਖ ਸਾਧਾਰਨ ਹੋ ਕੇ ਵੀ ਬਹੁਤ ਅਸਾਧਾਰਨ ਤੇ ਮਹਾਨ ਹੁੰਦੇ ਹਨ। ਅਜਿਹੀ ਇਕ ਸ਼ਖਸੀਅਤ ਸਰਦਾਰ ਸਰੂਪ ਸਿੰਘ ਅਲੱਗ ਦੀ ਹੈ। ਮੈਨੂੰ ਇਹ ਤਾਂ ਨਹੀਂ ਪਤਾ ਕਿ ਉਨ੍ਹਾਂ ਨੇ ਆਪਣੇ ਨਾਂ ਨਾਲ ਉਪਨਾਂਵ 'ਅਲੱਗ' ਕਿਵੇਂ ਜੋੜਿਆ ਹੈ ਪਰ ਜੇ ਉਨ੍ਹਾਂ ਦੀਆਂ ਖੂਬੀਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਹ ਜਿਸ ਅਲੱਗ ਕਿਸਮ ਦੀ ਤਸਵੀਰ ਦੀ ਸਿਰਜਨਾ ਕਰਦੀਆਂ ਹਨ, ਉਨ੍ਹਾਂ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਦਾ ਇਹ ਉਪ ਨਾਂ ਬਹੁਤ ਢੁਕਵਾਂ ਤੇ ਵਾਜਬ ਜਾਪਦਾ ਹੈ। ਆਓ, ਦੇਖੀਏ ਆਪਣੇ ਲੱਖਾਂ ਪਾਠਕਾਂ ਦੇ ਹਰਮਨ ਪਿਆਰੇ ਸਰਦਾਰ ਅਲੱਗ, ਹੋਰਨਾਂ ਨਾਲੋਂ ਅਲੱਗ ਕਿਵੇਂ ਹਨ।

ਸੀਨੀਅਰ ਕਲਾਸ-1 ਅਫਸਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਅਤਿਅੰਤ ਸਾਦਗੀ ਵਿਚ ਅਤੇ ਅਫਸਰੀ ਹਉਮੈ ਤੋਂ ਮੁਕਤ ਰਹਿ ਕੇ ਇਕ ਕਲਰਕ ਦੇ ਬਰਾਬਰ ਆਪਣੇ ਜੀਵਨ ਪੱਧਰ ਨੂੰ ਰਖ ਕੇ ਬਿਤਾਇਆ ਅਤੇ ਇਵੇਂ ਜੋ ਮਾਇਕ ਸਾਧਨਾਂ ਦੀ ਬੱਚਤ ਹੁੰਦੀ, ਉਸ ਨੂੰ ਉਹ ਧਰਮ-ਕਰਮ ਤੇ ਇਨਸਾਨੀਅਤ ਦੀ ਬਿਹਤਰੀ ਤੇ ਹੀ ਖਰਚ ਕਰਦੇ ਆ ਰਹੇ ਹਨ। ਆਪਣੇ ਆਪ ਵਿੱਚ ਇਹ ਇਕ ਅਲੱਗ ਕਿਸਮ ਦੀ ਪਿਰਤ ਹੈ ਜਿਸ ਨੂੰ ਕੋਈ ਹੌਸਲੇ ਵਾਲਾ ਸੱਜਣ ਹੀ ਅਪਣਾ ਤੇ ਨਿਭਾ ਸਕਦਾ ਹੈ।

ਇੰਗਲੈਂਡ, ਅਮਰੀਕਾ, ਕੈਨੇਡਾ ਵਿੱਚ ਕਈ ਵਾਰੀ ਭਾਰਤ ਦੀ ਨੁਮਾਇੰਦਗੀ ਕਰਨ ਅਤੇ ਇੰਗਲੈਂਡ ਪੜ੍ਹਦੇ ਰਹਿਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਯੂਰਪ ਦਾ ਚਕਾਚੌਂਦ ਕਰ ਦੇਣ ਵਾਲਾ ਮਾਇਕ ਸੰਸਾਰ ਕਈ ਪੱਖਾਂ ਤੋਂ ਵਿਚੋਂ ਖੋਖਲਾ ਦਿਸਿਆ ਹੈ। ਆਪਣੇ ਦੇਸ਼ ਵਿਚ ਝੁੱਗੀ ਵਿਚ ਰਹਿਣਾ ਉਨ੍ਹਾਂ ਨੂੰ ਅਨੰਦਦਾਇਕ ਪ੍ਰਤੀਤ ਹੋਇਆ ਅਤੇ ਹਰ ਵਾਹ ਲਗਦੇ ਉਨ੍ਹਾਂ ਦੇਸ਼ ਦੀ ਸ਼ਾਨ ਵਧਾਈ। ਇਹ ਕਰਮ ਅੱਜ ਵੀ ਪੂਰੀ ਲਗਨ ਨਾਲ ਚਲ ਰਿਹਾ ਹੈ।

ਪੱਛਮੀ ਪ੍ਰਭਾਵ ਨੂੰ ਜਾਣ ਲੈਣ ਤੇ ਵੀ ਉਨ੍ਹਾਂ ਨੇ ਉਸ ਨੂੰ ਪੂਰਬੀ ਗਿਆਨ ਦੇ ਤਾਬੇ ਰਖ ਕੇ ਆਪਣੀ ਸੰਸਕ੍ਰਿਤੀ, ਸਭਿਆਚਾਰ ਤੇ ਧਰਮਾਂ ਦਾ ਅਜਿਹਾ ਵਿਖਿਆਨ ਕੀਤਾ ਜਿਸ ਨਾਲ ਹਰ ਭਾਰਤੀ ਦਾ ਸਿਰ ਗੌਰਵ ਨਾਲ ਉਚਾ ਹੁੰਦਾ ਹੈ। ਭਾਰਤੀ ਸੰਸਕ੍ਰਿਤੀ, ਭਾਰਤੀ ਧਰਮਾਂ, ਭਾਰਤੀ ਸਭਿਆਚਾਰ ਤੇ ਭਾਰਤੀ ਭਾਸ਼ਾਵਾਂ ਬਾਰੇ ਭਰਪੂਰ ਗਿਆਨ ਪ੍ਰਾਪਤ ਕਰਨ ਉਪਰੰਤ ਉਸ ਵੱਡਮੁਲੇ ਗਿਆਨ ਨੂੰ ਅਦੁਤੀ ਸੋਚ ਤੇ ਬੇਨਜ਼ੀਰ ਸ਼ਬਦਾਵਲੀ ਰਾਹੀਂ ਅਜਿਹੇ ਖੁਸ਼-ਰਹਿਣੇ ਢੰਗ ਵਿਚ ਨਾਪ-ਤੋਲ ਕੇ ਲੋਕਾਂ ਤਕ ਪਹੁੰਚਾਂਦੇ ਹਨ, ਜਿਸ ਸਦਕਾ ਹਰ ਪੜ੍ਹਨ ਸੁਣਨ ਵਾਲੇ ਦੇ ਦਿਲ ਵਿਚ ਆਪਣੇ ਦੇਸ਼, ਕੌਮ ਤੇ ਸੰਸਕ੍ਰਿਤੀ ਬਾਰੇ ਗੌਰਵ ਦੀ ਭਾਵਨਾ ਵਧਦੀ ਹੈ ਤੇ ਮੋਹ ਵਿਕਸਤ ਹੁੰਦਾ ਹੈ।

ਸਰਦਾਰ ਅਲੱਗ ਨੇ ਭਰਪੂਰ ਖੋਜ ਕਰ ਕੇ ਉੱਚ ਪੱਧਰੀਆਂ ਕਿਤਾਬਾਂ ਲਿਖੀਆਂ, ਫਿਰ ਉਨ੍ਹਾਂ ਨੂੰ ਆਪਣੇ ਸੀਮਤ ਸਾਧਨਾਂ ਨਾਲ ਛਪਵਾਇਆ ਅਤੇ ਲਾਮਿਸਾਲ ਗੱਲ ਇਹ ਹੈ ਕਿ ਉਨ੍ਹਾਂ ਨੂੰ ਮੁਫ਼ਤ ਵੰਡ ਕੇ ਭਾਰਤੀ ਸਮਾਜ ਦੀ ਅਜਿਹੀ ਅੱਦੁਤੀ ਸੇਵਾ ਕਰਨ ਦਾ ਬੀੜਾ ਚੁਕਿਆ ਹੋਇਆ ਹੈ ਜਿਸ ਦੀ ਮਿਸਾਲ ਕਿਧਰੇ ਹੋਰ ਮਿਲਣੀ ਮੁਸ਼ਕਲ ਹੈ। ਅੱਜ ਕਲ ਦੇ ਅਤਿ ਮਹਿੰਗਾਈ ਭਰੇ ਜ਼ਮਾਨੇ ਵਿਚ ਖੋਜ ਭਰਪੂਰ ਪੁਸਤਕਾਂ ਨੂੰ ਖੁਦ ਲਿਖ ਕੇ ਅਤੇ ਪਾਠਕਾਂ ਦੇ ਹੱਥਾਂ ਤਕ ਮੁਫਤ ਪਹੁੰਚਾ ਕੇ ਗਿਆਨ ਦਾ ਪਸਾਰਾ ਕਰਨਾ ਇਕ ਦੇਵਤਿਆਂ ਵਰਗਾ ਗੁਣ ਹੋ ਸਕਦਾ ਹੈ ਜੋ ਸ. ਅਲੱਗ ਦੇ ਹਿੱਸੇ ਹੀ ਆਇਆ ਹੈ। ਇਸ ਦੀ ਨਕਲ ਸਰਦਾਰ ਅਲੱਗ ਤੋਂ ਬਿਨਾਂ ਹੋਰ ਕੋਈ ਚਾਹੇ ਵੀ ਤਾਂ ਨਹੀਂ ਕਰ ਸਕਦਾ। ਸਰਦਾਰ ਅਲੱਗ ਇਨਸਾਨੀ ਭਾਈਚਾਰੇ ਨੂੰ ਅਠਾਰਾਂ ਨਾਮਵਰ ਪੁਸਤਕਾਂ ਲਿਖ ਕੇ ਮੁਫਤ ਵੰਡ ਚੁਕੇ ਹਨ। ਹਰ ਪੰਜਾਬੀ ਉਨ੍ਹਾਂ ਦੀ ਇਸ ਸੇਵਾ ਦੀ ਦਿਲੋਂ ਕਦਰ ਕਰਦਾ ਹੈ ਅਤੇ ਉਨ੍ਹਾਂ ਦੇ ਨਿਸ਼ਕਾਮ ਉਦਮਾਂ ਦੀ ਭਰਪੂਰ ਸ਼ਲਾਘਾ ਕਰਦਾ ਹੈ। ਸਰਦਾਰ ਅਲੱਗ ਇੱਕਲੇ ਹੀ ਆਪਣੇ ਬਲਬੂਤੇ ਤੇ ਇਕ ਸੰਸਥਾ, ਇਕ ਯੂਨੀਵਰਸਿਟੀ ਦਾ ਕੰਮ ਅਣਥੱਕ ਰੂਪ ਵਿੱਚ ਕਰ ਰਹੇ ਹਨ ਅਤੇ ਮਾਨਵ ਸਮਾਜ ਵਿਚ ਸੁਹਰਿਦਤਾ ਤੇ ਪ੍ਰਸਪਰ ਪਿਆਰ ਉਭਾਰਨ ਦੇ ਆਪਣੇ ਸੰਕਲਪ ਨੂੰ ਹੋਰ ਸੁਦ੍ਰਿੜ ਕਰਨ ਲਈ ਹਮੇਸ਼ਾ ਕਰਮਸ਼ੀਲ ਹਨ।

ਲਿਖਣ ਨੂੰ ਤਾਂ ਸਰਦਾਰ ਅਲੱਗ ਬਾਰੇ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ ਕਿਉਂਕਿ ਉਨ੍ਹਾਂ ਦਾ ਹਰ ਕਰਮ ਮਾਨਵ ਹਿਤਕਾਰੀ ਹੈ, ਦੇਸ਼ ਸਨੇਹੀ ਹੈ, ਕੌਮ ਹਿਤੈਸ਼ੀ ਹੈ। ਉਨ੍ਹਾਂ ਦੀ ਹਰ ਸੋਚ ਵਿਚ ਨੇਕ ਕਦਰਾਂ-ਕੀਮਤਾਂ ਨੂੰ ਬਲ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨਾਲ ਹਰ ਮਿਲਣੀ ਮਨੁੱਖ ਨੂੰ ਵਧੇਰੇ ਉਸਾਰੂ ਤੇ ਇਖਲਾਕੀ ਤੌਰ ਤੇ ਪੁਰਨੂਰ ਕਰਦੀ ਹੈ ਤੇ ਉਨ੍ਹਾਂ ਨਾਲ ਸਹਿਚਾਰਤਾ ਸੁਤੇ-ਸਿਧ ਹੀ ਦਿਆਲਤਾ, ਹਮਦਰਦੀ, ਪ੍ਰਸਪਰ ਸਨੇਹ ਅਤੇ ਚੜ੍ਹਦੀ ਕਲਾ ਵਰਗੇ ਗੁਣਾਂ ਨੂੰ ਉਭਾਰਦੀ ਹੈ ਤੇ ਸਤਿਕਾਰ ਦੀ ਸਥਿਤੀ ਵਿਚ ਲੈ ਜਾਂਦੀ ਹੈ ਪਰ ਸੰਖੇਪਤਾ ਦਾ ਦਾਮਨ ਨਾ ਛਡਦੇ ਹੋਏ ਇਸ ਮਹਾਨ ਨਿਸ਼ਕਾਮ ਸੇਵਕ ਸਰਦਾਰ ਸੂਰਪ ਸਿੰਘ ਅਲੱਗ ਦੀ ਇਹ ਸੰਖੇਪ ਜਿਹੀ ਕਲਮੀ ਝਾਤ ਦਾ ਰੁੱਖਾ ਜਿਹਾ ਰੇਖਾ ਚਿਤਰਨ ਹੀ ਪਾਠਕਾਂ ਦੀ ਨਜ਼ਰ ਕੀਤਾ ਜਾਂਦਾ ਹੈ। ਉਨ੍ਹਾਂ ਦੇ ਸੁਹਿਰਦ ਪਾਠਕ, ਸਨੇਹੀ ਦਰਸ਼ਕ ਤੇ ਹੁਨਰਮੰਦ ਸਰੋਤੇ ਇਸ ਵਿਚ ਕੁਝ ਆਪਣੀ ਮਰਜ਼ੀ ਦਾ ਰੰਗ ਚਾੜ੍ਹ ਕੇ ਇਸ ਨੂੰ ਅਵੱਸ਼ ਹੀ ਰੰਗੀਨ, ਮਹਿਤਾਬੀ ਤੇ ਲਾਜਵਾਬੀ ਬਣਾ ਲੈਣਗੇ।

ਰਵਿੰਦਰਪਾਲ ਸ਼ਰਮਾ
ਸੂਚਨਾ ਅਫਸਰ,
ਪੰਜਾਬ ਰਾਜ ਬਿਜਲੀ ਬੋਰਡ, ਜਲੰਧਰ



ਤੂਰ ਪਰਿਵਾਰ ਵਲੋਂ ਪਾਠਕਾਂ ਨੂੰ ਸ਼ੁਭ ਕਾਮਨਾਵਾਂ

ਪਿਆਰ ਵੰਡਦੇ ਬੱਚੇ



ਬੀਬਾ ਗਗਨਦੀਪ ਕੌਰ ਤੂਰ ਆਪਣੇ ਵੀਰ ਕਾਕਾ ਅਮਨਦੀਪ ਸਿੰਘ ਤੂਰ ਨਾਲ ।
ਦੋਨੋਂ ਮਾਸੂਮ ਬੱਚੇ ਪਿਆਰ ਨਾਲ ਓਤ ਪੋਤ,
ਮਾਨਵਤਾ ਲਈ ਪਿਆਰ ਦਾ ਅਮਲੀ ਸੰਦੇਸ਼ ਦੇਂਦੇ ਹੋਏ।

A Publication of Alag Shabad Yug International Charitable Trust (Regd.) Ludhiana-141010.
Ph. 0161-671947, Ph / Fax: 673416 e-mail: alag@glide.net.in

Concept, Design & Printing by: artCave, Ldh. 0161-7451677